ਬਘਿਆੜਾਂ ਦੇ ਵੱਸ

ਬਰੂਨੋ ਅਪਿਤਜ਼



ਬਰੂਨੋ ਅਪਿਤਜ਼

ਬਘਿਆੜਾਂ ਦੇ ਵੱਸ

ਦਸਤਕ ਪ੍ਰਕਾਸ਼ਨ, ਲੁਧਿਆਣਾ

ਅਨੁਵਾਦਕ : ਜਗਜੀਤ ਸਿੰਘ ਆਨੰਦ

ਇਹ ਐਡੀਸ਼ਨ – ਅਕਤੂਬਰ, 2013

ਪ੍ਰਕਾਸ਼ਕ : **ਦਸਤਕ ਪ੍ਰਕਾਸ਼ਨ,**
ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ, ਰਾਏਕੋਟ, ਜ਼ਿਲ੍ਹਾ-ਲੁਧਿਆਣਾ - 141109
ਫੋਨ ਨੰ. 098155-87807. ਈਮੇਲ : janchetnapb@gmail.com
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ–ਲਖਨਊ)
69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਤਗੰਜ, ਲਖਨਊ–226006

ਛਾਪਕ : ਛਾਬੜਾ ਕੰਪੋਜ਼ਿੰਗ ਹਾਊਸ, ਜਲੰਧਰ

ਕੀਮਤ : 100 ਰੁਪਏ

ਭਾਗ ਪਹਿਲਾ

ਇੱਕ

ਐਟਰਸਬਰਗ ਦੀ ਟੀਸੀ ਉਤਲੇ ਰੁੱਖ ਫ਼ੁਹਾਰ ਨਾਲ਼ ਇਤਨੇ ਭਿੱਜ ਗਏ ਸਨ ਕਿ ਉਹਨਾਂ ਦੇ ਪੱਤਿਆਂ ਤੋਂ ਪਾਣੀ ਦੀਆਂ ਬੂੰਦਾਂ ਟਿਪ-ਟਿਪ ਕਰਕੇ ਧਰਤੀ ਉੱਤੇ ਡਿੱਗ ਰਹੀਆਂ ਸਨ; ਰੁੱਖ ਸਾਹ ਘੁੱਟੀ ਚੁੱਪ ਵਿੱਚ ਖਲ੍ਹੋਤੇ ਸਨ, ਜਿਹੜੀ ਚੁੱਪ ਕਿ ਪਹਾੜੀ ਉੱਤੇ ਪਸਰੀ ਹੋਈ ਸੀ ਤੇ ਉਸ ਨੂੰ ਆਲ਼ੇ-ਦੁਆਲ਼ੇ ਤੋਂ ਵੱਖਰਿਆਂ ਕਰ ਰਹੀ ਸੀ। ਪਾਲ਼ੇ ਨਾਲ਼ ਥੋਥੇ ਹੋਏ ਤੇ ਸਾਹ ਸੱਤ ਹੀਣ ਪੱਤੇ ਧਰਤੀ ਦੀ ਸਿੱਲ੍ਹ ਵਿੱਚ ਚਮਕਦੇ ਲੱਗ ਰਹੇ ਸਨ।

ਬਹਾਰ ਵੀ ਇੱਥੇ ਪੈਰ ਰੱਖਣੋਂ ਝਿਜਕ ਰਹੀ ਸੀ।

ਇੰਝ ਜਾਪਦਾ ਸੀ ਜਿਵੇਂ ਉਸ ਨੂੰ ਰੁੱਖਾਂ ਦੇ ਵਿਚਾਲ਼ੇ ਲੱਗੇ ਹੋਏ ਸਾਈਨ ਬੋਰਡਾਂ ਤੋਂ ਡਰ ਭਾਸ ਰਿਹਾ ਹੋਵੇ!

ਏਰੀਆ ਹੈੱਡਕੁਆਟਰ
ਕਨਸੈਂਟਰੇਸ਼ਨ ਕੈਂਪ ਬੁਖਨਵਾਲਡ
ਖ਼ਤਰਾ!
ਦੂਰ ਰਹੋ!
ਬਿਨਾਂ ਆਗਿਆ ਅੰਦਰ ਆਉਣ ਵਾਲ਼ਿਆਂ ਨੂੰ
ਜਤਾਏ ਬਗ਼ੈਰ ਗੋਲ਼ੀ ਮਾਰ ਦਿੱਤੀ ਜਾਵੇਗੀ।

ਤੇ ਥੱਲੇ ਦਸਤਖ਼ਤਾਂ ਵਜੋਂ ਇੱਕ ਖੋਪਰੀ ਤੇ ਇੱਕ ਦੂਜੀ ਨੂੰ ਵਿਚਾਲਿਓਂ ਕੱਟਦੀਆਂ ਹੱਡੀਆਂ ਦੇ ਨਿਸ਼ਾਨ ਪਾਏ ਹੋਏ ਸਨ।

ਮਾਰਚ 1945 ਦੇ ਲੌਂਢੇ ਵੇਲ਼ੇ ਵੀ ਫ਼ੁਹਾਰ ਪੈ ਰਹੀ ਸੀ ਅਤੇ ਉਹਨਾਂ ਪੰਜਾਹ ਨਾਜ਼ੀ ਫ਼ੌਜੀਆਂ ਦੇ ਕੋਟਾਂ ਨਾਲ਼ ਚਮੜਦੀ ਜਾ ਰਹੀ ਸੀ ਜਿਹੜੇ ਸੀਮੇਂਟ ਤੇ ਬਜਰੀ ਨਾਲ਼ ਬਣੇ ਇੱਕ ਪਲੇਟਫ਼ਾਰਮ ਉੱਤੇ ਖਲ੍ਹੋਤੇ ਸਨ ਜਿਸ ਉੱਤੇ ਇੱਕ ਢਾਲਵੀਂ ਛੱਤ ਪਈ ਹੋਈ ਸੀ। ਇਹ ਪਲੇਟਫ਼ਾਰਮ, ਜਿਹੜਾ ਬੋਖਨਵਾਲਡ ਸਟੇਸ਼ਨ ਅਖਵਾਉਂਦਾ ਸੀ, ਵਾਇਮਰ ਤੋਂ ਪਹਾੜੀ ਦੀ ਟੀਸੀ ਤੱਕ ਆਉਣ ਵਾਲ਼ੀ ਰੇਲਵੇ ਲਾਈਨ ਦਾ ਆਖ਼ਰੀ ਸਿਰਾ ਸੀ। ਨਾਲ਼ ਹੀ ਕੈਂਪ ਸੀ।

ਕੈਂਪ ਦੇ ਵਿਸ਼ਾਲ ਮੈਦਾਨ ਵਿੱਚ, ਜਿਹੜਾ ਉੱਤਰ ਵੱਲੋਂ ਢਾਲ਼ਵਾਂ ਹੁੰਦਾ ਜਾਂਦਾ ਸੀ, ਸ਼ਾਮ ਦੀ ਹਾਜ਼ਰੀ ਲਈ ਕੈਦੀ ਜੁੜੇ ਖਲ੍ਹੋਤੇ ਸਨ। ਬਲਾਕ ਮਗਰੋਂ ਬਲਾਕ : ਜਰਮਨ, ਰੂਸੀ, ਪੋਲਿਸ਼, ਫ਼ਰਾਂਸੀਸੀ, ਯਹੂਦੀ, ਹਾਲੈਂਡ ਵਾਸੀ, ਆਸਟਰੀਅਨ, ਚੈੱਕ, ਅਸੂਲ ਪ੍ਰਸਤ, ਜਰਾਇਮ ਪੇਸ਼ਾ...ਇੱਕ ਵੱਡਾ ਮਨੁੱਖੀ ਜਮਘਟਾ ਜਿਹੜਾ ਇੱਕ ਵੱਡੀ ਮੁਰੱਬਾ ਸ਼ਕਲ ਵਿੱਚ ਕਤਾਰ ਪਿੱਛੇ ਕਤਾਰ ਬਣਾ ਕੇ ਖੜ੍ਹਾ ਕੀਤਾ ਗਿਆ ਸੀ।

ਇਹਨਾਂ ਕੈਦੀਆਂ ਵਿੱਚ ਅੱਜ ਇੱਕ ਲੁਕਵੀਂ ਘੁਸਰ-ਮੁਸਰ ਹੋ ਰਹੀ ਸੀ। ਪਤਾ ਨਹੀਂ ਕੌਣ ਕੈਂਪ ਵਿੱਚ ਇਹ ਖ਼ਬਰ ਲਿਆਇਆ ਸੀ ਕਿ ਅਮਰੀਕਨਾਂ ਨੇ ਰੇਮਾਗਾਨ ਦੀ ਥਾਂ ਤੋਂ ਰਾਈਨ ਦਰਿਆ ਨੂੰ ਪਾਰ ਕਰ ਲਿਆ ਹੈ...

“ਸੁਣਿਆ ਏ ਤੂੰ ?” ਬਲਾਕ ਦੇ ਵੱਡੇ ਰੁਨਕੀ ਨੇ ਹਰਬਰਟ ਬੋਖਾਉ ਤੋਂ ਪੁੱਛਿਆ ਜਿਹੜਾ ਬਲਾਕ 38 ਦੀ ਪਹਿਲੀ ਪਾਲ ਵਿੱਚ ਉਸ ਦੇ ਨਾਲ਼ ਹੀ ਖਲ੍ਹੋਤਾ ਸੀ। ਬੋਖਾਉ ਨੇ ਸਿਰ ਹਿਲਾ ਕੇ ਉੱਤਰ ਦਿੱਤਾ: “ਇਹਨਾਂ ਲੋਕਾਂ ਨੇ ਸ਼ਾਇਦ ਪੁਲ਼ਬੰਦੀ ਕਰ ਲਈ ਹੈ।”

ਸ਼ਿਊਪ ਵੀ, ਇਸ ਘੁਸਰ-ਮੁਸਰ ਵਿੱਚ ਰਲ਼ ਗਿਆ। ਜਿਹੜਾ ਇਹਨਾਂ ਦੋਹਾਂ ਦੇ ਪਿੱਛੇ ਦੂਜੀ ਕਤਾਰ ਵਿੱਚ ਸੀ, “ਰੇਮਾਗਨ ? ਅਜੇ ਤਾਂ ਬੜੀ ਦੂਰ ਹੈ।” ਉਸ ਨੂੰ ਕੋਈ ਉੱਤਰ ਨਾ ਮਿਲ਼ਿਆ। ਉਸ ਨੇ ਚਿੰਤਾਮਈ ਢੰਗ ਨਾਲ਼, ਪਲਕਾਂ ਝਮਕਦਿਆਂ ਬੋਖਾਉ ਦੀ ਧੌਣ ਦੀ ਪੁੱਠ ਨੂੰ ਵੇਖਿਆ ਕਾਲ਼ੇ ਫ਼ਰੇਮ ਤੇ ਗੋਲ਼ ਸ਼ੀਸ਼ਿਆਂ ਦੇ ਪਿੱਛੇ ਲੁਕੀਆਂ ਗੋਲ਼ ਅੱਖਾਂ ਤੇ ਗੋਲ਼ ਮੂੰਹ ਵਾਲ਼ੇ ਬਿਜਲੀ-ਮਿਸਤਰੀ ਸ਼ਿਊਪ ਦੇ ਚਿਹਰੇ ਉੱਤੇ- ਜਿਹੜਾ ਹਰ ਸਮੇਂ ਹੱਕਾ ਬੱਕਾ ਰਹਿੰਦਾ ਸੀ, ਇਸ ਖ਼ਬਰ ਦੀ ਖ਼ੁਸ਼ੀ ਤੇ ਚਾਅ ਸਾਫ਼ ਦਿੱਸ ਰਿਹਾ ਸੀ। ਇਸ ਬਲਾਕ ਦੇ ਦੂਜੇ ਕੈਦੀ ਵੀ ਆਪੋ ਵਿੱਚ ਘੁਸਰ-ਮੁਸਰ ਕਰ ਰਹੇ ਸਨ। ਇੱਥੋਂ ਤੱਕ ਕਿ ਰੁਨਕੀ ਨੇ ਦੱਬੀ ਜ਼ੁਬਾਨ ਵਿੱਚ ਸਾਰਿਆਂ ਨੂੰ ‘ਸਾਵਧਾਨ’ ਕਹਿ ਕੇ ਚੁੱਪ ਕਰਾ ਦਿੱਤਾ। ਬਲਾਕ ਫ਼ੋਹਰਰ, ਛੋਟੇ ਦਰਜੇ ਦੇ ਨਾਜ਼ੀ ਅਫ਼ਸਰ, ਉੱਪਰਲੇ ਪਾਸਿਓਂ ਆ ਰਹੇ ਸਨ ਅਤੇ ਆਪਣੇ-ਆਪਣੇ ਬਲਾਕ ਦੇ ਸਾਹਮਣੇ ਖਲੋਂਦੇ ਜਾ ਰਹੇ ਸਨ। ਘੁਸਰ-ਮੁਸਰ ਬੰਦ ਹੋ ਗਈ ਅਤੇ ਖ਼ੁਸ਼-ਖ਼ਬਰੀ ਦਾ ਜੋਸ਼ ਤੇ ਚਾਅ ਰੁੱਖੇ ਮੂੰਹਾਂ ਓਹਲੇ ਛਹਿ ਗਿਆ।

ਰੇਮਾਗਨ !

ਨਿਰਸੰਦੇਹ ਕਿ ਅਜੇ ਥੁਰਿਨਗੀਆ ਤੇ ਰੇਮਾਗਨ ਵਿਚਾਲ਼ੇ ਲੰਮਾਂ ਪੈਂਡਾ ਹੈ !

ਐਪਰ ਫਿਰ ਵੀ ਲਾਲ ਫ਼ੌਜ ਨੇ, ਜਿਹੜੀ ਪੋਲੈਂਡ ਵਿੱਚ ਘੁਸ ਕੇ ਜਰਮਨੀ ਵੱਲ ਵਧਦੀ ਆ ਰਹੀ ਸੀ, ਸਰਦੀਆਂ ਵਿੱਚ ਨਿਰਣਾਇਕ ਹਮਲੇ ਕੀਤੇ ਤਾਂ ਪੱਛਮੀ ਮੁਹਾਜ਼ ਸਰਕਣ ਲੱਗ ਪਿਆ ਸੀ।

ਕੈਦੀਆਂ ਦੇ ਚਿਹਰਿਆਂ ਤੋਂ ਇਸ ਗੱਲ ਦਾ ਭੋਰਾ ਜਿੰਨਾ ਵੀ ਸ਼ੱਕ ਨਹੀਂ ਸੀ ਪੈਂਦਾ ਕਿ ਇਸ ਖ਼ਬਰ ਨੇ ਉਨ੍ਹਾਂ ਨੂੰ ਕਿੰਨਾ ਪ੍ਰਭਾਵਿਤ ਕੀਤਾ ਹੈ।

ਚੁੱਪ-ਚਾਪ ਉਹ ਪਾਲਾਂ ਬੰਨ੍ਹੀਂ ਖਲ੍ਹੋਤੇ ਰਹੇ ਤੇ ਉਹਨਾਂ ਦੀਆਂ ਨਜ਼ਰਾਂ ਉਹਨਾਂ ਚਲਾਕ ਅਫ਼ਸਰਾਂ ਉੱਤੇ ਟਿਕੀਆਂ ਹੋਈਆਂ ਸਨ ਜਿਹੜੇ ਬਲਾਕ ਦਾ ਚੱਕਰ ਲਾ ਕੇ ਕੈਦੀਆਂ ਨੂੰ ਗਿਣ ਰਹੇ ਸਨ। ਹਰ ਰੋਜ਼ ਵਾਂਗ ਬੇਹਿਸ ਤੇ ਅਹਿਲ। ਉੱਪਰਲੇ ਫ਼ਾਟਕ ਦੇ ਕੋਲ਼ ਕੈਂਪ ਸੀਨੀਅਰ ਕਰੈਮਰ ਨੇ ਕੈਂਪ ਦੇ ਪੂਰੇ ਅਮਲੇ ਦੀ ਸੂਚੀ, ਰਿਪੋਰਟ ਫ਼ੋਹਰਰ ਦੇ ਹਵਾਲੇ ਕੀਤੀ। ਫਿਰ ਉਹ ਨੇਮ ਅਨੁਸਾਰ ਵੱਡੇ ਮੁਰੱਬੇ ਵਿੱਚ ਬਾਹਰ ਜਾ ਕੇ ਖਲ੍ਹੋ ਗਿਆ। ਉਸ ਦੇ ਚਿਹਰੇ ਤੋਂ ਵੀ ਕੁੱਝ ਨਹੀਂ ਸੀ ਲੱਭਦਾ, ਜਦ ਕਿ ਵਿਚਾਰ ਉਸ ਦੇ ਵੀ ਓਹੋ ਹੀ ਸਨ ਜਿਹੜੇ ਉਸ ਦੇ ਪਿੱਛੇ ਖਲ੍ਹੋਤੇ ਹਜ਼ਾਰਾਂ ਬੰਦਿਆਂ ਦੇ ਸਨ।

ਵੱਖ-ਵੱਖ ਬਲਾਕਾਂ ਦੇ ਅਫ਼ਸਰਾਂ ਨੇ ਬੜੇ ਚਿਰ ਤੋਂ ਰਿਪੋਰਟ ਫ਼ੋਹਰਰ ਰੀਨਬੋਥ ਨੂੰ ਆਪੋ-ਆਪਣੀ ਰਿਪੋਰਟ ਦੇ ਦਿੱਤੀ ਸੀ ਤੇ ਉਹ ਆਪ ਪਾਰਕ ਦੇ ਕੋਲ਼ ਇੱਕ ਵਿੰਗ-ਤੜਿੰਗੀ ਕਤਾਰ ਵਿੱਚ ਜਾ ਖਲ੍ਹੋਤੇ ਸਨ। ਇਹ ਕੁੱਝ ਹੁੰਦਿਆਂ ਵੀ ਗਿਣਤੀ ਦੀ ਜਾਂਚ ਕਰਦੇ-ਕਰਦੇ ਇੱਕ ਘੰਟਾ ਹੋਰ ਲੰਘ ਗਿਆ। ਅੰਤ ਰੀਨਬੋਥ ਅਗਾਂਹ ਵਧ ਕੇ ਮਾਈਕ ਕੋਲ਼ ਆਇਆ।

"ਤਿਆਰ-ਬਰ-ਤਿਆਰ, ਸਾਵਧਾਨ!"

ਲੰਬਾ ਚੌੜਾ ਮੁਰੱਬਾ ਸੁੰਨ੍ਹ ਹੋ ਗਿਆ।

"ਟੋਪੀਆਂ ਲਾਹ ਲਵੋ!"

ਇੱਕੋ ਝਟਕੇ ਨਾਲ਼ ਕੈਦੀਆਂ ਨੇ ਆਪਣੇ ਸਿਰਾਂ ਤੋਂ ਮੈਲ਼ੀਆਂ ਥਿੰਦੀਆਂ ਟੋਪੀਆਂ ਧੂਹ ਲਈਆਂ। ਮੀਤ ਕੈਂਪ ਫ਼ੋਹਰਰ ਕਲੂਟਿਗ, ਲੋਹੇ ਦੇ ਫ਼ਾਟਕ 'ਤੇ ਜਾ ਖਲ੍ਹੋਤਾ, ਗੀਨਬੋਥ ਨੂੰ ਰਿਪੋਰਟ ਪੜ੍ਹਦਿਆਂ ਸੁਣਦਾ ਰਿਹਾ।

ਲਾਪਰਵਾਹੀ ਨਾਲ਼ ਉਸ ਨੇ ਆਪਣੀ ਸੱਜੀ ਬਾਂਹ ਉਤਾਂਹ ਚੁੱਕ ਲਈ।

ਵਰ੍ਹਿਆਂ ਤੋਂ ਇੰਝ ਹੀ ਹੁੰਦਾ ਆ ਰਿਹਾ ਸੀ।

ਇਸ ਸਮੇਂ ਵਿਚਾਲ਼ੇ, ਸ਼ਿਊਪ ਨੂੰ ਉਸ ਖ਼ਬਰ ਨੇ ਬੇਚੈਨ ਕਰ ਦਿੱਤਾ ਸੀ; ਜਦੋਂ ਉਸ ਤੋਂ ਨਾ ਰਿਹਾ ਗਿਆ ਤਾਂ ਉਸ ਨੇ ਆਪਣੇ ਮੂੰਹ ਦੀ ਨੁੱਕਰ 'ਚੋਂ, ਬੋਖਾਉ ਦੀ ਧੌਣ ਦੇ ਪਿੱਛੋਂ ਸੰਬੋਧਨ ਕੀਤਾ, "ਹੁਣ ਛੇਤੀ ਹੀ ਇਹਨਾਂ ਬੱਚੂਆਂ ਦਾ ਮੱਕੂ ਠੱਪਿਆ ਜਾਵੇਗਾ।"

ਬੋਖਾਉ ਨੇ ਆਪਣੇ ਅਹਿੱਲ ਚਿਹਰੇ ਦੀਆਂ ਝੁਰੜੀਆਂ ਵਿੱਚ ਮੁਸਕਣੀ ਨੂੰ ਲੁਕੋ ਲਿਆ।

ਗੀਨਬੋਥ ਮਾਈਕ 'ਤੇ ਮੁੜ ਪਰਤ ਆਇਆ।

"ਟੋਪੀਆਂ ਪਾ ਲਵੋ!"

ਇੱਕੋ ਝਟਕੇ! ਥਿੰਦੇ ਢੱਕਣ ਝੱਟ ਸਿਰਾਂ ਉੱਤੇ ਪੁੱਜ ਗਏ! ਜਿਹੋ ਜਿਹੇ ਵੀ ਪਏ, ਇੱਧਰ-ਉੱਧਰ ਸਾਹਮਣੇ ਪਿੱਛੇ ਖਿੱਚ ਧੂਹ ਕੇ ਚੜ੍ਹਾ ਲਏ ਗਏ...ਤੇ ਇੰਨੇ ਸਾਰੇ ਕੈਦੀ ਮਸਖ਼ਰੇ ਜਾਪ ਰਹੇ ਸਨ। ਕਿਉਂ ਜੋ ਇੰਨੀ ਕਰੜੀ ਫ਼ੌਜੀ ਬਾਕਾਇਦਗੀ, ਇਸ ਹੱਦ ਤੱਕ ਪੁੱਜ ਕੇ ਹਾਸੋਹੀਣੀ ਹੋ ਗਈ ਸੀ ਤੇ ਗੀਨਬੋਥ ਮਾਈਕ ਉੱਤੇ ਚੀਕਣ ਦਾ ਆਦੀ ਹੋ ਗਿਆ ਸੀ।

"ਠੀਕ ਕਰੋ!"

ਹਜ਼ਾਰਾਂ ਹੱਥਾਂ ਨੇ ਟੋਪੀਆਂ ਵਿਚਕਾਹੇ ਜਿਹੇ ਕਰ ਲਈਆਂ।

"ਖ਼ਤਮ ਕਰੋ!"

ਇੱਕੋ ਚਟਖਾਰੇ ਨਾਲ਼ ਸਾਰੇ ਹੱਥ ਪਾਸਿਆਂ ਨਾਲ਼ ਲੱਗ ਗਏ, ਹੁਣ ਟੋਪੀਆਂ ਆਪਣੀ ਠੀਕ ਤਾਂ 'ਤੇ ਜੰਮ ਚੁੱਕੀਆਂ ਸਨ, ਸਾਰਾ ਮੁਰੱਬਾ ਸੁੰਨ ਖਲ੍ਹੋਤਾ ਸੀ।

ਕੈਂਪ ਦੇ ਮਾਮਲਿਆਂ ਵਿੱਚ ਨਾਜ਼ੀ ਜੰਗ ਨੂੰ ਜਾਣ-ਬੁੱਝ ਕੇ ਅੱਖੋਂ-ਪਰੋਖੇ ਕਰਦੇ ਸਨ। ਉੱਥੇ ਇੱਕ ਦਿਨ ਮਗਰੋਂ ਦੂਜਾ ਦਿਨ ਇਸ ਤਰ੍ਹਾਂ ਆਉਂਦਾ ਜਿਵੇਂ ਕੋਈ ਵਿਸ਼ੇਸ਼ ਗੱਲ ਨਹੀਂ ਸੀ ਵਾਪਰ ਰਹੀ। ਨਿੱਤ ਦਿਹਾੜੀ ਦਾ ਧੰਦਾ ਆਪਣੇ ਆਪ ਚਾਲੂ ਹੋ ਜਾਂਦਾ ਸੀ, ਪਰ ਇਸ ਦੇ ਥੱਲੇ-ਥੱਲੇ ਇੱਕ ਲਹਿਰ ਚਲਦੀ ਰਹਿੰਦੀ ਸੀ। ਕੁੱਝ ਹੀ ਦਿਨ ਪਹਿਲਾਂ ਕੋਲਬਰਗ ਤੇ ਗਰੌਂਡੈਂਜ਼... "ਗਹਿ-ਗੱਚਵੀਂ ਲੜਾਈ ਮਗਰੋਂ ਦੁਸ਼ਮਣ ਦੀਆਂ ਵਧੇਰੇ ਚੰਗੀਆਂ ਫ਼ੌਜਾਂ ਦੇ ਕਬਜ਼ੇ ਵਿੱਚ ਆ ਗਏ ਸਨ..."

ਲਾਲ ਫ਼ੌਜ!

ਰੇਮਾਗਨ ਤੋਂ ਰਾਈਨ ਦਰਿਆ ਨੂੰ ਪਾਰ ਕਰ ਲਿਆ ਗਿਆ...

ਇਤਹਾਦੀ ਤਾਕਤਾਂ!

ਜੰਬੂਰ ਬੰਦ ਹੁੰਦਾ ਜਾ ਰਿਹਾ ਸੀ।

ਗੀਨਬੋਥ ਨੇ ਅਜੇ ਇੱਕ ਹੋਰ ਐਲਾਨ ਕਰਨਾ ਸੀ।

"ਕੱਪੜਿਆਂ ਨਾਲ਼ ਸਬੰਧਿਤ ਕੈਦੀ ਕੱਪੜੇ ਵਾਲ਼ੇ ਕਮਰਿਆਂ ਵਿੱਚ ਪੁੱਜ ਜਾਣ, ਬਲਾਕ ਦੇ ਨਾਈ ਗ਼ੁਸਲਖ਼ਾਨਿਆਂ ਵਿੱਚ।"

ਇਹ ਕੋਈ ਨਵੀਂ ਗੱਲ ਨਹੀਂ ਸੀ। ਅਜਿਹੇ ਹੁਕਮ ਕੈਂਪ ਵਿੱਚ ਨਿੱਤ-ਦਿਹਾੜੇ ਲਾਗੂ ਹੁੰਦੇ ਸਨ, ਜਿਨ੍ਹਾਂ ਦਾ ਅਰਥ ਕੇਵਲ ਇਹੋ ਹੁੰਦਾ ਸੀ ਕਿ ਕੈਦੀਆਂ ਦੀ ਨਵੀਂ ਖੇਪ ਆ ਰਹੀ ਹੈ, ਜਿਵੇਂ ਕਿ ਪਿਛਲੇ ਕੁੱਝ ਮਹੀਨਿਆਂ ਵਿੱਚ ਆਮ ਹੋਇਆ ਸੀ, ਜਿਤਨੇ ਕਨਸੈਂਟਰੇਸ਼ਨ ਕੈਂਪ ਦੱਖਣ ਵਿੱਚ ਸਨ, ਉਹ ਖ਼ਾਲੀ ਕੀਤੇ ਜਾ ਰਹੇ ਸਨ। ਆਸੂਵਿਟਜ਼, ਲਿਊਬਲਿਨ...।

ਬੋਖਨਵਾਲਡ ਵਿੱਚ ਤਿਲ ਧਰਨ ਨੂੰ ਥਾਂ ਨਹੀਂ ਸੀ, ਪਰ ਜਿੰਨੇ ਨਵੇਂ ਕੈਦੀ ਆਉਂਦੇ ਸਨ, ਉਹਨਾਂ ਨੂੰ ਤਾਂ ਹਰ ਹਾਲਤ ਵਿੱਚ ਰੱਖਣਾ ਹੀ ਪੈਂਦਾ ਸੀ। ਨਿੱਤ ਦਿਹਾੜੇ ਆਉਣ ਵਾਲ਼ੇ ਲੋਕਾਂ ਦੀ ਗਿਣਤੀ ਇੰਝ ਵਧਦੀ ਜਾ ਰਹੀ ਸੀ, ਜਿਵੇਂ ਥਰਮਾਮੀਟਰ ਵਿੱਚ ਪਾਰਾ ਚੜ੍ਹਦਾ ਹੈ। ਇਹ ਸਾਰੇ ਕਿੱਥੇ ਰੱਖੇ ਜਾਣ? ਇਸ ਇੰਨੀ ਵੱਡੀ ਗਿਣਤੀ ਨੂੰ ਟਿਕਾਣਾ ਦੇਣ ਲਈ ਕੈਂਪ ਦੇ ਅੰਦਰ ਇੱਕ ਪਾਸੇ ਵੱਲ ਵਕਤੀ ਬੈਰਕ ਬਣਾਏ ਗਏ ਸਨ। ਅਸਤਬਲਾਂ ਵਰਗੀਆਂ ਕੋਠੜੀਆਂ ਦੇ ਚਾਰੇ ਪਾਸੇ ਕੰਡਿਆਲੀ ਤਾਰ ਦੀ ਦੋਹਰੀ ਵਾੜ ਖਿੱਚ ਦਿੱਤੀ ਗਈ ਸੀ ਤੇ ਇਸ ਹਿੱਸੇ ਨੂੰ ਛੋਟਾ ਕੈਂਪ ਆਖਿਆ ਜਾਣ ਲੱਗ ਪਿਆ ਸੀ—

ਕੈਂਪ ਦੇ ਅੰਦਰ ਇੱਕ ਹੋਰ ਕੈਂਪ ਬਿਲਕੁੱਲ ਵੱਖਰਾ, ਜਿਸ ਦੇ ਜੀਵਨ ਦੀ ਪਹੁੰਚ ਇਸ ਦੀ ਆਪਣੀ ਸੀ। ਯੂਰਪ ਦੇ ਸਾਰੇ ਦੇਸ਼ਾਂ ਦੇ ਲੋਕ ਇਕ ਇੱਜੜ ਵਾਂਗ ਡੱਕੇ ਹੋਏ ਸਨ। ਕਿਸੇ ਨੂੰ ਕੁੱਝ ਪਤਾ ਨਹੀਂ ਸੀ ਕਿ ਪਹਿਲਾਂ ਇਹਨਾਂ ਦੇ ਘਰ ਕਿੱਥੇ ਸਨ, ਕੋਈ ਨਹੀਂ ਸੀ ਜਾਣਦਾ ਕਿ ਇਹਨਾਂ ਦੇ ਦਿਲਾਂ 'ਤੇ ਕੀ ਬੀਤ ਰਹੀ ਹੈ ਅਤੇ ਇਹ ਲੋਕ ਇਹੋ ਜਿਹੀ ਭਾਸ਼ਾ ਵਿੱਚ ਗੱਲਬਾਤ ਕਰਦੇ ਸਨ, ਜਿਸ ਨੂੰ ਕੋਈ ਵੀ ਨਹੀਂ ਸੀ ਸਮਝਦਾ। ਇਹਨਾਂ ਲੋਕਾਂ ਦਾ ਨਾ ਨਾਂ, ਨਾ ਚਿੰਨ੍ਹ-ਚੱਕਰ!

ਦੂਜਿਆਂ ਕੈਂਪਾਂ ਵਿੱਚੋਂ ਜਿਹੜੇ ਲੋਕ ਲਿਆਂਦੇ ਗਏ ਸਨ, ਉਹਨਾਂ ਵਿੱਚੋਂ ਅੱਧੇ ਰਾਹ ਵਿੱਚ ਹੀ ਮਰ-ਖੱਪ ਗਏ ਸਨ ਜਾਂ ਉਹਨਾਂ ਨੂੰ ਲਿਆਉਣ ਵਾਲ਼ੀ ਨਾਜ਼ੀ ਗਾਰਦ ਨੇ ਉਹਨਾਂ ਨੂੰ ਬਿੱਲੇ ਲਾ ਦਿੱਤਾ ਸੀ। ਲਾਸ਼ਾਂ ਸੜਕ ਉੱਤੇ ਹੀ ਪਈਆਂ ਸਨ। ਲਿਆਂਦੇ ਜਾ ਰਹੇ ਕੈਦੀਆਂ ਦੀ ਸੂਚੀ ਦੀ ਜਾਂਚ ਨਹੀਂ ਸੀ ਕੀਤੀ ਗਈ ਤੇ ਉਹਨਾਂ ਦੇ ਰਜਿਸਟਰਡ ਨੰਬਰ ਗੱਡਮੱਡ ਹੋ ਗਏ ਸਨ। ਕੋਈ ਪਤਾ ਨਹੀਂ ਸੀ, ਕਿਹੜੇ ਨੰਬਰ ਦਾ ਬੰਦਾ ਜਿਉਂਦਾ ਹੈ ਤੇ ਕਿਹੜੇ ਦਾ ਮੁਰਦਾ? ਇਹਨਾਂ ਲੋਕਾਂ ਦੇ ਨਾਂ ਤੇ ਉਹਨਾਂ ਦਾ ਪਿਛੋਕੜ ਕੌਣ ਜਾਣਦਾ ਸੀ?

"ਚੱਲੋ।"

ਗੀਨਬੋਥ ਨੇ ਮਾਈਕਰੋਫ਼ੋਨ ਬੰਦ ਕਰ ਦਿੱਤਾ। ਲੰਮੇ ਚੌੜੇ ਮੈਦਾਨ ਵਿੱਚ ਜਾਨ ਪਈ। ਬਲਾਕ ਅਫ਼ਸਰਾਂ ਨੇ ਹੁਕਮ ਦਿੱਤੇ ਤੇ ਬਲਾਕ ਮਗਰੋਂ ਬਲਾਕ ਪਿਛਾਂਹ ਨੂੰ ਟੁਰ ਪਿਆ। ਮਨੁੱਖਾਂ ਦੀ ਇਹ ਵਿਸ਼ਾਲ ਬਣਤਰ ਟੁੱਟ ਗਈ ਅਤੇ ਇੱਕ ਵਹਿਣ ਵਾਂਗ ਪਰੇਡ ਗਰਾਊਂਡ ਤੋਂ ਬੈਰਕਾਂ

ਵੱਲ ਵਹਿ ਤੁਰੀ। ਬਲਾਕ ਅਫ਼ਸਰ ਫਾਟਕ ’ਚੋਂ ਬਾਹਰ ਨਿੱਕਲ਼ ਕੇ ਏਧਰ-ਓਧਰ ਅਲੋਪ ਹੋ ਗਏ।

ਐਨ ਇਸੇ ਸਮੇਂ ਕੈਦੀਆਂ ਨਾਲ਼ ਭਰੀ ਹੋਈ ਗੱਡੀ ਪਲੇਟਫ਼ਾਰਮ ਉੱਤੇ ਲੱਗ ਰਹੀ ਸੀ। ਗੱਡੀ ਅਜੇ ਰੁਕੀ ਵੀ ਨਹੀਂ ਸੀ ਕਿ ਨਾਜ਼ੀ ਫ਼ੌਜੀਆਂ ਦੀ ਇੱਕ ਟੋਲੀ, ਮੋਢਿਆਂ ਤੋਂ ਆਪਣੀਆਂ ਕਾਰਬੀਨਾਂ ਲਾਹੁੰਦੀ ਹੋਈ, ਗੱਡੀ ਦੇ ਨਾਲ਼-ਨਾਲ਼ ਦੌੜਨ ਲੱਗੀ। ਉਹਨਾਂ ਬੂਹਿਆਂ ਦੇ ਹੋੜੇ ਖਿੱਚ ਕੇ ਵੱਖ ਕਰ ਦਿੱਤੇ ਤੇ ਝੱਟ-ਪੱਟ ਬੂਹੇ ਖੋਲ੍ਹ ਦਿੱਤੇ।

“ਗੰਦੇ ਸੂਰੋ, ਨਿੱਕਲ਼ੋ ਬਾਹਰ!”

ਡੱਬਿਆਂ ਦੀ ਗੰਦੀ ਸੜ੍ਹਿਆਂਦ ਵਿੱਚ ਕੈਦੀ ਇੱਕ ਦੂਜੇ ਨਾਲ਼ ਜੁੜੇ ਖਲ੍ਹੋਤੇ ਸਨ ਤੇ ਬੂਹੇ ਖੁੱਲ੍ਹਦਿਆਂ ਸਾਰ ਜਦ ਉਹਨਾਂ ਨੂੰ ਆਕਸੀਜਨ ਮਿਲ਼ੀ ਤਾਂ ਉਹ ਚਕਰਾ ਜਿਹੇ ਗਏ। ਨਾਜ਼ੀ ਫ਼ੌਜੀਆਂ ਦੇ ਚੀਕ ਚਿਹਾੜੇ ਨਾਲ਼ ਉਹ ਇੱਕ ਦੂਜੇ ਉੱਤੇ ਡਿੱਗਦੇ-ਢਹਿੰਦੇ, ਸੰਭਲ਼ਦੇ-ਸੰਭਾਲ਼ਦੇ ਬਾਹਰ ਨਿੱਕਲ਼ੇ। ਨਾਜ਼ੀ ਗਾਰਦ ਉਹਨਾਂ ਨੂੰ ਹੱਕ ਕੇ ਇਕੱਠਾ ਕਰ ਰਹੀ ਸੀ। ਗੱਡੀ ਦੇ ਡੱਬਿਆਂ ਵਿੱਚੋਂ ਕੈਦੀਆਂ ਦੀ ਭੀੜ ਇੰਝ ਨਿੱਕਲ਼ ਰਹੀ ਸੀ ਜਿਵੇਂ ਫੋੜੇ ਦੇ ਫੁੱਟਣ ’ਤੇ ਪਾਕ ਬਾਹਰ ਨਿੱਕਲ਼ਦੀ ਹੈ।

ਸਭ ਤੋਂ ਅਖ਼ੀਰ ਵਿੱਚ ਉੱਤਰਨ ਵਾਲ਼ਿਆਂ ਵਿੱਚੋਂ ਇੱਕ ਪੋਲਿਸ਼ ਯਹੂਦੀ ਸੀ: ਜਖ਼ਾਰਿਆਸ ਜਾਂਕੋਵਸਕੀ। ਜਦੋਂ ਉਹ ਆਪਣਾ ਸੂਟਕੇਸ ਵੀ ਘਸੀਟਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਇੱਕ ਨਾਜ਼ੀ ਆਪਣੀ ਰਾਈਫ਼ਲ ਦੇ ਕੁੰਦੇ ਨਾਲ਼ ਉਸ ਦਾ ਪੰਜਾ ਕੁਚਲ਼ਦਿਆਂ ਚੀਕਿਆ:

“ਯਹੂਦੀ ਸੂਰਾ, ਫਿੱਟੇ ਮੂੰਹ ਤੇਰਾ!”

ਜਾਂਕੋਵਸਕੀ ਆਪਣਾ ਸੂਟਕੇਸ ਝੋਪਣ ਵਿੱਚ ਸਫ਼ਲ ਹੋ ਗਿਆ, ਜਿਹੜਾ ਨਾਜ਼ੀ ਸਿਪਾਹੀ ਨੇ ਉਸ ਵੱਲ ਵਗਾ ਮਾਰਿਆ ਸੀ।

“ਇਸ ਵਿੱਚ ਆਪਣੇ ਹੀਰੇ ਪੰਨੇ ਲੁਕਾ ਲਿਆਇਆਂ ਏਂ, ਕਿਉਂ ਓਏ ਸੂਰਾ?”

ਜਾਂਕੋਵਸਕੀ ਸੂਟਕੇਸ ਸੰਭਾਲ਼ ਕੇ ਝੱਟ ਭੀੜ ਦੀ ਪਨਾਹ ਵਿੱਚ ਪਹੁੰਚ ਗਿਆ।

ਨਾਜ਼ੀ ਫ਼ੌਜੀ ਡੱਬਿਆਂ ਵਿੱਚ ਘੁਸ ਗਏ ਤੇ ਅੰਦਰ ਜਿਹੜੇ ਲੋਕ ਅਜੇ ਪਏ ਹੋਏ ਸਨ ਉਹਨਾਂ ਨੂੰ ਰਾਈਫ਼ਲਾਂ ਦੇ ਕੁੰਦਿਆਂ ਨਾਲ਼ ਹੂੰਝ ਕੇ ਬਾਹਰ ਸੁੱਟ ਦਿੱਤਾ। ਬਿਮਾਰ ਤੇ ਹਾਰੇ—ਹੁੱਟੇ ਕੈਦੀਆਂ ਨੂੰ ਉੱਛਾਲ਼ ਕੇ ਬਾਹਰ ਵਗ੍ਹਾ ਮਾਰਿਆ ਤੇ ਮੁਰਦਿਆਂ ਨੂੰ ਉਹਨਾਂ ਨੁੱਕਰਾਂ ਵਿੱਚ ਹੀ ਪਿਆ ਰਹਿਣ ਦਿੱਤਾ, ਜਿਹੜੀਆਂ ਲੰਮੇ ਪੈਂਡੇ ਵਿਚਾਲ਼ੇ ਉਹਨਾਂ ਦੇ ਸਾਥੀ ਕੈਦੀਆਂ ਨੇ ਆਪ ਤਕਲੀਫ਼ ਉਠਾ ਕੇ ਉਹਨਾਂ ਲਈ ਖ਼ਾਲੀ ਕਰ ਦਿੱਤੀਆਂ ਸਨ। ਇੱਕ ਲਾਸ਼ ਇੰਝ ਪਈ ਸੀ ਜਿਵੇਂ ਕੋਈ ਟੇਕ ਲਾ ਕੇ ਬੈਠਾ ਹੋਵੇ, ਉਸ ਦੇ ਹੋਠਾਂ ਉੱਤੇ ਵਿਅੰਗਮਈ ਮੁਸਕਣੀ ਸੀ।

ਹਰ ਬਲਾਕ ਦੀ ਕੰਧ ਉੱਤੇ ਜਾਂ ਬਲਾਕ ਦੀ ਨਿਗਰਾਨੀ ਕਰਨ ਵਾਲ਼ੇ ਦੀ ਮੇਜ ਉੱਤੇ ਇੱਕ ਨਕਸ਼ਾ ਸੀ। ਬਲਾਕ ਦੀ ਨਿਗਰਾਨੀ ਕਰਨ ਵਾਲ਼ਾ ਆਮ ਕਰਕੇ ਕੋਈ ਤਜ਼ਰਬੇਕਾਰ, ਲੰਮੀ ਮਿਆਦ ਵਾਲ਼ਾ ਕੈਦੀ ਹੁੰਦਾ ਸੀ। ਇਹ ਨਕਸ਼ੇ ਬਹੁਤ ਦਿਨ ਹੋਏ ਅਖ਼ਬਾਰਾਂ ਵਿੱਚੋਂ ਕੱਟੇ

ਗਏ ਸਨ, ਜਦੋਂ ਹਮਲਾਵਰ ਨਾਜ਼ੀ ਫ਼ੌਜਾਂ ਮਿੰਸਕ, ਸਮੋਲੈਂਸਕ ਤੇ ਵਿਆਸਮਾ ਤੋਂ ਲੰਘਦੀਆਂ ਮਾਸਕੋ ਜਾ ਰਹੀਆਂ ਤੇ ਫਿਰ ਓਡੇਸਾ ਤੋਂ ਵਸਤੋਫ ਤੋਂ ਹੁੰਦੀਆਂ ਸਟਾਲਿਨਗਰਾਦ ਉੱਤੇ ਧਾਵਾ ਬੋਲ ਰਹੀਆਂ ਸਨ।

ਬਲਾਕ ਦੇ ਨਾਜ਼ੀ ਅਫ਼ਸਰਾਂ ਨੇ, ਜਿਹੜੇ ਮੁੱਕੇ ਵੱਟੀ ਕਿਸੇ ਦਾ ਜਬਾੜਾ ਤੋੜਨ ਲਈ ਉਤਾਵਲੇ ਰਹਿੰਦੇ ਸਨ, ਇਹਨਾਂ ਨਕਸ਼ਿਆਂ ਨੂੰ ਸਹਿ ਲਿਆ ਸੀ, ਸਗੋਂ ਜਦੋਂ ਰਤਾ ਚੰਗੇ ਰੌਂ ਵਿੱਚ ਹੁੰਦੇ ਸਨ ਤੇ ਜਿੱਤ ਦੇ ਢੋਲ-ਢਮੱਕੇ ਵੱਜਦੇ ਹੁੰਦੇ ਸਨ ਤਾਂ ਡੀਗਾਂ ਮਾਰਦੇ ਉਹ ਰੂਸੀ ਸ਼ਹਿਰਾਂ ਨੂੰ ਵਿਖਾਇਆ ਕਰਦੇ ਸਨ : "ਬੋਲੋ, ਕਿੱਥੇ ਹੈ ਹੁਣ ਤੁਹਾਡੀ ਲਾਲ ਫ਼ੌਜ ?"

ਇਹ ਗੱਲ ਬਹੁਤ ਦਿਨਾਂ ਦੀ ਹੈ।

ਹੁਣ ਉਹ ਜਾਣ-ਬੁੱਝ ਕੇ ਨਕਸ਼ਿਆਂ ਨੂੰ ਅੱਖੋਂ-ਪਰੋਖੇ ਕਰ ਜਾਂਦੇ, ਉਹ ਉਹਨਾਂ ਨਿਸ਼ਾਨਾਂ ਨੂੰ ਵੀ ਨਹੀਂ ਸਨ ਵੇਖਦੇ ਜਿਹੜੇ ਕੈਦੀਆਂ ਨੇ ਨਕਸ਼ਿਆਂ ਉੱਤੇ ਥਾਂ-ਥਾਂ 'ਤੇ ਲਾ ਦਿੱਤੇ ਸਨ— ਮੋਟੀਆਂ, ਪਤਲੀਆਂ, ਨੀਲੀਆਂ, ਲਾਲ ਤੇ ਕਾਲ਼ੀਆਂ ਲਕੀਰਾਂ।

ਇਹਨਾਂ ਨਕਸ਼ਿਆਂ ਨੂੰ ਹਜ਼ਾਰਾਂ ਉਂਗਲ਼ਾਂ ਨੇ ਹਜ਼ਾਰਾਂ ਵਾਰ ਛੋਹਿਆ ਸੀ। ਅਖ਼ਬਾਰ ਦੇ ਪਤਲੇ ਕਾਗਜ਼ ਉੱਤੇ ਛਪੇ ਹੋਏ ਉਹਨਾਂ ਥਾਵਾਂ ਦੇ ਨਾਂ ਹੁਣ ਕਾਲ਼ੇ ਦਾਗ਼ ਬਣ ਗਏ ਸਨ, ਜਿੱਥੇ ਪਹਿਲਾਂ ਘਮਾਸਾਨ ਦੀਆਂ ਲੜਾਈਆਂ ਲੜੀਆਂ ਗਈਆਂ ਸਨ—ਗੋਮੇਲ, ਕੀਵ, ਖ਼ਰਾਕੋਵ...।

ਹੁਣ ਕਿਸੇ ਦਾ ਇਨ੍ਹਾਂ ਥਾਵਾਂ ਵੱਲ ਕੋਈ ਧਿਆਨ ਨਹੀਂ ਸੀ।

ਹੁਣ ਤਾਂ ਗੱਲ ਕੋਸਤਰੀਨ, ਅਸਤਨੀਨ, ਗਰੌਡੈਂਜ਼ ਦੀ ਸੀ; ਸੁਆਲ ਡੁਸਲਡਰੋਫ਼ ਤੇ ਕੋਲੋਨ ਦਾ ਸੀ।

ਐਪਰ ਹੁਣ ਤਾਂ ਇਹਨਾਂ ਨਾਂਵਾਂ ਦੀ ਥਾਂ ਵਧੇਰੇ ਮਲ਼ੇ-ਦਲ਼ੇ ਧੱਬੇ ਹੀ ਰਹਿ ਗਏ ਸਨ। ਇਹਨਾਂ ਨਾਵਾਂ ਦੇ ਆਲ਼ੇ-ਦੁਆਲ਼ੇ ਇੰਨਾ ਕੁੱਝ ਲਿਖਿਆ, ਕੱਟਿਆ, ਮੇਟਿਆ ਤੇ ਫਿਰ ਲਿਖਿਆ ਗਿਆ ਸੀ ਕਿ ਉੱਥੇ ਕਾਗ਼ਜ਼ ਹੀ ਨਹੀਂ ਸੀ ਰਿਹਾ।

ਲੱਖਾਂ ਉਂਗਲ਼ੀਆਂ ਨੇ ਇਹਨਾਂ ਉੱਤੇ ਮੋਰਚਿਆਂ ਦੇ ਨਿਸ਼ਾਨ ਲਾਏ ਸਨ ਤੇ ਉਹਨਾਂ ਨੂੰ ਮਿਟਾਇਆ ਸੀ। ਅਤੇ...ਉੱਕਾ ਹੀ ਖ਼ਤਮ ਕਰ ਦਿੱਤੇ ਸਨ—ਇਹ ਸਪਸ਼ਟ ਸੀ ਕਿ ਅੰਤ ਨੇੜੇ ਹੈ।

ਦਿਨ ਭਰ ਦੀ ਚੁੱਪ-ਚਾਂ ਮਗਰੋਂ ਬਲਾਕਾਂ ਵਿੱਚ ਫਿਰ ਤੋਂ ਕੈਦੀ ਆ ਰਹੇ ਸਨ। ਕੰਨ ਪਈ ਅਵਾਜ਼ ਸੁਣਾਈ ਨਹੀਂ ਸੀ ਦੇਂਦੀ ਤੇ ਅੱਜ ਫਿਰ ਨਕਸ਼ਿਆਂ ਦੇ ਆਲ਼ੇ-ਦੁਆਲ਼ੇ ਭੀੜ ਜੁੜ ਰਹੀ ਸੀ।

ਬਲਾਕ ਨੰਬਰ 38 ਵਿੱਚ ਰੁਨਕੀ ਦੀ ਮੇਜ਼ ਦੁਆਲ਼ੇ ਭੀੜ ਜੁੜੀ ਹੋਈ ਸੀ, ਹਰ ਬੰਦਾ ਨਕਸ਼ੇ ਨੂੰ ਇੱਕ ਨਜ਼ਰ ਨਾਲ਼ ਵੇਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਸ਼ਿਊਪ ਭੀੜ ਨੂੰ ਚੀਰਦਾ ਹੋਇਆ ਅਗਾਂਹ ਨਿੱਕਲ਼ ਆਇਆ।

"ਇਹ ਰਿਮ ਰੇਮਾਗਨ—ਕੋਬਲੈਨਜ਼ ਤੇ ਬੋਨ ਦੇ ਵਿਚਕਾਰੇ!"

"ਉੱਥੋਂ ਵੇਮਾਰ ਕਿੰਨੀ ਦੂਰ ਰਹਿ ਜਾਂਦਾ ਹੈ ?" ਕਿਸੇ ਨੇ ਪੁੱਛਿਆ।

ਸ਼ਿਊਪ ਨੇ ਅਚੰਭੇ ਨਾਲ਼ ਵੇਖਿਆ, ਪਲਕਾਂ ਝਮਕੀਆਂ ਤੇ ਸੋਚਣ ਲੱਗ ਪਿਆ। "ਜੇ ਉਹ ਲੋਕ ਇੰਨੀ ਨੇੜੇ ਪੁੱਜ ਗਏ ਤਾਂ..."

ਉਂਗਲ਼ੀਆਂ ਨੇ ਆਉਣ ਵਾਲ਼ਾ ਰਾਹ ਉਲੀਕ ਦਿੱਤਾ। ਆਈਜ਼ਨ ਨਿਆਖ ਲਾਂਗਲ ਸਾਲਜ਼ਾ, ਗੋਥਾ ਐਰਫਰਟ...

ਸ਼ਿਊਪ ਦੇ ਵਿਚਾਰਾਂ ਦੀ ਲੜੀ ਇੱਥੇ ਆ ਕੇ ਰੁਕ ਗਈ। "ਇੱਕ ਵਾਰ ਜੇ ਐਰਫਰਟ ਪੁੱਜ ਗਏ ਤਾਂ ਉਹ ਬੋਖਨਵਾਲਡ ਅੱਪੜੇ ਸਮਝੋ।"

ਕਦੋਂ ? ਬੱਸ ਕੁੱਝ ਦਿਨਾਂ ਦੀ ਗੱਲ ਹੈ ? ਸਾਤਿਆਂ ਵਿੱਚ ? ਮਹੀਨਿਆਂ ਵਿੱਚ ?

"ਰਤਾ ਠਹਿਰੋ ! ਸਾਡੇ ਲਈ ਮੰਦਾ ਹੀ ਹੋਵੇਗਾ। ਕੀ ਤੁਸੀਂ ਸਮਝਦੇ ਹੋ ਕਿ ਇਹ ਨਾਜ਼ੀ ਅਫ਼ਸਰ ਸਾਨੂੰ ਅਮਰੀਕਨਾਂ ਲਈ ਛੱਡ ਜਾਣਗੇ ? ਅਜਿਹੀ ਘੜੀ ਤੋਂ ਪਹਿਲਾਂ ਉਹ ਕੱਲੇ-ਕੱਲੇ ਨੂੰ ਬਿੱਲੇ ਨਾ ਲਾ ਦੇਣਗੇ ?"

"ਬਈ ਹੁਣ ਤੋਂ ਹੀ ਕਿਉਂ ਮਰੀ ਜਾਂਦੇ ਓ।" ਸ਼ਿਊਪ ਨੇ ਸ਼ੱਕ ਦਾ ਪ੍ਰਗਟਾਅ ਕਰਨ ਵਾਲ਼ੇ ਨੂੰ ਡਾਂਟਿਆ। ਬੈਰਕ ਦਾ ਕੰਮ ਕਰਨ ਵਾਲ਼ੇ ਨੇ ਸਹਿਮਦੇ ਹੋਏ ਵਿਚਾਲ਼ੇ ਆਖਿਆ, "ਜੇ ਤੁਸੀਂ ਖਾਣ ਵਾਲ਼ੇ ਭਾਂਡੇ ਕੱਢ ਲਵੋ ਤੇ ਬੜੀ ਕਿਰਪਾ ਹੋਵੇਗੀ।"

ਲੱਕੜੀ ਦੀਆਂ ਜੁੱਤੀਆਂ ਦੀ ਖਟਾਖਟ ਹੋਈ ਤੇ ਖਾਣ ਦੇ ਕਾਸੇ ਖੜਕਣ ਲੱਗੇ।

ਨਾਜ਼ੀ ਗਾਰਡ਼ ਨੇ ਮਾਰਚ ਕਰਾਉਣ ਲਈ ਭੀੜ ਦੀਆਂ ਕਤਾਰਾਂ ਬਣਾ ਦਿੱਤੀਆਂ ਸਨ, ਜੋ ਉਹਨਾਂ ਵਹਿਸ਼ੀਆਂ ਦੀ ਨਿਗਰਾਨੀ ਵਿੱਚ ਡਿੱਗਦੀਆਂ-ਢਹਿੰਦੀਆਂ ਕੈਂਪ ਵੱਲ ਵਧ ਰਹੀਆਂ ਸਨ। ਜਾਂਕੋਵਸਕੀ ਇੱਕ ਕਤਾਰ ਵਿਚਕਾਰ ਵੜਨ ਵਿੱਚ ਸਫ਼ਲ ਹੋ ਗਿਆ ਸੀ ਤੇ ਇੰਝ ਉਹ ਨਾਜ਼ੀ ਫ਼ੌਜੀਆਂ ਦੇ ਕੁਟਾਪੇ ਤੋਂ ਬਚ ਰਿਹਾ ਸੀ, ਜਿਹੜੇ ਨਾਜ਼ੀ ਬਿਨਾਂ ਸੋਚੇ-ਸਮਝੇ ਸੱਜੇ-ਖੱਬੇ ਮਾਰ ਕੁਟਾਈ ਕਰ ਰਹੇ ਸਨ।

ਇਹ ਇੱਕ ਚਮਤਕਾਰ ਹੀ ਸੀ ਕਿ ਉਹ ਇੱਥੋਂ ਤੱਕ ਆਪਣਾ ਸੂਟਕੇਸ ਲਿਆਉਣ ਵਿੱਚ ਸਫ਼ਲ ਹੋ ਗਿਆ ਸੀ। ਜਾਂਕੋਵਸਕੀ ਦੇ ਦਿਲ ਵਿੱਚ ਭਾਂਤ-ਭਾਂਤ ਦੇ ਖ਼ਿਆਲ ਆ ਰਹੇ ਸਨ। ਐਪਰ ਉਸਨੇ ਡਰਦੇ ਮਾਰਿਆਂ, ਉਹਨਾਂ ਸਾਰਿਆਂ ਨੂੰ ਦਿਲ ਵਿੱਚੋਂ ਕੱਢ ਦਿੱਤਾ ਕਿ ਕਿਤੇ ਇਹ ਚਮਤਕਾਰ ਸਮਾਪਤ ਨਾ ਹੋ ਜਾਵੇ। ਸੱਚੇ ਦਿਲੋਂ ਉਹ ਇੱਕ ਹੀ ਗੱਲ 'ਤੇ ਵਿਸ਼ਵਾਸ਼ ਰੱਖਦਾ ਸੀ ਕਿ ਪ੍ਰਮਾਤਮਾ ਕਦੇ ਵੀ ਉਸ ਸੂਟਕੇਸ ਨੂੰ ਨਾਜ਼ੀ ਫ਼ੌਜੀਆਂ ਦੇ ਹੱਥ ਨਹੀਂ ਆਉਣ ਦੇਵੇਗਾ।

ਜਦੋਂ ਅੰਤ ਚੁੱਪ-ਚਾਂ ਵਰਤ ਗਈ ਤਾਂ ਸ਼ਾਰ ਫ਼ੋਹਰਰ ਗ਼ੁਸਲਖ਼ਾਨੇ ਵਿੱਚ ਚਲਿਆ ਗਿਆ ਤਾਂ ਹੁੱਟਿਆ-ਹਾਰਿਆ ਜਾਂਕੋਵਸਕੀ ਪਥਰੀਲੀ ਜ਼ਮੀਨ ਉੱਤੇ ਧਈਂ ਕਰਕੇ ਡਿੱਗ ਪਿਆ। ਉਸ ਦੇ ਹੱਥ—ਜਿਸ ਨੂੰ ਗੱਡੀ ਤੋਂ ਉੱਤਰਦਿਆਂ ਇੱਕ ਨਾਜ਼ੀ ਨੇ ਰਾਈਫ਼ਲ ਦੇ ਕੁੰਦੇ ਨਾਲ਼ ਕੁਚਲ਼ ਦਿੱਤਾ ਸੀ—ਭਾਵੇਂ ਪੀੜ ਪਹਿਲਾਂ ਨਾਲ਼ੋਂ ਕੁੱਝ ਘੱਟ ਸੀ, ਫਿਰ ਵੀ ਰਹਿ-ਰਹਿ ਕੇ ਉਸ ਵਿੱਚੋਂ ਚੀਸ ਜਿਹੀ ਉੱਠਦੀ ਸੀ। ਜਾਂਕੋਵਸਕੀ ਚੋਖਾ ਚਿਰ ਸਿਰ ਨਿਵਾਈ ਬੈਠਾ ਰਿਹਾ ਤੇ ਜਦੋਂ ਇੱਕ ਕੈਦੀ ਨੇ ਉਸ ਨੂੰ ਜ਼ੋਰ ਦੀ ਝੰਜੋੜਿਆ ਤਾਂ ਉਹ ਤ੍ਰਭਕ ਜਿਹਾ ਗਿਆ। ਇਹ ਕੈਦੀ

ਮਾਰਚ ਵਿੱਚ ਉਸ ਦੇ ਨਾਲ਼-ਨਾਲ਼ ਟੁਰ ਰਿਹਾ ਸੀ ਤੇ ਹੁਣ ਉਸ ਦੇ ਸਾਹਮਣੇ ਖਲ੍ਹੋਤਾ ਸੀ ਤੇ ਉਹ ਕੈਂਪ ਵਿੱਚ ਪਹਿਰੇਦਾਰ ਸੀ। ਉਸ ਨੇ ਪੋਲਿਸ਼ ਬੋਲੀ ਵਿੱਚ ਆਖਿਆ: "ਤੂੰ, ਸੌਂ ਨਾ।"

ਜਾਂਕੋਵਸਕੀ ਬੇਵਿਸਾਹਿਆ ਜਿਹਾ ਸਿੱਧਾ ਹੋ ਕੇ ਬਹਿ ਗਿਆ।

ਉਹਨਾਂ ਵਿੱਚੋਂ ਬਹੁਤੇ ਆਪਣੇ ਕੱਪੜੇ ਲਾਹ ਚੁੱਕੇ ਸਨ। ਉਹਨਾਂ ਮੰਦ-ਭਾਗੇ ਜੁੱਸਿਆਂ ਨੇ, ਜਿਹੜੇ ਠੰਢੀ ਫੁਹਾਰ ਵਿੱਚ ਨਾਈਆਂ ਦੇ ਸਾਹਮਣੇ ਖਲ੍ਹੋਤੇ ਕੰਬ ਰਹੇ ਸਨ, ਆਪਣੀਆਂ ਫਟੀਆਂ ਪੁਰਾਣੀਆਂ ਲੀਰਾਂ ਵਗਾਹ ਮਾਰੀਆਂ ਸਨ। ਦਸਤੀ ਮਸ਼ੀਨਾਂ ਉਹਨਾਂ ਦੇ ਜੁੱਸਿਆਂ ਦੇ ਹਰ ਹਿੱਸੇ ਦੇ ਵਾਲ਼ ਸਾਫ਼ ਕਰ ਰਹੀਆਂ ਸਨ।

ਜਾਂਕੋਵਸਕੀ ਨੇ ਆਪਣੇ ਨਰੋਏ ਹੱਥ ਨਾਲ਼ ਆਪਣੇ ਕੱਪੜੇ ਲਾਹੁਣ ਦੀ ਕੋਸ਼ਿਸ਼ ਕੀਤੀ ਤੇ ਪਹਿਰੇਦਾਰ ਨੇ ਉਸ ਦੀ ਸਹਾਇਤਾ ਕੀਤੀ।

ਇਸੇ ਸਮੇਂ ਹੀ ਦੋ ਪੁਰਾਣੇ ਵਾਸੀ ਇੱਧਰ-ਉੱਧਰ ਟੁਰਦੇ-ਫਿਰਦੇ ਆਪਣੇ ਕੱਪੜਿਆਂ ਨੂੰ ਟੋਹਣ ਲੱਗ ਪਏ, ਕਦੋ ਕੋਈ ਬੋਰਾ ਚੁੱਕ ਲੈਂਦੇ, ਕਦੇ ਕਦੇ ਕਿਸੇ ਗੰਢੜੀ ਨੂੰ ਉਲਟਾ-ਪੁਲਟਾ ਕੇ ਵੇਖਦੇ। ਜਾਂਕੋਵਸਕੀ ਸਹਿਮ ਜਿਹਾ ਗਿਆ।

"ਇਹ ਲੋਕ ਇੱਥੇ ਕੀ ਲੱਭ ਰਹੇ ਹਨ ?"

ਕੈਂਪ ਦੇ ਪਹਿਰੇਦਾਰ ਨੇ ਉਹਨਾਂ ਨੂੰ ਵੇਖਿਆ ਤੇ ਹੱਸਣ ਲੱਗ ਪਿਆ।

"ਇਹ ਸਮਾਨਖ਼ਾਨੇ ਦੇ ਬੰਦੇ ਹਨ, ਹੋਫ਼ਲ ਤੇ ਪੀਪਿਗ।" ਉਸ ਨੇ ਸੂਟਕੇਸ ਵੱਲ ਸੁਖਾਵੀਂ ਜਿਹੀ ਸੈਨਤ ਕੀਤੀ।

"ਇੱਥੇ ਕੋਈ ਵੀ ਬੰਦਾ ਤੇਰੀ ਕਿਸੇ ਵੀ ਸ਼ੈਅ ਨੂੰ ਹੱਥ ਨਹੀਂ ਲਾਵੇਗਾ—ਚੰਗਾ ਬਈ, ਹੁਣ ਜਾਹ ਤੇ ਜਾ ਕੇ ਹਜਾਮਤ ਕਰਵਾ ਲੈ।"

ਜਾਂਕੋਵਸਕੀ ਨੋਕੀਲੇ ਪੱਥਰਾਂ ਉੱਤੇ ਸੰਭਲ਼-ਸੰਭਲ਼ ਕੇ ਨੰਗੇ ਪੈਰ ਰੱਖਦਾ ਹੋਇਆ ਨਾਈ ਦੇ ਕੋਲ਼ ਚਲਿਆ ਗਿਆ।

ਗ਼ੁਸਲਖ਼ਾਨੇ ਦੇ ਬੂਹੇ ਸਾਹਮਣੇ ਸ਼ਾਰ ਫ਼ੋਹਰਰ ਭੀੜ ਲਾਈ ਖਲ੍ਹੋਤਾ ਸੀ ਤੇ ਸ਼ੋਰ-ਸ਼ਰਾਬਾ ਮੱਚਿਆ ਹੋਇਆ ਸੀ। ਜਿਹੜੇ ਲੋਕ ਇੱਥੇ ਪੁੱਜਦੇ, ਪਹਿਲਾਂ ਉਹਨਾਂ ਨੂੰ ਲੱਕੜੀ ਦੀ ਇੱਕ ਵੱਡੀ ਟੈਂਕੀ ਵਿੱਚ ਗੋਤਾ ਦਿੱਤਾ ਜਾਂਦਾ। ਪੰਜ-ਪੰਜ, ਛੇ-ਛੇ, ਇੱਕੋ ਸਾਹੇ ਟੁੱਭੀਆਂ ਲਾਂਦੇ, ਜਿਸ ਵਿੱਚ ਕੀੜੇ-ਮਾਰ ਦਵਾਈ ਮਿਲਾਈ ਹੋਈ ਸੀ ਤੇ ਇਸ ਵਿੱਚ ਇੰਨੇ ਬੰਦਿਆਂ ਨੇ ਟੁੱਭੀਆਂ ਲਾਈਆਂ ਸਨ ਕਿ ਉਸ ਵਿੱਚੋਂ ਵੀ ਬਦਬੂ ਆਉਣ ਲੱਗ ਪਈ ਸੀ।

"ਗਿੱਦੜੋ, ਸਿਰ ਪਾਣੀ ਦੇ ਅੰਦਰ ਕਰੋ!"

ਉਹ ਮੁੰਨੇ ਹੋਏ ਸਿਰਾਂ ਉੱਤੇ ਮੋਟਾ ਜਿਹਾ ਡੰਡਾ ਹਿਲਾਉਂਦਾ ਤੇ ਉਹ ਗੜੁਪ ਕਰਕੇ ਪਾਣੀ ਦੇ ਅੰਦਰ ਚਲੇ ਜਾਂਦੇ।

"ਅੱਜ ਇਹ ਫਿਰ ਨਸ਼ੇ ਵਿੱਚ ਧੁੱਤ ਏ।" ਡਿੰਗੇ ਪੈਰ ਵਾਲ਼ੇ ਗਿੱਠ-ਮੁੱਠੀਏ ਪੀਪਿਗ ਨੇ ਆਖਿਆ। ਪੀਪਿਗ ਡਰੈਸਡਨ ਵਿੱਚ ਕੰਪੋਜ਼ੀਟਰ ਸੀ।

ਹੋਫ਼ਲ ਨੇ ਉਸ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਉਸਨੇ ਜਾਂਕੋਵਸਕੀ ਦੇ ਸੂਟਕੇਸ ਨੂੰ ਠੋਕਰ ਨਾਲ਼ ਇੱਕ ਪਾਸੇ ਖਿਸਕਾਂਦਿਆਂ ਆਖਿਆ :

"ਇਹ ਲੋਕ ਇੱਥੇ ਕਿਹੋ ਜਿਹੀਆਂ ਚੀਜ਼ਾਂ ਲੈ ਆਏ ਨੇ...।"

ਜਿਵੇਂ ਹੀ ਹੋਫ਼ਲ ਨੇ ਝੁਕ ਕੇ ਸੂਟਕੇਸ ਨੂੰ ਹੱਥ ਪਾਉਣਾ ਚਾਹਿਆ, ਜਾਂਕੋਵਸਕੀ ਉਸ ਉੱਤੇ ਟੁੱਟ ਪਿਆ। ਉਸ ਦੇ ਚਿਹਰੇ 'ਤੇ ਡਰ ਜਿਹਾ ਪਸਰਿਆ ਹੋਇਆ ਸੀ, ਉਹ ਦਬਾਦਬ ਉਨ੍ਹਾਂ ਨੂੰ ਕੁੱਝ ਸੁਣਾਉਣ ਲੱਗ ਪਿਆ। ਪਰ ਉਹਨਾਂ ਵਿੱਚੋਂ ਕੋਈ ਵੀ ਪੋਲਿਸ਼ ਨਹੀਂ ਸੀ ਸਮਝਦਾ।

"ਤੂੰ ਕੌਣ ਏਂ ?" ਹੋਫ਼ਲ ਨੇ ਪੁੱਛਿਆ, "ਨਾਂ, ਨਾਮ"

ਜਾਂਕੋਵਸਕੀ ਇੰਨਾ ਸ਼ਾਇਦ ਸਮਝ ਗਿਆ।

"ਜਾਂਕੋਵਸਕੀ ਜ਼ਖ਼ਾਰਿਆਸ ਵਰਸ਼ਾਵਾ।"

"ਇਹ ਸੂਟਕੇਸ ਤੇਰਾ ਏ ?"

"ਤਾਕ ਤਾਕ (ਹਾਂ ਹਾਂ)"

"ਇਸ ਵਿੱਚ ਕੀ ਏ ?"

ਜਾਂਕੋਵਸਕੀ ਨੇ ਜ਼ੁਬਾਨ ਨਾਲ਼ ਉੱਤਰ ਦਿੱਤਾ, ਕੁੱਝ ਇਸ਼ਾਰਿਆਂ ਵਿੱਚ ਆਖਿਆ ਤੇ ਆਪਣੇ ਹੱਥ ਸੂਟਕੇਸ ਦੇ ਉੱਪਰ ਰੱਖ ਲਏ, ਜਿਵੇਂ ਉਸ ਨੂੰ ਹਰ ਬਲਾ ਤੋਂ ਬਚਾ ਰਿਹਾ ਹੋਵੇ।

ਪੀਪਿਗ ਨੂੰ ਜਾਣਨ ਦੀ ਅਚਵੀ ਜਿਹੀ ਹੋਣ ਲੱਗੀ। ਉਸ ਨੇ ਸੂਟਕੇਸ ਦੇ ਕੋਲ਼ ਬਹਿ ਕੇ ਉਸ ਦਾ ਢੱਕਣ ਚੁੱਕਿਆ।

ਪਰ ਝੱਟ ਹੀ ਉਸ ਨੇ ਢਕਣ ਬੰਦ ਕਰ ਦਿੱਤਾ ਤੇ ਘਬਰਾ ਕੇ ਹੋਫ਼ਲ ਵੱਲ ਤੱਕਿਆ।

"ਆਖ਼ਰ ਗੱਲ ਕੀ ਏ ?"

ਪੀਪਿਗ ਨੇ ਸੂਟਕੇਸ ਫਿਰ ਖੋਲ੍ਹਿਆ, ਪਰ ਇੰਨਾ ਕੁ ਹੀ ਜਿਸ ਨਾਲ਼ ਅਗਾਂਹ ਨੂੰ ਝੁਕਿਆ ਹੋਫ਼ਲ ਉਸ ਦੇ ਅੰਦਰ ਝਾਕ ਸਕੇ।

"ਭਲਿਆ ਲੋਕਾ ਬੰਦ ਕਰ ਇਸ ਨੂੰ।" ਉਸ ਨੇ ਹੌਲ਼ੀ ਜਿਹੀ ਆਖਿਆ। ਉਹ ਕਾਹਲ਼ੀ ਨਾਲ਼ ਸਿੱਧਾ ਹੋ ਕੇ ਖਲੋ ਗਿਆ ਤੇ ਘਬਰਾਇਆ ਹੋਇਆ ਸ਼ਾਰ ਫ਼ੋਹਰਰ ਵੱਲ ਵੇਖਣ ਲੱਗਾ। ਸ਼ਾਰ ਫ਼ੋਹਰਰ ਗ਼ੁਸਲਖ਼ਾਨੇ ਦੇ ਅੰਦਰ ਸੀ।

ਪੀਪਿਗ ਨੇ ਹੌਲ਼ੀ ਜਿਹੀ ਆਖਿਆ : "ਜੇ ਇਹ ਇਹਨਾਂ ਲੋਕਾਂ ਦੇ ਢਹੇ ਚੜ੍ਹ ਗਿਆ... ?"

ਹੋਫ਼ਲ ਨੇ ਘਬਰਾ ਕੇ ਉਸ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਲੈ ਜਾ ਇਸ ਨੂੰ ਇੱਥੋਂ, ਲੁਕਾ ਦੇ ਛੇਤੀ ਕਰ।"

ਪੀਪਿਗ ਨੇ ਚੋਰਾਂ ਵਾਂਗ ਲੁਕਵੀਂ ਨਜ਼ਰ ਨਾਲ਼ ਗ਼ੁਸਲਖ਼ਾਨੇ ਵੱਲ ਵੇਖਿਆ, ਤੇ ਜਦੋਂ ਉਸ ਨੂੰ ਵਿਸ਼ਵਾਸ਼ ਹੋ ਗਿਆ ਕਿ ਕੋਈ ਵੀ ਉਸ ਵੱਲ ਵੇਖ ਨਹੀਂ ਰਿਹਾ ਤਾਂ ਉਹ ਸੂਟਕੇਸ ਚੁੱਕ ਕੇ ਇੱਟਾਂ ਵਾਲ਼ੀ ਇਮਾਰਤ ਵੱਲ ਚਲਾ ਗਿਆ ਤੇ ਨਜ਼ਰਾਂ ਤੋਂ ਓਹਲੇ ਹੋ ਗਿਆ।

ਗ਼ੁਸਲਖ਼ਾਨੇ ਵਿੱਚ ਲਿਊਨਰਡ ਬੋਗੋਰਸਕੀ ਫ਼ੁਹਾਰਿਆਂ ਦੇ ਵਿਚਾਲ਼ੇ ਏਧਰ-ਓਧਰ ਟਹਿਲ ਰਿਹਾ ਸੀ। ਉਸ ਨੇ ਬੱਸ ਧਾਰੀਦਾਰ ਪਤਲੂਣ ਤੇ ਲੱਕੜੀ ਦੀਆਂ ਖੜਾਵਾਂ ਪਾਈਆਂ ਹੋਈਆਂ ਸਨ। ਕਸਰਤ ਨਾਲ਼ ਕਮਾਏ ਉਸ ਦੇ ਜੁੱਸੇ ਦਾ ਉੱਪਰਲਾ ਹਿੱਸਾ ਪਾਣੀ ਵਿੱਚ ਭਿੱਜ

ਕੇ ਚਮਕ ਰਿਹਾ ਸੀ। ਇਹ ਰੂਸੀ ਕਾਮੋ, ਅਰਥਾਤ ਗ਼ੁਸਲਖ਼ਾਨੇ ਦੇ ਫ਼ੌਜੀਆਂ ਦਾ ਫੋਰਮੈਨ, ਉਸ ਸਮੇਂ ਮੂਹਰੇ-ਮੂਹਰੇ ਵਿਖਾਈ ਦੇਂਦਾ, ਜਦੋਂ ਕੈਦੀਆਂ ਦੀ ਨਵੀਂ ਖੇਪ ਆਉਂਦੀ। ਬੋਗੋਰਸਕੀ ਆਪਣਾ ਨਾਂ ਲੁਕਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ। ਉਹ ਇੰਟਰਨੈਸ਼ਨਲ ਕੈਂਪ ਕਮੇਟੀ ਦਾ ਮੈਂਬਰ ਸੀ, ਜਿਹੜੀ ਕੈਂਪ ਦੇ ਅੰਦਰ ਇੱਕ ਖ਼ੁਫ਼ੀਆ ਕਮੇਟੀ ਸੀ। ਨਾਜ਼ੀ ਫ਼ੌਜੀਆਂ ਨੂੰ ਤਾਂ ਕਿਤੇ ਰਿਹਾ ਕੁੱਝ ਇਤਬਾਰੀ ਲੋਕਾਂ ਤੋਂ ਬਿਨਾਂ ਕੈਦੀਆਂ ਨੂੰ ਵੀ ਇਸ ਬਾਰੇ ਪਤਾ ਨਹੀਂ ਸੀ।

ਫ਼ੁਹਾਰਿਆਂ ਦੇ ਵਿਚਾਲ਼ੇ ਬੋਗੋਰਸਕੀ ਚੁੱਪ-ਚਾਪ ਟਹਿਲਦਾ ਰਿਹਾ। ਉਸ ਦੀ ਮੁਸਕਣੀ ਵੇਖਦੇ ਹੀ ਨਵੇਂ ਆਉਣ ਵਾਲ਼ਿਆਂ ਨੂੰ ਧਰਵਾਸ ਜਿਹਾ ਆ ਜਾਂਦਾ। ਜਾਂਕੋਵਸਕੀ ਦੇ ਸਾਹਮਣੇ ਉਹ ਖਲ੍ਹੋ ਗਿਆ ਤੇ ਉਸ ਦੁਬਲੇ-ਪਤਲੇ ਆਦਮੀ ਵੱਲ ਵੇਖਦਾ ਰਿਹਾ, ਜਿਹੜਾ ਅੱਖਾਂ ਬੰਦ ਕਰ ਕੇ ਫ਼ੁਹਾਰੇ ਦੀ ਕੋਸੀ ਜਿਹੀ ਫ਼ੁਹਾਰ ਦਾ ਆਨੰਦ ਮਾਣ ਰਿਹਾ ਸੀ। ਬੋਗੋਰਸਕੀ ਸੋਚਣ ਲੱਗਾ, ਪਤਾ ਨਹੀਂ ਕਿਹੜੀ ਥਾਂ ਦੇ ਸੁਪਨੇ ਲੈ ਰਿਹਾ ਹੋਵੇਗਾ। ਫਿਰ ਉਸ ਨੇ ਸਹੀ ਪੋਲਿਸ਼ ਬੋਲੀ ਵਿੱਚ ਪੁੱਛਿਆ:

"ਕਿੰਨੇ ਦਿਨ ਮਾਰਚ ਕਰਦਾ ਰਿਹਾ ਏਂ ?"

ਇੰਝ ਲੱਗਿਆ ਜਿਵੇਂ ਕਿਸੇ ਨੇ ਜਾਂਕੋਵਸਕੀ ਨੂੰ ਸੁਪਨਿਆਂ ਦੀ ਦੁਨੀਆਂ ਵਿੱਚੋਂ ਧੂਹ ਲਿਆ ਹੋਵੇ, ਉਸ ਡਰਦੇ-ਡਰਦੇ ਨੇ ਅੱਖਾਂ ਖੋਲ੍ਹੀਆਂ।

"ਤਿੰਨ ਹਫ਼ਤੇ।" ਉਸ ਨੇ ਉੱਤਰ ਦਿੱਤਾ ਤੇ ਮੁਸਕਰਾਉਣ ਲੱਗਾ। ਜਦ ਕਿ ਤਜ਼ਰਬੇ ਨੇ ਉਸ ਨੂੰ ਇਹ ਸਿਖਾਇਆ ਸੀ ਕਿ ਚੁੱਪ-ਚਾਪ ਰਹਿਣ ਵਿੱਚ ਹੀ ਭਲਾ ਹੈ ਅਤੇ ਨਵੇਂ ਤੇ ਅਣਜਾਣੇ ਵਾਤਾਵਰਣ ਵਿੱਚ ਤਾਂ ਮੂੰਹ ਖੋਲ੍ਹਣਾ ਹੋਰ ਵੀ ਹਾਨੀਕਾਰਕ ਹੁੰਦਾ ਹੈ, ਐਪਰ ਫਿਰ ਵੀ ਜਾਂਕੋਵਸਕੀ ਦਾ ਦਿਲ ਗੱਲਾਂ ਕਰਨ ਨੂੰ ਲੋਚਿਆ।

ਛੇਤੀ-ਛੇਤੀ ਏਧਰ-ਉੱਧਰ ਤੱਕਦਿਆਂ ਉਸ ਨੇ ਬੋਖਨਵਾਲਡ ਤੱਕ ਦਾ ਹਾਲ ਸੁਣਾਇਆ, ਜਦੋਂ ਉਹ ਸਭ ਕੁੱਝ ਕਹਿ ਚੁੱਕਿਆ ਤਾਂ ਬੋਗੋਰਸਕੀ ਨੇ ਪੁੱਛਿਆ।

"ਆਸ਼ੋਵਿਟਜ਼ ਤੋਂ ਕਿੰਨੇ ਲੋਕ ਆਏ ਨੇ ?"

ਜਾਂਕੋਵਸਕੀ ਨੇ ਹੌਲ਼ੀ ਜਿਹੇ ਉੱਤਰ ਦਿੱਤਾ, "ਤਿੰਨ ਹਜ਼ਾਰ ਤੁਰੇ ਸਨ...।"

ਉਸ ਦੇ ਚਿਹਰੇ ਉੱਤੇ ਮੁਸਕਾਨ ਖੇਡ ਰਹੀ ਸੀ। ਉਹ ਅਜੇ ਹੋਰ ਗੱਲਾਂ ਕਰਨੀਆਂ ਚਾਹੁੰਦਾ ਸੀ। ਇਸ ਓਪਰੇ ਕੈਂਪ ਵਿੱਚ ਉਹ ਕਿਸੇ ਨੂੰ ਆਪਣੇ ਸੂਟਕੇਸ ਦੇ ਭੇਦ ਤੋਂ ਵੀ ਜਾਣੂ ਕਰਾਉਣਾ ਚਾਹੁੰਦਾ ਸੀ। ਐਪਰ ਸ਼ਾਰ ਫ਼ੋਹਰਰ ਨੇ ਫ਼ੁਹਾਰੇ ਬੰਦ ਕਰਵਾ ਦਿੱਤੇ ਸਨ ਤੇ ਦੂਜੀ ਟੋਲੀ ਨੂੰ ਗ਼ੁਸਲਖ਼ਾਨੇ ਵਿੱਚ ਬੁਲਾ ਰਿਹਾ ਸੀ।

ਜਾਂਕੋਵਸਕੀ, ਹੰਭਿਆ-ਕੰਬਦਾ ਸਿੱਲ੍ਹੇ ਜਿਹੇ ਪਾਲ਼ੇ ਵਿੱਚ ਬਾਹਰ ਆ ਗਿਆ।

ਸੂਟਕੇਸ ਅਲੋਪ ਸੀ।

ਹੋਫ਼ਲ ਉਸ ਦੀ ਉਡੀਕ ਵਿੱਚ ਸੀ। ਉਸ ਨੇ ਕਾਹਲ਼ੀ ਵਿੱਚ ਉਸ ਦੇ ਮੂੰਹ 'ਤੇ ਹੱਥ ਧਰਿਆ ਤੇ ਕੰਨ ਵਿੱਚ ਆਖਿਆ, "ਚੁੱਪ! ਸਭ ਅੱਛਾ ਏ, ਘਬਰਾਉਣ ਦੀ ਕੋਈ ਲੋੜ ਨਹੀਂ।"

ਜਾਂਕੋਵਸਕੀ ਸਮਝ ਗਿਆ ਕਿ ਉਸ ਨੂੰ ਬੇਚੈਨੀ ਦਾ ਪ੍ਰਗਟਾਅ ਨਹੀਂ ਕਰਨਾ

ਚਾਹੀਦਾ। ਉਸ ਨੇ ਉਸ ਸਮਾਨ ਨੂੰ ਘੂਰ ਕੇ ਵੇਖਿਆ ਤੇ ਜ਼ੋਰ ਦੇ ਕੇ ਆਖਿਆ :

"ਸਾਂਭ ਜਾਂਕੋਵਸਕੀ ਆਪਣੀ ਗੰਢੜੀ ਤੇ ਟੁਰਦਾ ਬਣ।"

ਹੋਫ਼ਲ ਨੇ ਉਸ ਦੀਆਂ ਚੀਜ਼ਾਂ ਉਸ ਦੇ ਹੱਥ ਫੜਾ ਦਿੱਤੀਆਂ ਤੇ ਛੇਤੀ ਨਾਲ਼ ਉਸ ਨੂੰ ਧੱਕ ਕੇ ਉਸ ਕਤਾਰ ਵਿੱਚ ਪਹੁੰਚਾ ਦਿੱਤਾ, ਜਿਹੜੇ ਨਹਾਉਣ ਪਿੱਛੋਂ ਸਮਾਨ-ਘਰ ਵੱਲ ਜਾ ਰਹੇ ਸਨ, ਤਾਂ ਜੋ ਆਪਣੇ ਮੈਲ਼ੇ ਕੱਪੜੇ ਜਮ੍ਹਾਂ ਕਰਾ ਕੇ ਸਾਫ਼ ਕੱਪੜੇ ਲੈ ਲੈਣ।

ਜਾਂਕੋਵਸਕੀ ਨੇ ਜਰਮਨ ਨੂੰ ਕੁੱਝ ਆਖਿਆ ਭਾਵੇਂ ਉਹ ਪੋਲਿਸ਼ ਬੋਲੀ ਨਹੀਂ ਸੀ ਸਮਝਦਾ ਫਿਰ ਵੀ ਉਸ ਨੇ ਜਾਂਕੋਵਸਕੀ ਦੀ ਅਵਾਜ਼ ਵਿੱਚ ਲੁਕੇ ਸਹਿਮ ਨੂੰ ਤਾੜ ਲਿਆ ਤੇ ਉਸ ਦੀ ਪਿੱਠ ਠੋਕਦਿਆਂ ਉਸ ਨੂੰ ਵਿਸ਼ਵਾਸ ਦੁਆਇਆ।

"ਹਾਂ, ਹਾਂ, ਤੂੰ ਵਿਸ਼ਵਾਸ ਰੱਖ, ਸਭ ਕੁੱਝ ਠੀਕ ਏ, ਚੰਗਾ ਜਾਹ।"

ਜਾਂਕੋਵਸਕੀ ਨੂੰ ਖਿੱਚ-ਧੂਹ ਕੇ ਉਸ ਟੋਲੀ ਵਿੱਚ ਪਹੁੰਚਾ ਦਿੱਤਾ ਗਿਆ ਤਾਂ ਉਸ ਨੂੰ ਸਮਾਨ-ਘਰ ਵੱਲ ਜਾਣਾ ਹੀ ਪਿਆ।

"ਗੜਬੜ ਨਹੀਂ ਹੈ, ਕੋਈ ਗੜਬੜ ਨਹੀਂ ਹੈ ?" ਹੋਫ਼ਲ ਨੇ ਉਸ ਨੂੰ ਜਾਣ ਦਾ ਇਸ਼ਾਰਾ ਕਰਦੇ ਹੋਏ ਉੱਤਰ ਦਿੱਤਾ।

"ਗੜਬੜ ਨਹੀਂ ਹੈ! ਕੋਈ ਗੜਬੜ ਨਹੀਂ ਹੈ!!"

ਦੋ

ਨਵਾਂ ਖਿਡੌਣਾ ਮਿਲ਼ਣ ਉੱਤੇ ਖ਼ੁਸ਼ ਹੋਏ ਬੱਚੇ ਵਾਂਗ ਪੀਪਿਗ ਸੂਟਕੇਸ ਲੈ ਕੇ ਤੇਜੀ ਨਾਲ਼ ਪੌੜੀਆਂ ਤੋਂ ਚੜ੍ਹਦਾ ਸਮਾਨ-ਘਰ ਵਿੱਚ ਜਾ ਪਹੁੰਚਿਆ।

ਤਰਕਾਲ਼ਾਂ ਪੈਣ ਤੱਕ ਸੌੜੇ ਤੇ ਲੰਮੇ ਸਮਾਨ-ਘਰ ਵਿੱਚ ਕੰਮ ਕਰਨ ਵਾਲ਼ੇ ਸਾਰੇ ਲੋਕ ਜਾ ਚੁੱਕੇ ਸਨ। ਕੇਵਲ ਵੱਡੀ ਉਮਰ ਦਾ ਆਗਸਟਰੋਜ਼ ਕਾਊਂਟਰ 'ਤੇ ਖਲੋਤਾ ਕਾਗ਼ਜ਼ਾਂ ਨਾਲ਼ ਮੱਥਾ ਮਾਰ ਰਿਹਾ ਸੀ।

ਪੀਪਿਗ ਦੇ ਆਉਣ ਦਾ ਖੜਾਕ ਸੁਣ ਕੇ ਉਸ ਨੇ ਤ੍ਰਭਕ ਕੇ ਵੇਖਿਆ, " ਇਹ ਤੂੰ ਕੀ ਲਈ ਤੁਰਿਆ ਆ ਰਿਹਾ ਏਂ ?"

ਪੀਪਿਗ ਨੇ ਹੱਥ ਦੇ ਇੱਕੋ ਤੇਜ ਇਸ਼ਾਰੇ ਨਾਲ਼ ਉਸ ਨੂੰ ਚੁੱਪ ਕਰਾ ਦਿੱਤਾ। "ਜ਼ਵਾਈਲਿੰਗ ਕਿੱਥੇ ਹੈ ?"

ਰੋਜ਼ ਨੇ ਆਪਣੇ ਅੰਗੂਠੇ ਨਾਲ਼ ਹਾਪਤਾਸ਼ਾਰ ਫ਼ੋਹਰਰ (ਕਪਤਾਨ) ਦੇ ਕਮਰੇ ਵੱਲ ਇਸ਼ਾਰਾ ਕੀਤਾ।

"ਕੋਈ ਆਵੇ ਤਾਂ ਮੈਨੂੰ ਸਾਵਧਾਨ ਕਰ ਦਈਂ!" ਪੀਪਿਗ ਨੇ ਕਾਹਲ਼ੀ ਨਾਲ਼ ਆਖਿਆ ਤੇ ਪਿਛਵਾੜੇ ਦੇ ਲਗਭਗ ਹਨੇਰੇ ਕਮਰੇ ਵਿੱਚ ਚਲਿਆ ਗਿਆ। ਰੋਜ਼ ਉਸ ਵੱਲ ਤੱਕਦਾ ਰਿਹਾ ਤੇ ਨਾਲ਼ ਹੀ ਹਾਪਤਾਸ਼ਾਰ ਫ਼ੋਹਰਰ ਉੱਤੇ ਵੀ ਨਜ਼ਰ ਟਿਕਾਈ ਰੱਖੀ, ਜਿਹੜਾ ਆਪਣੇ ਕਮਰੇ ਵਿੱਚ ਸ਼ੀਸ਼ੇ ਦੀ ਵੱਡੀ ਸਾਰੀ ਬਾਰੀ ਦੇ ਇੱਕ ਪਾਸੇ ਬੈਠਾ ਹੋਇਆ ਸੀ।

ਜ਼ਵਾਈਲਿੰਗ ਮੇਜ਼ ਉੱਤੇ ਅਖ਼ਬਾਰ ਖੋਲ੍ਹੀ ਉਸ ਦੇ ਸਾਹਮਣੇ ਬੈਠਾ ਸੀ। ਉਸ ਨੇ

ਆਪਣਾ ਸਿਰ ਹੱਥਾਂ 'ਤੇ ਟਿਕਾਇਆ ਹੋਇਆ ਸੀ। ਵੇਖਣ ਨੂੰ ਇੰਝ ਜਾਪਦਾ ਸੀ ਜਿਵੇਂ ਉਹ ਸੁੱਤਾ ਪਿਆ ਹੋਵੇ। ਪਰ ਪਤਲੀਆਂ-ਪਤਲੀਆਂ ਟੰਗਾਂ ਵਾਲ਼ਾ ਇਹ ਬੰਦਾ ਸੁੱਤਾ ਨਹੀਂ ਸੀ ਹੋਇਆ, ਸੋਚੀਂ ਪਿਆ ਹੋਇਆ ਸੀ। ਮੋਰਚੇ ਦੀਆਂ ਤਾਜ਼ਾ ਖ਼ਬਰਾਂ ਨੇ ਉਸ ਨੂੰ ਬੇਚੈਨ ਕਰ ਦਿੱਤਾ ਸੀ।

ਪੀਪਿਗ ਬਾਹਰ ਆ ਗਿਆ। ਉਸ ਰੋਜ਼ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ, ਕਲਰਕ ਦੇ ਦਫ਼ਤਰ ਦਾ ਬੂਹਾ, ਜਿਹੜਾ ਜ਼ਵਾਈਲਿੰਗ ਦੇ ਕਮਰੇ ਦੇ ਨਾਲ਼ ਹੀ ਸੀ, ਜ਼ੋਰ ਨਾਲ਼ ਖੋਲ੍ਹਿਆ ਤੇ ਉਚੇਚੀ ਉੱਚੀ ਅਵਾਜ਼ ਵਿੱਚ ਆਖਿਆ, 'ਕਰੋਪਿਨਸਕੀ, ਏਧਰ ਆ, ਅਨੁਵਾਦ ਕਰ।"

ਜ਼ਵਾਈਲਿੰਗ ਤ੍ਰਭਕ ਪਿਆ। ਉਸ ਵੇਖਿਆ ਕਿ ਜਿਸ ਪੋਲਿਸ਼ ਨੂੰ ਪੀਪਿਗ ਨੇ ਅਵਾਜ਼ ਮਾਰੀ ਸੀ, ਉੱਠ ਕੇ ਉਸ ਨਾਲ਼ ਤੁਰ ਪਿਆ ਸੀ। ਬਾਹਰ ਨਿੱਕਲ਼ ਕੇ ਪੀਪਿਗ ਨੇ ਕਰੋਪਿਨਸਕੀ ਨੂੰ ਕਾਹਲ਼ੀ ਨਾਲ਼ ਇਸ਼ਾਰਾ ਕੀਤਾ ਤੇ ਦੋਵੇਂ ਪਿਛਵਾੜੇ ਚਲੇ ਗਏ। ਸਮਾਨ-ਘਰ ਦੀ ਸਭ ਤੋਂ ਸਿਰੇ ਵਾਲ਼ੀ ਨੁੱਕਰ ਵਿੱਚ ਉਹ ਮੁਰਦਾ ਕੈਦੀਆਂ ਦੇ ਕੱਪੜਿਆਂ ਦੀਆਂ ਉੱਚੀਆਂ ਅਲਮਾਰੀਆਂ ਦੇ ਪਿੱਛੇ ਅਲੋਪ ਹੋ ਗਏ। ਉੱਥੇ ਹੀ ਉਹ ਸੂਟਕੇਸ ਪਿਆ ਸੀ।

ਪੀਪਿਗ ਘਾਬਰਿਆ ਹੋਇਆ ਸੀ। ਉਸ ਤੋਂ ਨਿਚਲਾ ਨਹੀਂ ਸੀ ਬੈਠਿਆ ਜਾ ਰਿਹਾ। ਉਸ ਨੇ ਧੌਣ ਉੱਚੀ ਕਰ ਕੇ ਕੱਪੜਿਆਂ ਦੇ ਢੇਰ ਉੱਤੋਂ ਹੀ ਇੱਕ ਵਾਰ ਫਿਰ ਵੇਖਿਆ, ਆਪਣੇ ਹੱਥ ਮਲ਼ੇ ਤੇ ਕਰੋਪਿਨਸਕੀ ਵੱਲ ਮੁਸਕਰਾ ਕੇ ਵੇਖਣ ਲੱਗਾ, ਜਿਵੇਂ ਆਖ ਰਿਹਾ ਹੋਵੇ: ਵੇਖ ਤਾਂ ਸਹੀ ਮੇਰੇ ਕੋਲ਼ ਕਿਹੜੀ ਸ਼ੈਅ ਹੈ...। ਫਿਰ ਉਸ ਨੇ ਜੰਦਰੀ ਖੋਲ੍ਹ ਦਿੱਤੀ ਤੇ ਸੂਟਕੇਸ ਦਾ ਢੱਕਣ ਚੁੱਕਿਆ। ਟੰਗਾਂ ਫੈਲਾ ਕੇ ਉਸ ਨੇ ਆਪਣੇ ਹੱਥ ਜੇਬ੍ਹਾਂ ਵਿੱਚ ਪਾ ਲਏ ਤੇ ਇਸ ਗੱਲ 'ਤੇ ਮੁਸਕਰਾਉਣ ਲੱਗਾ ਕਿ ਉਸ ਨੇ ਕਰੋਪਿਨਸਕੀ ਨੂੰ ਹੈਰਾਨਗੀ ਵਿੱਚ ਪਾ ਦਿੱਤਾ ਹੈ।

ਸੂਟਕੇਸ ਦੇ ਅੰਦਰ, ਗੰਢੜੀ ਬਣਿਆ ਹੋਇਆ ਦੋਹਾਂ ਹੱਥਾਂ ਨਾਲ਼ ਆਪਣੇ ਚਿਹਰੇ ਨੂੰ ਢੱਕੀ ਗੋਦੜੀ ਵਿੱਚ ਲਪੇਟਿਆ ਬੱਚਾ ਪਿਆ ਸੀ। ਲੜਕਾ ਕੋਈ ਤਿੰਨਾਂ ਸਾਲਾਂ ਦਾ ਹੋਵੇਗਾ। ਕਰੋਪਿਨਸਕੀ ਨੇ ਝੁਕ ਕੇ ਬੱਚੇ ਨੂੰ ਵੇਖਿਆ। ਉਹ ਉੱਕਾ ਅਹਿੱਲ ਪਿਆ ਸੀ। ਪੀਪਿਗ ਨੇ ਪਿਆਰ ਨਾਲ਼ ਨਿੱਕਚੂ ਜਿਹੇ ਸਰੀਰ ਨੂੰ ਥਾਪੜਿਆ।

"ਇੱਕ ਨਿੱਕਾ ਜਿਹਾ ਬਲੂੰਗੜਾ! ਸਾਡੇ ਕੋਲ਼ ਰਹਿਣ ਵਾਸਤੇ ਆਇਆ ਏ।"

ਉਹ ਚਾਹੁੰਦਾ ਸੀ ਕਿ ਬੱਚੇ ਨੂੰ ਪਾਸੇ ਪਰਨੇ ਕਰ ਦੇਵੇ, ਪਰ ਬੱਚੇ ਨੇ ਆਪਣਾ ਸਰੀਰ ਅਕੜਾ ਲਿਆ ਤੇ ਉਂਝ ਹੀ ਲੇਟਿਆ ਰਿਹਾ। ਅੰਤ ਕਰੋਪਿਨਸਕੀ ਦੀ ਦੰਦਣ ਟੁੱਟੀ। ਉਸ ਨੇ ਪੋਲਿਸ਼ ਬੋਲੀ ਵਿੱਚ ਪੁੱਛਿਆ, "ਦੱਸ ਉਏ, ਨਿੱਕਚੂਆ, ਤੂੰ ਕਿੱਥੋਂ ਆਇਆ ਏਂ?" ਪੋਲਿਸ਼ ਦੇ ਸ਼ਬਦ ਸੁਣਦਿਆਂ ਹੀ ਉਸ ਨੇ ਆਪਣਾ ਸਿਰ ਹਿਲਾ ਦਿੱਤਾ। ਜੀਵਨ ਦਾ ਇਹ ਨਿੱਕਾ ਜਿਹਾ ਮੁੱਢਲਾ ਚਿੰਨ੍ਹ ਇਤਨਾ ਮਨਮੋਹਣਾ ਸੀ ਕਿ ਦੋਹਾਂ ਨੇ ਬੱਚੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਦਿੱਤੀਆਂ। ਨਿੱਕੇ ਜਿਹੇ ਚਿਹਰੇ ਉੱਤੇ ਹੁਣ ਤੋਂ ਹੀ ਇੱਕ ਸਿਆਣੇ-ਬਿਆਣੇ ਬੰਦੇ ਦੀ ਗੰਭੀਰਤਾ ਸੀ ਤੇ ਅੱਖਾਂ ਵਿੱਚ ਇੱਕ ਅਜਿਹੀ ਲਿਸ਼ਕ ਸੀ, ਜਿਹੜੀ ਬਚਪਨ ਦੀ ਅਣਭੋਲ਼ਤਾ ਨਹੀਂ ਸੀ ਦਰਸਾਉਂਦੀ। ਬੱਚਾ ਉਨ੍ਹਾਂ ਆਦਮੀਆਂ ਨੂੰ ਇੱਕ ਚੁੱਪ-ਆਸ ਨਾਲ਼ ਵੇਖਦਾ ਰਿਹਾ

ਅਤੇ ਉਹ ਦੋਵੇਂ ਸਾਹ ਘੁੱਟੀ ਖਲੋਤੇ ਰਹੇ।

ਰੋਜ਼ ਤੋਂ ਵੀ ਹੁਣ ਨਾ ਰਿਹਾ ਗਿਆ। ਉਹ ਵੀ 'ਛੋਪਲੇ ਜਿਹੇ ਨੁੱਕਰ ਵੱਲ ਖਿਸਕ ਆਇਆ ਤੇ ਅਚਾਨਕ ਇਹਨਾਂ ਸਾਹਮਣੇ ਆ ਖੜਾ ਹੋਇਆ।

"ਆਖ਼ਰ ਮਾਮਲਾ ਕੀ ਏ ?"

ਪੀਪਿਗ ਬੜੀ ਘਬਰਾਹਟ ਵਿੱਚ ਪਿਛਾਂਹ ਮੁੜਿਆ ਤੇ ਹੱਕਾ-ਬੱਕਾ ਹੋਇਆ ਰੋਜ਼ ਨੂੰ ਹੌਲ਼ੀ ਜਿਹੀ ਬੋਲਿਆ :

"ਕੀ ਤੇਰਾ ਦਿਮਾਗ਼ ਤਾਂ ਨਹੀਂ ਫਿਰ ਗਿਆ ? ਚੱਲ ਉੱਥੇ ਸਾਹਮਣੇ ਜਾ ਕੇ ਖੜ੍ਹਾ ਰਹਿ, ਇੱਥੇ ਆ ਕੇ ਖਲ੍ਹੋ ਗਿਆ ਏਂ ? ਚਾਹੁਨਾ ਏਂ ਕਿ ਜ਼ਵਾਈਲਿੰਗ ਆ ਕੇ ਸਾਨੂੰ ਉੱਪਰੋਂ ਹੀ ਦਬੋਚ ਲਵੇ!"

ਰੋਜ਼ ਨੇ ਹੱਥ ਝਟਕਦਿਆਂ ਉੱਤਰ ਦਿੱਤਾ : "ਉਹ ਊਂਘ ਰਿਹਾ ਏ।"

ਉਹ ਬੱਚੇ ਵੱਲ ਝੁਕਿਆ ਤੇ ਬੋਲ ਉੱਠਿਆ। "ਆਪਣੇ ਲਈ ਤੂੰ ਚੰਗਾ ਖਿਡੌਣਾ ਲੱਭ ਲਿਆ ਏ!"

ਸਾਹਮਣੇ ਵੱਡੇ ਸਾਰੇ ਕਾਊਂਟਰ ਅੱਗੇ ਕੁੱਝ ਨਵੇਂ ਆਏ ਬੰਦੇ ਖਲੋਤੇ ਸਨ, ਜਿਨ੍ਹਾਂ ਛੋਟੀਆਂ-ਮੋਟੀਆਂ ਚੀਜ਼ਾਂ, ਵਿਆਹ ਦੀ ਮੁੰਦਰੀ, ਕੁੰਜੀਆਂ ਦਾ ਗੁੱਛਾ ਜਾਂ ਕੁੱਝ ਹੋਰ ਜਮ੍ਹਾਂ ਕਰਾਉਣੀਆਂ ਸਨ।

ਸਮਾਨ-ਘਰ ਦੇ ਕਰਮਚਾਰੀ ਇਹਨਾਂ ਚੀਜ਼ਾਂ ਨੂੰ ਕਾਗ਼ਜ਼ ਦੇ ਲਫ਼ਾਫ਼ਿਆਂ ਵਿੱਚ ਰੱਖੀ ਜਾਂਦੇ ਸਨ ਤੇ ਹੋਫ਼ਲ ਫ਼ੋਰਮੈਨ ਦੀ ਹੈਸੀਅਤ ਵਿੱਚ ਨਿਗਰਾਨੀ ਕਰ ਰਿਹਾ ਸੀ। ਉਸ ਦੇ ਨਾਲ਼ ਹੀ ਖਲੋਤਾ ਹੋਇਆ ਜ਼ਵਾਈਲਿੰਗ ਸਭ ਕੁੱਝ ਦੇਖ ਰਿਹਾ ਸੀ। ਉਸ ਦਾ ਹਰ ਵੇਲ਼ੇ ਅੱਧ-ਖੁੱਲ੍ਹਾ ਮੂੰਹ ਉਸ ਦੇ ਭਾਵ-ਰਹਿਤ ਚਿਹਰੇ ਨੂੰ ਇਸ ਸਮੇਂ ਹੋਰ ਵੀ ਰੁੱਖਾ ਤੇ ਸੱਖਣਾ ਬਣਾ ਰਿਹਾ ਸੀ।

ਨਵੇਂ ਆਇਆਂ ਨੂੰ ਤੁਰੰਤ ਹੀ ਆਪਣੇ ਟਿਕਾਣਿਆਂ 'ਤੇ ਪਹੁੰਚਾ ਦਿੱਤਾ ਗਿਆ ਤੇ ਅੰਤ ਹੋਫ਼ਲ ਨੂੰ ਬੱਚੇ ਦੀ ਖ਼ਬਰ ਲੈਣ ਦਾ ਪਤਾ ਮਿਲ਼ਿਆ। ਰੋਜ਼ ਆਪਣੇ ਕਾਊਂਟਰ 'ਤੇ ਪਰਤ ਆਇਆ ਸੀ। ਉਸ ਨੇ ਹੋਫ਼ਲ ਨੂੰ ਅਟਕਾ ਕੇ ਕਿਹਾ :

"ਕਿਤੇ ਤੂੰ ਪੀਪਿਗ ਨੂੰ ਤਾਂ ਨਹੀਂ ਲੱਭ ਰਿਹਾ ?" ਉਤਸੁਕਤਾ ਨਾਲ਼ ਉਸ ਨੇ ਪਿਛਾਂਹ ਵੱਲ ਇਸ਼ਾਰਾ ਕੀਤਾ। ਹੋਫ਼ਲ ਨੇ ਸੰਖੇਪ ਜਿਹਾ ਉੱਤਰ ਦਿੱਤਾ :

"ਮੈਨੂੰ ਪਤਾ ਏ ਤੇ ਖ਼ਬਰਦਾਰ! ਜੇ ਇਸ ਬਾਰੇ ਕਿਸੇ ਅੱਗੇ ਕੋਈ ਗੱਲ ਕੀਤੀ। ਸਮਝਿਆ ?"

ਰੋਜ਼ ਚਿੜ੍ਹ ਗਿਆ "ਤੂੰ ਮੈਨੂੰ ਉੱਲੂ ਸਮਝ ਰੱਖਿਆ ਏ ?"

ਔਖਾ ਹੋ, ਉਹ ਹੋਫ਼ਲ ਨੂੰ ਜਾਂਦਿਆਂ ਵੇਖਦਾ ਰਿਹਾ। ਹੋਰਾਂ ਕੈਦੀਆਂ ਨੂੰ ਵੀ ਉੱਘ-ਸੁੱਘ ਮਿਲ਼ ਗਈ ਸੀ ਤੇ ਉਹ ਭਾਂਤ-ਭਾਂਤ ਦੇ ਸੁਆਲ ਪੁੱਛ ਰਹੇ ਸਨ, ਪਰ ਰੋਜ਼ ਨੇ ਕਿਸੇ ਨੂੰ ਕੋਈ ਉੱਤਰ ਨਾ ਦਿੱਤਾ। ਭੇਦ ਭਰੇ ਢੰਗ ਨਾਲ਼ ਮੁਸਕਰਾਉਂਦਾ ਹੋਇਆ ਉਹ ਕਲਰਕਾਂ ਦੇ ਦਫ਼ਤਰ ਵਿੱਚ ਚਲਿਆ ਗਿਆ।

ਬੱਚਾ ਉੱਠ ਕੇ ਸੂਟਕੇਸ ਵਿੱਚ ਬਹਿ ਗਿਆ ਸੀ ਅਤੇ ਕਰੋਪਿਨਸਕੀ ਗੋਡਿਆਂ ਪਰਨੇ ਹੋ ਉਸ ਨਾਲ਼ ਗੱਲਾਂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

"ਕੀ ਨਾਂ ਏ ਤੇਰਾ ?" ਦੱਸ ਤਾਂ ਸਹੀ ? ਤੇਰਾ ਪਾਪਾ ਕਿੱਥੇ ਏ ? ਤੇ ਮੰਮੀ ਕਿੱਥੇ ਈ ?"

ਹੋਫ਼ਲ ਵੀ ਉਨ੍ਹਾਂ ਨਾਲ਼ ਰਲ਼ ਗਿਆ। ਪੀਪਿਗ ਨੇ ਨਿਰਾਸ਼ ਜਿਹੇ ਗੋਸ਼ੇ ਵਿੱਚ ਆਖਿਆ :

"ਹੁਣ ਅਸੀਂ ਇਸ ਨੂੰ ਕੀ ਕਰੀਏ ? ਜੇ ਉਨ੍ਹਾਂ ਇਸ ਨੂੰ ਫੜ ਲਿਆ ਤਾਂ ਜੀਉਂਦਾ ਨਹੀਂ ਛੱਡਣਗੇ।"

ਹੋਫ਼ਲ ਨੇ ਬੜੇ ਗਹੁ ਨਾਲ਼ ਬੱਚੇ ਦੇ ਚਿਹਰੇ ਵੱਲ ਵੇਖਿਆ।

"ਕੁੱਝ ਬੋਲਦਾ ਹੀ ਨਹੀਂ" ਕਰੋਪਿਨਸਕੀ ਨੇ ਨਿਰਾਸ਼ ਹੁੰਦਿਆਂ ਆਖਿਆ।

ਬੱਚਾ ਉਪਰਾਂਦ ਤੋਂ ਔਖਾ ਲੱਗਦਾ ਸੀ। ਆਪਣੇ ਪਾਟੇ ਹੋਏ ਕੋਟ ਨੂੰ ਉਹ ਮੁੜ-ਮੁੜ ਖੋਹ ਰਿਹਾ ਸੀ ਤੇ ਉਸ ਦੇ ਚਿਹਰੇ ਉੱਤੇ ਇੱਕ ਅਜੀਬ ਕਿਸਮ ਦਾ ਰੁੱਖਾਪਣ ਪਸਰਿਆ ਹੋਇਆ ਸੀ। ਇੰਝ ਜਾਪਦਾ ਸੀ ਜਿਵੇਂ ਉਹ ਜਾਣਦਾ ਹੀ ਨਾ ਹੋਵੇ ਕਿ ਰੋਣਾ ਕੀ ਸ਼ੈਅ ਹੈ ?

ਹੋਫ਼ਲ ਨੇ ਕੰਬਦੇ ਹੋਏ ਛੋਟੇ ਜਿਹੇ ਹੱਥ ਨੂੰ ਕਰੜਾਈ ਨਾਲ਼ ਫੜ ਲਿਆ।

"ਕੌਣ ਏ ਤੂੰ, ਹੇ ਨਿੱਕਚੂ ਭਾਈ ?"

ਬੱਚੇ ਨੇ ਬੁੱਲ੍ਹ ਹਿਲਾਏ ਤੇ ਥੁੱਕ ਅੰਦਰ ਨੂੰ ਨਿਗਲ਼ ਲਈ।

"ਭੁੱਖਾ ਏਂ ! " ਪੀਪਿਗ ਨੇ ਝੱਟ ਆਖਿਆ, ਜਿਵੇਂ ਉਹਨੂੰ ਸਭੋ ਕੁੱਝ ਸਮਝ ਆ ਗਿਆ ਹੋਵੇ। "ਮੈਂ ਇਸ ਲਈ ਕੁੱਝ ਲਿਆਉਂਦਾ ਆਂ।"

ਹੋਫ਼ਲ ਨੇ ਖਲੋ ਕੇ ਇੱਕ ਡੂੰਘਾ ਸਾਹ ਲਿਆ। ਤਿੰਨਾਂ ਨੇ ਇੱਕ ਦੂਜੇ ਵੱਲ ਹੈਰਾਨੀ ਨਾਲ਼ ਵੇਖਿਆ। ਬੇਚੈਨੀ ਨਾਲ਼ ਹੋਫ਼ਲ ਨੇ ਆਪਣੀ ਟੋਪੀ ਨੂੰ ਖਿਸਕਾ ਕੇ ਸਿਰ ਦੇ ਵੱਲ ਕਰ ਲਿਆ ਤੇ ਉਹ ਬੋਲਿਆ:

"ਹਾਂ...ਹਾਂ ਇਹ ਤਾਂ ਸਾਫ਼ ਹੀ ਏ !"

ਪੀਪਿਗ ਨੇ ਇਸ ਭਾਵ ਇਹੋ ਸਮਝਿਆ ਕਿ ਹੋਫ਼ਲ ਨੇ ਵੀ ਉਸ ਦੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ ਤਾਂ ਉਹ ਜਾਣ ਲਈ ਤਿਆਰ ਹੋ ਗਿਆ। ਪਰ ਇਹ ਅਰਥ-ਵਿਹੂਣੇ ਸ਼ਬਦ ਹੋਫ਼ਲ ਵੱਲੋਂ ਆਪਣੇ ਉਲ਼ਝੇ ਹੋਏ ਖ਼ਿਆਲਾਂ ਨੂੰ ਪ੍ਰਗਟਾਉਣ ਦਾ ਯਤਨ ਸਨ।

ਬੱਚੇ ਦਾ ਕੀ ਬਣੇਗਾ ? ਉਹ ਜਾਏਗਾ ਕਿੱਥੇ ? ਸ਼ੁਰੂ ਵਿੱਚ ਤਾਂ ਸ਼ਾਇਦ ਇੱਥੇ ਹੀ ਰੱਖਣਾ ਪਵੇ, ਹੋਫ਼ਲ ਨੇ ਪੀਪਿਗ ਨੂੰ ਰੋਕ ਲਿਆ ਤੇ ਸੋਚਣ ਲੱਗਾ।

"ਇਸ ਲਈ ਬਿਸਤਰ ਕਰ ਦੇ।" ਉਸ ਨੇ ਕਰੋਪਿਨਸਕੀ ਨੂੰ ਹਦਾਇਤ ਕੀਤੀ। "ਕੁੱਝ ਪੁਰਾਣੇ ਕੋਟ ਲੈ ਲੈ ਤੇ ਇੱਕ ਨੁੱਕਰ ਵਿੱਚ ਵਿਛਾ ਦੇ ਅਤੇ ਅਤੇ..." ਉਹ ਰੁਕ ਗਿਆ। ਪੀਪਿਗ ਨੇ ਉਸ ਵੱਲ ਸੁਆਲੀਆ ਨਜ਼ਰਾਂ ਨਾਲ਼ ਵੇਖਿਆ। ਹੋਫ਼ਲ ਦੇ ਚਿਹਰੇ ਉੱਤੇ ਝੱਟ ਚਿੰਤਾ ਦੇ ਚਿੰਨ੍ਹ ਉੱਤਰ ਆਏ।

"ਜੇ ਬੱਚਾ ਰੋ ਪਿਆ ਤਾਂ...."

ਹੋਫ਼ਲ ਨੇ ਮੱਥੇ ਉੱਤੇ ਹੱਥ ਰੱਖਿਆ "ਛੋਟੇ ਬੱਚੇ ਡਰ ਜਾਂਦੇ ਨੇ ਤੇ ਚੀਕਣ ਲੱਗ ਪੈਂਦੇ ਨੇ—ਡਾਢਾ ਪੁਆੜਾ ਏ..." ਉਸ ਨੇ ਬੱਚੇ ਵੱਲ ਗਹੁ ਨਾਲ਼ ਵੇਖਿਆ, ਢੇਰ ਚਿਰ ਟਿਕਟਿਕੀ ਬੱਧੀ ਰੱਖੀ। ਸ਼ੈਤ... ਸ਼ੈਤ ਇਹ ਰੋ ਈ ਨਾ ਸਕਦਾ ਹੋਵੇ... ?" ਉਸ ਨੇ ਬੱਚੇ ਦੇ ਦੋਵੇਂ ਮੋਢੇ ਪਕੜੇ ਤੇ ਉਨ੍ਹਾਂ ਨੂੰ ਹੌਲ਼ੀ ਜਿਹਾ ਹਿਲਾਇਆ "ਤੂੰ ਰੋਈਂ ਚੀਕੀਂ ਉੱਕਾ ਨਾ, ਸੁਣਿਆ ਈ, ਨਹੀਂ ਤਾਂ ਨਾਜ਼ੀ ਸਿਪਾਹੀ ਆ ਧਮਕਣਗੇ।" ਤੁਰੰਤ ਬੱਚੇ ਦਾ ਚਿਹਰਾ ਫੱਕ ਹੋ ਗਿਆ। ਬੱਚੇ ਨੇ ਆਪਣੇ ਆਪ ਨੂੰ ਛੁਡਾ ਲਿਆ। ਉਹ ਫਿਰ ਤੋਂ ਸੂਟਕੇਸ ਵਿੱਚ ਵੜ ਕੇ ਦਬਕ ਗਿਆ ਤੇ ਦੋਹਾਂ ਹੱਥਾਂ ਨਾਲ਼ ਉਸਨੇ ਆਪਣਾ ਮੂੰਹ ਲੁਕਾ ਲਿਆ।

"ਇਹ ਸਭ ਸਮਝਦਾ ਏ।" ਪੀਪਿਗ ਨੇ ਆਖਿਆ।

ਆਪਣੇ ਵਿਚਾਰ ਦੀ ਪੁਸ਼ਟੀ ਲਈ ਉਸ ਨੇ ਸੂਟਕੇਸ ਦਾ ਢੱਕਣ ਬੰਦ ਕਰ ਦਿੱਤਾ। ਉਹਨਾਂ ਕੰਨ ਲਾ ਕੇ ਸੁਣਿਆ, ਸੂਟਕੇਸ ਵਿੱਚ ਉੱਕਾ ਚੁੱਪ-ਚਾਂ ਸੀ।

ਪੀਪਿਗ ਨੇ ਫਿਰ ਆਖਿਆ, "ਇਹ ਸਭ ਜਾਣਦਾ ਏ।" ਉਸ ਨੇ ਫਿਰ ਸੂਟਕੇਸ ਖੋਲ੍ਹ ਦਿੱਤਾ। ਬੱਚਾ ਰਤਾ ਵੀ ਨਹੀਂ ਸੀ ਹਿੱਲਿਆ-ਜੁੱਲਿਆ। ਕਰੋਪਿਨਸਕੀ ਨੇ ਉਸ ਨੂੰ ਚੁੱਕ ਲਿਆ ਤੇ ਉਹ ਕਿਸੇ ਗੁੱਛਮਗੁੱਛਾ ਹੋਏ ਕੀੜੇ ਵਾਂਗ ਉਸ ਦੇ ਹੱਥਾਂ ਉੱਤੇ ਪਿਆ ਰਿਹਾ। ਤਿੰਨਾਂ ਨੇ ਬੜੀ ਹੈਰਾਨੀ ਨਾਲ਼ ਇਸ ਅਚੰਭਾ-ਜਨਕ ਜੀਅ ਨੂੰ ਵੇਖਿਆ।

ਹੋਫ਼ਲ ਨੇ ਬੱਚੇ ਨੂੰ ਕਰੋਪਿਨਸਕੀ ਤੋਂ ਲੈ ਲਿਆ ਤੇ ਉਸ ਨੂੰ ਏਧਰ-ਉੱਧਰ ਹਿਲਾਇਆ ਕਿ ਵੇਖੀਏ ਕੀ ਕਰਦਾ ਏ। ਸਿਰ ਤੇ ਲੱਤਾਂ ਨੂੰ ਸੁਕੇੜੇ ਹੋਏ ਤੇ ਦੋਹਾਂ ਹੱਥਾਂ ਨਾਲ਼ ਮੂੰਹ ਲੁਕਾਈ ਬੱਚਾ ਇੰਝ ਲੱਗ ਰਿਹਾ ਸੀ ਜਿਵੇਂ ਹੁਣੇ ਹੁਣੇ ਮਾਂ ਦੇ ਪੇਟ ਵਿੱਚੋਂ ਕੱਢਿਆ ਹੋਵੇ ਜਾਂ ਜਿਵੇਂ ਖਟਮਲ ਹੱਥ ਪੈਰ ਸੁਕੇੜ ਕੇ ਮੁਰਦਾ ਬਣ ਜਾਣ ਦਾ ਬਹਾਨਾ ਕਰ ਰਿਹਾ ਹੋਵੇ। ਘਬਰਾ ਕੇ ਹੋਫ਼ਲ ਨੇ ਬੱਚਾ ਕਰੋਪਿਨਸਕੀ ਨੂੰ ਮੋੜ ਦਿੱਤਾ ਤੇ ਉਹ ਉਸ ਨੂੰ ਪੋਲਿਸ਼ ਬੋਲੀ ਵਿੱਚ ਦਿਲਾਸਾ ਦੇਣ ਲੱਗ ਪਿਆ।

"ਇਹ ਉੱਕਾ ਚੁੱਪ ਰਹੇਗਾ।" ਹੋਫ਼ਲ ਨੇ ਆਖਿਆ ਤੇ ਬੱਚੇ ਨੇ ਆਪਣੇ ਬੁੱਲ੍ਹ ਮੀਚ ਲਏ। ਤਿੰਨ ਬੰਦਿਆਂ ਨੇ ਮੁੜ ਇੱਕ ਦੂਜੇ ਨੂੰ ਵੇਖਿਆ। ਇਸ ਅਜਬ ਮਾਮਲੇ ਸਬੰਧੀ ਫ਼ੈਸਲੇ ਦੀ ਆਸ ਹਰ ਕੋਈ ਦੂਜੇ ਤੋਂ ਰੱਖਦਾ ਸੀ। ਹੋਫ਼ਲ ਨੇ ਇਸ ਫਿਕਰ ਨਾਲ਼ ਕਿ ਜ਼ਵਾਈਲਿੰਗ ਇਹਨਾਂ ਲੋਕਾਂ ਦੇ ਦੇਰ ਤੱਕ ਅਲੋਪ ਰਹਿਣ ਨੂੰ ਤਾੜ ਨਾ ਜਾਵੇ, ਪੀਪਿਗ ਨੂੰ ਨਾਲ਼ ਲੈ ਕੇ ਤੁਰ ਪਿਆ, "ਆਉ ਚੱਲੀਏ, ਅਸਾਂ ਕੁੱਝ ਅੱਗੇ ਦੀ ਵੀ ਚਿੰਤਾ ਕਰਨੀ ਏ," ਤੇ ਕਰੋਪਿਨਸਕੀ ਨੂੰ ਉਸ ਨੇ ਆਖਿਆ, "ਸਾਡੇ ਪਰਤਣ ਤੱਕ ਇੱਥੇ ਹੀ ਰਹੀਂ।"

ਕਰੋਪਿਨਸਕੀ ਨੇ ਇਸ ਆਕੜੀ ਹੋਈ ਗੰਢੜੀ ਨੂੰ ਮੁੜ ਸੂਟਕੇਸ ਵਿੱਚ ਰੱਖ ਦਿੱਤਾ। ਕੋਟਾਂ ਦਾ ਬਿਸਤਰਾ ਬਣਾਉਣ ਸਮੇਂ ਉਸ ਦੇ ਹੱਥ ਕੰਬ ਰਹੇ ਸਨ। ਅਰਾਮ ਨਾਲ਼ ਉਸ ਨੇ ਬੱਚੇ ਨੂੰ ਬਿਸਤਰੇ ਉੱਤੇ ਲਿਟਾ ਕੇ ਕੱਜ ਦਿੱਤਾ ਤੇ ਬੜੇ ਧਿਆਨ ਨਾਲ਼ ਉਸ ਦੇ ਮੂੰਹ ਉੱਤੋਂ ਉਸ ਦੇ ਹੱਥ ਹਟਾ ਦਿੱਤੇ। ਇੰਝ ਕਰਦਿਆਂ ਉਸ ਨੇ ਬੱਚੇ ਵੱਲੋਂ ਥੋੜ੍ਹੀ ਜਿਹੀ ਨਾ-ਨੁੱਕਰ ਅਨੁਭਵ ਕੀਤੀ, ਬੱਚਾ ਹੁਣ ਵੀ ਅੱਖਾਂ ਘੁੱਟ ਕੇ ਬੰਦ ਕਰੀ ਪਿਆ ਸੀ।

ਜਦੋਂ ਤੱਕ ਪੀਪਿੰਗ ਕਾਫ਼ੀ ਤੇ ਰੋਟੀ ਦਾ ਇੱਕ ਟੁਕੜਾ ਲੈ ਕੇ ਨੁੱਕਰ ਵਿੱਚ ਨਾ

ਪਰਤਿਆ ਤਦ ਤੱਕ ਕਰੋਪਿਨਸਕੀ ਨੇ ਬੱਚੇ ਨੂੰ ਇੰਨਾ ਧਰਵਾਸ ਦਿਵਾ ਦਿੱਤਾ ਸੀ ਕਿ ਉਸ ਨੇ ਅੱਖਾਂ ਖੋਲ੍ਹ ਲਈਆਂ ਸਨ। ਕਰੋਪਿਨਸਕੀ ਨੇ ਉਸ ਨੂੰ ਬਿਠਾ ਕੇ ਐਲੂਮੀਨੀਅਮ ਦਾ ਪਿਆਲਾ ਉਸ ਦੇ ਹੱਥਾਂ ਵਿੱਚ ਧਰ ਦਿੱਤਾ। ਪੀਪਿਗ ਨੇ ਪੁਚਕਾਰਦੇ ਹੋਏ ਰੋਟੀ ਦੀ ਇੱਕ ਗਰਾਹੀ ਉਸ ਵੱਲ ਵਧਾਈ। ਪਰ ਬੱਚੇ ਨੇ ਨਾ ਕਾਫ਼ੀ ਪੀਤੀ ਤੇ ਨਾ ਰੋਟੀ ਖਾਧੀ।

"ਸਹਿਮ ਗਿਆ ਏ," ਪੀਪਿਗ ਨੇ ਆਖਿਆ ਤੇ ਰੋਟੀ ਛੋਟੇ ਹੱਥਾਂ ਵਿੱਚ ਫੜਾਉਂਦੇ ਹੋਏ ਪਿਆਰ ਨਾਲ਼ ਆਖਿਆ : "ਖਾ ਲੈ!"

ਕਰੋਪਿਨਸਕੀ ਨੇ ਹੌਲ਼ੀ ਜਿਹਾ ਆਖਿਆ : "ਹੁਣ ਖਾ ਲੈ ਤੇ ਸੌਂ ਜਾ, ਡਰਨ ਦੀ ਕੋਈ ਗੱਲ ਨਹੀਂ। ਚੰਗਾ, ਵੀਰਾ ਪੀਪਿਗ ਤੇਰੇ ਕੋਲ਼ ਏ ਤੇ ਮੈਂ ਵੀ ਹਾਂ ਅਤੇ ਤੈਨੂੰ ਮੈਂ ਆਪਣੇ ਨਾਲ਼ ਪੋਲੈਂਡ ਲੈ ਜਾਵਾਂਗਾ।" ਉਸ ਨੇ ਮੁਸਕਰਾਉਂਦਿਆਂ ਹੋਇਆਂ ਆਪਣੇ ਵੱਲ ਇਸ਼ਾਰਾ ਕੀਤਾ : ਉੱਥੇ ਮੇਰਾ ਛੋਟਾ ਜਿਹਾ ਘਰ ਏ।" ਬੱਚੇ ਨੇ ਕਰੋਪਿਨਸਕੀ ਨੂੰ ਵੇਖਿਆ, ਉਸ ਦਾ ਚਿਹਰਾ ਤਣਿਆ ਹੋਇਆ ਸੀ। ਉਸ ਨੇ ਆਪਣਾ ਥੋੜ੍ਹਾ ਜਿਹਾ ਮੂੰਹ ਖੋਲ੍ਹਿਆ ਤੇ ਫਿਰ ਝੱਟ ਚਾਣਚੱਕ ਫ਼ੁਰਤੀ ਨਾਲ਼ ਕਿਸੇ ਜਾਨਵਰ ਵਾਂਗ ਕੋਟਾਂ ਦੇ ਹੇਠ ਛਹਿ ਗਿਆ। ਦੋਹਾਂ ਕੁੱਝ ਕੁ ਪਲ ਉਡੀਕ ਕੀਤੀ। ਫਿਰ ਕਰੋਪਿਨਸਕੀ ਨੇ ਰਤਾ ਕੁ ਕੋਟ ਸਰਕਾਇਆ। ਬੱਚਾ ਪਾਸੇ ਪਰਨੇ ਪਿਆ ਰੋਟੀ ਟੁਕ-ਟੁਕ ਕੇ ਖਾ ਰਿਹਾ ਸੀ। ਕਰੋਪਿਨਸਕੀ ਨੇ ਫਿਰ ਹੌਲ਼ੀ ਜਿਹੀ ਉਸ ਨੂੰ ਢੱਕ ਦਿੱਤਾ ਤੇ ਉਸ ਨੁੱਕਰ ਨੂੰ ਵੱਡੇ-ਵੱਡੇ ਬੋਰਿਆਂ ਦੀ ਓਟ ਵਿੱਚ ਲੁਕਾ ਕੇ ਉਹ ਦੋਵੇਂ ਉੱਥੋਂ ਹਟ ਆਏ। ਕੁੱਝ ਪੈਰ ਅਗਾਂਹ ਵਧ ਕੇ ਉਨ੍ਹਾਂ ਆਪਣੇ ਕੰਨ ਉਧਰ ਨੂੰ ਲਾਏ, ਪਿੱਛੋਂ ਬਿਲਕੁਲ ਚੁੱਪ-ਚਾਂ ਸੀ।

ਜਦੋਂ ਕਰੋਪਿਨਸਕੀ ਤੇ ਹੋਫ਼ਲ ਸਾਹਮਣੇ ਵਾਲ਼ੇ ਹਿੱਸੇ ਵਿੱਚ ਆਏ ਤਾਂ ਉੱਥੇ ਅਮਲੇ ਦੇ ਲੋਕ ਸ਼ਾਮ ਦੀ ਹਾਜ਼ਰੀ ਲਈ ਇਕੱਠੇ ਹੋ ਰਹੇ ਸਨ। ਸਮਾਨ-ਘਰ ਵਿੱਚ ਕੰਮ ਕਰਨ ਵਾਲ਼ਿਆਂ ਦੀ ਡਿਊਟੀ ਲੰਮੀ ਹੁੰਦੀ ਸੀ। ਇਸ ਲਈ ਉਹ ਕੈਂਪ ਦੀ ਆਮ ਹਾਜ਼ਰੀ ਵਿੱਚ ਸ਼ਾਮਲ ਨਹੀਂ ਸਨ ਹੁੰਦੇ। ਉਹਨਾਂ ਦੀ ਡਿਊਟੀ ਵਾਲ਼ੀ ਥਾਂ ਹੀ ਕਮਾਂਡੋ ਫ਼ੋਹਰਰ ਆ ਕੇ ਉਹਨਾਂ ਦੀ ਹਾਜ਼ਰੀ ਲਾ ਲਿਆ ਕਰਦਾ ਸੀ। ਉਹ ਰਿਪੋਰਟ ਫ਼ੋਹਰਰ ਨੂੰ ਗਿਣਤੀ ਦੱਸਦਾ, ਜਿਹੜਾ ਪੂਰੀ ਗਿਣਤੀ ਵਿੱਚ ਇਹਨਾਂ ਲੋਕਾਂ ਨੂੰ ਜੋੜ ਲੈਂਦਾ। ਇਹ ਜਦੋਂ... ਲਾਈਨ ਤੱਕ ਪੁੱਜੇ ਤਾਂ ਜ਼ਵਾਈਲਿੰਗ ਆਪਣੇ ਕਮਰੇ ਵਿੱਚੋਂ ਨਿੱਕਲ਼ ਰਿਹਾ ਸੀ। ਹੋਫ਼ਲ ਨੇ ਇਹਨਾਂ ਦੋਨਾਂ ਦੇ ਦੇਰ ਨਾਲ਼ ਆਉਣ 'ਤੇ ਬਣਾਉਟੀ ਗੁੱਸੇ ਦਾ ਪ੍ਰਗਟਾਅ ਕੀਤਾ : "ਕੀ ਤੁਹਾਨੂੰ ਉਚੇਚਾ ਸੱਦਾ-ਪੱਤਰ ਘੱਲਣ ਦੀ ਲੋੜ ਹੁੰਦੀ ਏ?"

ਉਸ ਨੇ ਜ਼ਵਾਈਲਿੰਗ ਦੇ ਸਾਹਮਣੇ ਅਟੈਨਸ਼ਨ ਖੜ੍ਹੇ ਹੋ ਕੇ ਆਖਿਆ, "ਜਨਾਬ, ਸਮਾਨ-ਘਰ ਵਿੱਚ ਵੀਹ ਕੈਦੀ ਹਾਜ਼ਰ ਹਨ।" ਫਿਰ ਉਹ ਵੀ ਪਿਛਾਂਹ ਹਟ ਕੇ ਕਤਾਰ ਵਿੱਚ ਖੜ੍ਹਾ ਹੋ ਗਿਆ।

ਜ਼ਵਾਈਲਿੰਗ ਨੇ ਕਤਾਰਾਂ ਵਿੱਚ ਫਿਰ ਕੇ ਆਪ ਗਿਣਤੀ ਕੀਤੀ।

ਹੋਫ਼ਲ ਦਾ ਲੂੰ-ਲੂੰ ਕੰਨ ਬਣਿਆ ਹੋਇਆ ਸੀ, ਕਿ ਕਿਤੇ ਪਿਛਲੇ ਪਾਸਿਓਂ ਕੋਈ ਅਵਾਜ਼ ਤਾਂ ਨਹੀਂ ਆ ਰਹੀ। ਬੱਚੇ ਨੇ ਕਿਤੇ ਡਰ ਕੇ ਰੋਣਾ ਹੀ ਸ਼ੁਰੂ ਨਾ ਕਰ ਦਿੱਤਾ ਹੋਵੇ। ਗਿਣਤੀ ਮਗਰੋਂ ਜ਼ਵਾਈਲਿੰਗ ਨੇ ਬੇਦਿਲੀਆ ਨੂੰ ਉਹਨਾਂ ਨੂੰ ਜਾਣ ਲਈ ਹੱਥ ਦਾ ਇਸ਼ਾਰਾ

ਕੀਤਾ। ਕਤਾਰਾਂ ਟੁੱਟ ਗਈਆਂ ਤੇ ਕੈਦੀ ਆਪਣੇ ਕੰਮ ’ਤੇ ਲੱਗ ਗਏ। ਕੇਵਲ ਹੋਫ਼ਲ ਹੀ ਖਲੋਤਾ ਰਿਹਾ। ਉਸ ਨੇ ਜ਼ਵਾਈਲਿੰਗ ਨੂੰ ਇਸ਼ਾਰਾ ਕਰਦਿਆਂ ਨਹੀਂ ਸੀ ਵੇਖਿਆ।

ਜ਼ਵਾਈਲਿੰਗ ਨੇ ਪੁੱਛਿਆ “ਕੀ ਗੱਲ ਹੈ ?” ਉਸ ਦੀ ਅਵਾਜ਼ ਬੇ-ਅਸਰ ਤੇ ਭਾਰੀ ਸੀ।

ਹੋਫ਼ਲ ਤ੍ਰਭਕ ਪਿਆ, “ਕੁੱਝ ਨਹੀਂ ਹਪਤਾਸ਼ਰ ਫ਼ੋਹਰਰ।” ਜ਼ਵਾਈਲਿੰਗ ਨੇ ਰਜਿਸਟਰ ਦੇ ਕੋਲ਼ ਜਾ ਕੇ ਹਾਜ਼ਰੀ ਦੀ ਫ਼ਰਦ ਉੱਤੇ ਦਸਤਖ਼ਤ ਕੀਤੇ। ਫਿਰ ਬੜੇ ਨਰਮ ਲਹਿਜੇ ਵਿੱਚ ਪੁੱਛਿਆ: “ਤੂੰ ਹੁਣੇ ਕੀ ਸੋਚ ਰਿਹਾ ਸੈਂ ?”

“ਕੋਈ ਖ਼ਾਸ ਗੱਲ ਨਹੀਂ ਸਾਂ ਸੋਚ ਰਿਹਾ, ਹਪਤਾਸ਼ਰ ਫ਼ੋਹਰਰ।”

ਜ਼ਵਾਈਲਿੰਗ ਨੇ ਆਪਣੀ ਜੀਭ ਹੇਠਲੇ ਹੋਂਠ ਉੱਤੇ ਰੱਖ ਲਈ। ਇਹ ਉਸ ਦੇ ਹੱਸਣ ਦਾ ਵੱਖਰਾ ਹੀ ਢੰਗ ਸੀ।

“ਸੋਚਦਾ ਹੋਵੇਂਗਾ ਕਿ ਆਪਣੇ ਘਰ ਪੁੱਜ ਗਿਆ ਹਾਂ ?” ਹੋਫ਼ਲ ਨੇ ਮੋਢੇ ਹਿਲਾ ਕੇ ਆਖਿਆ, “ਕਿਉਂ ?” ਜ਼ਵਾਈਲਿੰਗ ਨੇ ਕੋਈ ਉੱਤਰ ਨਾ ਦਿੱਤਾ। ਭਾਵ ਪੂਰਤ ਢੰਗ ਨਾਲ਼ ਮੁਸਕਰਾਉਂਦਾ ਹੋਇਆ ਉਹ ਆਪਣੇ ਕਮਰੇ ਵਿੱਚ ਚਲਾ ਗਿਆ ਤੇ ਥੋੜ੍ਹੀ ਜਿਹੀ ਦੇਰ ਮਗਰੋਂ ਹਾਜ਼ਰੀ ਦੀ ਰਿਪੋਰਟ ਦੇਣ ਲਈ ਇਮਾਰਤ ਤੋਂ ਬਾਹਰ ਨਿੱਕਲ਼ ਗਿਆ। ਜਾਂਦੇ ਹੋਏ ਉਸ ਨੇ ਕੱਪੜੇ ਦਾ ਭੂਰਾ ਕੋਟ ਪਾਇਆ ਹੋਇਆ ਸੀ। ਇਸ ਦਾ ਮਤਲਬ ਇਹ ਸੀ ਕਿ ਉਹ ਵਾਪਸ ਨਹੀਂ ਪਰਤੇਗਾ। ਕੰਮ ਮਗਰੋਂ ਹੋਫ਼ਲ ਨੇ ਹੁਣ ਫ਼ਾਟਕ ’ਤੇ ਪਹਿਰੇਦਾਰ ਨੂੰ ਕੁੰਜੀਆਂ ਫੜਾਉਣੀਆਂ ਸਨ।

ਕਲਰਕਾਂ ਦੇ ਕਮਰੇ ਵਿੱਚ ਕੈਦੀ ਹੋਫ਼ਲ ਦੇ ਚਾਰੇ ਪਾਸੇ ਇਕੱਠੇ ਹੋ ਗਏ ਕਿ ਰਤਾ ਵਿਸਥਾਰ ਸੁਣਨ, ਇਸ ਲਈ ਕਿ ਰੋਜ਼ ਦੇ ਢਿੱਡ ਵਿੱਚ ਗੱਲ ਪਚਦੀ ਨਹੀਂ ਤੇ ਜਦੋਂ ਉਹ ਉੱਚੀ-ਉੱਚੀ ਕਹਿਣ ਲੱਗਾ :

“ਕੀ ਮੈਂ ਇਸ ਖੇਡ ਵਿੱਚ ਸ਼ਾਮਲ ਨਹੀਂ ਹੋ ਸਕਦਾ।” ਸਾਰੇ ਕੈਦੀ ਇੱਕੋ ਵੇਲ਼ੇ ਗੱਲਾਂ ਕਰ ਰਹੇ ਸਨ, “ਤਾਂ ਬੱਚਾ ਹੈ ਕਿੱਥੇ ?”

“ਚੁੱਪ !” ਹੋਫ਼ਲ ਨੇ ਆਖਿਆ ਤੇ ਫਿਰ ਉੱਚੀ ਸਾਰੀ ਕਹਿਣ ਲੱਗਾ : “ਇੱਥੇ ਕੋਈ ਤਮਾਸ਼ਾ ਨਹੀਂ ਹੋ ਰਿਹਾ, ਅੱਜ ਦੀ ਰਾਤ ਬੱਚਾ ਇੱਥੇ ਹੀ ਰਹੇਗਾ ਕੱਲ੍ਹ ਅਸੀਂ ਇੱਥੋਂ ਕੱਢ ਖੜ੍ਹਾਂਗੇ।”

ਸਾਰੇ ਕੈਦੀ ਬੱਚੇ ਨੂੰ ਵੇਖਣਾ ਚਾਹੁੰਦੇ ਸਨ। ਉਹ ਸਾਰੇ ਦੱਬੇ ਪੈਰੀਂ ਉਸ ਨੁੱਕਰ ਵੱਲ ਗਏ। ਕਰੋਪਿਨਸਕੀ ਨੇ ਹੌਲ਼ੀ ਜਿਹੇ ਕੋਟ ਚੁੱਕਿਆ। ਲੋਕਾਂ ਨੇ ਇੱਕ ਦੂਜੇ ਦੇ ਮੋਢੇ ਉੱਤੋਂ ਸਿਰ ਚੁੱਕ-ਚੁੱਕ ਕੇ ਉਸ ਨਿੱਕਚੂ ਜਿਹੀ ਜਾਨ ਨੂੰ ਵੇਖਿਆ। ਬੱਚਾ ਗੁੱਛਾਮੁੱਛਾ ਬਣਿਆ ਸੌਂ ਰਿਹਾ ਸੀ। ਕੈਦੀਆਂ ਦੇ ਚਿਹਰੇ ਲਿਸ਼ਕ ਪਏ। ਕਿੰਨੇ ਦਿਨਾਂ ਮਗਰੋਂ ਉਹਨਾਂ ਇੱਕ ਬੱਚਾ ਵੇਖਿਆ ਸੀ। ਕਮਾਲ ਏ। ਇਨ ਬਿਨ, ਸੱਚੀ-ਮੁੱਚੀ ਦਾ ਛੋਟਾ ਜਿਹਾ ਆਦਮੀ...।”

ਹੋਫ਼ਲ ਨੇ ਉਹਨਾਂ ਸਾਰਿਆਂ ਨੂੰ ਜੀਅ ਭਰ ਕੇ ਵੇਖਣ ਦਿੱਤਾ। ਕਰੋਪਿਨਸਕੀ ਇੰਝ ਖ਼ੁਸ਼ ਸੀ ਜਿਵੇਂ ਉਹ ਦਾ ਹੀ ਬੱਚਾ ਹੋਵੇ। ਉਸ ਨੇ ਸਾਹ ਲੈਂਦੇ ਹੋਏ ਬੱਚੇ ਨੂੰ ਹੌਲ਼ੀ ਜਿਹੀ ਕੱਜ

ਦਿੱਤਾ ਤੇ ਕੈਦੀ ਪਹਿਲਾਂ ਵਾਂਗ ਦੱਬੇ ਪੈਰੀਂ ਪਰਤ ਗਏ। ਉਸ ਸ਼ਾਮ ਉਹ ਸਾਰੇ ਕਲਰਕਾਂ ਦੇ ਦਫ਼ਤਰ ਵਿੱਚ ਤੇ ਕਾਊਂਟਰ ਉੱਤੇ ਬੇਕਾਰ ਬੈਠੇ ਰਹੇ। ਸਾਰੇ ਦੇ ਸਾਰੇ ਖ਼ੁਸ਼ ਸਨ ਅਤੇ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਕਿਉਂ ਖ਼ੁਸ਼ ਹਨ। ਕਰੋਪਿਨਸਕੀ ਸਭ ਤੋਂ ਵੱਧ ਖ਼ੁਸ਼ ਸੀ "ਨਿੱਕਚੂ ਜਿਹਾ ਪੋਲਿਸ਼ ਬੱਚਾ", ਕਹਿ ਕੇ ਉਹ ਵਾਰ-ਵਾਰ ਹੱਸ ਪੈਂਦਾ। ਬੱਚੇ ਦੇ ਕੋਲ਼ ਹੋਣ 'ਤੇ ਉਸ ਨੂੰ ਬੜਾ ਮਾਣ ਸੀ।

ਤਿੰਨ

ਪੀਪਿਗ ਨੇ ਵੇਖਿਆ ਕਿ ਹੋਫ਼ਲ ਉਸ ਤੋਂ ਘਬਰਾ ਰਿਹਾ ਹੈ। ਜਦੋਂ ਕੰਮ ਖ਼ਤਮ ਹੋ ਗਿਆ ਤਾਂ ਆਪਣੇ ਬਲਾਕ ਦੀ ਬੈਰਕ ਵਿੱਚ ਦੋਵੇਂ ਨਾਲ਼-ਨਾਲ਼ ਬਹਿ ਗਏ ਤੇ ਉਸ ਨੇ ਹੋਫ਼ਲ ਨੂੰ ਬੇਪਰਵਾਹੀ ਨਾਲ਼ ਠੰਢੀ ਤਰੀ ਪੀਂਦੇ ਹੋਏ ਵੇਖਿਆ। ਉਹ ਅੰਦਰੋ-ਅੰਦਰ ਘੁਲ਼ ਰਿਹਾ ਸੀ, ਕਿਉਂ ਜੋ ਉਹ ਜਾਣਦਾ ਸੀ ਕਿ ਪੀਪਿਗ ਦੀ ਚੁੱਪ ਵਿੱਚ ਇੱਕ ਸੁਆਲ ਲੁਕਿਆ ਹੋਇਆ ਹੈ। ਚਮਚਾ ਪਿਆਲੇ ਵਿੱਚ ਰੱਖ ਕੇ ਉਹ ਖੜ੍ਹਾ ਹੋ ਗਿਆ।

"ਕੀ ਬੱਚਾ ਸੱਚੀਮੁੱਚੀਂ ਚਲਿਆ ਜਾਏਗਾ ?"

ਹੋਫ਼ਲ ਨੇ ਪੀਪਿਗ ਦੇ ਸੁਆਲ ਨੂੰ ਟਾਲ਼ ਦਿੱਤਾ ਤੇ ਉਹ ਲੋਕਾਂ ਦੇ ਵਿੱਚੋਂ ਦੀ ਲੰਘਦਾ ਹੋਇਆ ਬਰਸਾਤੀ ਵਿੱਚ ਚਲਾ ਗਿਆ ਤਾਂ ਜੋ ਆਪਣਾ ਪਿਆਲਾ ਧੋ ਦੇਵੇ। ਪੀਪਿਗ ਇਸ ਦੇ ਪਿੱਛੇ ਹੋ ਟੁਰਿਆ। ਇੱਥੇ ਉਹ ਇਕੱਲੇ ਸਨ।

"ਹੁਣ ਬੱਚੇ ਨੂੰ ਕੀ ਕਰੇਂਗਾ ?"

ਜਿੱਧਰ ਜਾਵੋ, ਬੱਸ ਉੱਥੇ ਹੀ ਇਹੋ ਸੁਆਲ ! ਹੋਫ਼ਲ ਨੇ ਤੰਗ ਆ ਕੇ ਤਿਊੜੀ ਚਾੜ੍ਹ ਲਈ : "ਮੇਰਾ ਸਿਰ ਨਾ ਖਾ!"

ਪੀਪਿਗ ਚੁੱਪ ਹੋ ਗਿਆ। ਹੋਫ਼ਲ ਨੇ ਕਦੇ ਵੀ ਇਹੋ ਜਿਹੇ ਲਹਿਜੇ ਵਿੱਚ ਉਸ ਨਾਲ਼ ਗੱਲ ਨਹੀਂ ਸੀ ਕੀਤੀ। ਆਪਣੇ ਕਰੜੇ ਬੋਲਾਂ ਦਾ ਹੋਫ਼ਲ ਨੂੰ ਅਹਿਸਾਸ ਹੋਇਆ ਤੇ ਕਿਸੇ ਹੱਦ ਤੱਕ ਗੁੱਸੇ ਤੇ ਕਿਸੇ ਹੱਦ ਤੱਕ ਸਫ਼ਾਈ ਪੇਸ਼ ਕਰਦਿਆਂ ਉਸ ਨੇ ਆਖਿਆ :

"ਮੈਂ ਸਮਝਦਾ ਹਾਂ ਏਥੋਂ ਉਹ ਕੱਲ੍ਹ ਚਲਿਆ ਜਾਵੇਗਾ, ਐਵੇਂ ਫ਼ਜ਼ੂਲ ਸੁਆਲ ਨਾ ਕਰ।"

ਉਹ ਬਰਸਾਤੀ ਵਿੱਚੋਂ ਚਲਿਆ ਗਿਆ। ਪੀਪਿਗ ਦੇ ਪੈਰ ਉੱਥੇ ਹੀ ਜੰਮ ਗਏ : "ਹੋਫ਼ਲ ਨੂੰ ਕੀ ਹੋ ਗਿਐ ?"

ਹੋਫ਼ਲ ਬਲਾਕ ਵਿੱਚੋਂ ਵੀ ਛੇਤੀ ਚਲਿਆ ਗਿਆ। ਬਾਹਰ ਫ਼ੁਹਾਰ ਅਜੇ ਵੀ ਸੂਈਆਂ ਚੋਭ ਰਹੀ ਸੀ। ਹੋਫ਼ਲ ਨੇ ਕੰਬਦਿਆਂ ਆਪਣੇ ਮੋਢੇ ਸੁਕੇੜ ਲਏ। ਉਸ ਨੂੰ ਅਫ਼ਸੋਸ ਹੋ ਰਿਹਾ ਸੀ ਕਿ ਪੀਪਿਗ ਨੂੰ ਉਹ ਕਿਉਂ ਗ਼ੁੱਸੇ ਹੋਇਆ। ਪਰ ਉਹ ਉਸ ਭਲੇਮਾਣਸ ਨੂੰ ਇਨਕਾਰ ਦਾ ਕਾਰਨ ਦੱਸ ਹੀ ਨਹੀਂ ਸੀ ਸਕਦਾ, ਕਿਉਂ ਜੋ ਇਹ ਇੱਕ ਡੂੰਘਾ ਭੇਦ ਸੀ। ਇਹ ਗੱਲ ਨਾ ਪੀਪਿਗ ਨੂੰ ਪਤਾ ਸੀ ਤੇ ਨਾ ਕਿਸੇ ਹੋਰ ਨੂੰ ਕਿ ਉਹ ਪਹਿਲਾਂ ਬਰਨ ਵਿੱਚ ਫ਼ੌਜ ਵਿੱਚ ਸਾਰਜੰਟ ਮੇਜਰ ਤੇ ਪਾਰਟੀ ਦੇ ਇੱਕ ਮੇਲ ਦਾ ਮੈਂਬਰ ਸੀ ਤੇ ਹੁਣ ਇੱਥੇ ਕੈਂਪ ਵਿੱਚ ਕੌਮਾਂਤਰੀ ਲੜਾਕੇ

ਦਸਤੇ ਦੀ ਫ਼ੌਜੀ ਸਿਖਲਾਈ ਕਰਦਾ ਸੀ।

ਕੈਂਪ ਵਿੱਚ ਕੇਵਲ ਰਾਜਸੀ ਕੈਦੀ ਹੀ ਨਹੀਂ ਸਨ, ਫ਼ਾਸਿਜ਼ਮ ਦੇ ਸੂਝਵਾਨ ਵਿਰੋਧੀਆਂ ਤੋਂ ਉਪਰੰਤ ਕੁੱਝ ਸ਼ੱਕੀ ਤੇ ਡਾਵਾਂਡੋਲ ਕਿਸਮ ਦੇ ਲੋਕ ਤੇ ਜਰਾਇਮ-ਪੇਸ਼ਾ ਵੀ ਸਨ। ਜਿਨ੍ਹਾਂ ਨੂੰ ਨਾਜ਼ੀ ਫ਼ੌਜੀਆਂ ਨੇ ਆਪਣੇ ਪਿੱਠੂ ਬਣਾ ਕੇ ਰਾਜਸੀ ਕੈਦੀਆਂ ਵਿੱਚ ਮਿਲਾ ਦਿੱਤਾ ਸੀ। ਸ਼ੁਰੂ-ਸ਼ੁਰੂ ਵਿੱਚ ਤਾਂ ਬੋਲੀ ਤੇ ਦੂਜੀਆਂ ਔਕੜਾਂ ਕਾਰਨ ਦੇਸ਼-ਦੇਸ਼ ਦੇ ਲੋਕ ਅੱਡ-ਅੱਡ ਰਹੇ। ਫਿਰ ਹਰ ਦੇਸ਼ ਦੇ ਪਾਰਟੀ ਮੈਂਬਰਾਂ ਦੀ ਕੋਸ਼ਿਸ਼ ਨਾਲ਼ ਕੌਮਾਂਤਰੀ ਕੈਂਪ ਕਮੇਟੀ ਬਣੀ ਤਾਂ ਜੋ ਉਨ੍ਹਾਂ ਹਜ਼ਾਰਾਂ ਲੋਕਾਂ ਵਿੱਚ— ਜਿਹੜੇ ਇੱਕ ਵੱਢੋਂ ਕੈਦ ਕਰ ਦਿੱਤੇ ਗਏ ਹਨ— ਏਕਤਾ ਦੀ ਭਾਵਨਾ ਪੈਦਾ ਹੋਵੇ। ਫਿਰ ਹੌਲ਼ੀ-ਹੌਲ਼ੀ ਇਹ ਕਮੇਟੀ ਇੱਕਮੁੱਠਤਾ ਦਾ ਕੇਂਦਰ ਬਣ ਗਈ।

ਹੁਣ ਤੋਂ ਇੱਕ ਵਰ੍ਹਾਂ ਪਹਿਲਾਂ, ਤਰਕਾਲ਼ਾਂ ਦੀ ਹਾਜ਼ਰੀ ਮਗਰੋਂ ਇਸੇ ਤਰ੍ਹਾਂ ਮੀਂਹ ਪੈ ਰਿਹਾ ਸੀ। ਬੋਖਾਉ ਆਪਣੇ ਕੈਂਪ ਦੇ ਸੁੰਨਸਾਨ ਹਿੱਸੇ ਵਿੱਚ ਟਹਿਲਦੇ ਹੋਏ ਗੱਲਾਂ ਕਰ ਰਿਹਾ ਸੀ। ਬੋਖਾਉ ਦੀ ਉਮਰ ਕੋਈ ਪੰਜਾਹ ਵਰ੍ਹਿਆਂ ਦੀ ਹੋਵੇਗੀ। ਹੋਫ਼ਲ ਉਸ ਤੋਂ ਦਸ ਵਰ੍ਹੇ ਛੋਟਾ ਸੀ। ਬੋਖਾਉ ਆਪਣੇ ਦੋਵੇਂ ਹੱਥ ਜੇਬ੍ਹਾਂ ਵਿੱਚ ਤੁੰਨ੍ਹੀ ਹੌਲ਼ੀ-ਹੌਲ਼ੀ ਗੱਲ ਕਰ ਰਿਹਾ ਸੀ। ਉਸ ਦਾ ਇੱਕ-ਇੱਕ ਸ਼ਬਦ ਸੋਚਿਆ, ਤੁਲਿਆ ਹੋਇਆ ਸੀ, ਜਿਵੇਂ ਉਹ ਓਨੀ ਗੱਲ ਹੀ ਕਰ ਰਿਹਾ ਹੋਵੇ, ਜਿੰਨੀ ਹੋਫ਼ਲ ਨੂੰ ਜਾਣਨੀ ਚਾਹੀਦੀ ਸੀ। "ਅਸਾਂ ਤਿਆਰ ਹੋਣਾ ਏਂ... ਆਂਦਰੇ... ਆਖ਼ਰੀ ਸਮੇਂ ਲਈ... ਕੌਮਾਂਤਰੀ ਦਸਤੇ... ਸਮਝਿਆ ? ... ਹਥਿਆਰ..."

ਹੋਫ਼ਲ ਨੇ ਹੈਰਾਨਗੀ ਨਾਲ਼ ਵੇਖਿਆ ਤੇ ਬੋਖਾਉ ਨੇ ਉਨ੍ਹਾਂ ਨੂੰ ਸੁਆਲ ਕਰਨ ਦਾ ਮੌਕਾ ਹੀ ਨਾ ਦਿੱਤਾ। ਹੱਥ ਝਟਕਦਿਆਂ ਬੋਲਿਆ, "ਇਸ ਬਾਰੇ ਪਿੱਛੋਂ ਗੱਲ ਕਰਾਂਗੇ, ਅਜੇ ਨਹੀਂ।"

ਅਖ਼ੀਰ ਵਿੱਚ ਜਦੋਂ ਉਹ ਇੱਕ ਦੂਜੇ ਤੋਂ ਵਿਛੜੇ ਤਾਂ ਉਸ ਨੇ ਆਖਿਆ: "ਵੇਖੀਂ ਅਜਿਹੀ ਕੋਈ ਗੱਲ ਨਾ ਕਰੀਂ ਕਿ ਲੋਕ ਤੇਰੇ ਵੱਲ ਧਿਆਨ ਕਰਨ... ਰਤਾ ਵੀ ਅਜਿਹਾ ਮੌਕਾ ਨਾ ਦੇਵੀਂ... ਸਮਝਿਆ ਏਂ ?"

ਇਹ ਇੱਕ ਸਾਲ ਪਹਿਲਾਂ ਦੀ ਗੱਲ ਸੀ ਤੇ ਤਦ ਤੋਂ ਹੁਣ ਤੱਕ ਸਭ ਕੁੱਝ ਸੁੱਖ-ਸਾਂਦ ਨਾਲ਼ ਵਾਪਰਦਾ ਰਿਹਾ ਤੇ ਇੰਝ ਹੀ ਸਦਾ ਹੁੰਦਾ ਆ ਰਿਹਾ ਸੀ।

ਪਰ ਹੁਣ ਇਹ ਬੱਚਾ ਵਿੱਚ ਆ ਟਪਕਿਆ ਸੀ ! ਬਿਲਕੁਲ ਇਸ ਤਰ੍ਹਾਂ ਲੁਕਵੇਂ ਤੇ ਖ਼ਤਰਨਾਕ ਢੰਗ ਨਾਲ਼, ਜਿਵੇਂ ਉਸ ਨੂੰ ਪਸਤੌਲ ਮਿਲ਼ ਗਿਆ ਸੀ। ਕੋਈ ਵੀ ਅਜਿਹਾ ਨਹੀਂ ਸੀ ਜਿਸ ਨਾਲ਼ ਉਹ ਇਸ ਬਾਰੇ ਗੱਲ ਕਰ ਸਕਦਾ, ਕੇਵਲ ਬੋਖਾਉ ਹੀ ਸੀ ਤੇ ਉਹ ਰਹਿੰਦਾ ਵੀ ਕੁੱਝ ਕਦਮਾਂ 'ਤੇ, ਬਲਾਕ ਨੰਬਰ 38 ਵਿੱਚ ਸੀ, ਪਰ ਹੋਫ਼ਲ ਨੂੰ ਇੰਝ ਜਾਪਦਾ ਸੀ ਜਿਵੇਂ ਪਤਾ ਨਹੀਂ ਕਿੰਨੀ ਦੂਰ ਹੋਵੇ। ਹੋਫ਼ਲ ਦੀ ਛਾਤੀ ਉੱਤੇ ਇੱਕ ਸਿੱਲ੍ਹ ਜਿਹੀ ਰੱਖ ਦਿੱਤੀ ਗਈ ਸੀ। ਕੀ ਉਸ ਨੂੰ ਇੰਝ ਨਹੀਂ ਸੀ ਕਰਨਾ ਚਾਹੀਦਾ ? ਜੀਵਨ ਦੀ ਇੱਕ ਨਿੱਕੀ ਜਿਹੀ ਚੰਗਿਆਈ ਕੰਧ ਟੱਪ ਕੇ ਉਸ ਦੇ ਅੰਦਰ ਆ ਗਈ ਸੀ ! ਤਾਂ ਕੀ ਉਹ ਇਸ ਨਿੱਕਚੂ ਜਿਹੀ ਜਿੰਦ ਨੂੰ ਮਿੱਧੇ ਜਾਣ ਤੋਂ ਬਚਾਉਂਦਾ ?"

ਹੋਫ਼ਲ ਚੁੱਪ ਖਲੋਤਾ ਆਪਣੇ ਪੈਰਾਂ ਕੋਲ਼ ਪਏ ਚਮਕੀਲੇ ਗਿੱਲੇ ਪੱਥਰਾਂ ਨੂੰ ਵੇਖਦਾ

ਰਿਹਾ। ਸਾਰੀ ਦੁਨੀਆਂ ਵਿੱਚੋਂ ਕੋਈ ਵੀ ਸ਼ੈਅ ਇਸ ਤੋਂ ਵਧੇਰੇ ਕੁਦਰਤੀ ਨਹੀਂ ਸੀ ਹੋ ਸਕਦੀ।

ਸਾਰੀ ਦੁਨੀਆਂ ਵਿੱਚ!

ਪਰ ਇੱਥੇ ਨਹੀਂ!

ਇਹ ਸੀ ਉਹ ਕੁੱਝ, ਜੋ ਉਹ ਹੁਣ ਸੋਚ ਰਿਹਾ ਸੀ।

ਕੈਂਪ ਦੀ ਇੱਕ ਨੁੱਕਰ ਵਿੱਚ ਦੱਬੀ ਹੋਈ ਖ਼ਤਰਨਾਕ ਚੰਗਿਆੜੀ ਦੀ ਹੋਂਦ ਤੋਂ ਜਿਹੜਾ ਰੌਲ਼ਾ ਪੈ ਸਕਦਾ ਸੀ, ਉਸ ਦਾ ਕਿਆਸ ਹੋਫ਼ਲ ਸਾਹਮਣੇ ਪਰਛਾਵਿਆਂ ਵਾਂਗ ਕੰਬ ਰਿਹਾ ਸੀ, ਪਰ ਉਸ ਨੇ ਭੈੜੇ ਵਿਚਾਰਾਂ ਨੂੰ ਦਿਲ ਵਿੱਚੋਂ ਕੱਢ ਦਿੱਤਾ। ਬੋਖਾਉ ਕੋਈ ਨਾ ਕੋਈ ਢੰਗ ਕੱਢ ਹੀ ਲਵੇਗਾ।

ਬਲਾਕ ਨੰਬਰ 38 ਇੱਟਾਂ ਦੀ ਬਣੀ ਹੋਈ ਇੱਕ ਇਮਾਰਤ ਸੀ, ਜਿਹੜੀ ਲੱਕੜੀ ਦੀਆਂ ਬੈਰਕਾਂ ਤੋਂ ਪਿੱਛੋਂ ਬਣੀ ਸੀ। ਦੂਜੀਆਂ ਪੱਕੀਆਂ ਇਮਾਰਤਾਂ ਵਾਂਗ ਉਸ ਵਿੱਚ ਚਾਰ ਕਮਰੇ ਖਾਣੇ ਵਾਸਤੇ ਤੇ ਇੱਕ ਕਮਰਾ ਸੌਣ ਲਈ ਸੀ। ਹੋਫ਼ਲ ਦੇ ਚਿਹਰੇ ਤੋਂ ਕੋਈ ਵਿਸ਼ੇਸ਼ ਗੱਲ ਪ੍ਰਗਟ ਨਹੀਂ ਸੀ ਹੋ ਰਹੀ। ਜਦ ਉਹ ਅੰਦਰ ਆਇਆ ਤਾਂ ਕਿਸੇ ਨੇ ਕੋਈ ਧਿਆਨ ਨਾ ਦਿੱਤਾ। ਬੋਖਾਉ ਬਲਾਕ ਸੀਨੀਅਰ ਦੀ ਮੇਜ਼ 'ਤੇ ਬੈਠਾ ਅਗਲੀ ਸਵੇਰ ਦੀ ਹਾਜ਼ਰੀ ਲਈ ਬਲਾਕ ਦੀ ਹਾਜ਼ਰੀ ਲਿਖ ਰਿਹਾ ਸੀ। ਹੋਫ਼ਲ ਲੋਕਾਂ ਤੋਂ ਬਚਦਾ ਬਚਾਉਂਦਾ ਬੋਖਾਉ ਵੱਲ ਤੁਰਿਆ ਗਿਆ। "ਕੀ ਤੂੰ ਇੱਕ ਮਿੰਟ ਲਈ ਏਧਰ ਆ ਸਕਦਾ ਏਂ?"

ਬੋਖਾਉ ਬਿਨਾਂ ਕੁੱਝ ਆਖੇ-ਸੁਣੇ ਦੇ ਉੱਠ ਖਲੋਤਾ ਤੇ ਆਪਣਾ ਕੋਟ ਚੁੱਕ ਕੇ ਉਸ ਨਾਲ਼ ਬਲਾਕ ਵਿੱਚੋਂ ਬਾਹਰ ਨਿੱਕਲ਼ ਆਇਆ। ਉਹਨਾਂ ਬਾਹਰ ਨਿੱਕਲ਼ ਆਉਣ 'ਤੇ ਕੋਈ ਵੀ ਗੱਲ ਨਾ ਕੀਤੀ। ਜਦੋਂ ਉਹ ਹਸਪਤਾਲ਼ ਜਾਣ ਵਾਲ਼ੀ ਸੜਕ 'ਤੇ ਪੁੱਜੇ, ਜਿੱਥੇ ਕੈਦੀ ਟਹਿਲ ਰਹੇ ਸਨ, ਤਾਂ ਹੋਫ਼ਲ ਨੇ ਗੱਲ ਸ਼ੁਰੂ ਕੀਤੀ :

"ਮੈਂ ਤੇਰੇ ਨਾਲ਼ ਇੱਕ ਗੱਲ ਕਰਨੀ ਸੀ।"

"ਕੋਈ ਜ਼ਰੂਰੀ ਗੱਲ ਏ?"

"ਹਾਂ"

ਉਹਨਾਂ ਹੌਲ਼ੀ-ਹੌਲ਼ੀ ਗੱਲਬਾਤ ਕੀਤੀ ਤਾਂ ਜੋ ਕੋਈ ਏਧਰ ਧਿਆਨ ਨਾ ਦੇਵੇ। "ਇੱਕ ਜ਼ਖ਼ਾਰਿਆਸ ਜਾਂਕੋਵਸਕੀ ਨਾਂ ਦਾ ਪੋਲ, ਆਪਣੇ ਨਾਲ਼ ਇੱਕ ਨਿੱਕਾ ਜਿਹਾ ਬੱਚਾ ਲਿਆਇਆ ਏ।"

" ਤੇ ਤੂੰ ਇਸੇ ਨੂੰ ਬੜੀ ਜ਼ਰੂਰੀ ਗੱਲ ਕਹਿੰਦਾ ਏਂ?"

"ਬੱਚਾ ਮੇਰੇ ਕੋਲ਼ ਏ ਸਮਾਨ ਘਰ ਵਿੱਚ!"

"ਕੀ? ਕਿਉਂ?"

"ਮੈਂ ਉਸ ਨੂੰ ਉੱਥੇ ਲੁਕਾ ਦਿੱਤਾ ਏ।"

ਹੋਫ਼ਲ ਨੂੰ ਅੰਨ੍ਹੇਰੇ ਵਿੱਚ ਬੋਖਾਉ ਦਾ ਚਿਹਰਾ ਨਜ਼ਰੀਂ ਨਹੀਂ ਸੀ ਪੈ ਰਿਹਾ। ਕੈਦੀ ਜਿਹੜਾ ਮੀਂਹ ਕਾਰਨ ਸਿਰ ਲੁਕਾਈ ਆ ਰਿਹਾ ਸੀ, ਇਨ੍ਹਾਂ ਨਾਲ਼ ਟਕਰਾਇਆ ਤੇ ਕਾਹਲ਼ੀ ਨਾਲ਼ ਅਗਾਂਹ ਨਿੱਕਲ਼ ਗਿਆ।

ਬੋਖਾਉ ਸੁੰਨ ਜਿਹਾ ਹੋ ਗਿਆ। "ਭਲੇਮਾਣਸਾ! ਤੇਰਾ ਸਿਰ ਤਾਂ ਨਹੀਂ ਫਿਰ ਗਿਆ ?"

ਹੋਫ਼ਲ ਨੇ ਹੱਥ ਚੁੱਕਿਆ "ਹਰਬਰਟ, ਮੇਰੀ ਗੱਲ ਤਾਂ ਸੁਣ..."

"ਮੈਂ ਨਹੀਂ ਸੁਣਨੀ ਤੇਰੀ ਗੱਲ।"

"ਤੈਨੂੰ ਸੁਣਨੀ ਹੀ ਪਏਗੀ।" ਹੋਫ਼ਲ ਨੇ ਜ਼ਿੱਦ ਕੀਤੀ। ਉਹ ਬੋਖਾਉ ਨੂੰ ਜਾਣਦਾ ਸੀ, ਜਿਹੜਾ ਬੜਾ ਕਰੜਾ ਤੇ ਆਪਣੇ ਅਸੂਲ ਦਾ ਪੱਕਾ ਸੀ। ਉਹ ਹੋਰ ਅਗਾਂਹ ਨਿੱਕਲ਼ ਆਏ ਤੇ ਹੋਫ਼ਲ ਦੇ ਦਿਲ ਵਿੱਚ ਅਚਾਨਕ ਇੱਕ ਲਹਿਰ ਜਿਹੀ ਦੌੜ ਗਈ ਤੇ ਬਿਨਾਂ ਸੋਚੇ-ਸਮਝੇ ਉਸ ਨੇ ਆਖਿਆ, "ਘਰ, ਮੇਰਾ ਵੀ ਇੱਕ ਬੱਚਾ ਏ, ਦਸਾਂ ਵਰ੍ਹਿਆਂ ਦਾ, ਮੈਂ ਉਸ ਨੂੰ ਕਦੇ ਨਹੀਂ ਵੇਖਿਆ!"

"ਨਿਰੀ ਭਾਵੁਕ ਬਕਵਾਸ, ਤੈਨੂੰ ਇੱਕ ਬਹੁਤ ਕਰੜੀ ਹਦਾਇਤ ਦਿੱਤੀ ਗਈ ਸੀ ਕਿ ਹਰ ਕਿਸਮ ਦੇ ਝਮੇਲਿਆਂ ਤੋਂ ਅਟੰਕ ਰਹੀਂ, ਭੁੱਲ ਗਿਆ ਏਂ ਉਸ ਨੂੰ ?"

ਹੋਫ਼ਲ ਨੇ ਆਪਣੀ ਸਫ਼ਾਈ ਦਿੰਦੇ ਹੋਏ ਆਖਿਆ, "ਬੱਚਾ ਜੇ ਉਨ੍ਹਾਂ ਲੋਕਾਂ ਦੇ ਹੱਥ ਲੱਗ ਗਿਆ ਤਾਂ ਫਿਰ ਫਸਤਾ ਹੀ ਵੱਢਿਆ ਸਮਝੋ। ਮੈਂ ਤਾਂ ਇੰਝ ਕਰ ਨਹੀਂ ਸਕਦਾ ਕਿ ਉਨ੍ਹਾਂ ਨੂੰ ਫ਼ਾਟਕ ਉੱਤੇ ਲੈ ਜਾਵਾਂ ਤੇ ਆਖਾਂ: "ਲਓ, ਇਹ ਬੱਚਾ ਮੈਨੂੰ ਸੂਟਕੇਸ ਵਿੱਚੋਂ ਮਿਲ਼ਿਆ ਏ।"

ਤੁਰਦੇ-ਤੁਰਦੇ ਉਹ ਦੋਵੇਂ ਹਸਪਤਾਲ਼ ਤੱਕ ਪੁੱਜ ਗਏ ਸਨ। ਮੁੜ ਕੇ ਉਹ ਉਹਨਾਂ ਹੀ ਸੜਕਾਂ 'ਤੇ ਤੁਰਨ ਲੱਗ ਪਏ। ਹੋਫ਼ਲ ਉਸ ਕਰੜਾਈ ਨੂੰ ਅਨੁਭਵ ਕਰ ਰਿਹਾ ਸੀ, ਜਿਹੜੀ ਉਸ ਦੇ ਤੇ ਬੋਖਾਉ ਵਿਚਾਲ਼ੇ ਕੰਧ ਬਣੀ ਖਲੋਤੀ ਸੀ। ਉਸ ਨੇ ਘ੍ਰਿਣਾ ਭਰੇ ਲਹਿਜੇ ਵਿੱਚ ਆਖਿਆ:

"ਹਰਬਰਟ! ਕੀ ਤੇਰੀ ਛਾਤੀ ਵਿੱਚ ਦਿਲ ਨਹੀਂ ?"

"ਅਤੇ ਇਹ ਭਾਵੁਕ ਬਕਵਾਸ ਹੀ ਹੈ ਨਾ ?" ਰੌਂ ਵਿੱਚ ਬੋਖਾਉ ਜ਼ੋਰ ਨਾਲ਼ ਆਖ ਗਿਆ। ਅਚਾਨਕ ਉਹ ਚੁੱਪ ਹੋ ਗਿਆ ਤੇ ਫਿਰ ਹੌਲ਼ੀ ਜਿਹੇ ਕਹਿਣ ਲੱਗਾ "ਮੇਰੀ ਛਾਤੀ ਵਿੱਚ ਦਿਲ ਨਹੀਂ ? ਸੁਆਲ ਇੱਕ ਬੱਚੇ ਦਾ ਨਹੀਂ, ਪੰਜਾਹ ਹਜ਼ਾਰ ਲੋਕਾਂ ਦਾ ਸੁਆਲ ਏ।"

ਹੋਫ਼ਲ ਚੁੱਪਚਾਪ ਬੋਖਾਉ ਦੇ ਨਾਲ਼-ਨਾਲ਼ ਤੁਰ ਰਿਹਾ ਸੀ। ਉਸ ਦੀ ਚਿੰਤਾ ਵਧਦੀ ਜਾਂਦੀ ਸੀ। ਜੇ ਬੋਖਾਉ ਨੂੰ ਇਸ ਬਾਰੇ ਇਤਰਾਜ਼ ਸੀ ਤਾਂ ਤੇ ਉਹ ਕਿਸੇ ਪਾਸੇ ਜੋਗਾ ਨਾ ਰਿਹਾ। ਕੁੱਝ ਕਦਮ ਤੁਰ ਕੇ ਉਸ ਆਖਿਆ, "ਚੰਗਾ, ਤਾਂ ਕੱਲ੍ਹ ਸਵੇਰੇ ਮੈਂ ਬੱਚੇ ਨੂੰ ਫ਼ਾਟਕ ਉੱਤੇ ਪਹੁੰਚਾ ਦਿਆਂਗਾ।"

ਬੋਖਾਉ ਨੇ ਸਿਰ ਨੂੰ ਝਟਕਾ ਜਿਹਾ ਦਿੱਤਾ, "ਦੋ ਪਾਗਲਾਂ ਵਾਲ਼ੀਆਂ ਹਰਕਤਾਂ ਮਿਲ਼ ਕੇ ਕੋਈ ਸਿਆਣੀ ਗੱਲ ਤਾਂ ਨਹੀਂ ਬਣ ਜਾਂਦੀ।"

ਹੁਣ ਹੋਫ਼ਲ ਦੇ ਹੱਥੋਂ ਸਬਰ ਦਾ ਲੜ ਛੁੱਟ ਗਿਆ, "ਬੱਚੇ ਨੂੰ ਮੈਂ ਜਾਂ ਤਾਂ ਲੁਕਾਵਾਂ ਜਾਂ ਫਿਰ ਇਹਨਾਂ ਲੋਕਾਂ ਦੇ ਹਵਾਲੇ ਕਰ ਦਿਆਂ ?"

"ਕੀ ਕਹਿਣਾ ਏ ਤੇਰੀ ਸੂਝ ਤੇ ਅਕਲ ਦਾ..."

"ਤਾਂ ਫਿਰ ਕੀ ਕਰਾਂ ?" ਹੋਫ਼ਲ ਨੇ ਆਪਣੇ ਹੱਥ ਜੇਬ੍ਹਾਂ ਵਿੱਚੋਂ ਬਾਹਰ ਕੱਢ ਲਏ ਤੇ

ਬੇਵਸੀ ਦਾ ਪ੍ਰਗਟਾਅ ਕਰਨ ਲਈ ਫ਼ੈਲਾਅ ਦਿੱਤੇ। ਹੋਫ਼ਲ ਨੂੰ ਠੰਡਾ ਕਰਨ ਲਈ ਤੇ ਆਪ ਆਪਣੇ ਉੱਤੇ ਕਾਬੂ ਰੱਖਣ ਲਈ ਬੋਖਾਉ ਨੇ ਆਖਿਆ :

"ਕਲਰਕਾਂ ਦੇ ਕਮਰੇ ਵਿੱਚ ਮੈਂ ਸੁਣਿਆ ਏ ਕਿ ਇੱਕ ਗੱਡੀ ਜਾਣ ਵਾਲ਼ੀ ਏ। ਮੈਂ ਕੋਸ਼ਿਸ਼ ਕਰਕੇ ਜ਼ਖ਼ਾਰਿਆਸ ਜਾਂਕੋਵਸਕੀ ਨੂੰ ਉਸ ਵਿੱਚ ਸ਼ਾਮਲ ਕਰ ਦਿਆਂਗਾ, ਤੂੰ ਬੱਚਾ ਉਸ ਨੂੰ ਨਾਲ਼ ਲੈ ਜਾਣ ਦੇਵੀਂ।"

ਇਹ ਦੁਖਦਾਈ ਫ਼ੈਸਲਾ ਸੁਣ ਕੇ ਹੋਫ਼ਲ ਨੇ ਅੱਖਾਂ ਬੰਦ ਕਰ ਲਈਆਂ। ਬੋਖਾਉ ਠਹਿਰ ਗਿਆ ਤੇ ਹੋਫ਼ਲ ਦੇ ਐਨ ਨੇੜੇ ਆ ਕੇ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬੋਲਿਆ, "ਹੋਰ ਕੀਤਾ ਵੀ ਕੀ ਜਾ ਸਕਦਾ ਏ ?"

ਹੋਫ਼ਲ ਨੇ ਠੰਡਾ ਸਾਹ ਭਰਿਆ। ਬੋਖਾਉ ਸਮਝ ਰਿਹਾ ਸੀ ਕਿ ਉਸ ਦੇ ਦਿਲ 'ਤੇ ਕੀ ਬੀਤ ਰਹੀ ਏ।

ਜਦੋਂ ਲੋੜਾਂ ਨੂੰ ਪਰਖਣ ਦੀ ਗੱਲ ਆਉਂਦੀ ਤਾਂ ਸਪਸ਼ਟ ਹੈ ਕਿ ਇੱਥੇ ਕੈਂਪ ਦੀਆਂ ਜ਼ਿੰਮੇਵਾਰੀਆਂ ਦਾ ਪੱਲਾ ਭਾਰੀ ਹੁੰਦਾ ਸੀ। ਬੋਖਾਉ ਨੂੰ ਕੌਮਾਂਤਰੀ ਕੈਂਪ ਕਮੇਟੀ ਨੇ ਲੜਾਕੂ ਦਸਤਿਆਂ ਦੀ ਨਿਗਰਾਨੀ ਕਰਨ ਵਾਲ਼ਾ ਤੇ ਇੱਕ ਜ਼ਿੰਮੇਵਾਰ ਬੰਦਾ ਕਰਾਰ ਦਿੱਤਾ ਸੀ। ਕੀ ਉਹ ਇਸ ਦੀ ਆਗਿਆ ਦੇਂਦਾ ਕਿ ਦਸਤੇ ਦਾ ਫ਼ੌਜੀ ਸਿੱਖਿਆ ਦੇਣ ਵਾਲ਼ਾ ਇੱਕ ਬੰਦਾ ਆਪਣੇ ਆਪ ਨੂੰ ਜਾਂ ਤਾਂ ਪੂਰੇ ਦਸਤੇ ਨੂੰ ਹੀ ਇੱਕ ਬੱਚੇ ਦੀ ਖ਼ਾਤਰ ਖ਼ਤਰੇ ਵਿੱਚ ਪਾ ਦੇਵੇ ਜਾਂ ਇਸ ਪੂਰੇ ਕਾਰਖ਼ਾਨੇ ਨੂੰ, ਜਿਹੜਾ ਇੰਨੀਆਂ ਔਕੜਾਂ ਨਾਲ਼ ਪ੍ਰਵਾਨ ਚੜ੍ਹਿਆ ਏ ? ਕਿਹੜਾ ਕਹਿ ਸਕਦਾ ਏ ਕਿ ਇਸ ਅਸਧਾਰਨ ਜਿਹੀ ਗੱਲ ਦਾ ਸਿੱਟਾ ਕੀ ਨਿੱਕਲ਼ ਆਏਗਾ ? ਇੱਕ ਛੋਟਾ ਜਿਹਾ ਬੱਚਾ—ਬਰਫ਼ ਦਾ ਇੱਕ ਗੇਂਦ ਰੋੜ੍ਹ ਦੇਂਦਾ ਏ। ਵੇਖਦੇ-ਵੇਖਦੇ ਉਹ ਬਰਫ਼ ਪਹਾੜੀ ਬਣ ਜਾਂਦੀ ਏ ਤੇ ਹਰ ਸ਼ੈਅ ਹਰ ਬੰਦੇ ਨੂੰ ਦਰੜ ਕੇ ਰੱਖ ਦੇਂਦੀ ਏ।

ਬੋਖਾਉ ਦੀਆਂ ਨਜ਼ਰਾਂ ਹੋਫ਼ਲ 'ਤੇ ਟਿਕੀਆਂ ਹੋਈਆਂ ਸਨ, ਪਰ ਉਸ ਦੇ ਦਿਮਾਗ਼ ਵਿੱਚ ਇਹੋ ਜਿਹੀਆਂ ਸਾਰੀਆਂ ਗੱਲਾਂ ਘੁੰਮ ਰਹੀਆਂ ਸਨ, ਉਹ ਤੁਰਨ ਲਈ ਪਰਤਿਆ ਤੇ ਬਹੁਤ ਹੀ ਗੰਭੀਰ ਹੋ ਕੇ ਬੋਲਿਆ :

"ਕਦੇ ਕਦੇ ਦਿਲ ਬੜੀ ਖ਼ਤਰਨਾਕ ਸ਼ੈਅ ਬਣ ਜਾਂਦਾ ਏ। ਜ਼ਖ਼ਾਰਿਆਸ ਨੂੰ ਸ਼ਾਇਦ ਅਨੁਮਾਨ ਹੋਵੇਗਾ ਕਿ ਬੱਚੇ ਦੀ ਰਾਖੀ ਕਿਵੇਂ ਕੀਤੀ ਜਾਵੇ। ਇੱਥੋਂ ਤੱਕ ਤਾਂ ਬਚਾ ਕੇ ਲੈ ਆਇਆ ਏ, ਹੋ ਸਕਦਾ ਏ ਅਗਾਂਹ ਵੀ ਬਚਾ ਕੇ ਲੈ ਜਾਵੇ।" ਹੋਫ਼ਲ ਚੁੱਪ ਰਿਹਾ। ਉਹ ਹਸਪਤਾਲ਼ ਵਾਲ਼ੀ ਸੜਕ ਉੱਤਰ ਆਏ ਸਨ ਤੇ ਹੁਣ ਬੈਰਕਾਂ ਦੇ ਵਿਚਾਲ਼ੇ ਖੜ੍ਹੇ ਸਨ। ਇੱਥੇ ਵੀ ਸੁੰਨਸਾਨ ਸੀ, ਠੰਢ ਤੇ ਚੁਭਦੇ ਹੋਏ ਮੀਂਹ ਵਿੱਚ ਦੋਵੇਂ ਕੰਬ ਰਹੇ ਸਨ। ਹਨ੍ਹੇਰੇ ਵਿੱਚ ਦੋਹਾਂ ਨੂੰ ਇੱਕ ਦੂਜੇ ਦਾ ਚਿਹਰਾ ਨਜ਼ਰੀਂ ਨਹੀਂ ਸੀ ਪੈ ਰਿਹਾ। ਹੋਫ਼ਲ ਆਪਣੇ ਦੋਵੇਂ ਹੱਥ ਜੇਬ੍ਹਾਂ ਵਿੱਚ ਤੁੰਨੀ, ਮੋਢੇ ਸੁਕੇੜੀ ਠੰਢ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਦੇ ਚੱਜ ਤੋਂ ਜਾਪਦਾ ਸੀ ਕਿ ਉਹ ਜਾਣਾ ਨਹੀਂ ਸੀ ਚਾਹੁੰਦਾ। ਬੋਖਾਉ ਨੇ ਉਸ ਦੇ ਮੋਢੇ ਫੜ ਕੇ ਝੰਜੋੜੇ ਤੇ ਪਿਆਰ ਭਰੇ ਲਹਿਜੇ ਵਿੱਚ ਬੋਲਿਆ, "ਔਕੜਾਂ ਨਾ ਵਧਾ, ਹੁਣ ਤੂੰ ਅੰਦਰ ਜਾਹ, ਫਿਰ ਮੈਂ ਤੈਨੂੰ ਦੱਸਾਂਗਾ, ਕੀ ਕਰਨਾ ਏ ?"

ਉਹ ਇੱਕ ਦੂਜੇ ਤੋਂ ਵਿਛੜ ਗਏ।

ਬੋਖਾਉ ਦੂਰ ਤੱਕ ਹੋਫ਼ਲ ਨੂੰ ਜਾਂਦਾ ਵੇਖਦਾ ਰਿਹਾ। ਉਹ ਥੱਕੇ-ਥੱਕੇ ਪੈਰਾਂ ਨਾਲ਼ ਪਰਤ ਰਿਹਾ ਸੀ। ਬੋਖਾਉ ਨੂੰ ਬੜਾ ਰੰਜ ਹੋਇਆ। ਕਿਸ 'ਤੇ ? ਇਹ ਇਸ ਨੂੰ ਪਤਾ ਨਹੀਂ ਸੀ, ਹੋਫ਼ਲ ਦੀ ਹਾਲਤ ਉੱਤੇ ਜਾਂ ਬੱਚੇ ਦੇ ਹਾਲ 'ਤੇ ਜਾਂ ਉਸ ਪੋਲਿਸ਼ ਦੀ ਹਾਲਤ 'ਤੇ ਜਿਸ ਨੂੰ ਪਤਾ ਤੱਕ ਨਹੀਂ ਸੀ ਕਿ ਉਸ ਦੀ ਕਿਸਮਤ ਦਾ ਫ਼ੈਸਲਾ ਇਸੇ ਸਮੇਂ ਹੋ ਚੁੱਕਿਆ ਹੈ ਅਤੇ ਇਹ ਫ਼ੈਸਲਾ ਉਸ ਦੇ ਸਾਥੀ ਕੈਦੀਆਂ ਨੇ ਕੀਤਾ ਹੈ, ਜਿਹੜੇ ਹਾਲਤ ਦੀ ਮਜ਼ਬੂਰੀ ਕਾਰਨ, ਉਸ ਉੱਤੇ ਜ਼ੋਰ ਪਾ ਸਕਦੇ ਹਨ। ਬੋਖਾਉ ਨੇ ਇਹਨਾਂ ਵਿਚਾਰਾਂ ਨੂੰ ਦਿਲੋਂ ਕੱਢ ਦਿੱਤਾ। ਤੁਰੰਤ ਤੇ ਨਿਡਰ ਹੋ ਕੇ ਕੁੱਝ ਕਰਨ ਦੀ ਲੋੜ ਸੀ ਤੇ ਉਹ ਵੀ ਇਸੇ ਸਮੇਂ। ਉਸ ਨੇ ਕੁੱਝ ਦੇਰ ਸੋਚਿਆ ਤੇ ਤੁਰੰਤ ਬਲਾਕ ਵਿੱਚ ਪਰਤ ਗਿਆ।

ਉਸ ਦਾ ਬਲਾਕ ਸੀਨੀਅਰ ਰੁਨਕੀ, ਹਾਜ਼ਰੀ ਦੀ ਰਿਪੋਰਟ ਤਿਆਰ ਕਰਕੇ ਕੈਂਪ ਸੀਨੀਅਰ ਕੋਲ਼ ਕਲਰਕਾਂ ਵਾਲ਼ੇ ਕਮਰੇ ਵਿੱਚ ਲਿਜਾ ਹੀ ਰਿਹਾ ਸੀ ਕਿ ਬੋਖਾਉ ਨੇ ਉਸ ਨੂੰ ਬੂਹੇ ਉੱਤੇ ਰੋਕ ਲਿਆ। "ਉਰੇ ਲਿਆ, ਮੈਨੂੰ ਦੇ ਦੇ, ਮੈਂ ਆਪ ਹੀ ਲੈ ਜਾਵਾਂਗਾ।"

"ਕੀ ਕੁੱਝ ਗੜਬੜੀ ਏ ?" ਰੁਨਕੀ ਨੇ ਪੁੱਛਿਆ, ਜਿਸ ਨੂੰ ਬੋਖਾਉ ਦਾ ਲਹਿਜਾ ਕੁੱਝ ਓਪਰਾ ਜਿਹਾ ਲੱਗਿਆ ਸੀ।

"ਕੋਈ ਖ਼ਾਸ ਗੱਲ ਨਹੀਂ।"

ਕਲਰਕਾਂ ਵਾਲ਼ੇ ਕਮਰੇ ਦੇ ਨਾਲ਼ ਹੀ ਕੈਂਪ ਸੀਨੀਅਰ ਕਰੈਮਰ ਤੇ ਉਸ ਦੇ ਡਿਪਟੀ ਪਰੋਲ ਦਾ ਦਫ਼ਤਰ ਸੀ। ਸ਼ਾਮ ਦਾ ਕੰਮ ਲਗਭਗ ਮੁੱਕ ਚੁੱਕਿਆ ਸੀ। ਪਰੋਲ ਕਲਰਕਾਂ ਵਾਲ਼ੇ ਕਮਰੇ ਵਿੱਚ ਰੁੱਝਿਆ ਹੋਇਆ ਸੀ। ਕਰੈਮਰ ਵੱਖ-ਵੱਖ ਕੰਮਾਂ ਦੀ ਰਿਪੋਰਟ ਬਲਾਕਾਂ ਦੀ ਰਿਪੋਰਟ ਅਨੁਸਾਰ, ਕੱਲ੍ਹ ਸਵੇਰੇ ਦੀ ਹਾਜ਼ਰੀ ਲਈ ਫਰਦ ਤਿਆਰ ਕਰ ਰਿਹਾ ਸੀ। ਇਸ ਤੋਂ ਬਿਨਾਂ ਬੱਸ ਕੁੱਝ ਹੀ ਬਲਾਕ ਸੀਨੀਅਰ ਤੇ ਕਲਰਕ ਸਨ ਜਿਹੜੇ ਆਪੋ ਆਪਣੀ ਰਿਪੋਰਟ ਦੇ ਚੁੱਕੇ ਸਨ ਤੇ ਖਲੋਤੇ ਗੱਪਾਂ ਮਾਰ ਰਹੇ ਸਨ। ਬੋਖਾਉ ਅੰਦਰ ਆਇਆ। ਪਰ ਇੰਝ ਜਾਪ ਰਿਹਾ ਸੀ ਜਿਵੇਂ ਉਹ ਕਰੈਮਰ ਨੂੰ ਰਿਪੋਰਟ ਦੇਂਦਿਆਂ ਕੁੱਝ ਝਿਜਕ ਰਿਹਾ ਹੋਵੇ। ਕੈਂਪ ਸੀਨੀਅਰ ਕਰੈਮਰ ਸਮਝ ਗਿਆ ਕਿ ਬਲਾਕ ਨੰਬਰ 38 ਦਾ ਕਲਰਕ ਕੁੱਝ ਆਖਣਾ ਚਾਹੁੰਦਾ ਹੈ।

ਕਰੈਮਰ ਦਾ ਸਬੰਧ ਵੀ ਜਾਣਨ ਤੇ ਚੁੱਪ ਰਹਿਣ ਵਾਲ਼ੇ ਹਲਕੇ ਨਾਲ਼ ਸੀ। ਕੌਮਾਂਤਰੀ ਕੈਂਪ ਕਮੇਟੀ ਦੇ ਸਾਥੀਆਂ ਨੇ ਹੀ ਜੋੜ-ਤੋੜ ਕਰ ਕੇ ਉਸ ਨੂੰ ਕੈਂਪ ਸੀਨੀਅਰ ਬਣਵਾਇਆ ਸੀ। ਲੋੜ ਇੱਥੇ ਇੱਕ ਇਤਬਾਰੀ ਸਾਥੀ ਦੀ ਸੀ, ਪਰ ਪਹਿਲਾਂ ਇੱਥੇ ਇੱਕ ਆਦੀ ਜਰਾਇਮ-ਪੇਸ਼ਾ ਕੈਦੀ ਸੀ, ਜਿਸਦੀ ਨਿਯੁਕਤੀ ਆਪ ਕਲੂਟਿਗ ਨੇ ਕੀਤੀ ਸੀ। ਉਸ ਨੇ ਆਪਣੀ ਪਦਵੀ ਦਾ ਲਾਭ ਉਠਾ ਕੇ ਦੋਹਾਂ ਹੱਥਾਂ ਨਾਲ਼ ਧਨ ਬਟੋਰਨਾ ਸ਼ੁਰੂ ਕਰ ਦਿੱਤਾ, ਇਸ ਲਈ ਉਸ ਨੂੰ ਕੱਢ ਦਿੱਤਾ ਗਿਆ। ਤਦ ਕਮੇਟੀ ਦੇ ਲੋਕਾਂ ਨੇ ਬਲਾਕ ਸੀਨੀਅਰ ਵਾਲਟਰ ਕਰੈਮਰ ਦਾ ਨਾਂ ਤਜਵੀਜ ਕੀਤਾ ਤੇ ਕਲੂਟਿਗ ਅਤੇ ਕੈਂਪ ਕਮਾਂਡੈਂਟ ਸ਼ੋਹਾਲ ਦੇ ਝਗੜੇ ਦਾ ਅਜਿਹਾ ਲਾਭ ਉਠਾਇਆ ਕਿ ਕਰੈਮਰ ਨੂੰ ਕੈਂਪ ਦਾ ਸੀਨੀਅਰ ਬਣਾਉਣ ਵਿੱਚ ਸਫ਼ਲ ਹੋ ਗਏ।

ਕਮਾਂਡੈਂਟ ਦਾ ਨਾਈ, ਇੱਕ ਇਤਬਾਰੀ ਕੈਦੀ, ਇਸ ਗੱਲ 'ਤੇ ਨਿਯੁਕਤ ਕੀਤਾ ਗਿਆ, ਜਿਹੜਾ ਹਰ ਸਵੇਰੇ ਸ਼ੋਹਾਲ ਦੀ ਹਜਾਮਤ ਕਰਦਾ ਸੀ। ਕਲੂਟਿਗ ਨੂੰ, ਉਹਨਾਂ ਥਾਵਾਂ 'ਤੇ, ਜਿੱਥੇ ਕੈਦੀ ਲਾਏ ਜਾਂਦੇ ਸਨ, ਜਰਾਇਮ-ਪੇਸ਼ਾ ਪਸੰਦ ਸਨ। ਪਰ ਸ਼ੋਹਾਲ ਸਿਆਣਪ ਤੇ ਸੂਝ-ਬੂਝ ਕਰ ਕੇ ਰਾਜਸੀ ਕੈਦੀਆਂ ਨੂੰ ਪਹਿਲ ਦੇਂਦਾ ਸੀ। ਸੋ ਸ਼ੋਹਾਲ ਨੇ ਤੁਰੰਤ ਆਪਣੇ ਨਾਈ ਦੀ ਗੱਲ, ਹੋਰ ਕਿਸੇ ਗੱਲੋਂ ਨਹੀਂ ਤਾਂ ਇਸ ਲਈ ਮੰਨ ਲਈ ਕਿ ਕਲੂਟਿਗ ਦੀ ਨਾ ਮੰਨੀ ਜਾਏ ਤੇ ਇੱਕ ਰਾਜਸੀ ਕੈਦੀ ਨੂੰ ਕੈਂਪ ਸੀਨੀਅਰ ਬਣਾ ਦਿੱਤਾ।

ਕਰੈਮਰ ਨੇ ਹੋਰ ਲੋਕਾਂ ਤੋਂ ਛੁਟਕਾਰਾ ਪਾ ਕੇ ਬੁਖਾਉ ਵੱਲ ਸੁਆਲੀਆਂ ਨਜ਼ਰਾਂ ਨਾਲ਼ ਵੇਖਿਆ।

ਬੁਖਾਉ ਨੇ ਗੱਲ ਸ਼ੁਰੂ ਕੀਤੀ, "ਇੱਕ ਗ਼ਲਤੀ ਹੋ ਗਈ।"

"ਗੱਲ ਕੀ ਏ ?"

"ਕੀ ਤੂੰ ਕੈਦੀਆਂ ਦੀ ਗੱਡੀ ਭੇਜਣ ਦਾ ਪ੍ਰਬੰਧ ਕਰ ਰਿਹਾ ਏਂ ?"

"ਕਰ ਰਿਹਾ ਹਾਂ, ਪਰ ਗੱਲ ਕੀ ਏ ?" ਕਰੈਮਰ ਨੇ ਪੁੱਛਿਆ।

"ਪਰੋਲ ਉੱਥੇ ਸੂਚੀ ਤਿਆਰ ਕਰ ਰਿਹਾ ਏ।"

"ਸਭ ਤੋਂ ਅਖ਼ੀਰ ਵਿੱਚ ਜਿਹੜੀ ਟੋਲੀ ਆਈ ਏ, ਉਸ ਵਿੱਚ ਇੱਕ ਪੋਲ ਹੈ, ਉਸ ਦਾ ਨਾਂ ਏ, ਜ਼ਖ਼ਾਰਿਆਸ ਜਾਂਕੋਵਸਕੀ। ਉਹ ਛੋਟੇ ਕੈਂਪ ਵਿੱਚ ਹੋਵੇਗਾ। ਕੀ ਤੂੰ ਉਸ ਨੂੰ ਜਾਣ ਵਾਲ਼ੀ ਗੱਡੀ ਵਿੱਚ ਖਪਾ ਸਕਦਾ ਏਂ ?"

"ਕੀ ਹੋਇਆ ਹੈ ਉਸ ਨੂੰ ?"

"ਕੁੱਝ ਨਹੀਂ।" ਬੋਖਾਉ ਨੇ ਭੇਦ ਭਰੇ ਲਹਿਜੇ ਵਿੱਚ ਆਖਿਆ, "ਤੂੰ ਹੋਫ਼ਲ ਨੂੰ ਮਿਲ਼ ਲਵੀਂ, ਉਹ ਤੈਨੂੰ ਇੱਕ ਸ਼ੈਅ ਦੇਵੇਗਾ, ਜਿਹੜੀ ਤੂੰ ਉਸ ਪੋਲਿਸ਼ ਦੇ ਹਵਾਲੇ ਕਰ ਦੇਵੀਂ।"

"ਕਿਹੜੀ ਸ਼ੈਅ ?"

"ਇੱਕ ਬੱਚਾ!"

"ਇੱਕ ਕੀ ?"

ਕਰੈਮਰ ਨੇ ਪੈਨਸਲ ਸੁੱਟ ਦਿੱਤੀ, ਜਿਸ ਨਾਲ਼ ਉਹ ਖ਼ਾਨਾਪੂਰਤੀ ਕਰ ਰਿਹਾ ਸੀ। ਬੋਖਾਉ ਨੇ ਕਰੈਮਰ ਦੀ ਹੈਰਾਨਗੀ ਨੂੰ ਵੇਖਿਆ। "ਮੈਥੋਂ ਹੋਰ ਕੁੱਝ ਨਾ ਪੁੱਛ, ਅੱਤ ਦੀ ਮਜਬੂਰੀ ਏ।"

"ਪਰ ਬੱਚਾ ? ਹਰਬਰਟ! ਰੱਬ ਜਾਣੇ ਗੱਡੀ ਕਿੱਥੇ ਜਾ ਰਹੀ ਏ। ਜਾਣਦਾ ਏਂ, ਇਸ ਦਾ ਅਰਥ ਕੀ ਹੁੰਦਾ ਏ ?"

ਬੋਖਾਉ ਨੂੰ ਤਰੇਲੀਆਂ ਆਉਣ ਲੱਗੀਆਂ।

"ਮੈਂ ਤੈਨੂੰ ਹੋਰ ਕੁੱਝ ਨਹੀਂ ਦੱਸ ਸਕਦਾ।"

ਕਰੈਮਰ ਖੜ੍ਹਾ ਹੋ ਗਿਆ, "ਕਿਹੋ ਜਿਹਾ ਬੱਚਾ ? ਆਖ਼ਰ ਮਾਮਲਾ ਕੀ ਏ ?"

ਬੋਖਾਉ ਨੇ ਉਸ ਦੇ ਸੁਆਲ ਨੂੰ ਟਾਲ਼ ਦਿੱਤਾ,"ਕੁੱਝ ਨਹੀਂ ਅਸਲੀ ਗੱਲ ਇਹ

ਨਹੀਂ।"

ਕਰੈਮਰ ਬੋਲਿਆ, "ਮੈਂ ਸਮਝ ਸਕਦਾ ਹਾਂ, ਹਰਬਰਟ! ਆਮ ਤੌਰ 'ਤੇ ਮੈਂ ਵਧੇਰੇ ਖੜਪੈਂਚੀ ਨਹੀਂ ਕਰਦਾ, ਇਸ ਲਈ ਕਿ ਮੈਨੂੰ ਸਦਾ ਵਿਸ਼ਵਾਸ ਰਹਿੰਦਾ ਏ..."

"ਤਾਂ ਫਿਰ ਪੁੱਛ ਨਾ!"

ਕਰੈਮਰ ਨੇ ਉਸ ਵੱਲ ਵੇਖਿਆ, "ਹਰਬਰਟ, ਤੂੰ ਕਦੇ-ਕਦੇ ਮੇਰੇ ਲਈ ਮੁਸੀਬਤ ਬਣ ਜਾਂਦਾ ਏਂ!"

ਬੋਖਾਉ ਨੇ ਉਸ ਨੂੰ ਤਸੱਲੀ ਦੇਣ ਲਈ ਉਸ ਦੇ ਮੋਢੇ 'ਤੇ ਹੱਥ ਰੱਖਿਆ। "ਇਸ ਕੰਮ ਨੂੰ ਤੇ ਬਿਨਾਂ ਤੇਰੇ ਹੋਰ ਕੋਈ ਨਹੀਂ ਕਰ ਸਕਦਾ। ਹੋਫ਼ਲ ਨੂੰ ਆਖ ਦਿੱਤਾ ਏ। ਉਸ ਨੂੰ ਆਖ ਦੇਵੀਂ ਕਿ ਮੈਂ ਤੈਨੂੰ ਭੇਜਿਆ ਏ।"

ਕਰੈਮਰ ਬੁੜ-ਬੜਾਇਆ। ਉਸ ਦੀ ਤਸੱਲੀ ਨਹੀਂ ਸੀ ਹੋਈ।

ਹੋਫ਼ਲ ਆਪਣੀ ਬੈਰਕ ਵਿੱਚ ਆਉਣ ਤੋਂ ਪਹਿਲਾਂ ਬਲਾਕਾਂ ਵਿਚਲੀਆਂ ਗਲ਼ੀਆਂ ਵਿੱਚ ਟਹਿਲਦਾ ਰਿਹਾ। ਕੁੱਝ ਤਨ-ਸੁਖਾਵੇਂ ਕੈਦੀ ਹੁਣ ਛੂਹਲੇ ਕਦਮਾਂ ਨਾਲ਼ ਆਪਣੇ ਬਲਾਕਾਂ ਵੱਲ ਜਾ ਰਹੇ ਸਨ। ਰੁਕ-ਰੁਕ ਕੇ ਇੱਕ ਸੀਟੀ ਵੱਜਦੀ ਸੀ। ਕੈਂਪ ਸੀਨੀਅਰ, ਸ਼ਾਮ ਦੀ ਜਾਂਚ ਲਈ ਚੱਕਰ ਲਾ ਰਿਹਾ ਸੀ। ਉਸ ਦੀ ਸੀਟੀ ਦਾ ਅਰਥ ਇਹ ਸੀ ਕਿ ਹੁਣ ਕੈਦੀਆਂ ਨੂੰ ਬਾਹਰ ਰਹਿਣ ਦੀ ਆਗਿਆ ਨਹੀਂ। ਸੀਟੀ ਦੀ ਅਵਾਜ਼ ਮੱਠੀ ਪੈਂਦੀ ਗਈ ਤੇ ਦੂਰ ਹੁੰਦੀ ਗਈ। ਮੀਂਹ ਵਿੱਚ ਭਿੱਜੀਆਂ ਬੈਰਕਾਂ ਦੀਆਂ ਛੱਤਾਂ ਚਮਕ ਰਹੀਆਂ ਸਨ। ਹੋਫ਼ਲ ਦੇ ਪੈਰਾਂ ਹੇਠ ਬੱਜਰੀ ਕਚਰ-ਕਚਰ ਕਰ ਰਹੀ ਸੀ। ਕਦੇ-ਕਦੇ ਉਸ ਨੂੰ ਠੋਕਰ ਲੱਗ ਜਾਂਦੀ। ਉਸ ਨੂੰ ਉੱਕਾ ਪਤਾ ਨਹੀਂ ਸੀ ਕਿ ਉਹ ਕਿੱਧਰ ਜਾ ਰਿਹਾ ਹੈ। ਉਸ ਨੂੰ ਬੋਖਾਉ ਉੱਤੇ ਬਹੁਤ ਗੁੱਸਾ ਆ ਰਿਹਾ ਸੀ, ਜਿਵੇਂ ਨਿੱਕਾ ਜਿਹਾ ਬੱਚਾ ਕੋਈ ਸ਼ੈਅ ਹੀ ਨਾ ਹੋਵੇ। ਸਰਦੀ ਨਾਲ਼ ਕੰਬਦਿਆਂ ਹੋਫ਼ਲ ਆਪਣੇ ਬਲਾਕ ਵਿੱਚ ਦਾਖ਼ਲ ਹੋਇਆ। ਖਾਣੇ ਦਾ ਕਮਰਾ ਖ਼ਾਲੀ ਪਿਆ ਸੀ। ਸਾਰੇ ਕੈਦੀ ਲੇਟ ਚੁੱਕੇ ਸਨ। ਕੁੱਝ ਕੰਮ ਕਰਨ ਵਾਲ਼ੇ ਤਰੀ ਦੇ ਪਿਆਲੇ ਖੜਕਾ ਰਹੇ ਸਨ। ਬਲਾਕ ਸੀਨੀਅਰ ਮੇਜ਼ ਦੇ ਕੋਲ਼ ਬਹਿ ਗਿਆ। ਸ਼ਾਮ ਦੀ ਗੋਭੀ ਦੀ ਠੰਡੀ ਤਰੀ ਦੀ ਵਾਸ਼ਨਾ ਅਜੇ ਤੱਕ ਹਾਲ ਵਿੱਚ ਰਚੀ ਹੋਈ ਸੀ ਤੇ ਉਹ ਉਹਨਾਂ ਕੱਪੜਿਆਂ ਦੀ ਮਹਿਕ ਵਿੱਚ ਘੁਲ਼ ਰਹੀ ਸੀ ਜਿਹੜੇ ਬੈਂਚਾਂ ਉੱਤੇ ਤਹਿ ਕਰ ਕੇ ਰੱਖੇ ਹੋਏ ਸਨ। ਹੋਫ਼ਲ ਨੂੰ ਕਿਸੇ ਵੀ ਨਾ ਵੇਖਿਆ। ਉਸ ਆਪਣੇ ਕੱਪੜੇ ਲਾਹੇ ਤੇ ਬੈਂਚ ਉੱਤੇ ਤਹਿ ਕਰ ਕੇ ਰੱਖ ਦਿੱਤੇ।

ਪਰ ਕੀ ਬੋਖਾਉ ਦੀ ਗੱਲ ਠੀਕ ਨਹੀਂ ਸੀ? ਹੋਫ਼ਲ ਨੇ ਸੋਚਿਆ, ਉਹ ਓਪਰਾ ਬੱਚਾ ਮੇਰਾ ਕੀ ਲੱਗਦਾ ਏ, ਉਹ ਤਾਂ ਮੇਰੀ ਧੌਣ ਦੁਆਲ਼ੇ ਚੱਕੀ ਦਾ ਪੁੜ ਏ।

ਹੋਫ਼ਲ ਆਪਣੇ ਦੋਹਾਂ ਹੱਥਾਂ ਨਾਲ਼ ਆਪਣੇ ਚਿਹਰੇ ਨੂੰ ਦਬਾਈ ਰਾਤ ਦੇ ਭੇਤ-ਭਰਪੂਰ ਹਨ੍ਹੇਰੇ ਵਿੱਚ ਝਾਕ ਰਿਹਾ ਸੀ, ਹਰ ਚੌਥੇ ਹਫ਼ਤੇ ਉਹ ਹਨੇਰੇ ਵਿੱਚ ਇੱਕ ਖ਼ਤ ਭੇਜਦਾ : "ਡੋਰਾ ਮੈਂ ਠੀਕ ਹਾਂ, ਚੰਗੀ ਤਰ੍ਹਾਂ ਹਾਂ। ਸਾਡਾ ਪੁੱਤਰ ਕਿਹੋ ਜਿਹਾ ਏ?" ਅਤੇ ਹਰ ਹਫ਼ਤੇ ਹਨ੍ਹੇਰੇ ਵਿੱਚ ਇੱਕ ਚਿੱਠੀ ਉਸ ਕੋਲ਼ ਆਉਂਦੀ ਤੇ ਹਰ ਵਾਰ ਉਸ ਦੀ ਪਤਨੀ ਲਿਖਦੀ : ਮੈਂ

ਤੈਨੂੰ ਘੁੱਟ ਕੇ ਪਿਆਰ ਕਰਦੀ ਆਂ।"

ਉਹ ਚਿੱਠੀ ਕਿਸ ਦੁਨੀਆਂ ਤੋਂ ਆਉਂਦੀ ? ਮੇਰੇ ਪ੍ਰਮਾਤਮਾ, ਕਿਹੜੀ ਦੁਨੀਆਂ ਤੋਂ ? ਨਿਰਸੰਦੇਹ ਇੱਕ ਅਜਿਹੀ ਦੁਨੀਆਂ ਤੋਂ, ਜਿੱਥੇ ਬੱਚੇ ਵੀ ਸਨ। ਹਾਂ ਇਹ ਠੀਕ ਹੈ ਕਿ ਉਹਨਾਂ ਨੂੰ ਪੈਰਾਂ ਤੋਂ ਫੜ ਕੇ... ਬਿੱਲੀ ਦੇ ਬੱਚਿਆਂ ਵਾਂਗ ਹਵਾ ਵਿੱਚ ਨਹੀਂ ਸੀ ਉਛਾਲ਼ਿਆ ਜਾਂਦਾ ਅਤੇ ਨਾ ਹੀ ਉਹਨਾਂ ਦੇ ਸਿਰ ਕੰਧ ਨਾਲ਼ ਪਟਕਾ ਕੇ ਫੀਤਾ-ਫੀਤਾ ਕੀਤੇ ਜਾਂਦੇ ਸਨ। ਯਾਦ-ਸ਼ਕਤੀ ਨੇ ਉਸ ਦੇ ਵਿਚਾਰਾਂ ਨੂੰ ਉਦਾਸ ਕਰ ਦਿੱਤਾ ਤੇ ਫਿਰ ਉਹ ਅਲੋਪ ਹੋ ਗਏ ਤੇ ਇੱਕੋ ਵਾਰ ਉਸ ਨੂੰ ਆਪਣੇ ਚਿਹਰੇ ਉੱਤੇ ਆਪਣੇ ਗਰਮ ਹੱਥਾਂ ਦਾ ਦਬਾਅ ਮਹਿਸੂਸ ਹੋਣ ਲੱਗਾ। ਅਚਾਨਕ ਉਸ ਨੂੰ ਇੰਝ ਲੱਗਿਆ ਜਿਵੇਂ ਹਨ੍ਹੇਰੇ ਵਿੱਚੋਂ ਦੋ ਹੱਥ ਵਧ ਕੇ ਉਸ ਦੇ ਚਿਹਰੇ ਨੂੰ ਦਬਾ ਰਹੇ ਹਨ ਤੇ ਇੱਕ ਨਿਰਅਕਾਰ ਅਵਾਜ਼ ਕਹਿ ਰਹੀ ਹੈ, "ਆਂਦਰੇ... ਅਜਿਹਾ ਮਸੀਜਨ ਨਿੱਕਾ ਜਿਹਾ ਬੱਚਾ..." ਹੋਫ਼ਲ ਤ੍ਰਭਕ ਪਿਆ। ਕੀ ਮੈਂ ਪਾਗ਼ਲ ਹੋ ਗਿਆ ਹਾਂ ?

ਉਸ ਨੇ ਆਪਣੇ ਹੱਥਾਂ ਨੂੰ ਡਿੱਗਣ ਦਿੱਤਾ। ਹਵਾ ਦੀ ਠੰਡਕ ਨੇ ਉਸ ਦੀਆਂ ਗੱਲ੍ਹਾਂ ਨੂੰ ਥਪਕਿਆ। ਹੋਫ਼ਲ ਨੇ ਆਪਣੇ ਹੱਥਾਂ ਨੂੰ ਵੇਖਿਆ। ਜਿਹੜੇ ਹੁਣ ਜਾਦੂ ਦੇ ਅਸਰ ਤੋਂ ਅਜ਼ਾਦ ਹੋ ਕੇ ਪਤਲੂਣ ਤੇ ਕੋਟ ਨੂੰ ਤਹਿ ਕਰ ਰਹੇ ਸਨ ਤਾਂ ਜੋ ਉਸ ਦਾ ਨੰਬਰ ਉੱਪਰ ਵੱਲ ਰਹੇ।

ਹਾਂ, ਬੋਖਾਉ ਨੇ ਠੀਕ ਆਖਿਆ ਹੈ। ਬੱਚੇ ਨੂੰ ਚਲਿਆ ਜਾਣਾ ਚਾਹੀਦਾ ਹੈ। ਇੱਥੇ ਤਾਂ ਹਰ ਬੰਦੇ ਲਈ ਖ਼ਤਰਾ ਹੈ। ਇਸ ਨੂੰ ਇੱਥੋਂ ਕੱਢ ਲੈ ਜਾਣ ਲਈ ਪੋਲ ਨੂੰ ਕੁੱਝ ਨਾ ਕੁੱਝ ਕਰਨਾ ਹੀ ਪਵੇਗਾ। ਹੋਫ਼ਲ ਸੌਣ ਦੇ ਕਮਰੇ ਵਿੱਚ ਆ ਗਿਆ। ਜਾਣੀ ਪਹਿਚਾਣੀ ਬੂ ਉਸ ਨੂੰ ਯਥਾਰਥ ਦੀ ਦੁਨੀਆ ਵਿੱਚ ਲੈ ਆਈ...।

"ਮੈਂ ਤੈਨੂੰ ਘੁੱਟ ਕੇ ਪਿਆਰ ਕਰਦੀ ਹਾਂ।"... ਹੋਫ਼ਲ ਤੂੜੀ ਨਾਲ਼ ਭਰੇ ਬੋਰੇ ਉੱਤੇ ਲੇਟ ਗਿਆ ਤੇ ਕੰਬਲ਼ ਉਸ ਨੇ ਆਪਣੇ ਉੱਪਰ ਤਾਣ ਲਿਆ। ਸੌਣ ਦੇ ਕਮਰੇ ਵਿੱਚ ਇੱਕ ਦੇ ਉੱਪਰ ਤਿੰਨ-ਤਿੰਨ ਖੱਡੀਆਂ ਬਣੀਆਂ ਹੋਈਆਂ ਸਨ। ਲੋਕਾਂ ਦੀਆਂ ਤੀਹਰੀਆਂ ਕਤਾਰਾਂ ਕਿਸੇ ਤਰ੍ਹਾਂ ਚੁੱਪ ਹੋਣ ਵਿੱਚ ਵੀ ਨਹੀਂ ਸਨ ਆਉਂਦੀਆਂ। ਇਸ ਖ਼ਬਰ ਨੇ ਇੱਕ ਰੇਮਾਗਨ ਦੇ ਕੋਲ਼ ਅਮਰੀਕਨਾਂ ਨੇ ਰਾਈਨ ਦਰਿਆ ਨੂੰ ਪਾਰ ਕਰ ਲਿਆ ਹੈ, ਕੈਦੀਆਂ ਵਿੱਚ ਹਿਲ-ਜੁੱਲ ਮਚਾ ਦਿੱਤੀ ਸੀ। ਹੋਫ਼ਲ ਦੇ ਚਾਰੇ ਪਾਸੇ ਘੁਸਰ-ਮੁਸਰ ਹੋ ਰਹੀ ਸੀ। ਉਸ ਦਾ ਗਵਾਂਢੀ ਚੈਨ ਨਾਲ਼ ਸੌਂ ਰਿਹਾ ਸੀ ਅਤੇ ਹੋਫ਼ਲ ਨੂੰ ਅਹਿਸਾਸ ਹੋਇਆ ਕਿ ਉਹ ਵੀ ਇਹੋ ਸੋਚ ਰਿਹਾ ਕਿ ਹੁਣ ਬਹੁਤੇ ਦਿਨਾਂ ਦੀ ਗੱਲ ਨਹੀਂ ਅਤੇ ਸ਼ਾਇਦ ਉਹ ਬੱਚਾ, ਜਿਹੜਾ ਉੱਥੇ ਉਸ ਨੁੱਕਰ ਵਿੱਚ ਦਬਕਿਆ ਪਿਆ ਹੈ... ਉਹ ਬਿਨਾਂ ਕਿਸੇ ਇਰਾਦੇ ਦੇ ਇਹ ਘੁਸਰ ਮੁਸਰ ਸੁਣ ਰਿਹਾ ਸੀ, ਜਿਸ ਦੀ ਮੱਧਮ ਅਵਾਜ਼ ਉਸ ਨੂੰ ਲੋਰੀ ਜਿਹਾ ਸੁੱਖ ਦੇ ਰਹੀ ਸੀ। ਅਜਿਹਾ ਸੁੱਖ ਜਿਹੜਾ ਟੂਰ ਵਾਲ਼ੇ ਹੱਥਾਂ ਤੋਂ ਮਿਲ਼ਦਾ ਸੀ, ਜਿਹੜੇ ਕਿਸੇ ਹੋਰ ਦੇ ਸਨ... ਅਚਾਨਕ ਹੋਫ਼ਲ ਨੇ ਆਪਣੀਆਂ ਅੱਖਾਂ ਖੋਲ੍ਹ ਦਿੱਤੀਆਂ ਤੇ ਛੇਤੀ ਨਾਲ਼ ਪਾਸਾ ਪਰਤ ਲਿਆ। ਨਹੀਂ, ਇਸ ਨੂੰ ਖ਼ਿਆਲ ਵਿੱਚੋਂ ਕੱਢ ਦੇਣਾ ਹੈ, ਕੱਢ ਦੇਣਾ ਹੈ, ਬੱਚੇ ਨੇ ਜਾਣਾ ਹੈ, ਕੱਲ੍ਹ-ਪਰਸੋਂ।

ਚਾਰ

ਕੈਂਪ ਕਮਾਂਡੈਂਟ ਸ਼ੋਹਾਲ, ਇਸ ਸ਼ਾਮ ਅਜੇ ਤੱਕ ਦਫ਼ਤਰ ਵਿੱਚ ਹੀ ਮੌਜੂਦ ਸੀ। ਉਸ ਦੇ ਨਾਲ਼ ਦੋਵੇਂ ਕੈਂਪ ਫ਼ੋਹਰਰ ਵਾਈਸਾਂਕ ਤੇ ਕਲੂਟਿਗ ਵੀ ਸਨ। ਸ਼ੋਹਾਲ ਮਧਰੇ ਜਿਹੇ ਕੱਦ ਦਾ ਬੰਦਾ ਸੀ। ਸਭ ਤੋਂ ਵੱਧ ਉਮਰ, ਮੋਟਾ ਹੋ ਰਿਹਾ ਸਰੀਰ, ਚਿਹਰੇ ਦਾ ਮਾਸ ਲਮਕਦਾ ਹੋਇਆ, ਗੱਲ ਕਰਨ ਸਮੇਂ ਕਿਸੇ ਮੇਜ਼, ਕੁਰਸੀ ਜਾਂ ਅਲਮਾਰੀ ਦੁਆਲ਼ੇ ਘੁੰਮਦੇ ਰਹਿਣਾ ਉਸ ਦੀ ਆਦਤ ਸੀ। ਇਸੇ ਲਈ ਉਸ ਦੇ ਕਮਰੇ ਵਿੱਚ, ਜਿਹੜਾ ਬੜੇ ਠਾਠ ਨਾਲ਼ ਸਜਾਇਆ ਹੋਇਆ ਸੀ, ਇੱਕ ਵੱਡੀ ਮੇਜ਼ ਵਿਚਕਾਰ ਹੀ ਪਈ ਰਹਿੰਦੀ ਸੀ, ਕਮਾਂਡੈਂਟ ਨੂੰ ਖਾਣੇ ਮਗਰੋਂ ਭਾਸ਼ਣ ਝਾੜਨ ਦਾ ਕਾਫ਼ੀ ਅਭਿਆਸ ਸੀ। ਹਰ ਗੱਲ ਨਾਲ਼ ਹੱਥਾਂ ਨੂੰ ਘੁਮਾਂਦਿਆਂ ਇਸ਼ਾਰੇ ਵੀ ਕਰਦਾ ਤੇ ਇੱਕ ਗੱਲ ਆਖ ਕੇ ਰਤਾ ਕੁ ਰੁਕ ਹੀ ਜਾਂਦਾ ਕਿ ਉਸ ਦਾ ਅਸਰ ਵੇਖ ਲਵੇ। ਰਾਈਨ ਦਰਿਆ ਦੇ ਇਸ ਪਾਸੇ ਵੱਲ ਅਮਰੀਕਨਾਂ ਦੇ ਉੱਤਰ ਜਾਣ ਨਾਲ਼ ਉਸ ਨੂੰ ਤੇ ਉਸ ਤੋਂ ਵੀ ਵੱਧ ਕਲੂਟਿਗ ਨੂੰ ਬੇਚੈਨੀ ਸੀ। ਮਿਲ਼ਣ ਦੀ ਸ਼ਾਨਦਾਰ ਮੇਜ਼ ਦੇ ਇੱਕ ਪਾਸੇ ਸੋਫ਼ੇ ਉੱਤੇ ਵਾਈਸਾਂਕ ਲੱਤਾਂ ਖਿਲਾਰੀ ਬੈਠਾ ਸੀ। ਸਾਹਮਣੇ ਲੁੱਟ ਵਿੱਚ ਮਿਲ਼ੀ ਫ਼ਰਾਂਸੀਸੀ ਕੋਨੀਅਕ ਦੀ ਬੋਤਲ ਪਈ ਸੀ ਤੇ ਉਹ ਇਸ ਬਹਿਸ ਨੂੰ ਬੜੇ ਧਿਆਨ ਨਾਲ਼ ਸੁਣ ਰਿਹਾ ਸੀ, ਜਿਹੜੀ ਸ਼ੋਹਾਲ ਤੇ ਕਲੂਟਿਗ ਵਿਚਾਲ਼ੇ ਛਿੜ ਪਈ ਸੀ। ਵਾਈਸਾਂਕ ਕਾਫ਼ੀ ਪੀ ਚੁੱਕਿਆ ਸੀ। ਉਹ ਆਪਣੇ ਮਾਲਕ ਦੀ ਹਰ ਹਰਕਤ ਕੁੱਤੇ ਦੀਆਂ ਧੁੰਦਲਾਈਆਂ ਅੱਖਾਂ ਵਾਂਗ ਵੇਖ ਰਿਹਾ ਸੀ।

ਰਾਈਨ ਦਰਿਆ ਨੂੰ ਪਾਰ ਕਰ ਲੈਣ ਮਗਰੋਂ ਜਿਹੜੀਆਂ ਘਟਨਾਵਾਂ ਵਾਪਰ ਸਕਦੀਆਂ ਸਨ, ਉਨ੍ਹਾਂ ਦਾ ਅਨੁਮਾਨ ਲਾ ਕੇ ਸ਼ੋਹਾਲ ਨੇ ਡਾਕਟਰੀ ਸਹਾਇਤਾ ਦੀ ਇੱਕ ਵਿਉਂਤ ਬਣਾਈ ਸੀ। ਕੈਦੀਆਂ ਦੀ ਇੱਕ ਟੋਲੀ ਹਵਾਈ ਹਮਲੇ ਦੇ ਲਗਾਤਾਰ ਅਲਾਰਮ ਵਿਚਾਲ਼ੇ ਤੇ ਕੈਂਪ ਉੱਤੇ ਹਮਲੇ ਦੀ ਹਾਲਤ ਵਿੱਚ ਨਾਜ਼ੀਆਂ ਦੀ ਸਹਾਇਤਾ ਕਰੇਗੀ। ਇਸ ਦਸਤੇ ਦੀ ਬਣਤਰ ਉੱਤੇ ਬਹਿਸ ਛਿੜ ਪਈ ਸੀ, ਜਿਸ ਬਾਰੇ ਗ਼ਰਮੀ ਵਧਦੀ ਜਾ ਰਹੀ ਸੀ। ਲੰਮਾ ਤੇ ਹੱਡਲ ਕਲੂਟਿਗ, ਜਿਹੜਾ ਲਗਭਗ ਪੈਂਤੀਆਂ ਦਾ ਸੀ ਤੇ ਜਿਸ ਦਾ ਨੱਕ ਲੰਮਾ ਪਕੌੜੇ ਵਰਗਾ ਸੀ, ਮੇਜ਼ ਦੇ ਸਾਹਮਣੇ ਖਲੋਤਾ ਸੀ। ਉਸ ਦੀਆਂ ਕਮਜ਼ੋਰ ਤੇ ਭੈੜੀ ਤਰ੍ਹਾਂ ਸੁੱਜੀਆਂ ਹੋਈਆਂ ਅੱਖਾਂ ਐਨਕ ਦੇ ਸ਼ੀਸ਼ਿਆਂ ਵਿੱਚੋਂ ਜ਼ਹਿਰੀ ਨਜ਼ਰਾਂ ਨਾਲ਼ ਛੇਕ ਪਾ ਰਹੀਆਂ ਸਨ। ਉਸ ਦੇ ਕਮਾਂਡੈਂਟ ਨਾਲ਼ ਅਜਿਹੇ ਮੱਤਭੇਦ ਸਨ, ਜਿਹੜੇ ਦੂਰ ਨਹੀਂ ਸਨ ਹੋ ਸਕਦੇ ਅਤੇ ਇੰਝ ਜਿਹੜੇ ਅਜਿਹੀ ਖ਼ਤਰਨਾਕ ਸਥਿਤੀ ਵਿੱਚ ਉੱਬਲ਼ ਕੇ ਬਾਹਰ ਆ ਗਏ ਸਨ। ਕਲੂਟਿਗ ਇਸ ਗੱਲ ਨੂੰ ਲੁਕਾ ਕੇ ਨਹੀਂ ਸੀ ਰਖਦਾ ਕਿ ਉਸ ਦੇ ਦਿਲ ਵਿੱਚ ਸ਼ੋਹਾਲ ਦੀ ਮਾਸਾ ਜਿੰਨੀ ਵੀ ਇੱਜ਼ਤ ਨਹੀਂ।

ਅਰੰਭ ਵਿੱਚ ਡਾਕਟਰੀ ਦਸਤੇ ਦੀ ਬਣਤਰ ਬਾਰੇ ਝਗੜਾ ਸੀ। ਕਲੂਟਿਗ ਨੇ ਸ਼ੋਹਾਲ ਦੇ ਇਸ ਵਿਚਾਰ ਦੀ ਕਰੜੀ ਵਿਰੋਧਤਾ ਕੀਤੀ ਕਿ ਕੇਵਲ ਲੰਮੀ ਮਿਆਦ ਵਾਲ਼ੇ ਰਾਜਸੀ ਕੈਦੀਆਂ ਨੂੰ ਵਰਤਿਆ ਜਾਵੇ। ਸ਼ੋਹਾਲ ਕਿਉਂਕਿ ਕੈਂਪ ਕਮਾਂਡੈਂਟ ਸੀ, ਇਸ ਲਈ ਉਹ ਕਲੂਟਿਗ ਨੂੰ ਜੋ ਪਹਿਲਾਂ ਇੱਕ ਦੁਕਾਨਦਾਰ ਹੁੰਦਾ ਸੀ, ਬੜੇ ਸਹਿਯੋਗੀ ਭਾਸ਼ਣ ਦੇ ਸਕਦਾ ਸੀ।

"ਭਲਿਆ ਲੋਕਾ, ਤੇਰੇ ਵਿੱਚ ਜਿਹੜੀ ਸ਼ੈਅ ਦੀ ਘਾਟ ਏ...ਉਹ ਏ ਬੰਦਿਆਂ ਦੀ ਪਹਿਚਾਣ ਤੇ ਦੂਰ ਦ੍ਰਿਸ਼ਟੀ। ਅਸੀਂ ਕਮਿਊਨਿਸਟਾਂ ਦੇ ਡਸਿਪਲਿਨ ਦਾ ਲਾਭ ਉਠਾਉਣਾ ਚਾਹੁੰਦੇ ਆਂ। ਇਹਨਾਂ ਵਿੱਚੋਂ ਕੋਈ ਵੀ ਸਾਡੇ ਪੰਜੇ ਵਿੱਚੋਂ ਤਾਂ ਨਿੱਕਲ਼ ਨਹੀਂ ਸਕਦਾ ਅਤੇ ਉਹ ਲੇਂਬੂ ਵਾਂਗ ਜੁੜ ਕੇ ਕੰਮ ਕਰਦੇ ਹਨ।"

ਕਲੂਟਿਗ ਗੁੱਸੇ ਨਾਲ਼ ਬੜ੍ਹਕਣ ਲੱਗ ਪੈਂਦਾ, ਉਸ ਦੇ ਜਵਾਬ ਵਿੱਚ ਤੀਖਣਤਾ ਵਧਦੀ ਜਾ ਰਹੀ ਸੀ ਅਤੇ ਉਸ ਦੀ ਅਵਾਜ਼ ਵਿੱਚ ਉਹ ਘਟੀਆ ਕਾਟਵਾਂ ਲਹਿਜਾ ਪੈਦਾ ਹੋ ਗਿਆ ਸੀ, ਜਿਸ ਤੋਂ ਸ਼ੋਹਾਲ ਦਿਲ ਹੀ ਦਿਲ ਵਿੱਚ ਡਰਦਾ ਸੀ, ਇਸ ਲਈ ਕਿ ਉਸ ਤੋਂ ਉਸ ਨੂੰ ਆਪਣੇ ਪੁਰਾਣੇ ਡਰਾਈਵਰ ਦੀ ਯਾਦ ਆ ਜਾਂਦੀ ਸੀ :

"ਮੈਂ ਤੁਹਾਡਾ ਧਿਆਨ ਇਸ ਪਾਸੇ ਦਵਾਉਣਾ ਚਾਹੁੰਦਾ ਹਾਂ ਕਿ ਅਜਿਹੀ ਹਾਲਤ ਵਿੱਚ ਕਮਿਊਨਿਸਟਾਂ ਤੋਂ ਲਾਭ ਉਠਾਉਣਾ ਖ਼ਤਰਨਾਕ ਹੈ, ਇਹਨਾਂ ਦੀ ਥਾਂ ਦੂਜੇ ਕੈਦੀਆਂ ਤੋਂ ਕੰਮ ਕੱਢੋ!"

ਸ਼ੋਹਾਲ ਅਸੀਲ ਕੁੱਕੜ ਵਾਂਗ ਆਕੜਨ ਲੱਗਾ : "ਸ਼ੇ ਹੈ, ਹੇ, ਹੇ, ਹੇ, ਹੇ," ਉਸ ਨੇ ਆਖਿਆ ਤੇ ਕਲੂਟਿਗ ਦੇ ਸਾਹਮਣੇ ਆ ਖਲੋਤਾ। ਆਪਣੇ ਮੋਢੇ ਸਿੱਧੇ ਕਰ ਕੇ ਤੇ ਢਿੱਡ ਫੁਲਾ ਕੇ ਬੋਲਿਆ :

"ਦੂਜੇ ਕੈਦੀ ? ਜਰਾਇਮ-ਪੇਸ਼ਾ ? ਗੁੰਡੇ ?"

"ਇੱਥੇ ਕੈਂਪ ਵਿੱਚ ਕਮਿਊਨਿਸਟਾਂ ਦੀ ਲੁਕਵੀਂ ਜੱਥੇਬੰਦੀ ਏ!"

"ਤਾਂ ਫਿਰ ਉਹ ਕਰ ਕੀ ਲੈਣਗੇ ?" ਸ਼ੋਹਾਲ ਨੇ ਮੇਜ਼ ਦੇ ਚਾਰੇ ਪਾਸੇ ਟਹਿਲਣਾ ਸ਼ੁਰੂ ਕਰ ਦਿੱਤਾ।

"ਕੈਂਪ ਵਿੱਚ ਇੱਕ ਲੁਕਵਾਂ ਟਰਾਂਸਮੀਟਰ ਹੈ।" ਆਸ ਤੋਂ ਉਲਟ ਕਲੂਟਿਗ ਮੇਜ਼ ਦੇ ਬਿਲਕੁਲ ਨੇੜੇ ਆ ਗਿਆ ਤੇ ਸ਼ੋਹਾਲ ਦੀ ਚਹਿਲ-ਕਦਮੀ ਵਿੱਚ ਗੜਬੜੀ ਪੈਦਾ ਹੋ ਗਈ।

ਕਮਾਂਡੈਂਟ ਨੂੰ ਇਹ ਸਾਂਗ ਰਚਣ ਵਿੱਚ ਬੜੀ ਯੋਗਤਾ ਪ੍ਰਾਪਤ ਸੀ ਕਿ ਉਹ ਵੱਡਾ ਅਫ਼ਸਰ ਹੋਣ ਦੇ ਬਾਵਜੂਦ ਆਪਣੇ ਮਾਤਹਿਤ ਨਾਲ਼ ਬੜੀ ਨਰਮੀ ਦਾ ਵਰਤਾਓ ਕਰਦਾ ਸੀ। ਉਸ ਕਲੂਟਿਗ ਦੀ ਵਰਦੀ ਦੇ ਇੱਕ ਬਟਨ ਉੱਤੇ ਉਂਗਲ ਰੱਖਦਿਆਂ ਆਖਿਆ, "ਤੈਨੂੰ ਸ਼ਾਇਦ ਪਤਾ ਨਹੀਂ ਕਿ ਮੈਂ ਇੱਕ ਵਾਰ ਰੁਖ਼ ਲੱਭਣ ਵਾਲ਼ਾ ਆਲ਼ਾ ਵਰਤਿਆ ਸੀ। ਸਿੱਟਾ ? ਕੁੱਝ ਵੀ ਨਾ ਨਿੱਕਲ਼ਿਆ, ਘਬਰਾਹਟ ਵਿੱਚ ਆਉਣ ਦੀ ਕੋਈ ਲੋੜ ਨਹੀਂ, ਕੈਪਟਨ!"

"ਮੈਂ ਤੁਹਾਡੇ ਠਰ੍ਹੰਮੇ ਤੇ ਸੰਤੋਖ ਦੀ ਦਾਦ ਦੇਂਦਾ ਹਾਂ, ਕਮਾਂਡੈਂਟ!"

ਦੋਹਾਂ ਇੱਕ ਦੂਜੇ ਨੂੰ ਨਿੱਘ ਰਹਿਤ ਨਜ਼ਰਾਂ ਨਾਲ਼ ਵੇਖਿਆ। ਸ਼ੋਹਾਲ ਨੂੰ ਇੰਝ ਭਾਸਿਆ ਕਿ ਉਸਦੀ ਛਾਤੀ ਫ਼ਟਦੀ ਜਾ ਰਹੀ ਹੈ, ਪਰ ਉਹ ਵਿਖਾਵੇ ਵਜੋਂ ਆਪਣੇ ਉੱਪਰ ਕਾਬੂ ਨਾ ਰੱਖ ਸਕਿਆ ਤੇ ਅਚਾਨਕ ਬੋਲ ਪਿਆ :

"ਤੇਰੇ ਵਾਂਗ ਮੇਰੇ ਹੱਥ-ਪੈਰ ਨਹੀਂ ਫੁੱਲ ਜਾਂਦੇ। ਜੇ ਮੈਂ ਹੁਕਮ ਦਿਆਂ ਤਾਂ ਅੱਧੇ ਘੰਟੇ ਦੇ ਅੰਦਰ-ਅੰਦਰ ਪੂਰੇ ਕੈਂਪ ਨੂੰ ਗੋਲ਼ੀ ਨਾਲ਼ ਉਡਾ ਦਿੱਤਾ ਜਾਵੇਗਾ। ਪੂਰੇ ਕੈਂਪ ਨੂੰ ਸਮਝਿਆ ?

ਤੇਰੀ ਕਮਿਊਨਿਸਟ ਜੱਥੇਬੰਦੀ ਸਮੇਤ!"

ਪਰ ਕਲੂਟਿਗ ਦੇ ਸਬਰ ਦਾ ਪਿਆਲਾ ਵੀ ਨੱਕੋ-ਨੱਕ ਭਰ ਚੁੱਕਿਆ ਸੀ। ਉਸ ਦਾ ਹੱਡਲ਼ ਚਿਹਰਾ ਤਣਿਆ ਗਿਆ ਤੇ ਉਹ ਸ਼ੋਹਾਲ ਨੂੰ ਇਸ ਤਰ੍ਹਾਂ ਘੁਰਕੀ ਲੈ ਕੇ ਪਿਆ ਕਿ ਵੀਸਾਂਗਕ ਦੋਹਾਂ ਦੇ ਵਿਚਾਲ਼ੇ ਆ ਗਿਆ ਤੇ ਕਲੂਟਿਗ ਨੂੰ ਉੱਥੋਂ ਹਟਾਉਣ ਦੀ ਕੋਸ਼ਿਸ਼ ਕਰਨ ਲੱਗਾ, "ਕਲੂਟਿਗ ਸ਼ਾਂਤ ਹੋ, ਗੱਲ ਤਾਂ ਸੁਣ..."

ਕਲੂਟਿਗ ਨੇ ਘ੍ਰਿਣਾ ਨਾਲ਼ ਮੇਜਰ ਨੂੰ ਇੱਕ ਪਾਸੇ ਧੱਕ ਦਿੱਤਾ "ਇੱਕ ਪਾਸੇ ਹੋ, ਬੁੱਢੂਆ..." ਉਹ ਸ਼ੋਹਾਲ ਨੂੰ ਚੀਕ-ਚੀਕ ਕੇ ਆਖਦਾ ਰਿਹਾ : "ਹੋ ਸਕਦਾ ਏ, ਉਨ੍ਹਾਂ ਲੋਕਾਂ ਕੋਲ਼ ਅਸਲਾ ਵੀ ਹੋਵੇ ਤੇ ਤੂੰ ਕੁੱਝ ਵੀ ਨਹੀਂ ਕਰ ਰਿਹਾ? ਹੋ ਸਕਦਾ ਹੈ ਉਨ੍ਹਾਂ ਅਮਰੀਕਨਾਂ ਨਾਲ਼ ਚਿੱਠੀ-ਚਪੱਠੀ ਦਾ ਸਬੰਧ ਵੀ ਕਾਇਮ ਕਰ ਲਿਆ ਹੋਵੇ, ਮੈਂ ਤੇਰਾ ਹੁਕਮ ਮੰਨਣ ਤੋਂ ਇਨਕਾਰੀ ਹਾਂ।"

ਵੀਸਾਂਗਕ ਨੇ ਮੁੜ ਵਿੱਚ-ਵਿਚਾਲ਼ਾ ਕਰਾਉਣ ਦੀ ਕੋਸ਼ਿਸ਼ ਕੀਤੀ "ਤੈਨੂੰ ਕੋਈ ਹੁਕਮ ਨਹੀਂ ਦੇ ਰਿਹਾ, ਰੀਨਬੂਥ ਨੂੰ ਹੁਕਮ ਦਿੱਤਾ ਜਾਏਗਾ..."

ਪਰ ਅੱਗ ਵਾਂਗ ਲਾਲ ਕਲੂਟਿਗ ਨੇ ਉਸ ਨੂੰ ਡਾਂਟਿਆ : "ਤੂੰ ਆਪਣਾ ਮੂੰਹ ਬੰਦ ਰੱਖ!"

"ਕੈਪਟਨ!" ਸ਼ੋਹਾਲ ਨੇ ਕੰਬਦੀ ਹੋਈ ਅਵਾਜ਼ ਵਿੱਚ ਡਾਂਟਿਆ।

"ਮੈਂ ਕੋਈ ਹੁਕਮ ਨਹੀਂ ਸੁਣਦਾ..."

"ਮੈਂ ਹੁਣ ਵੀ ਇੱਥੇ ਕਮਾਂਡੈਂਟ ਹਾਂ!"

"ਜਾ ਪਰ੍ਹਾਂ..."

ਕਲੂਟਿਗ ਉੱਥੇ ਹੀ ਡਟ ਕੇ ਬਹਿ ਗਿਆ, ਉਸ ਦਾ ਸਿਰ ਢਿੱਲਾ ਲਟਕ ਰਿਹਾ ਸੀ ਅਤੇ ਉਸ ਦੇ ਨਿਸੱਤੇ ਹੱਥ ਮੋਢਿਆਂ ਉੱਤੇ ਪਏ ਸਨ। ਸ਼ੋਹਾਲ ਇਸ ਵਧੀਕੀ ਮਗਰੋਂ ਕਿਸੇ ਜਵਾਬ ਦੀ ਆਸ ਨਹੀਂ ਸੀ ਕਰ ਰਿਹਾ। ਉਹ ਨੁੱਕਰ ਵਿੱਚ ਰੱਖੀ ਹੋਈ ਮੇਜ਼ ਕੋਲ਼ ਗਿਆ ਤੇ ਕੁੱਝ ਗਲਾਸ ਚੁੱਕ ਲਿਆਇਆ ਤੇ ਉਨ੍ਹਾਂ ਵਿੱਚ ਸ਼ਰਾਬ ਪਾਈ : "ਇਹ ਅਣਕਹੀ ਗੱਲ ਏ ਨਾ।"

ਉਸ ਨੇ ਛੇਤੀ ਨਾਲ਼ ਆਪਣਾ ਗਲਾਸ ਖ਼ਾਲੀ ਕਰ ਦਿੱਤਾ। ਵੀਸਾਂਗਕ ਨੇ ਕਲੂਟਿਗ ਨੂੰ ਕੂਹਣੀ ਮਾਰੀ ਤੇ ਸ਼ਰਾਬ ਉਸ ਵੱਲ ਵਧਾਈ "ਪੀ ਲੈ ਤੈਨੂੰ ਕੁੱਝ ਠੰਡਾ ਕਰੇਗੀ।"

ਕਲੂਟਿਗ ਨੇ ਅਣਚਾਹੁੰਦਿਆਂ ਵੀ ਮੇਜਰ ਤੋਂ ਗਲਾਸ ਲੈ ਲਿਆ ਤੇ ਦੁਆਈ ਵਾਂਗ ਇੱਕ-ਇੱਕ ਘੁੱਟ ਕਰ ਕੇ ਪੀ ਗਿਆ। ਹੁਣ ਉਹ ਬੇਇੱਜ਼ਤੀ ਦਾ ਬੁਰਾ ਵੀ ਨਹੀਂ ਸਨ ਮਨਾ ਰਹੇ ਅਤੇ ਖ਼ਾਮੋਸ਼ੀ ਦੀ ਥਾਂ ਦਿਮਾਗ਼ੀ ਸਿਥਲਤਾ ਪੈਦਾ ਹੋ ਰਹੀ ਸੀ। ਸ਼ੋਹਾਲ ਨੇ ਪੀ ਕੇ ਸਿਗਰਟ ਚੁੱਕਿਆ, ਅਰਾਮ ਕੁਰਸੀ 'ਤੇ ਨਿੱਸਲ ਹੋ ਗਿਆ ਤੇ ਲੰਮੇ-ਲੰਮੇ ਸੂਟੇ ਲੈਣ ਲੱਗ ਪਿਆ। ਕਲੂਟਿਗ ਉਸੇ ਤਰ੍ਹਾਂ ਸਾਹਮਣੇ ਵੇਖੀ ਜਾ ਰਿਹਾ ਸੀ ਅਤੇ ਉਸ ਦੇ ਚਿਹਰੇ ਉੱਤੇ ਬੇਹਿੱਸੀ ਪਸਰੀ ਹੋਈ ਸੀ।

ਸ਼ੋਹਾਲ ਨੇ ਇੱਕ ਨੂੰ ਤੇ ਮੁੜ ਦੂਜੇ ਵੱਲ ਵੇਖਿਆ ਤੇ ਫਿਰ ਘਟੀਆ ਮਜ਼ਾਕ ਦੇ ਲਹਿਜੇ ਵਿੱਚ ਆਖਿਆ : "ਚੰਗਾ, ਸ੍ਰੀਮਾਨ ਜੀ, ਤਮਾਸ਼ਾ ਖ਼ਤਮ ਹੋਇਆ।"

ਕਲੂਟਿਗ ਨੇ ਜ਼ੋਰ ਨਾਲ਼ ਮੇਜ਼ ਉੱਤੇ ਮੁੱਕਾ ਮਾਰਿਆ ਤੇ ਚੀਕ ਕੇ ਆਖਿਆ "ਨਹੀਂ!"

ਸ਼ੋਹਾਲ ਸਿਗਰਟ ਸੁੱਟ ਕੇ ਖੜ੍ਹਾ ਹੋ ਗਿਆ। ਉਹ ਸੰਤੁਸ਼ਟ ਸੀ ਕਿ ਹੁਣ ਫਿਰ ਉਸ ਨੇ ਆਪਣੇ ਗ਼ੁੱਸੇ ਉੱਤੇ ਕਾਬੂ ਪਾ ਲਿਆ ਸੀ। ਉਸ ਦੀ ਮੇਜ਼ ਦੇ ਪਿੱਛੇ ਇੱਕ ਵੱਡਾ ਸਾਰਾ ਨਕਸ਼ਾ ਟੰਗਿਆ ਹੋਇਆ ਸੀ। ਸ਼ੋਹਾਲ ਉਸ ਦੇ ਕੋਲ਼ ਗਿਆ ਅਤੇ ਕਲਾ-ਪਾਰਖੂ ਵਾਂਗ ਵੇਖਣ ਲੱਗਾ। ਫਿਰ ਉਸ ਨੇ ਰੰਗਦਾਰ ਸੂਈਆਂ 'ਤੇ ਉਂਗਲ਼ ਮਾਰੀ : "ਇਹ ਹੈ ਮੋਰਚੇ ਦੀ ਹਾਲਤ... ਇਹ ਅਤੇ ਇਹ ਅਤੇ ਇਹ..." ਉਹ ਮੁੜਿਆ ਤੇ ਮੇਜ਼ ਉੱਤੇ ਹੱਥ ਰੱਖ ਕੇ ਅਗਾਂਹ ਝੁਕਿਆ: " ਹੈ ਕਿ ਨਹੀਂ?"

ਫਿਰ ਸ਼ੋਹਾਲ ਨੇ ਵਿਅੰਗ-ਮਈ ਲਹਿਜੇ ਵਿੱਚ ਆਖਿਆ "ਮੈਂ ਸਭ ਸਮਝ ਗਿਆ ਹਾਂ, ਬਹਾਦਰੀ ਦਾ ਮੁਲੰਮਾ ਲਹਿ ਗਿਆ ਏ।"

ਇਸ ਸਭ ਕੁਝ ਦੇ ਬਾਵਜੂਦ ਕਲੂਟਿਗ ਨੇ ਡਾਕਟਰੀ ਸਹਾਇਤਾ ਬਾਰੇ ਕਮਾਂਡੈਂਟ ਦਾ ਹੁਕਮ ਤੜਕ-ਸਾਰ ਗੀਨਬੂਥ ਨੂੰ ਪਹੁੰਚਾ ਦਿੱਤਾ। ਗੀਨਬੂਥ ਸਾਰਜੈਂਟ ਮੇਜਰ ਸੀ ਤੇ ਉਸ ਦੀ ਉਮਰ ਮੁਸ਼ਕਲ ਨਾਲ਼ ਪੰਝੀਆਂ ਦੀ ਹੋਵੇਗੀ। ਉਸ ਦਾ ਦਫ਼ਤਰ ਕੈਂਪ ਦੇ ਫ਼ਾਟਕ ਤੋਂ ਸੱਜੇ ਪਾਸੇ ਵੱਲ ਸੀ। ਗੀਨਬੂਥ ਦਾ ਸੁਲੱਖਾ ਚਿਹਰਾ-ਮੋਹਰਾ ਕਲੂਟਿਗ ਤੋਂ ਐਨ ਉਲਟ ਸੀ। ਇਹ ਬਾਂਕਾ ਜਵਾਨ ਆਪਣੇ ਸਜੀਲੇਪਣ ਦਾ ਰਸੀਆ ਸੀ। ਉਸ ਦੀ ਚਮੜੀ ਦਾ ਗੁਲਾਬੀ ਰੰਗ ਤੇ ਸਾਫ਼ ਚਿਹਰਾ, ਜਿਸ ਉੱਤੇ ਅਜੇ ਮਸ ਤੱਕ ਨਹੀਂ ਸੀ ਫੁੱਟੀ, ਵੇਖ ਕੇ ਇੰਝ ਭਾਸਦਾ ਸੀ ਕਿ ਉਹ ਛਬੀਲਾ ਅਭਿਨੇਤਾ ਹੈ, ਜਦ ਕਿ ਉਹ ਇੱਕ ਸਧਾਰਨ ਦਲਾਲ ਦਾ ਸਧਾਰਨ ਜਿਹਾ ਪੁੱਤਰ ਸੀ।

ਉਸ ਨੇ ਆਪਣੀ ਕੁਰਸੀ ਉੱਤੇ ਬੇਸੁੱਧ ਪਏ ਹੁਕਮ ਸੁਣਿਆ, "ਡਾਕਟਰੀ ਦਸਤਾ? ਬੜੇ ਦੂਰ ਦੀ ਸੁੱਝੀ!" ਉਸ ਨੇ ਸੜੀਅਲ ਢੰਗ ਨਾਲ਼ ਆਪਣੇ ਬੁੱਲ੍ਹ ਸੁਕੇੜੇ! "ਜਾਪਦਾ ਤੇ ਇੰਝ ਏ ਜਿਵੇਂ ਕਿਸੇ ਨੂੰ ਵੱਡੇ ਬਘਿਆੜਾਂ ਤੋਂ ਡਰ ਲੱਗ ਰਿਹਾ ਹੋਵੇ?"

ਕਲੂਟਿਗ ਨੇ ਉੱਤਰ ਨਾ ਦਿੱਤਾ। ਉਹ ਰੇਡੀਓ ਦੇ ਕੋਲ਼ ਚਲਿਆ ਗਿਆ। ਪੈਰ ਪਸਾਰੇ, ਹੱਥ ਲੱਕ 'ਤੇ ਰੱਖੀ ਉਹ ਰੇਡੀਓ ਸਾਹਮਣੇ ਖਲ੍ਹੋਤਾ ਸੀ, ਜਿਸ ਵਿੱਚੋਂ ਅਨਾਊਂਸਰ ਦੀ ਅਵਾਜ਼ ਆ ਰਹੀ ਸੀ।

"ਦੁਸ਼ਮਣ ਵੱਲੋਂ ਤਿੱਖੀ ਗੋਲ਼ਾਬਾਰੀ ਮਗਰੋਂ ਕੱਲ੍ਹ ਰਾਤ ਰਾਈਨ ਦੇ ਹੇਠਲੇ ਹਿੱਸੇ ਲਈ ਜੰਗ ਛਿੜੀ। ਮੇਨਜ਼ ਉੱਤੇ ਜਿਹੜੀਆਂ ਫ਼ੌਜਾਂ ਦਾ ਕਬਜ਼ਾ ਸੀ, ਉਹਨਾਂ ਨੂੰ ਉੱਥੋਂ ਹਟਾ ਕੇ ਰਾਈਨ ਦੇ ਸੱਜੇ ਕੰਢੇ 'ਤੇ ਲੈ ਆਂਦਾ ਗਿਆ ਹੈ..."

ਗੀਨਬੂਥ ਕੁੱਝ ਚਿਰ ਲਈ ਉਸ ਨੂੰ ਵੇਖਦਾ ਰਿਹਾ। ਉਸ ਨੂੰ ਪਤਾ ਸੀ ਕਿ ਕਲੂਟਿਗ ਇਸ ਸਮੇਂ ਕੀ ਸੋਚ ਰਿਹਾ ਹੈ ਅਤੇ ਉਹ ਆਪਣਾ ਡਰ ਤੇ ਘਬਰਾਹਟ ਲੁਕਾਉਣ ਲਈ ਹੋਛੇਪਣ ਦੀ ਘਟੀਆ ਅਦਾਕਾਰੀ ਕਰ ਰਿਹਾ ਸੀ। "ਤੂੰ ਅੰਗਰੇਜ਼ੀ ਪੜ੍ਹਨੀ ਸ਼ੁਰੂ ਕਰ ਦੇਂਦਾ ਤਾਂ ਚੰਗਾ ਰਹਿੰਦਾ," ਉਸ ਆਖਿਆ। ਉਸ ਦੀ ਮੁਸਕਣੀ ਜਿਹੜੀ ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿੰਦੀ ਸੀ, ਇਸ ਸਮੇਂ ਜੰਮ ਕੇ ਹੋਠਾਂ ਦੀ ਨੁੱਕਰ ਵਿੱਚ ਇੱਕ ਝੁਰੜੀ ਬਣ ਕੇ ਰਹਿ ਗਈ ਸੀ।

ਕਲੂਟਿਗ ਉਸ ਦੀ ਚੋਭ ਨੂੰ ਸਮਝ ਨਾ ਸਕਿਆ। ਉਹ ਗ਼ੁੱਸੇ ਵਿੱਚ ਬੁੜਬੜਾਇਆ: "ਉਹ ਉਨ੍ਹਾਂ ਲੋਕਾਂ ਦੀਆਂ ਖ਼ਬਰਾਂ ਨੇ ਜਾਂ ਸਾਡੀਆਂ ?"

"ਸਾਡੀਆਂ," ਗੀਨਬੂਥ ਨੇ ਠਰ੍ਹੰਮੇ ਨਾਲ਼ ਉੱਤਰ ਦਿੱਤਾ ਤੇ ਬੈਟਰੀ ਨੂੰ ਮੇਜ਼ ਉੱਤੇ ਸੁੱਟ ਕੇ ਖੜ੍ਹਾ ਹੋ ਗਿਆ। ਦੋਹਾਂ ਇੱਕ ਦੂਜੇ ਵੱਲ ਵੇਖਿਆ, ਚੁੱਪ ਰਹੇ ਤੇ ਇਹ ਲੁਕਾਉਂਦੇ ਰਹੇ ਕਿ ਉਹ ਕੀ ਸੋਚ ਰਹੇ ਹਨ।

ਕਲੂਟਿਗ ਤੋਂ ਨਾ ਰਿਹਾ ਗਿਆ: "ਜੇ ਸਾਨੂੰ ਜਾਣਾ ਪਿਆ..." ਉਸ ਨੇ ਆਪਣੇ ਮੁੱਕੇ ਵੱਟ ਲਏ ਤੇ ਦੰਦ ਕਰੀਚ ਕੇ ਬੋਲਿਆ: "ਤਾਂ ਮੈਂ ਇੱਕ ਚੂਹੇ ਤੱਕ ਨੂੰ ਵੀ ਜੀਊਂਦਾ ਨਹੀਂ ਛੱਡਾਂਗਾ।"

ਗੀਨਬੂਥ ਲਈ ਇਹ ਕੋਈ ਨਵੀਂ ਗੱਲ ਨਹੀਂ ਸੀ, ਉਹ ਜਾਣਦਾ ਸੀ ਕਿ ਕਲੂਟਿਗ ਨੂੰ ਕੀ ਸਮਝਿਆ ਜਾਵੇ। ਉਹ ਅੰਦਰੋ-ਅੰਦਰ ਭੁੱਜ ਰਿਹਾ ਸੀ। ਗੀਨਬੂਥ ਨੇ ਰਤਾ ਮਖ਼ੌਲੀਆ ਲਹਿਜੇ ਵਿੱਚ ਆਖਿਆ: "ਸ਼ਰਤ ਇਹ ਹੈ ਕਿ ਤੁਸੀਂ ਆਪਣਾ ਕੰਮ ਦੇਰ ਨਾਲ਼ ਨਾ ਸ਼ੁਰੂ ਕਰੋ ਤਾਂ, ਕਪਤਾਨ ਸਾਹਿਬ। ਸਾਡੇ ਡਿਪਲੋਮੈਟ ਸਾਹਿਬ ਤਾਂ ਅਜੇ ਚੂਹਿਆਂ ਨੂੰ ਜਾਲ਼ ਵਿੱਚੋਂ ਕੱਢੀ ਜਾ ਰਹੇ ਹਨ..."

"ਉਹ ਖੋਤਾ!" ਕਲੂਟਿਗ ਨੇ 'ਵਾ ਵਿੱਚ ਮੁੱਕਾ ਘੁਮਾਇਆ। "ਸਾਨੂੰ ਕੀ ਪਤਾ ਹੈ, ਹੋ ਸਕਦਾ ਏ, ਇਸ ਸੂਰ ਨੇ ਅਮਰੀਕਨਾਂ ਨਾਲ਼ ਗੰਢ-ਤੁੱਪ ਕਰ ਲਈ ਹੋਵੇ ? ਉਹ ਲੋਕ ਕੁੱਝ ਬੰਬਾਰ ਘੱਲ ਕੇ ਸਾਰੇ ਕੈਂਪ ਨੂੰ ਸ਼ਸਤਰ-ਬੱਧ ਕਰ ਸਕਦੇ ਹਨ।" ਉਸ ਨੇ ਘਬਰਾ ਕੇ ਆਖਿਆ "ਆਖ਼ਰ, ਪੰਜਾਹ ਹਜ਼ਾਰ ਲੋਕ ਨੇ!"

ਗੀਨਬੂਥ ਨੇ ਘ੍ਰਿਣਾ ਨਾਲ਼ ਆਪਣਾ ਹੱਥ ਹਿਲਾਇਆ "ਉਹ ਮਸਖ਼ਰੇ... ਥੰਮ੍ਹਾਂ ਤੋਂ ਗੋਲ਼ੀਆਂ ਦੀਆਂ ਕੁੱਝ ਵਾਛੜਾਂ ਅਤੇ..."

"ਅਤੇ ਜੇ ਅਮਰੀਕਨਾਂ ਨੇ ਛਾਤਾਧਾਰੀ ਫ਼ੌਜਾਂ ਉਤਾਰ ਦਿੱਤੀਆਂ ਤਾਂ ? ਤਾਂ ਕੀ ਬਣੇਗਾ ?"

ਗੀਨਬੂਥ ਨੇ ਮੋਢੇ ਹਿਲਾਉਂਦਿਆਂ ਆਖਿਆ: "ਤਾਂ ਤੇ ਮੇਰਾ ਵਿਚਾਰ ਏ ਮਜ਼ਾ ਇੱਥੇ ਹੀ ਆਵੇਗਾ, ਊ" ਉਸ ਬੜੀ ਬੇਫ਼ਿਕਰੀ ਨਾਲ਼ ਆਖਿਆ "ਮੈਂ ਇਸ ਤੋਂ ਪਹਿਲਾਂ ਸਪੇਨ ਵੱਲ ਚਾਲੇ ਪਾ ਦਿਆਂਗਾ।"

"ਚੱਲ ਓਏ, ਬੜੇ ਚਲਾਕਾ, ਕੁੱਤੀ ਦੇ ਪੁੱਤਰਾ" ਕਲੂਟਿਗ ਨੇ ਘ੍ਰਿਣਾ ਨਾਲ਼ ਥੁੱਕ ਦਿੱਤਾ।

"ਇੱਥੇ ਕੇਵਲ ਤੇਰੀ ਹੀ ਚਮੜੀ ਦਾ ਤਾਂ ਮਾਮਲਾ ਨਹੀਂ ?"

"ਉੱਕਾ ਨਹੀਂ।" ਗੀਨਬੂਥ ਨੇ ਬੜੇ ਸੰਤੋਖ ਨਾਲ਼ ਉੱਤਰ ਦਿੱਤਾ।

"ਤੇਰੀ ਚਮੜੀ ਵੀ ਖ਼ਤਰੇ ਵਿੱਚ ਹੈ," ਅਤੇ ਇਸੇ ਤੱਸਲੀ ਨਾਲ਼ ਉਹ ਲਾਊਡ ਸਪੀਕਰ ਕੋਲ਼ ਗਿਆ ਤੇ ਉਸ ਦਾ ਬਟਨ ਦਬਾ ਕੇ ਬੋਲਿਆ:

"ਕੈਂਪ ਸੀਨੀਅਰ ਕਰੈਮਰ ਤੁਰੰਤ ਰਿਪੋਰਟ ਫ਼ੋਹਰਰ ਕੋਲ਼ ਆ ਜਾਵੇ।"

ਜਦੋਂ ਇਹ ਹੁਕਮ ਕੈਂਪ ਦੇ ਸਾਰੇ ਲਾਊਡ ਸਪੀਕਰਾਂ ਉੱਤੇ ਸੁਣਾਈ ਦਿੱਤਾ ਤਾਂ

ਕਰੈਮਰ ਸਮਾਨਖ਼ਾਨੇ ਵਿੱਚ ਹੋਫ਼ਲ ਕੋਲ਼ ਸੀ। ਜ਼ਵਾਈਲਿੰਗ ਅਜੇ ਤੱਕ ਨਹੀਂ ਸੀ ਆਇਆ ਅਤੇ ਕਰੈਮਰ ਆਪਣੇ ਨਾਲ਼ ਹੋਫ਼ਲ ਨੂੰ ਲੈ ਕੇ ਇੱਕ ਨੁੱਕਰ ਵਿੱਚ ਚਲਿਆ ਗਿਆ ਅਤੇ ਉਸ ਨੂੰ ਹੌਲ਼ੀ ਜਿਹੀ ਕਹਿਣ ਲੱਗਾ, "ਟਰਾਂਸਪੋਰਟ ਕੱਲ੍ਹ ਜਾ ਰਹੀ ਹੈ, ਤੈਨੂੰ ਪਤਾ ਹੈ ਆਂਦਰੇ, ਕਿ ਤੂੰ ਕੀ ਕਰਨਾ ਏ।"

ਹੋਫ਼ਲ ਨੇ ਗੂੰਗਿਆਂ ਵਾਂਗ ਸਿਰ ਹਿਲਾਇਆ। ਐਲਾਨ ਫਿਰ ਸੁਣਾਈ ਦਿੱਤਾ :

"ਕੈਂਪ ਸੀਨੀਅਰ ਕਰੈਮਰ ਤੁਰੰਤ ਰਿਪੋਰਟ-ਫ਼ੋਹਰਰ ਕੋਲ਼ ਆ ਜਾਵੇ, ਛੇਤੀ।"

ਕਰੈਮਰ ਲਾਊਡ ਸਪੀਕਰ ਵੱਲ ਵੇਖ ਕੇ ਬੁੜਬੁੜਾਇਆ, ਹੋਫ਼ਲ ਨੇ ਆਪਣੇ ਬੁੱਲ੍ਹ ਭੀਚ ਲਏ।

ਕਲੂਟਿਗ ਕੁਰਸੀ ਉੱਤੇ ਬੈਠਾ ਸੀ, ਉਸ ਦੀ ਛਾਤੀ ਅੰਦਰ ਨੂੰ ਧਸੀ ਹੋਈ ਸੀ। ਰੀਨਬੂਥ ਨੇ ਖਿਝ ਕੇ ਆਪਣੀ ਬਾਂਹ ਕੁੰਜਦਿਆਂ ਆਖਿਆ :

"ਰਤਾ ਸੰਭਲ਼ ਕੇ ਬੈਠ! ਕੀ ਤੂੰ ਚਾਹੁੰਦਾ ਏਂ ਕਿ ਇੱਕ ਹੀ ਤੱਕਣੀ ਵਿੱਚ ਪਤਾ ਲੱਗ ਜਾਵੇ ਕਿ ਸਾਡੀ ਜਿੱਤ ਦਾ ਤੇਰੇ 'ਤੇ ਕੀ ਅਸਰ ਪਿਆ ਏ?"

ਕਲੂਟਿਗ ਸਾਊਆਂ ਵਾਂਗ ਉੱਠਿਆ ਤੇ ਆਪਣੀ ਜੈਕਟ ਨੂੰ ਖਿੱਚ ਕੇ ਪੇਟੀ ਠੀਕ ਕਰਨ ਲੱਗਾ।

ਕੁੱਝ ਮਿੰਟਾਂ ਮਗਰੋਂ ਕਰੈਮਰ ਕਮਰੇ ਵਿੱਚ ਆ ਖਲੋਤਾ। ਕਲੂਟਿਗ, ਜਿਸ ਨੇ ਕਰੈਮਰ ਨੂੰ ਅੰਦਰ ਵੜਦਿਆਂ ਸ਼ੱਕ ਦੀ ਨਜ਼ਰ ਨਾਲ਼ ਵੇਖਿਆ ਸੀ, ਕੰਧ ਨਾਲ਼ ਟੇਕ ਲਾਈ ਖਲੋਤਾ ਸੀ। ਰੀਨਬੂਥ ਕੁਰਸੀ ਉੱਤੇ ਬੈਠਾ ਤਾਂ ਕੀ, ਪਿਆ ਹੋਇਆ ਸੀ। "ਸੁਣ ਤੇਰੇ ਲਈ ਇੱਕ ਨਵੀਂ ਖ਼ਬਰ ਏ!" ਕਰੈਮਰ ਇਸ ਸ਼ਾਂਤ ਪਰ ਘੁਮੰਡੀ ਲਹਿਜੇ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਰੀਨਬੂਥ ਖੜ੍ਹਾ ਹੋ ਗਿਆ ਤੇ ਪਤਲੂਣ ਦੀਆਂ ਜੇਬ੍ਹਾਂ ਵਿੱਚ ਹੱਥ ਪਾ ਕੇ ਕਮਰੇ ਵਿੱਚ ਟਹਿਲਣ ਲੱਗ ਪਿਆ। ਉਸ ਨੇ ਤੈਅ ਕਰ ਲਿਆ ਸੀ ਕਿ ਕਮਾਂਡੈਂਟ ਦਾ ਹੁਕਮ ਇੰਝ ਪੁਚਾਏਗਾ ਜਿਵੇਂ ਕੋਈ ਵਿਸ਼ੇਸ਼ ਗੱਲ ਨਾ ਹੋਵੇ ਅਤੇ ਅਸਲ ਵਿੱਚ ਇਸੇ ਬੇਪਰਵਾਹੀ ਅਤੇ ਇੱਕ ਪਾਸਿਓਂ ਕਲੂਟਿਗ ਦੀਆਂ ਕੈਰੀਆਂ ਅੱਖਾਂ ਦੀ ਤੱਕਣੀ ਨੇ, ਕਰੈਮਰ ਨੂੰ ਸਾਵਧਾਨ ਕਰ ਦਿੱਤਾ ਕਿ ਕੋਈ ਅਸਧਾਰਨ ਗੱਲ ਹੈ।

ਹੈਂਕੜੀ ਗੱਭਰੂ ਨੇ ਬੂਟ ਉੱਤੇ ਸੋਟੀ ਮਾਰਦਿਆਂ ਕੁਰੱਖ਼ਤ ਲਹਿਜੇ ਵਿੱਚ ਆਖਿਆ: "ਸੋਲ੍ਹਾਂ ਕੈਦੀਆਂ ਨੂੰ, ਲੰਮੇ ਮਿਆਦ ਵਾਲ਼ੇ ਸੋਲ੍ਹਾਂ ਰਾਜਸੀ ਕੈਦੀਆਂ ਨੂੰ, ਡਾਕਟਰੀ ਦਸਤੇ ਵਿੱਚ ਲੈਣਾ ਏ।" ਬੇ-ਪਰਵਾਹੀ ਨਾਲ਼ 'ਵਾ ਨਾਲ਼ ਗੱਲਾਂ ਕਰਦਿਆਂ ਗੱਭਰੂ ਨੇ ਦੱਸਿਆ ਕਿ ਹਵਾਈ ਹਮਲੇ ਦੇ ਅਲਾਰਮ ਦੀ ਹਾਲਤ ਵਿੱਚ ਡਾਕਟਰੀ ਦਸਤੇ ਨੂੰ ਸਭ ਤੋਂ ਬਾਹਰ ਵਾਲ਼ੀ ਸੰਤਰੀ ਚੌਂਕੀ ਤੋਂ ਵੀ ਅਗਾਂਹ ਜਾਣਾ ਹੋਵੇਗਾ...।" ਕਰੈਮਰ ਦਾ ਜਿਵੇਂ ਲਹੂ ਚਲਣਾ ਰੁਕ ਗਿਆ। ਐਪਰ ਉਸ ਨੇ ਆਪਣੇ-ਆਪ ਨੂੰ ਕਾਬੂ ਵਿੱਚ ਰੱਖਿਆ ਅਤੇ ਉਸਦੇ ਚਿਹਰੇ ਉੱਤੇ ਇਹਨਾਂ ਵਿਚਾਰਾਂ ਦਾ ਨਾਂ-ਨਿਸ਼ਾਨ ਵੀ ਨਹੀਂ ਸੀ, ਜਿਹੜੇ ਉਸ ਦੇ ਦਿਮਾਗ਼ ਵਿੱਚ ਗੂੰਜ ਰਹੇ ਸਨ। ਸੋਲ੍ਹਾਂ ਵਧੀਆ ਕਾਮਰੇਡ ਸਭ ਤੋਂ ਬਾਹਰ ਵਾਲ਼ੀ ਚੌਂਕੀ ਤੋਂ ਵੀ ਅੱਗੇ...।"

"ਕੱਲ੍ਹ ਸਵੇਰੇ ਤੂੰ ਸੋਲ੍ਹਾਂ ਕੁੰਦੇ ਲਿਆਵੇਂਗਾ।"

ਕਰੈਮਰ ਨੇ, ਜਿਸ ਦੇ ਪਿੱਛੋਂ ਗੀਨਬੂਥ ਨੇ ਆਖਿਆ ਸੀ—ਮੁੜ ਕੇ ਉੱਤਰ ਦਿੱਤਾ, "ਹਾਂ, ਜਨਾਬ।"

"ਤੁਹਾਨੂੰ ਮਰ੍ਹਮ ਪੱਟੀ ਕਰਨ ਦਾ ਸਾਰਾ ਸਮਾਨ, ਗੈਸ ਮਾਸਕ ਤੇ ਫ਼ੌਲਾਦੀ ਟੋਪ ਦੇ ਕੇ ਉਨ੍ਹਾਂ ਦੀ ਵਰਤੋਂ ਦੱਸ ਦਿੱਤੀ ਜਾਵੇਗੀ।"

"ਹਾਂ ਜਨਾਬ"

ਨੌਜਵਾਨ ਕਰੈਮਰ ਵੱਲ ਗਿਆ ਤੇ ਉਸ ਦੇ ਕੋਟ ਦਾ ਕਾਲਰ ਫੜ੍ਹ ਕੇ ਬੋਲਿਆ: "ਅਤੇ ਇਹਨਾਂ ਵਿੱਚੋਂ ਕੋਈ ਵੀ ਭੱਜਿਆ ਤਾਂ..." ਗੀਨਬੂਥ ਨੇ ਦੋਸ਼ ਥੱਪਣ ਦੇ ਢੰਗ ਨਾਲ਼ ਵੇਖਦਿਆਂ ਖ਼ਤਰਨਾਕ ਮਿਲਣਸਾਰੀ ਨਾਲ਼ ਆਖਿਆ, "ਨੁਕਸਾਨ ਹੋਇਆ ਤਾਂ ਪੂਰਾ ਕਰ ਲਿਆ ਜਾਵੇਗਾ।"

ਪਹਿਲਾਂ ਇਸ ਤੋਂ ਕਿ ਕਰੈਮਰ ਜਵਾਬ ਦੇਵੇ, ਕਲੂਟਿਗ ਉਸ ਦੇ ਮੂਹਰੇ ਆ ਖਲੋਤਾ ਤੇ ਧਮਕਾਉਣ ਦੇ ਢੰਗ ਨਾਲ਼ ਚੀਕਿਆ "ਪੂਰੇ ਕੈਂਪ ਤੋਂ।"

"ਹਾਂ ਜਨਾਬ।"

ਕਰੈਮਰ ਦੇ ਆਗਿਆਕਾਰੀ ਸ਼ਬਦਾਂ ਵਿੱਚੋਂ ਕਲੂਟਿਗ ਨੂੰ ਕੋਈ ਬਹਾਨਾ ਨਾ ਸੁੱਝਿਆ ਤੇ ਉਹ ਚਿੱਲਾਇਆ "ਸਮਝ ਗਏ ਮੈਂ ਕੀ ਕਹਿ ਰਿਹਾ ਹਾਂ ?"

"ਹਾਂ ਜਨਾਬ!"

ਕਲੂਟਿਗ ਵਰ੍ਹ ਪੈਣਾ ਚਾਹੁੰਦਾ ਸੀ। ਪਰ ਕਰੈਮਰ ਦੇ ਸੰਤੋਖ ਨੇ ਉਸ ਦਾ ਮੂੰਹ ਬੰਦ ਕਰ ਦਿੱਤਾ। ਬੱਸ ਉਹ ਇਤਨਾ ਹੀ ਆਖ ਸਕਿਆ, "ਨਿੱਕਲ਼ ਜਾ ਏਥੋਂ!"

ਪਰ ਕਰੈਮਰ ਅਜੇ ਬੂਹੇ ਤੱਕ ਹੀ ਪੁੱਜਿਆ ਸੀ ਕਿ ਕਲੂਟਿਗ ਆਪੇ ਤੋਂ ਬਾਹਰ ਹੋ ਗਿਆ ਤੇ ਚੀਕਿਆ, "ਠਹਿਰ ਜਾ!" ਜਦ ਕਰੈਮਰ ਤ੍ਰਭਕ ਕੇ ਮੁੜਿਆ ਤਾਂ ਕਲੂਟਿਗ ਉਸ ਕੋਲ਼ ਪਹੁੰਚ ਚੁੱਕਿਆ ਸੀ ਤੇ ਉਸ ਤੋਂ ਦਾਅ ਨਾਲ਼ ਪੁੱਛਣ ਲੱਗਾ : "ਤੂੰ ਕਿਸੇ ਜ਼ਮਾਨੇ ਵਿੱਚ ਕਾਰਕੁੰਨ ਸੈਂ ?"

ਕਰੈਮਰ ਨੇ ਤੇਜ਼ੀ ਨਾਲ਼ ਸੋਚਿਆ ਆਖ਼ਰ ਇਹ ਚਾਹੁੰਦਾ ਕੀ ਹੈ ਤੇ ਉੱਤਰ ਦਿੱਤਾ :

"ਹਾਂ ਜਨਾਬ।"

"ਕਮਿਊਨਿਸਟ ?"

"ਹਾਂ ਜਨਾਬ।"

ਕਰੈਮਰ ਦੇ ਸੱਚ ਬੋਲਣ ਉੱਤੇ ਕਲੂਟਿਗ ਹੈਰਾਨ ਰਹਿ ਗਿਆ, "ਤੂੰ ਮੈਨੂੰ ਇੰਞ ਦੱਸ ਰਿਹਾ ਏਂ...ਜਿਵੇਂ...।"

ਇੱਕ ਬਹੁਤ ਹੀ ਹਲਕੀ ਜਿਹੀ ਮੁਸਕਰਾਹਟ ਕਰੈਮਰ ਦੇ ਬੁੱਲ੍ਹਾਂ ਉੱਤੇ ਆਈ:

"ਇਸੇ ਲਈ ਤਾਂ ਮੈਂ ਇੱਥੇ ਹਾਂ...।"

"ਨਹੀਂ।"

ਕਲੂਟਿਗ ਨੇ ਤੇਜ਼ੀ ਨਾਲ਼ ਉੱਤਰ ਦਿੱਤਾ, ਫਿਰ ਰੁਕ ਗਿਆ। "ਤੂੰ ਇੱਥੇ ਇਸ ਲਈ ਹੈਂ ਕਿ ਸਾਜ਼ਸ਼ੀਆਂ ਦਾ ਕੋਈ ਜੱਥਾ, ਕੋਈ ਲੁਕਵੀਂ ਜੱਥੇਬੰਦੀ ਨਾ ਅਰੰਭ ਕਰੇ।"

ਕਰੈਮਰ ਨੇ ਬੜੇ ਚੈਨ ਨਾਲ਼ ਉੱਤਰ ਦਿੱਤਾ: "ਪਰ ਹਾਪਤ ਸਟਰਮ ਫ਼ੋਹਰਰ, ਜੱਥੇਬੰਦੀ ਤਾਂ ਤੁਸਾਂ ਆਪ ਅਰੰਭ ਕੀਤੀ ਏ।"

ਕਲੂਟਿਗ ਉੱਕਾ ਹੈਰਾਨ ਰਹਿ ਗਿਆ ਤੇ ਬਸ ਇਤਨਾ ਹੀ ਆਖਿਆ,

"ਕੀ ਈ ?"

ਗੀਨਬੂਥ ਇੱਕ ਕਦਮ ਅੱਗੇ ਆ ਗਿਆ।

"ਇਹ ਕੀ ਕਹਿ ਰਿਹਾ ਏ ?"

ਕਰੈਮਰ ਨੇ ਆਪਣੇ ਵਾਰ ਦੀ ਕਾਟ ਵੇਖ ਲਈ ਸੀ ਤੇ ਉਸ ਨੇ ਉਸ 'ਤੇ ਤਿੱਖਾ ਵਾਰ ਕੀਤਾ:

"ਕੋਈ ਭੇਦ ਵਾਲ਼ੀ ਗੱਲ ਨਹੀਂ। ਕੈਂਪ ਉੱਤੇ ਕੈਦੀਆਂ ਦਾ ਆਪਣਾ ਰਾਜ ਹੈ ਅਤੇ ਅਸੀਂ ਕੈਂਪ ਦੀ ਲੀਡਰਸ਼ਿਪ ਦੇ ਸਾਰੇ ਹੁਕਮਾਂ ਦੀ ਕਰੜਾਈ ਨਾਲ਼ ਪਾਲਣਾ ਕਰਦੇ ਹਾਂ।"

ਕਲੂਟਿਗ ਨੇ ਗੀਨਬੂਥ ਵੱਲ ਆਜਜ਼ੀ ਨਾਲ਼ ਵੇਖਿਆ। ਗੀਨਬੂਥ ਘ੍ਰਿਣਾ ਨਾਲ਼ ਮੁਸਕਰਾ ਰਿਹਾ ਸੀ। ਇੰਝ ਜਾਪਦਾ ਸੀ ਜਿਵੇਂ ਉਸ ਨੂੰ ਬੜਾ ਸੁਆਦ ਆ ਰਿਹਾ ਹੋਵੇ। ਇਸ 'ਤੇ ਕਲੂਟਿਗ ਨੂੰ ਗ਼ੁੱਸਾ ਆ ਗਿਆ ਤੇ ਉਸ ਨੇ ਕਰੈਮਰ ਨੂੰ ਡਾਂਟਿਆ: "ਠੀਕ ਹੈ! ਅਤੇ ਸਪੱਸ਼ਟ ਹੈ ਕਿ ਤੁਸਾਂ ਹਰ ਥਾਂ 'ਤੇ ਆਪਣੇ ਬੰਦੇ ਵਾੜ ਦਿੱਤੇ।"

"ਕੈਂਪ ਦੀ ਲੀਡਰਸ਼ਿਪ ਦਾ ਹੁਕਮ ਸੀ ਕਿ ਪ੍ਰਬੰਧ ਸਾਊ ਤੇ ਫ਼ਰਜ਼ ਨੂੰ ਪਹਿਚਾਨਣ ਵਾਲ਼ੇ ਕੈਦੀਆਂ ਨੂੰ ਸੌਂਪਿਆ ਜਾਏ।"

"ਕਮਿਊਨਿਸਟ, ਠੀਕ ਹੈ ਨਾ ?"

ਕਰੈਮਰ ਨੇ ਉਸੇ ਸ਼ਾਂਤੀ ਨਾਲ਼ ਉੱਤਰ ਦਿੱਤਾ, "ਇੱਕ-ਇੱਕ ਕੈਦੀ ਕੈਂਪ ਲੀਡਰਸ਼ਿਪ ਸਾਹਮਣੇ ਪੇਸ਼ ਕੀਤਾ ਗਿਆ ਤੇ ਉਸ ਦੀ ਮਨਜ਼ੂਰੀ ਲਈ ਗਈ।"

ਕਲੂਟਿਗ ਕਿਸੇ ਵੀ ਤਰ੍ਹਾਂ ਕਰੈਮਰ ਨਾਲ਼ ਪੂਰਾ ਨਹੀਂ ਸੀ ਉੱਤਰ ਰਿਹਾ, ਉਹ ਕਮਰੇ ਵਿੱਚ ਟਹਿਲਦਿਆਂ ਪੈਰ ਟਪਕਦਿਆਂ ਚਿਲਾਇਆ : "ਲੁੱਚੇ, ਨੀਚ, ਜਰਾਇਮ-ਪੇਸ਼ਾ ਸਾਰੇ ਦੇ ਸਾਰੇ।"

ਕਰੈਮਰ, ਬੇਹਿਸ ਤੇ ਅਹਿਲ ਕਲੂਟਿਗ ਨੂੰ ਗੁੱਸਾ ਉਤਾਰਨ ਦਾ ਅਵਸਰ ਦੇਂਦਾ ਰਿਹਾ। ਕਲੂਟਿਗ ਮੁੜ ਉਸ ਦੇ ਸਾਹਮਣੇ ਜਾ ਪੁੱਜਿਆ ਤੇ ਉਸ ਵੱਲ ਹੱਥ ਉਠਾ ਕੇ ਬੋਲਿਆ: "ਅਸੀਂ ਸਭ ਕੁੱਝ ਜਾਣਦੇ ਹਾਂ, ਇਸ ਧੋਖੇ ਵਿੱਚ ਨਾ ਰਹੀਂ, ਕਿ ਅਸੀਂ ਬੇਵਕੂਫ਼ ਹਾਂ।" ਉਸ ਦੇ ਮੂੰਹ ਵਿੱਚੋਂ ਝੱਗ ਨਿੱਕਲ਼ ਰਹੀ ਸੀ।

ਗੀਨਬੂਥ ਕਰੈਮਰ ਤੇ ਕਲੂਟਿਗ ਦੇ ਵਿਚਕਾਰੇ ਆ ਗਿਆ ਤੇ ਨੱਕ ਵਿੱਚੋਂ ਦੀ ਬੋਲਿਆ:

" ਜਾ ਸਕਦਾ ਏਂ।"

ਪੰਜ

ਛੋਟੇ ਕੈਂਪ ਦੇ ਤਬੇਲੇ ਵਿੱਚ, ਜਿੱਥੇ ਜਾਂਕੋਵਸਕੀ ਨੂੰ ਰੱਖਿਆ ਗਿਆ ਸੀ, ਬੜੀ

ਗੜਬੜੀ ਮੱਚੀ ਹੋਈ ਸੀ। ਕਮਰੇ ਦੇ ਸੇਵਾਦਾਰ ਦੇ ਦੁਆਲ਼ੇ ਕੈਦੀਆਂ ਦੀ ਇੱਕ ਭੀੜ ਜੁੜੀ ਹੋਈ ਸੀ ਜਿਹੜਾ ਇੱਕ ਵੱਡੇ ਸਾਰੇ ਪਤੀਲੇ ਵਿੱਚੋਂ ਤਰੀ ਕੱਢ-ਕੱਢ ਕੇ ਵਰਤਾ ਰਿਹਾ ਸੀ। ਸਾਰੇ ਕੈਦੀ ਇੱਕੋ ਵਾਰ ਆਪੋ-ਆਪਣੀ ਬੋਲੀ ਵਿੱਚ ਚੀਕ-ਚਿਹਾੜਾ ਪਾ ਰਹੇ ਸਨ।

"ਪੁਰਾਣੇ ਵਸਨੀਕ।"

ਨਵੇਂ ਆਉਣ ਵਾਲ਼ੇ, ਭੁੱਖਿਆਂ ਨੂੰ ਪਤੀਲੇ ਤੋਂ ਪਰ੍ਹਾਂ ਧੱਕ ਰਹੇ ਸਨ, ਹਰ ਕੋਈ ਇੱਕ ਦੂਜੇ ਨੂੰ ਕੂਹਣੀ ਮਾਰ ਰਿਹਾ ਸੀ ਅਤੇ ਬਲਾਕ ਸੀਨੀਅਰ ਸਾਰਿਆਂ 'ਤੇ ਚੀਕ ਰਿਹਾ ਸੀ, ਉਹ ਉਨ੍ਹਾਂ ਲੁਟੇਰਿਆਂ ਨੂੰ ਚੱਜ-ਅਚਾਰ ਸਿਖਾਉਣ ਦੀ ਵਾਰ-ਵਾਰ ਕੋਸ਼ਿਸ਼ ਕਰ ਰਿਹਾ ਸੀ।

"ਏਧਰ ਮਰੋ! ਬੇਵਕੂਫ਼ੋ! ਸੂਰਾਂ ਦੇ ਜਾਇਓ, ਪਾਲ ਬਣਾਉ।"

ਉਸ ਦੀ ਕੋਈ ਵੀ ਨਹੀਂ ਸੀ ਸੁਣ ਰਿਹਾ, ਕਿਸੇ ਨੂੰ ਉਸ ਦੀ ਪ੍ਰਵਾਹ ਨਹੀਂ ਸੀ। ਜਿਨ੍ਹਾਂ ਲੋਕਾਂ ਨੂੰ ਖਿੱਚ ਕੇ ਵੱਖ ਕੀਤਾ ਜਾਂਦਾ ਉਹ ਫਿਰ ਧੁਸ ਦੇ ਕੇ ਪਤੀਲੇ ਦੇ ਨੇੜੇ ਆ ਜਾਂਦੇ। ਕੁੱਝ ਨਵੇਂ ਆਉਣ ਵਾਲ਼ੇ ਕਿਸੇ ਅਜਿਹੇ ਬੰਦੇ ਕੋਲ਼ ਜੁੜ ਜਾਂਦੇ ਜਿਸ ਨੂੰ ਹਿੱਸਾ ਮਿਲ਼ ਚੁੱਕਿਆ ਹੁੰਦਾ ਤੇ ਉਹ ਛੇਤੀ ਨਾਲ਼ ਚਮਚੇ ਨਾਲ਼, ਜੇ ਚਮਚਾ ਨਹੀਂ ਤਾਂ ਮੂੰਹ ਨਾਲ਼ ਹੀ ਸਾਰੀ ਤਰੀ ਪੀ ਰਿਹਾ ਹੁੰਦਾ, ਜਿਹੜਾ ਉਸ ਦੇ ਮੂੰਹ ਵਿੱਚੋਂ ਡਿੱਗਦਾ ਉਹ ਕੋਟ ਉੱਤੇ ਪੈ ਜਾਂਦਾ। ਉਹ ਅਜੇ ਆਪਣਾ ਹਿੱਸਾ ਖ਼ਤਮ ਨਾ ਕਰ ਚੁੱਕਿਆ ਹੁੰਦਾ ਕਿ ਪਿਆਲੇ ਲਈ ਲੋਕ ਉਸ 'ਤੇ ਟੁੱਟ ਪੈਂਦੇ ਤੇ ਦੂਜੇ ਤੋਂ ਖੋਹਣ ਲੱਗ ਪੈਂਦੇ। ਪਿਆਲਾ ਜ਼ਮੀਨ 'ਤੇ ਡਿੱਗ ਪੈਂਦਾ ਤੇ ਬਹੁਤ ਸਾਰੇ ਹੱਥ ਉਸ 'ਤੇ ਝਪਟ ਪੈਂਦੇ। ਉਹ ਜਿਸ ਚੰਗੇ ਭਾਗਾਂ ਵਾਲ਼ੇ ਦੇ ਹੱਥ ਆ ਜਾਂਦਾ, ਉਹ ਭੀੜ ਨੂੰ ਚੀਰਦਾ ਪਤੀਲੇ ਵੱਲ ਵਧਦਾ ਅਤੇ ਹੋਰ ਕਈ ਸੁੱਕੀਆਂ ਹੱਡੀਆਂ ਦੇ ਪਿੰਜਰ ਉਸ ਦੇ ਪਿੱਛੇ ਪੈ ਜਾਂਦੇ ਕਿ ਉਹ ਆਪਣਾ ਹਿੱਸਾ ਖ਼ਤਮ ਵੀ ਨਾ ਕਰ ਚੁੱਕੇ ਤੇ ਉਸ ਤੋਂ ਪਿਆਲਾ ਖੋਹ ਲੈਣ।

ਕੇਵਲ ਸੇਵਾਦਾਰ ਇਸ ਰਾਮ ਰੌਲ਼ੇ ਤੋਂ ਬੇ-ਪ੍ਰਵਾਹ ਸੀ, ਉਹ ਬੜੇ ਅਮਨ ਨਾਲ਼ ਡੂੰਘੇ ਚਮਚੇ ਨਾਲ਼ ਸ਼ੋਰਬਾ ਕੱਢ-ਕੱਢ ਕੇ ਵਰਤਾਈ ਜਾ ਰਿਹਾ ਸੀ। ਉਹ ਕਿਸੇ ਦਾ ਮੂੰਹ ਨਹੀਂ, ਪਿਆਲਿਆਂ ਨੂੰ ਵੇਖ ਰਿਹਾ ਸੀ। ਜਦੋਂ ਭੀੜ ਰਤਾ ਸੰਘਣੀ ਹੋ ਜਾਂਦਾ ਤਾਂ ਉਹ ਕੂਹਣੀਆਂ ਤੇ ਚਿੱਤੜਾਂ ਨੂੰ ਹਿਲਾ ਕੇ ਆਪਣੇ ਲਈ ਥਾਂ ਬਣਾ ਲੈਂਦਾ।

ਪੀਪਿਗ ਅੰਦਰ ਆਇਆ। ਖਿਝੇ ਹੋਏ ਬਲਾਕ ਸੀਨੀਅਰ ਨੇ, ਜਿਹੜਾ ਲੰਬੂਤਰੇ ਸਿਰ ਦਾ, ਪਿਸਤੇ ਕੱਦ ਦਾ ਬੰਦਾ ਸੀ, ਬੇਬਸੀ ਨਾਲ਼ ਆਪਣੇ ਹੱਥ ਛੰਡੇ। ਉਸ ਨੂੰ ਖ਼ੁਸ਼ੀ ਸੀ ਕਿ ਪੀਪਿਗ ਦੇ ਰੂਪ ਵਿੱਚ ਇੱਕ ਢੁਕਵਾਂ ਆਦਮੀ ਤਾਂ ਵਿਖਾਈ ਦਿੱਤਾ। ਉਸ ਪਾਟੀ ਹੋਈ ਅਵਾਜ਼ ਵਿੱਚ ਆਖਿਆ :

"ਰੋਜ਼ ਇਹੋ ਝਗੜਾ, ਨਿੱਤ ਇਹੋ ਟੰਟਾ! ਸਾਰਿਆਂ ਕੋਲ਼ ਪੂਰੇ ਪਿਆਲੇ ਵੀ ਤਾਂ ਕੋਈ ਨਹੀਂ। ਤੁਸੀਂ ਇਹਨਾਂ ਲੋਕਾਂ ਨੂੰ ਅਕਲ ਨਹੀਂ ਸਿਖਾ ਸਕਦੇ।"

ਪੀਪਿਗ ਨੇ ਉੱਤਰ ਦਿੱਤਾ, "ਸਾਰਿਆਂ ਨੂੰ ਅੰਦਰ ਡੱਕ ਦਿਓ ਤੇ ਇੱਕ ਵਾਰ ਉਤਨੇ ਆਦਮੀਆਂ ਨੂੰ ਕੱਢੋ ਜਿਤਨੇ ਪਿਆਲੇ ਹਨ।"

"ਫਿਰ ਤਾਂ ਸ਼ੇਰਾਂ ਵਾਂਗ ਦਹਾੜਨਗੇ।"

ਪੀਪਿਗ ਇਸ ਤੋਂ ਬਿਨਾਂ ਹੋਰ ਕੀ ਸਲਾਹ ਦੇ ਸਕਦਾ ਸੀ। ਉਸ ਨੇ ਆਪਣੀ ਲੰਮੀ

ਧੌਣ ਤਾਣੀ ਭੀੜ ਵਿੱਚ ਏਧਰ-ਓਧਰ ਵੇਖਣ ਲੱਗਾ।

"ਨਵੇਂ ਆਉਣ ਵਾਲ਼ਿਆਂ ਵਿੱਚ ਕੋਈ ਜਾਂਕੋਵਸਕੀ ਨਾਂ ਦਾ ਬੰਦਾ ਹੈ ਏਥੇ ?" ਉਸ ਪੁੱਛਿਆ।

"ਹੋ ਸਕਦਾ ਹੈ ਹੋਵੇ।"

ਬਲਾਕ ਸੀਨੀਅਰ ਨੇ ਇਸ ਚੀਕ-ਚਿਹਾੜੇ ਵਿੱਚ ਉੱਚੀ ਸਾਰੀ ਬੋਲਣ ਦੀ ਕੋਸ਼ਿਸ਼ ਕੀਤੀ।

"ਜਾਂਕੋਵਸਕੀ ?"

ਪਰ ਇੰਝ ਜਾਪਿਆ ਜਿਵੇਂ ਭੇਡੂ ਚਰਾ ਰਿਹਾ ਹੋਵੇ।

ਪੀਪਿਗ ਆਪ ਹੀ ਉਸ ਪੋਲਿਸ਼ ਯਹੂਦੀ ਨੂੰ ਲੱਭਣ ਲੱਗਾ। ਜਾਂਕੋਵਸਕੀ ਇੱਕ ਨੁੱਕਰ ਵਿੱਚ ਖਲੋਤਾ ਆਪਣੇ ਦੋਹਾਂ ਹੱਥਾਂ ਨੂੰ ਠੋਡੀ ਹੇਠ ਟੇਕੀ ਇਹ ਨਜ਼ਾਰਾ ਵੇਖ ਰਿਹਾ ਸੀ। ਜਦ ਉਸ ਨੇ ਪੀਪਿਗ ਨੂੰ ਵੇਖਿਆ ਤਾਂ ਪਛਾਣਦੇ ਹੋਏ ਉਸਦਾ ਚਿਹਰਾ ਖਿੜ ਗਿਆ। ਉਸ ਵਧ ਕੇ ਜਰਮਨ ਦੇ ਕੋਲ਼ੋਂ ਪੁੱਛਿਆ :

"ਤੂੰ ! ਬੱਚਾ ਕਿੱਥੇ ਹੈ ?"

ਪੀਪਿਗ ਨੇ ਉਸ ਨੂੰ ਸਾਵਧਾਨ ਕਰਨ ਲਈ ਬੁੱਲ੍ਹਾਂ 'ਤੇ ਉਂਗਲੀ ਰੱਖੀ ਤੇ ਜਾਂਕੋਵਸਕੀ ਨੂੰ ਆਪਣੇ ਨਾਲ਼ ਆਉਣ ਦਾ ਇਸ਼ਾਰਾ ਕੀਤਾ।

ਕਰੈਮਰ ਇਸ ਸਮੇਂ ਪੁਰੂਲ ਨਾਲ਼ ਰੁੱਝਿਆ ਹੋਇਆ ਸੀ, ਜਿਹੜਾ ਟਰਾਂਸਪੋਰਟ ਲਈ ਸੂਚੀ ਤਿਆਰ ਕਰ ਰਿਹਾ ਸੀ।

ਛੋਟੇ ਕੈਂਪ ਦੇ ਇੱਕ ਹਜ਼ਾਰ ਕੈਦੀ ਭੇਜੇ ਜਾ ਰਹੇ ਸਨ। ਬੋਖ਼ਨਾਵਾਲਡ ਨੂੰ ਹਵਾ ਦੀ ਲੋੜ ਸੀ। ਪੁਰੂਲ ਨੇ ਪੂਰੀ ਟਰਾਂਸਪੋਰਟ ਨੂੰ ਛੋਟੇ ਕੈਂਪ ਦੇ ਹਰ ਬਲਾਕ ਉੱਤੇ ਬਰਾਬਰ-ਬਰਾਬਰ ਵੰਡ ਦਿੱਤਾ ਸੀ ਤੇ ਹੁਣ ਬਲਾਕ ਸੀਨੀਅਰ ਵਧੇਰੇ ਚੰਗੀ ਤਰ੍ਹਾਂ ਸਾਹ ਲੈ ਸਕਣਗੇ। ਖ਼ੈਰ ਕੁੱਝ ਵੀ ਹੋਵੇ, ਟਰਾਂਸਪੋਰਟ ਦਾ ਅਰਥ ਸੀ ਕਿ ਤੂੜੀ ਵਾਂਗ ਭਰੇ ਹੋਏ ਤਬੇਲਿਆਂ ਵਿੱਚ ਰਤਾ ਵਧੇਰੇ ਥਾਂ ਹੋ ਜਾਵੇਗੀ।

ਵੱਖ-ਵੱਖ ਟੋਲੀਆਂ ਵਿੱਚ ਕਿਹੜੇ ਲੋਕ ਜਾਣਗੇ, ਇਹ ਤੈਅ ਕਰਨਾ ਬਲਾਕ ਸੀਨੀਅਰਾਂ ਉੱਤੇ ਛੱਡ ਦਿੱਤਾ ਗਿਆ ਸੀ, ਜਿਨ੍ਹਾਂ ਨੇ ਕਮਰਿਆਂ ਦੀ ਨਿਗਰਾਨੀ ਕਰਨ ਵਾਲ਼ਿਆਂ ਤੇ ਬਲਾਕ ਕਲਰਕਾਂ ਦੀ ਮਦਦ ਨਾਲ਼ ਉਹਨਾਂ ਕੈਦੀਆਂ ਦੀ ਚੋਣ ਕਰ ਲਈ ਸੀ, ਜਿਨ੍ਹਾਂ ਨੂੰ ਭੇਜਿਆ ਜਾਣਾ ਸੀ। ਸਦਾ ਹੀ ਟਰਾਂਸਪੋਰਟ ਲਈ ਸਭ ਤੋਂ ਕਮਜ਼ੋਰ ਤੇ ਬੀਮਾਰ ਕੈਦੀਆਂ ਨੂੰ ਚੁਣਿਆ ਜਾਂਦਾ ਸੀ।

ਆਪਣਾ ਬਚਾਅ ਹਰ ਹਾਲਤ ਵਿੱਚ ਕਰਨ ਦਾ ਨਿਰਦਈ ਕਨੂੰਨ ਆਪਣਾ ਦਰਦਨਾਕ ਖਰਾਜ ਉਗਰਾਹ ਰਿਹਾ ਸੀ। ਦੋਵੇਂ ਕੈਂਪ ਸੀਨੀਅਰ ਖ਼ਾਮੋਸ਼ ਸਨ, ਇਸ ਲਈ ਕੁੱਝ ਨਹੀਂ ਸੀ ਆਖਿਆ ਜਾ ਰਿਹਾ। ਪੁਰੂਲ ਉਸ ਮੇਜ਼ ਕੋਲ਼ ਖਲੋਤਾ ਸੀ, ਜਿੱਥੇ ਕਰੈਮਰ ਬੈਠਾ, ਸਿਰ ਝੁਕਾਈ ਟਰਾਂਸਪੋਰਟ ਵਿੱਚ ਭੇਜੇ ਜਾਣ ਵਾਲ਼ਿਆਂ ਦੀ ਸੂਚੀ ਵੇਖ ਰਿਹਾ ਸੀ, ਜਿਹੜੀ ਪੁਰੂਲ ਨੇ

ਉਸ ਨੂੰ ਲਿਆ ਕੇ ਦਿੱਤੀ ਸੀ। ਉਸ ਨੇ ਨਜ਼ਰਾਂ ਚੁੱਕ ਕੇ ਪੁਰੂਲ ਵੱਲ ਵੇਖਿਆ, ਉਸ ਦੇ ਮੱਥੇ ਉੱਤੇ ਤਿਉੜੀ ਪਈ ਹੋਈ ਸੀ। ਦੋਹਾਂ ਆਖਿਆ ਕੁੱਝ ਵੀ ਨਾ, ਪਰ ਜਾਪਦਾ ਇੰਝ ਸੀ ਕਿ ਦੋਹਾਂ ਦੇ ਦਿਮਾਗ਼ ਵਿੱਚ ਇੱਕੋ ਗੱਲ ਸੀ। ਪੁਰੂਲ ਦੇ ਹੋਠਾਂ 'ਤੇ ਇੱਕ ਸਹਿਮੀ ਜਿਹੀ ਮੁਸਕਰਾਹਟ ਸੀ, ਜਿਹੜੀ ਹੁਣ ਝਿਜਕਦੇ-ਝਿਜਕਦੇ ਫ਼ੈਲ ਗਈ।

"ਇੱਕ ਹਜ਼ਾਰ ਆਦਮੀ ਤੇ ਫਿਰ ਰੱਬ ਜਾਣੇ ਕਿੱਥੇ ਭੇਜ ਰਹੇ ਹਾਂ...।"

ਕਰੈਮਰ ਨੇ ਆਪਣਾ ਹੇਠਲਾ ਬੁੱਲ੍ਹ ਦੰਦਾਂ ਹੇਠ ਦਬਾ ਲਿਆ। ਮੇਜ਼ 'ਤੇ ਕੂਹਣੀਆਂ ਟਿਕਾ ਦਿੱਤੀਆਂ ਤੇ ਆਪਣੇ ਹੱਥਾਂ ਵੱਲ ਵੇਖਣ ਲੱਗਾ।

"ਕਦੇ ਕਦੇ ਮੈਂ ਸੋਚਦਾ ਹਾਂ।" ਉਸ ਹੌਲ਼ੀ ਜਿਹੀ ਆਖਿਆ, "ਕਦੇ-ਕਦੇ ਮੈਂ ਸੋਚਦਾ ਹਾਂ ਕਿ ਅਸੀਂ ਲੋਕ ਕਿਤਨੇ ਘਟੀਆ ਤੇ ਥੋੜ੍ਹੇ ਦਿਲ ਵਾਲ਼ੇ ਹੋ ਗਏ ਹਾਂ...।"

ਪੁਰੂਲ ਸਮਝ ਤਾਂ ਗਿਆ, ਪਰ ਫਿਰ ਵੀ ਉਸ ਨੇ ਪੁੱਛਿਆ :

"ਅਸੀਂ ਲੋਕ ? ਮੈਂ ਸਮਝਿਆ ਨਹੀਂ!"

"ਅਸੀਂ ਲੋਕ" ਕਰੈਮਰ ਨੇ ਬੇ-ਰਹਿਮੀ ਨਾਲ਼ ਉੱਤਰ ਦਿੱਤਾ ਤੇ ਖੜ੍ਹਾ ਹੋ ਗਿਆ। ਬਾਰੀ ਕੋਲ਼ ਜਾ ਕੇ, ਦੋਵੇਂ ਹੱਥ ਪਤਲੂਣ ਦੀਆਂ ਜੇਬ੍ਹਾਂ ਵਿੱਚ ਤੁੰਨ ਕੇ ਉਹ ਬਾਹਰ ਪਰੇਡ ਦੇ ਮੈਦਾਨ ਨੂੰ ਵੇਖਣ ਲੱਗਾ।

'ਕੱਲਾ ਦੁਕੱਲਾ ਕੈਦੀ ਜਾਂ ਕੁੱਝ ਟੋਲੀਆਂ ਪਰੇਡ ਗਰਾਊਂਡ ਤੋਂ ਆ ਜਾ ਰਹੀਆਂ ਸਨ, ਕੁੱਝ ਫ਼ਾਟਕ ਤੋਂ ਬਾਹਰ ਜਾ ਰਹੇ ਸਨ, ਕੁੱਝ ਕੈਂਪ ਦੇ ਅੰਦਰ ਆ ਰਹੇ ਸਨ। ਦਫ਼ਤਰ ਦੀ ਬਾਰੀ ਸਾਹਮਣਿਓਂ, ਜੋ ਵੀ ਲੰਘਦਾ ਉਹ ਨੇਮ ਅਨੁਸਾਰ ਹੱਥ ਵਿੱਚ ਟੋਪੀ ਲੈ ਕੇ ਅਟੈਂਸ਼ਨ ਹੋ ਜਾਂਦਾ। ਫ਼ਾਟਕ ਉੱਤੇ ਬਲਾਕ ਫ਼ੋਹਰਰ ਉਨ੍ਹਾਂ ਦੀ ਜਾਂਚ ਕਰ ਰਿਹਾ ਸੀ।

ਇਸ ਸਮੇਂ ਫਿਰ ਉਹ ਚਿੜ੍ਹਿਆ ਹੋਇਆ ਸੀ ਤੇ ਚੀਕ ਰਿਹਾ ਸੀ। ਉਹ ਉਨ੍ਹਾਂ ਨੂੰ ਠੁੱਡੇ ਮਾਰ ਰਿਹਾ ਸੀ ਤੇ ਮੁੱਕੇ ਜੜ ਰਿਹਾ ਸੀ।

ਕਰੈਮਰ ਨੇ ਇਹ ਸਭ ਕੁੱਝ ਬਿਨਾਂ ਜਾਣਦੇ ਹੋਏ ਵੇਖਿਆ। ਉਹ ਟਰਾਂਸਪੋਰਟ ਭੇਜਣ ਬਾਰੇ ਸੋਚ ਰਿਹਾ ਸੀ, ਜਿਸ ਨੇ ਉਸ ਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ। ਇਹ ਬੱਚੇ ਦਾ ਮਾਮਲਾ ਕੀ ਹੈ ? ਖ਼ਤਰਾ ? ਇੱਕ ਬੱਚੇ ਲਈ ? ਅਸੰਭਵ ! ਇਸ ਗੱਲ ਨਾਲ਼ ਹੋਫ਼ਲ ਦਾ ਕੋਈ ਨਾ ਕੋਈ ਸਬੰਧ ਸੀ। ਜੇ ਪੂਰੀ ਗੱਲ ਪਤਾ ਹੁੰਦੀ ਤਾਂ ਸ਼ਾਇਦ ਬੱਚਾ...। ਬੋਖਾਉ ਦਾ ਭੇਦ ਵੀ ਕੀ ਮੁਸੀਬਤ ਹੈ... ਬੱਸ ਹਨੇਰੇ ਵਿੱਚ ਹੱਥ ਮਾਰੋ।

"ਸੁਆਲ ਕਰਨ ਦੀ ਲੋੜ ਨਹੀਂ, ਜੋ ਕੁੱਝ ਮੈਂ ਆਖਾਂ ਉਹੋ ਕਰੋ।"

ਕਰੈਮਰ ਦੀ ਤਿਊੜੀ ਚੜ੍ਹ ਗਈ। ਉਹ ਖਿੜਕੀ ਦੇ ਜੰਗਲ਼ੇ ਉੱਤੇ ਹੱਥ ਰੱਖੀ ਖਲੋਤਾ ਸੀ। ਇਤਨੇ ਵਿੱਚ ਉਸ ਨੇ ਜੰਗਲ਼ੇ ਉੱਤੇ ਮੁੱਕਾ ਤਾਣਿਆ।

ਪਿੱਛੋਂ ਪੁਰੂਲ ਦੀ ਅਵਾਜ਼ ਕੰਨਾਂ ਵਿੱਚ ਪਈ। "ਇਹ ਤੈਨੂੰ ਹੋ ਕੀ ਗਿਆ ਏ ?" ਉਸ ਨੇ ਤ੍ਰਭਕ ਕੇ ਪਿਛਾਂਹ ਵੱਲ ਵੇਖਿਆ।

"ਕੁੱਝ ਵੀ ਨਹੀਂ!" ਉਸ ਉੱਤਰ ਦਿੱਤਾ। ਪੁਰੂਲ ਉਸ ਨੂੰ ਸਮਝਾਉਣਾ ਚਾਹੁੰਦਾ ਸੀ।

“ਇਹ ਆਖ਼ਰੀ ਟਰਾਂਸਪੋਰਟ ਹੋਵੇਗੀ। ਸੰਭਵ ਹੈ, ਇਸ ਨੂੰ ਵੀ ਅਮਰੀਕੀ ਰੋਕ ਲੈਣ...” ਕਰੈਮਰ ਨੇ ਖ਼ਾਮੋਸ਼ੀ ਵਿੱਚ ਸਿਰ ਹਿਲਾਇਆ ਤੇ ਸੂਚੀ ਪੁਰੂਲ ਨੂੰ ਪਰਤਾ ਦਿੱਤੀ।

“ਮੈਂ ਕਹਿ ਰਿਹਾ ਸਾਂ, ਇਸ ਗੱਲ ਦਾ ਖ਼ਿਆਲ ਰੱਖੀਂ, ਕੱਲ੍ਹ ਜਿਹੜੇ ਲੋਕ ਆਏ ਹਨ, ਉਹੋ ਪਲੈਂਡ ਵਾਲ਼ੇ, ਉਨ੍ਹਾਂ ਨੂੰ ਟਰਾਂਸਪੋਰਟ ਵਿੱਚ ਸ਼ਾਮਲ ਕਰ ਲਿਆ ਜਾਵੇ...।”

ਸਮਾਨਖ਼ਾਨੇ ਦੇ ਕਲਰਕ ਦੇ ਦਫ਼ਤਰ ਵਿੱਚ, ਕਮਾਂਡੋ ਦੇ ਕੈਦੀ ਜਾਂਕੋਵਸਕੀ ਦੇ ਆਲ਼ੇ-ਦੁਆਲ਼ੇ ਬੈਠੇ ਹੋਏ ਸਨ। ਪੀਪਿਗ ਨੇ ਉਸ ਦੀ ਜੇਬ੍ਹ ਵਿੱਚ ਰੋਟੀ ਦਾ ਇੱਕ ਟੁਕੜਾ ਪਾ ਦਿੱਤਾ ਸੀ। ਜਾਂਕੋਵਸਕੀ ਚੁੱਪ-ਚਾਪ ਉਸ ਨੂੰ ਤੋੜ ਕੇ ਆਪਣੇ ਮੂੰਹ ਵਿੱਚ ਰੱਖ ਲੈਂਦਾ। ਉਸ ਨੂੰ ਆਪਣੀ ਇੰਨੀ ਤਿੱਖੀ ਭੁੱਖ ਉੱਤੇ ਸ਼ਰਮ ਆ ਰਹੀ ਸੀ।

ਪੀਪਿਗ ਉਸ ਦਾ ਦਿਲ ਵਧਾ ਰਿਹਾ ਸੀ: “ਬਈ ਬੱਸ ਚਬਾਉਂਦਾ ਜਾ, ਅੱਜ ਤਾਂ ਮੂਲ਼ੀ ਦੀ ਤਰੀ ਤੇ ਡੰਪਲਿੰਗ ਮਿਲ਼ੇਗਾ।” ਉਸ ਨੇ ਜਾਂਕੋਵਸਕੀ ਵੱਲ ਬਿਨਾਂ ਦੁੱਧ ਦੇ ਕਾਫ਼ੀ ਦਾ ਇੱਕ ਪਿਆਲਾ ਵਧਾਇਆ। ਕਰੋਪਿਨਸਕੀ ਉਸ ਤੇ ਪੋਲ ਯਹੂਦੀ ਵਿਚਾਲ਼ੇ ਦੁਭਾਸ਼ੀਏ ਦਾ ਕੰਮ ਕਰ ਰਿਹਾ ਸੀ। ਫਿਰ ਦੋਵੇਂ ਪੋਲ ਵਿੱਚ ਗੱਲਾਂ ਕਰਨ ਲੱਗ ਪਏ ਤੇ ਕਰੋਪਿਨਸਕੀ ਅਨੁਵਾਦ ਕਰਦਾ ਰਿਹਾ।

“ਕਹਿ ਰਿਹਾ ਏ ਕਿ ਉਹ ਬੱਚੇ ਦਾ ਪਿਉ ਨਹੀਂ। ਪਿਉ ਮਰ ਗਿਆ ਏ ਤੇ ਮਾਂ ਵੀ ਅਸ਼ੂਨਜ਼ ਘੱਲ ਦਿੱਤੀ ਗਈ ਜਿੱਥੇ ਉਸ ਨੂੰ ਮਾਰ ਦਿੱਤਾ ਗਿਆ ਏ। ਬੱਚਾ ਤਿੰਨਾਂ ਮਹੀਨਿਆਂ ਦਾ ਸੀ, ਜਦੋਂ ਉਹ ਆਪਣੇ ਮਾਂ ਪਿਉ ਦੇ ਨਾਲ਼...ਵਰਸ਼ਨਾ ਬੰਦੀਖ਼ਾਨੇ ਤੋਂ ਅਸ਼ੂਵਿਤਜ਼ ਕੈਂਪ ਵਿੱਚ ਲਿਆਂਦਾ ਗਿਆ ਸੀ। ਕਹਿੰਦੇ ਏ, ਨਾਜ਼ੀ ਕੁੱਲ ਬੱਚਿਆਂ ਨੂੰ ਮਾਰ ਦੇਂਦੇ ਨੇ। ਇਸ ਬੱਚੇ ਨੂੰ ਸਦਾ ਲੁਕਾ ਕੇ ਰੱਖਿਆ ਗਿਆ ਏ।”

ਜਾਂਕੋਵਸਕੀ ਨੇ ਵਿਚਾਲ਼ੇ ਹੋ ਕੇ ਕਰੋਪਿਨਸਕੀ ਨੂੰ ਕੁੱਝ ਆਖਿਆ। ਕਰੋਪਿਨਸਕੀ ਉਸ ਦੀ ਵਿਸ਼ਵਾਸ਼ ਰਹਿਤ ਕਹਾਣੀ ਦਾ ਅਨੁਵਾਦ ਕਰਦਾ ਰਿਹਾ: “ਕਹਿੰਦਾ ਏ ਕਿ ਛੋਟਾ ਬੱਚਾ ਜਾਣਦਾ ਹੀ ਨਹੀਂ ਕਿ ਮਨੁੱਖ ਕੀ ਹੁੰਦਾ ਏ। ਉਹ ਤਾਂ ਬੱਸ ਇਹੋ ਜਾਣਦਾ ਏ ਕਿ ਨਾਜ਼ੀ ਕੀ ਹੁੰਦਾ ਏ, ਕੈਦੀ ਕੀ ਹੁੰਦਾ ਏ। ਪਰ ਛੋਟਾ ਬੱਚਾ ਨਾਜ਼ੀ ਦੀ ਭਿਣਕ ਸੁਣਦਿਆਂ ਹੀ ਚੰਗੀ ਤਰ੍ਹਾਂ ਸਮਝ ਜਾਂਦਾ ਏ। ਛੁਪ ਜਾਂਦਾ ਤੇ ਸਾਹ ਘੁੱਟੀ ਪਿਆ ਰਹਿੰਦਾ ਏ।”

ਕਰੋਪਿਨਸਕੀ ਚੁੱਪ ਹੋ ਗਿਆ। ਦੂਜੇ ਲੋਕ ਵੀ ਚੁੱਪ ਸਨ। ਸਾਰਿਆਂ ਦੇ ਸਿਰ ਝੁਕੇ ਹੋਏ ਸਨ। ਹੋਫ਼ਲ ਨੇ ਹੌਲ਼ੀ ਜਿਹੇ ਆਪਣਾ ਹੱਥ ਜਾਂਕੋਵਸਕੀ ਦੇ ਹੱਥ ਉੱਤੇ ਰੱਖ ਦਿੱਤਾ। ਉਹ ਥੋੜ੍ਹਾ ਜਿਹਾ ਮੁਸਕਰਾਇਆ। ਉਸ ਦੀ ਗੱਲ ਸਮਝ ਲਈ ਗਈ ਸੀ।

“ਮਾਰੀਆਨ” ਹੋਫ਼ਲ ਨੇ ਕਰੋਪਿਨਸਕੀ ਤੋਂ ਪੁੱਛਿਆ, “ਬੱਚੇ ਦਾ ਨਾਂ ਕੀ ਏ ?”

ਕਰੋਪਿਨਸਕੀ ਨੇ ਉੱਤਰ ਦਾ ਅਨੁਵਾਦ ਕੀਤਾ। “ਛੋਟੇ ਬੱਚੇ ਦਾ ਨਾਂ ਸਟੀਫ਼ਨ ਸਾਈਲਾਕ ਏ ਅਤੇ ਇਸ ਦਾ ਪਿਉ ਵਰਸ਼ਵਾ ਵਿੱਚ ਵਕੀਲ ਸੀ।”

ਹੋਫ਼ਲ ਦੀਆਂ ਦਿਆਲੂ ਨਜ਼ਰਾਂ ਉਸ ਪਤਲੇ ਕਮਜ਼ੋਰ ਤੇ ਛੋਟੇ ਕੱਦ ਦੇ ਆਦਮੀ ਉੱਤੇ ਜੰਮੀਆਂ ਹੋਈਆਂ ਸਨ, ਜਿਸ ਦੀ ਉਮਰ ਪੰਜਾਹ ਤੋਂ ਉੱਪਰ ਸੀ।

ਜਾਂਕੋਵਸਕੀ ਨੇ ਪੂਰੇ ਵਿਸਵਾਸ਼ ਨਾਲ਼ ਆਲ਼ੇ-ਦੁਆਲ਼ੇ ਦੇ ਕੈਦੀਆਂ ਨੂੰ ਵੇਖਿਆ।

ਉਸਦੀ ਹਲਕੀ ਜਿਹੀ ਮੁਸਕਰਾਹਟ ਤੋਂ ਵਿਸਵਾਸ਼ ਟਪਕ ਰਿਹਾ ਸੀ ਕਿ ਇਤਨੇ ਖ਼ਤਰਿਆਂ ਮਗਰੋਂ ਬੱਚਾ ਹੁਣ ਸੁਰੱਖਿਅਤ ਹੈ। ਹੋਫ਼ਲ ਦਾ ਜੀਅ ਭਰ ਆਇਆ। ਜਾਂਕੋਵਸਕੀ ਨੂੰ ਕੋਈ ਸ਼ੱਕ ਵੀ ਨਹੀਂ ਸੀ ਕਿ ਉਸ ਨੂੰ ਕਿਉਂ ਬੁਲਾਇਆ ਗਿਆ ਹੈ। ਉਸ ਨੂੰ ਤਾਂ ਇਸ ਗੱਲ ਦੀ ਖ਼ੁਸ਼ੀ ਸੀ ਕਿ ਉਸ ਨੂੰ ਇਤਨੇ ਚੰਗੇ ਸਾਥੀ ਮਿਲ਼ ਗਏ ਹਨ।

ਹੋਫ਼ਲ ਸੋਚਣ ਲੱਗਾ ਕਿ ਇਹ ਚੰਗੇ ਸਾਥੀ ਇੱਕ ਯਹੂਦੀ ਨੂੰ ਕਿਵੇਂ ਆਖਣਗੇ "ਆਪਣੇ ਬੱਚੇ ਨੂੰ ਇੱਥੋਂ ਲੈ ਜਾਓ, ਸਾਡੇ ਕਿਸ ਕੰਮ ਦਾ ਏ ਉਹ।" ਅਤੇ ਇਹ ਬੁੱਢਾ ਚੁੱਪ-ਚਾਪ ਆਪਣੇ ਭਾਰ ਨੂੰ ਚੁੱਕੇਗਾ ਤੇ ਡਿੱਗਦਾ-ਢਹਿੰਦਾ ਚਲਿਆ ਜਾਵੇਗਾ। ਤਨੋ-ਮਨੋ ਇਹ ਕੋਸ਼ਿਸ਼ ਕਰੇਗਾ ਕਿ ਜੀਵਨ ਦੀ ਨਿੱਕੀ ਜਿਹੀ ਚੰਗਿਆੜੀ ਨਾਜ਼ੀਆਂ ਦੇ ਬੇਝੋਲ ਬੂਟਾਂ ਹੇਠ ਨਾ ਆ ਜਾਵੇ। ਜਾਂਕੋਵਸਕੀ ਸ਼ਾਇਦ ਸਮਝ ਗਿਆ ਕਿ ਇਹ ਜਰਮਨ ਕੁੱਝ ਵਿਸ਼ੇਸ਼ ਨਜ਼ਰਾਂ ਨਾਲ਼ ਵੇਖ ਰਿਹਾ ਹੈ। ਉਸ ਨੇ ਮੁਸਕਰਾ ਕੇ ਹੋਫ਼ਲ ਵੱਲ ਵੇਖਿਆ, ਪਰ ਹੋਫ਼ਲ ਆਪਣੇ ਵਿਚਾਰਾਂ ਵਿੱਚ ਰੁੜ੍ਹਿਆ ਰਿਹਾ। ਇੱਕ ਮਜ਼ਬੂਰ, ਬੇਬਸ ਮਨੁੱਖ ਆਪਣੇ ਨਾਲ਼ ਜਿਉਣ ਦੀ ਇੱਕ ਰੁਮਕ ਲਈ ਫਿਰ ਰਿਹਾ ਹੈ, ਜਿਸ ਨੂੰ ਇਸ ਅਸ਼ੂਵਿਤਜ਼ ਵਿੱਚ ਮੌਤ ਦੇ ਪੰਜੇ ਵਿੱਚੋਂ ਬਚਾਇਆ ਹੈ, ਪਰ ਕੇਵਲ ਅਣਜਾਣੇ ਅਣਵੇਖੇ ਖ਼ਤਰਿਆਂ ਵਿੱਚ ਪੈਣ ਲਈ, ਕੀ ਹਮਾਕਤ ਹੈ! ਕਿਤੇ ਨਾ ਕਿਤੇ ਮੌਤ ਇਹ ਸੂਟਕੇਸ ਉਸ ਦੇ ਹੱਥਾਂ ਵਿੱਚੋਂ ਖੋਹ ਲਵੇਗੀ ਤੇ ਮੁਸਕਰਾ ਕੇ ਆਖੇਗੀ: ਰਤਾ ਵੇਖ ਤਾਂ ਸਹੀ, ਮੇਰੇ ਵਾਸਤੇ ਕੋਈ ਕੁੱਝ ਲਿਆਇਆ...। ਹੋਫ਼ਲ ਨੂੰ ਹਰ ਸ਼ੈਅ ਉੱਤੇ ਗ਼ੁੱਸਾ ਆ ਰਿਹਾ ਸੀ। ਜੇ ਇਸ ਹਮਾਕਤ ਨੂੰ ਰੋਕਣਾ ਹੈ ਤਾਂ ਇੱਥੇ ਤੇ ਇਸੇ ਥਾਂ ਰੋਕਣਾ ਹੋਵੇਗਾ। ਇਸ ਬੱਚੇ ਨੂੰ ਬਚਾਉਣ ਦਾ ਜੇ ਕੋਈ ਢੰਗ ਹੈ ਤਾਂ ਉਹ ਇੱਥੇ ਹੀ ਹੈ।

ਕਿਸੇ ਕੈਦੀ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ ਕਿ ਕੀ ਆਖੇ।

ਹੋਫ਼ਲ ਦੀਆਂ ਨਜ਼ਰਾਂ ਪੀਪਿਗ ਉੱਤੇ ਟਿਕੀਆਂ ਹੋਈਆਂ ਸਨ। ਦੋਵੇਂ ਇੱਕ ਦੂਜੇ ਵੱਲ ਗੁੰਮ ਸੁੰਮ ਵੇਖੀ ਜਾ ਰਹੇ ਸਨ। ਦੋ ਫ਼ਰਜ਼ਾਂ ਵਿਚਾਲ਼ੇ ਫ਼ੈਸਲਾ ਕਰਵਾਉਣ ਦਾ ਭਾਰੀ ਬੋਝ ਹੋਫ਼ਲ ਦੇ ਦਿਲ ਨੂੰ ਦਰੜੀ ਜਾ ਰਿਹਾ ਸੀ ਅਤੇ ਉਸ ਨੂੰ ਇਹ ਅਨੁਭਵ ਕਰਕੇ ਬੜਾ ਦੁੱਖ ਹੋਇਆ ਕਿ ਉਹ ਬਿਲਕੁਲ ਇਕੱਲਾ ਹੈ। ਪੀਪਿਗ ਦੀਆਂ ਚੁੱਪ ਨਜ਼ਰਾਂ ਉਸ ਨੂੰ ਸਵਾਲ ਕਰ ਰਹੀਆਂ ਸਨ ਅਤੇ ਉਸ ਦਾ ਜੀਅ ਚਾਹਿਆ ਕਿ ਉਹ ਸਿਰ ਹਿਲਾ ਕੇ ਪੀਪਿਗ ਨਾਲ਼ ਇੱਕਸਾਰ ਕਰ ਲਵੇ। ਐਪਰ ਉਸ ਨੇ ਬੱਸ ਇੱਕ ਠੰਡਾ ਸਾਹ ਲਿਆ ਤੇ ਖੜ੍ਹਾ ਹੋ ਗਿਆ।

"ਤੁਸੀਂ ਲੋਕ ਇੱਥੇ ਹੀ ਰਹੋ।" ਉਸ ਕੈਦੀਆਂ ਨੂੰ ਆਖਿਆ, "ਵੇਖਦੇ ਰਹਿਣਾ, ਹੋ ਸਕਦਾ ਹੈ ਕਿ ਜ਼ਵਾਈਲਿੰਗ ਅਚਨਚੇਤ ਆ ਜਾਵੇ।"

ਜਾਂਕੋਵਸਕੀ, ਕਰੋਪਿਨਸਕੀ ਤੇ ਪੀਪਿਗ ਨੂੰ ਲੈ ਕੇ ਉਹ ਪਿਛਲੇ ਦਰ ਵੱਲ ਚਲਿਆ ਗਿਆ। ਬੱਚੇ ਨੇ ਜਦੋਂ ਜਾਂਕੋਵਸਕੀ ਨੂੰ ਵੇਖਿਆ ਤਾਂ ਉਹ ਛੋਟੇ ਜਿਹੇ ਹਿੱਲੇ ਹੋਏ ਕਤੂਰੇ ਵਾਂਗ ਉਸ ਦੀ ਝੋਲੀ ਵਿੱਚ ਆ ਗਿਆ।

ਜਾਂਕੋਵਸਕੀ ਬੱਚੇ ਨੂੰ ਛਾਤੀ ਨਾਲ਼ ਲਾ ਕੇ ਚੁੱਪ-ਚਾਪ ਰੋਣ ਲੱਗ ਪਿਆ। ਲੋਕਾਂ ਉੱਤੇ ਇੱਕ ਬੇਝੋਲ ਠਹਿਰਾਉ ਜਿਹਾ ਪਸਰ ਗਿਆ, ਜਿਹੜਾ ਪੀਪਿਗ ਤੋਂ ਵਧੇਰੇ ਸਮੇਂ ਤੱਕ ਸਹਾਰਿਆ ਨਾ ਗਿਆ।

"ਠੀਕ ਹੈ, ਠੀਕ ਹੈ, ਇੱਥੇ ਰੋਣ-ਧੋਣ ਦੀ ਕੋਈ ਲੋੜ ਨਹੀਂ।" ਉਸ ਨੇ ਰਤਾ ਦਰੜਾਈ ਨਾਲ਼ ਆਖਿਆ, ਜਦ ਕਿ ਉਸ ਦੀ ਆਪਣੀ ਅਵਾਜ਼ ਭਰੀ ਹੋਈ ਸੀ। ਜਾਂਕੋਵਸਕੀ ਨੇ ਹੋਫ਼ਲ ਤੋਂ ਕੁੱਝ ਪੁੱਛਿਆ। ਉਹ ਭੁੱਲ ਗਿਆ ਕਿ ਹੋਫ਼ਲ ਜਰਮਨ ਹੈ ਤੇ ਉਸ ਦੀ ਗੱਲ ਸਮਝ ਨਹੀਂ ਸਕਦਾ। ਕਰੋਪਿਨਸਕੀ ਨੇ ਮਦਦ ਕੀਤੀ: "ਪੁੱਛ ਪਈ ਕਿ ਕੀ ਇਹ ਨਿੱਕਾ ਜਿਹਾ ਬੱਚਾ ਇੱਥੇ ਰਹਿ ਸਕਦਾ ਏ ?"

ਇਹ ਸਮਾਂ ਸੀ, ਜਦੋਂ ਹੋਫ਼ਲ ਉਸ ਨੂੰ ਦੱਸ ਸਕਦਾ ਸੀ ਕਿ ਸਵੇਰੇ ਟਰਾਂਸਪੋਰਟ ਵਿੱਚ ਉਹ ਯਹੂਦੀ ਆਪ ਵੀ ਜਾ ਰਿਹਾ ਹੈ ਤੇ ਆਪਣੇ ਬੱਚੇ ਨੂੰ ਨਾਲ਼ ਲਈ ਜਾ ਰਿਹਾ ਹੈ। ... ਪਰ ਉਸ ਤੋਂ ਕੁੱਝ ਵੀ ਨਾ ਆਖਿਆ ਗਿਆ ਅਤੇ ਜਦੋਂ ਪੀਪਿਗ ਨੇ ਉੱਤਰ ਦਿੱਤਾ ਤਾਂ ਉਸ ਨੂੰ ਖ਼ੁਸ਼ੀ ਹੋਈ ਕਿ ਉਹ ਜਵਾਬ ਦੇਣ ਦੀ ਔਕੜ ਤੋਂ ਬਚ ਗਿਆ ਹੈ। ਪੀਪਿਗ ਨੇ ਤਸੱਲੀ ਦੇਣ ਦੇ ਅੰਦਾਜ ਵਿੱਚ ਜਾਂਕੋਵਸਕੀ ਦੇ ਮੋਢੇ ਉੱਤੇ ਹੱਥ ਰੱਖਿਆ : ਬੱਚਾ ਤਾਂ ਇੱਥੇ ਰਹੇਗਾ ਹੀ, ਬਿਲਕੁਲ ਇੱਥੇ ਰਹੇਗਾ।" ਤੇ ਫਿਰ ਹੋਫ਼ਲ ਵੱਲ ਬੜੇ ਮਾਣ ਨਾਲ਼ ਵੇਖਿਆ। ਹੋਫ਼ਲ ਚੁੱਪ ਰਿਹਾ ਇਸ ਲਈ ਕਿ ਪੀਪਿਗ ਦੀ ਗੱਲ ਕੱਟਣ ਦੀ ਹਿੰਮਤ ਨਹੀਂ ਸੀ ਪੈਂਦੀ। ਯਕਾਯਕ ਉਸ ਨੂੰ ਡਰ ਲੱਗਣ ਲੱਗਾ। ਚੁੱਪ ਰਹਿ ਕੇ ਉਸ ਨੇ ਬੋਖਾਉ ਦੀ ਅਵੱਗਿਆ ਕਰਨ ਦਾ ਪਹਿਲਾ ਕਦਮ ਉਠਾਇਆ ਸੀ। ਇਹ ਤਾਂ ਸੱਚ ਹੈ ਕਿ ਉਹ ਆਪਣੇ ਆਪ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਬੱਚੇ ਨੂੰ ਜਾਂਕੋਵਸਕੀ ਦੇ ਹਵਾਲੇ ਕਰਨ ਦਾ ਸਮਾਂ ਤਾਂ ਕੱਲ੍ਹ ਹੀ ਹੋਵੇਗਾ, ਪਰ ਉਸ ਨੂੰ ਜਾਪ ਰਿਹਾ ਸੀ ਕਿ ਉਸ ਦੇ ਫ਼ਰਜ਼ ਉੱਤੇ ਉਸਦੀ ਪਕੜ ਕਮਜ਼ੋਰ ਹੁੰਦੀ ਜਾ ਰਹੀ ਸੀ।

ਹਾਂ, ਜਦੋਂ ਪੀਪਿਗ ਨੇ ਹੋਫ਼ਲ ਦੀ ਚੁੱਪ ਨੂੰ ਆਪਣੀ ਮਰਜ਼ੀ ਅਨੁਕੂਲ ਸਮਝ ਜਾਂਕੋਵਸਕੀ ਨੂੰ ਹੱਸਦਿਆਂ ਆਖਿਆ, "ਛੱਡ ਯਾਰ, ਤੂੰ ਤਾਂ ਐਵੇਂ ਫ਼ਜ਼ੂਲ ਫ਼ਿਕਰ ਕਰਦਾ ਏਂ। ਬੱਚੇ ਪਾਲਣ ਵਿੱਚ ਕਾਫ਼ੀ ਯੋਗਤਾ ਰੱਖਦੇ ਹਾਂ।" ਤਾਂ ਉਸ ਤੋਂ ਨਾ ਰਿਹਾ ਗਿਆ।

"ਬਕਵਾਸ ਨਾ ਕਰ!"

ਐਪਰ ਪੀਪਿਗ 'ਤੇ ਭਲਾ ਇੰਨੀ ਜਿਹੀ ਗੱਲ ਦਾ ਕੀ ਅਸਰ ਹੋਣਾ ਸੀ। ਉਸ ਅੱਗੋਂ ਹੱਸ ਛੱਡਿਆ।

ਜਾਂਕੋਵਸਕੀ ਨੇ ਬੱਚੇ ਨੂੰ ਫ਼ਰਸ਼ 'ਤੇ ਬਿਠਾ ਦਿੱਤਾ ਅਤੇ ਬੜੇ ਧੰਨਵਾਦ ਨਾਲ਼ ਹੋਫ਼ਲ ਨਾਲ਼ ਹੱਥ ਮਿਲਾਇਆ। ਉਹ ਖ਼ੁਸ਼ੀ ਨਾਲ਼ ਫੁੱਲਿਆ ਨਹੀਂ ਸੀ ਸਮਾ ਰਿਹਾ ਤੇ ਹੋਫ਼ਲ ਇਸ 'ਤੇ ਵੀ ਚੁੱਪ ਰਿਹਾ।

ਜਦੋਂ ਪ੍ਰੂਲ ਛੋਟੇ ਕੈਂਪ ਵੱਲ ਚਲਿਆ ਗਿਆ ਤਾਂ ਕਰੈਮਰ ਨੇ ਕੈਦੀ ਭੇਜ ਕੇ ਕਲਰਕ ਦੇ ਕਮਰੇ ਵਿੱਚੋਂ ਬੋਖਾਉ ਨੂੰ ਬੁਲਵਾਇਆ। ਬੋਖਾਉ ਨੇ ਆਉਂਦਿਆਂ ਹੀ ਸੁਆਲ ਕੀਤਾ: "ਤੂੰ ਹੋਫ਼ਲ ਨਾਲ਼ ਤੈਅ ਕਰ ਲਿਆ ਏ।" "ਉਹ ਮੈਂ ਕਰਦਾ ਰਹਾਂਗਾ।" ਕਰੈਮਰ ਨੇ ਚਿੜ੍ਹ ਕੇ ਜੁਆਬ ਦਿੱਤਾ, "ਮੇਰੀ ਕੁੱਝ ਗੜਬੜ ਏ" ਉਸ ਨੇ ਕੁੱਝ ਸ਼ਬਦਾਂ ਵਿੱਚ ਉਸ ਗੱਲਬਾਤ ਦਾ ਜ਼ਿਕਰ ਕੀਤਾ ਜਿਹੜੀ ਕਲੂਟਿਗ ਤੇ ਰੀਨਬੂਥ ਨਾਲ਼ ਹੋਈ ਸੀ ਅਤੇ ਉਸ ਨੂੰ ਕਮਾਂਡੈਂਟ ਦਾ ਹੁਕਮ ਸੁਣਾਇਆ।

ਆਖਰ ਵਿੱਚ ਕਰੈਮਰ ਨੇ ਆਖਿਆ: "ਇਹਨਾਂ ਲੋਕਾਂ ਨੂੰ ਕੁੱਝ ਉੱਘ-ਸੁੱਘ ਮਿਲ਼ ਗਈ ਏ। ਇਹ ਤਾਂ ਸਪਸ਼ਟ ਹੈ, ਪਰ ਸ਼ਾਇਦ ਅਜੇ ਤੱਕ ਇਹਨਾਂ ਨੂੰ ਪੱਕੀ ਤਰ੍ਹਾਂ ਕੁੱਝ ਪਤਾ ਨਹੀਂ। ਜਦੋਂ ਤੱਕ ਉਹ ਲੋਕ ਮੈਨੂੰ ਅਸਲੀ ਕਰਤਾ-ਧਰਤਾ ਸਮਝਦੇ ਹਨ, ਉਸ ਸਮੇਂ ਤੱਕ ਤੁਸੀਂ ਲੋਕ ਸੁਰੱਖਿਅਤ ਹੋ।"

ਬੋਖਾਉ ਚੁੱਪ-ਚਾਪ ਸੁਣਦਾ ਰਿਹਾ। ਸਭ ਕੁੱਝ ਸੁਣ ਕੇ ਬੋਲਿਆ: "ਤਾਂ ਉਹ ਲੋਕ ਸਾਡੀ ਤਾੜ ਵਿੱਚ ਹਨ, ਚੰਗਾ, ਜਦ ਤੱਕ ਅਸੀਂ ਕੋਈ ਗ਼ਲਤੀ ਨਹੀਂ ਕਰਾਂਗੇ ਸਾਡਾ ਪਤਾ ਨਹੀਂ ਲੱਗ ਸਕਦਾ। ਐਪਰ ਮੈਨੂੰ ਇਹ ਗੱਲ ਪਸੰਦ ਨਹੀਂ ਕਿ ਤੂੰ ਸਾਡੇ ਲਈ ਪਰਦਾ ਬਣਿਆ ਰਹੇਂ।"

"ਤੂੰ ਚਿੰਤਾ ਨਾ ਕਰ! ਮੇਰੇ ਜਿਹੀ ਚੌੜੀ ਪਿੱਠ ਵਾਲ਼ਾ ਬੰਦਾ, ਤੁਸਾਂ ਸਾਰਿਆਂ ਨੂੰ ਆਪਣੀ ਓਟ ਵਿੱਚ ਲੁਕਾ ਸਕਦਾ ਏ।"

ਬੋਖਾਉ ਨੇ ਕਰੈਮਰ ਨੂੰ ਧਿਆਨ ਨਾਲ਼ ਵੇਖਿਆ, ਉਸ ਨੂੰ ਲੱਗਿਆ ਕਿ ਕਰੈਮਰ ਦੇ ਲਹਿਜੇ ਵਿੱਚ ਹਲਕਾ ਜਿਹਾ ਵਿਅੰਗ ਹੈ। ਇਸ ਲਈ ਰਤਾ-ਕੁ ਲਾ ਕੇ ਉਸ ਨੇ ਆਖਿਆ : "ਹਾਂ, ਹਾਂ ਵਾਲਟਰ ਮੈਨੂੰ ਪਤਾ ਏ। ਮੈਨੂੰ ਤੇਰੇ 'ਤੇ ਵਿਸ਼ਵਾਸ਼ ਏ। ਮੇਰਾ ਭਾਵ ਏ ਅਸਾਂ ਸਾਰਿਆਂ ਨੂੰ ਤੇਰੇ 'ਤੇ ਭਰੋਸਾ ਹੈ। ਇਹੋ ਅਖਵਾਉਣਾ ਚਾਹੁੰਦਾ ਸੈਂ ਨਾ ?"

ਕਰੈਮਰ ਨੇ ਤੇਜ਼ੀ ਨਾਲ਼ ਮੂੰਹ ਫੇਰ ਲਿਆ ਤੇ ਆਪਣੀ ਮੇਜ਼ 'ਤੇ ਬਹਿੰਦਿਆਂ ਬੋਲਿਆ : "ਨਹੀਂ!"

ਬੋਖਾਉ ਦੇ ਕੰਨ ਖੜ੍ਹੇ ਹੋ ਗਏ, "ਇਸ ਦਾ ਭਾਵ ?"

ਕਰੈਮਰ ਵਰ੍ਹ ਪਿਆ, "ਮੈਂ ਟਰਾਂਸਪੋਰਟ ਵਿੱਚ ਇੱਕ ਛੋਟੇ ਜਿਹੇ ਬੱਚੇ ਨੂੰ ਕਿਉਂ ਘੱਲ ਦਿਆਂ ? ਸਾਡੇ ਕੋਲ਼ ਉਹ ਸਭ ਤੋਂ ਵੱਧ ਸੁਰੱਖਿਅਤ ਹੈ। ਤੂੰ ਆਖ਼ਰ ਇਹ ਸਮਝਦਾ ਕਿਉਂ ਨਹੀਂ ? ਬੱਚੇ ਦੇ ਮਾਮਲੇ ਵਿੱਚ ਤੈਨੂੰ ਕੀ ਹੋ ਰਿਹਾ ਏ ?"

ਬੋਖਾਉ ਨੇ ਆਪਣਾ ਮੁੱਕਾ ਦੂਜੀ ਤਲ਼ੀ ਉੱਤੇ ਮਾਰਿਆ, "ਵਾਲਟਰ ਮੇਰੇ ਲਈ ਇੰਨੀ ਔਕੜ ਪੈਦਾ ਨਾ ਕਰ, ਬੱਚੇ ਦਾ ਕੋਈ ਮਾਮਲਾ ਨਹੀਂ।"

"ਇਹੋ ਤਾਂ ਸਾਰਾ ਪੁਆੜਾ ਏ।" ਕਰੈਮਰ ਉੱਠ ਕੇ ਟਹਿਲਣ ਲੱਗਿਆ। ਉਸ ਦੇ ਚਿਹਰੇ ਤੋਂ ਜਾਪ ਰਿਹਾ ਸੀ ਕਿ ਆਪਣੇ ਭਾਵਾਂ ਉੱਤੇ ਕਾਬੂ ਪਾਉਣ ਮਗਰੋਂ ਉਹ ਇੱਕ ਥਾਂ ਖਲ੍ਹੋ ਗਿਆ ਤੇ ਬੜੀ ਗੰਭੀਰਤਾ ਨਾਲ਼ ਆਪਣੇ ਸਾਹਮਣੇ ਵੇਖਣ ਲੱਗਾ।

ਉਸ ਨੇ ਨਿਰਜਿੰਦ ਜਿਹੀ ਅਵਾਜ਼ ਵਿੱਚ ਆਖਿਆ : "ਡਸਿਪਲਿਨ, ਨਾ ਜਾਣੇ ਹੋਰ ਕੀ, ਉਹ ਸਭ ਠੀਕ ਹੈ। ਪਰ ਇਸ ਲਈ ਦਿਲ ਕਿਸੇ ਤਰ੍ਹਾਂ ਵੀ ਨਹੀਂ ਮੰਨਦਾ। ਕੀ ਕੁੱਝ ਹੋਰ ਨਹੀਂ ਕੀਤਾ ਜਾ ਸਕਦਾ ?"

ਬੋਖਾਉ ਨੇ ਕੋਈ ਉੱਤਰ ਨਾ ਦਿੱਤਾ।

ਜਦ ਕੁੱਝ ਨਾ ਹੋ ਸਕਿਆ ਤਾਂ ਉਸ ਨੇ ਆਪਣੇ ਹੱਥ ਝਟਕੇ। ਕਰੈਮਰ ਉਸ ਦੇ ਨੇੜੇ ਆ ਗਿਆ।

"ਇਸ ਦਾ ਸਬੰਧ ਹੋਫ਼ਲ ਨਾਲ਼ ਏ ਨਾ ?"

ਬੋਖਾਉ ਨੇ ਗੱਲ ਟਾਲਣੀ ਚਾਹੀ, "ਤੂੰ ਅਜਿਹੇ ਸੁਆਲ ਕਰਕੇ ਮੁਸ਼ਕਲ ਵਧਾਉਂਦਾ ਏਂ।"

ਕਰੈਮਰ ਹੱਸ ਪਿਆ, "ਇਸ ਨੂੰ ਮੇਰੇ 'ਤੇ ਭਰੋਸਾ ਕਹਿੰਦਾ ਏਂ ?"

"ਵਾਲਟਰ!"

"ਹਾਂ, ਹਾਂ, ਆਖ ਹਮਾਕਤ, ਬੇਵਕੂਫ਼ੀ! ਤੇਰੇ ਭੇਦ! ਤੈਨੂੰ ਲੁਕ ਕੇ ਰਹਿਣ ਤੇ ਸਭ ਕੁੱਝ ਲੁਕ ਕੇ ਕਰਨ ਦੀ ਬਿਮਾਰੀ ਹੋ ਗਈ ਏ।"

"ਵਾਲਟਰ! ਪ੍ਰਮਾਤਮਾ ਲਈ ਤੇਰੀ ਆਪਣੀ ਜਾਨ ਲਈ ਜ਼ਰੂਰੀ ਏ ਕਿ ਤੂੰ ਇਤਨਾ ਹੀ ਜਾਣ ਜਿਤਨਾ ਜਾਣਨਾ ਤੇਰੇ ਲਈ ਜ਼ਰੂਰੀ ਏ। ਆਖ਼ਰ ਤੂੰ ਸਮਝਦਾ ਕਿਉਂ ਨਹੀਂ ? ਤੇਰੀ ਆਪਣੀ ਜਾਨ ਦੀ ਵੀ ਸਮੱਸਿਆ ਏ।"

ਕਰੈਮਰ ਨੇ ਠਰ੍ਹੰਮੇ ਨਾਲ਼ ਉੱਤਰ ਦਿੱਤਾ "ਮਾਮਲਾ ਬੱਚੇ ਦੀ ਜਾਨ ਦਾ ਹੈ। ਕੀ ਅਸੀਂ ਬੱਚੇ ਲਈ ਕੁੱਝ ਹੋਰ ਨਹੀਂ ਕਰ ਸਕਦੇ ? ਮੈਂ ਉਸ ਨੂੰ ਲੁਕਾਈ ਰੱਖਾਂਗਾ, ਇਸ ਵਿੱਚ ਹਰਜ ਕੀ ਏ ? ਤੂੰ ਤਸੱਲੀ ਰੱਖ, ਮੇਰੇ ਕੋਲ਼ ਸੁਰੱਖਿਅਤ ਰਹੇਗਾ।"

ਥੋੜ੍ਹੀ ਕੁ ਦੇਰ ਲਈ ਤਾਂ ਇਹ ਜਾਪਿਆ ਕਿ ਬੋਖਾਉ ਮੰਨ ਜਾਏਗਾ, ਪਰ ਝੱਟ ਉਸ ਨੇ ਵਧੇਰੇ ਕਰੜਾਈ ਨਾਲ਼ ਨਾਂਹ ਕਰ ਦਿੱਤੀ।

"ਉਸ ਦਾ ਤਾਂ ਸੁਆਲ ਹੀ ਨਹੀਂ! ਬੱਚੇ ਨੂੰ ਤੁਰੰਤ ਕੈਂਪ ਵਿੱਚੋਂ ਚਲਿਆ ਜਾਣਾ ਚਾਹੀਦਾ ਏ। ਮੈਂ ਤੇਰੇ ਤੋਂ ਜਿਹੜੀ ਮੰਗ ਕਰ ਰਿਹਾ ਹਾਂ, ਉਹ ਮੈਂ ਮੰਨਦਾ ਹਾਂ ਸਖ਼ਤ ਹੈ, ਪਰ ਸਮਾਂ ਹੀ ਕੁੱਝ ਕਠਿਨ ਹੈ। ਸੱਚ ਤਾਂ ਇਹ ਹੈ ਵੀ ਕਿ ਇਸ ਦਾ ਸਬੰਧ ਹੋਫ਼ਲ ਨਾਲ਼ ਏ। ਹੁਣ ਤੇਰੇ ਤੋਂ ਕੀ ਲੁਕਾਉਣਾ ਹੈ, ਤੈਨੂੰ ਤਾਂ ਉਂਞ ਹੀ ਪਤਾ ਹੈ। ਇਸ ਤੋਂ ਉਪਰੰਤ ਮੈਂ ਤੈਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਲੁਕ ਕੇ ਸਭ ਕੁੱਝ ਕਰਨ ਦੀ ਬਿਮਾਰੀ ਉੱਕਾ ਨਹੀਂ। ਹੋਫ਼ਲ ਦਾ ਕੰਮ ਬੜੀ ਹੀ ਨਾਜ਼ਕ ਥਾਂ ਉੱਤੇ ਹੈ। ਸੁਣ ਰਿਹਾ ਏਂ ਵਾਲਟਰ, ਬਹੁਤ ਹੀ ਨਾਜ਼ਕ ਥਾਂ 'ਤੇ! ਜੇ ਕੜੀਆਂ ਉੱਥੇ ਜਵਾਬ ਦੇ ਗਈਆਂ ਤਾਂ ਸਾਰਾ ਕਾਰਖ਼ਾਨਾ ਬਹਿ ਜਾਵੇਗਾ।"

ਬੋਖਾਉ ਇੱਕ ਛਿਨ ਚੁੱਪ ਰਿਹਾ। ਉਸ ਦੀ ਗੱਲ ਨੇ ਕਰੈਮਰ ਦਾ ਮੂੰਹ ਬੰਦ ਕਰ ਦਿੱਤਾ ਸੀ ਤੇ ਉਹ ਉਵੇਂ ਹੀ ਘੂਰੀ ਜਾ ਰਿਹਾ ਸੀ। ਕਰੈਮਰ ਨੂੰ ਇਹ ਸਮਝਾਉਣ ਲਈ, ਜੋ ਕੁੱਝ ਉਹ ਚਾਹੁੰਦਾ ਹੈ, ਉਸ ਦਾ ਹੋਣਾ ਅਸੰਭਵ ਹੈ, ਬੋਖਾਉ ਨੇ ਫਿਰ ਕਹਿਣਾ ਸ਼ੁਰੂ ਕੀਤਾ:

"ਤੂੰ ਬੱਚੇ ਨੂੰ ਹੋਫ਼ਲ ਤੋਂ ਲੈ ਕੇ ਕਿਤੇ ਲੁਕਾ ਦੇਵੇਂਗਾ... ਠੀਕ! ਪਰ ਕੀ ਤੂੰ ਇਸ ਸਚਿਆਈ ਨੂੰ ਵੀ ਲੁਕਾ ਸਕਦਾ ਏਂ ਕਿ ਬੱਚਾ ਹੋਫਲ ਦੇ ਕੋਲ਼ੋਂ ਆਇਆ ਏ ? ਕੋਈ ਘਟਨਾ ਵਾਪਰ ਜਾਏਗੀ ਤੇ ਬੱਚੇ ਦਾ ਪਤਾ ਲੱਗ ਜਾਵੇਗਾ...।"

ਕਰੈਮਰ ਨੇ ਹੱਥ ਚੁੱਕ ਕੇ ਉਸ ਨੂੰ ਰੋਕਣਾ ਚਾਹਿਆ, ਪਰ ਬੋਖਾਉ ਨੇ ਆਪਣੀ ਗੱਲ ਚਾਲੂ ਰੱਖੀ।

"ਕੁੱਝ ਵੀ ਹੋ ਸਕਦਾ ਏ, ਵਾਲਟਰ! ਸਾਨੂੰ ਤਾਂ ਇਸ ਦਾ ਅਭਿਆਸ ਏ। ਸਭ ਕੁੱਝ ਬਿਲਕੁੱਲ ਠੀਕ-ਠਾਕ ਰਹਿੰਦਾ ਏ ਤੇ ਫਿਰ ਕੋਈ ਸਧਾਰਨ ਗੱਲ... ਸਮਝਿਆ, ਬੱਚਾ ਅਜਿਹੀ ਹੀ ਰਤਾ ਜਿੰਨੀ ਗੱਲ ਹੈ। ਤੁਸੀਂ ਇਸ ਨੂੰ ਮੋਈ ਬਿੱਲੀ ਵਾਂਗ ਦਬਾ ਨਹੀਂ ਸਕਦੇ। ਕਿਸੇ ਨਾ

ਕਿਸੇ ਨੂੰ ਬੱਚੇ ਦੇ ਕੋਲ਼ ਰਹਿਣਾ ਹੋਵੇਗਾ... ਅਤੇ ਜੇ ਕਿਸੇ ਨਾ ਕਿਸੇ ਉੱਤੇ ਸਖ਼ਤੀ ਹੋਈ ਤੇ ਉਸ ਨੇ ਭੇਦ ਦੱਸ ਦਿੱਤਾ ਅਤੇ...।"

ਹੁਣ ਕਰੈਮਰ ਤੋਂ ਨਾ ਰਿਹਾ ਗਿਆ ਤੇ ਉਹ ਜ਼ੋਰ ਦੀ ਹੱਸ ਪਿਆ :

"ਮੈਨੂੰ ਉਹ ਕੁੱਟ-ਕੁੱਟ ਕੇ ਮਾਰ ਵੀ ਦੇਣਗੇ ਤਾਂ ਵੀ...।"

"ਵਾਲਟਰ! ਮੈਨੂੰ ਤੇਰੇ 'ਤੇ ਵਿਸ਼ਵਾਸ਼ ਏ," ਬੋਖਾਉ ਨੇ ਪਿਆਰ ਨਾਲ਼ ਆਖਿਆ, "ਤੇਰੇ 'ਤੇ ਭਰੋਸਾ ਏ, ਪਰ ਜਦੋਂ ਤੂੰ ਖ਼ਤਮ ਹੋ ਜਾਏਂਗਾ ਤਾਂ ਕੀ ਹੋਵੇਗਾ?"

ਕਰੈਮਰ ਨੇ ਸੁਆਲ ਦੁਹਰਾਇਆ, "ਹੋਵੇਗਾ ਕੀ?"

"ਬੱਚਾ ਤਾਂ ਰਹੇਗਾ ਹੀ"

"ਕਰੈਮਰ ਨੇ ਮੁੜ ਮਾਣ ਨਾਲ਼ ਆਖਿਆ, "ਵੇਖਿਆ ਹੀ ਨਾ?"

ਬੋਖਾਉ ਦੁੱਖ ਨਾਲ਼ ਮੁਸਕਰਾਇਆ :

"ਇੱਥੇ ਸੱਤ ਹਜ਼ਾਰ ਸੋਵੀਅਤ ਅਫ਼ਸਰ ਨੂੰ ਧੌਣ ਵਿੱਚ ਪਿੱਛੋਂ ਗੋਲੀ ਮਾਰ ਦਿੱਤੀ ਗਈ ਅਤੇ ਉਨ੍ਹਾਂ ਵਿੱਚੋਂ ਕਿਸੇ ਨੂੰ ਇਹ ਸ਼ੱਕ ਵੀ ਨਹੀਂ ਸੀ ਕਿ ਜਿਹੜਾ ਬੰਦਾ ਡਾਕਟਰੀ ਕੋਟ ਪਾਈ ਉਨ੍ਹਾਂ ਨੂੰ ਨਾਪਣ ਵਾਲ਼ੇ ਖੰਭੇ ਦੇ ਕੋਲ਼ ਖੜ੍ਹਾ ਕਰਦਾ ਹੈ ਉਹੋ ਉਨ੍ਹਾਂ ਦਾ ਕਾਤਲ ਹੈ..."

"ਤੇ ਇਸ ਦਾ ਬੱਚੇ ਨਾਲ਼ ਕੀ ਸਬੰਧ ਹੈ?" ਕਰੈਮਰ ਨੇ ਚਿੜ੍ਹ ਕੇ ਪੁੱਛਿਆ।

ਬੋਖਾਉ ਨੇ ਵਧੇਰੇ ਜ਼ੋਰ ਪਾ ਕੇ ਕਹਿਣਾ ਸ਼ੁਰੂ ਕੀਤਾ :

"ਤੇਰੇ ਤੋਂ ਤਾਂ ਉਨ੍ਹਾਂ ਨੂੰ ਕੁੱਝ ਪਤਾ ਨਹੀਂ ਲੱਗੇਗਾ, ਤੈਨੂੰ ਮਾਰ ਦਿੱਤਾ ਜਾਏਗਾ। ਐਪਰ ਤੂੰ ਉਨ੍ਹਾਂ ਲੋਕਾਂ ਦੇ ਢੰਗ ਜਾਣਦਾ ਏਂ। ਕੌਣ ਜਾਣੇ ਕਿ ਇਹ ਲੋਕ ਬੱਚੇ ਨੂੰ ਵਾਇਮਰ ਨਾ ਲੈ ਜਾਣਗੇ ਤੇ ਉੱਥੇ ਕਿਸੇ ਸਿੱਖੀ ਹੋਈ ਨਾਜ਼ੀ ਨਾਨੀ ਦੀ ਗੋਦੀ ਵਿੱਚ ਬਿਠਾ ਕੇ ਸ਼ੁਰੂ ਕੀਤਾ ਜਾਵੇਗਾ : ਤੂੰ ਬੋਖਨਵਾਲਡ ਕੈਂਪ ਵਿੱਚੋਂ ਆਇਆ ਏ, ਹਾਏ ਵਿਚਾਰਾ ਬੱਚਾ! ਚੰਗਾ, ਉਹਨਾਂ ਚੰਗੇ ਚਾਚਿਆਂ ਦੇ ਕੀ ਨਾਂਅ ਨੇ, ਜਿਹੜੇ ਤੈਨੂੰ ਨਾਜ਼ੀਆਂ ਤੋਂ ਲੁਕਾ ਕੇ ਰੱਖਦੇ ਸਨ?"

ਕਰੈਮਰ ਗਹੁ ਨਾਲ਼ ਸੁਣ ਰਿਹਾ ਸੀ।

"ਤੇ ਚੰਗੀ ਨਾਨੀ ਜਿੰਨੀ ਵਾਰ ਬੱਚੇ ਤੋਂ ਜਰਮਨ ਵਿੱਚ, ਰੂਸੀ ਵਿੱਚ, ਪੋਲਸ਼ ਵਿੱਚ ਪੁੱਛਦੀ ਏ ਕਿ ਉਹ... ਅਤੇ ਵਾਲਟਰ, ਫਿਰ ਕੋਈ ਪਿੱਠ ਇੰਨੀ ਚੌੜੀ ਨਾ ਹੋਵੇਗੀ ਜਿਹੜੀ ਹੋਫ਼ਲ ਨੂੰ ਆਪਣੀ ਓਟ ਵਿੱਚ ਲੁਕਾ ਸਕੇ...।" ਬੋਖਾਉ ਕਾਫ਼ੀ ਕਹਿ ਚੁੱਕਿਆ ਸੀ। ਉਸ ਆਪਣੇ ਹੱਥ ਜੇਬ੍ਹਾਂ ਵਿੱਚ ਪਾ ਲਏ ਤੇ ਦੋਵੇਂ ਚੁੱਪ ਹੋ ਗਏ। ਇੱਥੋਂ ਤੱਕ ਕਿ ਕਰੈਮਰ ਨੇ ਬੜੀ ਮੁਸ਼ਕਲ ਨਾਲ਼ ਫ਼ੈਸਲਾ ਕਰ ਕੇ ਉੱਤਰ ਦਿੱਤਾ :

"ਮੈਂ... ਮੈਂ ਮਗਰੋਂ ਹੋਫ਼ਲ ਕੋਲ਼ ਜਾਵਾਂਗਾ..."

ਉਹ ਆਪਣੇ-ਆਪ ਨਾਲ਼ ਘੁਲ਼ਿਆ ਸੀ। ਬੋਖਾਉ ਨੇ ਉਸ ਨੂੰ ਮੁਸਕਰਾ ਕੇ ਵੇਖਿਆ।

"ਬੱਚਾ ਜੇ ਟਰਾਂਸਪੋਰਟ ਰਾਹੀਂ ਚਲਿਆ ਜਾਵੇ ਤੇ ਇਸ ਦਾ ਅਰਥ ਇਹ ਤਾਂ ਨਹੀਂ ਹੁੰਦਾ...ਮੇਰਾ ਭਾਵ ਹੈ ਜਾਂਕੋਵਸਕੀ ਉਸ ਨੂੰ ਬਚਾ ਕੇ ਇੱਥੋਂ ਤੱਕ ਲਿਆਇਆ ਹੈ ਤੇ ਕੀ ਅੱਗੇ ਵੀ ਲਿਜਾ ਸਕਦਾ ਹੈ? ਦੇਵਨੇਤ ਵਾਪਰੀਆਂ ਘਟਨਾਵਾਂ ਤੋਂ ਡਰਦੇ ਤਾਂ ਅਸੀਂ ਸਦਾ ਹੀ ਹਾਂ। ਇਸ ਵਾਰ ਇਹਨਾਂ ਉੱਤੇ ਟੇਕ ਲਾ ਸਕਦੇ ਹਾਂ ਤੇ ਹੋਰ ਕਰੀਏ ਵੀ ਕੀ?"

ਕਰੈਮਰ ਨੇ ਕੁੱਝ ਆਖੇ ਬਿਨਾਂ ਸਿਰ ਹਿਲਾ ਦਿੱਤਾ। ਬੋਖਾਉ ਲਈ ਇਹ ਮਾਮਲਾ ਖ਼ਤਮ ਹੋ ਗਿਆ ਸੀ।

"ਡਾਕਟਰੀ ਦਸਤਾ" ਉਸ ਨੇ ਦੂਜਾ ਮਸਲਾ ਛੇੜਦੇ ਹੋਏ ਆਖਿਆ, "ਇਸ ਬਾਰੇ ਸਾਨੂੰ ਤੁਰੰਤ ਕੁੱਝ ਕਰਨਾ ਚਾਹੀਦਾ ਏ।"

ਕਰੈਮਰ ਨੇ ਝੱਟ ਉੱਤਰ ਦਿੱਤਾ, "ਉਹ ਮੇਰੇ 'ਤੇ ਛੱਡ ਦੇ, ਪੂਰੀ ਤਰ੍ਹਾਂ ਮੇਰੇ 'ਤੇ ਛੱਡ ਦੇ।"

"ਤੂੰ ਕੀ ਕਰੇਂਗਾ ?"

"ਉਹੋ, ਜੋ ਤੂੰ ਕਰੇਂਗਾ।"

"ਮੈਂ ?"

"ਲੁਕਾਉਣ ਦੀ ਉੱਕਾ ਲੋੜ ਨਹੀਂ" ਕਰੈਮਰ ਨੇ ਝਿੜਕ ਕੇ ਆਖਿਆ, "ਤੇਰੇ ਦਿਮਾਗ਼ ਵਿੱਚ ਡਾਕਟਰੀ ਦਸਤੇ ਬਾਰੇ ਕੁੱਝ-ਕੁੱਝ ਹੋ ਰਿਹਾ ਏ, ਹੈ ਨਾ ?" ਕਰੈਮਰ ਨੇ ਉਸ ਦੀ ਪੁੜਪੁੜੀ ਉੱਤੇ ਉਂਗਲੀ ਰੱਖੀ।

"ਹੋ ਸਕਦਾ ਏ, ਉਹੋ ਕੁੱਝ ਇੱਥੇ ਵੀ ਹੋ ਰਿਹਾ ਹੋਵੇ।"

ਬੋਖਾਉ ਨੇ ਸੁਆਲੀਆ ਨਜ਼ਰਾਂ ਨਾਲ਼ ਕਰੈਮਰ ਨੂੰ ਵੇਖਿਆ।

"ਕੀ ਤੂੰ ਲਾਈਨ ਚੈੱਕ ਕਰਵਾ ਸਕਦਾ ਏਂ ?"

"ਹਾਂ ਹੋ ਸਕਦਾ ਏ।" ਕਰੈਮਰ ਨੇ ਉੱਤਰ ਦਿੱਤਾ। ਉਹ ਸਮਝ ਗਿਆ ਸੀ ਕਿ ਇਸ ਦਾ ਕੀ ਭਾਵ ਹੈ। ਉਹ ਇਸ ਤਰ੍ਹਾਂ ਦਾ ਇੱਕ ਕੰਮ ਪਹਿਲਾਂ ਵੀ ਕਰਵਾ ਚੁੱਕਿਆ ਸੀ।

"ਚੰਗਾ, ਤਾਂ ਫਿਰ ਨੰਬਰ ਨੋਟ ਕਰ ਲੈ : ਤਿੰਨ, ਚਾਰ, ਪੰਜ ਤੇ ਅਖ਼ੀਰ ਵਿੱਚ ਅੱਠ।"

ਕਰੈਮਰ ਨੇ ਸਿਰ ਹਿਲਾਇਆ, "ਕੌਮਾਂਤਰੀ ਮਜ਼ਦੂਰ ਕਮੇਟੀ" ਉਸਨੇ ਸ਼ਰਾਰਤ ਨਾਲ਼ ਪੁੱਛਿਆ।

ਕੈਂਪ ਦੇ ਬਿਜਲੀ ਮਿਸਤਰੀ ਦੇ ਕਾਰਖ਼ਾਨੇ ਵਿੱਚ ਇੱਕ ਕੈਦੀ ਖ਼ਲੋਤਾ ਹੋਇਆ ਧਾਤ ਦੇ ਇੱਕ ਟੁਕੜੇ ਉੱਤੇ ਵੇਖਣ ਨੂੰ ਰੇਤੀ ਮਾਰ ਰਿਹਾ ਸੀ। ਕਰੈਮਰ ਅੰਦਰ ਆਇਆ।

ਉਸ ਨੇ ਪੁੱਛਿਆ : "ਸ਼ਿਊਪ ਹੈ ਇੱਥੇ ?" ਕੈਦੀ ਨੇ ਰੇਤੀ ਨੂੰ ਆਪਣੇ ਮੋਢੇ 'ਤੇ ਲਿਜਾ ਕੇ ਕਾਰਖ਼ਾਨੇ ਦੇ ਪਿਛਲੇ ਹਿੱਸੇ ਵੱਲ ਇਸ਼ਾਰਾ ਕੀਤਾ, ਜਿੱਥੇ ਲੱਕੜੀ ਦਾ ਪਾਰਟੀਸ਼ਨ ਲੱਗਾ ਹੋਇਆ ਸੀ। ਫਿਰ ਉਸ ਨੇ ਕਰੈਮਰ ਨੂੰ ਝਿਜਕਦੇ ਵੇਖ ਕੇ ਦੱਸਿਆ :

"ਅੰਦਰ ਹੋਰ ਕੋਈ ਨਹੀਂ।"

ਸ਼ਿਊਪ ਅੰਦਰ ਬੈਠਾ ਅਲਾਰਮ ਵਜਾਉਣ ਵਾਲ਼ੀ ਮਸ਼ੀਨ ਠੀਕ ਕਰ ਰਿਹਾ ਸੀ। ਉਸ ਨੇ ਕਰੈਮਰ ਨੂੰ ਆਉਂਦਿਆਂ ਸੁਣਿਆ ਤਾਂ ਨਜ਼ਰਾਂ ਉਤਾਂਹ ਚੁੱਕੀਆਂ। ਕਰੈਮਰ ਨੇ ਆਖਿਆ : "ਏ ਹਾਇਜ਼ਕ, ਅਸਾਂ ਲਾਈਨ ਚੈੱਕ ਕਰਾਉਣੀ ਏ।"

ਸ਼ਿਊਪ ਸਮਝ ਗਿਆ।

"ਜ਼ਰੂਰ, ਹੁਣੇ ਲਵੋ।"

ਕਰੈਮਰ ਇੱਕ ਕਦਮ ਹੋਰ ਅਗਾਂਹ ਵਧ ਆਇਆ, "ਨੰਬਰ ਇਹ ਹਨ : ਤਿੰਨ, ਚਾਰ, ਪੰਜ ਤੇ ਅਖ਼ੀਰ ਵਿੱਚ ਅੱਠ।"

ਸ਼ਿਊਪ ਖੜ੍ਹਾ ਹੋ ਗਿਆ। ਉਸ ਨੰਬਰਾਂ ਦੇ ਭਾਵ ਅਰਥ ਨਹੀਂ ਪੁੱਛੇ। ਉਹ ਬੱਸ ਇਤਨਾ ਜਾਣਦਾ ਸੀ ਕਿ ਇਹ ਕਿਸੇ ਲਈ ਕਿਸੇ ਦਾ ਬਹੁਤ ਜ਼ਰੂਰੀ ਸੁਨੇਹਾ ਹੈ। ਉਸ ਦੇ ਹੱਥ ਵਿੱਚ ਜਿਹੜੀਆਂ ਚੀਜ਼ਾਂ ਸਨ, ਉਨ੍ਹਾਂ ਨੂੰ ਮੇਜ਼ ਉੱਤੇ ਰੱਖ ਕੇ ਔਜ਼ਾਰਾਂ ਦਾ ਥੈਲਾ ਚੁੱਕ ਲਿਆ।

"ਵਾਲਟਰ, ਮੈਂ ਹੁਣੇ ਇਸੇ ਵੇਲ਼ੇ ਜਾ ਰਿਹਾ ਹਾਂ।"

"ਪਰ ਕੰਮ ਹੋਣਾ ਚਾਹੀਦਾ ਹੈ, ਸਮਝ ਗਿਆ ਨਾ ?"

ਸ਼ਿਊਪ ਨੂੰ ਬੜੀ ਹੈਰਾਨੀ ਹੋਈ।

"ਪਰ ਮੇਰੇ ਜ਼ਿੰਮੇ ਲੱਗਿਆ ਕੰਮ ਤਾਂ ਸਦਾ ਹੋ ਹੀ ਜਾਂਦਾ ਏ ?"

ਸ਼ਿਊਪ ਤੋਂ ਹੁੰਦਾ ਹੋਇਆ ਕਰੈਮਰ ਹੋਫ਼ਲ ਕੋਲ਼ ਗਿਆ... ਜ਼ਵਾਈਲਿੰਗ ਉੱਥੇ ਮੌਜੂਦ ਸੀ। ਜਿਵੇਂ ਹੀ ਉਸ ਨੇ ਕੈਂਪ ਸੀਨੀਅਰ ਨੂੰ ਹੋਫ਼ਲ ਦੇ ਕੋਲ਼ ਕਾਊਂਟਰ 'ਤੇ ਵੇਖਿਆ ਉਹ ਝੱਟ ਬਾਹਰ ਆ ਗਿਆ।

"ਕਹੋ ਕੀ ਖ਼ਬਰ ਏ ?"

"ਹੋਫ਼ਲ ਨੇ ਸਮਾਨ ਤਿਆਰ ਕਰਨਾ ਏ।" ਕਰੈਮਰ ਨੇ ਹਾਜ਼ਰ ਦਿਮਾਗ਼ੀ ਨਾਲ਼ ਉੱਤਰ ਦਿੱਤਾ। "ਕੱਲ੍ਹ ਇੱਕ ਟਰਾਂਸਪੋਰਟ ਜਾ ਰਹੀ ਏ।"

"ਕਿੱਥੇ ਜਾ ਰਹੀ ਏ ?" ਜ਼ਵਾਈਲਿੰਗ ਨੇ ਕੁੱਝ ਜਾਣ ਲੈਣ ਦੀ ਆਸ ਵਿੱਚ ਆਪਣੀ ਜ਼ੁਬਾਨ ਹੇਠਲੇ ਬੁੱਲ੍ਹ ਉੱਤੇ ਰੱਖ ਲਈ।

ਜ਼ਵਾਈਲਿੰਗ ਨੇ ਦੰਦ ਕੱਢਦਿਆਂ ਆਖਿਆ : "ਮੈਨੂੰ ਨਾ ਚਾਰ, ਤੈਨੂੰ ਸਾਡੇ ਲੋਕਾਂ ਨਾਲ਼ੋਂ ਵੱਧ ਹੀ ਪਤਾ ਰਹਿੰਦਾ ਏ।"

"ਕਿਵੇਂ ?" ਕਰੈਮਰ ਜਾਣਬੁੱਝ ਕੇ ਬੇਵਕੂਫ਼ ਬਣ ਗਿਆ।

"ਮੈਂ ਤੇਰੀ ਗੱਲ ਜਾਣਨ ਨੂੰ ਘ੍ਰਿਣਾ ਕਰਦਾ ਹਾਂ।" ਇਹ ਆਖ ਕੇ ਉਹ ਕਮਰੇ ਵਿੱਚ ਜਾ ਵੜਿਆ।

ਕਰੈਮਰ ਉਸ ਵੱਲ ਵੇਖਦਾ ਹੋਇਆ ਬੁੜਬੁੜਾਇਆ "ਕੇਵਲ ਘੜੀ ਵੇਖ ਕੇ ਹੀ ਵਕਤ ਦੱਸ ਸਕਦਾ ਏ, ਬੜਾ ਪੁੱਜਿਆ ਹੋਇਆ ਏ !"

ਉਸ ਹੌਲ਼ੀ ਜਿਹੇ ਕੰਨਾਂ ਵਿੱਚ ਆਖਿਆ "ਮੈਂ ਬੋਖਾਉ ਵੱਲੋਂ ਆ ਰਿਹਾ ਹਾਂ, ਤੇਰੇ ਨਾਲ਼ ਗੱਲ ਕਰਨੀ ਏਂ। ਰਤਾ ਬਾਹਰ ਚੱਲ।"

ਪੀਪਿਗ ਹੱਥ ਵਿੱਚ ਕੱਪੜਿਆਂ ਦੀ ਗੰਢੜੀ ਚੁੱਕੀ ਸਮਾਨ ਘਰ ਵਿੱਚੋਂ ਬਾਹਰ ਨਿੱਕਲ਼ਿਆ। ਉਸ ਕਰੈਮਰ ਦੇ ਆਖ਼ਰੀ ਸ਼ਬਦ ਸੁਣ ਲਏ ਸਨ ਤੇ ਉਹ ਇਹਨਾਂ ਨੂੰ ਸ਼ੱਕ ਦੀ ਨਜ਼ਰ ਨਾਲ਼ ਵੇਖਣ ਲੱਗ ਪਿਆ। ਬਾਹਰ ਆ ਕੇ ਉਹ ਲੋਕ ਪੌੜੀਆਂ ਉੱਤੇ ਆ ਖਲੋਤੇ। ਕਰੈਮਰ ਲੋਹੇ ਦੇ ਜੰਗਲੇ ਨਾਲ਼ ਟੇਕ ਲਾਈ ਬੋਲਿਆ :

"ਪਿਆਰੇ ਆਂਦਰੇ ! ਅਸਲ ਗੱਲ ਇਹ ਵੇ ਕਿ ਮੈਨੂੰ ਸਭ ਕੁੱਝ ਪਤਾ ਹੈ। ਟਰਾਂਸਪੋਰਟ

ਕੱਲ੍ਹ ਜਾ ਰਹੀ ਏ ਅਤੇ ਜਾਂਕੋਵਸਕੀ ਬੱਚੇ ਸਮੇਤ ਉਸ ਵਿੱਚ ਜਾ ਰਿਹਾ ਏ, ਸਮਝਿਆ ?"

ਹੋਫ਼ਲ ਨੂੰ ਇੰਝ ਲੱਗਿਆ ਜਿਵੇਂ ਉਸ ਨੂੰ ਸਜ਼ਾ ਸੁਣਾਈ ਜਾ ਰਹੀ ਹੋਵੇ। ਉਸ ਸਿਰ ਝੁਕਾ ਲਿਆ ਤੇ ਹੌਲ਼ੀ ਜਿਹੇ ਪੁੱਛਿਆ : "ਕੀ ਅਸੀਂ ਲੋਕ ਬੱਚੇ ਲਈ ਕੁੱਝ ਹੋਰ ਨਹੀਂ ਕਰ ਸਕਦੇ ?"

ਉਹੋ ਸ਼ਬਦ, ਉਹੋ ਸੁਆਲ, ਜਿਹੜਾ ਕਰੈਮਰ ਨੇ ਬੋਖਾਉ ਨੂੰ ਕੀਤਾ ਸੀ। ਸ਼ਾਇਦ ਅਜਿਹੀ ਸਥਿਤੀ ਲਈ ਸਾਰੀ ਦੁਨੀਆਂ ਵਿੱਚ ਕੋਈ ਹੋਰ ਸ਼ਬਦ ਸੀ ਹੀ ਨਹੀਂ ਅਤੇ ਕਰੈਮਰ ਨੇ ਉਸ ਸਮੇਂ ਉਨ੍ਹਾਂ ਸ਼ਬਦਾਂ ਵਿੱਚ ਹੀ ਉੱਤਰ ਦਿੱਤਾ, ਜਿਹੜੇ ਬੋਖਾਉ ਨੇ ਕਹੇ ਸਨ!

"ਕੋਈ ਸੁਆਲ ਹੀ ਨਹੀਂ, ਇਸ ਦਾ ਉੱਕਾ ਹੀ ਕੋਈ ਸੁਆਲ ਨਹੀਂ ਉੱਠਦਾ।"

ਕਾਫ਼ੀ ਦੇਰ ਦੀ ਚੁੱਪ-ਚਾਪ ਮਗਰੋਂ ਹੋਫ਼ਲ ਨੇ ਪੁੱਛਿਆ "ਟਰਾਂਸਪੋਰਟ ਕਿੱਥੇ ਭੇਜੀ ਜਾ ਰਹੀ ਏ ?"

ਬੜੀ ਪੀੜ ਨਾਲ਼ ਕਰੈਮਰ ਨੇ ਮੁੱਕਾ ਜੰਗਲੇ ਦੀ ਨਾਲ਼ੀ ਉੱਤੇ ਮਾਰਿਆ, ਪਰ ਬੋਲਿਆ ਕੁੱਝ ਵੀ ਨਾ। ਹੋਫ਼ਲ ਨੇ ਉਸ ਵੱਲ ਵੇਖ ਕੇ ਆਖਿਆ ?

"ਵਾਲਟਰ...।"

ਹੁਣ ਕਰੈਮਰ ਤੋਂ ਨਾ ਰਿਹਾ ਗਿਆ।

"ਅਸੀਂ ਲੋਕ ਇੱਥੇ ਬਹੁਤੀ ਦੇਰ ਨਹੀਂ ਠਹਿਰ ਸਕਦੇ, ਤੂੰ ਮੇਰੇ ਤੋਂ ਵਧੇਰੇ ਜਾਣਦਾ ਏਂ ਕਿ ਤੇਰੀ ਪੋਜ਼ੀਸ਼ਨ ਕੀ ਏ। ਬੇੜੀ ਨੂੰ ਡਾਵਾਂਡੋਲ ਨਾ ਕਰੋ। ਮੈਨੂੰ ਕੱਲ੍ਹ ਦੀ ਟਰਾਂਸਪੋਰਟ ਲਈ ਬੜਾ ਕੰਮ ਕਰਨਾ ਹੈ। ਮੇਰੇ ਕੋਲ਼ ਬੱਚੇ ਦੀ ਸੇਵਾ ਕਰਨ ਦੀ ਵਿਹਲ ਨਹੀਂ, ਇਸ ਲਈ..."

ਉਹ ਹੋਫ਼ਲ ਨੂੰ ਉੱਥੇ ਹੀ ਛੱਡ ਕੇ ਪੌੜੀਆਂ ਤੋਂ ਹੇਠਾਂ ਲਹਿ ਗਿਆ।

ਅਗਸਤ 1944 ਦੀ ਉਸ ਰਾਤ ਨੂੰ ਕਰੈਮਰ ਕਦੇ ਨਹੀਂ ਸੀ ਭੁੱਲ ਸਕਦਾ। ਕੈਂਪ ਉੱਤੇ ਅਮਰੀਕੀ ਬੰਬਾਰੀ ਤੋਂ ਕੁੱਝ ਹੀ ਦਿਨ ਪਹਿਲਾਂ ਦੀ ਗੱਲ ਹੈ। ਜਿਸ ਬੈਰਕ ਵਿੱਚ ਉਹ ਲੇਟਿਆ ਸੀ ਉਸ ਦੀ ਖਿੜਕੀ 'ਚੋਂ ਉਸ ਨੇ ਚਿਮਨੀ ਉੱਤੇ ਇੱਕ ਲਾਲ ਸ਼ੋਹਲਾ ਵੇਖ ਕੇ ਸੋਚਿਆ ਸੀ : ਅੱਧੀ ਰਾਤ ਨੂੰ ਇਹ ਲੋਕ ਕਿਸ ਨੂੰ ਸਾੜ ਰਹੇ ਹਨ ? ਦੂਜੇ ਦਿਨ ਕੈਂਪ ਵਿੱਚ ਘੁਸਰ-ਮੁਸਰ ਹੋ ਰਹੀ ਸੀ। ਸ਼ਮਸ਼ਾਨ ਘਰ ਵਿੱਚ ਥਾਲਮਾਨ (ਜਰਮਨ ਕਮਿਊਨਿਸਟ ਪਾਰਟੀ ਦਾ ਸਕੱਤਰ) ਨੂੰ ਗੋਲ਼ੀ ਮਾਰ ਕੇ ਸਾੜ ਦਿੱਤਾ ਗਿਆ ਸੀ। ਸੱਚੀ ਖ਼ਬਰ ਸੀ ਜਾਂ ਅਫ਼ਵਾਹ ? ਕੋਈ ਵੀ ਵਿਸ਼ਵਾਸ਼ ਨਾਲ਼ ਨਹੀਂ ਸੀ ਕਹਿ ਸਕਦਾ, ਹਾਂ ਇੱਕ ਆਦਮੀ ਕਹਿ ਸਕਦਾ ਸੀ।

18 ਅਗਸਤ 1944 ਦੀ ਰਾਤ ਨੂੰ ਸ਼ਮਸ਼ਾਨ ਘਰ ਵਿੱਚ ਕੰਮ ਕਰਨ ਵਾਲ਼ਿਆਂ ਨੂੰ ਰਿਪੋਰਟ-ਫੋਹਰਰ ਦਾ ਹੁਕਮ ਮਿਲਿਆ ਕਿ ਇੱਕ ਭੱਠੀ ਰਾਤ ਭਰ ਬਲ਼ਦੀ ਰਹੇ। ਉਸ ਅਮਲੇ ਨੂੰ ਉਸ ਬੈਰਕ ਵਿੱਚ ਬੰਦ ਕਰ ਦਿੱਤਾ ਗਿਆ ਸੀ, ਜਿਹੜੀ ਸ਼ਮਸ਼ਾਨ ਘਰ ਨਾਲ਼ ਮਿਲ਼ੀ ਹੋਈ ਸੀ। ਨਾਜ਼ੀ ਨਹੀਂ ਸਨ ਚਾਹੁੰਦੇ ਕਿ ਕੋਈ ਗਵਾਹ ਹੋਵੇ। ਇੱਕ ਪੋਲ, ਜਿਹੜਾ ਮੁਰਦੇ ਚੁੱਕਣ ਦਾ ਕੰਮ ਕਰਦਾ ਸੀ, ਕਿਸੇ ਤਰ੍ਹਾਂ ਬਾਹਰ ਨਿੱਕਲ਼ ਆਇਆ ਤੇ ਕੋਲੇ ਦੇ ਉਸ ਢੇਰ ਦੇ ਪਿੱਛੇ ਲੁਕ ਗਿਆ ਜਿਹੜਾ ਸ਼ਮਸ਼ਾਨ ਘਰ ਦੇ ਵਿਹੜੇ ਵਿੱਚ ਲੱਗਿਆ ਹੋਇਆ ਸੀ। ਉਸ ਵੇਖਿਆ ਕਿ

ਬੋਰਡਿੰਗ ਦਾ ਬੂਹਾ ਖੁੱਲ੍ਹਿਆ, ਨਾਜ਼ੀ ਸ਼ਾਰ ਫੋਹਰਰ ਦਾ ਇੱਕ ਫ਼ੌਜੀ ਦਸਤਾ ਬਾਹਰ ਆਇਆ। ਉਨ੍ਹਾਂ ਨਾਲ਼ ਇੱਕ ਗ਼ੈਰ ਫ਼ੌਜੀ ਬੰਦਾ ਸੀ। ਲੰਮੇ ਕੱਦ ਦਾ, ਚੌੜੇ ਮੋਢੇ ਗੂੜ੍ਹੇ ਰੰਗ ਦਾ ਸੂਟ ਪਾਈ, ਪਰ ਨਾ ਓਵਰਕੋਟ ਨਾ ਸਿਰ 'ਤੇ ਟੋਪੀ, ਉਸ ਦਾ ਸਿਰ ਗੰਜਾ ਸੀ।

ਉਸ ਓਪਰੇ ਬੰਦੇ ਨੂੰ ਸ਼ਮਸ਼ਾਨ ਘਰ ਦੇ ਬੂਹੇ 'ਤੇ ਲਿਜਾਇਆ ਗਿਆ ਅਤੇ ਬਾਹਰ ਨਿੱਕਲ਼ਦੇ ਹੋਏ ਇੱਕ ਸ਼ਾਰ ਫ਼ੋਹਰਰ ਨੇ ਆਖਿਆ :

"ਪਤਾ ਜੇ, ਅੱਜ ਅਸਾਂ ਕਿਸ ਨੂੰ ਭੱਠੀ ਵਿੱਚ ਝੌਂਕਿਆ ਏ ? ਕਮਿਊਨਿਸਟ ਲੀਡਰ ਥਾਲਮਾਨ ਨੂੰ।"

ਦੋ ਤਿੰਨ ਦਿਨ ਮਗਰੋਂ ਸ਼ਿਊਪ ਦੌੜਦਾ ਹੋਇਆ ਕਰੈਮਰ ਕੋਲ਼ ਪੁੱਜਿਆ, ਸ਼ਿਊਪ ਨੇ ਰਿਪੋਰਟ ਫ਼ੋਹਰਰ ਦੇ ਰਜਿਸਟਰ ਉੱਤੇ ਅਰਨਸਟ ਥਾਲਮਾਨ ਦੇ ਕਤਲ ਦੀ ਖ਼ਾਨਾਪੂਰੀ ਵੇਖੀ ਸੀ।

ਕਰੈਮਰ ਉਸ ਚਿਮਨੀ ਨੂੰ ਵੇਖਣ ਲੱਗਾ। ਉਸ ਦਿਨ ਜਿਹੜਾ ਸ਼ੋਹਲਾ ਅਕਾਸ਼ ਵੱਲ ਲਪਕ ਰਿਹਾ ਸੀ ਤੇ ਜਿਸ ਨੇ ਉਸ ਨੂੰ ਆਪਣੇ ਵੱਲ ਖਿੱਚਿਆ ਸੀ, ਫਿਰ ਉਸ ਦੇ ਦਿਲ ਵਿੱਚ ਦਗ਼ਣ ਲੱਗ ਪਿਆ। ਉਹ ਸਮਝ ਗਿਆ ਕਿ ਉਸ ਦੇ ਝੰਡੇ ਦਾ ਰੰਗ ਲਾਲ ਕਿਉਂ ਹੈ!

ਲੱਕੜੀ ਦੀ ਪੌੜੀ ਤੋਂ ਹੋ ਕੇ ਉਹ ਕਲਰਕ ਦੇ ਕਮਰੇ ਵਿੱਚ ਜਾਣ ਹੀ ਵਾਲ਼ਾ ਸੀ ਕਿ ਉਸ ਨੇ ਕੈਂਪ ਦੇ ਸਾਰੇ ਲਾਊਡ ਸਪੀਕਰਾਂ ਉੱਤੇ ਸ਼ਿਊਪ ਦੀ ਅਵਾਜ਼ ਸੁਣੀ।

ਸਾਵਧਾਨ ਲਾਈਨ ਟੈਸਟਿੰਗ...

ਕਰੈਮਰ ਇੱਕ ਮਿੰਟ ਰੁਕ ਕੇ ਦਿਲ ਹੀ ਦਿਲ ਵਿੱਚ ਮੁਸਕਰਾਇਆ।

ਛੇ

ਕੌਮਾਂਤਰੀ ਮਜ਼ਦੂਰ ਕਮੇਟੀ ਦੀ ਮੀਟਿੰਗ ਬਿਨਾਂ ਕਿਸੇ ਗੜਬੜ ਦੇ ਹੋ ਗਈ। ਨਿਯਤ ਸਮੇਂ ਤੋਂ ਕੁੱਝ ਦੇਰ ਪਿੱਛੋਂ ਬੋਖਾਉ ਉਸ ਥਾਂ 'ਤੇ ਪੁੱਜਿਆ, ਜਿੱਥੇ ਮੀਟਿੰਗ ਹੋਣੀ ਸੀ। ਹਨ੍ਹੇਰਾ ਸੀ ਤੇ ਬੜੀ ਠੰਢ ਵੀ ਸੀ।

ਕੌਮਾਂਤਰੀ ਮਜ਼ਦੂਰ ਕਮੇਟੀ ਦੇ ਕਾਮਰੇਡ ਜਿਹੜੇ ਦੀਵੇ ਦੇ ਆਲ਼ੇ ਦੁਆਲ਼ੇ ਬੈਠੇ ਸਨ, ਰੁਕ ਕੇ ਬੋਖਾਉ ਨੂੰ ਵੇਖਣ ਲੱਗੇ। ਉਹ ਵੀ ਉਨ੍ਹਾਂ ਵਿੱਚ ਹੀ ਘੁਸੜ ਕੇ ਬਹਿ ਗਿਆ ਤੇ ਉਸ ਬਹਿਸ ਨੂੰ ਸੁਣਨ ਲੱਗਾ ਜਿਹੜੀ ਜੋਜ਼ਫ਼ ਪਰੀਬੂਲਾ ਦੀ ਗੱਲ ਉੱਤੇ ਹੋ ਰਹੀ ਸੀ। ਮੈਨਜ਼ ਤੋਂ ਪਿਛਾਂਹ ਹਟਣ ਦੀ ਖ਼ਬਰ ਤੋਂ ਸਾਫ਼ ਸਪਸ਼ਟ ਸੀ ਕਿ ਅਮਰੀਕੀ ਰੇਮਾਗਨ ਤੱਕ ਆ ਪਹੁੰਚੇ ਸਨ ਤੇ ਅਗਾਂਹ ਵਧ ਰਹੇ ਹਨ। ਖ਼ੁਸ਼ਖ਼ਬਰੀ! ਪਰੀਬੂਲਾ ਦਾ ਚਿਹਰਾ ਖਿੜ ਉੱਠਿਆ ਤੇ ਉਸ ਨੇ ਇੱਕ ਤਲ਼ੀ ਉੱਤੇ ਦੂਜੇ ਦਾ ਮੁੱਕਾ ਮਾਰਦਿਆਂ ਆਖਿਆ :

"ਹੁਣ ਅਸੀਂ ਗਿਣ ਗਿਣ ਕੇ ਬਦਲੇ ਲਵਾਂਗੇ।"

ਐਪਰ ਪਰੀਬੂਲਾ ਦੇ ਇਤਨੇ ਵਿਸ਼ਵਾਸ਼ ਤੇ ਯਕੀਨ ਦਾ ਸਿੱਟਾ ਇਹ ਨਿੱਕਲਿਆ ਕਿ ਦੂਜੇ ਲੋਕਾਂ ਨੂੰ ਵਿਰੋਧ ਹੋ ਗਿਆ। ਕਾਵੀ-ਚੱਕ ਸੜਿਆ ਹੋਇਆ ਕੁੱਝ ਬੁੜਬੁੜਾਇਆ ਅਤੇ ਵਾਨਡਾਲੇਨ ਪਰੀਬੂਲਾ ਦਾ ਮੋਢਾ ਥਾਪੜਦਿਆਂ ਆਪਣੀ ਟੁੱਟੀ-ਭੱਜੀ ਜਰਮਨ ਵਿੱਚ

ਬੋਲਿਆ, "ਤੇਰੇ ਵਰਗਾ ਕੋਈ ਬੰਦਾ ਨਹੀਂ ਵੇਖਿਆ, ਪਰ ਤੇਰੇ ਵਿੱਚ ਜ਼ਬਤ ਉੱਕਾ ਨਹੀਂ।" ਪਰੀਬੂਲਾ ਜਿਹੜਾ ਉਮਰ ਵਿੱਚ ਇਹਨਾਂ ਸਾਰਿਆਂ ਤੋਂ ਛੋਟਾ ਸੀ, ਸੱਚਮੁੱਚ ਬਹੁਤ ਹੀ ਬੇਸਬਰਾ ਬੰਦਾ ਸੀ। ਉਸ ਨੂੰ ਇਹੋ ਲੱਗੀ ਰਹਿੰਦੀ ਸੀ ਕਿ ਜੋ ਹੋਣਾ ਹੈ ਬੱਸ ਹੁਣੇ ਹੋ ਜਾਵੇ, ਤੁਰੰਤ ਹੋ ਜਾਵੇ।

ਬੋਖਾਉ ਨੇ ਬਹਿਸ ਕਰਨ ਵਾਲ਼ਿਆਂ ਨੂੰ ਚੁੱਪ ਕਰਾਇਆ : "ਇਤਨੇ ਜੋਸ਼ ਵਿੱਚ ਆਉਣ ਦੀ ਕੋਈ ਲੋੜ ਨਹੀਂ," ਉਸ ਟੋਕਿਆ, "ਇਹੋ ਸਮਾਂ ਏ ਜਦੋਂ ਸਾਡਾ ਸਿਰ ਨਹੀਂ ਫਿਰਨਾ ਚਾਹੀਦਾ। ਸੁਣਿਆ! ਇੱਕ ਗੱਲ ਹੋਰ ਵੀ ਏ, ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਕੀ ਕੀਤਾ ਜਾਵੇ।"

ਡਾਕਟਰੀ ਦਸਤੇ ਬਾਰੇ ਉਸ ਨੇ ਜੋ ਕੁੱਝ ਦੱਸਿਆ ਉਹ ਸਾਰਿਆਂ ਧਿਆਨ ਨਾਲ਼ ਸੁਣਿਆ। ਜਦੋਂ ਉਸ ਨੇ ਆਪਣੇ ਸ਼ੰਕੇ ਦਾ ਪ੍ਰਗਟਾਅ ਕੀਤਾ ਤਾਂ ਬੋਗੋਰਸਕੀ ਨੇ ਸਿਰ ਹਿਲਾਇਆ : "ਠੀਕ ਏ, ਸਾਡੀ ਫ਼ਿਕਰ ਵਿੱਚ ਹਨ। ਸਾਡੀ ਫ਼ਿਕਰ ਵਿੱਚ ਤਾਂ ਨਾ ਜਾਣੇ ਕਦੋਂ ਤੋਂ ਨੇ, ਅਜੇ ਤੱਕ ਅਸੀਂ ਉਨ੍ਹਾਂ ਦੇ ਹੱਥ ਨਹੀਂ ਲੱਗੇ, ਜਦੋਂ ਲੱਗਾਂਗੇ ਤਾਂ ਜਾਲ਼ ਤੋਂ ਬਿਨਾਂ ਵੀ ਹੋ ਸਕਦਾ ਏ, ਸਮਝੇ? ਮੈਂ ਤਾਂ ਇਹ ਆਖਾਂਗਾ ਕਿ ਸਾਨੂੰ ਡਰਨਾ ਉੱਕਾ ਨਹੀਂ ਚਾਹੀਦਾ, ਸੋਲ੍ਹਾਂ ਸਾਥੀਆਂ ਨੂੰ ਹੁਸ਼ਿਆਰ ਰਹਿਣਾ ਚਾਹੀਦਾ ਏ, ਬਹੁਤ ਹੁਸ਼ਿਆਰ!" ਆਪਣੀ ਟੁੱਟੀ-ਭੱਜੀ ਜਰਮਨ ਵਿੱਚ ਉਸ ਨੇ ਕਾਮਰੇਡਾਂ ਨੂੰ ਸਮਝਾਇਆ ਕਿ ਇਸ ਗੱਲ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਕਿ ਡਾਕਟਰੀ ਦਸਤਾ ਇੱਕ ਜਾਲ਼ ਹੈ ਜਾਂ ਨਹੀਂ। ਕੰਮ ਦੀ ਗੱਲ ਇਹ ਹੈ ਕਿ ਕੈਂਪ ਦੇ ਚੌਹਾਂ ਪਾਸਿਆਂ ਦੀ ਖ਼ਬਰ ਰੱਖਣ ਦਾ ਅਵਸਰ ਮਿਲ਼ ਜਾਵੇ। ਇਹ ਦਸਤਾ ਹਰ ਥਾਂ ਜਾ ਸਕੇਗਾ- ਨਾਜ਼ੀਆਂ ਦੀ ਬੈਰਕ ਵਿੱਚ, ਨਾਜ਼ੀਆਂ ਦੇ ਮੋਟਰ ਖ਼ਾਨਿਆਂ ਵਿੱਚ, ਰੱਖਿਅਕ ਦਸਤਿਆਂ ਵਾਲ਼ੇ ਭਾਗ ਵਿੱਚ..."

ਬੋਖਾਉ ਵਿਚਾਲ਼ੇ ਬੋਲ ਪਿਆ, "ਮੰਨ ਲਵੋ ਕਿ ਉਹ ਡਾਕਟਰੀ ਦਸਤੇ ਨੂੰ ਭੁਚਲਾ ਕੇ ਉੱਥੇ ਲੈ ਜਾਣਾ ਚਾਹੁੰਦੇ ਹਨ ਅਤੇ ਲਿਜਾ ਕੇ ਕਿਸੇ ਇੱਕ ਨੂੰ ਜਾਂ ਸੋਲ੍ਹਾਂ ਨੂੰ ਬੰਦ ਕਰ ਦੇਣ ਤਾਂ? ਤੇ ਤਹਿਖ਼ਾਨੇ ਵਿੱਚ ਉਨ੍ਹਾਂ 'ਤੇ ਜਬਰ ਕੀਤਾ ਜਾਵੇ, ਇੱਥੋਂ ਤੱਕ ਕਿ ਉਹ ਦੱਸ ਦੇਣ ਕਿ ਉਹ ਜੋ ਕੁੱਝ ਵੇਖਦੇ ਨੇ ਕਿਸ ਨੂੰ ਦੱਸਦੇ ਹਨ? ਕਿਸੇ ਇੱਕ ਨਾਲ਼ ਉਹ ਰਤਾ ਨਰਮੀ ਵਰਤ ਕੇ ਸਾਰੇ ਗਰੁੱਪ ਦਾ ਕੱਚਾ ਚਿੱਠਾ ਜਾਣ ਸਕਦੇ ਨੇ।"

ਬੋਗੋਰਸਕੀ ਨੂੰ ਵਿਸ਼ਵਾਸ਼ ਨਹੀਂ ਸੀ ਆ ਰਿਹਾ :

"ਨਹੀਂ, ਨਹੀਂ, ਨਹੀਂ, ਗਰੁੱਪ ਨਹੀਂ, ਗਰੁੱਪ ਤਾਂ ਉੱਕਾ ਨਹੀਂ।"

ਉਸ ਦਾ ਸੁਝਾਅ ਇਹ ਸੀ ਕਿ ਡਾਕਟਰੀ ਦਸਤੇ ਦੇ ਕਿਸੇ ਇੱਕ ਕਾਮਰੇਡ ਨਾਲ਼ ਉਸ ਦਾ ਸਬੰਧ ਰਹੇ।

ਬੋਖਾਉ ਵੀ ਗੱਲ 'ਤੇ ਅੜਿਆ ਰਿਹਾ!

"ਜੇ ਕੋਈ ਤੇਰਾ ਭੇਦ ਖੋਲ੍ਹ ਦੇਵੇ ਤਾਂ?"

ਬੋਗੋਰਸਕੀ ਮੁਸਕਰਾਇਆ :"ਤਾਂ ਗਰੁੱਪ ਨਹੀਂ ਮਰੇਗਾ, ਮੈਂ ਮਰਾਂਗਾ।"

ਇਸ 'ਤੇ ਹਰ ਵਿਅਕਤੀ ਨੇ ਇਤਰਾਜ਼ ਕੀਤਾ। ਬੋਗੋਰਸਕੀ ਨਰਾਜ਼ ਹੋ ਗਿਆ।

ਉਸ ਨੇ ਆਖਿਆ: "ਖ਼ਤਰਾ ਤਾਂ ਹਰ ਸਮੇਂ ਹੈ ਜਾਂ ਇੰਝ ਵੀ ਹੋ ਸਕਦਾ ਏ ਕਿ ਟਾਕਰੇ ਲਈ ਕੌਮਾਂਤਰੀ ਟੋਲੀਆਂ ਬਣਾਉਣਾ, ਹਥਿਆਰ ਰੱਖਣਾ ਖ਼ਤਰਨਾਕ ਨਹੀਂ ਹੈ ? ਅਸਾਂ ਲੋਕਾਂ ਚੁੱਪ ਰਹਿਣ ਤੇ ਮਰ ਜਾਣ ਦੀ ਸੌਂਹ ਚੁੱਕੀ ਸੀ ਤੇ ਮੈਂ ਉਸ ਉੱਤੇ ਕਾਇਮ ਰਹਿਣਾ ਚਾਹੁੰਦਾ ਹਾਂ।"

ਬੋਖਾਉ ਨੇ ਆਖਿਆ : "ਸੌਂਹ ਦਾ ਇਹ ਭਾਵ ਨਹੀਂ ਸੀ!"

ਬੋਗੋਰਸਕੀ ਨੇ ਪੁੱਛਿਆ : "ਕੀ ਸਾਡੇ ਲੋਕਾਂ ਤੋਂ ਬਿਨਾਂ ਵੀ ਕੋਈ ਹੈ ?"

"ਹਾਂ"

ਬੋਖਾਉ ਨੇ ਉੱਤਰ ਦਿੱਤਾ ਅਤੇ ਕਾਮਰੇਡਾਂ ਨੂੰ ਕਰੈਮਰ ਦੀ ਪੇਸ਼ਕਸ਼ ਬਾਰੇ ਦੱਸਿਆ, ਜਿਹੜੀ ਉਸ ਨੂੰ ਬਹੁਤ ਹੀ ਯੋਗ ਜਾਪਦੀ ਸੀ। ਕਾਮਰੇਡਾਂ ਨੇ ਵੀ ਉਸ ਦੇ ਲਾਭਾਂ ਨੂੰ ਪ੍ਰਵਾਨ ਕਰ ਲਿਆ ਕਿ ਕੋਈ ਨਵਾਂ ਸਬੰਧ ਕਾਇਮ ਕਰਨ ਦੀ ਲੋੜ ਨਾ ਪਵੇਗੀ ਅਤੇ ਬੋਖਾਉ ਤਾਂ ਹਰ ਸਮੇਂ ਕੈਂਪ ਸੀਨੀਅਰ ਨੂੰ ਮਿਲ਼ਦਾ ਰਹਿੰਦਾ ਸੀ, ਅੰਤ ਬੋਗੋਰਸਕੀ ਨੇ ਵੀ ਇਸ ਨੂੰ ਮੰਨ ਲਿਆ।

ਇਹ ਸਾਰੀ ਗੱਲਬਾਤ ਅੱਧੇ ਘੰਟੇ ਵਿੱਚ ਖ਼ਤਮ ਹੋ ਗਈ ਤੇ ਸਾਰੇ ਕਾਮਰੇਡ ਇੱਕ-ਇੱਕ ਕਰਕੇ ਉੱਥੋਂ ਖਿਸਕ ਗਏ ਤੇ ਵੱਖ-ਵੱਖ ਹੋ ਕੇ ਆਪਣੇ-ਆਪਣੇ ਬਲਾਕਾਂ ਵਿੱਚ ਚਲੇ ਗਏ।

ਕਰੈਮਰ ਡਾਕਟਰੀ ਦਸਤੇ ਦਾ ਕੰਮ ਕਰਨ ਲਈ ਜਾਣ ਹੀ ਵਾਲ਼ਾ ਸੀ ਕਿ ਬੋਖਾਉ ਆ ਪਹੁੰਚਿਆ। ਕੇਵਲ ਕੁੱਝ ਸ਼ਬਦਾਂ ਦੀ ਲੋੜ ਸੀ। ਬੋਖਾਉ ਨੇ ਦੱਸਿਆ ਕਿ ਕਾਮਰੇਡਾਂ ਨੇ ਕਰੈਮਰ ਦਾ ਸੁਝਾਅ ਮੰਨ ਲਿਆ ਹੈ। ਉਹ ਡਾਕਟਰੀ ਦਸਤਾ ਸੰਭਾਲ ਲਵੇ। ਉਨ੍ਹਾਂ ਇਹ ਤੈਅ ਕਰ ਦਿੱਤਾ ਹੈ ਕਿ ਦਸਤੇ ਵਿੱਚ ਹਸਪਤਾਲ਼ ਦੇ ਕਿਹੜੇ ਕਾਰਕੁੰਨ ਰੱਖੇ ਜਾਣ। ਇਹ ਜ਼ਰੂਰੀ ਸੀ ਕਿ ਉਹ ਸਾਰੇ ਸਮਝ-ਬੂਝ ਵਾਲ਼ੇ ਕਾਮਰੇਡ ਹੋਣ। ਇਸ ਮਗਰੋਂ ਕਰੈਮਰ ਹਸਪਤਾਲ਼ ਗਿਆ। ਹਸਪਤਾਲ਼ ਦੇ ਬੂਹੇ ਉੱਤੇ, ਲੰਮੇ ਬਰਾਂਡੇ ਵਿੱਚ ਬਿਮਾਰ ਕੈਦੀਆਂ ਦੀ ਭੀੜ ਲੱਗੀ ਹੋਈ ਸੀ।

ਕਰੈਮਰ ਭੀੜ ਵਿੱਚੋਂ ਲੰਘਦਾ ਅੰਦਰ ਚਲਿਆ ਗਿਆ। ਬਿਮਾਰ ਕੈਦੀਆਂ ਨੂੰ ਦਸਾਂ-ਦਸਾਂ ਦੀਆਂ ਟੋਲੀਆਂ ਵਿੱਚ ਲਿਜਾਇਆ ਜਾ ਰਿਹਾ ਸੀ। ਦਵਾਈਆਂ ਦੀ ਤੇਜ਼ ਮਹਿਕ, ਜ਼ਖ਼ਮਾਂ ਦੀ ਸੜ੍ਹਾਂਦ ਅਤੇ ਕੀੜੇ ਮਾਰੇ ਜਿਸਮਾਂ ਦੇ ਮੁੜ੍ਹਕੇ ਦੀ ਬੂ ਨਾਲ਼ ਕਮਰੇ ਦੇ ਅੰਦਰ ਦੀ ਹਵਾ ਵਿੱਚ ਸਾਹ ਲੈਣਾ ਔਖਾ ਹੋ ਰਿਹਾ ਸੀ। ਕੈਦੀ ਕਰਮਚਾਰੀ ਚਿੱਟੇ ਚੋਗੇ ਪਾਈ ਬਿਮਾਰਾਂ ਦੀ ਮਰ੍ਹਮ ਪੱਟੀ ਤੇ ਦਵਾ ਦਾਰੂ ਕਰ ਰਹੇ ਸਨ। ਫ਼ੱਟਾਂ ਤੋਂ ਗੰਦੀਆਂ ਪਾਟੀਆਂ ਹੋਈਆਂ ਕਾਗ਼ਜ਼ ਦੀਆਂ ਪੱਟੀਆਂ ਉਤਾਰੀਆਂ ਜਾਂਦੀਆਂ, ਫ਼ੱਟਾਂ ਨੂੰ ਸਾਫ਼ ਕੀਤਾ ਜਾਂਦਾ, ਫਿਰ ਵੀ ਉਨ੍ਹਾਂ ਦੁਆਲ਼ੇ ਕਾਲ਼ੇ-ਕਾਲ਼ੇ ਖ਼ਰੀਂਡ ਜੰਮੇ ਰਹਿੰਦੇ ਤੇ ਲੱਕੜ ਦੇ ਚਮਚਿਆਂ ਨਾਲ਼ ਮਰ੍ਹਮ ਦਾ ਦੂਜਾ ਫਹਿਆ ਲਾ ਦਿੱਤਾ ਜਾਂਦਾ। ਬੜੀ ਫ਼ੁਰਤੀ ਤੇ ਯੋਗਤਾ ਨਾਲ਼ ਕਾਗਜ਼ ਦੀ ਨਵੀਂ ਪੱਟੀ ਬੰਨ੍ਹ ਦਿੱਤੀ ਜਾਂਦੀ, ਇਸ ਤਰ੍ਹਾਂ ਜਿਵੇਂ ਗੁਲਦਸਤੇ ਨੂੰ ਕਾਗ਼ਜ਼ ਦੀ ਪੱਟੀ ਨਾਲ਼ ਬੰਨ੍ਹਿਆ ਜਾ ਰਿਹਾ ਹੋਵੇ। ਇਸ ਸਾਰੇ ਅਮਲ ਵਿੱਚ ਮੂੰਹੋਂ ਸ਼ਾਇਦ ਹੀ ਕੋਈ ਸ਼ਬਦ ਕੱਢਿਆ ਜਾਂਦਾ ਹੋਵੇ।

"ਚਲੋ, ਬੱਸ, ਹੋ ਗਿਆ, ਦੂਜਾ ਆਦਮੀ ਅਗਾਂਹ ਆਵੇ।"

ਦੂਸਰੇ ਆਦਮੀ ਨੇ ਪਹਿਲਾਂ ਹੀ ਆਪਣੀ ਪਤਲੂਣ ਖਿਸਕਾ ਰੱਖੀ ਸੀ, ਉਸ ਨੇ ਜ਼ੁਬਾਨ ਤੋਂ ਕੁੱਝ ਆਖੇ ਬਿਨਾਂ ਆਪਣੇ ਪੱਟ ਉੱਤੇ ਟਾਟ ਦਾ ਨੀਲਾ ਦਾਗ਼ ਵਿਖਾਇਆ। ਉਸ

ਨੂੰ ਅੱਡ ਕਰ ਲਿਆ ਗਿਆ ਤੇ ਉਹ ਪਤਲੂਣ ਸੰਭਾਲ਼ਦਾ ਹੋਇਆ ਉਸ ਲਾਈਨ ਵਿੱਚ ਸ਼ਾਮਲ ਹੋ ਗਿਆ ਜਿਹੜੀ ਓਪਰੇਸ਼ਨ ਦੇ ਮੇਜ਼ ਕੋਲ਼ ਲੱਗੀ ਹੋਈ ਸੀ।

ਮੁੱਖ ਕਰਮਚਾਰੀ ਐਰਕਕੋਹਿਨ, ਸਾਬਕ ਅਦਾਕਾਰ ਤੇ ਕਮਿਊਨਿਸਟ, ਸਰਜਨ ਦਾ ਕੰਮ ਕਰ ਰਿਹਾ ਸੀ। ਉਸ ਕੋਲ਼ ਬਿਮਾਰ ਨੂੰ ਵੇਖਣ ਦਾ ਸਮਾਂ ਨਹੀਂ ਸੀ ਜਿਹੜਾ ਉਸ ਦੇ ਸਾਹਮਣੇ ਮੇਜ਼ 'ਤੇ ਲਿਟਾਇਆ ਗਿਆ ਸੀ। ਮੇਜ਼ ਲੱਕੜੀ ਦੀ ਸੀ ਤੇ ਉਸ ਉੱਤੇ ਕਾਲ਼ੇ ਮੋਮਜਾਮੇ ਦਾ ਸਰ੍ਹਾਣਾ ਰੱਖਿਆ ਹੋਇਆ ਸੀ। ਕੋਹਿਨ ਬੱਸ ਰਸੌਲ਼ੀਆਂ ਨੂੰ ਵੇਖ ਰਿਹਾ ਸੀ। ਉਸ ਦਾ ਸਾਥੀ ਬਿਮਾਰ ਨੂੰ ਬੇਹੋਸ਼ੀ ਦੀ ਦਵਾਈ ਸੁੰਘਾ ਰਿਹਾ ਸੀ ਅਤੇ ਉਹ ਅੱਖਾਂ ਹੀ ਅੱਖਾਂ ਵਿੱਚ ਅਨੁਮਾਨ ਲਗਾ ਰਿਹਾ ਸੀ ਕਿ ਨਸ਼ਤਰ ਕਿੱਥੋਂ ਤੋਂ ਕਿੱਥੋਂ ਤੱਕ ਲਗਾਉਣਾ ਹੈ। ਖ਼ਰਾਬ ਮਾਸ ਉੱਤੇ ਉਸ ਦਾ ਨਸ਼ਤਰ ਚੱਲਣਾ ਸ਼ੁਰੂ ਹੋ ਗਿਆ। ਦੋਹਾਂ ਅੰਗੂਠਿਆਂ ਨਾਲ਼ ਦਬਾ ਕੇ ਉਸ ਨੇ ਗੰਦ ਬਾਹਰ ਕੱਢਿਆ ਤੇ ਜ਼ਖ਼ਮ ਨੂੰ ਸਾਫ਼ ਕੀਤਾ। ਉਸ ਦਾ ਸਾਥੀ ਕਰੇਪ ਦੀ ਪੱਟੀ ਲਈ ਤਿਆਰ ਸੀ। ਵੇਖਦੇ-ਵੇਖਦੇ ਜ਼ਖ਼ਮ ਉੱਤੇ ਪੱਟੀ ਬੱਝ ਗਈ। ਦੂਜੇ ਕਰਮਚਾਰੀ ਨੇ ਬਿਮਾਰ ਨੂੰ ਬਿਠਾ ਦਿੱਤਾ ਅਤੇ ਗੱਲ੍ਹਾਂ ਉੱਤੇ ਜ਼ੋਰ-ਜ਼ੋਰ ਦੀ ਚਪੇੜਾਂ ਮਾਰ ਕੇ ਹੋਸ਼ ਵਿੱਚ ਲੈ ਆਇਆ, "ਯਾਰਾ, ਇਸ ਦਾ ਕੁੱਝ ਹੋਰ ਅਰਥ ਨਾ ਸਮਝੀਂ, ਹੁਣ ਸਾਡੇ ਕੋਲ਼ ਇਤਨਾ ਸਮਾਂ ਨਹੀਂ ਕਿ ਤੈਨੂੰ ਹੋਸ਼ ਆਉਣ ਤੱਕ ਉਡੀਕਦੇ ਰਹੀਏ!"

ਬਿਮਾਰ ਅਜੇ ਸਹਿਮਿਆ ਹੋਇਆ ਸੀ। ਘਬਰਾ ਕੇ ਉਹ ਮੇਜ਼ ਤੋਂ ਉੱਤਰਿਆ ਤੇ ਲੜਖੜਾਉਂਦਾ ਹੋਇਆ ਕੰਧ ਕੋਲ਼ ਰੱਖੀ ਹੋਈ ਬੈਂਚ ਉੱਤੇ ਜਾ ਕੇ ਬਹਿ ਗਿਆ। ਇੱਥੇ ਉਹ ਕੁੱਝ ਦੇਰ ਬਹਿ ਸਕਦਾ ਸੀ ਤੇ ਉਨ੍ਹਾਂ ਲੋਕਾਂ ਨਾਲ਼ ਜਿਨ੍ਹਾਂ ਦਾ ਓਪਰੇਸ਼ਨ ਹੋਇਆ ਸੀ, ਓਪਰੇਸ਼ਨ ਦੇ ਅਸਰ ਨੂੰ ਦੂਰ ਕਰ ਸਕਦਾ ਸੀ। ਇਹਨਾਂ ਲੋਕਾਂ ਨੂੰ ਕਿਸੇ ਹੋਰ ਦੀ ਪ੍ਰਵਾਹ ਨਹੀਂ ਸੀ, ਥੋੜ੍ਹੀ-ਥੋੜ੍ਹੀ ਦੇਰ ਮਗਰੋਂ ਬੈਂਚ ਉੱਤੇ ਥਾਂ ਖ਼ਾਲੀ ਕਰਵਾਈ ਜਾਂਦੀ।

"ਕਿਉਂ ਬਈ ਤੂੰ ਤਾਂ ਮਜ਼ੇ ਵਿੱਚ ਏਂ, ਤੂੰ ਬਈ ਆਪਣਾ ਰਾਹ ਫੜ, ਹੋਰਾਂ ਨੂੰ ਥਾਂ ਦੇ।"

ਕਰੈਮਰ ਇਹ ਸਭ ਕੁੱਝ ਵੇਖਦਾ ਤੇ ਉਸ ਤੋਂ ਪ੍ਰਭਾਵਤ ਨਾ ਹੋਣ ਦੀ ਕੋਸ਼ਿਸ਼ ਕਰਦਾ ਰਿਹਾ। ਤਿੰਨ ਓਪਰੇਸ਼ਨ ਹੋਰ ਕਰਨ ਮਗਰੋਂ ਕੋਹਿਨ ਦਾ ਕੰਮ ਸਮਾਪਤ ਹੋ ਗਿਆ। ਉਹ ਕਰੈਮਰ ਨੂੰ ਲੈ ਕੇ ਕਰਮਚਾਰੀਆਂ ਦੇ ਕਮਰੇ ਵਿੱਚ ਚਲਿਆ ਗਿਆ। ਉੱਥੇ ਉਸ ਹੱਥ ਧੋਤੇ, ਤੌਲ਼ੀਆ ਕਿੱਲੀ ਉੱਤੇ ਟੰਗਿਆ ਤੇ ਬਹਿ ਕੇ ਕਰੈਮਰ ਨਾਲ਼ ਗੱਲਾਂ ਕਰਨ ਲੱਗਾ, ਇੱਥੋਂ ਤੱਕ ਕਿ ਕਰਫ਼ਿਊ ਦੀ ਸੀਟੀ ਦਾ ਸਮਾਂ ਹੋ ਗਿਆ ਤੇ ਕਰੈਮਰ ਨੂੰ ਹਸਪਤਾਲ਼ ਵਿੱਚੋਂ ਉੱਠਣਾ ਪਿਆ। ਉਹ ਲੋਕ ਡਾਕਟਰੀ ਦਸਤੇ ਲਈ ਸੋਲ੍ਹਾਂ ਬੰਦੇ ਚੁਣ ਚੁੱਕੇ ਸਨ।

"ਅਜੇ ਕਿਸੇ ਨੂੰ ਕੁੱਝ ਨਹੀਂ ਕਹਿਣਾ।"

ਕਰੈਮਰ ਨੇ ਚਲਦੇ-ਚਲਦੇ ਸਲਾਹ ਦਿੱਤੀ, "ਮੈਂ ਇਹਨਾਂ ਲੋਕਾਂ ਨਾਲ਼ ਆਪ ਹੀ ਗੱਲ ਕਰਾਂਗਾ।"

ਅਗਲੀ ਸਵੇਰ, ਪੀਪਿਗ ਕਲਰਕ ਦੇ ਕਮਰੇ ਵਿੱਚੋਂ ਟਰਾਂਸਪੋਰਟ ਦੀ ਸੂਚੀ ਲੈ

ਆਇਆ। ਚਿੰਤਾ ਤੇ ਔਖ ਨਾਲ਼ ਉਸ ਨੇ ਸੂਚੀ ਹੋਫ਼ਲ ਨੂੰ ਦੇ ਦਿੱਤੀ ਤੇ ਹੋਫ਼ਲ ਨੇ ਚੁੱਪਚਾਪ ਲੈ ਲਈ। ਜਦੋਂ ਤੋਂ ਇਹਨਾਂ ਲੋਕਾਂ ਬੱਚੇ ਨੂੰ ਲਿਆ ਸੀ ਤਦ ਤੋਂ ਨਾ ਜਾਣੇ ਕੀ ਹੋ ਗਿਆ ਸੀ। ਉਨ੍ਹਾਂ ਦੇ ਸਬੰਧ ਪਹਿਲੇ ਜਿਹੇ ਨਹੀਂ ਸਨ ਰਹੇ।

ਹੋਫ਼ਲ ਜਿਹੜਾ ਬੜਾ ਮਿਲਾਪੜਾ ਸੀ, ਹੁਣ ਚੁੱਪ ਰਹਿਣ ਲੱਗ ਪਿਆ ਸੀ, ਵਿਸ਼ੇਸ਼ ਤੌਰ 'ਤੇ ਬੱਚੇ ਦੇ ਮਾਮਲੇ ਵਿੱਚ। ਪੀਪਿਗ ਉਸ ਨੂੰ ਲੱਖ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਇਸ ਨਿੱਕਚੂ ਜਿਹੀ ਜਿੰਦ ਨੂੰ ਰੱਖ ਲੈ, ਐਪਰ ਉਸ 'ਤੇ ਜਿਵੇਂ ਕੁੱਝ ਅਸਰ ਹੀ ਨਾ ਹੁੰਦਾ, ਜਦੋਂ ਇਹਨਾਂ ਵਿਚਾਲ਼ੇ ਆਪੋ ਵਿੱਚ ਕਿਸੇ ਗੱਲ ਉੱਤੇ ਵਿਰੋਧ ਪੈਦਾ ਹੁੰਦਾ ਤਾਂ ਕਾਰਨ ਬਾਰੇ ਘੋਖ ਕਦੇ ਨਹੀਂ ਸੀ ਕੀਤੀ ਜਾਂਦੀ। ਇਹਨਾਂ ਵਿੱਚੋਂ ਇੱਕ ਦੂਜੇ ਦੀ ਰਾਇ ਦਾ ਸਤਿਕਾਰ ਕਰਨਾ, ਐਪਰ ਬੱਚੇ ਦੇ ਮਾਮਲੇ ਵਿੱਚ ਆਪਣੇ ਦੋਸਤ ਦਾ ਵਤੀਰਾ ਪੀਪਿਗ ਦੀ ਸਮਝ ਵਿੱਚ ਉੱਕਾ ਨਾ ਆਉਂਦਾ। ਅਜੀਬ ਉਲ਼ਝਣ ਸੀ, ਉਸ ਦੀ ਅਕਲ ਕੰਮ ਹੀ ਨਹੀਂ ਸੀ ਕਰਦੀ।

ਜੰਗੀ ਮਹਾਜ਼ ਦਿਨੋ-ਦਿਨ ਕੈਂਪ ਦੇ ਨੇੜੇ ਆਉਂਦਾ ਜਾਂਦਾ ਸੀ। ਹੁਣ ਇਹ ਸਿਲਸਿਲਾ ਬਹੁਤੇ ਦਿਨਾਂ ਤੱਕ ਨਹੀਂ ਚੱਲ ਸਕਦਾ। ਜਾਂ ਤਾਂ ਇਹ ਲੋਕ ਜਲਦੀ ਅਜ਼ਾਦ ਹੋ ਜਾਣਗੇ ਜਾਂ ਮਰ ਜਾਣਗੇ, ਇਸ ਤੋਂ ਇਲਾਵਾ ਤਾਂ ਹੋਰ ਕੋਈ ਰਾਹ ਨਹੀਂ ਸੀ।

ਇਸ ਤੋਂ ਵਧੇਰੇ ਸੌਖੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਬੱਚੇ ਨੂੰ ਉਸ ਸਮੇਂ ਤੱਕ ਇੱਥੇ ਰੱਖਿਆ ਜਾਵੇ, ਜਦੋਂ ਤੱਕ ਕਿਸੇ ਪਾਸੇ ਦਾ ਪੱਲਾ ਭਾਰੀ ਨਾ ਹੋ ਜਾਵੇ। ਬੱਚਾ ਵੀ ਇਹਨਾਂ ਦੇ ਨਾਲ਼ ਅਜ਼ਾਦ ਹੋ ਜਾਵੇਗਾ ਜਾਂ ਇਹਨਾਂ ਦੇ ਨਾਲ਼ ਮਰ ਜਾਏਗਾ।

ਹੋਫ਼ਲ ਨੇ ਸੂਚੀ ਨੂੰ ਕਾਊਂਟਰ ਉੱਤੇ ਸੁੱਟ ਦਿੱਤਾ।

"ਸਮਾਨ ਤਿਆਰ ਕਰੋ ਅਤੇ ਦੁਪਹਿਰ ਨੂੰ ਜਦੋਂ ਅਸੀਂ ਇਹਨਾਂ ਲੋਕਾਂ ਨੂੰ ਟਰਾਂਸਪੋਰਟ ਵਾਲ਼ਿਆਂ ਦੇ ਹਵਾਲੇ ਕਰੀਏ ਤਾਂ ਤੂੰ ਉਸ ਪੋਲ ਨੂੰ ਢੂੰਡ ਕੇ ਉਸ ਦਾ ਸੂਟਕੇਸ ਉਸ ਨੂੰ ਦੇ ਦੇਵੀਂ।" ਉਸ ਨੇ ਕਾਹਲ਼ੀ ਨਾਲ਼ ਆਖਿਆ। ਪੀਪਿਗ ਨੇ ਆਪਣੇ ਹੱਥ ਪਤਲੂਣ ਦੀਆਂ ਜੇਬ੍ਹਾਂ ਵਿੱਚ ਪਾਏ ਤੇ ਅੱਖਾਂ ਮੀਟ ਲਈਆਂ।

"ਖ਼ਾਲੀ ਸੂਟਕੇਸ ਨਾ ?" ਇਹ ਸੁਆਲ ਨਹੀਂ ਸੀ ਹਮਲਾ ਸੀ।

ਹੋਫ਼ਲ ਨੇ ਉਸ ਮਧਰੇ ਕੱਦ ਦੇ ਮਨੁੱਖ ਨੂੰ ਘੂਰ ਕੇ ਵੇਖਿਆ।

"ਨਹੀਂ।" ਉਸ ਨੇ ਆਖਿਆ ਤੇ ਤੁਰਨ ਲਈ ਮੁੜਨ ਲੱਗਾ।

ਪੀਪਿਗ ਨੇ ਬਾਹੋਂ ਫੜ ਕੇ ਉਸ ਨੂੰ ਰੋਕਿਆ। "ਬੱਚਾ ਇੱਥੇ ਹੀ ਰਹੇਗਾ ?"

ਹੋਫ਼ਲ ਉਸ ਵੱਲ ਮੁੜਿਆ, "ਇਹ ਫ਼ੈਸਲਾ ਤੂੰ ਨਹੀਂ ਕਰਨਾ।"

"ਤੂੰ ਵੀ ਨਹੀਂ ਕਰਨਾ!" ਪੀਪਿਗ ਨੇ ਜਵਾਬੀ ਹਮਲਾ ਕੀਤਾ।

ਦੋਹਾਂ ਇੱਕ-ਦੂਜੇ ਨੂੰ ਵੇਖਿਆ। ਦੋਹਾਂ ਦੇ ਦਿਲਾਂ ਵਿੱਚ ਇੱਕ ਹੀ ਤਰ੍ਹਾਂ ਦੇ ਖ਼ਿਆਲ ਸਨ।

"ਤੂੰ ਡਰਦਾ ਏ ?" ਪੀਪਿਗ ਨੇ ਮਨਾਉਣ ਦੇ ਰੌਂ ਵਿੱਚ ਆਖਿਆ।

ਹੋਫ਼ਲ ਨੇ ਘ੍ਰਿਣਾ ਨਾਲ਼ ਉੱਤਰ ਦਿੱਤਾ : "ਬੇਵਕੂਫ਼ੀ ਦੀਆਂ ਗੱਲਾਂ ਨਾ ਕਰ!"

ਪੀਪਿਗ ਨੇ ਫਿਰ ਉਸ ਦੀ ਬਾਂਹ ਫੜ ਲਈ ਤੇ ਆਜਜ਼ੀ ਨਾਲ਼ ਆਖਿਆ :

"ਆਂਦਰੇ ! ਬੱਚੇ ਨੂੰ ਇੱਥੇ ਹੀ ਰਹਿਣ ਦੇ। ਤੈਨੂੰ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ, ਸਾਰੀ ਜ਼ਿੰਮੇਵਾਰੀ ਮੇਰੀ ਏ।"

ਹੋਫ਼ਲ ਰੁੱਖੇਪਣ ਨਾਲ਼ ਹੱਸਿਆ, "ਜ਼ਿੰਮੇਵਾਰੀ ? ਤੇ ਜੇ ਪਤਾ ਲੱਗ ਗਿਆ ਤਾਂ ਕਿਸ ਦੀ ਧੌਣ ਕਾਬੂ ਆਵੇਗੀ ? ਤੇਰੀ ਕਿ ਮੇਰੀ ? ਮੇਰੀ, ਫ਼ੋਰਮੈਨ ਦੀ। ਇਹ ਨਹੀਂ ਚੱਲੇਗਾ, ਬੱਚਾ ਉਸ ਪੋਲ ਦੇ ਨਾਲ਼ ਜਾਵੇਗਾ।" ਪੀਪਿਗ ਨੂੰ ਉੱਥੇ ਖਲੋਤਾ ਛੱਡ ਕੇ ਕਲਰਕ ਦੇ ਦਫ਼ਤਰ ਵਿੱਚ ਚਲਿਆ ਗਿਆ।

ਪੀਪਿਗ ਗ਼ਮਗੀਨ ਹੋ ਕੇ ਉਸਨੂੰ ਵੇਖਦਾ ਰਿਹਾ। ਹੁਣ ਉਸ ਦੀ ਸਮਝ ਵਿੱਚ ਆ ਗਿਆ, ਹੋਫ਼ਲ ਡਰਦਾ ਹੈ। ਉਸ ਦੇ ਦਿਲ ਵਿੱਚ ਘ੍ਰਿਣਾ ਦੀ ਇੱਕ ਲਹਿਰ ਉੱਠੀ, ਠੀਕ, ਜੇ ਉਹ ਡਰਦਾ ਹੈ ਤੇ ਖ਼ਤਰਾ ਮੁੱਲ ਲੈਣ ਤੋਂ ਭੱਜਦਾ ਹੈ ਤਾਂ ਮੈਂ ਬੱਚੇ ਨੂੰ ਬਚਾ ਕੇ ਵਿਖਾ ਦਿਆਂਗਾ। ਉਸ ਨੂੰ ਇਸ ਬਿਲਡਿੰਗ ਵਿੱਚੋਂ ਹੁਣ ਅਲੋਪ ਕਰ ਦੇਂਦਾ ਹਾਂ। ਤੁਰੰਤ ਕਿਸੇ ਹੋਰ ਥਾਂ ਲੁਕਾ ਦਿੱਤਾ ਗਿਆ ਤਾਂ ਹੋਫ਼ਲ ਕੀ ਕਰੇਗਾ ? ਪੀਪਿਗ ਨੇ ਡੂੰਘਾ ਸਾਹ ਲਿਆ।

ਬੱਚੇ ਨੂੰ ਕਿੱਥੇ ਲਿਜਾਇਆ ਜਾਵੇ ? ਉਸ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ, ਪਰ ਉਹ ਆਪਣੇ ਫ਼ੈਸਲੇ 'ਤੇ ਦ੍ਰਿੜ ਸੀ।

ਉਹ ਕਰੋਪਿਨਸਕੀ ਨਾਲ਼ ਗੱਲ ਕਰਨਾ ਚਾਹੁੰਦਾ ਸੀ, ਦੋਵੇਂ ਮਿਲ਼ ਕੇ ਕੁੱਝ ਨਾ ਕੁੱਝ ਕਰਨਗੇ।

ਆਪਣੇ ਪੁਰਾਣੇ ਦੋਸਤ ਪੀਪਿਗ ਨਾਲ਼ ਇੰਨੀ ਕਰੜਾਈ ਨਾਲ਼ ਪੇਸ਼ ਆਉਣਾ ਹੋਫ਼ਲ ਲਈ ਸੌਖਾ ਨਹੀਂ ਸੀ ਅਤੇ ਉਹ ਸਮਝ ਰਿਹਾ ਸੀ ਕਿ ਉਸ ਦਾ ਦੋਸਤ ਉਸ ਬਾਰੇ ਕੀ ਸੋਚ ਰਿਹਾ ਏ।

ਇੱਕ ਸ਼ਬਦ ਕਹਿਣ ਦੀ ਗੱਲ ਹੈ ਕਿ ਪੀਪਿਗ ਸੱਭੋ ਕੁੱਝ ਜਾਣ ਜਾਏਗਾ, ਐਪਰ ਉਹ ਸ਼ਬਦ ਜ਼ੁਬਾਨ ਉੱਤੇ ਨਹੀਂ ਆ ਸਕਦਾ ਸੀ। ਕੁੱਝ ਦੇਰ ਮਗਰੋਂ ਕਰੈਮਰ ਆ ਗਿਆ। ਉਹ ਹੋਫ਼ਲ ਨੂੰ ਲੈ ਕੇ ਕਮਰੇ ਦੀ ਇੱਕ ਨੁੱਕਰ ਵਿੱਚ ਚਲਿਆ ਗਿਆ।

"ਟਰਾਂਸਪੋਰਟ ਅੱਜ ਦੁਪਹਿਰ ਨੂੰ ਜਾ ਰਹੀ ਏ।"

ਹੋਫ਼ਲ ਨੇ ਹਾਮੀ ਭਰੀ,"ਮੈਨੂੰ ਸੂਚੀ ਮਿਲ਼ ਗਈ ਏ।"

"ਗੱਲ ਕੀ ਏ ?" ਕਰੈਮਰ ਨੇ ਪ੍ਰਸ਼ਨ ਕੀਤਾ। ਹੋਫ਼ਲ ਬਾਰੀ ਤੋਂ ਬਾਹਰ ਦੇਖਣ ਲੱਗ ਪਿਆ।

"ਗੱਲ ਕੀ ਹੋਣੀ ਏ ?" ਉਸ ਮੋਢੇ ਹਿਲਾਉਂਦਿਆਂ ਉੱਤਰ ਦਿੱਤਾ, "ਹਾਂ ਬੱਚਾ ਜਾ ਰਿਹਾ ਏ।"

ਹੋਫ਼ਲ ਦੀ ਅਵਾਜ਼ ਵਿੱਚ ਜੋ ਪੀੜ, ਉਹ ਕਰੈਮਰ ਤੋਂ ਲੁਕੀ ਨਾ ਰਹਿ ਸਕੀ। ਉਹ ਕੋਈ ਧੀਰਜ ਦੀ ਗੱਲ ਉਸ ਨੂੰ ਕਹਿਣੀ ਚਾਹੁੰਦਾ ਸੀ।

"ਆਂਦਰੇ ਮੈਂ ਪਸ਼ੂ ਨਹੀਂ ਹਾਂ, ਤੂੰ ਇਹ ਤਾਂ ਸਮਝ..."

"ਸਮਝ ਤਾਂ ਰਿਹਾ ਹਾਂ ਮੈਂ," ਹੋਫ਼ਲ ਝਗੜਨ ਦੇ ਰੌਂ ਵਿੱਚ ਕਰੈਮਰ ਉੱਤੇ ਵਰ੍ਹ ਪਿਆ। ਕਰੈਮਰ ਨਹੀਂ ਸੀ ਚਾਹੁੰਦਾ ਕਿ ਬਹਿਸ ਹੋਵੇ ਤੇ ਉਹ ਬੜੀ ਕੋਸ਼ਿਸ਼ ਕਰ ਕੇ ਆਪਣੇ–

ਆਪ ਨੂੰ ਬੇਹਿਸ ਬਣਾਈ ਰੱਖਣਾ ਚਾਹੁੰਦਾ ਸੀ। ਇਸ ਲਈ ਉਸ ਨੇ ਖ਼ਾਮੋਸ਼ੀ ਨਾਲ਼ ਸਿਰ ਹਿਲਾ ਦਿੱਤਾ, ਹੋਫ਼ਲ ਵੱਲ ਹੱਥ ਵਧਾਇਆ ਤੇ ਉਸ ਨੂੰ ਮਨੌਤੀ ਢੰਗ ਨਾਲ਼ ਆਖਿਆ: "ਸੱਚ ਪੁੱਛੋ ਤਾਂ ਮੇਰੇ ਨਾਲ਼ ਹੁਣ ਇਸ ਦਾ ਕੋਈ ਵਾਸਤਾ ਨਹੀਂ। ਹੁਣ ਤੂੰ ਜਾਣ ਤੇ ਤੇਰਾ ਕੰਮ।" ਉਹ ਚਲਿਆ ਗਿਆ।

ਹੋਫ਼ਲ ਨੇ ਉਦਾਸੀ ਨਾਲ਼ ਵੇਖਿਆ "ਤਾਂ ਉਹ ਜਾਣੇ ਤੇ ਉਸ ਦਾ ਕੰਮ!" ਹਾਰ ਕੇ ਉਹ ਨੁੱਕਰ ਵਿੱਚ ਪਰਤ ਆਇਆ। ਬੱਚਾ ਨੁੱਕਰ ਵਿੱਚ ਬੈਠਾ ਮੂਰਤਾਂ ਨਾਲ਼ ਖੇਡ ਰਿਹਾ ਸੀ ਜਿਹੜੀਆਂ ਉਸ ਨੂੰ ਕਰੋਪਿਨਸਕੀ ਨੇ ਲਿਆ ਕੇ ਦਿੱਤੀਆਂ ਸਨ।

ਕਰੋਪਿਨਸਕੀ, ਜੋ ਬੱਚੇ ਕੋਲ਼ ਬੈਠਾ ਸੀ, ਹੋਫ਼ਲ ਵੱਲ ਧੰਨਵਾਦੀ ਨਜ਼ਰਾਂ ਨਾਲ਼ ਵੇਖਣ ਲੱਗਿਆ। ਉਸ ਨੇ ਟੋਪੀ ਲਾਹੀ ਤੇ ਮੱਥੇ ਤੋਂ ਮੁੜ੍ਹਕਾ ਪੂੰਝਿਆ।

ਬੱਚਾ ਉਸ ਨੂੰ ਸਿੰਞਾਣਦਾ ਸੀ, ਉਸ ਨੂੰ ਵੇਖ ਕੇ ਮੁਸਕਰਾਉਣ ਲੱਗਾ। ਪਰ ਹੋਫ਼ਲ ਅਸਧਾਰਨ ਤੌਰ 'ਤੇ ਗੰਭੀਰ ਸੀ। ਉਸ ਨੇ ਕਰੋਪਿਨਸਕੀ ਨੂੰ ਕੁੱਝ ਅਜਿਹੇ ਲਹਿਜੇ ਵਿੱਚ ਆਖਿਆ ਜਿਹੜਾ ਉਸ ਲਈ ਵੀ ਓਪਰਾ ਸੀ: "ਇਸ ਬੱਚੇ ਨੂੰ ਲੈ ਕੇ ਤੂੰ ਜਾਂਕੋਵਸਕੀ ਦੇ ਕੋਲ਼ ਜਾਣਾ ਏ।"

ਕਰੋਪਿਨਸਕੀ ਸਮਝਿਆ ਨਾ, ਤਾਂ ਹੋਫ਼ਲ ਨੇ ਹੋਰ ਵਧੇਰੇ ਸਖ਼ਤੀ ਨਾਲ਼ ਆਖਿਆ : "ਅੱਜ ਟਰਾਂਸਪੋਰਟ ਜਾ ਰਹੀ ਏ।"

ਕਰੋਪਿਨਸਕੀ ਖੜ੍ਹਾ ਹੋ ਗਿਆ : "ਟਰਾਂਸਪੋਰਟ ?"

ਹੋਫ਼ਲ ਨੂੰ ਕਾਹਲ਼ੀ ਸੀ, ਉਹ ਇਸ ਕੰਮ ਤੋਂ ਛੇਤੀ-ਛੇਤੀ ਛੁਟਕਾਰਾ ਪਾਉਣਾ ਚਾਹੁੰਦਾ ਸੀ। ਉਹ ਇੱਕੋ ਵਾਰ ਕਰੋਪਿਨਸਕੀ ਤੇ ਵਰ੍ਹ ਪਿਆ : "ਕੀ ਇਸ ਵਿੱਚ ਕੋਈ ਖ਼ਾਸ ਗੱਲ ਏ ?"

ਕਰੋਪਿਨਸਕੀ ਨੇ ਮੈਕਾਨਕੀ ਢੰਗ ਨਾਲ਼ ਸਿਰ ਹਿਲਾਇਆ, ਟਰਾਂਸਪੋਰਟ ਵਿੱਚ ਤਾਂ ਕੋਈ ਖ਼ਾਸ ਗੱਲ ਨਹੀਂ ਸੀ, ਐਪਰ ਹੋਫ਼ਲ ਉਸ ਤੋਂ ਇਤਨਾ ਚਿੜ੍ਹਿਆ ਹੋਇਆ ਕਿਉਂ ਸੀ ?

ਉਸ ਪੁੱਛਿਆ, "ਕਿੱਥੇ ਜਾਏਗੀ ਇਹ ਟਰਾਂਸਪੋਰਟ ?"

ਹੋਫ਼ਲ ਦੇ ਚਿਹਰੇ ਉੱਤੇ ਹੋਰ ਵੀ ਗ਼ੁੱਸਾ ਆ ਗਿਆ। ਉਸ ਨੇ ਰੁੱਖੇਪਣ ਨਾਲ਼ ਉੱਤਰ ਦਿੱਤਾ :

"ਮੈਨੂੰ ਨਹੀਂ ਪਤਾ, ਤੈਨੂੰ ਜੋ ਆਖਿਆ ਜਾਂਦੈ ਉਹੋ ਕਰ!"

ਡਰਦੇ ਮਾਰਿਆਂ ਕਰੋਪਿਨਸਕੀ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਉਸ ਦੇ ਬੁੱਲ੍ਹਾਂ 'ਤੇ ਕੁੱਝ ਆਇਆ, ਪਰ ਉਸ ਆਖਿਆ ਕੁੱਝ ਨਾ! ਬੱਸ ਹੋਫ਼ਲ ਦੇ ਗੰਭੀਰ ਚਿਹਰੇ ਨੂੰ ਬੇ-ਅਰਥ, ਮੁਰਦਾ ਜਿਹੀ ਮੁਸਕਣੀ ਨਾਲ਼ ਵੇਖਣ ਲੱਗਿਆ। ਹੋਫ਼ਲ ਡਰਿਆ ਕਿ ਉਹ ਆਪਣੇ ਗ਼ੁੱਸੇ ਨੂੰ ਕਾਇਮ ਨਹੀਂ ਰੱਖ ਸਕੇਗਾ। ਉਸ ਰੋਅਬ ਨਾਲ਼ ਕਰੋਪਿਨਸਕੀ ਨੂੰ ਆਖਿਆ, "ਜ਼ਵਾਈਲਿੰਗ ਦੇ ਆਉਣ ਤੋਂ ਪਹਿਲਾਂ ਬੱਚੇ ਨੂੰ ਕੱਢ ਕੇ ਲੈ ਜਾ...।"

ਕਰੋਪਿਨਸਕੀ ਨੇ ਝੁਕ ਕੇ ਬੱਚੇ ਦੇ ਹੱਥ ਵਿੱਚੋਂ ਤਸਵੀਰਾਂ ਲਈਆਂ ਤੇ ਉਨ੍ਹਾਂ ਨੂੰ

ਇੱਕ-ਦੂਜੀ ਦੇ ਉੱਤੇ ਰੱਖ ਕੇ ਬੱਚੇ ਨੂੰ ਗੋਦੀ ਵਿੱਚ ਚੁੱਕ ਲਿਆ। ਜਦੋਂ ਉਹ ਜਾਣ ਲੱਗਾ ਤਾਂ ਹੋਫ਼ਲ ਨੇ ਬੱਚੇ ਦੇ ਨਰਮ ਵਾਲ਼ਾਂ 'ਤੇ ਹੱਥ ਫੇਰਿਆ।

ਕਰੋਪਿਨਸਕੀ ਦਾ ਚਿਹਰਾ ਆਸ ਨਾਲ਼ ਖਿੜ ਉੱਠਿਆ ਤੇ ਉਸ ਨੇ ਹੋਫ਼ਲ ਵੱਲ ਵੇਖ ਕੇ ਆਸ-ਭਰਪੂਰ ਲਹਿਜੇ ਵਿੱਚ ਆਖਿਆ: "ਰਤਾ ਵੇਖ ਤਾਂ ਸਹੀ, ਕਿੰਨੀਆਂ ਸੁਹਣੀਆਂ ਅੱਖਾਂ ਨੇ ਤੇ ਇਹ ਨਿੱਕਚੂ ਜਿਹੀ ਨੱਕ, ਛੋਟੇ-ਛੋਟੇ ਹੱਥ... ਹਰ ਸ਼ੈਅ ਇੰਨੀ ਛੋਟੀ ਛੋਟੀ...।"

ਹੋਫ਼ਲ ਦਾ ਦਿਲ ਭਰ ਆਇਆ। ਉਸ ਦਾ ਹੱਥ ਹੌਲ਼ੀ ਜਿਹੇ ਹੇਠਾਂ ਲੁੜਕ ਗਿਆ, ਜਿਵੇਂ ਉਸ ਨੇ ਬੱਚੇ ਨੂੰ ਲੁਕਾਉਣ ਲਈ ਉਸ ਉੱਤੇ ਨਕਾਬ ਪਾ ਦਿੱਤੀ ਹੋਵੇ "ਹਾਂ ਹਾਂ ਛੋਟਾ ਜਿਹਾ ਪੋਲ ਯਹੂਦੀ ਬੱਚਾ।"

ਕਰੋਪਿਨਸਕੀ ਤੀਖਣਤਾ ਨਾਲ਼ ਆਪਣਾ ਸਿਰ ਹਿਲਾਉਣ ਲੱਗਿਆ: "ਪੋਲੈਂਡ ਦਾ ਹੈ ਤਾਂ ਕੀ ਹੋਇਆ, ਬੱਚਾ ਤਾਂ ਸਾਰੀ ਦੁਨੀਆਂ ਵਿੱਚ ਹੁੰਦਾ ਹੈ ਹਰ ਥਾਂ। ਸਾਨੂੰ ਬੱਚੇ ਨਾਲ਼ ਪਿਆਰ ਕਰਨਾ ਚਾਹੀਦਾ ਹੈ, ਇਸ ਦੀ ਦੇਖ-ਭਾਲ ਕਰਨੀ ਚਾਹੀਦੀ ਹੈ।

ਹੋਫ਼ਲ ਅੰਦਰਲੀ ਪੀੜਾ ਨਾਲ਼ ਚੀਕ ਉੱਠਿਆ, "ਲਾਹਨਤ ਹੈ ਇਸ ਉੱਤੇ, ਮੈਂ ਕੁੱਝ ਨਹੀਂ ਕਰ ਸਕਦਾ! ਕਰੈਮਰ ਨੇ ਮੈਨੂੰ ਆਖਿਆ ਏ... ਉਹ ਕਹਿੰਦਾ ਏ ਬੱਚੇ ਨੂੰ ਜ਼ਰੂਰ ਜਾਣਾ ਪਵੇਗਾ..."

ਕਰੋਪਿਨਸਕੀ ਵਿਚਾਲ਼ਿਓਂ ਬੋਲ ਪਿਆ, ਉਸ ਦੀਆਂ ਅੱਖਾਂ ਚਮਕ ਪਈਆਂ, "ਕਰੈਮਰ ਦੀ ਕੁੱਝ ਨਾ ਸੁਣ, ਉਹ ਪੱਥਰ ਏ, ਨਾਲ਼ੇ ਫ਼ੌਜ ਵੱਲ ਵੇਖ, ਦਿਨੋ ਦਿਨ ਨੇੜੇ ਆ ਰਹੀ ਏ ਤੇ ਅਮਰੀਕੀ ਵੀ ਤਾਂ ਨਿੱਤ-ਦਿਹਾੜੇ ਕੋਲ਼ ਆ ਰਹੇ ਨੇ। ਫਿਰ ਕੀ ਹੋਵੇਗਾ। ਕੁੱਝ ਹਫ਼ਤਿਆਂ ਵਿੱਚ ਨਾਜ਼ੀ ਖ਼ਤਮ ਤੇ ਅਸੀਂ ਅਜ਼ਾਦ... ਤੇ ਛੋਟਾ ਬੱਚਾ ਵੀ।"

ਹੋਫ਼ਲ ਨੇ ਬੁੱਲ੍ਹ ਇੰਨੀ ਸਖ਼ਤੀ ਨਾਲ਼ ਘੁੱਟੇ ਕਿ ਚਿੱਟੇ ਪੈ ਗਏ। ਉਹ ਇੰਝ ਘੂਰਨ ਲੱਗਾ ਜਿਵੇਂ ਉਸ ਦਾ ਦਿਮਾਗ਼ ਉੱਕਾ ਖ਼ਾਲੀ ਹੋ ਗਿਆ ਹੋਵੇ ਅਤੇ ਜਿਵੇਂ ਉਸ ਨੂੰ ਮੁੜ ਹੋਸ਼ ਆ ਗਈ ਤੇ ਉਸ ਨੇ ਇਸ਼ਾਰਾ ਕੀਤਾ ਜਿਵੇਂ ਤੂਫ਼ਾਨੀ ਵਿਚਾਰਾਂ ਨੂੰ ਪਿਛਾਂਹ ਹਟਾ ਰਿਹਾ ਹੋਵੇ।

"ਮੈਂ ਚੰਗੀ ਤਰਾਂ ਸੋਚ ਲਿਆ ਏ।" ਉਸ ਉੱਕਾ ਹੀ ਬਦਲੇ ਹੋਏ ਰੌਂ ਵਿੱਚ ਆਖਿਆ, "ਅਜੇ ਤਾਂ ਤੂੰ ਬੱਚੇ ਨੂੰ ਜਾਂਕੋਵਸਕੀ ਕੋਲ਼ ਲਿਜਾ ਨਹੀਂ ਸਕਦਾ, ਇਸ ਸਮੇਂ ਤਾਂ ਟਰਾਂਸਪੋਰਟ ਦੀ ਗੜਬੜ ਮੱਚੀ ਹੋਈ ਹੈ, ਦੁਪਹਿਰ ਤੱਕ ਉਡੀਕ ਕਰੋ।

ਕਰੋਪਿਨਸਕੀ ਨੇ ਸੁੱਖ ਦਾ ਸਾਹ ਲਿਆ।

ਜਦੋਂ ਕਰੈਮਰ ਹਸਪਤਾਲ਼ ਵਾਪਸ ਆਇਆ ਤਾਂ ਡਾਕਟਰੀ ਦਸਤੇ ਲਈ ਸੋਲ੍ਹਾਂ ਕੈਦੀ ਚੁਣੇ ਗਏ ਸਨ, ਉਹ ਉਸਦੀ ਉਡੀਕ ਕਰ ਰਹੇ ਸਨ। ਉਨ੍ਹਾਂ ਨੂੰ ਅਜੇ ਤੱਕ ਇਹ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਕਿਉਂ ਬੁਲਾਇਆ ਗਿਆ ਹੈ। ਕਰੈਮਰ ਉਨ੍ਹਾਂ ਨੂੰ ਇਹੋ ਦੱਸਣ ਆਇਆ ਸੀ। ਉਸ ਨੇ ਬਿਨਾਂ ਕਿਸੇ ਭੂਮਿਕਾ ਦਾ ਸ਼ੁਰੂ ਕੀਤਾ : "ਸਾਥੀਓ, ਅੱਜ ਤੋਂ ਤੁਸੀਂ ਇੱਕ ਡਾਕਟਰੀ ਦਸਤਾ ਓ।"

ਕਰਮਚਾਰੀ ਉਸ ਦੇ ਦੁਆਲ਼ੇ ਜਮ੍ਹਾਂ ਹੋ ਗਏ। ਉਹ ਉਨ੍ਹਾਂ ਸਾਰਿਆਂ ਨੂੰ ਜਾਣਦਾ ਸੀ, ਸਾਰੇ ਜਵਾਨ, ਨਿੱਡਰ ਤੇ ਭਰੋਸੇ ਵਾਲ਼ੇ ਸਨ ਤੇ ਵਰ੍ਹਿਆਂ ਤੋਂ ਕੈਂਪ ਵਿੱਚ ਸਨ।

"ਕੀ ਸ਼ੈਅ ਏ ਇਹ ਡਾਕਟਰੀ ਦਸਤਾ ?"

ਕਰੈਮਰ ਨੇ ਉਨ੍ਹਾਂ ਨੂੰ ਕੁੱਝ ਸ਼ਬਦਾਂ ਵਿੱਚ ਦੱਸਿਆ ਤੇ ਆਖਿਆ : "ਮੈਨੂੰ ਵਧੇਰੇ ਕਹਿਣ ਦੀ ਲੋੜ ਨਹੀਂ, ਤੁਸੀਂ ਲੋਕ ਆਪ ਹੀ ਸਮਝਦੇ ਹੋ।" ਫਿਰ ਉਸ ਇੱਕ-ਇੱਕ ਨੂੰ ਵੇਖਦੇ ਹੋਏ ਆਖਿਆ : "ਸੁਣੋ, ਕਰੜਾ ਡਸਿਪਲਿਨ, ਪੂਰੀ ਰਾਜ਼ਦਾਰੀ, ਅਫ਼ਸਰਾਂ ਨੂੰ ਕੋਈ ਵੀ ਗੱਲ ਵਿੱਚ ਨੁਕਸ ਕੱਢਣ ਲਈ ਨਾ ਮਿਲ਼ੇ, ਸਮਝ ਗਏ ?"

ਉਸ ਨੇ ਸੋਲਾਂ ਨੂੰ ਖ਼ਾਮੋਸ਼ੀ ਨਾਲ਼ ਵੇਖਿਆ, ਉਹ ਕਰੈਮਰ ਨੂੰ ਜਾਣਦੇ ਸਨ ਤੇ ਕਿਸੇ ਨੇ ਕੋਈ ਸੁਆਲ ਨਾ ਪੁੱਛਿਆ। ਉਹ ਜਾਣਦੇ ਸਨ ਕਿ ਉਨ੍ਹਾਂ ਕੀ ਕਰਨਾ ਹੈ। ਕਰੈਮਰ ਉਨ੍ਹਾਂ ਸਾਰਿਆਂ ਨੂੰ ਫ਼ਾਟਕ ਉੱਤੇ ਲਿਆਇਆ।

ਗੀਨਬੂਥ ਨੇ ਬੜੀ ਅਰਥ-ਭਰਪੂਰ ਮੁਸਕਣੀ ਨਾਲ਼ ਉਨ੍ਹਾਂ ਦਾ ਸੁਆਗਤ ਕੀਤਾ। ਉਹ ਆਪਣੇ ਦਫ਼ਤਰ ਤੋਂ ਬਾਹਰ ਆ ਕੇ ਸੋਲ੍ਹਾਂ ਦੇ ਸਾਹਮਣੇ ਖਲੋਤਾ ਸੀ ਤੇ ਪੀਲ਼ੇ ਚਮੜੇ ਦੇ ਦਸਤਾਨੇ ਹੱਥਾਂ 'ਤੇ ਚਾੜ੍ਹ ਰਿਹਾ ਸੀ। ਫ਼ੌਜੀ ਢੰਗ ਨਾਲ਼ ਉਹ ਆਦਮੀਆਂ ਦੀ ਕਤਾਰ ਸਾਹਮਣਿਓਂ ਲੰਘਿਆ, ਜਿਹੜੇ ਅਟੈਨਸ਼ਨ ਖਲ੍ਹੋਤੇ ਸਨ, ਉਨ੍ਹਾਂ ਦੇ ਅੰਗ ਨਾੜਾਂ ਤੇ ਪੱਠਿਆਂ ਤੱਕ ਹਰਕਤ ਕਰ ਰਹੇ ਸਨ।

ਗੀਨਬੂਥ ਦੀ ਮੁਸਕਣੀ ਹੋਰ ਵੀ ਸ਼ਰਾਰਤ-ਭਰਪੂਰ ਹੋ ਗਈ। ਉਸ ਕਰੈਮਰ ਤੋਂ ਪੁੱਛਿਆ, "ਤਾਂ ਤੂੰ ਵਧੀਆ ਕਾਰਕੁੰਨ ਚੁਣੇ ਹਨ ?"

"ਹਾਂ ਜਨਾਬ, ਵਧੀਆ, ਰਿਪੋਰਟ ਫ਼ੋਹਰਰ !"

ਸੱਤ

ਕਰੋਪਿਨਸਕੀ ਤੇ ਹੋਫ਼ਲ ਨੁੱਕਰ ਵਿੱਚ ਗੱਲਾਂ ਕਰ ਰਹੇ ਸਨ ਤੇ ਉਨ੍ਹਾਂ ਨੂੰ ਪੂਰਾ ਪਤਾ ਨਹੀਂ ਸੀ ਕਿ ਕੋਈ ਬੜੇ ਚਿਰ ਤੋਂ ਉਨ੍ਹਾਂ ਦੀ ਗੱਲਬਾਤ ਸੁਣ ਰਿਹਾ ਹੈ।

ਜ਼ਵਾਈਲਿੰਗ ਅਚਾਨਕ ਹੀ ਇਮਾਰਤ ਵਿੱਚ ਦਾਖ਼ਲ ਹੋਇਆ, ਪੀਪਿਗ ਉਹਲੇ ਵਿੱਚ ਖਲ੍ਹੋਤਾ ਚੌਕੀਦਾਰੀ ਕਰ ਰਿਹਾ ਸੀ। ਕੱਪੜੇ ਦੇ ਢੇਰ ਕਾਰਨ ਉਸ ਨੇ ਜ਼ਵਾਈਲਿੰਗ ਨੂੰ ਨਾ ਵੇਖਿਆ। ਆਉਂਦੇ ਹੀ ਜ਼ਵਾਈਲਿੰਗ ਨੂੰ ਪੀਪਿਗ ਦੇ ਵਤੀਰੇ ਤੋਂ ਇਹ ਅਨੁਮਾਨ ਹੋ ਗਿਆ ਕਿ ਪਰਦੇ ਵਿੱਚ ਕੁੱਝ ਹੋ ਰਿਹਾ ਹੈ। ਉਹ ਚੁੱਪ-ਚਾਪ, ਬੇਖ਼ਬਰ ਪੀਪਿਗ ਦੇ ਪਿੱਛੇ ਜਾ ਪੁੱਜਿਆ ਤੇ ਡਾਂਟ ਕੇ ਬੋਲਿਆ :

"ਤੂੰ ਕੀ ਕਰ ਰਿਹਾ ਏਂ ?"

ਪੀਪਿਗ ਪਿਛਾਂਹ ਘੁੰਮ ਗਿਆ ਤੇ ਤ੍ਰਭੱਕ ਕੇ ਜ਼ਵਾਈਲਿੰਗ ਦੇ ਖੁੱਲ੍ਹੇ ਮੂੰਹ ਨੂੰ ਵੇਖਣ ਲੱਗਿਆ। ਸ਼ਾਰ ਫ਼ੋਹਰਰ ਨੇ ਮੁਸਕਰਾ ਕੇ ਆਖਿਆ:

"ਤੂੰ ਤਾਂ ਸੁੰਨ ਹੋ ਗਿਆ ਏਂ !"

"ਹਰ ਹਾਪਤ ਸ਼ਾਰ ਫੋ..."

"ਚੁੱਪ ਰਹੋ।"

ਜ਼ਵਾਈਲਿੰਗ ਨੇ ਖ਼ਤਰਨਾਕ ਢੰਗ ਨਾਲ਼ ਹੌਲ਼ੀ ਜਿਹੇ ਆਖਿਆ ਤੇ ਪੱਬਾਂ ਭਾਰ

ਹੌਲ਼ੀ-ਹੌਲ਼ੀ, ਚੁੱਪ-ਚਾਪ ਨੁੱਕਰ ਦੇ ਕੋਲ਼ ਜਾ ਪਹੁੰਚਿਆ ਤੇ ਬੋਰੀਆਂ ਦੀ ਕੰਧ ਕੋਲ਼ ਰੁਕ ਕੇ ਸੁਣਨ ਲੱਗਿਆ।

ਹੋਫ਼ਲ ਤੇ ਕਰੋਪਿਨਸਕੀ ਨੇ ਨੁੱਕਰ ਨੂੰ ਛੱਡਦਿਆਂ ਤੇ ਉਸ ਨੂੰ ਕੱਪੜਿਆਂ ਤੇ ਬੋਰੀ ਦੇ ਢੇਰ ਨਾਲ਼ ਬੰਦ ਕਰਦਿਆਂ ਵੀ ਜ਼ਵਾਈਲਿੰਗ ਨੂੰ ਨਹੀਂ ਸੀ ਵੇਖਿਆ। ਜਦੋਂ ਉਹ ਜਾਣ ਲੱਗੇ ਤਾਂ ਉਹਨਾਂ ਅਚਾਨਕ ਆਪਣੇ ਆਪ ਨੂੰ ਸ਼ਾਰ ਫ਼ੋਹਰਰ ਦੇ ਸਾਹਮਣੇ ਵੇਖਿਆ। ਹੋਫ਼ਲ ਦੇ ਲਹੂ ਦੀ ਹਰਕਤ ਰੁਕ ਗਈ। ਦਿਲ ਬਰਫ਼ ਵਾਂਗ ਠੰਢਾ ਹੋ ਗਿਆ। ਪਰ ਤੁਰੰਤ ਹੀ ਉਸ ਨੇ ਆਪਣੇ ਆਪ 'ਤੇ ਕਾਬੂ ਪਾ ਲਿਆ। ਉਸ ਕੁੱਝ ਬੋਰੀਆਂ ਵੱਲ ਇਸ਼ਾਰਾ ਕੀਤਾ ਤੇ ਕਰੋਪਿਨਸਕੀ ਨੇ ਵੇਖਣ ਨੂੰ ਗੰਭੀਰਤਾ ਨਾਲ਼ ਆਖਿਆ :

"ਤੇ ਫਿਰ ਸਾਰਿਆਂ ਨੂੰ ਇੱਥੇ ਢੇਰ ਕਰ ਦਿੱਤਾ ਏ!"

ਜ਼ਵਾਈਲਿੰਗ ਵੀ ਅਣਜਾਣ ਬਣ ਗਿਆ।

"ਕੀ ਬੋਰੀਆਂ ਨੂੰ ਉਲਟ-ਪੁਲਟ ਕਰ ਰਹੇ ਓ।"

"ਹਾਂ ਜਨਾਬ, ਹਰ ਹਾਪਤ ਸ਼ਾਰ ਫ਼ੋਹਰਰ, ਕੀੜੇ ਨਾ ਲੱਗਣ।"

ਕਰੋਪਿਨਸਕੀ ਨੇ ਹਾਜ਼ਰ ਦਿਮਾਗ਼ੀ ਤੋਂ ਕੰਮ ਲੈਂਦੇ ਹੋਏ ਅੰਦਰ ਜਾਣ ਦੇ ਰਾਹ ਵਿੱਚ ਕੁੱਝ ਹੋਰ ਬੋਰੇ ਢੇਰ ਕਰ ਦਿੱਤੇ।

ਜ਼ਵਾਈਲਿੰਗ ਨੇ ਕਾਹਲ਼ੀ ਨਾਲ਼ ਅਗਾਂਹ ਵਧ ਕੇ ਕਰੋਪਿਨਸਕੀ ਦੇ ਪਿੱਠ ਵਿੱਚ ਠੁੱਡਾ ਮਾਰਿਆ ਤੇ ਬੋਰੀਆਂ ਨੂੰ ਇੱਕ ਪਾਸੇ ਕਰ ਦਿੱਤਾ।

ਪੀਪਿਗ ਨੇ ਜਦੋਂ ਜ਼ਵਾਈਲਿੰਗ ਨੂੰ ਇੱਕ ਰਾਹ ਤੋਂ ਅੰਦਰ ਜਾਂਦੇ ਵੇਖਿਆ ਤਾਂ ਉਸ ਦੀ ਜਾਨ ਨਿੱਕਲ਼ ਗਈ। ਹੋਫ਼ਲ ਤੇ ਕਰੋਪਿਨਸਕੀ ਨੇ ਖ਼ਤਰੇ ਨੂੰ ਭਾਂਪ ਕੇ ਇੱਕ ਦੂਜੇ ਵੱਲ ਵੇਖਿਆ।

ਜ਼ਵਾਈਲਿੰਗ ਜਿਵੇਂ ਹੀ ਨੇੜੇ ਪੁੱਜਾ, ਤਾਂ ਬੱਚਾ ਨਾਜ਼ੀ ਨੂੰ ਵੇਖਦੇ ਹੀ ਦੌੜ ਕੇ ਇੱਕ ਨੁੱਕਰ ਵਿੱਚ ਘੁਸੜ ਗਿਆ। ਹੋਫ਼ਲ ਵੀ ਅੰਦਰ ਆ ਗਿਆ ਸੀ। ਜ਼ਵਾਈਲਿੰਗ ਦਾ ਮੂੰਹ ਅਜੀਬ ਢੰਗ ਨਾਲ਼ ਸੁੱਕੜ ਗਿਆ। ਬੇਵਕੂਫ਼ ਦੀ ਮੁਸਕਣੀ ਨੇ ਉਸ ਦੀ ਠੋਡੀ ਉੱਤੇ ਇੱਕ ਚੱਕਰ ਜਿਹਾ ਬਣਾ ਲਿਆ।

ਉਸ ਨੇ ਵਿਅੰਗ ਨਾਲ਼ ਆਖਿਆ : "ਕੀੜੇ ਤਾਂ ਲੱਗ ਗਏ, ਹੈ ਨਾ?"

ਉਸ ਦੀ ਖ਼ਤਰਨਾਕ ਮਿੱਤਰ-ਭਾਵਨਾ ਤੋਂ ਹੁਸ਼ਿਆਰ ਹੋ ਕੇ ਹੋਫ਼ਲ ਨੇ ਫ਼ੈਸਲਾ ਕੀਤਾ ਕਿ ਖੁੱਲ੍ਹ ਕੇ ਸਾਹਮਣੇ ਆ ਜਾਣਾ ਚਾਹੀਦਾ ਹੈ, ਹੁਣ ਤਾਂ ਦਲੇਰੀ ਤੇ ਸਾਫ਼-ਸਾਫ਼ ਗੱਲ ਨਾਲ਼ ਹੀ ਕੁੱਝ ਗੱਲ ਬਣ ਸਕਦੀ ਸੀ।

"ਹਾਪਤ ਸ਼ਾਰ ਫ਼ੋਹਰਰ..."

"ਹਾਂ, ਆਖ?"

"ਮੈਂ ਦੱਸਣਾ ਚਾਹੁੰਦਾ ਹਾਂ ਕਿ..."

ਜ਼ਵਾਈਲਿੰਗ ਨੇ ਆਪਣੇ ਬੂਟ ਦੀ ਨੋਕ ਨਾਲ਼ ਇਸ਼ਾਰਾ ਕੀਤਾ, "ਕੀੜੇ ਨੂੰ ਵੀ ਨਾਲ਼ ਲੈ ਆਓ!"

ਕਰੋਪਿਨਸਕੀ ਵੀ ਉਨ੍ਹਾਂ ਦੋਹਾਂ ਦੇ ਪਿੱਛੇ-ਪਿੱਛੇ ਸ਼ਾਰ ਫ਼ੋਹਰਰ ਦੇ ਦਫ਼ਤਰ ਵਿੱਚ ਆ ਗਿਆ। ਹੋਫ਼ਲ ਨੇ ਬੱਚੇ ਨੂੰ ਲਾਹ ਦਿੱਤਾ ਸੀ। ਉਹ ਇੱਕ ਨੁੱਕਰ ਵਿੱਚ ਸਹਿਮ ਕੇ ਦਬਕਿਆ ਹੋਇਆ ਸੀ। ਜ਼ਵਾਈਲਿੰਗ ਨੇ ਕਰੋਪਿਨਸਕੀ ਨੂੰ ਦਫ਼ਤਰ ਵਿੱਚੋਂ ਜਾਣ ਦਾ ਇਸ਼ਾਰਾ ਕੀਤਾ। ਕਰੋਪਿਨਸਕੀ ਬਾਹਰ ਚਲਿਆ ਗਿਆ।

ਜ਼ਵਾਈਲਿੰਗ ਨੂੰ ਹੋਫ਼ਲ ਨਾਲ਼ ਇਕੱਲ ਮਿਲ਼ਿਆ ਹੀ ਸੀ ਤੇ ਆਪਣੇ ਡੈਸਕ ਉੱਤੇ ਉਹ ਬੈਠਾ ਹੀ ਸੀ ਕਿ ਫ਼ਾਟਕ ਤੋਂ ਸਾਇਰਨ ਇੰਝ ਵੱਜਣ ਲੱਗਾ ਜਿਵੇਂ ਕੋਈ ਵਹਿਸ਼ੀ ਜਾਨਵਰ ਸ਼ਿਕਾਰ ਉੱਤੇ ਨਿੱਕਲ਼ਿਆ ਹੋਵੇ। ਜ਼ਵਾਈਲਿੰਗ ਨੇ ਖਿੜਕੀ ਵੱਲ ਵੇਖਿਆ ਤੇ ਹੋਫ਼ਲ ਨੇ ਇਸ ਮੌਕੇ ਨੂੰ ਗ਼ਨੀਮਤ ਜਾਣ ਕੇ ਵਿਸ਼ਾ ਬਦਲਣ ਦੀ ਕੋਸ਼ਿਸ਼ ਕੀਤੀ :

"ਹਵਾਈ ਹਮਲੇ ਦਾ ਅਲਾਰਮ ਵੱਜ ਰਿਹਾ ਏ, ਹਾਪਤ ਸ਼ਾਰ ਫ਼ੋਹਰਰ! ਕੀ ਤੁਸੀਂ ਹੇਠਾਂ ਤਹਿਖ਼ਾਨੇ ਵਿੱਚ ਨਹੀਂ ਜਾਓਗੇ?"

ਇੰਝ ਜਾਪਿਆ ਜਿਵੇਂ ਜ਼ਵਾਈਲਿੰਗ ਮੁਸਕਰਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਜਿਵੇਂ ਹੀ ਸਾਇਰਨ ਚੁੱਪ ਹੋਇਆ ਤਾਂ ਉਸ ਜੁਆਬ ਦਿੱਤਾ, "ਨਹੀਂ, ਇਸ ਵਾਰ ਮੈਂ ਤੇਰੇ ਨਾਲ਼ ਰਹਾਂਗਾ।"

ਉਸ ਸਿਗਰਟ ਲਾਇਆ, ਇੱਕ ਸੂਟਾ ਭਰਿਆ ਤੇ ਆਪਣੇ ਸਾਹਮਣੇ ਵੱਲ ਘੂਰਨ ਲੱਗਾ। ਉਸ ਦਾ ਮੂੰਹ ਖੁੱਲ੍ਹਿਆ ਹੋਇਆ ਸੀ, ਉਹ ਕੁੱਝ ਸੋਚ ਰਿਹਾ ਸੀ।

ਹੋਫ਼ਲ ਹਰ ਭੈੜੀ ਤੋਂ ਭੈੜੀ ਗੱਲ ਲਈ ਤਿਆਰ ਸੀ। ਜ਼ਵਾਈਲਿੰਗ ਦਾ ਵਤੀਰਾ ਕਾਫ਼ੀ ਸ਼ੱਕੀ ਹੋਈ ਜਾ ਰਿਹਾ ਸੀ। ਆਖ਼ਰ ਜ਼ਵਾਈਲਿੰਗ ਨੇ ਹੋਫ਼ਲ ਨਾਲ਼ ਅੱਖਾਂ ਮਿਲ਼ਾਈਆਂ, ਇੰਝ ਜਾਪਦਾ ਸੀ ਜਿਵੇਂ ਉਹ ਕੁੱਝ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

"ਕੱਲ੍ਹ ਉਹ ਲੋਕ ਏਅਰਫਰਟ ਤੱਕ ਆ ਗਏ।" ਅਚਾਨਕ ਜ਼ਵਾਈਲਿੰਗ ਨੇ ਆਖਿਆ। ਹੋਫ਼ਲ ਚੁੱਪ ਰਿਹਾ। ਆਖ਼ਰ ਇਹ ਕਿਸ ਚਿੰਤਾ ਵਿੱਚ ਹੈ।

ਜ਼ਵਾਈਲਿੰਗ ਨੇ ਆਪਣੇ ਕੰਬਦੇ ਹੋਏ ਹੋਠਾਂ ਉੱਤੇ ਜੀਭ ਫੇਰੀ।

ਆਪਣੇ ਸਾਹਮਣੇ ਖਲੋਤੇ ਹੋਏ ਕੈਦੀ ਵੱਲ ਵੇਖਿਆ, ਜਿਸ ਦੇ ਚਿਹਰੇ ਉੱਤੇ ਪ੍ਰਭਾਵ ਦੀ ਕੋਈ ਝਲਕ ਨਹੀਂ ਸੀ, ਤੇ ਕੁੱਝ ਦੇਰ ਮਗਰੋਂ ਬੋਲਿਆ :

"ਮੈਂ ਤੇਰੇ ਨਾਲ਼ ਸਦਾ ਹੀ ਚੰਗਾ ਵਰਤਾਓ ਕੀਤਾ ਹੈ...।"

ਇਹ ਕਹਿੰਦੇ ਹੋਏ ਉਸ ਨੇ ਅੱਖਾਂ ਮੀਚ ਲਈਆਂ ਤੇ ਅੱਖਾਂ ਦੀ ਝੀਤ ਰਾਹੀਂ ਹੋਫ਼ਲ ਨੂੰ ਵੇਖਦਾ, ਉਸ ਦੇ ਉੱਤਰ ਦੀ ਉਡੀਕ ਕਰਨ ਲੱਗਾ। ਪਰ ਹੋਫ਼ਲ ਚੁੱਪ ਰਿਹਾ। ਉਸ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ ਕਿ ਜ਼ਵਾਈਲਿੰਗ ਚਾਹੁੰਦਾ ਕੀ ਹੈ।

ਜ਼ਵਾਈਲਿੰਗ ਖੜ੍ਹਾ ਹੋ ਗਿਆ ਤੇ ਉਸ ਨੁੱਕਰ ਵੱਲ ਆ ਗਿਆ, ਜਿੱਥੇ ਬੱਚਾ ਆ ਕੇ ਘੁਸ ਗਿਆ ਸੀ। ਪਾਟੀਆਂ ਅੱਖਾਂ ਨਾਲ਼ ਉਹ ਥੋੜ੍ਹੀ ਦੇਰ ਲਈ ਇਸ ਛੋਟੇ ਜਿਹੇ ਜੀਅ ਨੂੰ ਵੇਖਦਾ ਰਿਹਾ ਤੇ ਫਿਰ ਹੌਲ਼ੀ ਜਿਹੀ ਉਸ ਨੂੰ ਆਪਣੀ ਜੁੱਤੀ ਦੀ ਨੋਕ ਨਾਲ਼ ਛੋਹਿਆ। ਹੋਫ਼ਲ ਦੀਆਂ ਰਗਾਂ ਤਣ ਗਈਆਂ।

ਬਾਹਰ ਕਰੋਪਿਨਸਕੀ ਤੇ ਪੀਪਿਗ ਲੰਮੇ ਕਾਊਂਟਰ ਦੇ ਪਿੱਛੇ ਖਲੋਤੇ ਸਨ। ਬੜੀ

ਤੇਜ਼ੀ ਨਾਲ਼ ਉਹ ਜਾਣ ਵਾਲ਼ੀ ਟਰਾਂਸਪੋਰਟ ਦਾ ਸਮਾਨ ਵੱਖ ਕਰ ਰਹੇ ਸਨ, ਪਰ ਅੱਖਾਂ ਤੇ ਕੰਨ ਅੰਦਰ ਵੱਲ ਲੱਗੇ ਹੋਏ ਸਨ ਕਿ ਕੀ ਹੋ ਰਿਹਾ ਏ। ਉਨ੍ਹਾਂ ਨੂੰ ਆਸ ਸੀ ਕਿ ਕੋਈ ਨਾਟਕੀ ਦ੍ਰਿਸ਼ ਹੋਵੇਗਾ, ਪਰ ਉਨ੍ਹਾਂ ਨੂੰ ਹੈਰਾਨਗੀ ਹੋ ਰਹੀ ਸੀ ਕਿ ਜ਼ਵਾਈਲਿੰਗ ਦੇ ਦਫ਼ਤਰ ਵਿੱਚ ਚੁੱਪ-ਚਾਂ ਸੀ। ਹੁਣ ਉਨ੍ਹਾਂ ਲੋਕਾਂ ਵੇਖਿਆ ਕਿ ਜ਼ਵਾਈਲਿੰਗ ਹੋਫ਼ਲ ਵੱਲ ਆਇਆ ਤੇ ਬੜੇ ਮਿੱਤਰਤਾਨਾ ਢੰਗ ਨਾਲ਼ ਕਹਿਣ ਲੱਗਾ: "ਆਖਰ, ਇਹ ਹੋ ਕੀ ਰਿਹਾ ਏ ?"

ਅਸਲ ਵਿੱਚ ਜ਼ਵਾਈਲਿੰਗ ਮੁਸਕਰਾਉਂਦਾ ਹੋਇਆ ਹੋਫ਼ਲ ਵੱਲ ਵਧਿਆ ਸੀ। "ਜੇ ਮੈਂ ਚਾਹਾਂ ਤਾਂ ਤੈਨੂੰ ਅੱਜ ਦੀ ਰਾਤ ਫ਼ਾਂਸੀ ਘਰ ਵਿੱਚ ਗੁਜ਼ਾਰਨੀ ਪਏ..." ਉਸ ਨੇ ਮਿੱਤਰਤਾਨਾ ਢੰਗ ਨਾਲ਼ ਅੱਖਾਂ ਝਮਕਾਈਆਂ।

ਕਾਊਂਟਰ ਦੇ ਪਿੱਛੇ ਖਲ੍ਹੋਤੇ-ਖਲ੍ਹੋਤੇ ਕਰੋਪਿਨਸਕੀ ਤੇ ਪੀਪਿਗ ਨੇ ਵੇਖਿਆ ਕਿ ਜ਼ਵਾਈਲਿੰਗ ਨੇ ਮੁਸਕਰਾਉਂਦੇ ਹੋਏ ਆਪਣੇ ਗਲੇ 'ਤੇ ਉਂਗਲੀ ਫੇਰ ਕੇ ਕਤਲ ਕਰਨ ਦਾ ਇਸ਼ਾਰਾ ਕੀਤਾ।

"ਗੱਲ ਬੜੀ ਭੈੜੀ ਵਿਖਾਈ ਦੇਂਦੀ ਏ।" ਪੀਪਿਗ ਨੇ ਡਰ ਕੇ ਕਰੋਪਿਨਸਕੀ ਦੇ ਕੰਨ ਵਿੱਚ ਆਖਿਆ। ਹੋਫ਼ਲ ਦੇ ਚਿਹਰੇ ਤੋਂ ਕੁੱਝ ਪਤਾ ਨਹੀਂ ਸੀ ਲੱਗਦਾ। ਉਹ ਜ਼ਵਾਈਲਿੰਗ ਦੇ ਸਾਹਮਣੇ ਅਹਿਲ ਖਲ੍ਹੋਤਾ ਸੀ, ਐਪਰ ਉਸ ਦੇ ਦਿਮਾਗ਼ ਵਿੱਚ ਖ਼ਿਆਲਾਂ ਦੀ ਭਰਮਾਰ ਸੀ, "ਇਹ ਮੇਰੇ ਤੋਂ ਕੁੱਝ ਚਾਹੁੰਦਾ ਹੈ।"

ਅਚਾਨਕ ਜ਼ਵਾਈਲਿੰਗ ਸਿਰ ਚੁੱਕ ਕੇ ਕੁੱਝ ਸੁਣਨ ਲੱਗਾ। ਹਵਾਈ ਜਹਾਜ਼ਾਂ ਦਾ ਸ਼ੋਰ ਬਿਲਡਿੰਗ ਦੇ ਐਨ ਉੱਪਰ ਗੂੰਜ ਰਿਹਾ ਸੀ। ਕਾਫ਼ੀ ਦੇਰ ਤੱਕ ਇਸ ਭਿਆਨਕ ਸ਼ੋਰ ਨੂੰ ਸੁਣਦਾ ਰਿਹਾ ਅਤੇ ਉਸ ਨੇ ਫਿਰ ਹੋਫ਼ਲ ਵੱਲ ਵੇਖਿਆ। ਦੋਵੇਂ ਚੁੱਪ-ਚਾਪ ਇੱਕ ਦੂਜੇ ਨੂੰ ਵੇਖਦੇ ਰਹੇ। ਦੋਵੇਂ ਆਪੋ-ਆਪਣੇ ਖ਼ਿਆਲਾਂ ਵਿੱਚ ਡੁੱਬੇ ਹੋਏ ਸਨ। ਜ਼ਵਾਈਲਿੰਗ ਦੇ ਚਿਹਰੇ ਤੋਂ ਉਸ ਦੇ ਵਿਚਾਰਾਂ ਦਾ ਪਤਾ ਲਾਉਣਾ ਔਖਾ ਸੀ। ਉਸ ਦੀਆਂ ਅੱਖਾਂ ਵਾਰ-ਵਾਰ ਝਮਕ ਰਹੀਆਂ ਸਨ। ਬੱਸ, ਇਸ ਤੋਂ ਇਹੋ ਪਤਾ ਲੱਗਦਾ ਸੀ ਕਿ ਗੰਦੀਆਂ ਤੇ ਸੰਘਣੀਆਂ ਝਿਮਣੀਆਂ ਪਿੱਛੇ ਕੁੱਝ ਹੋ ਰਿਹਾ ਹੈ।

"ਐਪਰ ਮੈਂ ਇਹ ਨਹੀਂ ਚਾਹੁੰਦਾ..." ਉਸ ਨੇ ਥੋੜ੍ਹੀ ਦੇਰ ਮਗਰੋਂ ਆਖਿਆ।

"ਬੱਸ ਇਤਨਾ ਪਤਾ ਲੱਗ ਜਾਂਦਾ ਕਿ ਉਹ ਹੋਫ਼ਲ ਤੋਂ ਚਾਹੁੰਦਾ ਕੀ ਏ।" ਪੀਪਿਗ ਨੇ ਕਰੋਪਿਨਸਕੀ ਨੂੰ ਕੰਨ ਵਿੱਚ ਆਖਿਆ ਅਤੇ ਉਸ ਨੇ ਉਸੇ ਤਰ੍ਹਾਂ ਹੌਲ਼ੀ-ਹੌਲ਼ੀ ਜਿਹੇ ਉੱਤਰ ਦਿੱਤਾ : "ਹੋ ਸਕਦਾ ਏ ਉਹ ਉਸ ਨੂੰ ਫ਼ਾਂਸੀ ਘਰ ਘੱਲ ਦੇਵੇ ?"

ਜੰਮਿਆ ਹੋਇਆ ਲਹੂ ਅਚਾਨਕ ਹੋਫ਼ਲ ਦੇ ਸਿਰ ਵਿੱਚ ਆ ਗਿਆ। ਇੱਕੋ ਵਾਰ ਜ਼ਵਾਈਲਿੰਗ ਦੀ ਗੱਲ ਦਾ ਅਰਥ ਉਸ ਨੂੰ ਸਮਝ ਆ ਗਿਆ। ਹੈਰਾਨਗੀ ਵਿੱਚ ਡੁੱਬਿਆਂ ਉਸ ਦੇ ਮੂੰਹੋਂ ਜਵਾਬ ਵਿੱਚ ਇੱਕ ਸ਼ਬਦ ਵੀ ਨਾ ਨਿੱਕਲ਼ਿਆ। ਜ਼ਵਾਈਲਿੰਗ ਨੇ ਵੀ ਦੇਖ ਲਿਆ ਕਿ ਹੋਫ਼ਲ ਉਸ ਦੀ ਗੱਲ ਸਮਝ ਗਿਆ ਹੈ। ਆਪਣੀ ਦਲੇਰੀ 'ਤੇ ਆਪ ਹੀ ਸਹਿਮ ਕੇ ਉਹ ਹੋਫ਼ਲ ਕੋਲ਼ੋਂ ਹਟ ਗਿਆ ਤੇ ਫਿਰ ਡੈਸਕ ਉੱਤੇ ਬਹਿ ਗਿਆ ਅਤੇ ਬਾਹਰ ਜਾਣ ਵਾਲ਼ੀ ਡਾਕ ਦੇ ਬਕਸੇ ਖੁੱਲ੍ਹਵਾਉਣ ਲੱਗਾ। ਹੋਫ਼ਲ ਦੀਆਂ ਭਾਲ਼ਦੀਆਂ ਨਜ਼ਰਾਂ ਉਸ ਨੂੰ ਬੇਚੈਨ ਕਰ

ਰਹੀਆਂ ਸਨ, ਪਰ ਹੁਣ ਪਿਛਾਂਹ ਨਹੀਂ ਸੀ ਮੁੜਿਆ ਜਾ ਸਕਦਾ।

ਉਹ ਤਾਂ ਆਪਣੀ ਕਮਜ਼ੋਰੀ ਨੂੰ ਪ੍ਰਗਟ ਕਰ ਚੁੱਕਿਆ ਸੀ।

ਪਹਿਲਾਂ ਤੋਂ ਵੀ ਵਧੇਰੇ ਵਿਸ਼ਵਾਸ਼ ਨਾਲ਼ ਉਸ ਆਖਿਆ : "ਇਹ ਇੱਥੇ ਰਹੇਗਾ ਤਾਂ ਸੁਰੱਖਿਅਤ ਰਹੇਗਾ।"

ਹੁਣ ਤਾਂ ਗੱਲ ਸਾਫ਼ ਸੀ। ਹੋਫ਼ਲ ਦੇ ਪ੍ਰਤੀਕਰਮ ਇੱਕ ਨਾਲ਼ ਦੂਜੇ ਟਕਰਾ ਰਹੇ ਸਨ। ਹੁਣ ਤੱਕ ਜਿਹੜੀਆਂ ਗੱਲਾਂ ਹੇਠ ਹੋਫ਼ਲ ਦੱਬਿਆ ਜਾ ਰਿਹਾ ਸੀ, ਉਹ ਸਭ ਹਟ ਗਈਆਂ ਸਨ। ਹੁਣ ਤਾਂ ਸਾਫ਼ ਉਸ ਨੂੰ ਇਹ ਸੰਭਾਵਨਾ ਨਜ਼ਰ ਆ ਰਹੀ ਸੀ ਕਿ ਉਹ ਬੱਚੇ ਨੂੰ ਬਿਨਾਂ ਖ਼ਤਰੇ ਦੇ ਲੁਕਾਈ ਰੱਖ ਸਕਦਾ ਹੈ। ਉਹ ਤੇਜ਼ੀ ਨਾਲ਼ ਜ਼ਵਾਈਲਿੰਗ ਵੱਲ ਵਧਿਆ, ਜੋ ਅਚਾਨਕ ਡਰ ਗਿਆ। ਉਸ ਹੋਫ਼ਲ ਵੱਲ ਉਂਗਲੀ ਚੁੱਕੀ ਤੇ ਚੀਕਿਆ, "ਜੇ ਤੂੰ ਫੜਿਆ ਗਿਆ ਤਾਂ ਇਹ ਤੇਰਾ ਕੰਮ ਹੈ, ਮੇਰੇ ਨਾਲ਼ ਕੋਈ ਸਬੰਧ ਨਹੀਂ, ਸਮਝਿਆ ?"

ਰੱਖ-ਰਖਾਅ ਨੂੰ ਲਾਂਭੇ ਰੱਖਦਿਆਂ ਹੋਫ਼ਲ ਨੇ ਉੱਤਰ ਦਿੱਤਾ : "ਮੇਰਾ ਵਿਚਾਰ ਏ ਮੈਂ ਤੁਹਾਡੀ ਗੱਲ ਬੜੀ ਚੰਗੀ ਤਰ੍ਹਾਂ ਸਮਝ ਗਿਆ ਹਾਂ।"

ਜ਼ਵਾਈਲਿੰਗ ਡਰਿਆ ਕਿ ਉਹ ਹੱਦ ਤੋਂ ਅਗਾਂਹ ਵਧ ਗਿਆ ਹੈ, ਇਸ ਲਈ ਉਸ ਨੇ ਆਪਣੇ ਆਪ ਨੂੰ ਸੰਭਾਲ਼ਿਆ ਤੇ ਮੁੜ ਹਾਕਮੀ ਲਹਿਜਾ ਧਾਰਨ ਕਰ ਲਿਆ। ਉਸ ਨੇ ਕਰੜਾਈ ਨਾਲ਼ ਬੱਚੇ ਵੱਲ ਸਿਰ ਦਾ ਇਸ਼ਾਰਾ ਕੀਤਾ, " ਲੈ ਜਾ ਇਹਨੂੰ ਇੱਥੋਂ !"

ਹੋਫ਼ਲ ਨੇ ਬੱਚੇ ਨੂੰ ਚੁੱਕ ਲਿਆ ਤੇ ਕਮਰੇ ਵਿੱਚੋਂ ਨਿੱਕਲ਼ਣ ਹੀ ਵਾਲ਼ਾ ਸੀ ਤੇ ਅਜੇ ਬੂਹੇ ਤੱਕ ਪੁੱਜਾ ਹੀ ਸੀ ਕਿ ਜ਼ਵਾਈਲਿੰਗ ਨੇ ਮੁੜ ਅਵਾਜ਼ ਦਿੱਤੀ, "ਹੋਫ਼ਲ !" ਦੋਹਾਂ ਇੱਕ ਦੂਜੇ ਨੂੰ ਵੇਖਿਆ, ਖ਼ਾਮੋਸ਼ੀ ਨਾਲ਼ ਇੱਕ ਦੂਜੇ ਨੂੰ ਪਰਖਿਆ। ਜ਼ਵਾਈਲਿੰਗ ਨੇ ਅੱਖਾਂ ਮੀਚ ਲਈਆਂ : "ਤੂੰ ਇੱਥੋਂ ਜੀਉਂਦਾ ਨਿੱਕਲਣਾ ਚਾਹੁੰਦਾ ਏਂ, ਹੈ ਨਾ ?"

ਦੋਹਾਂ ਪਾਸਿਆਂ ਤੋਂ ਪੈਂਤਰੇ ਬਦਲਣ ਦੀ ਚੁੱਪ-ਚਾਂ ਰਹੀ। ਮੁੜ ਹੋਫ਼ਲ ਨੇ ਉੱਤਰ ਦਿੱਤਾ : "ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ ਹਾਪਤ ਸ਼ਾਰ ਫ਼ੋਹਰਰ !" ਤੇ ਉਹ ਤੇਜ਼ੀ ਨਾਲ਼ ਕਮਰੇ ਵਿੱਚੋਂ ਬਾਹਰ ਨਿੱਕਲ਼ ਗਿਆ।

ਪੀਪਿਗ ਵੇਖ ਰਿਹਾ ਸੀ ਕਿ ਹੋਫ਼ਲ ਦੀ ਹਾਲਤ ਬਹੁਤ ਹੀ ਭੜਕਵੀਂ ਹੈ, ਪਰ ਉਸ ਨੇ ਆਪਣੀ ਪ੍ਰੇਸ਼ਾਨੀ ਨੂੰ ਦਬਾਈ ਰੱਖਿਆ। ਹੋਫ਼ਲ ਨੇ ਵੀ ਕੋਸ਼ਿਸ਼ ਕੀਤੀ ਕਿ ਉਹ ਸ਼ਾਂਤ ਤੇ ਗੰਭੀਰ ਬਣਿਆ ਰਹੇ।

"ਇਸ ਨੂੰ ਨੁੱਕਰ ਵਿੱਚ ਲਿਆਓ।" ਉਸ ਨੇ ਕਰੋਪਿਨਸਕੀ ਨੂੰ ਆਖਿਆ ਤੇ ਬੱਚਾ ਉਸ ਨੂੰ ਦੇ ਦਿੱਤਾ। ਕਰੋਪਿਨਸਕੀ ਇੱਕ ਸੁਆਲ ਕਰਨਾ ਚਾਹੁੰਦਾ ਸੀ, ਐਪਰ ਪੀਪਿਗ ਨੇ ਉਸ ਨੂੰ ਆਖਿਆ, "ਇਸ ਨੂੰ ਲੈ ਕੇ ਖਿਸਕ ਜਾ ਛੇਤੀ ਕਰ।"

ਕਰੋਪਿਨਸਕੀ ਨੇ ਬੱਚੇ ਨੂੰ ਕੱਸ ਕੇ ਆਪਣੇ ਨਾਲ਼ ਘੁੱਟ ਲਿਆ ਤੇ ਪਿਛਲੇ ਹਿੱਸੇ ਦੇ ਕੋਨੇ ਵੱਲ ਚਲਿਆ ਗਿਆ।

ਹੋਫ਼ਲ ਆਪਣੀ ਮੇਜ਼ ਉੱਤੇ ਆ ਕੇ ਟਰਾਂਸਪੋਰਟ ਦੀ ਉਸ ਸੂਚੀ ਨੂੰ ਘੂਰਨ ਲੱਗਿਆ

ਜਿਹੜੀ ਉਸ ਦੇ ਸਾਹਮਣੇ ਪਈ ਸੀ। ਚੰਗੇ ਭਾਗਾਂ ਨੂੰ ਕਲਰਕ ਦੇ ਦਫ਼ਤਰ ਦੇ ਕੈਦੀਆਂ ਨੇ ਬਾਹਰ ਦਾ ਹਾਲ ਨਹੀਂ ਸੀ ਵੇਖਿਆ, ਇਸ ਲਈ ਭਾਂਤ ਭਾਂਤ ਦੇ ਸੁਆਲਾਂ ਤੋਂ ਬਚ ਗਿਆ। ਹੋਫ਼ਲ ਅਸਲ ਵਿੱਚ ਜ਼ਵਾਈਲਿੰਗ ਦੀ ਪੇਸ਼ਕਸ਼ ਤੋਂ ਇਤਨਾ ਪ੍ਰੇਸ਼ਾਨ ਨਹੀਂ ਸੀ, ਜਿਤਨਾ ਬੱਚੇ ਨੂੰ ਬਚਾ ਲੈਣ ਦੇ ਅਚਾਨਕ ਅਵਸਰ ਤੋਂ।

ਜੁਰਮ ਦਾ ਤੀਖਣ ਅਹਿਸਾਸ ਉਸ ਨੂੰ ਸੱਲ੍ਹੀ ਜਾ ਰਿਹਾ ਸੀ। ਹੋਫ਼ਲ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਕਿਤੇ ਦੂਰੋਂ ਦੋ ਖ਼ਾਮੋਸ਼ ਅੱਖਾਂ ਉਸ ਨੂੰ ਘੂਰ ਰਹੀਆਂ ਸਨ-ਖ਼ਾਮੋਸ਼ ਤੇ ਇੱਕਸਾਰ। ਕੀ ਇਹ ਉਸ ਦੇ ਬੱਚੇ ਦੀਆਂ ਅੱਖਾਂ ਸਨ ? ਕਿ ਉਸਦੀ ਪਤਨੀ ਦੀਆਂ ? ਕੈਦ ਦੇ ਇਤਨੇ ਵਰ੍ਹਿਆਂ ਵਿੱਚ ਉਸ ਨੂੰ ਇਕੱਲਤਾ ਦਾ ਇਤਨਾ ਦੁਖਦਾਈ ਅਹਿਸਾਸ ਕਦੇ ਨਹੀਂ ਸੀ ਹੋਇਆ।

ਹਵਾਈ ਹਮਲੇ ਦਾ ਅਲਾਰਮ ਅਜੇ ਵੀ ਵੱਜ ਰਿਹਾ ਸੀ। ਬਲਾਕਾਂ ਵਿੱਚ ਕੈਦੀ ਵੱਡੇ-ਵੱਡੇ ਅੱਗ ਦੇ ਅੰਗੀਠਿਆਂ ਦੁਆਲੇ ਇਕਠੇ ਸਨ, ਜਿਨ੍ਹਾਂ ਵਿੱਚ ਗਰਮੀ ਨਾ-ਮਾਤਰ ਹੀ ਸੀ, ਇਸ ਲਈ ਕਿ ਬਾਲਣ ਬਹੁਤ ਘੱਟ ਸੀ। ਹਾਂ, ਛੋਟੀ ਜਿਹੀ ਥਾਂ ਵਿੱਚ ਇਤਨੇ ਲੋਕਾਂ ਦੀ ਭੀੜ ਤੋਂ ਗਰਮੀ ਪੁੱਜ ਰਹੀ ਸੀ। ਕਈ ਮੇਜ਼ ਉੱਤੇ ਸਿਰ ਉਲਟਾ ਕਰਕੇ ਸੌਂ ਰਹੇ ਸਨ, ਇਹਨਾਂ ਨੂੰ ਆਲਲ਼-ਦੁਆਲ਼ੇ ਦੇ ਰੌਲ਼ੇ ਦੀ ਕੁੱਝ ਪਰਵਾਹ ਨਹੀਂ ਸੀ। ਕੈਂਪ ਉੱਤੇ ਮੌਤ ਵਰਗੀ ਚੁੱਪ ਪਸਰੀ ਹੋਈ ਸੀ। ਲੰਮੀ-ਚੌੜੀ ਪਰੇਡ ਗਰਾਊਂਡ ਉੱਜੜੀ ਹੋਈ ਸੀ। ਫ਼ਾਟਕ ਉੱਤੇ ਕੋਈ ਵੀ ਨਹੀਂ ਸੀ। ਬੱਸ ਕੈਂਪ ਦੇ ਚਾਰੇ ਪਾਸੇ ਚਬੂਤਰਿਆਂ ਉੱਤੇ ਸੰਤਰੀ ਆਪਣੇ ਪੈਰ ਸਿੱਧੇ ਕਰ ਰਹੇ ਸਨ ਤੇ ਅਸਮਾਨ ਵੱਲ ਵੇਖ ਰਹੇ ਸਨ।

ਡਾਕਟਰੀ ਦਸਤੇ ਦੇ ਚਾਰ ਆਦਮੀ, ਨਾਜ਼ੀਬੈਰਕ ਦੇ ਸਾਹਮਣੇ ਪਹਿਰਾ ਦੇ ਰਹੇ ਸਨ। ਉਹ ਬੈਰਕਾਂ ਵਿਚਾਲ਼ੇ ਮੇਜ਼ ਨਾਲ਼ ਟਹਿਲ ਰਹੇ ਸਨ, ਪਰ ਉਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਹੋਈਆਂ ਸਨ, ਕਿੰਨੀਆਂ ਬੈਰਕਾਂ ਵਿੱਚ ਲੋਕ ਸਨ ?

ਡਾਕਟਰੀ ਦਸਤੇ ਦੀ ਦੂਜੀ ਟੋਲੀ ਕੈਂਪ ਦੇ ਉੱਤਰੀ ਹਿੱਸੇ ਵਿੱਚ ਟਹਿਲ ਰਹੀ ਸੀ। ਉੱਥੋਂ ਦੂਰ ਥੁਰਿੰਜੀਆ ਤੱਕ ਵੇਖਿਆ ਜਾ ਸਕਦਾ ਸੀ, ਇਸ ਲਈ ਕਿਉਂ ਜੋ ਦਰੱਖਤ ਨਹੀਂ ਸਨ। ਸੰਤਰੀਆਂ ਦੀਆਂ ਨਜ਼ਰਾਂ ਇਹਨਾਂ ਚੌਹਾਂ ਤੇ ਟਿਕੀਆਂ ਹੋਈਆਂ ਸਨ, ਜਿਹੜੇ ਵਾੜ ਦੇ ਨਾਲ਼-ਨਾਲ਼ ਤੁਰ ਰਹੇ ਸਨ।

ਉਨ੍ਹਾਂ ਦੇ ਜ਼ਿੰਮੇ ਵੀ ਇੱਕ ਕੰਮ ਸੀ। ਵਾੜ ਵਿੱਚ ਉਹ ਥਾਂ ਕਿਹੜੀ ਸੀ, ਜਿੱਥੋਂ ਨਿੱਕਲ਼ਿਆ ਜਾ ਸਕਦਾ ਸੀ ਅਤੇ ਕੈਂਪ, ਥੰਮ੍ਹਾਂ ਤੇ ਵਾੜ ਦੇ ਸਬੰਧ ਨਾਲ਼ ਇਸ ਦਾ ਪਤਾ ਕਿਵੇਂ ਦਿੱਤਾ ਜਾ ਸਕਦਾ ਸੀ। ਰੂਸੀ ਟੋਪੀਆਂ ਨੇ ਉਨ੍ਹਾਂ ਦੇ ਸਿਰਾਂ ਨੂੰ ਅਜਿਹੀ ਓਟ ਕੀਤੀ ਹੋਈ ਸੀ ਕਿ ਥੰਮ੍ਹਾਂ ਦੇ ਸੰਤਰੀਆਂ ਨੂੰ ਉੱਕਾ ਅਨੁਮਾਨ ਨਹੀਂ ਸੀ ਹੋ ਰਿਹਾ ਕਿ ਇਹਨਾਂ ਲੋਕਾਂ ਦੀਆਂ ਨਜ਼ਰਾਂ ਕਿਸ ਪਾਸੇ ਨੂੰ ਹਨ। ਕਦੇ-ਕਦੇ ਰੁਕ ਜਾਂਦੇ ਤੇ ਚਾਰ ਪਾਸੇ ਮੈਦਾਨ ਵਿੱਚ ਇੰਝ ਵੇਖਣ ਲੱਗ ਪੈਂਦੇ ਜਿਵੇਂ ਚਿਹਰੇ ਦੇ ਥਕੇਵੇਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਰਹੇ ਹੋਣ, ਐਪਰ ਇਹ ਨੁਕਸਾਨ-ਰਹਿਤ ਜਿਹੀ ਨਜ਼ਰ ਕੁੱਝ ਅੰਕਦੀ ਤੇ ਨਾਪਦੀ ਅਤੇ ਸਰਗੋਸ਼ੀਆਂ ਵਿੱਚ ਚਾਰੇ ਆਪਣੇ-ਆਪਣੇ ਢੰਗ ਨਾਲ਼ ਇੱਕ ਦੂਜੇ ਨੂੰ ਦੱਸਦੇ ਜਿਵੇਂ ਥੰਮ੍ਹਾਂ ਵਾਲ਼ੇ ਸੰਤਰੀ ਸੁਣ ਨਾ ਲੈਣ।

ਕਿਤੇ ਦੁਪਹਿਰ ਮਗਰੋਂ ਖ਼ਤਰਾ ਦੂਰ ਹੋਣ ਦਾ ਸਾਇਰਨ ਵੱਜਿਆ। ਇੱਕ ਲੰਮੀ ਚੀਕ-ਕੈਂਪ ਵਿੱਚ ਜਾਨ ਪੈ ਗਈ। ਕੈਦੀ ਬਲਾਕਾਂ ਵਿੱਚੋਂ ਨਿੱਕਲ਼ ਆਏ।

ਰਸੋਈ ਖ਼ਾਨੇ ਵਿੱਚ ਦਿਨ ਦੇ ਖਾਣੇ ਦੇ ਭਾਂਡੇ ਖੜਕਣ ਲੱਗੇ। ਇੰਨੀ ਦੇਰ ਹੋ ਗਈ ਸੀ ਕਿ ਬਹੁ-ਸਵਾਦੀ ਤਰੀ ਠੰਢੀ ਹੋ ਗਈ ਸੀ। ਫ਼ਾਟਕ 'ਤੇ ਮੁੜ ਕੇ ਚਹਿਲ ਪਹਿਲ ਹੋ ਗਈ ਤੇ ਛੇਤੀ ਹੀ ਰੀਨਬੂਥ ਕੈਂਪ ਦੇ ਲਾਊਡ ਸਪੀਕਰ 'ਤੇ ਪਹੁੰਚ ਕੇ ਟਰਾਂਸਪੋਰਟ ਨੂੰ ਫ਼ਾਟਕ ਉੱਤੇ ਪੁੱਜਣ ਦਾ ਹੁਕਮ ਦੇਣ ਲੱਗਾ। ਹੁਕਮ ਮਿਲ਼ਦੇ ਹੀ ਛੋਟੇ ਕੈਂਪ ਵਿੱਚੋਂ ਕੈਦੀ ਇਸ ਤਰ੍ਹਾਂ ਨਿੱਕਲ਼ਣ ਲੱਗੇ ਜਿਵੇਂ ਖੁੱਡ ਵਿੱਚੋਂ ਕੀੜੀਆਂ ਨਿੱਕਲ਼ਦੀਆਂ ਹਨ। ਤਬੇਲੇ ਦੇ ਸਾਹਮਣੇ ਕੈਦੀਆਂ ਦੀ ਭੀੜ ਲੱਗੀ ਹੋਈ ਸੀ। ਇੱਥੋਂ ਦੀ ਬਰਫ਼ ਪਿਘਲ਼ ਗਈ ਸੀ ਤੇ ਲੋਕ ਚਿੱਕੜ ਵਿੱਚੋਂ ਆ ਜਾ ਰਹੇ ਸਨ। ਬਲਾਕ ਸੀਨੀਅਰ ਅਤੇ ਸੇਵਾਦਾਰਾਂ ਨੂੰ ਇੱਕ ਛਿੰਨ ਦੀ ਵੀ ਵਿਹਲ ਨਹੀਂ ਸੀ। ਹਰ ਪਾਸੇ ਚੀਕ-ਚਿਹਾੜਾ ਮੱਚਿਆ ਹੋਇਆ ਸੀ। ਅੰਤ ਬੜੀ ਗੜਬੜੀ ਮਗਰੋਂ ਮਾਰਚ ਕਰਨ ਲਈ ਕਤਾਰਾਂ ਬਣ ਗਈਆਂ।

ਸਮਾਨਖ਼ਾਨੇ ਵਿੱਚ ਸਮਾਨ ਦੇ ਨਾਂਅ ਉੱਤੇ ਦੋ-ਦੋ, ਚਾਰ-ਚਾਰ ਚੀਜ਼ਾਂ ਸਾਰਿਆਂ ਨੂੰ ਫੜਾ ਦਿੱਤੀਆਂ ਗਈਆਂ। ਹੋਫ਼ਲ, ਪੀਪਿਗ ਤੇ ਕਰੋਪਿਨਸਕੀ, ਤਿੰਨੇ ਸਾਜ਼ਸ਼ੀਆਂ ਵਾਂਗ ਖਲ੍ਹੋਤੇ ਸਨ। ਹੋਫ਼ਲ ਦੀਆਂ ਰਗਾਂ ਤਣੀਆਂ ਹੋਈਆਂ ਸਨ। ਉਸ ਨੇ ਪੀਪਿਗ ਦੀ ਤਜ਼ਵੀਜ਼ ਨੂੰ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਕਿ ਜਾਂਕੋਵਸਕੀ ਨੂੰ ਵੱਖ ਕਰ ਲਿਆ ਜਾਵੇ, ਤਾਂ ਜੋ ਬੱਚੇ ਨੂੰ ਮਿਲ਼ ਲਵੇ। ਉਹ ਜਾਂਕੋਵਸਕੀ ਨੂੰ ਮਿਲਣਾ ਚਾਹੁੰਦਾ ਸੀ, ਉਹ ਕੁੱਝ ਨਹੀਂ ਜਾਣਨਾ ਚਾਹੁੰਦਾ ਸੀ ਤੇ ਨਾ ਕੁੱਝ ਸੁਣਨਾ ਚਾਹੁੰਦਾ ਸੀ।

"ਹੱਦ ਹੈ ਆਂਦਰੇ, ਤੂੰ ਉਸ ਵਿਚਾਰੇ ਨੂੰ ਇੰਝ ਹੀ ਚੱਲਦਾ ਕਰ ਦੇਵੇਂਗਾ..."

"ਇਸ ਬਾਰੇ ਮੈਨੂੰ ਕੁੱਝ ਨਾ ਆਖ।" ਇਹ ਕਹਿ ਕੇ ਉਹ ਕਲਰਕ ਦੇ ਕਮਰੇ ਵਿੱਚ ਆ ਗਿਆ।

ਪੀਪਿਗ ਘਾਬਰ ਰਿਹਾ ਸੀ, "ਜਾ ਮਾਰਿਆਨ!" ਅਤੇ ਉਸ ਨੇ ਕਰੋਪਿਨਸਕੀ ਨੂੰ ਆਖਿਆ, "ਛੋਟੇ ਕੈਂਪ ਜਾ ਕੇ ਜਾਂਕੋਵਸਕੀ ਨੂੰ ਖ਼ਬਰ ਤਾਂ ਕਰ ਦੇ।"

ਜਾਂਕੋਵਸਕੀ ਬੜਾ ਪ੍ਰੇਸ਼ਾਨ ਸੀ। ਟਰਾਂਸਪੋਰਟ ਮਾਰਚ ਕਰਨ ਹੀ ਵਾਲ਼ੀ ਸੀ ਤੇ ਕਿਸੇ ਵੀ ਬੱਚਾ ਨਹੀਂ ਸੀ ਲਿਆ ਕੇ ਦਿੱਤਾ। ਵਾਰ-ਵਾਰ ਉਹ ਪਾਲ਼ ਵਿੱਚੋਂ ਵੱਖ ਹੋ ਜਾਂਦਾ ਤੇ ਜਾ ਕੇ ਬਲਾਕ ਸੀਨੀਅਰ ਦੀ ਖ਼ੁਸ਼ਾਮਦ ਕਰਦਾ ਕਿ ਉਸ ਨੂੰ ਬਸ ਸਮਾਨਖ਼ਾਨੇ ਤੱਕ ਜਾਣ ਦੇਵੇ। ਬਲਾਕ ਸੀਨੀਅਰ ਖ਼ੁਸ਼ ਸੀ ਕਿ ਜਲੂਸ ਬਣ ਗਿਆ ਸੀ। ਉਹ ਜਾਂਕੋਵਸਕੀ ਦੀ ਗੱਲ ਤੱਕ ਨਾ ਸੁਣਦਾ ਤੇ ਉਸ ਨੂੰ ਧੱਕ ਕੇ ਪਾਲ਼ ਵਿੱਚ ਕਰ ਦੇਂਦਾ। ਜਾਂਕੋਵਸਕੀ ਜਾਲ਼ ਵਿੱਚ ਫਸ ਜਾਣ ਵਾਲ਼ੇ ਪੰਛੀ ਵਾਂਗ ਫੜਫੜਾ ਰਿਹਾ ਸੀ।

ਕਰੋਪਿਨਸਕੀ ਜਦੋਂ ਪਹੁੰਚਿਆ ਤਾਂ ਉਸ ਦਾ ਇਹੋ ਹਾਲ ਸੀ। ਉਸ ਨੂੰ ਵੇਖਦੇ ਹੀ ਜਾਂਕੋਵਸਕੀ ਉਸ ਵੱਲ ਦੌੜਿਆ, ਧਾਹ ਕੇ ਉਸ ਨਾਲ਼ ਲਿਪਟ ਗਿਆ। ਉਸ ਦਾ ਚਿਹਰਾ ਹੰਝੂਆਂ ਨਾਲ਼ ਭਿੱਜ ਗਿਆ। ਉਹ ਇਸ ਲਈ ਤਿਆਰ ਨਹੀਂ ਸੀ ਹੋ ਰਿਹਾ ਕਿ ਬੱਚੇ ਨੂੰ ਲਏ ਬਿਨਾਂ ਕੈਂਪ ਜਾਵੇ। ਕਰੋਪਿਨਸਕੀ ਨੂੰ ਸ਼ਬਦ ਨਹੀਂ ਸਨ ਔੜ ਰਹੇ ਕਿ ਇੱਕ ਦੁੱਖਾਂ ਭੰਨੇ ਮਨੁੱਖ

ਸੰਤੁਸ਼ਟ ਕਰ ਸਕੇ।

"ਨਾ ਰੋ ਜਣਿਆ ਨਾ ਰੋ" ਕਰੋਪਿਨਸਕੀ ਉਸਦੀ ਖ਼ੁਸ਼ਾਮਦ ਕਰ ਰਿਹਾ ਸੀ:

"ਆਖਰ ਤੂੰ ਕਿਉਂ ਰੋਂਦਾ ਏਂ, ਤੂੰ ਤਾਂ ਉਸ ਦਾ ਪਿਉ ਵੀ ਨਹੀਂ, ਅਸੀਂ ਉਸ ਨੂੰ ਇੱਥੇ ਵਧੇਰੇ ਹਿਫ਼ਾਜ਼ਤ ਨਾਲ਼ ਰੱਖ ਸਕਦੇ ਹਾਂ।"

ਜਾਂਕੋਵਸਕੀ ਨੇ ਇਤਰਾਜ਼ ਕੀਤਾ "ਮੈਂ ਪਿਉ ਨਾਲ਼ੋਂ ਵੱਧ ਕੇ ਆਂ!"

ਜਾਂਕੋਵਸਕੀ ਉਸ ਨੂੰ ਛੱਡ ਨਹੀਂ ਸੀ ਰਿਹਾ, ਪਰ ਹੁਣ ਇਹ ਤਕਲੀਫ਼ ਅਸਹਿ ਬਣ ਰਹੀ ਸੀ। ਵਾਰ-ਵਾਰ ਉਹ ਉਸ ਮੰਦਭਾਗੇ ਮਨੁੱਖ ਨੂੰ ਗਲ਼ੇ ਲਾ ਰਿਹਾ ਸੀ। ਫਿਰ ਉਸ ਨੇ ਆਪਣੇ-ਆਪ ਨੂੰ ਛੁਡਾਇਆ ਤੇ ਭੱਜ ਖਲੋਤਾ।

"ਵੀਰਾ, ਵੇ ਵੀਰਾ!" ਜਾਂਕੋਵਸਕੀ ਨੇ ਉਸ ਨੂੰ ਪੁਕਾਰਿਆ। ਐਪਰ ਕਰੋਪਿਨਸਕੀ ਨੇ ਸੁਣੀ ਅਣਸੁਣੀ ਕਰ ਦਿੱਤੀ। ਹਾਰ ਕੇ ਜਾਂਕੋਵਸਕੀ ਨੇ ਆਪਣੇ ਹੱਥ ਢਿੱਲੇ ਛੱਡ ਦਿੱਤੇ ਤੇ ਹੌਲ਼ੀ-ਹੌਲ਼ੀ ਬੁੜਬੁੜਾਉਣ ਲੱਗਿਆ। ਚਿੜ੍ਹੇ ਹੋਏ ਬਲਾਕ ਸੀਨੀਅਰ ਨੇ ਯਹੂਦੀ ਨੂੰ ਮੁੜ ਲਾਈਨ 'ਚੋਂ ਅੱਡ ਵੇਖਿਆ ਤੇ ਡਾਂਟਿਆ :

"ਓਏ ਤੂੰ ਵਾਰ-ਵਾਰ ਪਾਲ਼ ਤੋਂ ਕਿਉਂ ਅੱਡ ਹੋ ਜਾਨਾ ਏਂ, ਚੱਲ ਆਪਣੀ ਥਾਂ 'ਤੇ।"

ਚੁੱਪ-ਚਾਪ ਜਾਂਕੋਵਸਕੀ ਲਾਈਨ ਵਿੱਚ ਆ ਗਿਆ। ਦਿਲ ਵਿੱਚ ਦਰਦ ਦੇ ਮਾਰੇ ਉਹ ਦੂਹਰਾ ਹੋ ਰਿਹਾ ਸੀ, ਉਹ ਜਲੂਸ ਦੇ ਨਾਲ਼-ਨਾਲ਼ ਪਰੇਡ ਗਰਾਊਂਡ ਤੱਕ ਪੁੱਜਿਆ, ਜਿੱਥੇ ਚੀਕ-ਚਿਹਾੜਾ ਮੁੜ ਤੋਂ ਅਰੰਭ ਹੋ ਗਿਆ।

ਰੀਨਬੂਥ ਨੇ ਸਾਰਿਆਂ ਨੂੰ ਗਿਣਿਆ, ਮੁੜ ਤਰਤੀਬ ਦਿੱਤੀ ਅਤੇ ਫ਼ਾਟਕ ਖੋਲ੍ਹ ਦਿੱਤਾ ਅਤੇ ਕਾਲ਼ੀ ਜਿਹੀ ਭੀੜ ਹੌਲ਼ੀ-ਹੌਲ਼ੀ ਕੈਂਪ ਵਿੱਚੋਂ ਨਿੱਕਲ਼ਣੀ ਸ਼ੁਰੂ ਹੋ ਗਈ।

ਟਰਾਂਸਪੋਰਟ ਘੱਲਣ ਦਾ ਕੰਮ ਇਤਨਾ ਵਧੇਰੇ ਸੀ ਕਿ ਕਰੈਮਰ ਨੂੰ ਬੱਚੇ ਦਾ ਖ਼ਿਆਲ ਵੀ ਨਾ ਆਇਆ। ਹੁਣ ਜਦੋਂ ਜਲੂਸ ਉਸ ਦੇ ਸਾਹਮਣਿਓਂ ਲੰਘਿਆ ਤੇ ਉਸ ਨੇ ਇੱਕ ਕੈਦੀ ਨੂੰ ਪਿੱਠ ਉੱਤੇ ਬੋਰਾ ਚੁੱਕੀ ਵੇਖਿਆ ਤਾਂ ਉਸ ਨੂੰ ਚੇਤੇ ਆਇਆ, "ਇਹ ਉਹੋ ਹੀ ਹੈ? ਕੌਣ ਜਾਣੇ।"

ਐਪਰ ਉਹ ਕੈਦੀ ਯਹੂਦੀ ਜਾਂਕੋਵਸਕੀ ਨਹੀਂ ਸੀ। ਉਹ ਤਾਂ ਅੱਗੇ ਜਾ ਚੁੱਕਿਆ ਸੀ, ਚਕਰਾ ਰਿਹਾ ਸੀ, ਪਰ ਕਿਸੇ ਅਣਜਾਣੀ ਥਾਂ ਵੱਲ ਵਧਦਾ ਜਾ ਰਿਹਾ ਸੀ ਅਤੇ ਹੁਣ ਉਸ ਦਾ ਭਾਰ ਉਸ ਉੱਤੇ ਨਹੀਂ ਸੀ।

ਹੁਣ ਤਾਂ ਜੋ ਹੋਣਾ ਸੀ ਹੋ ਚੁੱਕਿਆ। ਹੋਫ਼ਲ ਸਾਫ਼ ਵੇਖ ਰਿਹਾ ਸੀ ਕਿ ਉਸ ਨੇ ਜੋ ਕੁੱਝ ਕੀਤਾ ਹੈ, ਉਸ ਨੂੰ ਬਦਲਿਆ ਨਹੀਂ ਜਾ ਸਕੇਗਾ। ਉਹ ਕਲਰਕ ਦੇ ਦਫ਼ਤਰ ਵਿੱਚ ਥੱਕਿਆ-ਟੁੱਟਿਆ ਬੈਠਾ ਸੀ ਅਤੇ ਹੁਣੇ ਜੋ ਟਰਾਂਸਪੋਰਟ ਗਈ ਸੀ ਉਸ ਦੇ ਸਮਾਨ ਦੀ ਸੂਚੀ ਤਿਆਰ ਕਰ ਰਿਹਾ ਸੀ ਜਿਹੜੀ ਜ਼ਵਾਈਲਿੰਗ ਨੂੰ ਦੇਣੀ ਸੀ।

ਪੀਪਿਗ ਸੁੱਖ ਦੇ ਸਾਹ ਲੈ ਰਿਹਾ ਸੀ। ਸਭ ਠੀਕ ਹੈ, ਬੱਚਾ ਸੁਰੱਖਿਅਤ ਹੈ, ਇਸ ਤੋਂ ਠੀਕ ਹੋਰ ਕੀ ਹੋ ਸਕਦਾ ਹੈ। ਉਸ ਨੂੰ ਅਤਿਅੰਤ ਖ਼ੁਸ਼ੀ ਸੀ ਕਿ ਉਸ ਨੇ ਇੱਕ ਮਾਤ ਦੇ ਦਿੱਤੀ,

ਕਿਸ ਨੂੰ ? ਨਾਜ਼ੀਆਂ ਨੂੰ ? ਵਿਚਾਰੇ ਯਹੂਦੀ ਪੋਲ ਜਾਂਕੋਵਸਕੀ ਨੂੰ ? ਜ਼ਿੰਦਗੀ ਨੂੰ ? ਕਿਸਮਤ ਨੂੰ ? ਗੁੰਝਲਦਾਰ ਮਾਮਲਾ ਸੀ ? ਉਹ ਇਸ ਬਾਰੇ ਸੋਚ ਹੀ ਨਹੀਂ ਸੀ ਰਿਹਾ। ਉਸ ਨੂੰ ਬੱਸ ਇਸ ਗੱਲ ਦੀ ਖ਼ੁਸ਼ੀ ਸੀ ਕਿ ਉਸ ਦਾ ਨਿੱਕਚੂ ਉਸ ਦੇ ਕੋਲ਼ ਸੀ!

ਅਤੇ ਕਰੋਪਿਨਸਕੀ ? ਉਹ ਨੁੱਕਰ ਵਿੱਚ ਬੈਠਾ ਬੱਚੇ ਨੂੰ ਗੋਦ ਵਿੱਚ ਲਈ ਉਸ ਨੂੰ ਲੋਰੀਆਂ...ਆਪਣੇ ਦੇਸ਼ ਦੀਆਂ ਲੋਰੀਆਂ ਸੁਣਾ ਰਿਹਾ ਸੀ।

ਭਾਗ ਦੂਜਾ

ਇੱਕ

ਪੀਪਿਗ ਬੱਚੇ ਲਈ ਕਾਲ਼ੀ ਕਾਫ਼ੀ ਦਾ ਇੱਕ ਗਰਮ ਪਿਆਲਾ ਲਿਆਇਆ ਸੀ, ਜਿਸ ਵਿੱਚ ਉਸ ਗੋਂਗਲੂ ਦੇ ਸ਼ੀਰੇ ਦੇ ਦੋ ਚਮਚੇ ਘੋਲ਼ ਦਿੱਤੇ ਸਨ। ਬੱਚੇ ਨੇ ਇੱਕ ਘੁੱਟ ਭਰਿਆ ਤੇ ਪਿਆਲਾ ਪਰ੍ਹਾਂ ਹਟਾ ਦਿੱਤਾ।

ਪੀਪਿਗ ਨੇ ਠੰਢਾ ਸਾਹ ਭਰਿਆ, "ਇਸ ਨੂੰ ਤਾਂ ਮੈਂ ਵੀ ਨਾ ਪੀ ਸਕਦਾ।"

"ਬੱਚੇ ਨੂੰ ਅਸੀਂ ਕੀ ਦੇਈਏ ?" ਕਰੋਪਿਨਸਕੀ ਨੇ ਮਾਯੂਸ ਹੋ ਕੇ ਆਖਿਆ, "ਕਿੰਨੇ ਪਤਲੇ-ਪਤਲੇ ਹੱਥ ਤੇ ਕਿੰਨੀਆਂ ਕਮਜ਼ੋਰ ਲੱਤਾਂ।"

ਪੀਪਿਗ ਨੇ ਬੱਚੇ ਨੂੰ ਟੋਹਿਆ: "ਕੁੱਝ ਵਧੇਰੇ ਜਾਨ ਨਹੀਂ ਇਸ ਵਿੱਚ..."

"ਬੱਚੇ ਨੂੰ ਰੋਟੀ ਮਿਲ਼ਣੀ ਚਾਹੀਦੀ ਏ-ਚਿੱਟੀ ਰੋਟੀ, ਖੰਡ ਤੇ ਖ਼ਾਲਸ ਦੁੱਧ।"

ਪੀਪਿਗ ਹੱਸ ਪਿਆ: "ਦੁੱਧ ? ਹੱਦ ਹੋ ਗਈ ਮਾਰਿਆਨ! ਹੁਣ ਮੈਂ ਆਪਣੀ, ਨਰਮ ਜਿਹੀ ਛਾਤੀ ਕਿੱਥੋਂ ਲਿਆਵਾਂ!" ਕਰੋਪਿਨਸਕੀ ਨੇ ਮਾਯੂਸੀ ਨਾਲ਼ ਸਿਰ ਹਿਲਾਇਆ। ਪੀਪਿਗ ਨੇ ਆਪਣੀ ਖੋਪਰੀ 'ਤੇ ਹੱਥ ਫੇਰਿਆ ਤੇ ਇੱਕੋ ਵਾਰ ਬੋਲ ਪਿਆ, "ਬਿਲਕੁਲ ਠੀਕ, ਬੱਚੇ ਨੂੰ ਤਾਂ ਦੁੱਧ ਮਿਲ਼ਣਾ ਹੀ ਚਾਹੀਦਾ ਹੈ।"

"ਲਿਆਵੇਂਗਾ ਕਿੱਥੋਂ ?"

ਪਰ ਪੀਪਿਗ ਨੇ ਸ਼ਾਇਦ ਕੋਈ ਵਿਉਂਤ ਬਣਾ ਲਈ ਸੀ ਅਤੇ ਜਦੋਂ ਉਹ ਕੁੱਝ ਤੈਅ ਕਰ ਲੈਂਦਾ ਤਾਂ ਫਿਰ ਸ਼ੰਕੇ ਵਿੱਚ ਨਹੀਂ ਸੀ ਪੈਂਦਾ। ਉਸ ਨੇ ਝੁਕ ਕੇ ਬੱਚੇ ਦੇ ਛੋਟੇ ਹੱਥਾਂ ਨੂੰ ਥਾਪੜਿਆ: "ਚੰਗਾ, ਸੁਣ ਯਾਰਾ, ਕੱਲ੍ਹ ਚਾਚਾ ਪੀਪਿਗ ਵੱਡੀ ਸਾਰੀ ਚਰਾਗਾਹ ਵਿੱਚ ਜਾਏਗਾ, ਜਿੱਥੇ ਬਹੁਤ ਸਾਰੀਆਂ ਗਾਈਆਂ ਹਨ, ਜਿਹੜੀਆਂ ਬੋਲਦੀਆਂ ਹਨ ਬੈਂ... ਬੈਂ..." ਬੱਚਾ ਮੁਸਕਰਾਉਣ ਲੱਗਿਆ। ਖ਼ੁਸ਼ ਹੋ ਕੇ ਪੀਪਿਗ ਨੇ ਉਸ ਦਾ ਛੋਟਾ ਜਿਹਾ ਚਿਹਰਾ ਆਪਣੇ ਹੱਥਾਂ ਵਿੱਚ ਲੈ ਲਿਆ: "ਸੁਣ! ਤੂੰ ਸਾਡੇ ਨਾਲ਼ ਰਹਿ ਕੇ ਹੱਸਣਾ ਸਿੱਖ ਜਾਏਂਗਾ।" ਫਿਰ ਉਸ ਨੇ ਹੈਰਾਨ ਹੋ ਕੇ ਕਰੋਪਿਨਸਕੀ ਨੂੰ ਕੂਹਣੀ ਮਾਰੀ, "ਅਤੇ ਕੱਲ੍ਹ ਤੂੰ ਇਸ ਦੇ ਮੂੰਹ ਵਿੱਚ ਥਣ ਦੇਵੇਂਗਾ, ਸਮਝਿਆ ?"

ਕਲਰਕ ਦੇ ਕਮਰੇ ਵਿੱਚ ਬੈਠਿਆ ਹੋਫ਼ਲ ਸੋਚ ਰਿਹਾ ਸੀ, ਉਸ ਦੇ ਪਿੱਛੇ ਘੁਸਰ-

ਮੁਸਰ ਹੋ ਰਹੀ ਸੀ ਤੇ ਉਸ ਦੇ ਕੰਨਾਂ ਵਿੱਚ ਭਿਣਕ ਪੈ ਰਹੀ ਸੀ। ਅਮਰੀਕਨਾਂ ਨੇ ਓਪਨ ਹਾਈਨ ਦੇ ਨੇੜੇ ਇੱਕ ਹੋਰ ਮੋਰਚਾ ਮਾਰ ਲਿਆ ਸੀ। ਟੈਂਕ ਪੂਰਬ ਵੱਲ ਵਧ ਰਹੇ ਸਨ। ਉਨ੍ਹਾਂ ਦੇ ਅਗਲੇ ਦਸਤੇ ਹਨਾਉ ਤੇ ਅਸਫ਼ਨ ਬਰਗ ਦੇ ਕੋਲ਼ ਮੇਨ ਤੱਕ ਆ ਗਏ ਸਨ। ਬੋਨ ਦੇ ਪੂਰਬ ਵੱਲ ਲੜਾਈ ਹੋ ਰਹੀ ਸੀ।

ਹੋਫ਼ਲ ਨੇ ਕੰਨ ਉਸ ਪਾਸੇ ਲਾ ਲਏ, 'ਤਾਂ ਇੱਥੋਂ ਤੱਕ ਆ ਪੁੱਜੇ ? ਇੰਨੀ ਤੇਜ਼ੀ ਨਾਲ਼ ਸਭ ਕੁੱਝ ਹੋ ਗਿਆ ?'

ਉਸ ਦੇ ਅੰਦਰ ਕੋਈ ਕਹਿ ਰਿਹਾ ਸੀ, 'ਬੱਸ ਬੱਚੇ ਨੂੰ ਲੁਕਾਈ ਰੱਖੋ !' ਉਸ ਆਪਣੀਆਂ ਅੱਖਾਂ ਖੋਲ੍ਹ ਦਿੱਤੀਆਂ।

ਕੀ ਉਸ ਨੇ ਸੱਚਮੁੱਚ ਸੋਚ ਸਮਝ ਕੇ ਇਹ ਫ਼ੈਸਲਾ ਕੀਤਾ ਸੀ ? ਉਸ ਦੇ ਦਿਲ ਦੀ ਗੱਲ ਮੰਨੀ ਗਈ ਸੀ ਤੇ ਆਪ ਬੇਵਸ ਹੋ ਗਿਆ ਸੀ। ਕੀ ਦਿਲ ਦਿਮਾਗ਼ ਨਾਲ਼ੋਂ ਵਧੇਰੇ ਸ਼ਕਤੀਸ਼ਾਲੀ ਹੈ ?

ਭਾਵ... ਅਕਲ ਆਕਲ... ਭਾਵ...

ਖ਼ਿਆਲਾਂ ਦੀ ਰੌਂ ਵਿੱਚ ਉਹ ਬਿਨਾਂ ਚੱਪੂਆਂ ਦੇ ਰੁੜ੍ਹਦਾ ਰਿਹਾ ਤੇ ਭਾਂਤ-ਭਾਂਤ ਦੀਆਂ ਦਲੀਲਾਂ ਦੀ ਓਟ ਭਾਲ਼ਦਾ ਰਿਹਾ। ਜੇ ਉਹ ਕਿਸੇ ਅਜਿਹੇ ਦਰਿਆ ਵਿੱਚੋਂ ਲੰਘਦਾ ਹੁੰਦਾ, ਜਿਸ ਵਿੱਚ ਕੋਈ ਬੱਚਾ ਡੁੱਬ ਰਿਹਾ ਹੁੰਦਾ ਤਾਂ ਉਹ ਕੀ ਕਰਦਾ ? ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਉਹ ਵਹਾ ਵਿੱਚ ਕੁੱਦ ਪੈਂਦਾ ਅਤੇ ਇਸ ਤੋਂ ਵੱਧ ਕੁਦਰਤੀ ਗੱਲ ਹੋਰ ਕੀ ਹੁੰਦੀ।

ਹੋਫ਼ਲ ਨੇ ਉੱਭਰ ਕੇ ਸਾਹ ਲਿਆ-ਬੋਖਾਉ ?... ਕਰੈਮਰ ? ਕਿਸ ਨੂੰ ਦੱਸੇ ਕਿ ਉਸ ਕੀ ਕੀਤਾ ਹੈ ?

ਛੋਟੇ ਕਰਮਚਾਰੀ ਬਲਾਕ ਨੰਬਰ ਤਿੰਨ ਵਿੱਚ ਆ ਰਹੇ ਸਨ। ਉਨ੍ਹਾਂ ਵਿੱਚ ਉਹ ਲੋਕ ਸਨ ਜਿਹੜੇ ਅਫ਼ਸਰਾਂ ਦੇ ਕੈਸੀ-ਨੋਆਂ ਦੇ ਰਸੋਈ ਖ਼ਾਨਿਆਂ ਵਿੱਚ ਵੇਟਰ ਸਨ ਜਾਂ ਨਾਜ਼ੀਆਂ ਲਈ ਕੱਪੜੇ ਸਿਉਣ ਦਾ, ਜੁੱਤੀਆਂ ਬਣਾਉਣ ਦਾ, ਉੱਪਰ ਦਾ ਕੰਮ ਕਰਦੇ ਸਨ।

"ਹੈਲੋ, ਕਾਰਲ" ਪੀਪਿਗ ਵੰਡਰਲਖ ਕੋਲ਼ ਆ ਕੇ ਬਹਿ ਗਿਆ, ਜਿਹੜਾ ਨਾਜ਼ੀਆਂ ਦੇ ਰਸੋਈਖ਼ਾਨੇ ਵਿੱਚ ਬੈਠਦਾ ਸੀ। ਵੰਡਰਲਖ ਤੁਰੰਤ ਤਾੜ ਗਿਆ, ਇਸ ਜਣੇ ਨੂੰ ਜ਼ਰੂਰ ਕੋਈ ਪ੍ਰੇਸ਼ਾਨੀ ਹੈ।

"ਬੋਲ, ਕੀ ਚਾਹੀਦਾ ਏ ?"

"ਦੁੱਧ"

"ਦੁੱਧ ਕਿਸ ਲਈ ?"

"ਪੀਣ ਲਈ ਯਾਰ !"

"ਤੂੰ ਪੀਵੇਂਗਾ ?"

ਪੀਪਿਗ ਚਿੜ੍ਹ ਗਿਆ, "ਮੈਂ ਤਾਂ ਬੀਅਰ ਪੀਂਦਾ ਜੇ ਮਿਲ਼ਦੀ ਤਾਂ...." ਉਸ ਨੇ ਵੰਡਰਲਖ ਨੂੰ ਹੋਰ ਨੇੜੇ ਖਿੱਚਿਆ ਤੇ ਉਸ ਦੇ ਕੰਨ ਵਿੱਚ ਦੱਸਿਆ :

"ਸਾਡੇ ਕੋਲ਼ ਇੱਕ ਬੱਚਾ ਏ।"

"ਕ... ਕੀ ?"

"ਸ਼ੀ ਸ਼ੀਅ" ਪੀਪਿਗ ਨੇ ਤ੍ਰਭਕ ਕੇ ਚਾਰੇ ਪਾਸੇ ਵੇਖਿਆ, ਵੰਡਰਲਖ ਨੂੰ ਹੌਲ਼ੀ-ਹੌਲ਼ੀ ਸਾਰਾ ਹਾਲ ਦੱਸਿਆ ਤੇ ਉਸ ਦੇ ਮੋਢੇ ਉੱਤੇ ਹੱਥ ਰੱਖਿਆ : "ਇਹ ਮਾਮਲਾ ਏ ਕਾਰਲ, ਸਾਨੂੰ ਬੱਚੇ ਲਈ ਥੋੜ੍ਹਾ ਜਿਹਾ ਦੁੱਧ ਚਾਹੀਦਾ ਏ, ਉਸ ਦੇ ਹੱਥ ਪੈਰ ਬਹੁਤ ਪਤਲੇ ਨੇ-ਤਾਂ ਦੱਸ ਫਿਰ ਕਾਰਲ! ਬੱਸ ਇੱਕ ਪਿੰਟ ?"

ਵੰਡਰਲਖ ਸੋਚਣ ਲੱਗਾ,"ਦੁੱਧ ਲੈ ਕੇ ਤੂੰ ਫ਼ਾਟਕ ਵਿੱਚੋਂ ਨਿੱਕਲ਼ੇਂਗਾ ਕਿਵੇਂ ?" 'ਚਲੋ ਦੇਣ ਲਈ ਤਾਂ ਤਿਆਰ ਹੋਇਆ', ਪੀਪਿਗ ਖ਼ੁਸ਼ ਹੋ ਗਿਆ।

"ਇਸ ਦਾ ਪ੍ਰਬੰਧ ਮੈਂ ਕਰ ਲਵਾਂਗਾ।"

"ਤੇ ਜੇ ਪਕੜਿਆ ਗਿਆ ਤਾਂ ?"

ਪੀਪਿਗ ਸੱਚੀਂ-ਮੁੱਚੀਂ ਚਿੰਤਾਤੁਰ ਹੋ ਗਿਆ।

ਵੰਡਰਲਖ ਹੱਸਣ ਲੱਗਾ।

ਉਨ੍ਹਾਂ ਸਾਰਾ ਮਾਮਲਾ ਤੈਅ ਕਰ ਲਿਆ, ਜਿਹੜਾ ਅਸਲ ਵਿੱਚ ਸਿੱਧਾ-ਸਾਦਾ ਨਹੀਂ ਸੀ। ਇਸ ਲਈ ਕਿ 'ਪੀਪਿਗ ਦੁੱਧ ਲਵੇਗਾ ਕਿਵੇਂ ? ਉਹ ਫ਼ਾਟਕ ਤੋਂ ਬਾਹਰ ਦਾ ਕੰਮ ਕੱਢੇਗਾ ਤੇ ਨਾਜ਼ੀਆਂ ਦੇ ਦਰਜ਼ੀ ਦੀ ਦੁਕਾਨ ਤੋਂ ਕੁੱਝ ਪੁਰਾਣੇ ਕੱਪੜੇ ਲਿਆਵੇਗਾ। ਇਤਨਾ ਤਾਂ ਸੰਭਵ ਹੈ, ਫਿਰ ਦਰਜ਼ੀ ਦੀ ਦੁਕਾਨ 'ਤੇ ਪਹੁੰਚਾਉਣਾ ਹੋਵੇਗਾ।'

ਵੰਡਰਲਖ ਨੇ ਬਲਾਕ ਉੱਤੇ ਇੱਕ ਨਜ਼ਰ ਸੁੱਟੀ ਤੇ ਇੱਕ ਹਰਕਾਰੇ ਨੂੰ ਆਉਣ ਦਾ ਇਸ਼ਾਰਾ ਕੀਤਾ।

ਉਸ ਨੇ ਮੇਜ਼ ਦੇ ਕੋਲ਼ ਆ ਕੇ ਪੁੱਛਿਆ : "ਕੀ ਗੱਲ ਏ ?"

"ਸੁਣ ਤੂੰ ਸਵੇਰ ਸਾਰ ਮੇਰੇ ਕੋਲ਼ ਆਵੀਂ, ਇੱਕ ਬੋਤਲ ਦੁੱਧ ਦਰਜ਼ੀ ਦੀ ਦੁਕਾਨ 'ਤੇ ਪਹੁੰਚਾ ਦਈਂ, ਰੂਸੀ ਇਸ ਲਈ ਉੱਥੇ ਆਵੇਗਾ।"

ਹਰਕਾਰੇ ਨੇ ਪੀਪਿਗ ਨੂੰ ਸਲਾਮ ਕੀਤਾ। "ਗੁੱਡਈਵਨਿੰਗ ਰੂਸੀ!" ਤੇ ਹੱਥ ਮਿਲਾਇਆ।

"ਈਵਨਿੰਗ ਅਲਫ਼ਰਡ!"

ਇਹ ਕੰਮ ਹਰਕਾਰੇ ਲਈ ਕੁੱਝ ਵੀ ਨਹੀਂ ਸੀ। ਨਾਜ਼ੀਆਂ ਦੇ ਇਲਾਕੇ ਵਿੱਚ ਉਸ ਦਾ ਖੁੱਲ੍ਹਾ ਆਉਣ-ਜਾਣ ਸੀ। ਇਸ ਲਈ ਉਸ ਨੇ ਬੱਸ "ਠੀਕ ਹੈ" ਆਖਿਆ ਤੇ ਹੋਰ ਕੋਈ ਸੁਆਲ ਨਾ ਕੀਤਾ, ਇਸ ਲਈ ਕਿ ਅਸਧਾਰਨ ਗੱਲਾਂ ਇੰਝ ਹੀ ਕੀਤੀਆਂ ਜਾਂਦੀਆਂ ਹਨ, ਜਿਵੇਂ ਬਿਲਕੁਲ ਸਧਾਰਨ ਹੋਣ।

"ਅਜੇ ਤਾਂ ਆਟੋ ਨੂੰ ਦੱਸਣਾ ਹੈ।" ਵੰਡਰਲਖ ਨੇ ਆਖਿਆ ਤੇ ਪੀਪਿਗ ਨਾਲ਼ ਦੂਜੇ ਹਿੱਸੇ ਵਿੱਚ ਚਲਿਆ ਗਿਆ।

ਨਾਜ਼ੀਆਂ ਦੇ ਦਰਜ਼ੀ ਘਰ ਦਾ ਫੋਰਮੈਨ-ਆਟੋਲਾਂਗੇ, ਜਿਹੜਾ ਪਹਿਲਾਂ ਹੀ ਦਰਜ਼ੀ ਸੀ ਤੇ ਜਿਸ ਨੂੰ, ਜਾਣ-ਬੁੱਝ ਕੇ ਮੁਖ਼ਬਰੀ ਕਰਵਾ ਕੇ ਕੈਦ ਕਰਵਾ ਦਿੱਤਾ ਸੀ, ਲਾਊਡ ਸਪੀਕਰ

ਕੋਲ਼ ਖਲੋਤਾ ਖ਼ਬਰਾਂ ਸੁਣ ਰਿਹਾ ਸੀ, ਵੰਡਰਲਖ ਉਸ ਨੂੰ ਇੱਕ ਪਾਸੇ ਲੈ ਗਿਆ।

"ਮੈਂ ਕੱਲ੍ਹ ਸਵੇਰੇ ਤੈਨੂੰ ਦੁੱਧ ਦੀ ਇੱਕ ਬੋਤਲ ਘੱਲਾਂਗਾ, ਪੀਪਿਗ ਤੇਰੇ ਤੋਂ ਆ ਕੇ ਲੈ ਜਾਵੇਗਾ।"

ਦਰਜ਼ੀ ਨੇ ਹਾਮੀ ਭਰੀ ਤੇ ਆਪਣੇ ਹੋਠ ਉੱਤੇ ਹੱਥ ਫੇਰਨ ਲੱਗਾ। ਇਹ ਆਦਤ ਉਸ ਦੀ ਉਨ੍ਹਾਂ ਦਿਹਾੜਿਆਂ ਦੀ ਸੀ, ਜਦੋਂ ਉਹ ਅਜ਼ਾਦ ਸੀ ਤੇ ਮੁੱਛਾਂ ਰੱਖੀਆਂ ਹੋਈਆਂ ਸਨ।

"ਸੁਣ!" ਪੀਪਿਗ ਨੇ ਦਰਜ਼ੀ ਨੂੰ ਹਦਾਇਤ ਦਿੱਤੀ, "ਮੈਂ ਤੇਰੇ ਕੋਲ਼ ਕੁੱਝ ਪੁਰਾਣੇ ਕੋਟ ਲਿਆਵਾਂਗਾ, ਜਿਹੜੇ ਤੂੰ ਸਾਡੇ ਕੋਲੋਂ ਮੰਗਵਾਏ ਹਨ-ਸਮਝਿਆ?"

ਲਾਂਗੇ ਨੇ ਹਾਮੀ ਭਰੀ, "ਹਾਂ, ਹਾਂ ਤੂੰ ਲੈ ਆਵੀਂ।"

ਇੱਕ ਪਿੰਟ ਦੁੱਧ ਲਈ ਇਹ ਪ੍ਰਬੰਧ ਗੁੰਝਲਦਾਰ ਸੀ ਤੇ ਸਾਰੇ ਲੋਕਾਂ ਦੀ ਨੇਕ-ਨੀਤੀ ਤੇ ਰਜ਼ਾਮੰਦੀ ਦੇ ਬਾਵਜੂਦ ਖ਼ਤਰਨਾਕ ਵੀ। ਜੇ ਪੀਪਿਗ ਕੈਂਪ ਦੇ ਫ਼ਾਟਕ ਉੱਤੇ ਪਕੜਿਆ ਗਿਆ ਤਾਂ ਫਿਰ ਰੱਬ ਹੀ ਰਾਖਾ, ਫ਼ਾਂਸੀ ਘਰ ਵਿੱਚ ਪਹੁੰਚੇਂਗਾ। ਜੇ ਚੰਗੇ ਭਾਗਾਂ ਵਾਲ਼ਾ ਹੋਇਆ ਤਾਂ ਪੰਝੀ ਬੈਂਤ, ਨਹੀਂ ਤੇ ਸ਼ਮਸ਼ਾਨ ਘਰ ਤੇ ਕਜ਼ੀਆ ਹੀ ਖ਼ਤਮ। ਪਰ ਪੀਪਿਗ ਨੂੰ ਕੋਈ ਡਰ ਨਹੀਂ ਸੀ। ਉਸ ਜਿੰਨੀਆਂ ਵੀ ਅਜਿਹੀਆਂ ਕਾਰਵਾਈਆਂ ਕੀਤੀਆਂ ਸਨ, ਉਨ੍ਹਾਂ ਸਾਰੀਆਂ ਵਿੱਚ ਹੀ ਉਹ ਆਸ ਭਰਪੂਰ ਰਿਹਾ ਸੀ। ਰੱਬ ਕਦੇ ਵੀ ਅਜ਼ਾਦ ਖ਼ਿਆਲੀਏ ਦਾ ਪੱਲਾ ਨਹੀਂ ਛੱਡਦਾ! ਜਦੋਂ ਉਹ ਵੰਡਰਲਖ ਤੋਂ ਬਲਾਕ ਦੇ ਸਾਹਮਣੇ ਵਿਦਾ ਹੋਇਆ ਤਾਂ ਉਸ ਨੇ ਫਿਰ ਸਾਵਧਾਨ ਕੀਤਾ।

"ਬਈ ਕਿਤੇ ਫੜਵਾ ਨਾ ਲਈਂ ਆਪਣੇ ਆਪ ਨੂੰ!"

ਪੀਪਿਗ ਮੁੜ ਕੇ ਜਾਣ ਹੀ ਵਾਲ਼ਾ ਸੀ, ਪਰ ਵੰਡਰਲਖ ਨੇ ਹੱਸਦੇ ਹੋਏ ਉਸ ਨੂੰ ਜਾਣ ਦਾ ਇਸ਼ਾਰਾ ਕੀਤਾ। "ਜਾਣਦਾ ਹਾਂ, ਪਤਾ ਹੈ।" ਸੰਤੁਸ਼ਟ ਹੋ ਕੇ ਪੀਪਿਗ ਚਲਾ ਗਿਆ। ਏਧਰ ਬਲਾਕ ਵਿੱਚ ਵੰਡਰਲਖ ਨਾਜ਼ੀਆਂ ਦੇ ਹਸਪਤਾਲ਼ ਦੇ ਇੱਕ ਕਰਮਚਾਰੀ ਨੂੰ ਮਿਲਿਆ।

"ਫ਼ਰਾਂਜ਼, ਕੱਲ੍ਹ ਸਵੇਰੇ ਤੂੰ ਮੈਨੂੰ ਥੋੜ੍ਹੀ ਜਿਹੀ ਅੰਗੂਰੀ ਖੰਡ ਘੱਲ ਸਕਦਾ ਏਂ?"

ਕਰਮਚਾਰੀ ਨੇ ਗੰਭੀਰਤਾ ਨਾਲ਼ ਸਿਰ ਹਿਲਾਇਆ,

"ਖੰਡ? ਸਾਡੇ ਕੋਲ਼ ਵੀ ਬਹੁਤ ਥੋੜ੍ਹੀ ਏ।"

"ਮੈਨੂੰ, ਮੇਰੇ ਇੱਕ ਮਿੱਤਰ ਲਈ ਚਾਹੀਦੀ ਏ।"

ਕਰਮਚਾਰੀ ਨੇ ਡੂੰਘਾ ਸਾਹ ਲਿਆ : "ਕੇਵਲ ਇੱਕ ਪੈਕਟ, ਮੈਂ ਸਵੇਰੇ ਹਰਕਾਰੇ ਹੱਥ ਘੱਲ ਦਿਆਂਗਾ।"

ਵੰਡਰਲਖ ਨੇ ਫਰਾਂਜ਼ ਦਾ ਮੋਢਾ ਥਾਪੜਿਆ।

ਦੋ

ਕਰੈਮਰ ਅਗਲੇ ਦਿਨ ਹਾਜ਼ਰੀ ਵੇਖ ਰਿਹਾ ਸੀ ਕਿ ਹੋਫ਼ਲ ਆ ਗਿਆ। ਇੱਕ ਸਟੂਲ ਉੱਤੇ ਬਹਿ ਕੇ ਉਸ ਸਿਗਰਟ ਲਾਇਆ। ਕਰੈਮਰ ਨੇ ਉਸ ਵੱਲ ਐਵੇਂ ਥੋੜ੍ਹਾ ਜਿਹਾ ਵੇਖਿਆ।

"ਸਭ ਠੀਕ ਹੋ ਗਿਆ ?"

ਹੋਫ਼ਲ ਚੁੱਪ-ਚਾਪ ਸਿਗਰਟ ਪੀਂਦਾ ਰਿਹਾ।

ਕਰੈਮਰ ਨੇ ਲਿਖਦੇ ਹੋਏ ਆਖਿਆ,"ਇੱਕ ਕੈਦੀ ਨੇ ਆਪਣੀ ਪਿੱਠ ਉੱਤੇ ਇੱਕ ਬੋਰਾ ਚੁੱਕਿਆ ਹੋਇਆ ਸੀ। ਮੈਨੂੰ ਖ਼ਿਆਲ ਹੋਇਆ ਕਿ ਉਹੋ..."

ਹੋਫ਼ਲ ਬੱਸ ਸਿਰ ਹਿਲਾ ਦੇਂਦਾ ਤੇ ਕਰੈਮਰ ਸੰਤੁਸ਼ਟ ਹੋ ਜਾਂਦਾ, ਪਰ ਉਸ 'ਤੇ ਕੋਈ ਪ੍ਰਤੀਕਰਮ ਨਾ ਹੋਇਆ ਤੇ ਉਹ ਫ਼ਰਸ਼ ਵੱਲ ਵੇਖੀ ਜਾ ਰਿਹਾ ਸੀ। ਕਰੈਮਰ ਤਾੜ ਗਿਆ ਕਿ ਕੁੱਝ ਗੜਬੜ ਹੈ। "ਕੀ ਗੱਲ ਏ ?"

ਹੋਫ਼ਲ ਨੇ ਸਿਗਰਟ ਦੇ ਟੋਟੇ ਨੂੰ ਜੁੱਤੀ ਹੇਠ ਫ਼ਿਹ ਦਿੱਤਾ, "ਮੈਂ ਤੈਨੂੰ ਕੁੱਝ ਕਹਿਣਾ ਏ...।"

ਕਰੈਮਰ ਨੇ ਆਪਣੀ ਪੈਨਸਲ ਰੱਖ ਦਿੱਤੀ।

"ਤਾਂ ਕੀ ਤੂੰ ਬੱਚੇ ਨੂੰ ਨਹੀਂ ਘੱਲਿਆ ?"

ਹੋਫ਼ਲ ਨੇ ਉਸ ਨਾਲ਼ ਅੱਖਾਂ ਮਿਲਾਉਂਦਿਆਂ ਆਖਿਆ, "ਨਹੀਂ!"

ਕਰੈਮਰ ਨੇ ਸੁਆਲੀਆਂ ਨਜ਼ਰਾਂ ਨਾਲ਼ ਵੇਖਿਆ "ਤੇ ਫਿਰ ?" ਉਹ ਘਬਰਾ ਕੇ ਖੜ੍ਹਾ ਹੋ ਗਿਆ।

ਹੋਫ਼ਲ ਨੇ ਉੱਭਰਵਾਂ ਸਾਹ ਲਿਆ "ਉਹ ਗੜਬੜ ਹੋ ਗਈ..."

ਪਹਿਲਾਂ ਉਹ ਝਿਜਕਿਆ ਫਿਰ ਉਸ ਰੁਕ-ਰੁਕ ਕੇ ਸਾਰੀ ਗੱਲ ਸੁਣਾ ਦਿੱਤੀ, ਜਿਹੜੀ ਉਸ ਦੇ ਤੇ ਜ਼ਵਾਈਲਿੰਗ ਦੇ ਵਿਚਾਲ਼ੇ ਹੋਈ ਸੀ, ਜਿਵੇਂ ਉਹ ਕਾਰਨ ਵੀ ਦੱਸ ਰਿਹਾ ਹੋਵੇ ਤੇ ਖ਼ਿਮਾ ਵੀ ਮੰਗ ਰਿਹਾ ਹੋਵੇ!

"ਜੇ ਤੂੰ ਬੱਚੇ ਨੂੰ ਕੈਂਪ ਤੋਂ ਬਾਹਰ ਭਿਜਵਾ ਦਿੱਤਾ ਹੁੰਦਾ ਤਾਂ ਹੁਣ ਤੱਕ ਸਭ ਕੁੱਝ ਠੀਕ ਹੋ ਗਿਆ ਹੁੰਦਾ ਤੇ ਹੁਣ! ਹੁਣ ਕੀ ਹੋ ਸਕਦਾ ਏ ?"

ਉਹ ਮੇਜ਼ 'ਤੇ ਬਹਿ ਗਿਆ ਤੇ ਆਪਣੇ ਦੋਵੇਂ ਹੱਥ ਗੋਡਿਆਂ ਵਿਚਾਲ਼ੇ ਦਬਾ ਲਏ। ਦਿਲ ਵਿੱਚ ਖ਼ੁਸ਼ੀ ਹੁਣ ਨਾ-ਮਾਤਰ ਵੀ ਬਾਕੀ ਨਹੀਂ ਸੀ ਰਹਿ ਗਈ...।

ਜਿਸ ਝਗੜੇ ਦੀ ਆਸ ਸੀ ਉਹ ਨਾ ਹੋਇਆ। ਕੰਮ ਦਾ ਆਦਰਸ਼ਵਾਦ ਤੇ ਸ਼ਾਨ ਸਭ ਉੱਡ-ਪੁੱਡ ਗਈ ਸੀ। ਜੋ ਬਚ ਗਿਆ ਸੀ ਉਹ ਕੇਵਲ ਉਸ ਦੀ ਨਖਾਲਸ ਰਹਿੰਦ-ਖੂੰਹਦ ਸੀ: ਕੰਮਾਂ ਦੀ ਉਲੰਘਣਾ! ਹੋਫ਼ਲ ਆਪਣੇ ਸਾਹਮਣੇ ਘੂਰਨ ਲੱਗਿਆ।

ਆਖ਼ਰ ਕਰੈਮਰ ਨੇ ਆਪਣੇ ਹੱਥ ਕੱਢੇ ਤੇ ਰਤਾ ਨਰਮ ਲਹਿਜੇ ਵਿੱਚ ਬੋਲਿਆ: "ਆਂਦਰੇ, ਅਸੀਂ ਦੁਸ਼ਮਣ ਨਹੀਂ ਹੋਣਾ ਚਾਹੁੰਦੇ। ਉਹ ਚਾਲਬਾਜ਼ ਜ਼ਵਾਈਲਿੰਗ ਇਸ ਯੋਗ ਨਹੀਂ ਕਿ ਉਸ ਕਰ ਕੇ ਸਾਡੇ ਆਪਣੇ ਵਿੱਚ ਨਚਾਕੀ ਹੋਵੇ।"

ਅਤੇ ਫਿਰ ਮੇਜ਼ ਤੋਂ ਉੱਠ ਕੇ ਜਿਵੇਂ ਅਚਾਨਕ ਨਿਰਣਾ ਕਰਦੇ ਹੋਏ ਆਖਿਆ: "ਤੈਨੂੰ ਬੋਖਾਉ ਨਾਲ਼ ਗੱਲ ਕਰਨੀ ਚਾਹੀਦੀ ਏ, ਹੁਣੇ।"

ਪਰ ਹੋਫ਼ਲ ਨੇ ਇਤਰਾਜ਼ ਕੀਤਾ, "ਵਾਲਟਰ ਇਸ ਗੱਲ ਨੂੰ ਸਾਡੇ ਤੱਕ ਰਹਿਣ ਦੇ, ਬੋਖਾਉ ਨੂੰ ਇਹੋ ਸਮਝਣ ਦੇ ਕਿ ਬੱਚਾ ਯਹੂਦੀ ਨਾਲ਼ ਚਲਿਆ ਗਿਆ ਏ।"

ਹੋਫ਼ਲ ਦੀ ਮਿੰਨਤ ਨਾਲ਼ ਕਰੈਮਰ ਪਸੀਜ਼ ਗਿਆ। "ਹੁਣ ਜਦੋਂ ਬੱਚੇ ਨੂੰ ਕੈਂਪ ਵਿੱਚ ਰਹਿਣਾ ਹੀ ਹੈ, ਸਮਝੇ ਨਾ," ਉਹ ਬੁੜਬੁੜਾਉਣ ਲੱਗਿਆ: "ਤਾਂ ਇਹ ਕੇਵਲ ਸਾਡਾ ਮਾਮਲਾ ਨਹੀਂ। ਮੈਨੂੰ ਤੇਰੇ ਕੰਮ ਦਾ ਕੁੱਝ ਪਤਾ ਨਹੀਂ, ਤੂੰ ਮੈਨੂੰ ਕੁੱਝ ਨਹੀਂ ਦੱਸਿਆ, ਪਰ ਇਹ ਸੋਚ ਕਿ ਤੂੰ ਬੱਚੇ ਦੇ ਮਾਮਲੇ ਵਿੱਚ ਕਿਤਨਾ ਵੱਡਾ ਖ਼ਤਰਾ ਮੁੱਲ ਲੈ ਲਿਆ ਹੈ।"

"ਜਦ ਉਹ ਮੈਨੂੰ ਮਿਲ਼ ਗਿਆ ਤਾਂ ਮੈਂ ਕੀ ਕਰਦਾ ?"

"ਬਕਵਾਸ ! ਮੈਨੂੰ ਇਸ ਨਾਲ਼ ਕੋਈ ਵਾਸਤਾ ਨਹੀਂ, ਤੈਨੂੰ ਹੁਕਮ ਦਿੱਤਾ ਗਿਆ ਸੀ, ਬੱਚੇ ਨੂੰ ਕੈਂਪ ਤੋਂ ਬਾਹਰ ਭਿਜਵਾ ਦੇ।"

"ਉਹ ਤਾਂ ਠੀਕ ਹੈ, ਪਰ..." ਹੋਫ਼ਲ ਦੀ ਚੀਕ ਹਵਾ ਵਿੱਚ ਖਿੱਲਰ ਗਈ। ਕਰੈਮਰ ਦੀ ਤਿਊੜੀ ਚੜ੍ਹ ਗਈ : ਦੋਵੇਂ ਬੰਦੇ ਇੱਕ ਦੂਜੇ ਨੂੰ ਚੁੱਪ-ਚਾਪ ਘੂਰ ਰਹੇ ਸਨ ਤੇ ਸੋਚ ਰਹੇ ਸਨ। ਕਰੈਮਰ ਹੁਣ ਇਸ ਨੂੰ ਵਧੇਰੇ ਸਮੇਂ ਲਈ ਨਹੀਂ ਸੀ ਝੱਲ ਸਕਦਾ। ਕਿਸੇ ਵਿਉਂਤ ਦੀ ਚਿੰਤਾ ਵਿੱਚ ਉਹ ਏਧਰ ਓਧਰ ਟਹਿਲਣ ਲੱਗਿਆ।

ਹੋਫ਼ਲ ਦੀ ਗੱਲ ਉਹ ਐਵੇਂ ਹੀ ਸੁਣ ਰਿਹਾ ਸੀ, ਜਿਹੜਾ ਉਸ ਨੂੰ ਸਮਝਾ ਰਿਹਾ ਸੀ।

"ਹੁਣ ਬਹੁਤੇ ਦਿਨਾਂ ਦੀ ਗੱਲ ਨਹੀਂ। ਅਮਰੀਕੀ ਕਿਸੇ ਵੀ ਦਿਨ ਇੱਥੇ ਪੁੱਜ ਜਾਣਗੇ, ਵਾਲਟਰ, ਕੁੱਝ ਦਿਨ ਤਾਂ ਅਸੀਂ ਲੰਘਾ ਹੀ ਲਵਾਂਗੇ, ਹੁਣ ਬੋਖਾਉ ਨਾਲ਼ ਵੀ ਇਸ ਬਾਰੇ ਗੱਲ ਕਰ ਕੇ ਉਸ ਨੂੰ ਪ੍ਰੇਸ਼ਾਨ ਕਰਨ ਦੀ ਕੀ ਲੋੜ ਏ ? ਬੱਚਾ ਤਾਂ ਕੈਂਪ ਵਿੱਚੋਂ ਜਾ ਨਹੀਂ ਸਕਦਾ, ਤੂੰ ਆਪ ਹੀ ਇਹ ਆਖਿਆ ਏ। ਫਿਰ ਹੁਣ ਕੀ ਹੋਵੇਗਾ ? ਰਹਿਣ ਦਿਓ ਇਸ ਨੂੰ ਸਾਡੇ ਕੋਲ਼ ਹੀ। ਕਿਸੇ ਨੂੰ ਪਤਾ ਨਹੀਂ, ਬੱਸ ਤੈਨੂੰ ਤੇ ਮੈਨੂੰ ਹੀ ਪਤਾ ਏ।"

"ਅਤੇ ਜ਼ਵਾਈਲਿੰਗ ਨੂੰ ?"

"ਉਸ ਦਾ ਜਾਣਨਾ ਨਾ ਜਾਣਨਾ ਬਰਾਬਰ ਏ।"

ਕਰੈਮਰ ਵਿਅੰਗਮਈ ਹਾਸਾ ਹੱਸਿਆ : "ਬੱਚੇ ਨੂੰ ਸਮਾਨ ਖ਼ਾਨੇ ਵਿੱਚੋਂ ਜਾਣਾ ਏ, ਤੇਰੇ ਕੋਲ਼ ਨਹੀਂ ਰਹਿ ਸਕਦਾ।"

"ਕਿੱਥੇ ?" ਹੋਫ਼ਲ ਨੇ ਪੁੱਛਿਆ।

"ਹਾਂ ਕਿੱਥੇ ? ਵੇਖ ਰਿਹਾ ਏਂ ਕਿ ਤੂੰ ਕੀ ਕੀਤਾ ਏ ? ਹੁਣ ਅਸੀਂ ਬੱਚੇ ਨੂੰ ਕਿੱਥੇ ਰੱਖ ਸਕਦੇ ਹਾਂ। ਤੇਰੇ ਤੋਂ ਤੇ ਉਸ ਮਰਦੂਦ ਜ਼ਵਾਈਲਿੰਗ ਤੋਂ ਕਿਤੇ ਦੂਰ ਰੱਖਣਾ ਚਾਹੀਦਾ ਹੈ, ਕਿਸੇ ਅਜਿਹੀ ਥਾਂ ਜਿੱਥੇ ਨਾਜ਼ੀ ਨਾ ਜਾਂਦੇ ਹੋਣ।"

ਅਜਿਹੀ ਥਾਂ ਬੱਸ ਇੱਕ ਸੀ- ਛੋਟੇ ਕੈਂਪ ਵਿੱਚ ਛੂਤ ਵਾਲ਼ੀਆਂ ਬਿਮਾਰੀਆਂ ਦੀ ਇੱਕ ਬੈਰਕ ਟਾਈਫਸ ਜਾਂ ਹੋਰ ਬਿਮਾਰੀਆਂ ਦੀ ਛੂਤ ਤੋਂ ਡਰਦੇ ਸਾਰੇ ਨਾਜ਼ੀ ਉਸ ਤੋਂ ਦੂਰ ਹੀ ਰਹਿੰਦੇ ਸਨ। ਕਰੈਮਰ ਨੇ ਹੋਫ਼ਲ ਦੇ ਸਾਹਮਣੇ ਖੜ੍ਹੇ ਹੋ ਕੇ ਉਸ ਨੂੰ ਕਰੜਾਈ ਨਾਲ਼ ਘੂਰਿਆ : " ਬਲਾਕ ਨੰਬਰ 61।"

ਹੋਫ਼ਲ ਕੰਬ ਗਿਆ : "ਛੂਤ ਵਾਲ਼ੀ ਬੈਰਕ ਵਿੱਚ, ਉੱਕਾ ਨਹੀਂ।"

"ਬੱਚਾ ਨੰਬਰ 61 ਵਿੱਚ ਜਾਵੇਗਾ।"

ਕਰੈਮਰ ਜਿਵੇਂ ਆਪਣੇ ਫ਼ੈਸਲੇ ਦੇ ਠੀਕ ਹੋਣ ਦਾ ਵਿਸ਼ਵਾਸ਼ ਆਪਣੇ-ਆਪ ਨੂੰ ਦੇ ਰਿਹਾ ਹੋਵੇ, "ਪੋਲ ਕਰਮਚਾਰੀ ਮਹੀਨਿਆਂ ਤੋਂ ਉੱਥੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਕੁੱਝ ਨਹੀਂ ਹੋਇਆ। ਉਨ੍ਹਾਂ ਨੂੰ ਪਤਾ ਏ ਕਿ ਕਿਵੇਂ ਬਚਣਾ ਚਾਹੀਦਾ ਹੈ। ਉਹ ਬੱਚੇ ਨੂੰ ਅੱਖਾਂ 'ਤੇ ਚੁੱਕੀ ਰੱਖਣਗੇ ਤੇ ਇਹ ਤਾਂ ਪੋਲ ਵੀ ਹੈ। ਜਾਂ ਤਾਂ ਤੂੰ ਚਾਹੁੰਦਾ ਏਂ ਕਿ ਇਸ ਨੂੰ ਇੱਥੇ ਰੱਦੀ ਦੀ ਟੋਕਰੀ ਵਿੱਚ ਰੱਖ ਲਵਾਂ?"

ਹੋਫ਼ਲ ਨੂੰ ਕੁੱਝ ਨਾ ਹੋਇਆ, ਉਹ ਬੁੱਲ੍ਹ ਟੁੱਕਦਾ ਰਿਹਾ। ਕਰੈਮਰ ਗੱਜਿਆ :

"ਹੋਰ ਕੁੱਝ ਨਹੀਂ ਹੋ ਸਕਦਾ। ਗੱਲ ਖ਼ਤਮ ਹੋਈ। ਇਤਨਾ ਥੋੜ੍ਹਾ ਏ ਕਿ ਤੂੰ ਮੈਨੂੰ ਵੀ ਇਸ ਨਾਲ਼ ਜੋੜ ਲਿਆ ਏ, ਇਸ ਲਈ ਹੁਣ ਇਹ ਤਮਾਸ਼ਾ ਹੋਰ ਨਹੀਂ ਹੋਵੇਗਾ। ਬੱਚਾ 61 ਨੰਬਰ ਵਿੱਚ ਜਾਵੇਗਾ।"

ਹੋਫ਼ਲ ਦੀਆਂ ਨਜ਼ਰਾਂ ਉੱਠ ਰਹੀਆਂ ਸਨ-ਪਰ ਖ਼ੈਰ ਟਰਾਂਸਪੋਰਟ ਨਾਲ਼ੋਂ ਤਾਂ ਚੰਗਾ ਹੀ ਸੀ!

ਉਸ ਨੇ ਸਿਰ ਚੁੱਕਿਆ : "ਤੇ ਬੋਖਾਉ?" ਕਰੈਮਰ ਨਰਾਜ਼ ਹੋ ਗਿਆ।

"ਮੈਂ ਸਮਝ ਰਿਹਾ ਸਾਂ ਕਿ ਗੱਲ ਸਾਡੇ ਤੱਕ ਹੀ ਰਹਿਣੀ ਚਾਹੀਦੀ ਏ? ਤੂੰ ਹੀ ਇਹ ਆਖਿਆ ਸੀ ਨਾ?"

ਹੋਫ਼ਲ ਦੇ ਮੂੰਹੋਂ ਕੁੱਝ ਨਾ ਨਿੱਕਲ਼ਿਆ। ਬੱਸ ਉਸ ਸਿਰ ਹਿਲਾ ਦਿੱਤਾ। ਉਸ ਵਿੱਚ ਹੁਣ ਖ਼ੁਸ਼ ਹੋਣ ਦੀ ਵੀ ਤਾਬ ਨਹੀਂ ਸੀ ਰਹੀ।

ਜ਼ਵਾਈਲਿੰਗ ਕੈਂਪ ਤੋਂ ਬਾਹਰ ਸੁੰਦਰ ਘਰਾਂ ਅੱਗੇ ਦੀ ਇੱਕ ਬਸਤੀ ਵਿੱਚ ਰਹਿੰਦਾ ਸੀ, ਜਿਹੜੀ ਨਾਜ਼ੀਆਂ ਕੈਦੀਆਂ ਤੋਂ ਬਣਵਾਈ ਸੀ। ਦੋ ਸਾਲ ਹੋਏ, ਉਸ ਦਾ ਵਿਆਹ ਹੋਇਆ ਸੀ ਅਤੇ ਉਸ ਦੀ ਪੰਝੀ ਵਰ੍ਹਿਆਂ ਦੀ ਵਹੁਟੀ ਹੋਰਟਨੈਸ ਵੇਖ ਕੇ ਕਈ ਅਫ਼ਸਰਾਂ ਦੇ ਮੂੰਹ ਵਿੱਚ ਪਾਣੀ ਆ ਜਾਂਦਾ ਸੀ। ਉਹ ਵੱਡੀਆਂ-ਵੱਡੀਆਂ ਛਾਤੀਆਂ ਵਾਲ਼ੀ ਤੇ ਨਰੋਏ ਸਰੀਰ ਵਾਲ਼ੀ ਮੁਟਿਆਰ ਸੀ। ਪਰ ਕਈ ਗੱਲਾਂ ਸਨ ਜਿਨ੍ਹਾਂ ਕਰਕੇ ਵਿਆਹ ਸਫ਼ਲ ਨਹੀਂ ਸੀ ਹੋਇਆ। ਸਜਦੀ ਹੋਈ ਵਰਦੀ ਨੇ ਕਿਸੇ ਜ਼ਮਾਨੇ ਵਿੱਚ ਹੋਰਟਨੈਸ ਦਾ ਮਨ ਮੋਹ ਲਿਆ ਸੀ, ਪਰ ਵਿਆਹ ਤੋਂ ਥੋੜ੍ਹੇ ਦਿਨ ਮਗਰੋਂ ਹੋਰਟਨੈਸ ਤੋਂ ਇਹ ਗੱਲ ਲੁਕੀ ਨਾ ਰਹਿ ਸਕੀ ਕਿ ਇਸ ਵਰਦੀ 'ਤੇ ਬਿੱਲਿਆਂ ਹੇਠ ਇੱਕ ਫੁਸਫੁਸਾ ਆਦਮੀ ਹੈ, ਜਿਹੜਾ ਕਮਜ਼ੋਰ ਸੁਭਾਅ ਦਾ ਹੈ। ਹੋਰਟਨੈਸ ਨੇ ਕਈ ਵਾਰ ਆਪਣੇ ਪਤੀ ਅਤੇ ਹਾਪਤ ਸਟਰਮ ਫੋਹਰਰ ਕਲੂਟਿਗ ਨਾਲ਼ ਟਾਕਰਾ ਕੀਤਾ ਸੀ, ਜਿਹੜਾ ਸੁੰਦਰ ਤਾਂ ਨਹੀਂ ਸੀ, ਪਰ ਮਰਦ ਤਾਂ ਲੱਗਦਾ ਸੀ ਅਤੇ ਇਸ ਦਾ ਸਿੱਟਾ ਇਹ ਨਿੱਕਲ਼ਿਆ ਕਿ ਜ਼ਵਾਈਲਿੰਗ ਲਈ ਉਸ ਦੇ ਦਿਲ ਵਿੱਚ ਘ੍ਰਿਣਾ ਤੇ ਨਫ਼ਰਤ ਹੀ ਰਹਿ ਗਈ। ਵਿਆਹ ਦਿਨੋ ਦਿਨ ਰੁੱਖਾ ਤੇ ਜਾਨ ਦਾ ਖੌਂ ਬਣਦਾ ਗਿਆ। ਦੋਵੇਂ ਇੱਕ ਦੂਜੇ ਨਾਲ਼ ਗੱਲ ਵੀ ਘੱਟ ਕਰਦੇ। ਪਰ ਹੋਰਟਨੈਸ ਨੂੰ ਅਸਲ ਵਿੱਚ ਇਹ ਦੁੱਖ ਨਹੀਂ ਸੀ। ਉਸ ਨੂੰ ਬੱਚੇ ਨਹੀਂ ਸਨ ਹੋ ਸਕਦੇ। ਡਾਕਟਰਾਂ ਦੇ ਵੱਸ ਦੀ ਵੀ ਗੱਲ ਨਹੀਂ ਸੀ। ਅੰਦਰ ਕੁੱਝ ਅਜਿਹੀ ਗੜਬੜ ਸੀ ਕਿ ਹਮਲ ਠਹਿਰ ਹੀ ਨਹੀਂ ਸੀ ਸਕਦਾ। ਇਸ ਸੱਟ ਨੂੰ ਸਹਾਰ ਨਾ ਸਕੀ ਅਤੇ

ਦਿਲ ਹੀ ਦਿਲ ਵਿੱਚ ਇਸ ਦਾ ਦੋਸ਼ ਵੀ ਉਸ ਨੇ ਪਤੀ 'ਤੇ ਹੀ ਰੱਖਿਆ, ਜਿਸ ਦੀ ਛਾਤੀ ਪਤਲੀ ਸੀ, ਜਿਸ ਦਾ ਮਾੜਚੂ ਸਰੀਰ ਤੇ ਪੀਲਾ ਰੰਗ ਉਸ ਦੇ ਟਾਕਰੇ ਵਿੱਚ ਜਚਦਾ ਹੀ ਨਹੀਂ ਸੀ। ਹੋਰਟਨੈਸ ਦਾ ਭਾਵੁਕ ਜੀਵਨ ਖ਼ਤਮ ਹੋ ਗਿਆ ਅਤੇ ਆਮ ਤੌਰ 'ਤੇ ਉਹ ਪਤੀ ਨੂੰ ਇਹ ਕਹਿ ਕੇ ਆਪਣੇ ਬਿਸਤਰੇ ਤੋਂ ਚਲਦਾ ਕਰਦੀ "ਕਿਉਂ ਐਵੇਂ ਮੈਨੂੰ ਤੰਗ ਕਰਦਾ ਏ ?"

ਐਪਰ ਕਦੇ-ਕਦੇ ਉਸ ਨੂੰ ਜ਼ਵਾਈਲਿੰਗ ਉੱਤੇ ਤਰਸ ਆ ਜਾਂਦਾ ਅਤੇ ਜਦੋਂ ਉਹ ਬੇਸੁਧ ਮੁਰਦਾ ਜਿਹੀ ਪਈ ਉਸ ਨੂੰ ਸਹਿ ਲੈਂਦੀ ਤਾਂ ਜ਼ਵਾਈਲਿੰਗ ਚੁੱਪ-ਚਾਪ ਆਪਣੇ ਬਿਸਤਰੇ ਉੱਤੇ ਇਸ ਤਰ੍ਹਾਂ ਵਾਪਸ ਆ ਜਾਂਦਾ ਜਿਵੇਂ ਕੋਈ ਕੁੱਤਾ ਆਪਣੇ ਮਾਲਕ ਦੇ ਪਿਆਰ-ਪੁਚਕਾਰ ਮਗਰੋਂ ਹਟਦਾ ਹੈ।

ਘਰੇਲੂ ਮਾਮਲਿਆਂ ਵਿੱਚ ਹੋਰਟਨੈਸ ਉੱਕਾ ਅਜ਼ਾਦ ਸੀ ਤੇ ਉਹ ਆਪਣੇ ਪਤੀ ਦਾ ਕਦੀ ਦਖ਼ਲ ਨਾ ਸਹਾਰਦੀ ਅਤੇ ਨਾ ਹੀ ਕਿਸੇ ਕੰਮ ਲਈ ਉਸ ਦੀ ਸਲਾਹ ਪੁੱਛਦੀ।

ਉਸ ਸ਼ਾਮ ਹੋਰਟਨੈਸ ਖਾਣੇ ਦੇ ਕਮਰੇ ਵਿੱਚ ਸਾਈਡ ਬੋਰਡ ਸਾਹਮਣੇ, ਚੀਨੀ ਦੇ ਭਾਂਡੇ ਅਖ਼ਬਾਰਾਂ ਵਿੱਚ ਵਲ੍ਹੇਟ-ਵਲ੍ਹੇਟ ਦੇ ਇੱਕ ਬਕਸੇ ਵਿੱਚ ਰੱਖ ਰਹੀ ਸੀ।

ਜ਼ਵਾਈਲਿੰਗ ਘਰ ਆਇਆ। ਉਸ ਇੱਕ ਬੂਟ ਲਾਹਿਆ ਤੇ ਆਪਣਾ ਪਤਲਾ ਨੰਗਾ ਪੈਰ ਇੱਕ ਅਰਾਮ ਕੁਰਸੀ ਉੱਤੇ ਰੱਖ ਕੇ, ਮੋਟੀ ਪੁਰਾਣੀ ਜ਼ੁਰਾਬ ਨਾਲ਼ ਉਂਗਲੀਆਂ ਵਿਚਲੀ ਮੈਲ਼ ਸਾਫ਼ ਕਰਨ ਲੱਗਾ, ਜਿਸ ਤੋਂ ਤਿੱਖੀ ਬੂ ਆ ਰਹੀ ਸੀ। ਫਿਰ ਉਸ ਆਪਣੀ ਅੱਡੀ ਵੇਖੀ, ਜਿੱਥੇ ਛਾਲਾ ਪੈ ਗਿਆ ਸੀ।

ਹੋਰਟਨੈਸ ਨੇ ਉਸ ਵੱਲ ਧਿਆਨ ਨਾ ਦਿੱਤਾ, ਉਹ ਆਪਣਾ ਕੰਮ ਕਰਨ ਵਿੱਚ ਰੁੱਝੀ ਰਹੀ। ਜ਼ਵਾਈਲਿੰਗ ਨੇ ਜ਼ੁਰਾਬ ਰੱਖ ਦਿੱਤੀ ਤੇ ਦੂਜਾ ਪੈਰ ਲਾਹਿਆ। ਫਿਰ ਦੋਹਾਂ ਨੂੰ ਲੈ ਕੇ ਦੂਜੇ ਕਮਰੇ ਵਿੱਚ ਚਲਿਆ ਗਿਆ ਤੇ ਥੋੜ੍ਹੇ ਚਿਰ ਮਗਰੋਂ ਸਲੀਪਰ ਪਾਈ, ਵਰਦੀ ਦੇ ਬਟਨ ਖੋਲ੍ਹਦਾ ਹੋਇਆ ਵਾਪਸ ਆਇਆ ਤੇ ਇੱਕ ਅਰਾਮ ਕੁਰਸੀ 'ਤੇ ਬਹਿ ਗਿਆ।

ਥੋੜ੍ਹੀ ਦੇਰ ਉਹ ਹੋਰਟਨੈਸ ਨੂੰ ਵੇਖਦਾ ਰਿਹਾ, ਉਸ ਦਾ ਹੇਠਲਾ ਬੁੱਲ੍ਹ ਸੁਕੜਿਆ ਹੋਇਆ ਸੀ। ਉਸ ਨੂੰ ਚੇਤੇ ਆਇਆ ਕਿ ਇੱਕ ਵਾਰ ਸ਼ਾਰ ਫ਼ੋਹਰਰ ਨੇ ਲਾਲਚੀ ਲਹਿਜੇ ਵਿੱਚ ਆਖਿਆ ਸੀ : "ਤੇਰੀ ਪਤਨੀ ਦੀਆਂ ਲੱਤਾਂ ਕਮਾਲ ਦੀਆਂ ਹਨ....।"

ਜ਼ਵਾਈਲਿੰਗ ਨੇ ਹੋਰਟਨੈਸ ਦੀਆਂ ਗੋਲ਼, ਭਰੀਆਂ-ਭਰੀਆਂ ਪਿੰਡਲੀਆਂ ਤੇ ਪੱਟ ਦੇ ਉਸ ਨੰਗੇ ਹਿੱਸੇ ਨੂੰ ਧਿਆਨ ਨਾਲ਼ ਵੇਖਿਆ, ਜਿੱਥੇ ਸਕਰਟ ਲਹਿ ਗਈ ਸੀ, ਕਿਉਂ ਨਹੀਂ ਉਹ ਵੀ ਇਨ੍ਹਾਂ ਦਾ ਸੁਆਦ ਲੈ ਸਕਦਾ ਸੀ।

"ਇਹ ਤੂੰ ਕੀ ਕਰ ਰਹੀ ਏਂ ?"

ਹੋਰਟਨੈਸ ਨੇ ਲਾਪਰਵਾਹੀ ਨਾਲ਼ ਉੱਤਰ ਦਿੱਤਾ : "ਬਈ ਹੁਣ ਕੌਣ ਜਾਣੇ....।"

ਇਸ ਉੱਤਰ ਦਾ ਅਰਥ ਜ਼ਵਾਈਲਿੰਗ ਦੀ ਸਮਝ ਵਿੱਚ ਨਾ ਆਇਆ। ਉਸ ਨੇ ਉਸ ਦਾ ਅਰਥ ਸਮਝਣ ਦੀ ਕੋਸ਼ਿਸ਼ ਕੀਤੀ, ਪਰ ਗੱਲ ਨਾ ਬਣੀ। ਉਸ ਫਿਰ ਪੁੱਛਿਆ : "ਕੀ ਭਾਵ ?"

ਹੋਰਟਨੈਸ ਨੇ ਨਜ਼ਰਾਂ ਚੁੱਕ ਕੇ ਵੇਖਿਆ ਤੇ ਚਿੜ ਕੇ ਉੱਤਰ ਦਿੱਤਾ : "ਤਾਂ ਕੀ ਤੂੰ

ਸਮਝਦਾ ਏਂ, ਕਿ ਮੈਂ ਚੀਨੀ ਦੇ ਇਹ ਖ਼ੂਬਸੂਰਤ ਕੀਮਤੀ ਭਾਂਡੇ ਇੱਥੇ ਛੱਡ ਕੇ ਜਾਵਾਂਗੀ ?"

ਹੁਣ ਜ਼ਵਾਈਲਿੰਗ ਦੀ ਸਮਝ ਵਿੱਚ ਆਇਆ। ਉਸ ਨੇ ਹੱਥ ਨਾਲ਼ ਇੱਕ ਬੇਸਮਝ ਇਸ਼ਾਰਾ ਕੀਤਾ "ਅਜੇ ਇਸ ਦੀ ਨੌਬਤ ਨਹੀਂ ਆਈ।"

ਹੋਰਟਨੈਸ ਸ਼ਰਾਰਤ ਨਾਲ਼ ਹੱਸੀ ਤੇ ਆਪਣਾ ਕੰਮ ਕਰਦੀ ਰਹੀ। ਉਸ ਨੂੰ ਗ਼ੁੱਸਾ ਆ ਰਿਹਾ ਸੀ। ਜ਼ਵਾਈਲਿੰਗ ਕੁਰਸੀ ਉੱਤੇ ਚੌੜਾ ਹੋ ਗਿਆ। ਉਸ ਦੇ ਪੈਰ ਫੁੱਲੇ ਹੋਏ ਸਨ ਤੇ ਹੱਥ ਪੇਟ ਉੱਤੇ ਧਰੇ ਹੋਏ। ਥੋੜ੍ਹੀ ਦੇਰ ਮਗਰੋਂ ਉਸ ਆਖਿਆ : "ਪਰ ਮੈਂ ਹੁਣ ਤੋਂ ਹੀ ਪ੍ਰਬੰਧ ਕਰ ਲਿਆ ਏ...।"

ਹੋਰਟਨੈਸ ਨੇ ਤੁਰੰਤ ਉੱਤਰ ਨਾ ਦਿੱਤਾ। ਉਸ ਦੇ ਨੇੜੇ ਇਹ ਕੋਈ ਜ਼ਰੂਰੀ ਗੱਲ ਨਹੀਂ ਸੀ, ਪਰ ਫਿਰ ਉਸ ਨੇ ਜ਼ਵਾਈਲਿੰਗ ਵੱਲ ਮੁੜ ਕੇ ਪੁੱਛਿਆ, "ਹਾਂ ਕਿਸ ਪ੍ਰਕਾਰ ਦਾ ?"

ਜ਼ਵਾਈਲਿੰਗ ਦਿਲ ਹੀ ਦਿਲ ਵਿੱਚ ਹੱਸਿਆ।

"ਚੰਗਾ ਤਾਂ ਮੈਨੂੰ ਦੱਸ।" ਹੋਰਟਨੈਸ ਨੇ ਰਤਾ ਜ਼ੋਰ ਦੇ ਕੇ ਮੰਗ ਕੀਤੀ।

"ਮੇਰੀ ਬਿਲਡਿੰਗ ਵਿੱਚ ਕਿਸੇ ਕੋਲ਼ ਇੱਕ ਯਹੂਦੀ ਬੱਚਾ ਏ, ਮੇਰੇ ਫ਼ੋਰਮੈਨ ਦੇ ਕੋਲ਼।"

ਜ਼ਵਾਈਲਿੰਗ ਫਿਰ ਆਪਣੇ ਦਿਲ ਵਿੱਚ ਹੱਸਿਆ। ਹੋਰਟਨੈਸ ਆਪਣੇ ਕੂਲ੍ਹਿਆਂ ਉੱਤੇ ਪੂਰੀ ਦੀ ਪੂਰੀ ਘੁੰਮ ਗਈ ਤੇ ਆਪਣੇ ਪਤੀ ਵੱਲ ਵੇਖ ਕੇ ਬੋਲੀ "ਤਾਂ ... ਫਿਰ...? ਫਿਰ...?"

"ਮੈਂ ਉਸ ਨੂੰ ਪਕੜ ਲਿਆ ?"

"ਤੂੰ ਉਸ ਤੋਂ ਬੱਚਾ ਖੋਹ ਲਿਆ ?"

"ਤੂੰ ਸਮਝਦੀ ਏਂ ਮੈਂ ਖੋਤਾ ਵਾਂ ?"

"ਫਿਰ ਤੂੰ ਕੀ ਕੀਤਾ ?" ਹੋਰਟਨੈਸ ਨੇ ਜਾਣਨ ਦੀ ਜ਼ਿੱਦ ਕੀਤੀ।

ਜ਼ਵਾਈਲਿੰਗ ਨੇ ਮਖ਼ੌਲ ਉਡਾਉਣ ਦੇ ਅੰਦਾਜ਼ ਵਿੱਚ ਆਪਣਾ ਮੂੰਹ ਸੁਕੇੜਿਆ, ਅੱਖ ਮਾਰੀ ਤੇ ਹੋਰਟਨੈਸ ਵੱਲ ਝੁਕ ਕੇ ਲੁਕਵੇਂ ਢੰਗ ਨਾਲ਼ ਬੋਲਿਆ : "ਤੂੰ ਚੀਨੀ ਦੇ ਭਾਂਡੇ ਲੁਕਾ ਤੇ ਮੈਂ ਯਹੂਦੀ ਬੱਚੇ ਨੂੰ ਲੁਕਾਵਾਂਗਾ।" ਉਹ ਹੱਸਿਆ।

ਹੋਰਟਨੈਸ ਕਾਹਲ਼ੀ ਨਾਲ਼ ਉੱਠ ਖਲ੍ਹੋਤੀ।

ਜ਼ਵਾਈਲਿੰਗ ਮੁੜ ਅਰਾਮ ਕੁਰਸੀ ਉੱਤੇ ਲੇਟਦੇ ਹੋਏ ਬੋਲਿਆ, "ਹੁਣ ਦੱਸਣਾ ਕੀ ਏ, ਮੈਂ ਬੱਸ ਉਸ ਨੂੰ ਫੜ ਲਿਆ, ਫਿਰ ਬਾਕੀ ਤਾਂ ਹੋਰ ਕੋਈ ਗੱਲ ਹੀ ਨਹੀਂ ਸੀ। ਜੇ ਮੈਂ ਉਸ ਨੂੰ ਫ਼ਾਂਸੀ ਘਰ ਪਹੁੰਚਾ ਦੇਂਦਾ ਤਾਂ ਹੁਣ ਤੱਕ ਉਸ ਦੀ ਲਾਸ਼ ਠੰਡੀ ਪੈ ਗਈ ਹੁੰਦੀ।"

ਹੋਰਟਨੈਸ ਸੁਣਦੀ ਰਹੀ : "ਹਾਂ, ... ਪਰ ਤੂੰ ਇਹ ਕੀਤਾ ਕਿਉਂ ਨਾ ...?"

ਜ਼ਵਾਈਲਿੰਗ ਨੇ ਅਰਥ ਭਰਪੂਰ ਢੰਗ ਨਾਲ਼ ਆਪਣੇ ਮੱਥੇ ਵੱਲ ਇਸ਼ਾਰਾ ਕੀਤਾ :"ਤੂੰ ਮੇਰੇ ਯਹੂਦੀ ਨੂੰ ਨਾ ਮਾਰ, ਮੈਂ ਤੇਰੇ ਯਹੂਦੀ ਨੂੰ ਨਹੀਂ ਮਾਰਾਂਗਾ। ਰਾਖੀ ਦੇ ਬਦਲੇ ਰਾਖੀ।"

ਉਸ ਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਹੋਰਟਨੈਸ ਉਸ ਨੂੰ ਚਿੰਤਾ ਨਾਲ਼ ਵੇਖ ਰਹੀ ਹੈ। ਉਸ ਹੈਰਾਨੀ ਨਾਲ਼ ਪੁੱਛਿਆ :

"ਅਤੇ ਬੱਚਾ ?" ਹੋਰਟਨੈਸ ਨੇ ਕਾਹਲ਼ੀ-ਕਾਹਲ਼ੀ ਸਾਹ ਲੈਂਦਿਆਂ ਪੁੱਛਿਆ।

ਜ਼ਵਾਈਲਿੰਗ ਨੇ ਮੋਢੇ ਹਿਲਾਏ ਤੇ ਬੇਪਰਵਾਹੀ ਨਾਲ਼ ਕਹਿਣ ਲੱਗਾ : "ਹੁਣ ਵੀ ਮੇਰੀ ਬਿਲਡਿੰਗ ਵਿੱਚ ਹੈ, ਉਹ ਲੋਕ ਨਿਗਰਾਨੀ ਕਰ ਰਹੇ ਹਨ, ਤੂੰ ਤਸੱਲੀ ਰੱਖ!"

ਹੋਰਟਨੈਸ ਖ਼ਾਮੋਸ਼ੀ ਨਾਲ਼ ਕੁਰਸੀ 'ਤੇ ਆ ਬੈਠੀ।

"ਅਤੇ ਤੂੰ ਉਨ੍ਹਾਂ ਲੋਕਾਂ 'ਤੇ ਵਿਸ਼ਵਾਸ਼ ਕਰ ਰਿਹਾ ਏਂ, ਕੀ ਤੂੰ ਅਮਰੀਕਨਾਂ ਦੇ ਪੁੱਜਣ ਮਗਰੋਂ ਵੀ ਕੈਂਪ ਵਿੱਚ ਠਹਿਰਨਾ ਚਾਹੁੰਦਾ ਏਂ ?"

"ਸੁਣ..."

ਜ਼ਵਾਈਲਿੰਗ ਨੇ ਅੱਕ ਕੇ ਆਪਣਾ ਹੱਥ ਹਿਲਾਇਆ "ਇੰਨੀ ਬਕਵਾਸ ਨਾ ਕਰ। ਕੈਂਪ ਵਿੱਚ ਠਹਿਰਨਾ ? ਕੀ ਤੂੰ ਸਮਝਦੀ ਏਂ, ਜਦੋਂ ਸਮਾਂ ਆਏਗਾ ਤੇ ਮੈਂ ਇੱਥੋਂ ਬਚ ਕੇ ਨਿੱਕਲ਼ ਸਕਾਂਗਾ ? ਉਹ ਯਹੂਦੀ ਬੱਚਾ ਬੜਾ ਕੰਮ ਆਵੇਗਾ। ਸਮਝਦੀ ਵੀ ਏਂ ਤੂੰ ! ਘੱਟੋ ਘੱਟ ਉਨ੍ਹਾਂ ਲੋਕਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਮੈਂ ਠੀਕ ਆਦਮੀ ਹਾਂ।"

ਹੋਰਟਨੈਸ ਨੇ ਤੰਗ ਆ ਕੇ ਹੱਥ ਝਟਕੇ : "ਚੁੱਪ ਕਰ ਹਾਏ ਰੱਬਾ! ਇਹ ਤੂੰ ਕੀ ਕੀਤਾ ?"

ਜ਼ਵਾਈਲਿੰਗ ਨੂੰ ਇਸ ਪਾਗਲਪਣ ਉੱਤੇ ਹੈਰਾਨੀ ਹੋ ਰਹੀ ਸੀ : "ਤੂੰ ਚਾਹੁੰਦੀ ਕੀ ਏਂ ? ਘਬਰਾਉਣ ਦੀ ਕੋਈ ਗੱਲ ਨਹੀਂ।"

"ਤੂੰ ਹੈਂ ਕਿਹੜੀ ਚਿੰਤਾ ਵਿੱਚ ?" ਹੋਰਟਨੈਸ ਨੇ ਚੀਕ ਕੇ ਉੱਤਰ ਦਿੱਤਾ, "ਜੇ ਗੱਲ ਉਨ੍ਹਾਂ ਦੀ ਹੋ ਗਈ ਤਾਂ ਉਹ ਲੋਕ ਇਸ ਦੀ ਰਤਾ ਪ੍ਰਵਾਹ ਨਹੀਂ ਕਰਨਗੇ ਕਿ ਤੂੰ ਠੀਕ ਆਦਮੀ ਏਂ। ਪਹਿਲੇ ਅਮਰੀਕੀ ਦੇ ਪੈਰ ਰੱਖਦਿਆਂ ਹੀ ਉਹ ਲੋਕ ਤੇਰਾ ਖ਼ਾਤਮਾ ਕਰ ਦੇਣਗੇ।" ਤੇ ਉਸ ਫਿਰ ਆਪਣੇ ਹੱਥ ਝਟਕੇ : "ਛੇ ਵਰ੍ਹਿਆਂ ਤੋਂ ਨਾਜ਼ੀ ਪੁਲਸ ਵਿੱਚ ਏਂ।"

ਜ਼ਵਾਈਲਿੰਗ ਨੂੰ ਗ਼ੁੱਸਾ ਆ ਰਿਹਾ ਸੀ। ਉਹ ਇਸ ਗੱਲ ਦੀ ਆਗਿਆ ਨਹੀਂ ਸੀ ਦੇ ਸਕਦਾ ਕਿ ਹੋਰਟਨੈਸ ਇਸ ਦੇ ਐੱਸ.ਐੱਸ. ਦਾ ਮੈਂਬਰ ਹੋਣ ਦਾ ਮਖ਼ੌਲ ਉਠਾਏ। ਇਸ ਸਬੰਧ ਵਿੱਚ, ਉਹ ਕੁੱਝ ਨਹੀਂ ਸੀ ਸੁਣ ਸਕਦਾ, ਪਰ ਉਸ ਦੀ ਪਤਨੀ ਨੇ ਉਸ ਨੂੰ ਬੋਲਣ ਦਾ ਮੌਕਾ ਨਾ ਦਿੱਤਾ : "ਅਤੇ ਤੂੰ ਹੋਰ ਕੀ ਸਮਝਦਾ ਏਂ ? ਬੋਲ ? ਜਦੋਂ ਉਨ੍ਹਾਂ ਦੀ ਬਣ ਜਾਏਗੀ ਤਾਂ ਤੂੰ ਕੀ ਕਰੇਂਗਾ ?"

ਉਸ ਦੇ ਹੱਠ ਤੋਂ ਚਿੜ੍ਹ ਕੇ ਜ਼ਵਾਈਲਿੰਗ ਨੇ ਨਜ਼ਰਾਂ ਉਠਾਈਆਂ। ਹੋਰਟਨੈਸ ਉਸ ਦੇ ਸਾਹਮਣੇ ਖਲੋਤੀ ਸੀ। ਜ਼ਵਾਈਲਿੰਗ ਪਲਕਾਂ ਝਮਕਾਉਣ ਲੱਗਿਆ। ਉਸ ਤੋਂ ਕੁੱਝ ਆਖਿਆ ਨਹੀਂ ਸੀ ਜਾ ਰਿਹਾ। ਅਚਾਨਕ ਗ਼ੁੱਸੇ ਨਾਲ਼ ਭਰੀ ਹੋਈ, ਉਹ ਚੀਕਣ ਲੱਗੀ: "ਮੈਂ ਤਾਂ ਕੰਮ ਕਰ ਸਕਦੀ ਹਾਂ। ਖਾਣ ਪਕਾਉਣ ਦਾ ਹੀ ਕੰਮ ਕਰ ਲਵਾਂਗੀ। ਪਰ ਤੂੰ ? ਤੂੰ ਕਿਸ ਕੰਮ ਜੋਗਾ ਏਂ ? ਐੱਸ.ਐੱਸ. ਵਿੱਚ ਨਾ ਰਹੇਂਗਾ ਤਾਂ ਕੀ ਕਰੇਂਗਾ ?"

ਜ਼ਵਾਈਲਿੰਗ ਨੇ ਉੱਤਰ ਵਿੱਚ ਹੱਥ ਨਾਲ਼ ਉਹੋ ਬੇਅਰਥ ਇਸ਼ਾਰਾ ਕੀਤਾ, ਪਰ ਹੋਰਟਨੈਸ ਇੰਨੇ ਨਾਲ਼ ਮੰਨਣ ਵਾਲ਼ੀ ਨਹੀਂ ਸੀ।

"ਤਾਂ ਕੀ ਮੈਂ ਤੇਰਾ ਹੁਕਮ ਪੂਰਾ ਕਰਾਂ ?"

"ਬਕਵਾਸ ਬੰਦ ਕਰ!" ਜ਼ਵਾਈਲਿੰਗ ਨੂੰ ਹੋਰਟਨੈਸ ਦੇ ਵਿਅੰਗ ਦੀ ਚੋਭ ਅਨੁਭਵ ਹੋ ਰਹੀ ਸੀ। "ਵੇਖੋ, ਕੀ ਹੁੰਦਾ ਏ, ਮੈਂ ਤਾਂ ਕੁੱਝ ਆਪਣੀ ਸੁਰੱਖਿਆ ਦਾ ਪ੍ਰਬੰਧ ਕਰ ਹੀ ਲਿਆ ਏ...।"

"ਯਹੂਦੀ ਕਤੂਰਾ?" ਹੋਰਟਨੈਸ ਉੱਚੀ ਸਾਰੀ ਹੱਸੀ, "ਪ੍ਰਬੰਧ! ਕੀ ਗੱਲ ਆਖੀ ਏ ਤੂੰ! ਕਮਿਊਨਿਸਟਾਂ ਨਾਲ਼ ਸਾਜ਼ਸ਼ ਕਰ ਲਈ।"

"ਤੂੰ ਚੁੱਪ ਰਹੁ, ਤੈਨੂੰ ਕੁੱਝ ਪਤਾ ਨਹੀਂ।"

ਜ਼ਵਾਈਲਿੰਗ ਉੱਠ ਕੇ ਗ਼ੁੱਸੇ ਵਿੱਚ ਆਪਣੇ ਕਮਰੇ ਵਿੱਚ ਟਹਿਲਣ ਲੱਗਾ। ਹੋਰਟਨੈਸ ਉਸ ਵੱਲ ਵਧੀ ਤੇ ਉਸ ਨੂੰ ਪਕੜ ਕੇ ਆਪਣੇ ਵੱਲ ਫੇਰ ਲਿਆ। ਜ਼ਵਾਈਲਿੰਗ ਦੇ ਡਾਂਟਣ ਦਾ ਉਸ 'ਤੇ ਕੋਈ ਅਸਰ ਨਹੀਂ ਹੋਇਆ।

"ਮੰਨ ਲੈ ਹੋ ਗਿਆ ਤਾਂ? ਫਿਰ?"

ਜ਼ਵਾਈਲਿੰਗ ਨੇ ਡਰਦਿਆਂ ਹੋਰਟਨੈਸ ਵੱਲ ਵੇਖਿਆ: "ਕੀ ਪਤਾ ਲੱਗ ਜਾਵੇਗਾ?"

ਉਸ ਫਿਰ ਉਸ ਦੀ ਬਾਂਹ ਖਿੱਚੀ ਤੇ ਜ਼ੋਰ ਨਾਲ਼ ਬੋਲੀ: "ਪਤਾ ਲੱਗ ਗਿਆ ਤਾਂ?"

ਜ਼ਵਾਈਲਿੰਗ ਨੇ ਚਿੜ੍ਹ ਕੇ ਉਸ ਦਾ ਹੱਥ ਝਟਕ ਦਿੱਤਾ, ਪਰ ਹੋਰਟਨੈਸ ਹਟਣ ਵਾਲ਼ੀ ਨਹੀਂ ਸੀ, ਉਸ ਦਾ ਰਾਹ ਰੋਕੀ ਖਲ਼ੋਤੀ ਸੀ।

"ਕੀ ਤੇਰਾ ਦਿਮਾਗ਼ ਉੱਕਾ ਹੀ ਜਵਾਬ ਦੇ ਗਿਆ ਏ? ਅਖ਼ੀਰ ਵਿੱਚ ਅਜਿਹੀ ਕਰਤੂਤ ਕਰਨੀ! ਸਮਝਦਾ ਕਿਉਂ ਨਹੀਂ ਕਿ ਤੂੰ ਕੀ ਕਰ ਬੈਠਾ ਏਂ! ਜੇ ਪਤਾ ਲੱਗ ਗਿਆ ਤਾਂ ਤੇਰੇ ਆਪਣੇ ਲੋਕ ਹੀ ਤੈਨੂੰ ਗੋਲ਼ੀ ਮਾਰ ਦੇਣਗੇ, ਐਨ ਅੰਤਲੇ ਸਮੇਂ?"

ਜ਼ਵਾਈਲਿੰਗ ਸ਼ੱਕ ਵਿੱਚ ਪੈ ਗਿਆ। ਉਹ ਉੱਚੀ ਸਾਰੀ ਬੋਲਿਆ: "ਤਾਂ ਫਿਰ ਮੈਂ ਕੀ ਕਰਾਂ?"

"ਮੇਰੇ 'ਤੇ ਕਿਉਂ ਚੀਕਦਾ ਏਂ," ਹੋਰਟਨੈਸ ਨੇ ਤੰਗ ਹੋ ਕੇ ਆਖਿਆ, "ਇਸ ਯਹੂਦੀ ਕਤੂਰੇ ਨੂੰ ਜਿੰਨੀ ਵੀ ਛੇਤੀ ਹੋਵੇ ਮਗਰੋਂ ਲਾਹ।"

ਹੋਰਟਨੈਸ ਦੇ ਦਿਲ ਵਿੱਚ ਜਿਹੜਾ ਡਰ ਸੀ ਉਹ ਜ਼ਵਾਈਲਿੰਗ ਉੱਤੇ ਵੀ ਛਾ ਗਿਆ। ਉਸ ਨੂੰ ਇਸ ਖ਼ਤਰੇ ਦਾ ਅਚਾਨਕ ਅਹਿਸਾਸ ਹੋਇਆ।

"ਆਖਰ ਕਿੰਝ ਕਰਾਂ? ਕੁੱਝ ਤੂੰ ਹੀ ਦੱਸ?"

ਉਹ ਬਹੁਤ ਉੱਚੀ ਚੀਕੀ ਸੀ ਤੇ ਸਹਿਮ ਨਾਲ਼ ਚੁੱਪ ਹੋ ਗਈ ਸੀ। ਗੱਲਬਾਤ ਇੱਕੋ ਵਾਰ ਰੁਕ ਗਈ।

ਹੋਰਟਨੈਸ ਨੇ ਬਕਸੇ ਕੋਲ਼ ਜਾ ਕੇ ਫਿਰ ਪੈਕਿੰਗ ਸ਼ੁਰੂ ਕਰ ਦਿੱਤੀ। ਅਖ਼ਬਾਰਾਂ ਦੇ ਵਰਕਿਆਂ ਨੂੰ ਗੁੱਸੇ ਵਿੱਚ ਪਾੜਦੀ ਰਹੀ ਤੇ ਉਨ੍ਹਾਂ ਵਿੱਚ ਚੀਨੀ ਦੇ ਭਾਂਡੇ ਵਲ੍ਹੇਟਦੀ ਰਹੀ। ਫਿਰ ਸ਼ਾਮ ਤੱਕ ਉਨ੍ਹਾਂ ਆਪੋ ਵਿੱਚ ਕੋਈ ਗੱਲ ਨਾ ਕੀਤੀ।

ਜ਼ਵਾਈਲਿੰਗ ਕੋਈ ਤਦਬੀਰ ਸੋਚ ਰਿਹਾ ਸੀ। ਰਾਤ ਨੂੰ ਬਿਸਤਰੇ ਉੱਤੇ ਪੈਣ ਮਗਰੋਂ ਵੀ ਚੋਖੀ ਦੇਰ ਤੱਕ ਉਹ ਸੋਚਦਾ ਰਿਹਾ। ਅਚਾਨਕ ਉਹ ਉੱਠ ਕੇ ਬਹਿ ਗਿਆ ਤੇ ਆਪਣੀ

ਪਤਨੀ ਨੂੰ ਹੁੱਝ ਮਾਰ ਕੇ ਬੋਲਿਆ : "ਹੋਰਟਨੈਸ!"

ਉਹ ਤ੍ਰਭਕ ਪਈ ਤੇ ਨੀਂਦਰ ਵਿੱਚ ਉਸ ਨੂੰ ਅਜੇ ਕੁੱਝ ਸਮਝ ਨਹੀਂ ਸੀ ਪਿਆ ਕਿ ਜ਼ਵਾਈਲਿੰਗ ਬੋਲ ਪਿਆ : "ਆ ਗਿਆ ਮੇਰੀ ਸਮਝ ਵਿੱਚ!"

"ਕੀ ?"

ਜ਼ਵਾਈਲਿੰਗ ਨੇ ਬੱਤੀ ਜਗਾ ਦਿੱਤੀ।

"ਛੇਤੀ ਕਰ, ਉੱਠ ਟੁਰ!"

ਜ਼ਵਾਈਲਿੰਗ ਬੂਹੇ 'ਤੇ ਪਹੁੰਚ ਚੁੱਕਿਆ ਸੀ।

ਉਹ ਅਫ਼ਸਰਾਂ ਵਾਂਗ ਚੀਕਿਆ : "ਟੁਰ।"

ਇਹ ਹਾਪਤ ਸ਼ਾਰ ਫੋਹਰਰ ਸੀ। ਹੋਰਟਨੈਸ ਉਸ ਤੋਂ ਡਰਦੀ ਸੀ। ਇਸ ਲਈ ਉਹ ਨਿੱਘੇ ਬਿਸਤਰੇ ਵਿੱਚੋਂ ਉੱਠੀ, ਪਤਲੇ ਗਾਊਨ ਉੱਤੇ ਮੋਟਾ ਚੋਗਾ ਪਾਇਆ ਤੇ ਉਸ ਦੇ ਪਿੱਛੇ-ਪਿੱਛੇ ਡਰਾਇੰਗ ਰੂਮ ਵਿੱਚ ਆ ਗਈ। ਉਹ ਮੇਜ਼ ਦੀ ਦਰਾਜ਼ ਵਿੱਚੋਂ ਕੁੱਝ ਟੋਲ੍ਹ ਰਿਹਾ ਸੀ।

"ਮੈਨੂੰ ਲਿਖਣ ਲਈ ਕਾਗ਼ਜ਼ ਚਾਹੀਦੇ ਹਨ।"

ਹੋਰਟਨੈਸ ਨੇ ਉਸ ਨੂੰ ਇੱਕ ਪਾਸੇ ਧੱਕ ਦਿੱਤਾ ਤੇ ਦਰਾਜ਼ ਦੇ ਕਬਾੜਖ਼ਾਨੇ ਵਿੱਚੋਂ ਕਾਗ਼ਜ਼ਾਂ ਨੂੰ ਉਲਟਣ-ਪੁਲਟਣ ਲੱਗੀ।

"ਲੈ" ਉਸ ਨੇ ਜ਼ਵਾਈਲਿੰਗ ਨੂੰ ਇੱਕ ਸੱਦਾ ਪੱਤਰ ਫੜਾ ਦਿੱਤਾ, ਜਿਹੜਾ ਨਾਜ਼ੀ ਫਰਾਊਨ ਸ਼ਾਫਟ ਕੋਲ਼ੋਂ ਆਇਆ ਸੀ। ਪਰ ਜ਼ਵਾਈਲਿੰਗ ਨੇ ਉਹ ਕਾਰਡ ਗ਼ੁੱਸੇ ਵਿੱਚ ਪਰ੍ਹਾਂ ਸੁੱਟ ਦਿੱਤਾ।

"ਕੀ ਤੇਰਾ ਸਿਰ ਫਿਰ ਗਿਆ ਏ ?" ਉਸ ਚਾਰੇ ਪਾਸੇ ਵੇਖਿਆ। ਕੁਰਸੀ ਉੱਤੇ ਇੱਕ ਬੰਡਲ ਪਿਆ ਸੀ। ਉਸ ਦੇ ਕਾਗ਼ਜ਼ ਵਿੱਚੋਂ ਜ਼ਵਾਈਲਿੰਗ ਨੇ ਇੱਕ ਟੋਟਾ ਪਾੜ ਲਿਆ।

"ਇਹ ਠੀਕ ਰਹੇਗਾ।" ਉਸ ਨੇ ਕਾਗ਼ਜ਼ ਦੇ ਟੋਟੇ ਨੂੰ ਮੇਜ਼ ਉੱਤੇ ਰੱਖਿਆ ਤੇ ਹਾਕਮੀ ਢੰਗ ਨਾਲ਼ ਆਖਿਆ : "ਪੈਨਸਲ, ਛੇਤੀ ਕਰ। ਇੱਥੇ ਬੈਠ, ਤੂੰ ਲਿਖਣਾ ਹੈ।"

ਜੋਸ਼ ਨਾਲ਼ ਭਰਿਆ ਉਹ ਆਪਣਾ ਹੱਥ ਵਾਰ-ਵਾਰ ਗੱਲ੍ਹ ਉੱਤੇ ਫੇਰ ਰਿਹਾ ਸੀ।

"ਕਿਵੇਂ ਲਿਖੇਂਗੀ ?"

"ਮੈਨੂੰ ਇਹ ਵੀ ਪਤਾ ਨਹੀਂ ਕਿ ਤੂੰ ਚਾਹੁੰਦਾ ਕੀ ਏਂ ?" ਹੋਰਟਨੈਸ ਨੇ ਉੱਤਰ ਦਿੱਤਾ, ਜੋ ਪੈਨਸਲ ਲੈ ਕੇ ਬੈਠੀ ਸੀ।

"ਲਿਖ!" ਜ਼ਵਾਈਲਿੰਗ ਨੇ ਹੁਕਮ ਦਿੱਤਾ, ਪਰ ਹੋਰਟਨੈਸ ਨੇ ਪੈਨਸਲ ਅਜੇ ਕਾਗ਼ਜ਼ ਨਾਲ਼ ਛੁਹਾਈ ਹੀ ਸੀ ਕਿ ਉਸ ਨੇ ਰੋਕ ਦਿੱਤਾ, "ਇੰਝ ਨਹੀਂ, ਵੱਡੇ ਸ਼ਬਦਾਂ ਵਿੱਚ ਇੰਝ ਜਾਪਣਾ ਚਾਹੀਦਾ ਹੈ ਜਿਵੇਂ ਕਿਸੇ ਕੈਦੀ ਨੇ ਘੱਲਿਆ ਏ।"

ਹੋਰਟਨੈਸ ਨੇ ਤੰਗ ਆ ਕੇ ਪੈਨਸਲ ਪਰ੍ਹਾਂ ਸੁੱਟ ਦਿੱਤੀ: "ਹੱਦ ਹੋ ਗਈ..."

"ਬਕ ਨਾ! ਲਿਖ!"

ਉਸ ਆਪਣੀਆਂ ਗੱਲ੍ਹਾਂ 'ਤੇ ਹੱਥ ਫੇਰਿਆ, ਫਿਰ ਬੋਲਣ ਲੱਗਾ: "ਸਮਾਨਖ਼ਾਨੇ ਦੇ ਫੋਰਮੈਨ ਹੋਫ਼ਲ ਤੇ ਕਰੋਪਿਨਸਕੀ ਨੇ ਇੱਕ ਯਹੂਦੀ ਬੱਚੇ ਨੂੰ ਲੁਕਾ ਰੱਖਿਆ ਹੈ ਅਤੇ ਹਾਪਤ

ਸ਼ਾਰ ਫ਼ੋਹਰਰ ਨੂੰ ਇਸ ਦਾ ਕੁੱਝ ਪਤਾ ਨਹੀਂ।"

ਹੋਰਟਨੈਸ ਨੇ ਮੋਟੇ-ਮੋਟੇ ਸ਼ਬਦਾਂ ਵਿੱਚ ਕਾਗ਼ਜ਼ ਉੱਤੇ ਲਿਖ ਦਿੱਤਾ। ਜ਼ਵਾਈਲਿੰਗ ਨੇ ਵੇਖਿਆ, "ਨਹੀਂ, ਠੀਕ ਨਹੀਂ ਬਣਿਆ।" ਉਸ ਨੇ ਬੰਡਲ ਤੇ ਵਲ੍ਹੇਟੇ ਹੋਏ ਕਾਗ਼ਜ਼ ਵਿੱਚੋਂ ਦੂਜਾ ਟੋਟਾ ਪਾੜਿਆ ਤੇ ਹੋਰਟਨੈਸ ਵੱਲ ਵਧਾਇਆ।

"ਸਮਾਨਖ਼ਾਨੇ ਦਾ ਹੋਫ਼ਲ ਤੇ ਪੋਲਸ਼ ਕਰੋਪਿਨਸਕੀ ਹਾਪਤ ਸ਼ਾਰ ਫ਼ੋਹਰਰ ਨੂੰ ਫਸਾਉਣਾ ਚਾਹੁੰਦੇ ਹਨ। ਇਨ੍ਹਾਂ ਲੋਕਾਂ ਕੱਪੜੇ ਵਾਲ਼ੇ ਕਮਰੇ ਦੇ ਪਿਛਲੇ ਸੱਜੇ ਕੋਨੇ ਵਿੱਚ ਇੱਕ ਯਹੂਦੀ ਬੱਚਾ ਲੁਕਾ ਰੱਖਿਆ ਏ।"

ਜ਼ਵਾਈਲਿੰਗ ਨੇ ਹੋਰਟਨੈਸ ਦੇ ਪਿੱਛੇ ਜਾ ਕੇ ਪੜ੍ਹਿਆ : "ਠੀਕ ਤੇ ਹੁਣ ਹੇਠਾਂ ਲਿਖ ਦੇ ਸਮਾਨਖ਼ਾਨੇ ਦਾ ਇੱਕ ਕੈਦੀ।"

ਹੋਰਟਨੈਸ ਅਜੇ ਲਿਖ ਰਹੀ ਸੀ ਕਿ ਉਸ ਨੇ ਪੁੱਛਿਆ, "ਤੂੰ ਇਸ ਟੋਟੇ ਨੂੰ ਕਰੇਂਗਾ ਕੀ ?"

ਜ਼ਵਾਈਲਿੰਗ ਨੇ ਖ਼ੁਸ਼ੀ ਨਾਲ਼ ਆਪਣੇ ਹੱਥ ਮਲ਼ੇ "ਇਸ ਨੂੰ ਰੀਨਬੂਥ ਦੀ ਤਰੀ ਵਿੱਚ ਮਿਲਾ ਦਿਆਂਗਾ।"

"ਚਲਾਕੀ ਵਿੱਚ ਤਾਂ ਤੂੰ ਲੂਮੜੀ ਦੇ ਵੀ ਕੰਨ ਕੁਤਰਦਾ ਏਂ।" ਹੋਰਟਨੈਸ ਨੇ ਘ੍ਰਿਣਾ ਨਾਲ਼ ਆਖਿਆ।

ਜ਼ਵਾਈਲਿੰਗ ਨੇ ਇਸ ਨੂੰ ਆਪਣੀ ਉਸਤਤ ਸਮਝਿਆ। ਪਤਲੇ ਗਾਊਨ ਹੇਠ ਹੋਰਟਨੈਸ ਦੀਆਂ ਭਰੀਆਂ-ਭਰੀਆਂ ਛਾਤੀਆਂ ਉਸ ਦੀ ਨੀਅਤ ਖ਼ਰਾਬ ਕਰ ਰਹੀਆਂ ਸਨ।

ਸਵੇਰ ਦੀ ਹਾਜ਼ਰੀ ਦੇ ਝੱਟ ਮਗਰੋਂ ਪੀਪਿਗ ਦੌੜ ਕੇ ਹਸਪਤਾਲ਼ ਪੁੱਜਿਆ। ਕਲੀਨਿੱਕ ਵਿੱਚ ਉਸ ਨੂੰ ਕੋਹਿਨ ਮਿਲ਼ ਗਿਆ।

"ਸੁਣ! ਮੈਨੂੰ ਗਰਮ ਪਾਣੀ ਵਾਲ਼ੀ ਇੱਕ ਬੋਤਲ ਚਾਹੀਦੀ ਏ।"

"ਕਿਸ ਵਾਸਤੇ ?" ਕੋਹਿਨ ਨੇ ਹੈਰਾਨਗੀ ਨਾਲ਼ ਪੀਪਿਗ ਵੱਲ ਵੇਖਿਆ, ਜਿਹੜਾ ਤੇਜ਼ ਦੌੜਨ ਕਾਰਨ ਹਫਿਆ ਹੋਇਆ ਸੀ, ਉਹ ਨਾਂਹ ਵਿੱਚ ਸਿਰ ਹਿਲਾ ਦਿੱਤਾ : "ਸਾਡੇ ਕੋਲ਼ ਪਹਿਲਾਂ ਹੀ ਬਹੁਤ ਘੱਟ ਹਨ।"

ਪੀਪਿਗ ਨੇ ਖ਼ੁਸ਼ਾਮਦ ਕੀਤੀ, ਮਿੰਨਤਾਂ ਕੀਤੀਆਂ ਤਾਂ ਕਿਤੇ ਜਾ ਕੇ ਕੋਹਿਨ ਨੇ ਉਸ ਨੂੰ ਗਰਮ ਪਾਣੀ ਦੀ ਬੋਤਲ ਦਿੱਤੀ। ਪੀਪਿਗ ਉਹ ਲੈ ਕੇ ਬਿਲਡਿੰਗ ਵਿੱਚ ਪਹੁੰਚਿਆ ਤੇ ਕਰੋਪਿਨਸਕੀ ਤੋਂ ਉਸ ਨੂੰ ਆਪਣੇ ਪੇਟ ਨਾਲ਼ ਬੰਨ੍ਹਾਇਆ। ਸਮਾਨਖ਼ਾਨੇ ਵਿੱਚੋਂ ਉਹ ਕੋਟਾਂ ਦਾ ਇੱਕ ਬੰਡਲ ਲੈ ਕੇ ਟੁਰ ਪਿਆ ਤੇ ਪਰੇਡ ਗਰਾਊਂਡ ਵਿੱਚੋਂ ਹੁੰਦਾ ਹੋਇਆ ਬੂਹੇ ਵੱਲ ਤੁਰ ਪਿਆ, ਜਿੱਥੇ ਉਸ ਨੇ ਬਾਹਰ ਜਾਣ ਦੀ ਰਿਪੋਰਟ ਦਿੱਤੀ। ਬਾਰੀ ਵਿੱਚ ਜਿਹੜਾ ਨਾਜ਼ੀ ਸੀ, ਉਸ ਪਾਸ ਬਣਾ ਦਿੱਤਾ ਤੇ ਬਲਾਕ ਫ਼ੋਹਰਰ ਨੇ ਪੀਪਿਗ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ।

"ਤੂੰ ਇਹ ਕੀ ਲਿਜਾ ਰਿਹਾ ਏਂ ?"

ਅਜਿਹੇ ਸੁਆਲਾਂ 'ਤੇ ਅਚਾਨਕ ਵਾਪਰਨ ਵਾਲ਼ੀਆਂ ਘਟਨਾਵਾਂ ਲਈ ਪੀਪਿਗ ਪਹਿਲਾਂ ਹੀ ਤਿਆਰ ਸੀ। ਪੀਪਿਗ ਖਟਾਕ ਨਾਲ਼ ਖੱਬੇ ਮੁੜ ਗਿਆ। ਉਹ ਚੰਗੀ ਤਰ੍ਹਾਂ

ਜਾਣਦਾ ਸੀ ਕਿ ਨਾਜ਼ੀ ਫ਼ੌਜੀ ਨੇਮਾਂ ਨੂੰ ਬੜੀ ਮਹੱਤਤਾ ਦੇਂਦੇ ਹਨ ਤੇ ਇਹੋ ਸਭ ਤੋਂ ਵੱਧ ਕੰਮ ਯੋਗ ਪਾਸ ਹੈ।

"ਚੁਣੇ ਹੋਏ ਗਰਮ ਕੱਪੜੇ ਮੁਰੰਮਤੀ ਲਈ ਦਰਜ਼ੀ ਕੋਲ਼ ਲਿਜਾ ਰਿਹਾ ਹਾਂ" ਉਸ ਨੇ ਰਿਪੋਰਟ ਦਿੱਤੀ ਤੇ 'ਗਰਮ ਕੱਪੜਿਆਂ' 'ਤੇ ਰਤਾ ਵਧੇਰੇ ਜ਼ੋਰ ਦਿੱਤਾ, ਜਿਹੜਾ ਬਲਾਕ ਫ਼ੋਹਰਰ ਦੇ ਕੰਨਾਂ ਨੂੰ ਚੰਗਾ ਲੱਗਿਆ ਹੋਵੇਗਾ। ਅੰਤ ਲੜਾਈ ਛਿੜਿਆਂ ਨੂੰ ਪੰਜ ਸਾਲ ਹੋ ਗਏ ਹਨ।

ਬੇਫ਼ਿਕਰੀ ਨਾਲ਼ ਪੀਪਿਗ ਨੇ ਬਲਾਕ ਫ਼ੋਹਰਰ ਨੂੰ ਕੋਟਾਂ ਨੂੰ ਵੇਖਣ ਦਿੱਤਾ। ਯੋਗ ਤੇ ਚੰਗੀ ਕਿਸਮ ਦੇ ਕੋਟਾਂ ਨੇ ਬਲਾਕ ਫ਼ੋਹਰਰ ਨੂੰ ਇਸ ਗੱਲ ਦਾ ਅਵਸਰ ਹੀ ਨਾ ਦਿੱਤਾ ਕਿ ਉਹ ਕੈਦੀ ਉੱਤੇ ਕੋਈ ਇਤਰਾਜ਼ ਕਰ ਸਕੇ। ਉਸ ਨੇ ਸਿਰ ਦੇ ਇਸ਼ਾਰੇ ਨਾਲ਼ ਉਸ ਨੂੰ ਜਾਣ ਲਈ ਆਖਿਆ।

ਪੀਪਿਗ ਨੇ ਖਟਾਕ ਨਾਲ਼ ਅੱਡੀਆਂ ਵਜਾਈਆਂ ਤੇ ਮੁੜ ਗਿਆ। ਜਦੋਂ ਉਹ ਫ਼ਾਟਕ ਤੋਂ ਬਾਹਰ ਹੋ ਗਿਆ ਤਾਂ ਉਸ ਨੂੰ ਇੰਝ ਜਾਪਿਆ ਜਿਵੇਂ ਉਹ ਸੂਈ ਦੇ ਨੱਕੇ ਵਿੱਚੋਂ ਨਿੱਕਲ਼ ਕੇ ਆ ਰਿਹਾ ਹੈ।

ਦਰਜ਼ੀ ਦੀ ਦੁਕਾਨ ਵਿੱਚ ਇਸ ਦਾ ਸਾਹਮਣਾ ਇੱਕ ਰੋਟਨ ਫ਼ੋਹਰਰ ਨਾਲ਼ ਹੋ ਗਿਆ।

"ਇਹ ਤੂੰ ਕੀ ਲਿਆ ਰਿਹਾ ਏਂ ?"

ਪੀਪਿਗ ਦੇ ਬੋਲਣ ਤੋਂ ਪਹਿਲਾਂ ਹੀ ਲਾਂਗੇ ਨੇ ਨਾਜ਼ੀ ਦੇ ਪਿੱਛਿਓਂ ਆਖਿਆ : "ਮੁਰੰਮਤੀ ਲਈ ਆਇਆ ਹੈ ਰੋਟਨ ਫ਼ੋਹਰਰ, ਮੈਂ ਸਮਾਨਖ਼ਾਨੇ ਵਿੱਚੋਂ ਮੰਗਵਾਇਆ ਹੈ।"

ਰੋਟਨ ਫ਼ੋਹਰਰ ਨੇ ਪੀਪਿਗ ਨੂੰ ਅੰਦਰ ਜਾਣ ਦਿੱਤਾ।

ਮਸ਼ੀਨਾਂ ਉੱਤੇ ਸਿਲਾਈ ਕਰਦੇ ਦਰਜ਼ੀਆਂ ਵਿੱਚੋਂ ਹੋ ਕੇ ਉਸ ਕੋਟਾਂ ਦੇ ਢੇਰ ਲਾਂਗੇ ਦੇ ਸਾਹਮਣੇ ਉਸ ਮੇਜ਼ ਉੱਤੇ ਲਾ ਦਿੱਤਾ, ਜਿਸ ਉੱਤੇ ਉਹ ਕੱਪੜੇ ਕੱਟਦਾ ਸੀ। ਫੋਰਮੈਨ ਨੇ ਇੱਕ-ਇੱਕ ਕੋਟ ਨੂੰ ਗਹੁ ਨਾਲ਼ ਵੇਖਿਆ। ਇੱਕ ਨੂੰ ਉਠਾਇਆ, ਘੁਮਾਇਆ, ਉਲਟਿਆ-ਪੁਲਟਿਆ, ਮੇਜ਼ 'ਤੇ ਫ਼ੈਲਾਇਆ, ਅਸਤਰ ਤੇ ਉੱਪਰ ਦਾ ਕੱਪੜਾ ਵੇਖਿਆ। ਭਾਵ ਕੀ ਕਿ ਉਹ ਕੰਮ ਵਿੱਚ ਗਵਾਚਾ ਹੋਇਆ ਸੀ, ਬੱਸ ਉਸ ਦੀਆਂ ਅੱਖਾਂ ਇਸ ਸਾਰੇ ਅਮਲ ਦੇ ਵਿਚਾਲ਼ੇ ਇੱਕ ਖ਼ਾਸ ਪਾਸੇ ਵੱਲ ਵਾਰ-ਵਾਰ ਉੱਠ ਰਹੀਆਂ ਸਨ, ਜਿਸ ਨੂੰ ਪੀਪਿਗ ਨੇ ਤਾੜ ਲਿਆ।

"ਅੱਛਾ, ਮੇਜ਼ ਦੇ ਹੇਠਾਂ ਕਾਤਰਾਂ ਦੇ ਬਕਸੇ ਵਿੱਚ।"

ਪੀਪਿਗ ਝੱਟ ਝੁਕ ਗਿਆ। ਲਾਂਗੇ ਨੇ ਕੋਟ ਹੱਥ ਵਿੱਚ ਲੈ ਕੇ ਇੰਝ ਫ਼ੈਲਾਇਆ ਕਿ ਪਰਦਾ ਹੋ ਗਿਆ ਤੇ ਹੇਠਾਂ ਉਸ ਕੱਪੜੇ ਦੀ ਓਟ ਵਿੱਚ ਆ ਗਿਆ, ਜਿਹੜਾ ਮੇਜ਼ ਉੱਤੇ ਝਾਲਰ ਵਾਂਗ ਲੱਗਿਆ ਹੋਇਆ ਸੀ। ਫੁਰਤੀ ਨਾਲ਼ ਪੀਪਿਗ ਨੇ ਕੋਟ ਤੇ ਕਮੀਜ਼ ਦੇ ਬਟਣ ਖੋਲ੍ਹੇ, ਬੋਤਲ ਦਾ ਡੱਟ ਖੋਲ੍ਹਿਆ, ਕੱਪੜੇ ਵਾਲ਼ੇ ਬਕਸੇ ਵਿੱਚੋਂ ਟੋਹ ਕੇ ਦੁੱਧ ਦੀ ਬੋਤਲ ਕੱਢੀ ਅਤੇ ਖ਼ਾਲੀ ਗਰਮ ਪਾਣੀ ਵਾਲ਼ੀ ਰਬੜ ਦੀ ਬੋਤਲ ਵਿੱਚ ਦੁੱਧ ਭਰ ਹੀ ਰਿਹਾ ਸੀ ਕਿ ਉੱਪਰੋਂ ਇੱਕ ਪੈਕਟ ਆ ਕੇ ਡਿੱਗਿਆ "ਅੰਗੂਰ ਦੀ ਖੰਡ'। ਪੀਪਿਗ ਨੇ ਸਿਰ ਉਠਾ ਕੇ ਲਾਂਗੇ ਵੱਲ

ਵੇਖਿਆ। ਲਾਂਗੇ ਨੇ ਅੱਖ ਮਾਰੀ। ਦੋਵੇਂ ਇੱਕ ਦੂਜੇ ਨੂੰ ਸਮਝ ਗਏ ਸਨ।

ਪੀਪਿਗ ਨੇ ਪੈਕਟ ਸੰਭਾਲ ਕੇ ਰੱਖਿਆ, ਕੱਪੜੇ ਠੀਕ ਕੀਤੇ ਤੇ ਖੜ੍ਹਾ ਹੋ ਗਿਆ। ਦੋ ਚਾਰ ਏਧਰ-ਉੱਧਰ ਦੀਆਂ ਮਾਰ ਕੇ ਉਹ ਟੁਰ ਪਿਆ। ਰੋਟਨ ਫ਼ੋਹਰਰ ਨੇ ਪਾਸ ਉੱਤੇ ਦਸਤਖ਼ਤ ਕਰ ਦਿੱਤੇ।

ਠੰਡੇ ਦੁੱਧ ਨਾਲ਼ ਪੀਪਿਗ ਦਾ ਪੇਟ ਠੰਡਾ ਹੋ ਗਿਆ। ਰਾਹ ਵਿੱਚ ਉਸ ਖੰਡ ਵਾਲਾ ਪੈਕਟ ਆਪਣੀ ਕੈਦੀਆਂ ਵਾਲ਼ੀ ਟੋਪੀ ਵਿੱਚ ਰੱਖ ਲਿਆ, ਤਾਂ ਜੋ ਜੇ ਨਾਜ਼ੀਆਂ ਸਾਹਮਣੇ ਟੋਪੀ ਲਾਹੁਣੀ ਵੀ ਪਵੇ ਤਾਂ ਖੰਡ ਹੱਥ ਵਿੱਚ ਰਹੇ।

ਬੂਹੇ ਦੇ ਕੋਲ਼ ਪੁੱਜ ਕੇ ਪੀਪਿਗ ਨੇ ਬਾਰੀ ’ਤੇ ਕੈਦੀਆਂ ਦੀ ਲੰਮੀ ਕਤਾਰ ਵੇਖੀ ਤੇ ਸਮਝ ਗਿਆ ਕਿ ਬਲਾਕ ਫ਼ੋਹਰਰ ਜਾਮਾ ਤਲਾਸ਼ੀ ਲੈ ਰਿਹਾ ਹੈ।

‘ਮਰਦੂਦ ਹਰਾਮੀ ਇੱਕ-ਇੱਕ ਨੂੰ ਟਟੋਲ ਰਿਹਾ ਹੈ।’

ਪੀਪਿਗ ਨਾ ਹੁਣ ਪਰਤ ਸਕਦਾ ਸੀ ਤੇ ਜਿੱਥੇ ਸੀ ਉੱਥੇ ਖੜ੍ਹਾ ਹੋ ਸਕਦਾ ਸੀ। ਉਹ ਫ਼ਾਟਕ ਦੇ ਬਹੁਤ ਨੇੜੇ ਆ ਗਿਆ ਸੀ। ‘ਕੀ ਕਰਨਾ ਚਾਹੀਦਾ ਹੈ? ਆਪਣੇ ਆਪ ਨੂੰ ਸੰਭਾਲ਼ਣਾ ਚਾਹੀਦਾ ਹੈ। ਮਰਦ ਬਣਨਾ ਚਾਹੀਦਾ ਹੈ। ਹੁਣ ਤੈਨੂੰ ਕੌਣ ਰੋ ਰਿਹਾ ਹੈ, ਤੂੰ ਜਾਂ ਮੈਂ?’ ਨਿੱਡਰ ਹੋ ਕੇ ਪੀਪਿਗ ਸੂਈ ਦੇ ਨੱਕੇ ਕੋਲ਼ ਜਾ ਪਹੁੰਚਿਆ। ਕੈਦੀਆਂ ਦੀ ਭੀੜ ਕੋਲ਼ੋਂ ਲੰਘ ਕੇ ਉਸ ਝੱਟ ਆਪਣੀ ਟੋਪੀ ਲਾਹ ਲਈ ਖੰਡ ਦੇ ਪੈਕਟ ਸਮੇਤ ਖਟਾਕ ਕਰ ਕੇ ਅੱਡੀ ਮਿਲ਼ਾਈ ਤੇ ਉੱਚੀ ਸਾਰੀ ਬੋਲਿਆ, “ਕੈਦੀ ਨੰਬਰ 2398, ਕੈਂਪ ਨੂੰ ਵਾਪਸ ਦਰਜ਼ੀ ਦੀ ਦੁਕਾਨ ਤੋਂ।”

ਤਲਾਸ਼ੀ ਵਿੱਚ ਰੁੱਝਿਆ ਬਲਾਕ ਫ਼ੋਹਰਰ ਜਿਵੇਂ ਹੀ ਮੁੜਿਆ, ਪੀਪਿਗ ਨੇ ਪਾਸ ਉਸ ਵੱਲ ਵਧਾਇਆ ਖਟਾਕ ਕਰ ਕੇ ਅੱਡੀ ਮਾਰ ਕੇ ਪਰਤਿਆ ਤੇ ਸੂਈ ਦੇ ਨੱਕੇ ਵਿੱਚੋਂ ਨਿੱਕਲ਼ ਆਇਆ। ਕੁੱਝ ਸੈਕਿੰਡ ਹੀ ਲੰਘੇ ਕੀ ਪਿੱਛੋਂ ਅਵਾਜ਼ ਮਿਲ਼ੇਗੀ? ਸਮਾਨਖ਼ਾਨੇ ਵਾਲ਼ੇ-ਵਾਪਸ ਫ਼ਾਟਕ ਪਰ...।”

ਹਰ ਉਸ ਕਦਮ ਨਾਲ਼ ਜੋ ਪੀਪਿਗ ਨੂੰ ਫ਼ਾਟਕ ਤੋਂ ਦੂਰ ਕਰ ਰਿਹਾ ਸੀ, ਖਿੱਚੋਤਾਣ ਘਟਦੀ ਜਾ ਰਹੀ ਸੀ। ਹੁਣ ਉਸ ਨੂੰ ਪੇਟ ਉੱਤੇ ਠੰਡ ਦਾ ਅਹਿਸਾਸ ਵੀ ਨਹੀਂ ਸੀ ਹੋ ਰਿਹਾ। ਕੋਈ ਨਾ ਚੀਕਿਆ।

ਪਿੱਛੇ ਇੱਕ ਜਾਨ ਬਖ਼ਸ਼ਣ ਵਾਲ਼ਾ ਖਲਾਅ ਸੀ। ਜਦੋਂ ਪੀਪਿਗ ਅੱਧੀ ਪਰੇਡ ਗਰਾਊਂਡ ਲੰਘ ਚੁੱਕਿਆ ਤਾਂ ਦੌੜਨ ਲੱਗ ਪਿਆ। ਖਿਚਾਅ ਉੱਕਾ ਹੀ ਅਲੋਪ ਹੋ ਗਿਆ ਤੇ ਉਸ ਦੀ ਥਾਂ ਖ਼ੁਸ਼ੀ ਨੇ ਲੈ ਲਈ।

ਪੀਪਿਗ ਦੌੜੀ ਜਾ ਰਿਹਾ ਸੀ ‘ਮੇਰੇ ਨਿੱਕਚੂ, ਖ਼ੁਸ਼ਖ਼ਬਰੀ, ਸਾਨੂੰ ਦੁੱਧ ਮਿਲ਼ ਗਿਆ।’

ਕਰੋਪਿਨਸਕੀ ਦੀਆਂ ਅੱਖਾਂ ਵਿੱਚ ਖ਼ੁਸ਼ੀ ਦੇ ਅੱਥਰੂ ਆ ਗਏ। ਦੋਵੇਂ ਬੱਚੇ ਦੇ ਸਾਹਮਣੇ ਬੈਠੇ ਸਨ ਅਤੇ ਉਸ ਨੂੰ ਸੁਆਦ ਲੈ-ਲੈ ਕੇ ਦੁੱਧ ਪਿਆਉਂਦੇ ਜਾ ਰਹੇ ਸਨ। ਕਰੋਪਿਨਸਕੀ ਵਾਰ-ਵਾਰ ਪੀਪਿਗ ਦੇ ਮੋਢੇ ਥਾਪੜ ਰਿਹਾ ਸੀ, ਜਿਸ ਨੇ ਬੜੀ ਕਰੜਾਈ ਨਾਲ਼ ਅਲਮੋਨੀਅਮ ਦੇ ਵੱਡੇ ਪਿਆਲੇ ਨੂੰ ਪਕੜ ਰੱਖਿਆ ਸੀ ਤੇ ਵਾਰ-ਵਾਰ ਆਪਣੇ ਬੁੱਲ੍ਹ

ਚੱਟ ਰਿਹਾ ਸੀ।

ਕਰੋਪਿਨਸਕੀ ਨੇ ਹੌਲ਼ੀ ਜਿਹੀ ਆਖਿਆ "ਮੇਰਾ ਚੰਗਾ ਵੀਰ, ਮੇਰਾ ਚੰਗਾ ਬਹਾਦਰ ਵੀਰ।"

ਪੀਪਿਗ ਨੇ ਉੱਤਰ ਦਿੱਤਾ : "ਪਰ ਤੈਨੂੰ ਕੀ ਪਤਾ ਮੇਰਾ ਤਾਂ ਪਤਲੂਣ ਵਿੱਚ ਮੂਤਰ ਨਿੱਕਲ਼ਦਾ-ਨਿੱਕਲ਼ਦਾ ਬਚਿਆ।"

ਉਹ ਹੱਸਣ ਲੱਗਿਆ, ਉਸ ਨੂੰ ਆਪ ਵਿਸ਼ਵਾਸ਼ ਨਹੀਂ ਸੀ ਆ ਰਿਹਾ।

ਅਚਾਨਕ ਹੋਫ਼ਲ ਇਨ੍ਹਾਂ ਦੇ ਪਿੱਛੇ ਆ ਕੇ ਖੜ੍ਹਾ ਹੋ ਗਿਆ। ਇਨ੍ਹਾਂ ਦੋਨਾਂ ਉਸ ਨੂੰ ਖ਼ੁਸ਼ ਹੋ ਕੇ ਵੇਖਿਆ।

"ਤੁਹਾਨੂੰ ਦੁੱਧ ਕਿੱਥੋਂ ਮਿਲ਼ਿਆ ?"

ਪੀਪਿਗ ਨੇ ਮੁਸਕਰਾ ਕੇ ਹੋਫ਼ਲ ਨੂੰ ਵੇਖਿਆ ਤੇ ਬੱਚੇ ਦੇ ਪੇਟ ਵਿੱਚ ਉਂਗਲੀ ਖੋਭ ਕੇ ਬੋਲਿਆ "ਪੈਲ਼ੀਆਂ ਵਿੱਚ ਗਾਂ, ਦੱਸ ਬੀਬੀ ਗਾਂ, ਕੀ ਹਾਲ-ਚਾਲ ਏ ? ਸਾਨੂੰ ਥੋੜ੍ਹਾ ਜਿਹਾ ਦੁੱਧ ਦੇ ਜਾ ਤੇ ਫਿਰ ਚਲੀ ਜਾ...."

ਬੱਚਾ ਹੱਸਣ ਲੱਗ ਪਿਆ।

ਪੀਪਿਗ ਨੇ ਖੜਬਾਜ਼ੀ ਲਾਈ ਤੇ ਤਾੜੀ ਵਜਾਈ। "ਉਹ ਹੱਸ ਰਿਹਾ, ਸੁਣਿਆ ਏਂ ਤੂੰ, ਉਹ ਹੱਸ ਰਿਹਾ ਹੈ।"

ਹੋਫ਼ਲ ਗੰਭੀਰ ਰਿਹਾ। ਉਹ ਥੱਕਿਆ ਹੋਇਆ ਜਾਪ ਰਿਹਾ ਸੀ, ਇਸ ਲਈ ਕਿ ਉਸ ਨੇ ਰਾਤ ਬੜੀ ਬੇਚੈਨੀ ਨਾਲ਼ ਲੰਘਾਈ। ਸਵੇਰ ਦੀ ਹਾਜ਼ਰੀ ਤੋਂ ਪਹਿਲਾਂ ਹੀ ਉਹ ਕਰੈਮਰ ਤੋਂ ਸੁਣ ਚੁੱਕਿਆ ਸੀ ਕਿ 61 ਨੰਬਰ ਦੇ ਪੋਲ ਬਲਾਕ ਸੀਨੀਅਰ ਨੇ ਜਾਂਕੋਵਸਕੀ ਨਾਲ਼ ਸਭ ਕੁੱਝ ਤੈਅ ਕਰ ਲਿਆ ਹੈ।

ਹੁਣ ਹੋਫ਼ਲ ਬੱਚੇ ਦੇ ਸਾਹਮਣੇ ਖਲੋਤਾ ਉਸ ਨੂੰ ਸੁਆਦ ਲੈ-ਲੈ ਕੇ ਦੁੱਧ ਪੀਂਦਾ ਵੇਖ ਰਿਹਾ ਸੀ। ਹੁਣ ਉਸ ਨੂੰ ਇਨ੍ਹਾਂ ਦੋਹਾਂ ਨੂੰ ਸਮਝਾਉਣਾ ਸੀ ਕਿ ਬੱਚਾ...।

"ਸੁਣੋ!" ਹੋਫ਼ਲ ਨੇ ਸ਼ੁਰੂ ਕੀਤਾ। ਪੀਪਿਗ ਨੇ ਸਵੇਰੇ ਵੇਖਿਆ ਸੀ ਕਿ ਕਰੈਮਰ ਆਇਆ ਹੈ ਅਤੇ ਉਹ ਝੱਟ ਸਮਝ ਗਿਆ ਕਿ ਹੋਫ਼ਲ ਦੇ ਮੂੰਹ ਵਿੱਚੋਂ ਕੈਂਪ ਸੀਨੀਅਰ ਬੋਲ ਰਿਹਾ ਹੈ ਅਤੇ ਬੱਚੇ ਨੂੰ ਬਿਲਡਿੰਗ ਤੋਂ ਹਟਾਉਣ ਦਾ ਕੋਈ ਖ਼ਾਸ ਕਾਰਨ ਹੋਵੇਗਾ। ਪਰ ਛੂਤ ਵਾਲ਼ੀ ਬੈਰਕ ਵਿੱਚ ਹੀ, ਕਿਉਂ ?"

ਹੋਫ਼ਲ ਨੇ ਉਨ੍ਹਾਂ ਦੋਹਾਂ ਨੂੰ ਸਮਝਾਇਆ-ਬੁਝਾਇਆ। ਦਿਨ ਦਿਹਾੜੇ ਤਾਂ ਬੱਚੇ ਨੂੰ ਛੋਟੇ ਕੈਂਪ ਵਿੱਚ ਲਿਜਾਣਾ ਅਸੰਭਵ ਹੈ। ਇਹ ਕੰਮ ਹਨ੍ਹੇਰੇ ਵਿੱਚ ਹੀ ਹੋ ਸਕਦਾ ਹੈ। ਜ਼ਵਾਈਲਿੰਗ ਆਮ ਤੌਰ 'ਤੇ ਸ਼ਾਮ ਨੂੰ ਬਿਲਡਿੰਗ ਤੋਂ ਜਾਂਦਾ ਹੈ, ਉਹੋ ਸਮਾਂ ਠੀਕ ਰਹੇਗਾ। ਪੀਪਿਗ ਨੇ ਪਤਲੂਣ ਦੀਆਂ ਜੇਬ੍ਹਾਂ ਵਿੱਚ ਹੱਥ ਪਾਏ "ਇਹ ਤਾਂ ਬਲੂੰਗੜੇ ਜਿਹਾ ਛੋਟਾ ਹੈ...।"

ਇੱਕ ਕੈਦੀ ਉਨ੍ਹਾਂ ਨੂੰ ਸਾਵਧਾਨ ਕਰਨ ਆਇਆ। ਜ਼ਵਾਈਲਿੰਗ ਆ ਗਿਆ ਹੈ, ਉਨ੍ਹਾਂ ਨੂੰ ਵੱਖ-ਵੱਖ ਹੋ ਜਾਣਾ ਚਾਹੀਦਾ ਹੈ।

ਜ਼ਵਾਈਲਿੰਗ ਤੁਰੰਤ ਆਪਣੇ ਦਫ਼ਤਰ ਵਿੱਚ ਚਲਿਆ ਗਿਆ। ਉਹ ਪੁਰਜ਼ਾ ਅਜੇ

ਤੱਕ ਨਹੀਂ ਸੀ ਪਹੁੰਚਾ ਸਕਿਆ। ਕੈਂਪ ਵਿੱਚ ਵੜਦਿਆਂ ਹੀ ਉਹ ਰਿਪੋਰਟ ਰੂਮ ਵਿੱਚ ਗਿਆ ਸੀ। ਪਰ ਘਬਰਾਹਟ ਵਿੱਚ ਸਲਾਮ ਕਰਕੇ ਜਦੋਂ ਉਹ ਕਾਹਲ਼ੀ ਵਿੱਚ ਪਰਤਿਆ ਤਾਂ ਰੀਨਬ੍ਰਥ ਨੇ ਉਸ ਨੂੰ ਰਤਾ ਹੈਰਾਨਗੀ ਨਾਲ਼ ਵੇਖਿਆ। 'ਇਹ ਸਮਾਨਖ਼ਾਨੇ ਵਾਲ਼ਾ ਕੁੱਤਾ ਕਿਸ ਕੰਮ ਲਈ ਆਇਆ ਸੀ ?'

ਸਵੇਰੇ ਜ਼ਵਾਈਲਿੰਗ ਬਾਰ ਵਿੱਚ ਗਿਆ, ਪਰ ਕਿਸਮਤ ਨੇ ਸਾਥ ਨਾ ਦਿੱਤਾ। ਫ਼ਾਟਕ ਉੱਤੇ ਹਰ ਵਾਰ ਕੁੱਝ ਨਾ ਕੁੱਝ ਗੜਬੜ ਹੋ ਗਈ। ਦੁਪਹਿਰ ਨੂੰ ਜ਼ਵਾਈਲਿੰਗ ਆਪਣੇ ਕਮਰੇ ਵਿੱਚ ਬੈਠਾ ਸੋਚਦਾ ਰਿਹਾ : ਕੀ ਇਸ ਕਾਗ਼ਜ਼ ਨੂੰ ਭੇਜਣਾ ਠੀਕ ਹੈ ? ਅਤੇ ਉਹ ਤ੍ਰਭਕਿਆ। ਜੁਰਮ ਦੇ ਅਹਿਸਾਸ ਨਾਲ਼ ਉਸ ਆਪਣਾ ਮੂੰਹ ਬੰਦ ਕਰ ਲਿਆ, ਉੱਠਿਆ, ਬੂਹੇ ਤੱਕ ਗਿਆ ਤੇ ਪੁਕਾਰਿਆ : "ਹੋਫ਼ਲ।"

ਹੋਫ਼ਲ ਨੇ ਅੱਖ ਉੱਚੀ ਕਰ ਕੇ ਵੇਖਿਆ ਅਤੇ ਜ਼ਵਾਈਲਿੰਗ ਦੇ ਪਿੱਛੇ-ਪਿੱਛੇ ਉਸ ਦੇ ਕਮਰੇ ਵਿੱਚ ਆ ਗਿਆ। ਹੁਣ ਜਦੋਂ ਵੀ ਇਨ੍ਹਾਂ ਦੋਹਾਂ ਦਾ ਆਹਮਣਾ-ਸਾਹਮਣਾ ਹੁੰਦਾ ਤਾਂ ਦੋਹਾਂ ਵਿਚਾਲ਼ੇ, ਬੱਚੇ ਵਾਲ਼ਾ ਮਾਮਲਾ, ਇੱਕ ਅਜਿਹੀ ਸ਼ੈਅ ਬਣ ਜਾਂਦਾ, ਜਿਸ ਨੂੰ ਦੋਵੇਂ ਅੱਖੋਂ ਓਹਲੇ ਕਰਦੇ। ਉਹ ਕਿਸੇ ਖ਼ਤਰਨਾਕ ਭੇਦ ਵਾਂਗ ਵਾਤਾਵਰਣ ਵਿੱਚ ਰਿਚਿਆ ਰਹਿੰਦਾ। ਹੋਫ਼ਲ ਉਡੀਕ ਵਿੱਚ ਸੀ ਕਿ ਜ਼ਵਾਈਲਿੰਗ ਨਾ ਜਾਣੇ ਕੀ ਆਖਦਾ ਹੈ। ਉਸ ਹਾਪਤ ਸ਼ਾਰ ਫ਼ੋਹਰਰ ਨਾਲ਼ ਅੱਖਾਂ ਮਿਲ਼ਾਈਆਂ। ਜ਼ਵਾਈਲਿੰਗ ਨੇ ਮੇਜ਼ ਹੇਠਾਂ ਆਪਣੀਆਂ ਲੱਤਾਂ ਪਸਾਰ ਲਈਆਂ।

"ਅੱਜ ਹੋਰ ਕੋਈ ਟਰਾਂਸਪੋਰਟ ਨਹੀਂ ਆ ਰਹੀ। ਹਾਜ਼ਰੀ ਮਗਰੋਂ ਤੁਸੀਂ ਸਾਰੇ ਬਲਾਕ ਵਾਪਸ ਜਾ ਸਕਦੇ ਹੋ।"

"ਇਸ ਦਾ ਅਰਥ ਕੀ ਹੈ ?"

"ਵਾਹ, ਕੀ ਤੁਹਾਨੂੰ ਇਹ ਵੀ ਪਸੰਦ ਨਹੀਂ ਕਿ ਛੁੱਟੀ ਜਲਦੀ ਮਿਲ਼ ਜਾਵੇ ?"

ਉਹ ਆਪਣਾਪਣ ਜਿਤਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਅਸੀਂ ਤਾਂ ਬਹੁਤ ਕੰਮ ਕਰਨਾ ਏ।"

ਜ਼ਵਾਈਲਿੰਗ ਨੇ ਆਖਿਆ : "ਕੱਲ੍ਹ ਅੱਜ ਦਾ ਕੰਮ ਮੁੱਕ ਗਿਆ।"

"ਗਿਣਤੀ ਲਈ ਪਾਲ਼ ਬਣਾਓ !" ਹੋਫ਼ਲ ਬਿਲਡਿੰਗ ਵਿੱਚ ਘੁੰਮ-ਘੁੰਮ ਕੇ ਕਹਿਣ ਲੱਗਾ, "ਗਿਣਤੀ ਲਈ ਪਾਲ਼ ਬਣਾਓ !"

ਕਮਾਂਡੋ ਵਿੱਚ ਕੰਮ ਕਰਨ ਵਾਲ਼ੇ ਹਾਜ਼ਰੀ ਲਈ ਇੰਨੀ ਜ਼ਲਦੀ ਬੁਲਾਏ ਜਾਣ 'ਤੇ ਹੈਰਾਨ ਸਨ। ਤਾਂ ਵੀ ਉਹ ਸਾਰੇ ਲੰਮੇ ਕਾਊਂਟਰ ਸਾਹਮਣੇ ਜਮ੍ਹਾਂ ਹੋ ਗਏ ਸਨ। ਇਸ ਸਮੇਂ ਵਿੱਚ ਹੋਫ਼ਲ ਨੇ ਫਿਰ ਕੇ ਵੇਖਿਆ ਕਿ ਸਾਰੀਆਂ ਬਾਰੀਆਂ ਬੰਦ ਤੇ ਹਨ। ਉਹ ਸੋਚ ਰਿਹਾ ਸੀ ਕਿ ਜੇ ਜ਼ਵਾਈਲਿੰਗ ਆਪ ਹੀ ਕੁੰਜੀ ਲੈ ਕੇ ਗੇਟ 'ਤੇ ਦੇਵੇਗਾ ਤਾਂ ਉਹ ਬਾਹਰ ਹੋ ਜਾਣਗੇ ਤੇ ਬਿਲਡਿੰਗ ਵਿੱਚ ਬਾਹਰੋਂ ਹੀ ਆ ਸਕਦੇ ਹਨ।

ਅਸਲੀ ਵਿਉਂਤ ਨੂੰ ਬਦਲਣਾ ਪਵੇਗਾ। ਹੋਫ਼ਲ ਨੂੰ ਖ਼ਤਰੇ ਤੋਂ ਛੁਟਕਾਰਾ ਪਾਉਣ ਵਿੱਚ ਬੜੀ ਔਖ ਹੋ ਰਹੀ ਸੀ।

ਜ਼ਵਾਈਲਿੰਗ ਬਿਲਡਿੰਗ ਵਿੱਚ ਰੋਜ਼ ਨਾਲ਼ੋਂ ਵਧੇਰਾ ਚਿਰ ਕਿਉਂ ਰਹਿਣਾ ਚਾਹੁੰਦਾ ਸੀ ? ਕੀ ਕਰੇਗਾ ਉਹ ? ਕਰੋਪਿਨਸਕੀ ਵੀ ਇੰਨੀ ਛੇਤੀ ਹਾਜ਼ਰ ਹੋਣ 'ਤੇ ਹੈਰਾਨ ਹੁੰਦਾ ਹੋਇਆ ਆਇਆ : "ਕੀ ਹੈ ?"

ਤਿੰਨ

ਹਨ੍ਹੇਰਾ ਹੋ ਗਿਆ ਸੀ ਅਤੇ ਕੈਂਪ ਦੀ ਹਾਜ਼ਰੀ ਵੀ ਬੜਾ ਚਿਰ ਹੋਇਆ ਹੋ ਚੁੱਕੀ ਸੀ, ਪਰ ਜ਼ਵਾਈਲਿੰਗ ਅਜੇ ਤੱਕ ਸਮਾਨਖ਼ਾਨੇ ਵਿੱਚ ਸੀ। ਰਸੋਈਖ਼ਾਨੇ ਦੇ ਵਿਚਾਲ਼ੇ ਇੱਕ ਨੁੱਕਰ ਦੇ ਹਨ੍ਹੇਰੇ ਵਿੱਚ ਹੋਫ਼ਲ, ਕਰੋਪਿਨਸਕੀ ਤੇ ਪੀਪਿਗ ਛਹਿ ਕੇ ਖਲੋਤੇ ਸਨ, ਉਹ ਚੁੱਪ-ਚਾਪ ਇਸ ਵੱਡੀ ਬਿਲਡਿੰਗ ਦੀ ਦੂਜੀ ਮੰਜ਼ਲ ਵਾਲ਼ੀ ਬਾਰੀ ਨੂੰ ਵੇਖ ਰਹੇ ਸਨ।

ਕਰੋਪਿਨਸਕੀ ਨੇ ਕੁੱਝ ਆਖਿਆ, ਜੋ ਕਿਸੇ ਨਾ ਸੁਣਿਆ ਤੇ ਦੋਹਾਂ ਵਿੱਚੋਂ ਕਿਸੇ ਨੇ ਕੋਈ ਜਵਾਬ ਨਾ ਦਿੱਤਾ।

"ਕੀ ਬੱਚਾ ਸੌਂ ਗਿਆ ਹੋਵੇਗਾ।"

ਜ਼ਵਾਈਲਿੰਗ ਨੇ ਲੈਂਪ ਨੂੰ ਮੇਜ਼ ਦੇ ਹੇਠ ਰੱਖ ਕੇ ਉਸ 'ਤੇ ਕੱਪੜਾ ਪਾ ਦਿੱਤਾ ਸੀ ਤਾਂ ਜੋ ਬਾਰੀ ਵਿੱਚੋਂ ਚਾਨਣ ਬਾਹਰ ਵਿਖਾਈ ਨਾ ਦੇਵੇ। ਹੁਣ ਉਸ ਨੂੰ ਵਿਸ਼ਵਾਸ਼ ਹੋ ਗਿਆ ਸੀ ਕਿ ਰੀਨਬੂਥ ਕੈਂਪ ਵਿੱਚੋਂ ਬਾਹਰ ਚਲਿਆ ਗਿਆ ਹੋਵੇਗਾ ਤੇ ਫ਼ਾਟਕ ਉੱਤੇ ਪਹਿਰਾ ਬਦਲ ਚੁੱਕਿਆ ਹੋਵੇਗਾ। ਉਸ ਨੇ ਰਾਤ ਵਾਲ਼ੇ ਕਾਗ਼ਜ਼ ਨੂੰ ਆਪਣੀ ਵਰਦੀ ਦੀ ਉੱਪਰਲੀ ਜੇਬ੍ਹ ਵਿੱਚ ਰੱਖ ਲਿਆ। ਲੈਂਪ ਬੁਝਾਇਆ ਤੇ ਉਸ ਨੂੰ ਚੁੱਕ ਕੇ ਮੇਜ਼ ਉੱਤੇ ਰੱਖ ਦਿੱਤਾ। ਉਹ ਟੋਂਹਦਾ ਹੋਇਆ ਕੱਪੜੇ ਵਾਲ਼ੇ ਕਮਰੇ ਵਿੱਚੋਂ ਪਿਛਲੇ ਕਮਰੇ ਵੱਲ ਤੁਰਿਆ। ਉਸ ਦੀ ਟਾਰਚ ਹਨ੍ਹੇਰੇ ਵਿੱਚ ਛੁਰੇ ਵਾਂਗ ਚਮਕੀ। ਬੱਚੇ ਨੇ ਚਕਾਚੌਂਧ ਕਰਨ ਵਾਲ਼ੀ ਰੌਸ਼ਨੀ ਨੂੰ ਘਬਰਾ ਕੇ ਵੇਖਿਆ ਤੇ ਕੱਪੜਿਆਂ ਦੇ ਅੰਦਰ ਛਹਿਟ ਗਿਆ।

ਬਾਹਰ ਕਰੋਪਿਨਸਕੀ ਨੇ ਹੋਫ਼ਲ ਦੀ ਬਾਂਹ ਫੜ ਕੇ ਇਸ਼ਾਰਾ ਕੀਤਾ, "ਉੱਥੇ, ਔਹ ਵੇਖ !"

ਤਿੰਨਾਂ ਨੇ ਆਖ਼ਰੀ ਬਾਰੀ ਵੱਲ ਵੇਖਿਆ, ਜਿਸ ਤੋਂ ਇੱਕ ਪਾਸੇ ਵੱਲ ਚਾਨਣ ਦੀ ਇੱਕ ਲੀਕ ਕੰਬ ਰਹੀ ਸੀ। ਇੱਕ ਵਾਰ ਤਾਂ ਪੀਪਿਗ ਸਮਾਨਖ਼ਾਨੇ ਵੱਲ ਲਮਕਿਆ, ਇਸ ਤੋਂ ਪਹਿਲਾਂ ਕਿ ਉਹ ਬੂਹੇ ਦੇ ਅੰਦਰ ਜਾਂਦਾ, ਹੋਫ਼ਲ ਨੇ ਉਸ ਨੂੰ ਬਾਂਹੋਂ ਫੜ ਕੇ ਪਿਛਾਂਹ ਖਿੱਚਿਆ ਤੇ ਹੌਲ਼ੀ ਜਿਹੇ ਬੋਲਿਆ, "ਪਾਗ਼ਲ ਤਾਂ ਨਹੀਂ ਹੋ ਗਿਆ ?"

ਪੀਪਿਗ ਨੇ ਹੌਲ਼ੀ ਜਿਹੇ ਸਾਹ ਲੈਂਦਿਆਂ ਆਖਿਆ, "ਮੈਂ ਉਸ ਦੀ ਸੰਘੀ ਘੁੱਟ ਦਿਆਂਗਾ।"

ਕਰੋਪਿਨਸਕੀ ਵੀ ਉਨ੍ਹਾਂ ਕੋਲ਼ ਪੁੱਜ ਗਿਆ ਸੀ। ਉੱਪਰ ਇੱਕ ਬੂਹਾ ਚੀਕਿਆ। ਸੈਕਿੰਟਾਂ ਵਿੱਚ ਫ਼ੈਸਲਾ ਕਰਨਾ ਸੀ। ਤਿੰਨਾਂ ਆਪੋ ਵਿੱਚ ਛੇਤੀ-ਛੇਤੀ ਘੁਸਰ-ਮੁਸਰ ਕੀਤੀ।

ਹੋਫ਼ਲ ਬਿਲਡਿੰਗ ਵਿੱਚ ਅਲੋਪ ਹੋ ਗਿਆ ਤੇ ਬਾਕੀ ਦੋਵੇਂ ਹਨ੍ਹੇਰੀਆਂ ਪੌੜੀਆਂ ਦੇ ਹੇਠਾਂ ਛਹਿਟ ਗਏ। ਤੀਰ ਵਾਂਗ ਹੋਫ਼ਲ ਨੇ ਬੂਹਾ ਬੰਦ ਕਰ ਦਿੱਤਾ।

ਉੱਪਰ ਪਥਰੀਲੀਆਂ ਪੌੜੀਆਂ ਉੱਤੇ ਲੋਹੇ ਦੀਆਂ ਅੱਡੀਆਂ ਖੜਕ ਰਹੀਆਂ ਸਨ। ਟਾਰਚ ਦੀ ਇੱਕ ਪਤਲੀ ਜਿਹੀ ਰੌਸ਼ਨੀ ਪੌੜੀਆਂ ਉੱਤਰ ਰਹੀ ਸੀ। ਹੇਠਾਂ ਹਨ੍ਹੇਰਾ ਸੀ। ਹੋਫ਼ਲ ਕੋਲ਼ ਇਹ ਫ਼ੈਸਲਾ ਕਰਨ ਲਈ ਇੱਕ ਸੈਕਿੰਟ ਵੀ ਨਹੀਂ ਸੀ ਕਿ ਉਹ ਆਪਣੇ ਆਪ ਨੂੰ ਕਿੱਥੇ ਲੁਕਾਏ ? ਉਸ ਕੋਲ਼ ਹੋਰ ਕੋਈ ਰਾਹ ਨਹੀਂ ਸੀ। ਬੱਸ ਕੰਧ ਦਾ ਪੱਲਾ ਸੀ, ਬੱਸ ਬੂਹੇ ਦੇ ਬਰਾਬਰ ਸਾਢੇ ਛੇ-ਛੇ ਫੁੱਟ ਚੌੜਾ। ਬੈਠੇ ਜਾਂ ਖਲੋਤਾ ਰਹੇ ? ਆਪਣੇ ਆਪ ਹੋਫ਼ਲ ਤੇਜ਼ੀ ਨਾਲ਼ ਬਹਿ ਗਿਆ, ਸਿਰ ਗੋਡਿਆਂ ਵਿੱਚ ਲੈ ਲਿਆ ਤੇ ਹੱਥ ਦੁਆਲ਼ੇ ਵਲ਼ਾ ਕੇ ਅੱਖਾਂ ਬੰਦ ਕਰ ਲਈਆਂ। ਜਿਵੇਂ ਇੰਝ ਕਿ ਉੱਕਾ ਹੀ ਨਾ ਵੇਖਿਆ ਜਾ ਸਕੇਗਾ।

ਜ਼ਵਾਈਲਿੰਗ ਪੌੜੀਆਂ ਲਹਿ ਆਇਆ ਸੀ ਤੇ ਬੂਹੇ ਵੱਲ ਵਧ ਰਿਹਾ ਸੀ। ਹੁਣ ਵੇਖਣਾ ਸੀ ਕਿ ਕਿਸਮਤ ਸਾਥ ਦੇਂਦੀ ਹੈ ਜਾਂ ਨਹੀਂ। ਟਾਰਚ ਰਤਾ ਏਧਰ-ਓਧਰ ਹੋਈ ਤਾਂ ਹੋਫ਼ਲ ਉੱਤੇ ਜਾ ਪੈਣੀ ਸੀ, ਪਰ ਜ਼ਵਾਈਲਿੰਗ ਨੇ ਰੌਸ਼ਨੀ ਦਾ ਨਿਸ਼ਾਨਾ ਦਰਵਾਜ਼ੇ ਦੇ ਹੈਂਡਲ ਉੱਤੇ ਮਾਰਿਆ।

ਹੋਫ਼ਲ ਦੇ ਸਾਹ ਵਿੱਚ ਸਾਹ ਆਇਆ ਤੇ ਉਸ ਕੰਨ ਬਾਹਰ ਵੱਲ ਲਾਏ, ਕੁੱਝ ਨਾ ਹੋਇਆ।

ਬੜੇ ਅਰਾਮ ਨਾਲ਼ ਬੂਹੇ ਨੂੰ ਖੁੱਲ੍ਹਦਿਆਂ ਤੇ ਫਿਰ ਬੰਦ ਹੁੰਦਿਆਂ ਸੁਣਿਆ। ਬਾਹਰ ਕੁੰਜੀ ਘੁੰਮਣ ਦੀ ਅਵਾਜ਼ ਆਈ। ਦੋ ਵਾਰ ਖਟ-ਖਟ। ਫਿਰ ਬਜਰੀ ਉੱਤੇ ਜਾਣ ਦੀ ਅਵਾਜ਼ ਦੂਰ ਹੁੰਦੀ ਗਈ।

ਹੋਫ਼ਲ ਨੇ ਸਿਰ ਚੁੱਕਿਆ। ਉਸ ਨੂੰ ਅਹਿਸਾਸ ਸੀ ਕਿ ਪਿਛਲੇ ਕੁੱਝ ਦਿਨਾਂ ਵਿੱਚ ਉਸ ਬੜੀ ਤੇਜ਼ੀ ਨਾਲ਼ ਸੋਚਿਆ ਸੀ, ਪਰ ਇਹ ਬੀਤੀਆਂ ਘੜੀਆਂ ਨੂੰ ਚੇਤੇ ਕਰਨ ਦਾ ਸਮਾਂ ਨਹੀਂ ਸੀ। ਉਹ ਖੜ੍ਹਾ ਹੋ ਗਿਆ।

ਪੱਥਰ ਦੀਆਂ ਪੌੜੀਆਂ ਹੇਠਾਂ ਪੀਪਿਗ ਤੇ ਕਰੋਪਿਨਸਕੀ ਸਾਹ ਘੁੱਟੀ ਕੰਧ ਨਾਲ਼ ਲੱਗੇ ਖਲੋਤੇ ਸਨ। ਜ਼ਵਾਈਲਿੰਗ ਇਹਨਾਂ ਦੇ ਕੋਲ਼ੋਂ ਲੰਘਿਆ। ਉਸ ਦਾ ਚਮੜੇ ਦਾ ਕੋਟ ਚਮਕ ਰਿਹਾ ਸੀ ਤੇ ਉੱਪਰ ਚੁੱਕਿਆ ਹੋਇਆ ਕਾਲਰ ਉਸ ਦੀ ਟੋਪੀ ਨਾਲ਼ ਰਗੜ ਖਾ ਰਿਹਾ ਸੀ। ਆਪਣੀਆਂ ਟੰਗਾਂ ਨਾਲ਼ ਤੁਰਦਾ ਹੋਇਆ ਜਿਹੜੀਆਂ ਗੋਡਿਆਂ ਤੋਂ ਕਦੇ ਸਿੱਧੀਆਂ ਨਹੀਂ ਸਨ ਹੋਈਆਂ, ਉਹ ਮੀਂਹ ਤੇ ਹਨ੍ਹੇਰੇ ਵਿੱਚੋਂ ਪਲੀਤ ਪਰਛਾਵੇਂ ਵਾਂਗ ਨਜ਼ਰਾਂ ਤੋਂ ਉਹਲੇ ਹੋ ਗਿਆ।

ਹੁਣ ਵਿਉਂਤ ਅਨੁਸਾਰ ਕੰਮ ਹੋ ਗਿਆ, ਜਿਹੜੀ ਉਨ੍ਹਾਂ ਦੀ ਆਪਣੀ ਤੇ ਕੈਂਪ ਦੀ ਹਾਜ਼ਰੀ ਦੇ ਵਿਚਲੀ ਵਿਹਲ ਦੇ ਸਮੇਂ ਬਣਾਈ ਗਈ ਸੀ।

ਪੀਪਿਗ ਤੇ ਕਰੋਪਿਨਸਕੀ ਸਮਾਨਖ਼ਾਨੇ ਦੀ ਬਿਲਡਿੰਗ ਦੇ ਸਾਹਮਣੇ ਵਾਲ਼ੇ ਹਿੱਸੇ ਦੇ ਸਹਾਰੇ ਅੱਗੇ ਵਧੇ। ਤਹਿਖ਼ਾਨੇ ਦੇ ਰੋਸ਼ਨਦਾਨ ਜ਼ਮੀਨ ਦੇ ਬਰਾਬਰ ਸਨ। ਉਨ੍ਹਾਂ ਵਿੱਚੋਂ ਆਖ਼ਰੀ ਵਿੱਚ ਚੁੱਪ-ਚਾਪ ਲਹਿ ਗਏ। ਖਿੜਕੀ ਨੂੰ ਦੋ ਤਿੰਨ ਹੌਲ਼ੇ ਜਿਹੇ ਹੁਝਕੇ ਦਿੱਤੇ ਉਹ ਖੁੱਲ੍ਹ ਗਈ, ਹੋਫ਼ਲ ਨੇ ਖਿੜਕੀ ਨੂੰ ਇਸ ਤਰ੍ਹਾਂ ਬੰਦ ਕੀਤਾ ਸੀ। ਦੋਵੇਂ ਅੰਦਰ ਚਲੇ ਗਏ।

ਇਸ ਸਮੇਂ ਹੋਫ਼ਲ ਪਹਿਲੀ ਮੰਜ਼ਲ 'ਤੇ ਆ ਗਿਆ ਸੀ। ਉਸ ਪਹਿਲਾਂ ਹੀ ਸਭ ਕੁੱਝ

ਸੋਚ ਕੇ ਤੈਅ ਕਰ ਲਿਆ ਸੀ। ਹਾਲਾਂਕਿ ਉਹ ਕਾਲ ਵਾਲ਼ੀ ਇਮਾਰਤ ਤੋਂ ਵੀ ਸਮਾਨਖ਼ਾਨੇ ਵਿੱਚ ਆ ਸਕਦਾ ਸੀ, ਪਰ ਬੱਚਾ ਉੱਧਰੋਂ ਨਹੀਂ ਸੀ ਲਿਜਾਇਆ ਜਾ ਸਕਦਾ। ਪਤਾ ਲੱਗ ਜਾਣ 'ਤੇ ਬੜਾ ਖ਼ਤਰਾ ਸੀ। ਹੋਫ਼ਲ ਨੇ ਪੌੜੀ ਉੱਪਰਲੀ ਬਾਰੀ ਖੋਲ੍ਹੀ ਤੇ ਹਨ੍ਹੇਰੇ ਵਿੱਚ ਕੰਨ ਲਾਏ। ਉਸ ਨੂੰ ਅਹਿਸਾਸ ਹੋਇਆ ਕਿ ਉਹ ਚੰਗੀ ਤਰ੍ਹਾਂ ਜਾਗ ਰਿਹਾ ਹੈ। ਨੀਂਦਰ ਤੇ ਥਕੇਵੇਂ ਦਾ ਚਿੰਨ੍ਹ ਤੱਕ ਨਹੀਂ। ਉਸ ਨੇ ਤੈਅ ਕੀਤਾ ਕਿ ਪਹਿਲਾਂ ਰਤਾ ਸੁਣੇ। ਦੋ ਤਿੰਨ ਛਿਣ ਮਗਰੋਂ ਉਹਨੂੰ ਵਿਸ਼ਵਾਸ਼ ਹੋ ਗਿਆ ਕਿ ਨੇੜੇ-ਤੇੜੇ ਕੋਈ ਵੀ ਨਹੀਂ ਸੀ, ਨਾ ਕੋਈ ਕੈਦੀ ਨਾ ਕੋਈ ਨਾਜ਼ੀ। ਪਿੱਛੇ ਵਾੜ ਸੀ, ਜਿਹੜੀ ਉੱਕਾ ਦਿਖਾਈ ਨਹੀਂ ਸੀ ਦੇ ਰਹੀ, ਕੇਵਲ ਵਾੜ ਉੱਤੇ ਲੱਗੀਆਂ ਲਾਲ ਬੱਤੀਆਂ ਵਿਖਾਈ ਦੇ ਰਹੀਆਂ ਸਨ। ਕੰਧ ਦੇ ਸਾਹਮਣੇ ਇੱਕ ਥੰਮ੍ਹ ਸੀ। ਹੋਫ਼ਲ ਨੂੰ ਉਸ ਦੀ ਕੋਈ ਪ੍ਰਵਾਹ ਨਹੀਂ ਸੀ। ਉਸ ਦੇ ਤੇ ਸਮਾਨਖ਼ਾਨੇ ਦੀ ਇਮਾਰਤ ਵਿਚਾਲ਼ੇ ਗ਼ੁਸਲਖ਼ਾਨਾ ਸੀ, ਜਿਸ ਕਾਰਨ ਉਸ ਉੱਤੋਂ ਓਧਰ ਦਾ ਕੁੱਝ ਵੀ ਨਜ਼ਰ ਨਹੀਂ ਸੀ ਆਉਂਦਾ। ਦੂਜਾ ਥੰਮ੍ਹ ਪੰਝੀ ਗ਼ਜ਼ ਦੀ ਵਿੱਥ 'ਤੇ ਸੀ, ਉਹ ਵਧੇਰੇ ਖ਼ਤਰਨਾਕ ਸੀ, ਪਰ ਹੋਫ਼ਲ ਨੇ ਇਸ ਖ਼ਤਰੇ ਬਾਰੇ ਸੋਚ ਲਿਆ ਸੀ। ਮੀਂਹ ਦੇ ਹਨ੍ਹੇਰੇ ਵਿੱਚ ਸੰਤਰੀ ਨੂੰ ਇੱਕ ਨੁਕਤੇ ਉੱਤੇ ਕਾਫ਼ੀ ਚਿਰ ਵੇਖਣਾ ਪਵੇਗਾ, ਤਾਂ ਕਿਤੇ ਉਸ ਨੂੰ ਕੁੱਝ ਸਮਝ ਆਵੇਗਾ। ਕਿਸੇ ਕਾਰਨ ਜੇ ਇਹ ਮੰਨ ਲਿਆ ਜਾਵੇ ਕਿ ਠੀਕ ਉਸੇ ਸਮੇਂ ਜਦੋਂ ਹੋਫ਼ਲ ਛੱਤ ਉੱਤੋਂ ਉਤਲੀ ਬਾਰੀ ਵਿੱਚ ਜਾ ਰਿਹਾ ਹੋਵੇਗਾ, ਉਂਝ ਕਿਸਮਤ ਹੀ ਭੈੜੀ ਹੋਵੇ ਤਾਂ ਵੱਖਰੀ ਗੱਲ ਹੈ, ਤਾਂ ਤੇ ਸਰਚ ਲਾਈਟ ਮਿਲ਼ੇਗੀ-ਬੱਸ ਫਿਰ ਕੀ ਸੀ!

ਐਪਰ ਇਸ ਤੋਂ ਘੱਟ ਜ਼ਰੂਰੀ ਗੱਲਾਂ ਲਈ ਲੋਕਾਂ ਜਾਨਾਂ ਵਾਰੀਆਂ ਸਨ ਤੇ ਥੋੜ੍ਹਾ ਜਿਹਾ ਖ਼ਤਰਾ ਤਾਂ ਮੁੱਲ ਲੈਣਾ ਹੀ ਪੈਂਦਾ ਹੈ। ਤਾਂ ਚੱਲ! ਆਂਦਰੇ ਚੁੱਪ-ਚਾਪ ਹੋਫ਼ਲ ਨਾਲ਼ ਵਾਲ਼ੀ ਇਮਾਰਤ ਦੀ ਛੱਤ ਉੱਤੇ ਆ ਗਿਆ। ਢਿੱਡ ਪਰਨੇ ਲੇਟ ਕੇ ਫਿਰ ਸੁਣਨ ਲੱਗਿਆ। ਕੁੱਝ ਨਾ ਸੁਣਿਆ।

ਉਹ ਕੰਧ ਦੇ ਆਸਰੇ ਧਿਆਨ ਨਾਲ਼ ਤੁਰਦਾ ਗਿਆ। ਪਹਿਲੀ ਹੀ ਛਾਲ਼ ਵਿੱਚ ਉਹ ਉੱਪਰਲੀ ਕੰਨਸ 'ਤੇ ਪੁੱਜਣਾ ਚਾਹੁੰਦਾ ਸੀ।

ਹੋਫ਼ਲ ਮਸ਼ਕੀ ਦੌੜਨ ਵਾਲ਼ੇ ਵਾਂਗ ਛਾਲ਼ ਮਾਰਨ ਤੋਂ ਪਹਿਲਾਂ ਝੁਕ ਗਿਆ, ਇਰਾਦੇ ਦੀ ਸ਼ਕਤੀ ਤੇ ਚੇਤਨਤਾ ਨੂੰ ਇੱਕ ਨੁਕਤੇ 'ਤੇ ਕੇਂਦਰਤ ਕੀਤਾ, ਫਿਰ ਸਾਰਾ ਜ਼ੋਰ ਲਗਾ ਕੇ ਉਸ ਨੇ ਛਾਲ਼ ਮਾਰੀ। ਉਸ ਦੇ ਹੱਥਾਂ ਨੇ ਕੰਨਸ ਨੂੰ ਪਕੜ ਲਿਆ, ਕਰੜਾਈ ਨਾਲ਼। ਉਹ ਲਟਕਿਆ ਹੋਇਆ ਸੀ, ਪਰ ਅਨੁਮਾਨ ਦੇ ਟਾਕਰੇ ਵਿੱਚ ਵਧੇਰੇ ਚਿਰ ਵਧੇਰੇ ਜ਼ੋਰ ਲਾ ਕੇ ਉਹ ਚੜ੍ਹ ਸਕਿਆ। ਇੱਕ ਛਿਣ ਵਿੱਚ ਉਹਨੂੰ ਇੰਝ ਜਾਪਿਆ ਜਿਵੇਂ ਬਹੁਤ ਤੇਜ਼ ਚਾਨਣ ਵਿੱਚ ਨਹਾਤਾ ਗਿਆ ਹੋਵੇ, ਪਰ ਇਹ ਅਹਿਸਾਸ ਛੇਤੀ ਹੀ ਤੀਖਣ ਸ਼ਕਤੀ ਬਣ ਕੇ ਉਸ ਦੇ ਪੱਠਿਆਂ ਵਿੱਚ ਦੌੜ ਗਿਆ। ਉਸ ਆਪਣੇ ਆਪ ਨੂੰ ਉੱਪਰ ਚੁੱਕਿਆ ਤੇ ਬਾਰੀ ਦੀ ਚੌਗਾਠ ਉੱਤੇ ਮੱਥਾ ਟੇਕ ਦਿੱਤਾ, ਜਿਵੇਂ ਕੰਧ ਉਸ ਨੂੰ ਪਿਛਾਂਹ ਧੱਕਣ ਵਾਲ਼ੀ ਹੋਵੇ ਤੇ ਉਹ ਡਿੱਗ ਪਵੇਗਾ। ਬਿਲਕੁਲ ਆਸ ਤੋਂ ਉਲਟ ਉਸ ਇੱਕ ਹੱਥ ਨਾਲ਼ ਬਾਰੀ ਖੋਲ੍ਹ ਦਿੱਤੀ, ਜਿਵੇਂ ਇਸ ਤੋਂ ਵੱਧ ਕੁਦਰਤੀ ਗੱਲ ਹੋਰ ਕੁੱਝ ਹੋ ਨਹੀਂ ਸੀ ਸਕਦੀ। ਇੱਕ ਵਾਰ ਜ਼ੋਰ ਲਾ ਕੇ ਉੱਪਰ ਉੱਠਿਆ ਤੇ ਅੰਦਰ ਪੁੱਜ ਗਿਆ। ਉਸ ਨੇ ਤੇਜ਼ੀ ਨਾਲ਼ ਬਾਰੀ ਬੰਦ ਕੀਤੀ, ਬਹਿ ਕੇ ਅੱਖਾਂ ਬੰਦ ਕਰ ਲਈਆਂ ਤੇ

ਖਿਚਾਅ ਘੱਟ ਹੋਣ ਲੱਗਾ।

ਝੱਟ ਹੋਫ਼ਲ ਫਿਰ ਤਿਆਰ-ਬਰ-ਤਿਆਰ ਹੋ ਗਿਆ। ਉਸ ਕੱਪੜਿਆਂ ਦੇ ਢੇਰ ਨੂੰ ਇੱਕ ਪਾਸੇ ਕੀਤਾ ਤੇ ਬੱਚੇ ਨੂੰ ਟਟੋਲ਼ਿਆ।

"ਮੈਂ ਹਾਂ, ਮੁੰਨੇ ਆ ਜਾ ਤੇ ਚੁੱਪ ਰਹੀਂ।"

ਅਸਲ ਵਿੱਚ ਕਰੋਪਿਨਸਕੀ ਚਾਹੁੰਦਾ ਸੀ ਕਿ ਸਮਾਨਖ਼ਾਨੇ ਵਿੱਚ ਉਹ ਬੰਦ ਰਹੇ, ਪਰ ਹੋਫ਼ਲ ਇਸ ਲਈ ਤਿਆਰ ਨਹੀਂ ਸੀ ਹੋਇਆ। ਜੇ ਜ਼ਵਾਈਲਿੰਗ ਨੇ ਫੜ ਲਿਆ ਤਾਂ ਕਰੋਪਿਨਸਕੀ ਦੇ ਟਾਕਰੇ ਵਿੱਚ ਹੋਫ਼ਲ ਨਾਲ਼ ਉਹ ਵਧੇਰੇ ਚੰਗੀ ਤਰ੍ਹਾਂ ਨਿੱਬੜ ਸਕਦਾ ਸੀ।

ਹੋਫ਼ਲ ਬੱਚੇ ਨੂੰ ਲੈ ਕੇ ਛੇਤੀ-ਛੇਤੀ ਕੱਪੜੇ ਵਾਲ਼ੇ ਕਮਰੇ ਵਿੱਚੋਂ ਲੰਘਿਆ ਤੇ ਕਲਰਕ ਦੇ ਦਫ਼ਤਰ ਵਿੱਚ ਆ ਗਿਆ। ਸਭ ਕੁੱਝ ਛੇਤੀ ਹੋਣਾ ਚਾਹੀਦਾ ਹੈ। ਤਹਿਖ਼ਾਨੇ ਵਿੱਚ ਦੋਵੇਂ ਉਸ ਦੀ ਉਡੀਕ ਕਰ ਰਹੇ ਸਨ। ਬੱਚਾ ਕਨਸੈਂਟੇਰਸ਼ਨ ਕੈਂਪਾਂ ਦੀ ਇਸ ਦੁਨੀਆ ਵਿੱਚ ਅਸਧਾਰਨ ਗੱਲਾਂ ਬਾਰੇ ਗਿੱਝ ਗਿਆ ਸੀ ਤੇ ਕਰੋਪਿਨਸਕੀ ਨੇ ਉਸ ਨੂੰ ਪਹਿਲਾਂ ਤੋਂ ਵੀ ਸਮਝਾ ਦਿੱਤਾ ਸੀ। ਹੋਫ਼ਲ ਨੇ ਉਸ ਨੂੰ ਫ਼ਰਸ਼ ਉੱਤੇ ਬਿਠਾ ਦਿੱਤਾ ਤੇ ਕੱਪੜੇ ਵਾਲ਼ੇ ਕਮਰੇ ਵਿੱਚੋਂ ਇੱਕ ਪੌੜੀ ਲਿਆਇਆ, ਜਿਹੜੇ ਬੋਰੇ ਲਟਕਾਉਣ ਦੇ ਕੰਮ ਆਉਂਦੀ ਸੀ। ਇੱਕ ਬੋਰਾ ਉਸੇ ਤਰ੍ਹਾਂ ਪੌੜੀ ਨਾਲ਼ ਲਟਕਿਆ ਹੋਇਆ ਸੀ, ਸ਼ਾਇਦ ਗ਼ਲਤੀ ਨਾਲ਼ ਉੱਥੇ ਹੀ ਰਹਿ ਗਿਆ ਸੀ।

ਉਸ ਵਿੱਚੋਂ ਹੋਫ਼ਲ ਨੇ ਰੱਸੀ ਕੱਢੀ। ਬੋਰੇ ਵਿੱਚ ਬੱਚੇ ਨੂੰ ਰੱਖਿਆ, ਉੱਪਰੋਂ ਬੰਨ੍ਹਿਆ ਤੇ ਫਿਰ ਉਸ ਨੂੰ ਰੱਸੀ ਬੰਨ੍ਹੀ। ਫਿਰ ਉਸ ਪੌੜੀ ਮੇਜ਼ 'ਤੇ ਰੱਖੀ ਤੇ ਚੜ੍ਹ ਗਿਆ। ਚਿਮਨੀ ਦੇ ਕੋਲ਼ ਹੀ ਛੱਤ ਉੱਤੇ ਜਾਣ ਲਈ ਖਿੜਕੀ ਸੀ। ਚੁੱਪਚਾਪ ਹੋਫ਼ਲ ਨੇ ਖਿੜਕੀ ਖੋਲ੍ਹੀ। ਫਿਰ ਉਸ ਹਨ੍ਹੇਰੇ ਵਿੱਚ ਸੁਣਨ ਦੀ ਕੋਸ਼ਿਸ਼ ਕੀਤੀ। ਉਹ ਰੱਸੀ ਹੱਥ ਵਿੱਚ ਲਈ ਰੀਂਘਦਾ ਛੱਤ ਉੱਤੇ ਆ ਗਿਆ। ਛੱਤ ਨਾਲ਼ ਚਿਮਟ ਕੇ ਉਹ ਲੇਟ ਗਿਆ ਤੇ ਉਸ ਬੋਰੇ ਨੂੰ ਉੱਪਰ ਖਿੱਚਿਆ। ਫਿਰ ਉਸ ਚਿਮਨੀ ਦੀ ਓਟ ਲੈ ਕੇ ਸੁਣਨ ਦੀ ਕੋਸ਼ਿਸ਼ ਕੀਤੀ। ਫਿਰ ਇੱਕ ਕਤਈ ਫ਼ੈਸਲੇ ਨਾਲ਼ ਉਸ ਨੇ ਬੋਰੇ ਨੂੰ ਚਿਮਨੀ ਵਿੱਚ ਪਾ ਦਿੱਤਾ।

ਹੇਠਾਂ ਤਹਿਖ਼ਾਨੇ ਵਿੱਚ ਲੋਕ ਸੁਣ ਰਹੇ ਸਨ। ਪੀਪਿਗ ਨੇ ਅੱਤ ਦੀ ਬੇਸਬਰੀ ਨਾਲ਼ ਕਾਲ਼ਖ਼ ਵਾਲ਼ੀ ਮੋਰੀ ਵਿੱਚ ਸਿਰ ਵਾੜ ਦਿੱਤਾ। ਉਸ ਦੇ ਮੂੰਹ ਉੱਤੇ ਕਾਲ਼ਖ਼ ਲੱਗਣ ਲੱਗੀ, ਉਸ ਨੇ ਸਿਰ ਬਾਹਰ ਕੱਢ ਕੇ ਅੱਖਾਂ ਸਾਫ਼ ਕੀਤੀਆਂ ਤੇ ਗਾਲ੍ਹਾਂ ਕੱਢੀਆਂ।

ਰੱਸੀ ਚਿਮਨੀ ਦੇ ਤੇਜ਼ ਕੰਢੇ ਨਾਲ਼ ਰਗੜੀ ਜਾ ਰਹੀ ਸੀ। ਜੇ ਰਗੜ ਨਾਲ਼ ਕੱਟੀ ਗਈ ਤਾਂ ? ਹੋਫ਼ਲ ਡਰਦੇ ਮਾਰੇ ਰੁਕ ਗਿਆ। ਫਿਰ ਰੱਸੀ ਹੇਠ ਆਪਣੀ ਬਾਂਹ ਰੱਖ ਦਿੱਤੀ ਤੇ ਰੱਸੀ ਛੱਡਣ ਲੱਗਿਆ। ਰੱਸੀ ਬਾਂਹ ਤੋਂ ਖਿਸਕਦੀ ਹੋਈ ਕਲਾਈ ਉੱਤੇ ਆ ਗਈ ਤੇ ਉਸ ਦੀ ਨਰਮ ਚਮੜੀ ਕੱਟੀ ਜਾਣ ਲੱਗ ਪਈ। ਹੋਫ਼ਲ ਨੇ ਆਪਣਾ ਮੱਥਾ ਚਿਮਨੀ ਨਾਲ਼ ਲਾ ਲਿਆ, ਤਾਂ ਜੋ ਉਸ ਦੀ ਚੀਕ ਨਾ ਨਿੱਕਲ਼ੇ। ਅੰਤ ਤਹਿਖ਼ਾਨੇ ਵਿੱਚੋਂ ਮਿੱਥਿਆ ਹੋਇਆ ਸੰਕੇਤ ਮਿਲ਼ਿਆ-ਰੱਸੀ ਨੂੰ ਰਤਾ ਕੁੱਝ ਝਟਕਾ ਦਿੱਤਾ ਗਿਆ। ਹੋਫ਼ਲ ਨੇ ਛੱਡ ਦਿੱਤਾ ਤੇ ਫ਼ਰਸ਼ ਉੱਤੇ ਡਿੱਗ ਪਿਆ। ਉਸ ਆਪਣਾ ਸੜਦਾ ਹੋਇਆ ਹੱਥ ਕੱਢ ਕੱਛ ਵਿੱਚ ਦਬਾ ਲਿਆ ਤੇ ਸਿਰ ਅਗਾਂਹ ਨੂੰ ਝੁਕਾ ਲਿਆ। ਕਾਫ਼ੀ ਦੇਰ ਤੱਕ ਇਸੇ ਤਰ੍ਹਾਂ ਬੈਠੇ ਰਹਿਣ ਮਗਰੋਂ ਉਸ ਨੇ ਦਰਦ 'ਤੇ

ਕਾਬੂ ਪਾ ਲਿਆ।

ਤਹਿਖ਼ਾਨੇ ਵਿੱਚ ਉਹ ਦੋਵੇਂ ਬੋਰੇ ਨੂੰ ਕਾਲ਼ਖ਼ ਦੀ ਮੋਰੀ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ। ਬੱਚਾ ਸਿਸਕੀਆਂ ਲੈ ਰਿਹਾ ਸੀ।

"ਮਾਰਿਆਨ, ਪਰਮਾਤਮਾ ਲਈ ਰਤਾ ਹੌਲ਼ੀ-ਹੌਲ਼ੀ।"

ਕਰੋਪਿਨਸਕੀ ਰੁਕ ਗਿਆ ਤੇ ਉਸ ਨੇ ਕੰਨ ਵਿੱਚ ਬੱਚੇ ਨਾਲ਼ ਗੱਲ ਕੀਤੀ। ਉਹ ਚੁੱਪ ਹੋ ਗਿਆ ਤੇ ਥੋੜ੍ਹਾ ਜਿਹਾ ਖਿਸਕ ਗਿਆ। ਕਰੋਪਿਨਸਕੀ ਨੇ ਸਹਾਇਤਾ ਕੀਤੀ ਅਤੇ ਬੋਰੇ ਦੇ ਉਸ ਹਿੱਸੇ ਨੂੰ ਖਿੱਚਿਆ ਜਿਹੜਾ ਹੇਠਾਂ ਲਟਕ ਰਿਹਾ ਸੀ। ਬੱਚਾ ਸੁਕੜ-ਸੁਕੜ ਕੇ ਪਤਲੀ ਜਿਹੀ ਮੋਰੀ ਵਿੱਚੋਂ ਨਿੱਕਲ਼ ਆਇਆ।

"ਹੈਂ ?"

"ਹਾਂ"

ਕਰੋਪਿਨਸਕੀ ਨੇ ਤੇਜ਼ੀ ਨਾਲ਼ ਰੱਸੀ ਖੋਲ੍ਹੀ ਤੇ ਬੋਰੇ ਦਾ ਮੂੰਹ ਖੋਲ੍ਹਿਆ। "ਸ਼ੁਕਰ ਹੈ ਪਰਮਾਤਮਾ ਦਾ" ਪੀਪਿਗ ਬੁੜਬੁੜਾਇਆ "ਇਸ ਤੋਂ ਵਧ ਕੇ ਫ਼ੋਰਸਪਸ ਤੋਂ ਵੀ ਕਿਸੇ ਬੱਚਾ ਪੈਦਾ ਕਰਵਾਇਆ ਹੋਵੇਗਾ।"

ਨਿੱਕਚੂ ਜਿਹੀ ਜਿੰਦ ਸਾਰੀ ਦੀ ਸਾਰੀ ਕੰਬ ਰਹੀ ਸੀ। ਵਿਚਾਰਾ ਸਹਿਮ ਕੇ ਰਹਿ ਗਿਆ ਸੀ। ਕਰੋਪਿਨਸਕੀ ਨੇ ਬੱਚੇ ਨੂੰ ਪਿਆਰ ਕੀਤਾ, ਦਿਲਾਸਾ ਦਿੱਤਾ, ਜਿਹੜਾ ਉਸ ਨਾਲ਼ ਚੰਬੜਿਆ ਹੋਇਆ ਸਿਸਕੀਆਂ ਲੈ ਰਿਹਾ ਸੀ। ਅੰਤ ਬੱਚਾ ਚੁੱਪ ਹੋ ਗਿਆ ਅਤੇ ਉਹ ਆਪਣੇ ਖ਼ਤਰਨਾਕ ਸਫ਼ਰ ਲਈ ਟੁਰਨ ਬਾਰੇ ਸੋਚਣ ਲੱਗੇ। ਬੱਚੇ ਨੂੰ ਫਿਰ ਬੋਰੇ ਵਿੱਚ ਬੰਦ ਕਰ ਦਿੱਤਾ ਤੇ ਕਾਲਖ਼ ਦੀ ਮੋਰੀ ਬੰਦ ਕਰ ਦਿੱਤੀ।

ਹੋਫ਼ਲ ਨੇ ਰੱਸੀ ਉੱਪਰ ਖਿੱਚ ਲਈ ਸੀ। ਉਨ੍ਹਾਂ ਸਲਾਹ ਕੀਤੀ ਕਰੋਪਿਨਸਕੀ ਨੇ ਅਗਾਂਹ ਜਾ ਕੇ ਟੋਹ ਲੈਣੀ ਸੀ। ਜੇ ਉਹ ਤੀਹਾਂ ਗਜ਼ਾਂ 'ਤੇ ਖ਼ਤਰੇ ਦੀ ਕੋਈ ਗੱਲ ਵੇਖੇ, ਤਾਂ ਪਰਤ ਆਏ ਤੇ ਪੀਪਿਗ ਨੂੰ ਲੈ ਜਾਵੇ। ਇਸ ਤਰ੍ਹਾਂ ਤੀਹ-ਤੀਹ ਗਜ਼ ਕਰ ਕੇ ਉਹ ਛੋਟੇ ਕੈਂਪ ਵੱਲ ਮੁੜ ਗਏ, ਉਸ ਦੀ ਹੱਦ ਵਿੱਚ ਪੁੱਜ ਕੇ ਉਹ ਸੁਰੱਖਿਅਤ ਸਨ। ਇੱਧਰ ਕੋਈ ਨਾਜ਼ੀ ਨਹੀਂ ਸੀ ਆਉਂਦਾ।

ਬਿਮਾਰ ਬੇਹਿਸ ਤੇ ਬਿਨਾਂ ਹਰਕਤ ਦੇ ਪਏ ਸਨ। 'ਸਧਾਰਨ ਬਿਮਾਰ' ਅਤੇ ਉਹ ਜਿਨ੍ਹਾਂ ਦੇ ਚਿਹਰਿਆਂ 'ਤੇ ਮੌਤ ਨੇ ਆਪਣਾ ਪਰਛਾਵਾਂ ਪਾ ਦਿੱਤਾ ਸੀ, ਸਾਰੇ ਇੱਕ ਤਰ੍ਹਾਂ ਪਏ ਸਨ। ਬੱਸ ਕਦੇ ਕਦੇ 'ਹਾਏ' ਦੀ ਤੇ ਸਾਹਾਂ ਦੀ ਅਵਾਜ਼ ਤੋਂ ਜ਼ਿੰਦਗੀ ਦੇ ਚਿੰਨ੍ਹ ਦਾ ਗੁਮਾਨ ਹੁੰਦਾ ਸੀ।

ਪੀਪਿਗ ਤੇ ਕਰੋਪਿਨਸਕੀ ਘਾਹ ਦੇ ਬੋਰਿਆਂ ਵਿੱਚੋਂ ਲੰਘਦੇ ਹੋਏ ਅਗਾਂਹ ਹੋ ਤੁਰੇ। ਇੱਕ ਪੋਲਿਸ਼ ਕਰਮਚਾਰੀ, ਇੱਕ ਪਰਦੇ ਮਗਰੋਂ ਨਿੱਕਲ਼ਿਆ ਤੇ ਉਨ੍ਹਾਂ ਨੂੰ ਮਿਲ਼ਿਆ। ਉਹ ਉਸ ਦੇ ਨਾਲ਼ ਪਾਰਟੀਸ਼ਨ ਦੀ ਓਟ ਵਿੱਚ ਚਲੇ ਗਏ। ਜਾਂਕੋਵਸਕੀ ਉਨ੍ਹਾਂ ਦੇ ਆਉਣ ਬਾਰੇ ਤਿਆਰ ਸੀ, ਉਸ ਬੱਚੇ ਨੂੰ ਬੋਰੇ ਵਿੱਚੋਂ ਕੱਢਣ ਵਿੱਚ ਪੀਪਿਗ ਦੀ ਸਹਾਇਤਾ ਕੀਤੀ। ਉਸ ਨੂੰ ਮਿਤਰੀ ਪਿਆਰ ਨਾਲ਼ ਗੋਦ ਵਿੱਚ ਲਿਆ ਤੇ ਪਲੰਘ ਉੱਤੇ ਬਿਠਾ ਦਿੱਤਾ। ਸਾਰੇ ਲੋਕ ਬੱਚੇ ਨੂੰ

ਘੇਰੀ ਖਲੋਤੇ ਸਨ ਤੇ ਉਸ ਨੂੰ ਵੇਖ ਕੇ ਮੁਸਕਰਾ ਰਹੇ ਸਨ। ਇਸ ਸਾਰੀ ਮੁਹਿੰਮ ਤੋਂ ਬੱਚਾ ਸਹਿਮਿਆ ਹੋਇਆ ਸੀ। ਘਬਰਾ-ਘਬਰਾ ਕੇ ਉਸ ਅਣਜਾਣੇ ਲੋਕਾਂ ਨੂੰ ਵੇਖਿਆ। ਉਹ ਰੋਣਾ ਚਾਹੁੰਦਾ ਸੀ ਤੇ ਉਸ ਨੇ ਕਰੋਪਿਨਸਕੀ ਵੱਲ ਹੱਥ ਫ਼ੈਲਾ ਦਿੱਤੇ।

ਪੀਪਿਗ ਨੇ ਕਾਹਲ਼ੀ ਕੀਤੀ, ਹੁਣ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ।

ਜਦੋਂ ਦੋਵੇਂ ਆਪਣੀਆਂ ਬੈਰਕਾਂ ਵੱਲ ਜਾ ਰਹੇ ਸਨ ਤਾਂ ਕਰੋਪਿਨਸਕੀ ਨੇ ਆਖਿਆ,"ਅਤੇ ਆਉਣ ਸਮੇਂ ਦੋ ਨਾਜ਼ੀ ਉੱਪਰੋਂ ਮਿਲ਼ ਗਏ। ਉਹ ਤਾਂ ਤੂੰ ਬੋਰੇ ਨੂੰ ਪਿੱਠ ਉੱਤੇ ਸੁੱਟ ਕੇ ਉਸ ਦੇ ਸਿਰੇ ਨੂੰ ਸਿਰ ਉੱਤੇ ਇਸ ਤਰ੍ਹਾਂ ਢਕ ਲਿਆ, ਜਿਵੇਂ ਮੀਂਹ ਤੋਂ ਬਚਾਅ ਕੀਤਾ ਹੋਵੇ ਤੇ ਜੇ ਉਹ ਪੁੱਛ ਲੈਂਦੇ, 'ਬੋਰੇ ਵਿੱਚ ਕੀ ਹੈ ? ਤਾਂ...."

ਉਹ ਅਜੇ ਇਸ ਖ਼ਤਰੇ ਤੋਂ ਡਰ ਰਿਹਾ ਸੀ, ਜਿਸ ਵਿੱਚੋਂ ਉਹ ਬਚ ਨਿੱਕਲ਼ੇ ਸਨ। ਐਪਰ ਪੀਪਿਗ ਨੇ ਉਸ ਦੀ ਪਿੱਠ ਉੱਤੇ ਹੱਥ ਰੱਖ ਕੇ ਤਸੱਲੀ ਦਿੱਤੀ :

"ਤੂੰ ਚਿੰਤਾ ਨਾ ਕਰ ਮਾਰਿਆਨ, ਖ਼ੁਦਾ ਅਜ਼ਾਦ ਖ਼ਿਆਲੀਆਂ ਦਾ ਸੰਗ ਨਹੀਂ ਛੱਡਦਾ।"

ਚਾਰ

ਸ਼ਿਊਪ ਨੇ, ਕਰੈਮਰ ਵੱਲੋਂ ਦਿੱਤਾ ਹੋਇਆ ਕੰਮ ਕਰਨਾ ਸੀ। ਜਦੋਂ ਉਸ ਨੂੰ ਫ਼ੌਜੀ ਗੈਰਜ ਵਿੱਚ, ਗੈਰਜ ਦੇ ਮੈਨੇਜਰ ਇੰਟਰ ਸ਼ਾਰ ਫੋਹਰਰ ਬਰਾਊਰ ਦਾ ਰੇਡੀਓ ਠੀਕ ਕਰਨ ਲਈ ਬੁਲਾਇਆ ਗਿਆ ਸੀ, ਤਾਂ ਕਰੈਮਰ ਨੇ ਉਸ ਨੂੰ ਆਖਿਆ ਸੀ ਕਿ ਤੂੰ ਇਸ ਅਵਸਰ ਤੋਂ ਲਾਭ ਉਠਾ ਕੇ ਥੋੜ੍ਹਾ ਜਿਹਾ ਰੇਡੀਓ ਸੁਣ ਸਕਦਾ ਹੈਂ, ਇਸ ਤੋਂ ਭਾਵ ਵਿਦੇਸ਼ੀ ਬਰਾਡਕਾਸਟ ਤੋਂ ਸੀ। ਰੇਮਾਗਨ ਮਗਰੋਂ ਓਧਰ ਮੋਰਚੇ ਦੀਆਂ ਖ਼ਬਰਾਂ ਬਹੁਤ ਗੁੰਝਲਦਾਰ ਹੋ ਗਈਆਂ ਸਨ।

ਜਦੋਂ ਸ਼ਿਊਪ ਪੁੱਜਿਆ ਤਾਂ ਬਰਾਊਰ ਕਮਰੇ ਵਿੱਚ ਇਕੱਲਾ ਨਹੀਂ ਸੀ। ਸ਼ਿਊਪ ਨੇ ਐਲਾਨ ਕੀਤਾ : "ਕੈਂਪ ਇਲੈਕਟ੍ਰੀਸ਼ਨ ਅੰਦਰ ਆਉਣ ਦੀ ਆਗਿਆ ਚਾਹੁੰਦਾ ਹੈ।" ਰੋਟਨ ਫ਼ੋਹਰਰ ਮਾਈਨਗਾਇਰ ਵੀ ਉੱਥੇ ਪ੍ਰਸਥਿਤ ਸੀ, ਜਿਹੜਾ ਗੈਰਜ ਦੇ ਪ੍ਰਬੰਧ ਵਿੱਚ ਉਸ ਦੀ ਮਦਦ ਕਰਦਾ ਸੀ।

ਬਰਾਊਰ ਬੇਸਬਰੀ ਨਾਲ਼ ਬੁੜ ਬੁੜਾਇਆ : "ਰੇਡੀਓ ਵਿੱਚ ਕੀ ਗੜਬੜ ਏ ?"

ਸ਼ਿਊਪ ਬਿਲਕੁਲ ਭੋਲ਼ਾ ਬਣ ਗਿਆ : "ਇਹ ਤਾਂ ਵੇਖ ਕੇ ਹੀ ਪਤਾ ਲੱਗੇਗਾ।"

ਬਰਾਊਰ ਨੇ ਆਪਣੀ ਟੋਪੀ ਸਿਰ 'ਤੇ ਟਿਕਾਈ ਤੇ ਚੀਕਿਆ : "ਜੇ ਪੰਦਰਾਂ ਮਿੰਟ ਵਿੱਚ ਤੂੰ ਠੀਕ ਨਾ ਕੀਤਾ ਤਾਂ ਤੇਰਾ ਭੜਥਾ ਬਣਾ ਦਿਆਂਗਾ, ਸਮਝ ਗਿਆ ਗੀਊਬ ਟੀਊਬ ?"

ਜਾਂਦੇ ਹੋਏ ਉਹ ਗ਼ੁੱਸੇ ਵਿੱਚ ਖਟਾਕ ਕਰਕੇ ਬੂਹਾ ਬੰਦ ਕਰ ਗਿਆ।

ਸ਼ਿਊਪ ਆਪਣੇ ਦਿਲ ਵਿੱਚ ਮੁਸਕਰਾਇਆ। ਉਸ ਛੇਤੀ ਨਾਲ਼ ਟੁੱਟੇ ਹੋਏ ਤਾਰਾਂ ਨੂੰ ਜੋੜਿਆ ਤੇ ਕਿਤਿਉਂ ਉਸ ਨੇ ਜਾਣੀ-ਪਹਿਚਾਣੀ ਧੀਮੀ ਜਿਹੀ ਅਵਾਜ਼ ਸੁਣੀ। ਢੋਲ 'ਤੇ ਚਾਰ ਚੋਟਾਂ। ਇਹ ਬਰਤਾਨੀਆ ਹੈ ਤੇ ਫ਼ਿਰ ਇੰਨੀ ਹੀ ਮਸਾਂ ਅਵਾਜ਼ ਆਉਣ ਲੱਗੀ ਜਰਮਨ ਵਿੱਚ ਪਰ ਲਹਿਜਾ ਅੰਗਰੇਜ਼ੀ :

"ਲੜਾਈ ਹੇਠਲੇ ਸੀਲ ਤੋਂ ਲੈ ਕੇ ਉੱਤਰੀ ਕੇਬਲੈਂਜ ਵਿੱਚ ਰਾਈਨ ਦੇ ਮੋੜ ਤੱਕ ਹੋ ਰਹੀ ਹੈ। ਅਮਰੀਕੀ ਟੈਂਕਾਂ ਨੇ ਪੂਰਬ ਵਿੱਚ ਓਪਨ ਹਾਈਨ ਤੱਕ ਕਬਜ਼ਾ ਜਮਾ ਲਿਆ ਹੈ। ਇਹਨਾਂ ਦੇ ਅਗਲੇ ਦਸਤੇ ਹਨਾਉ ਅਤੇ ਸ਼ਾਫ਼ਨ ਬਾਰਗ ਦੇ ਨੇੜੇ ਤੱਕ ਪੁੱਜ ਗਏ ਹਨ। ਰਾਈਨ ਤੇ ਆਡੀਨਵਾਲਡ ਦੇ ਉੱਤਰੀ ਹਿੱਸੇ ਵਿੱਚ ਸਖ਼ਤ ਲੜਾਈ ਹੋ ਰਹੀ..."

ਸ਼ਿਊਪ ਬਿਲਕੁੱਲ ਲਾਊਡ ਸਪੀਕਰ ਵਿੱਚ ਘੁਸਦਾ ਜਾ ਰਿਹਾ ਸੀ। ਹਰ ਸ਼ਬਦ ਨੂੰ ਉਹ ਆਪਣੇ ਦਿਮਾਗ਼ ਵਿੱਚ ਸਾਂਭਦਾ ਜਾ ਰਿਹਾ ਸੀ, ਤਾਂ ਜੋ ਕੁੱਝ ਨਾ ਭੁੱਲੇ। ਜਦੋਂ ਬਰਾਊਰ ਵਾਪਸ ਪਰਤਿਆ ਤਾਂ ਸ਼ਿਊਪ ਲਾਊਡ ਸਪੀਕਰ ਨਾਲ਼ ਜੁੜਿਆ ਬੈਠਾ ਸੀ, ਪਰ ਉਸ ਤੁਰੰਤ ਸਟੇਸ਼ਨ ਬਦਲ ਕੇ ਅਵਾਜ਼ ਉੱਚੀ ਕਰ ਦਿੱਤੀ। ਸੈੱਟ ਚੀਕਣ ਲੱਗਿਆ। ਬਰਾਊਰ ਜੋਸ਼ ਵਿੱਚ ਆਇਆ ਰੇਡੀਓ ਉੱਤੇ ਟੁੱਟ ਪਿਆ : "ਕਮਾਲ ਕਰ ਦਿੱਤਾ, ਗੀਊਬ ਟੀਊਬ! ਕਿਵੇਂ ਕੀਤਾ ਤੂੰ : ਠੀਕ ਕਰਨ ਦੀ ਕੋਸ਼ਿਸ਼ ਤਾਂ ਮੈਂ ਵੀ ਕੀਤੀ ਸੀ, ਪਰ ਮੇਰੇ ਤੋਂ ਬਣਿਆ ਨਾ! ਤੂੰ ਸੱਚਮੁੱਚ...।"

ਇੱਕ ਕੈਦੀ ਦੀ ਇਹ ਉਸਤਤ ਬਹੁਤ ਵਧੇਰੇ ਸੀ। ਇਸ ਲਈ ਬਰਾਊਰ ਨੇ ਲਹਿਜਾ ਬਦਲ ਕੇ ਆਖਿਆ : "ਕਦੇ-ਕਦੇ ਖੋਤਾ ਵੀ ਕੰਮ ਆ ਜਾਂਦਾ ਏ, ਖ਼ੈਰ ਚਲੋ ਰੇਡੀਓ ਤਾਂ ਠੀਕ ਹੋਇਆ।"

ਸ਼ਿਊਪ ਨੇ ਔਜ਼ਾਰਾਂ ਦਾ ਆਪਣਾ ਥੈਲਾ ਸੰਭਾਲਿਆ।

ਤੁਰੰਤ ਪਿੱਛੋਂ ਉਹ ਕਰੈਮਰ ਨਾਲ਼ ਕਮਰੇ ਵਿੱਚ ਲੱਗੇ ਹੋਏ ਨਕਸ਼ੇ ਦਾ ਸਾਹਮਣੇ ਖਲੋਤਾ ਸੀ। ਕੁੱਝ ਹੀ ਦਿਨਾਂ ਵਿੱਚ ਰੇਮਾਗਨ ਤੋਂ ਓਪਨ ਹਾਈਨ ਤੱਕ ਵੱਧ ਆਏ ਸਨ ਤੇ ਉੱਥੋਂ ਫ਼ਰੈਂਕ ਫ਼ਰੰਟ ਵੱਲ ਵਧ ਰਹੇ ਸਨ ਤੇ ਕੇਬਲੈਂਜ਼ ਦੇ ਉੱਤਰ ਵੱਲ ਚੜ੍ਹਾਅ ਦਾ ਰੁਖ਼ ਸੀਲ ਵੱਲ ਸੀ। ਹੁਣ ਇਸ ਵਿੱਚ ਤਾਂ ਕੋਈ ਸ਼ੱਕ ਨਹੀਂ ਰਿਹਾ ਕਿ ਉਹ ਥੁਰਿਨਗੀਆ ਵੱਲ ਵਧ ਰਹੇ ਸਨ।

ਕਰੈਮਰ ਨੇ ਠੰਡਾ ਸਾਹ ਲੈ ਕੇ ਆਖਿਆ : "ਪੰਦਰਾਂ ਦਿਨਾਂ ਵਿੱਚ ਅਸੀਂ ਅਜ਼ਾਦ ਹੋਵਾਂਗੇ ਜਾਂ ਮੁਰਦੇ!"

ਸ਼ਿਊਪ ਹੱਸ ਪਿਆ....

"ਮੁਰਦੇ? ਹੱਦ ਏ ਵਾਲਟਰ, ਉਹ ਵੱਡੇ ਅਫ਼ਸਰ ਲੋਕ ਹੁਣ ਤੱਕ ਸਾਡਾ ਕੁੱਝ ਨਹੀਂ ਕਰਨਗੇ, ਉਨ੍ਹਾਂ ਦਾ ਤਾਂ ਪਹਿਲਾਂ ਹੀ ਮੂਤ ਨਿੱਕਲ਼ਦਾ ਜਾਂਦਾ ਏ।"

ਕਰੈਮਰ ਨੇ ਸਾਵਧਾਨ ਕੀਤਾ : "ਵੇਖੋ ਕੀ ਹੁੰਦਾ ਏ।"

ਅਚਾਨਕ ਉਸ ਨੇ ਸ਼ਿਊਪ ਦੀ ਬਾਂਹ ਪਕੜੀ ਤੇ ਫ਼ਾਟਕ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਲੂਟਿਗ ਤੇ ਗੀਨਬੂਥ ਨੂੰ ਪਰੇਡ ਗਰਾਊਂਡ ਪਾਰ ਕਰਦੇ ਵੇਖਿਆ। ਆਉਂਦੇ-ਜਾਂਦੇ ਕੈਦੀ ਆਪਣੀ ਟੋਪੀ ਲਾਹ ਲੈਂਦੇ ਤੇ ਮੁੜ ਕੇ ਉਨ੍ਹਾਂ ਨੂੰ ਸ਼ੱਕ ਦੀ ਨਜ਼ਰ ਨਾਲ਼ ਵੇਖਦੇ। ਕਰੈਮਰ ਤੇ ਸ਼ਿਊਪ ਉਨ੍ਹਾਂ ਨੂੰ ਵੇਖਦੇ ਰਹੇ ਕਿ ਕਿੱਧਰ ਜਾਂਦੇ ਹਨ, ਇੱਥੋਂ ਤੱਕ ਕਿ ਉਹ ਅੱਖਾਂ ਤੋਂ ਉਹਲੇ ਹੋ ਗਏ।

"ਕੁੱਝ ਗੜਬੜ ਏ। ਦੌੜੋ ਹਾਈਨਰਿਕ, ਇਹਨਾਂ ਦਾ ਪਿੱਛਾ ਕਰੋ ਤੇ ਵੇਖੋ ਕਿੱਧਰ ਜਾਂਦੇ ਹਨ।"

ਸ਼ਿਊਪ ਟੁਰ ਪਿਆ।

ਕਰੈਮਰ ਨੂੰ ਚਿੰਤਾ ਹੋ ਗਈ। ਉਸ ਨੂੰ ਇੱਕੋ ਵਾਰ ਅਹਿਸਾਸ ਹੋਇਆ ਕਿ ਇਹ ਦੋਵੇਂ ਕੈਂਪ ਵਿੱਚ ਉਸੇ ਲਈ ਆਏ ਹਨ, ਕਿ ਬੂਹਾ ਕਿਸੇ ਵੇਲੇ ਵੀ ਖੁੱਲ੍ਹੇਗਾ ਤੇ ਕਲੂਟਿਗ ਦੀ ਕੜਕਵੀਂ ਅਵਾਜ਼ ਗੂੰਜੇਗੀ : "ਹੇ, ਤੂੰ ਏਧਰ ਤੁਰ, ਹੁਣੇ !"

ਕਰੈਮਰ ਨੇ ਆਪਣੀਆਂ ਕੰਨਪਟੀਆਂ ਦਬਾ ਲਈਆਂ ਤੇ ਚਿੰਤਾ ਦੀ ਥਾਂ ਡਰ ਨੇ ਲੈ ਲਈ ਕਿ ਸਭ ਕੁੱਝ ਪਤਾ ਲੱਗ ਗਿਆ, ਸਭ ਕੁੱਝ।

ਜਦੋਂ ਸੱਚਮੁੱਚ ਬੂਹਾ ਖੁੱਲ੍ਹਿਆ, ਕਰੈਮਰ ਨੇ ਡਰਦਿਆਂ ਪਿੱਛੇ ਵੇਖਿਆ। ਸ਼ਿਊਪ ਘਬਰਾਇਆ ਹੋਇਆ ਸੀ।

"ਉਹ ਲੋਕ ਸਮਾਨਖ਼ਾਨੇ ਵਿੱਚ ਗਏ ਹਨ।"

ਇੱਕ ਛਿਣ ਤੋਂ ਵੀ ਘੱਟ ਸਮੇਂ ਲਈ ਕਰੈਮਰ ਨੂੰ ਚੈਨ ਦਾ ਅਹਿਸਾਸ ਹੋਇਆ, ਪਰ ਤੁਰੰਤ ਹੀ ਇੱਕ ਨਵੇਂ ਤੇ ਵੱਡੇ ਖ਼ਤਰੇ ਵਿੱਚ ਬਦਲ ਗਿਆ।

ਉਸ ਨੇ ਸ਼ਿਊਪ ਨੂੰ ਇਸ ਤਰ੍ਹਾਂ ਘੂਰ ਕੇ ਵੇਖਿਆ, ਜਿਵੇਂ ਉਸ ਦੀ ਸਾਰੀ ਜਾਨ ਨਿੱਕਲ਼ ਗਈ ਹੋਵੇ।

ਗੀਨਬੂਥ ਨੂੰ ਸਵੇਰੇ-ਸਵੇਰੇ ਹੀ ਬੂਹੇ ਦੇ ਕੋਲ਼ ਉਹ ਕਾਗ਼ਜ਼ ਦਾ ਟੁਕੜਾ ਪਿਆ ਮਿਲ਼ਿਆ। ਹੈਰਾਨ ਹੋ ਕੇ ਉਸ ਨੇ ਉਲਟਿਆ-ਪਲਟਿਆ। ਵਾਰ-ਵਾਰ ਪੜ੍ਹਿਆ :

"ਸਮਾਨਖ਼ਾਨੇ ਦਾ ਹੋਫ਼ਲ ਤੇ ਪੋਲ ਕਰੋਪਿਨਸਕੀ ਹਾਪਤ ਸ਼ਾਰ ਫ਼ੋਹਰਰ ਜ਼ਵਾਈਲਿੰਗ ਨੂੰ ਫ਼ਸਾਉਣਾ ਚਾਹੁੰਦੇ ਸਨ। ਉਨ੍ਹਾਂ ਲੋਕਾਂ ਨੇ ਕੱਪੜੇ ਵਾਲ਼ੇ ਕਮਰੇ ਦੇ ਪਿਛਲੇ ਸੱਜੇ ਕੋਨੇ ਵਿੱਚ ਇੱਕ ਯਹੂਦੀ ਬੱਚਾ ਲੁਕਾ ਰੱਖਿਆ ਏ..."

ਗੀਨਬੂਥ ਨੇ ਪਤਾ ਨਹੀਂ ਕਿੰਨੇ ਵਾਰੀ ਪੜ੍ਹਿਆ ਹੋਵੇਗਾ "ਸਮਾਨਖ਼ਾਨੇ ਦਾ ਇੱਕ ਕੈਦੀ" ਹੇਠ ਦਸਤਖ਼ਤ ਸਨ।

ਗੀਨਬੂਥ ਨੂੰ ਝੱਟ ਚੇਤੇ ਆ ਗਿਆ ਕਿ ਜ਼ਵਾਈਲਿੰਗ ਨੇ ਕੱਲ੍ਹ ਸਵੇਰੇ ਕੀ ਕੀਤਾ ਸੀ। ਉਸਨੇ ਬੂਹਾ ਖੋਲ੍ਹਿਆ ਸੀ ਤੇ ਹੱਕਾ-ਬੱਕਾ ਖਲੋਤਾ ਰਿਹਾ, ਫਿਰ ਥਥਲਾ ਕੇ ਘਬਰਾਹਟ ਵਿੱਚ ਸਲਾਮ ਕੀਤਾ ਤੇ ਫਿਰ ਚਲਿਆ ਗਿਆ।

ਗੀਨਬੂਥ ਦੇ ਮੂੰਹੋਂ ਸੀਟੀ ਦੀ ਅਵਾਜ਼ ਨਿੱਕਲ਼ ਗਈ। ਉਸ ਨੇ ਟੁਕੜੇ ਨੂੰ ਜੇਬ੍ਹ ਵਿੱਚ ਰੱਖ ਲਿਆ। ਮਗਰੋਂ ਉਸ ਇਹ ਕਲੂਟਿਗ ਨੂੰ ਵਿਖਾਇਆ। ਉਸ ਵੀ ਕਈ ਵਾਰ ਪੜ੍ਹਿਆ ਤੇ ਉਸ ਦੀ ਸਮਝ ਕੁੱਝ ਨਾ ਆਇਆ। ਉਸ ਲਾਲ ਪਪੋਟਿਆਂ ਵਾਲ਼ੀਆਂ ਅੱਖਾਂ ਵਿੰਗੀਆਂ ਟੇਢੀਆਂ ਕੀਤੀਆਂ। ਉਸ ਦੀ ਐਨਕ ਦੇ ਮੋਟੇ-ਮੋਟੇ ਸ਼ੀਸ਼ਿਆਂ 'ਚੋਂ ਰੋਸ਼ਨੀ ਦਾ ਪਰਛਾਵਾਂ ਏਧਰ-ਓਧਰ ਜਾ ਰਿਹਾ ਸੀ।

ਗੀਨਬੂਥ ਮੇਜ਼ ਪਿੱਛੇ ਆਪਣੀ ਕੁਰਸੀ 'ਤੇ ਜਾ ਬੈਠਾ : "ਦਸਤਖ਼ਤਾਂ ਬਾਰੇ ਤੇਰਾ ਕੀ ਵਿਚਾਰ ਏ ?"

ਕਲੂਟਿਗ ਨੇ ਹੈਰਾਨ ਹੋ ਕੇ ਆਖਿਆ : "ਸਪਸ਼ਟ ਹੈ ਕਿ ਕਿਸੇ ਨੇ ਮੁਖ਼ਬਰੀ ਕੀਤੀ ਏ ?"

"ਕੈਦੀ ਨੇ ?"

"ਹੋਰ ਕਿਸੇ ਨੇ ?"

ਗੀਨਬੂਥ ਮੁਸਕਰਾਇਆ ਜਿਵੇਂ ਉਹ ਵਧੇਰੇ ਸਿਆਣਾ ਹੈ, ਤੇ ਉਹ ਸਭ ਕੁੱਝ ਜਾਣਦਾ ਹੈ।

"ਜ਼ਵਾਈਲਿੰਗ ਨੇ" ਉਸ ਆਖਿਆ ਤੇ ਉੱਛਲ ਕੇ ਖਲੋ੍ ਗਿਆ। ਉਸ ਉਹ ਟੁਕੜਾ ਕਲੂਟਿਗ ਦੇ ਹੱਥੋਂ ਲੈ ਲਿਆ ਤੇ ਫਿਰ ਕਾਹਲ਼ੀ ਵਿੱਚ ਕਹਿਣ ਲੱਗਾ, "ਇਹ ਕਾਗ਼ਜ਼ ਜ਼ਵਾਈਲਿੰਗ ਨੇ ਲਿਖਿਆ ਏ ਹੋਰ ਕਿਸੇ ਨਹੀਂ।"

ਕਲੂਟਿਗ ਦੇ ਅਹਿਮਕਾਂ ਵਾਲ਼ੇ ਚਿਹਰੇ ਨੂੰ ਵੇਖ ਕੇ ਗੀਨਬੂਥ ਹੋਰ ਚਿੜ੍ਹ ਗਿਆ। ਸੜੇ-ਬਲੇ ਨੇ ਕੈਂਪ ਫ਼ੋਹਰਰ ਨੂੰ ਉਸ ਚੰਗੇ ਹੱਥੀਂ ਲਿਆ। "ਤੂੰ ਇਤਨਾ ਵੀ ਨਹੀਂ ਵੇਖ ਸਕਦਾ ? ਸਾਫ਼ ਸਿੱਧੀ ਜਿਹੀ ਗੱਲ ਹੈ, ਉਹ ਖੋਤਾ ਕਮਿਊਨਿਸਟਾਂ ਨਾਲ਼ ਸਾਜ਼ਬਾਜ਼ ਕਰਦਾ ਰਿਹਾ ਹੈ ਤੇ ਹੁਣ ਡਰਦਾ ਮਾਰਾ ਪਤਲੂਣ ਵਿੱਚ ਮੂਤੀ ਜਾ ਰਿਹਾ ਏ... ? ਅਤੇ ਜ਼ਰੂਰ ਕੋਈ ਜੱਥੇਬੰਦੀ ਹੈ, ਜਿਸ ਦਾ ਪਤਾ ਲਾਉਣਾ ਹੈ। ਹੋਫ਼ਲ ਤੇ ਉਸ ਪੋਲ ਨੂੰ ਹੁਣੇ ਪਕੜਨਾ ਏ, ਹੁਣੇ।"

ਕਲੂਟਿਗ ਨੇ ਹਾਮੀ ਭਰੀ। ਉਸ ਨੂੰ ਗੀਨਬੂਥ ਦੀ ਚਲਾਕੀ ਦਾ ਪੂਰਾ ਵਿਸ਼ਵਾਸ ਸੀ, ਜਿਹੜਾ ਇੱਕ ਮਿੰਟ ਵੀ ਨਸ਼ਟ ਨਹੀਂ ਸੀ ਕਰਨਾ ਚਾਹੁੰਦਾ। ਉਸ ਝੱਟ ਟੋਪੀ ਸਿਰ 'ਤੇ ਰੱਖੀ।

"ਚਲੋ।"

ਸਮਾਨਖ਼ਾਨੇ ਦਾ ਬੂਹਾ ਖੋਲ੍ਹ ਕੇ ਉਹ ਦੋਵੇਂ ਕਾਹਲ਼ੀ ਨਾਲ਼ ਅੰਦਰ ਵੜੇ।

ਕੱਪੜੇ ਵਾਲ਼ੇ ਕਮਰੇ ਵਿੱਚ ਜਿਹੜੇ ਕੈਦੀ ਕੰਮ ਕਰ ਰਹੇ ਸਨ, ਉਹ ਤ੍ਰਭਕ ਗਏ। ਇੱਕ ਨੇ ਉੱਚੀ ਸਾਰੀ ਆਖਿਆ : "ਅਟੈਨਸ਼ਨ !" ਤੇ ਹਰ ਕੈਦੀ ਭਾਵੇਂ ਕਿਤੇ ਵੀ ਸੀ ਅਟੈਨਸ਼ਨ ਹੋ ਗਿਆ। ਹੋਫ਼ਲ ਨੇ ਕਲਰਕ ਦੇ ਕਮਰੇ ਵਿੱਚੋਂ ਅਟੈਨਸ਼ਨ ਦੀ ਅਵਾਜ਼ ਸੁਣ ਲਈ ਤੇ ਜਦੋਂ ਉਸ ਕੈਂਪ ਫ਼ੋਹਰਰ ਤੇ ਗੀਨਬੂਥ ਦੀ ਅਵਾਜ਼ ਸੁਣੀ ਤਾਂ ਕੰਬ ਗਿਆ। ਉਹ ਛੇਤੀ ਨਾਲ਼ ਉੱਠਿਆ ਤੇ ਕੱਪੜੇ ਵਾਲ਼ੇ ਕਮਰੇ ਵਿੱਚ ਆਮ ਵਾਂਗ ਰਿਪੋਰਟ ਕੀਤੀ।

"ਸਮਾਨਖ਼ਾਨੇ ਦਾ ਅਮਲਾ ਕੰਮ 'ਤੇ ਹਾਜ਼ਰ ਏ।"

ਗੀਨਬੂਥ ਨੇ ਚੀਕ ਕੇ ਆਖਿਆ : "ਸਾਰਿਆਂ ਨੂੰ ਇੱਥੇ ਹਾਜ਼ਰ ਕਰੋ !"

ਚੰਗੀ ਤਰ੍ਹਾਂ ਚੀਕ ਕੇ ਹੋਫ਼ਲ ਨੇ ਸਾਰੀ ਬਿਲਡਿੰਗ ਵਿੱਚ ਹੁਕਮ ਪਹੁੰਚਾਇਆ। ਉਸ ਦਾ ਸਿਰ ਚਕਰਾ ਰਿਹਾ ਸੀ। ਕੈਦੀ ਦੋਹਾਂ ਪਾਸਿਆਂ ਤੋਂ ਆ ਰਹੇ ਸਨ। ਸਾਰਿਆਂ ਨੂੰ ਇਹਨਾਂ ਦੋਹਾਂ ਦੇ ਅਚਾਨਕ ਤੇ ਬੇਵਕਤ ਆਉਣ ਬਾਰੇ ਚਿੰਤਾ ਸੀ। ਸਾਰੇ ਛੇਤੀ-ਛੇਤੀ ਆਮ ਵਾਂਗ ਦੋਹਰੀ ਕਤਾਰ ਬਣਾ ਕੇ ਖੜ੍ਹੇ ਹੋ ਗਏ।

ਕਲੂਟਿਗ ਨੇ ਜ਼ਵਾਈਲਿੰਗ ਬਾਰੇ ਪੁੱਛਿਆ। ਹੋਫ਼ਲ ਨੇ ਰਿਪੋਰਟ ਦਿੱਤੀ : "ਹਾਪਤ ਸ਼ਾਰ ਫ਼ੋਹਰਰ ਜ਼ਵਾਈਲਿੰਗ ਅੱਜ ਸਵੇਰ ਤੋਂ ਇੱਥੇ ਨਹੀਂ ਆਏ।"

ਕਮਰੇ ਵਿੱਚ ਸੁੰਨ ਵਰਤੀ ਹੋਈ ਸੀ, ਜਿਵੇਂ ਸਾਰੇ ਜਾਣ-ਬੁੱਝ ਕੇ ਚੁੱਪ ਹੋਣ। ਕੈਦੀ ਚੁੱਪ-ਚਾਪ ਖਲੋਤੇ ਕਲੂਟਿਗ ਤੇ ਗੀਨਬੂਥ ਨੂੰ ਵੇਖ ਰਹੇ ਸਨ, ਜੋ ਇੱਕ ਸ਼ਬਦ ਵੀ ਨਹੀਂ ਸਨ ਕਹਿ ਰਹੇ। ਉਨ੍ਹਾਂ ਦੇ ਆਉਣ ਮਗਰੋਂ ਕੁੱਝ ਛਿੰਨ ਕੈਦੀਆਂ ਦੇ ਸਿਰਾਂ ਉੱਤੋਂ ਵਹਿਸ਼ੀ ਪੰਛੀਆਂ

ਵਾਂਗ ਲੰਘ ਗਏ ਸਨ ਅਤੇ ਹੁਣ ਸਥਿਰਤਾ ਜੰਮ ਕੇ ਰਹਿ ਗਈ ਸੀ।

ਕਲੂਟਿਗ ਨੇ ਗੀਨਬੂਥ ਨੂੰ ਇਸ਼ਾਰਾ ਕੀਤਾ, ਜੋ ਕੱਪੜੇ ਵਾਲ਼ੇ ਕਮਰੇ ਵਿੱਚ ਚਲਿਆ ਗਿਆ, ਸਿੱਧਾ ਪਿੱਛੇ ਵਾਲ਼ੇ ਸੱਜੇ ਕੋਨੇ ਵੱਲ। ਕਲੂਟਿਗ ਆਪ ਕਾਊਂਟਰ ਉੱਤੇ ਬਹਿ ਕੇ ਲੱਤਾਂ ਹਿਲਾਉਣ ਲੱਗਿਆ। ਕਤਾਰ ਦੇ ਪਿੱਛੇ ਪੀਪਿਗ ਤੇ ਕਰੋਪਿਨਸਕੀ ਨਾਲ਼-ਨਾਲ਼ ਖਲੋਤੇ ਸਨ। ਰੋਜ਼ ਅਗਲੀ ਕਤਾਰ ਵਿੱਚ ਸੀ। ਉਸ ਦਾ ਡਰਿਆ ਚਿਹਰਾ, ਦੂਜਿਆਂ ਦੇ ਚਿਹਰਿਆਂ ਤੋਂ ਅੱਡਰਾ ਪ੍ਰਤੱਖ ਸੀ। ਹੋਫ਼ਲ ਆਪਣੀ ਨੀਯਤ ਥਾਂ 'ਤੇ ਸਾਹਮਣੇ ਵਾਲ਼ੀ ਕਤਾਰ ਦੇ ਅਖ਼ੀਰ ਵਿੱਚ ਸੀ। ਉਸ ਦੇ ਦਿਮਾਗ਼ ਵਿੱਚ ਖ਼ਿਆਲ ਬੜੀ ਤੇਜ਼ੀ ਨਾਲ਼ ਆ ਜਾ ਰਹੇ ਸਨ।

ਉਸ ਦਾ ਦਿਲ ਛਾਤੀ ਵਿੱਚ ਧੜਕ ਰਿਹਾ ਸੀ। ਨਿੱਘੀ ਧੜਕਨ ਉਸ ਨੂੰ ਜ਼ਿੰਦਗੀ ਨਾਲ਼ੋਂ ਵੱਡੀ ਜਾਪ ਰਹੀ ਸੀ। ਅਜੀਬ ਗੱਲ ਇਹ ਸੀ ਕਿ ਉਹ ਅਫ਼ਸਰਾਂ ਦੇ ਆਉਣ ਨੂੰ ਬੱਚੇ ਦੇ ਅਲੋਪ ਹੋਣ ਨਾਲ਼ ਘੱਟ ਅਤੇ ਵਾਲਟਰ ਰੀਵਾਲਵਰ ਨਾਲ਼ ਵਧੇਰੇ ਜੋੜ ਰਿਹਾ ਸੀ। ਉਸ ਤੋਂ ਬਿਨਾਂ ਕਿਸੇ ਹੋਰ ਨੂੰ ਇਹ ਪਤਾ ਨਹੀਂ ਸੀ ਕਿ ਉਹ ਕਿੱਥੇ ਲੁਕਾ ਕੇ ਰੱਖਿਆ ਗਿਆ ਹੈ।

ਅਚਾਨਕ ਉਸ ਨੂੰ ਬੱਚਿਆਂ ਦੀ ਖੇਡ ਚੇਤੇ ਆਈ, ਜਿਸ ਵਿੱਚ ਸਾਰੇ ਲੁਕ ਜਾਂਦੇ ਹਨ ਤੇ ਇੱਕ ਢੂੰਡਦਾ ਹੈ ਤੇ ਉਸ ਨੇ ਆਪਣੇ ਆਪ ਹੌਂਸਲਾ ਦਿੱਤਾ: "ਤੂੰ ਠੰਡਾ ਹੋ ਰਿਹਾ ਏਂ, ਤੇਰੀ ਘਬਰਾਹਟ ਘੱਟ ਹੋ ਰਹੀ ਹੈ...। ਪਰ ਦਿਮਾਗ਼ ਵਿੱਚ ਉਸ ਪਸਤੌਲ ਨੂੰ ਟਟੋਲ਼ਿਆ, ਉਸ ਦੇ ਮਿਲ਼ਣ ਦੀਆਂ ਸੰਭਾਵਨਾਵਾਂ ਨੂੰ ਤੋਲਿਆ ਤੇ ਚੇਤੇ ਕੀਤਾ ਕਿ ਕਿਵੇਂ ਢੂੰਡਣ ਦੇ ਬਾਵਜੂਦ ਲੁਕਣ ਵਾਲ਼ਾ ਨਾ ਲੱਭਦਾ ਤਾਂ ਖ਼ੁਸ਼ੀ ਵਿੱਚ ਚੀਕ ਪੈਂਦਾ ਸੀ।

ਗੀਨਬੂਥ ਵਾਪਸ ਆ ਕੇ ਖਿਝ ਕੇ ਬੋਲਿਆ : "ਕੁੱਝ ਵੀ ਨਹੀਂ ਹੈ।"

ਕਲੂਟਿਗ ਦਾ ਪਾਰਾ ਚੜ੍ਹ ਗਿਆ: "ਹੋਫ਼ਲ ਅੱਗੇ ਆ।"

"ਤੇ ਉਹ ਪੋਲ ਸੂਰ ਕਿੱਥੇ ਏ, ਏਧਰ ਆ।"

ਗ਼ੁੱਸੇ ਦੇ ਮਾਰੇ ਕਲੂਟਿਗ ਪਾਗ਼ਲ ਹੋ ਰਿਹਾ ਸੀ : "ਬੱਚਾ ਕਿੱਥੇ ਹੈ ?"

ਕਰੋਪਿਨਸਕੀ ਨੇ ਥੁੱਕ ਲੰਘਾਈ। ਕਿਸੇ ਕੋਈ ਉੱਤਰ ਨਾ ਦਿੱਤਾ। ਕਲੂਟਿਗ ਤੋਂ ਹੁਣ ਜ਼ਬਤ ਨਾ ਕੀਤਾ ਗਿਆ। ਚੀਕ ਕੇ ਬੋਲਿਆ:

"ਮੈਂ ਪੁੱਛਦਾ ਹਾਂ, ਉਹ ਯਹੂਦੀ ਕਤੂਰਾ ਕਿੱਥੇ ਹੈ ?"

ਨਾਲ਼ ਹੀ ਉਹ ਹੋਫ਼ਲ ਨੂੰ ਸੰਬੋਧਨ ਹੋਇਆ : "ਤੂੰ ਜਵਾਬ ਦੇਹ।"

ਉਸ ਦੇ ਮੂੰਹੋਂ ਝੱਗ ਨਿੱਕਲ਼ ਰਹੀ ਸੀ।

"ਇੱਥੇ ਕੋਈ ਬੱਚਾ ਨਹੀਂ।"

ਕਲੂਟਿਗ ਨੇ ਗੀਨਬੂਥ ਵੱਲ ਵੇਖਿਆ। ਗ਼ੁੱਸੇ ਦੇ ਮਾਰਿਆਂ ਉਸ ਦੇ ਮੂੰਹ ਵਿੱਚੋਂ ਸ਼ਬਦ ਨਹੀਂ ਸੀ ਨਿੱਕਲ਼ ਰਹੇ। ਗੀਨਬੂਥ ਤਸੱਲੀ ਨਾਲ਼ ਕਰੋਪਿਨਸਕੀ ਕੋਲ਼ ਗਿਆ। ਉਸ ਦਾ ਜੈਕਟ ਫੜ ਕੇ ਆਪਣੇ ਵੱਲ ਖਿੱਚਿਆ ਤੇ ਪਿਆਰ ਨਾਲ਼ ਆਖਿਆ:

"ਦੱਸ ਪੋਲ ਬੱਚਾ ਕਿੱਥੇ ਹੈ ?"

ਕਰੋਪਿਨਸਕੀ ਨੇ ਆਪਣਾ ਸਿਰ ਜ਼ੋਰ ਨਾਲ਼ ਹਿਲਾਇਆ "ਮੈਂ ਨਹੀਂ ਜਾਣਦਾ...।"

ਗੀਨਬੂਥ ਪਿਛਾਂਹ ਹਟਿਆ ਤੇ ਸਿੱਖੇ ਹੋਏ ਹੱਥ ਨਾਲ਼ ਕਰੋਪਿਨਸਕੀ ਦੇ ਜਬਾੜੇ

ਉੱਤੇ ਮੁੱਕਾ ਮਾਰਿਆ। ਮੁੱਕਾ ਇਤਨਾ ਡਾਢਾ ਸੀ ਕਿ ਕਰੋਪਿਨਸਕੀ ਲੜਖੜਾ ਕੇ ਕੈਦੀਆਂ ਦੇ ਉੱਤੇ ਜਾ ਪਿਆ, ਜਿਨ੍ਹਾਂ ਉਸ ਨੂੰ ਸੰਭਾਲ਼ਿਆ। ਉਸ ਮੂੰਹ ਦੀ ਨੁੱਕਰ ਵਿੱਚੋਂ ਇੱਕ ਪਤਲੀ ਜਿਹੀ ਲਾਲ ਲਕੀਰ ਵਗ ਰਹੀ ਸੀ।

ਰੀਨਬੂਥ ਨੇ ਕਰੋਪਿਨਸਕੀ ਨੂੰ ਮੁੜ ਖਿੱਚਿਆ, ਉਸੇ ਥਾਂ ਦੂਜਾ ਮੁੱਕਾ ਪਿਆ। ਕਰੋਪਿਨਸਕੀ ਬੇਹੋਸ਼ ਹੋ ਗਿਆ।

ਰੀਨਬੂਥ ਨੇ ਆਪਣਾ ਹੱਥ ਪੂੰਝਿਆ ਤੇ ਪਤਲੂਣ ਦੇ ਪਿੱਛੇ ਕਰ ਲਿਆ।

ਇਹਨਾਂ ਦੋਹਾਂ ਮੁੱਕਿਆਂ ਨੇ ਜਿਵੇਂ ਕਲੂਟਿਗ ਨੂੰ ਇਸ਼ਾਰਾ ਦਿੱਤਾ ਸੀ, ਜਿਸ ਨੇ ਦੋਹਾਂ ਮੁੱਠੀਆਂ ਨਾਲ਼ ਹੇਠ ਉੱਤੇ ਹੋਫ਼ਲ ਨੂੰ ਮਾਰਿਆ ਤੇ ਚੀਕਿਆ "ਕਿੱਥੇ ਏ ਉਹ ਯਹੂਦੀ ਕਤੂਰਾ ? ਦੱਸ ਛੇਤੀ।"

ਹੋਫ਼ਲ ਨੇ ਸਿਰ ਨੂੰ ਬਚਾਉਣ ਲਈ ਦੋਵੇਂ ਬਾਹਾਂ ਉੱਪਰ ਕਰ ਲਈਆਂ। ਕਲੂਟਿਗ ਨੇ ਉਸ ਦੇ ਢਿੱਡ ਵਿੱਚ ਇੰਨੀ ਜ਼ੋਰ ਦੀ ਠੁੱਡਾ ਮਾਰਿਆ ਕਿ ਉਹ ਪੀੜ ਨਾਲ਼ ਚੀਕਦਾ ਢੇਰੀ ਹੋ ਗਿਆ।

ਪੀਪਿਗ ਦਾ ਸਾਹ ਨਹੀਂ ਸੀ ਰੁਕ ਰਿਹਾ। ਉਸ ਦੋਵੇਂ ਮੁੱਠੀਆਂ ਘੁੱਟ ਲਈਆਂ। ਉਹ ਬੱਸ ਇਹੋ ਸੋਚ ਰਿਹਾ ਸੀ, 'ਡਟੇ ਰਹੋ ਹਿੰਮਤ ਨਾ ਹਾਰਨਾ। ਉਹ ਲੋਕ ਓਪਨਹਾਈਨ ਤੱਕ ਆ ਗਏ ਹਨ। ਹੁਣ ਬਹੁਤੇ ਦਿਨਾਂ ਦੀ ਗੱਲ ਨਹੀਂ। ਡਟੇ ਰਹਿਣਾ, ਡਟੇ ਰਹਿਣਾ...'

ਕਲੂਟਿਗ ਦਾ ਹੇਠਲਾ ਬੁੱਲ੍ਹ ਕੰਬ ਰਿਹਾ ਸੀ। ਉਸ ਆਪਣੀ ਵਰਦੀ ਠੀਕ ਕੀਤੀ। ਹੋਫ਼ਲ ਹਿੰਮਤ ਕਰ ਕੇ ਖੜ੍ਹਾ ਹੋ ਗਿਆ। ਸੱਟ ਨੇ ਉਸ ਨੂੰ ਅਧਮੋਇਆ ਕਰ ਦਿੱਤਾ ਸੀ। ਉਸ ਦਾ ਸਿਰ ਢਲਕਿਆ ਹੋਇਆ ਸੀ ਤੇ ਉਹ ਉੱਚੀ-ਉੱਚੀ ਸਾਹ ਲੈ ਰਿਹਾ ਸੀ। ਕਰੋਪਿਨਸਕੀ ਬੇਹਿਸ ਅਹਿੱਲ ਪਿਆ ਸੀ।

ਰੀਨਬੂਥ ਨੇ ਆਪਣੀ ਘੜੀ ਵੇਖੀ, "ਮੈਂ ਤੁਸਾਂ ਸਾਰਿਆਂ ਨੂੰ ਇੱਕ ਮਿੰਟ ਦੇਂਦਾ ਹਾਂ, ਜੋ ਵੀ ਮੈਨੂੰ ਦੱਸੇਗਾ ਕਿ ਉਹ ਯਹੂਦੀ ਕਤੂਰਾ ਕਿੱਥੇ ਹੈ, ਉਹ ਇਨਾਮ ਪ੍ਰਾਪਤ ਕਰੇਗਾ।

ਕੈਦੀ ਨਿਰਜਿੰਦ ਖਲ੍ਹੋਤੇ ਰਹੇ। ਪੀਪਿਗ ਨੇ ਖ਼ਾਮੋਸ਼ੀ ਵਿੱਚ ਸੁਣਨ ਦੀ ਕੋਸ਼ਿਸ਼ ਕੀਤੀ। ਕੋਈ ਬੋਲੇਗਾ ? ਉਸ ਦੀਆਂ ਅੱਖਾਂ ਰੋਜ਼ ਦਾ ਅਨੁਮਾਨ ਲਾਇਆ, ਜਿਹੜਾ ਉਸ ਵੱਲ ਪਿੱਠ ਕੀਤੀ ਖਲ੍ਹੋਤਾ ਸੀ, ਪਰ ਪੀਪਿਗ ਵੇਖ ਰਿਹਾ ਸੀ ਕਿ ਉਸ ਦੀਆਂ ਉਂਗਲਾਂ ਕੰਬ ਰਹੀਆਂ ਸਨ।

ਬੇਹੱਦ ਲੰਮੇ ਅੱਧੇ ਮਿੰਟ ਮਗਰੋਂ ਰੀਨਬੂਥ ਨੇ ਫਿਰ ਆਪਣੀ ਘੜੀ ਵੇਖੀ। ਉੱਪਰੋਂ ਉਹ ਉੱਕਾ ਸੰਤੁਸ਼ਟ ਵਿਖਾਈ ਦੇ ਰਿਹਾ ਸੀ, ਪਰ ਉਹ ਚਾਲ ਸੋਚ ਰਿਹਾ ਸੀ। ਉਸ ਸੋਚਿਆ ਇਹਨਾਂ ਭੇਡਾਂ ਨੂੰ ਡਰਾ ਦਿਓ, ਤਾਂ ਰਤਾ ਨਰਮ ਹੋਣਗੇ।

"ਤਿੰਨ ਸੈਕਿੰਟ ਹੋਰ।" ਉਸ ਬੜੀ ਨਰਮੀ ਨਾਲ਼ ਆਖਿਆ : "ਅਸੀਂ ਫਿਰ ਇਹਨਾਂ ਦੋਹਾਂ ਨੂੰ ਲੈ ਜਾਵਾਂਗੇ-ਮੈਂਡਰਿਲ ਦੇ ਕੋਲ।"

ਉਹ ਬੜੇ ਭਿਆਨਕ ਤਰੀਕੇ ਨਾਲ਼ ਰੁਕਿਆ ਤੇ ਆਪਣੇ ਹੋਠਾਂ ਨੂੰ ਸੁਕੇੜ ਕੇ ਮੁਸਕਰਾਉਣ ਲੱਗਿਆ।

"ਉੱਥੇ ਇਹਨਾਂ ਲੋਕਾਂ ਨਾਲ਼ ਜੋ ਬੀਤੇਗੀ, ਉਸ ਦੀ ਜ਼ਿੰਮੇਵਾਰੀ ਤੁਹਾਡੇ 'ਤੇ ਹੋਵੇਗੀ।"

ਉਸ ਚਲਾਕੀ ਨਾਲ਼ ਕੈਦੀਆਂ ਨਾਲ਼ ਅੱਖਾਂ ਨਾ ਮਿਲਾਈਆਂ, ਸਗੋਂ ਆਪਣੀ ਘੜੀ ਨੂੰ ਵੇਖਦਾ ਰਿਹਾ।

ਕਲੂਟਿਗ ਦੀਆਂ ਅੱਖਾਂ ਵਾਰੀ-ਵਾਰੀ ਸਾਰਿਆਂ ਨੂੰ ਵੇਖ ਰਹੀਆਂ ਸਨ। ਕਤਾਰਾਂ ਇੰਝ ਜੰਮੀਆਂ ਖਲ੍ਹੋਤੀਆਂ ਸਨ, ਜਿਵੇਂ ਸਾਂਚੇ ਵਿੱਚ ਢਲੀਆਂ ਹੋਣ। ਪੀਪਿਗ ਅੰਦਰੋਂ ਕੰਬ ਰਿਹਾ ਸੀ। 'ਕੀ ਮੈਂ ਸਾਰਾ ਦੋਸ਼ ਆਪਣੇ ਸਿਰ ਲੈ ਲਵਾਂ ? ਅੱਗੇ ਵਧ ਤੇ ਆਖ ਦੇ, ਮੈਂ ਤਾਂ, ਮੈਂ ਕੱਲਿਆਂ ਇਹ ਸਭ ਕੁੱਝ ਕੀਤਾ ਹੈ...।'

ਮਿੰਟ ਪੂਰਾ ਹੋ ਗਿਆ। ਗੀਨਬ੍ਰਥ ਨੇ ਘੜੀ ਵਾਲ਼ਾ ਹੱਥ ਥੱਲੇ ਕਰ ਲਿਆ। ਪੀਪਿਗ ਨੂੰ ਇੰਝ ਜਾਪਿਆ ਜਿਵੇਂ ਉਸ ਨੂੰ ਕੋਈ ਪਿੱਛੋਂ ਧੱਕ ਰਿਹਾ ਹੋਵੇ, 'ਚੱਲੋ, ਅੱਗੇ ਵਧੋ', ਪਰ ਉਹ ਜੰਮ ਕੇ ਖਲ੍ਹੋਤਾ ਰਿਹਾ।

ਗੀਨਬ੍ਰਥ ਨੇ ਆਪਣੇ ਬੂਟ ਦੀ ਨੋਕ ਕਰੋਪਿਨਸਕੀ ਦੀ ਵੱਖੀ ਵਿੱਚ ਚੋਭੀ, "ਖੜ੍ਹਾ ਹੋ!"

ਹੁਣ ਹੱਦ ਹੋ ਗਈ ਸੀ। ਪੀਪਿਗ ਦੀ ਸਹਿਣ ਸ਼ਕਤੀ ਖ਼ਤਮ ਹੋ ਰਹੀ ਸੀ ਤੇ ਉਸ ਨੂੰ ਜਾਪਿਆ ਜਿਵੇਂ ਉਹ ਸੱਚਮੁੱਚ ਹੀ ਅਗਾਂਹ ਵਧ ਰਿਹਾ ਹੋਵੇ, ਐਨ ਜਿਵੇਂ ਸੁਪਨੇ ਵਿੱਚ। ਕਰੋਪਿਨਸਕੀ ਹੌਲ਼ੀ-ਹੌਲ਼ੀ ਉੱਠਿਆ ਤੇ ਗੀਨਬ੍ਰਥ ਨੇ ਉਸ ਦੀ ਵੱਖੀ ਵਿੱਚ ਠੁੱਡਾ ਮਾਰਿਆ ਕਿ ਉਹ ਚਕਰਾ ਕੇ ਬੂਹੇ ਵੱਲ ਜਾ ਪੁੱਜਿਆ। ਐਪਰ ਪੀਪਿਗ ਨੂੰ ਡਰ ਜਾਂ ਕਾਇਰਤਾ ਨੇ ਨਹੀਂ ਸੀ ਰੋਕ ਰੱਖਿਆ। ਆਪਣੀਆਂ ਪੱਥਰੀਆਂ ਅੱਖਾਂ ਨਾਲ਼ ਉਸ ਹੋਫ਼ਲ ਵੇਖਿਆ, ਜਿਹੜਾ ਬੂਹੇ ਵੱਲ ਵੱਧ ਰਿਹਾ ਸੀ...।

ਉਨ੍ਹਾਂ ਦੇ ਚਲੇ ਜਾਣ ਮਗਰੋਂ ਵੀ ਕੈਦੀ ਚੁੱਪ-ਚਾਪ ਬੇਹਿਸ ਤੇ ਅਹਿਲ ਖਲ੍ਹੋਤੇ ਰਹੇ। ਉਨ੍ਹਾਂ ਨੂੰ ਉਸ ਦੁੱਖ ਨੇ ਜਿਹੜਾ ਹੁਣ ਉਨ੍ਹਾਂ ਭੁਗਤਿਆ ਸੀ, ਨਿਸੱਤਾ ਕਰ ਦਿੱਤਾ ਸੀ। ਇੱਥੋਂ ਤੱਕ ਕਿ ਰੋਜ਼, ਜਿਹੜਾ ਡਰਦਾ ਮਾਰਿਆ ਕੰਬ ਰਿਹਾ ਸੀ, ਵੀ ਮੁੱਠੀਆਂ ਘੁਮਾਉਂਦਿਆਂ ਚੀਕਿਆ, "ਮੈਂ ਇਸ ਸਭ ਚੱਕਰ ਵਿੱਚ ਨਹੀਂ ਪਵਾਂਗਾ।"

ਕਤਾਰਾਂ ਵਿੱਚ ਜਾਨ ਆ ਗਈ ਤੇ ਪੀਪਿਗ ਵੀ ਪਥਰਾ ਜਾਣ ਵਾਲ਼ੀ ਹਾਲਤ 'ਚੋਂ ਤ੍ਰਭਕਿਆ। ਕਤਾਰਾਂ ਟੁੱਟ ਚੁੱਕੀਆਂ ਸਨ। ਉਹ ਭੀੜ ਵਿੱਚੋਂ ਹੁੰਦਾ ਹੋਇਆ ਰੋਜ਼ ਕੋਲ਼ ਪੁੱਜਿਆ। ਉਸ ਨੂੰ ਦਬੋਚਿਆ ਤੇ ਮੁੱਕਾ ਤਾਣ ਕੇ ਬੋਲਿਆ "ਮੂੰਹ ਬੰਦ ਰੱਖੀਂ ਆਪਣਾ।"

ਪੰਜ

ਜ਼ਵਾਈਲਿੰਗ ਨੇ ਜਾਣਬੁੱਝ ਕੇ ਢਿੱਲ ਕੀਤੀ ਸੀ ਕਿ ਸਭ ਕੁੱਝ ਹੋ-ਹਵਾ ਚੁੱਕੇ 'ਤੇ ਪਹੁੰਚੇ। ਜਦੋਂ ਉਹ ਬਿਲਡਿੰਗ ਵਿੱਚ ਪਹੁੰਚਿਆ ਤਾਂ ਉਸ ਨੇ ਕੈਦੀਆਂ ਨੂੰ ਵਧੇਰੇ ਵਿਸ਼ਵਾਸ ਨਾਲ਼ ਵੇਖਿਆ। ਕੁੱਝ ਤਾਂ ਕਲਰਕ ਦੇ ਦਫ਼ਤਰ ਵਿੱਚ ਮੇਜ਼ ਦੇ ਦੁਆਲ਼ੇ ਨਿਕੰਮੇ ਬੈਠੇ ਸਨ ਤੇ ਬਾਕੀ ਕੱਪੜੇ ਵਾਲ਼ੇ ਕਮਰੇ ਦੇ ਲੰਮੇ ਕਾਊਂਟਰ ਦੇ ਕੋਲ਼ ਖਲ੍ਹੋਤੇ ਸਨ। ਉਹ ਵੀ ਕੁੱਝ ਨਾ ਕੁੱਝ ਕਰ

ਰਹੇ ਹੋਣਗੇ, ਬੱਸ ਉਸ ਨੂੰ ਆਉਂਦਿਆਂ ਵੇਖ ਕੇ ਕੰਮ 'ਤੇ ਲੱਗੇ ਹੋਣਗੇ।

ਜ਼ਵਾਈਲਿੰਗ ਕੈਦੀਆਂ ਦੀ ਉਦਾਸੀ ਨੂੰ ਅੱਖੋਂ-ਪਰੋਖੇ ਕਰਨਾ ਚਾਹੁੰਦਾ ਸੀ ਤੇ ਸਿੱਧਾ ਆਪਣੇ ਕਮਰੇ ਵਿੱਚ ਜਾਣਾ ਚਾਹੁੰਦਾ ਸੀ। ਐਪਰ ਉਸ ਨੂੰ ਇਹ ਖ਼ਿਆਲ ਆਇਆ ਕਿ ਇਹ ਲੋਕ ਸਮਝ ਨਾ ਜਾਣ ਕਿ ਕਾਗ਼ਜ਼ ਦਾ ਟੁਕੜਾ ਇਸੇ ਨੂੰ ਭੇਜਿਆ ਸੀ। ਦੁਚਿੱਤੀ ਦੀ ਹਾਲਤ ਵਿੱਚ ਉਹ ਰੁਕ ਗਿਆ ਤੇ ਘਟੀਆਪਣ ਵਿੱਚ ਮੁਸਕਰਾਉਣ ਲੱਗਿਆ :

"ਤੁਸੀਂ ਇਤਨੇ ਬੇਵਕੂਫ਼ ਵਿਖਾਈ ਕਿਉਂ ਦੇਂਦੇ ਹੋ ? ਹੋਫ਼ਲ ਕਿੱਥੇ ਏ ?"

ਪੀਪਿਗ ਵੀ ਕਾਊਂਟਰ ਦੇ ਕੋਲ਼ ਸੀ। ਉਸ ਜ਼ਵਾਈਲਿੰਗ ਵੱਲ ਨਜ਼ਰ ਨਾ ਕੀਤੀ ਤੇ ਕੱਪੜੇ ਦੇ ਇੱਕ ਬੋਰੇ ਦੀ ਰੱਸੀ ਕੱਟਣ ਲੱਗਿਆ "ਫ਼ਾਂਸੀ ਘਰ ਵਿੱਚ।" ਉਸ ਘਿਨਾਉਣੇ ਢੰਗ ਨਾਲ਼ ਆਖਿਆ ਤੇ ਜ਼ਵਾਈਲਿੰਗ ਇਸ ਲਹਿਜੇ ਨੂੰ ਤਾੜ ਗਿਆ।

"ਹੋਇਆ ਕੀ ?"

ਪੀਪਿਗ ਨੇ ਝੱਟ ਜਵਾਬ ਨਾ ਦਿੱਤਾ।

"ਹੁੰਦਾ ਕੀ ? ਬੱਚੇ ਦੀ ਖ਼ਾਤਰ ਹੋਫ਼ਲ ਤੇ ਕਰੋਪਿਨਸਕੀ ਨੂੰ ਫ਼ਾਂਸੀ ਘਰ ਪਹੁੰਚਾ ਦਿਤਾ ਗਿਆ।"

ਜ਼ਵਾਈਲਿੰਗ ਨੇ ਅੱਖ ਝਮਕੀ।

"ਕਿਸੇ ਨੇ ਮੁਖ਼ਬਰੀ ਕੀਤੀ ਹੋਵੇਗੀ।"

ਪੀਪਿਗ ਨੇ ਝੱਟ ਉੱਤਰ ਦਿੱਤਾ, "ਯੈੱਸ ਸਰ, ਹਾਪਤ ਸ਼ਾਰ ਫ਼ੋਹਰਰ, ਕਿਸੇ ਨੇ ਮੁਖ਼ਬਰੀ ਕੀਤੀ ਏ।"

ਜ਼ਵਾਈਲਿੰਗ ਨੇ ਉੱਤਰ 'ਤੇ ਗੌਰ ਕੀਤਾ ਤੇ ਫਿਰ ਬੋਲਿਆ, "ਤਾਂ ਜਾਪਦਾ ਇੰਝ ਹੈ ਕਿ ਤੁਸਾਂ ਲੋਕਾਂ ਵਿੱਚ ਕੋਈ ਹਰਾਮੀ ਵੀ ਏ।"

"ਇਹ ਗੱਲ ਕਿਤਨੇ ਜ਼ੋਰ ਨਾਲ਼ ਆਖੀ ਜਾ ਸਕਦੀ ਹੈ : ਤੁਸੀਂ ਲੋਕ ਉਸ ਨੂੰ ਕਿਤੇ ਹੋਰ ਲੈ ਗਏ ?"

"ਨਹੀਂ ਹਾਪਤ ਸ਼ਾਰ ਫ਼ੋਹਰਰ।"

"ਫਿਰ ਕਿੱਥੇ ਹੈ ?"

"ਪਤਾ ਨਹੀਂ।"

ਜ਼ਵਾਈਲਿੰਗ ਨੂੰ ਬੜੀ ਹੈਰਾਨੀ ਹੋਈ : "ਇਹ ਕਿੰਝ ਹੋ ਸਕਦਾ ਏ ? ਕੱਲ੍ਹ ਸ਼ਾਮ ਤੱਕ ਤਾਂ ਇੱਥੇ ਸੀ।"

"ਪਤਾ ਨਹੀਂ।"

ਜ਼ਵਾਈਲਿੰਗ ਉੱਛਲ ਪਿਆ, "ਮੈਂ ਆਪ ਵੇਖਿਆ ਏ।"

ਹੁਣ ਉਸ ਆਪ ਹੀ ਆਪਣਾ ਭਾਂਡਾ ਭੰਨ੍ਹ ਦਿੱਤਾ ਸੀ। ਹੁਣ ਤੱਕ ਪੀਪਿਗ ਨੂੰ ਜਿਹੜਾ ਪੱਕਾ ਸ਼ੱਕ ਸੀ, ਉਹ ਹੁਣ ਵਿਸ਼ਵਾਸ ਬਣ ਗਿਆ ਸੀ। ਜ਼ਵਾਈਲਿੰਗ ਸੀ ਉਹ ਮੁਖ਼ਬਰ, ਇਹੋ ਸੀ।

ਇਸ ਗੱਲ ਦੀ ਖ਼ਬਰ ਪੂਰੇ ਕੈਂਪ ਵਿੱਚ ਫ਼ੈਲ ਗਈ। ਹੋਫ਼ਲ ਦੀ ਗ੍ਰਿਫ਼ਤਾਰੀ ਖ਼ਤਰਨਾਕ

ਗੱਲ ਸੀ। ਕੀ ਗੜਬੜੀ ਹੋਈ ? ਕੈਦੀ ਇਸ ਚਿੰਤਾਜਨਕ ਖ਼ਬਰ ਨੂੰ ਆਪਣੇ-ਆਪਣੇ ਬਲਾਕ ਵਿੱਚ ਲੈ ਗਏ। ਇੱਕ ਕੈਦੀ ਇਸ ਖ਼ਬਰ ਨੂੰ ਟੈਂਕ ਵਾਲ਼ੀ ਬੈਰਕ ਵਿੱਚ ਲਿਆਇਆ।

ਬੋਖਾਉ ਨੇ ਕਰਮਚਾਰੀਆਂ ਤੋਂ ਸੁਣਿਆ, ਜਿਨ੍ਹਾਂ ਰਸੋਈਖ਼ਾਨੇ ਵਿੱਚ ਸੁਣਿਆ ਸੀ। ਹੁਣ ਉਹ ਬਲਾਕ ਵਿੱਚ ਨਹੀਂ ਸੀ ਠਹਿਰ ਸਕਦਾ। ਉਹ ਬਹੁਤ ਪ੍ਰੇਸ਼ਾਨ ਸੀ। ਉਸ ਨੇ ਕਲਰਕ ਦੇ ਕਮਰੇ ਵਿੱਚ ਜਾਣ ਦਾ ਬਹਾਨਾ ਕੱਢਿਆ। ਚੰਗੇ ਭਾਗਾਂ ਨੂੰ ਕਰੈਮਰ ਇਕੱਲਾ ਮਿਲ਼ ਗਿਆ। ਕਰੈਮਰ ਨੂੰ ਦਿਲ ਹੀ ਦਿਲ ਵਿੱਚ ਡਰ ਸੀ ਕਿ ਹੁਣ ਬੋਖਾਉ ਦਾ ਸਾਹਮਣਾ ਕਰਨਾ ਪਏਗਾ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਸ ਦੇ ਹੁਕਮ ਦੀ ਪਾਲਣਾ ਕਰਨਾ ਔਕੜ ਵਿੱਚ ਫਸੇ ਹੋਏ ਹੋਫ਼ਲ 'ਤੇ ਕਿਉਂ ਪਾ ਦਿੱਤਾ ਸੀ। ਇਹ ਉਸ ਨੂੰ ਮਨੁੱਖਤਾ ਦਾ ਆਖ਼ਰੀ ਜ਼ੋਰ ਸੀ, ਜਿਸ ਨੇ ਹੁਕਮ ਪਹੁੰਚਾਉਣ ਮਗਰੋਂ ਉਸ ਦੀ ਜ਼ਮੀਰ ਦੀਆਂ ਦੋਵੇਂ ਅੱਖਾਂ ਬੰਦ ਕਰਵਾ ਦਿੱਤੀਆਂ ਤੇ ਮੁੜ ਉਸ ਨਾਲ਼ ਕੋਈ ਸਬੰਧ ਨਾ ਰੱਖਿਆ। ਨਾ ਕੁੱਝ ਵੇਖੋ ਤੇ ਨਾ ਕੁੱਝ ਜਾਣੇ—ਤੇ ਇਸੇ ਮਨੁੱਖਤਾ ਦੇ ਜ਼ੋਰ ਉੱਤੇ ਉਸ ਸਮੇਂ ਬੋਖਾਉ ਨਾਲ਼ ਬਹਿਸ ਕੀਤੀ। ਕਾਫ਼ੀ ਬਹਿਸ ਮਗਰੋਂ ਬੋਖਾਉ ਨੇ ਆਖਿਆ :

"ਸੁਣੋ ਵਾਲਟਰ ! ਤੈਨੂੰ ਮਦਦ ਕਰਨੀ ਹੋਵੇਗੀ, ਤੇਰੇ ਤੋਂ ਲੁਕਾਉਣ ਦਾ ਕੋਈ ਲਾਭ ਨਹੀਂ। ਤੈਨੂੰ ਪਤਾ ਹੈ ਕਿ ਸਾਡੇ ਕੋਲ਼ ਅਸਲਾ ਹੈ, ਕਿੱਥੇ ਹੈ, ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਹੋਫ਼ਲ ਲੜਾਕੂ ਟੋਲੀਆਂ ਦਾ ਫ਼ੌਜੀ ਇਨਸਟ੍ਰਕਟਰ ਹੈ। ਸਾਡੇ ਜ਼ਰੂਰੀ ਕਾਮਰੇਡਾਂ ਵਿੱਚੋਂ ਹੈ। ਕਿਸੇ ਨੂੰ ਕੁੱਝ ਪਤਾ ਨਹੀਂ, ਹੋਫ਼ਲ ਨਾਲ਼ ਕੀ ਵਰਤਾਓ ਕੀਤਾ ਜਾ ਰਿਹਾ ਹੈ। ਇੱਕ ਗੱਲ ਪੱਕੀ ਹੈ ਕਿ ਉਸ ਨੂੰ ਦੁਨੀਆਂ ਭਰ ਦੇ ਤਸੀਹੇ ਦਿੱਤੇ ਜਾਣਗੇ—ਜੇ ਹੋਫ਼ਲ ਕਮਜ਼ੋਰ ਪੈ ਗਿਆ ਤਾਂ ਉਸ ਰਾਹੀਂ ਸਾਰਾ ਪ੍ਰਬੰਧ ਭਕ਼ ਕਰਦਾ ਉੱਡ ਜਾਵੇਗਾ। ਉਸ ਨੂੰ ਪਤਾ ਹੈ ਕਿ ਹਥਿਆਰ ਕਿੱਥੇ ਲੁਕਾਏ ਹੋਏ ਹਨ, ਉਸ ਨੂੰ ਪਤਾ ਹੈ ਕਿ ਟੋਲੀਆਂ ਵਿੱਚ ਕਿਹੜੇ-ਕਿਹੜੇ ਸਾਥੀ ਹਨ। ਉਹ ਸਾਡੀ ਅੰਡਰਗਰਾਊਂਡ ਲੀਡਰਸ਼ਿਪ ਨੂੰ ਵੀ ਜਾਣਦਾ ਹੈ। ...ਸੁਣ ਵਾਲਟਰ, ਤੈਨੂੰ ਪਤਾ ਕਰਨਾ ਹੋਵੇਗਾ ਕਿ ਹੋਫ਼ਲ ਮੂੰਹ ਬੰਦ ਰੱਖਦਾ ਹੈ ਜਾਂ ਨਹੀਂ। ਅਸੀਂ ਤਾਂ ਫ਼ਾਂਸੀ ਘਰ ਤੱਕ ਪਹੁੰਚ ਨਹੀਂ ਸਕਦੇ। ਇਹ ਮੈਂ ਤੇਰੇ 'ਤੇ ਛੱਡਦਾ ਹਾਂ ਕਿ ਤੈਨੂੰ ਕਿਵੇਂ ਕਰਨਾ ਹੋਵੇਗਾ। ਹੋ ਸਕਦਾ ਹੈ ਸ਼ਿਊਪ ਤੋਂ ਕੰਮ ਲੈਣਾ ਪਵੇ।

ਕਰੈਮਰ ਇਸ ਸੰਭਾਵਨਾ ਨੂੰ ਆਪ ਵੀ ਸੋਚ ਚੁੱਕਿਆ ਸੀ।

"ਜੋ ਕੁੱਝ ਤੈਨੂੰ ਪਤਾ ਲੱਗੇ ਤੁਰੰਤ ਮੈਨੂੰ ਦੇਵੀਂ। ਤੂੰ ਜਾਣਦਾ ਏਂ ਕਿ ਉਹ ਸਭ ਕੁੱਝ ਕੀ ਏ। ਵਾਲਟਰ ਹੁਸ਼ਿਆਰ ਰਹਿਣਾ। ਜਿਸ ਤੋਂ ਵੀ ਕੰਮ ਲਵੋ, ਉਸ ਨੂੰ ਉਤਨਾ ਹੀ ਦੱਸਣਾ ਜਿਤਨਾ ਅਤਿ ਜ਼ਰੂਰੀ ਹੋਵੇ ਨਹੀਂ ਤਾਂ—ਚੁੱਪ।"

"ਹੁਣ ਮੈਨੂੰ ਉੜਾ-ਐੜਾ ਪੜ੍ਹਾਉਣ ਦੀ ਲੋੜ ਨਹੀਂ।" ਕਰੈਮਰ ਬੁੜਬੁੜਾਇਆ।

ਖ਼ਤਰੇ ਵਿੱਚ ਘਬਰਾਉਣਾ ਬੋਖਾਉ ਦੀ ਆਦਤ ਨਹੀਂ ਸੀ। ਅਗਸਤ 1944 ਵਿੱਚ, ਅਮਰੀਕੀ ਬੰਬਾਰੀ ਦੀ ਗੜਬੜ ਵਿੱਚ ਕੈਂਪ ਦੇ ਅੰਦਰ ਕਿਸੇ ਤਰ੍ਹਾਂ ਛੇ ਕਾਰਬਾਈਨ ਆ ਗਈਆਂ। ਬੋਖਾਉ ਨੂੰ ਇਹ ਕੰਮ ਸੌਂਪਿਆ ਗਿਆ ਕਿ ਇਹਨਾਂ ਨੂੰ ਕਿਸੇ ਥਾਂ ਲੁਕਾਏ, ਕਿਸੇ ਅਜਿਹੀ ਥਾਂ ਜਿਹੜੀ ਬਿਲਕੁਲ ਸੁਰੱਖਿਅਤ ਹੋਵੇ, ਪਰ ਅਜਿਹੀ ਥਾਂ ਹੋਵੇ ਕਿ ਲੋੜ ਸਮੇਂ

ਕਾਰਬਾਈਨ ਤੁਰੰਤ ਹੱਥ ਆ ਜਾਣ। ਬੋਖਾਉ ਨੇ ਕੰਮ ਪੂਰਾ ਕਰ ਦਿੱਤਾ। ਆਪਣੇ ਸਾਥੀਆਂ ਨੂੰ ਸੂਚਨਾ ਦੇ ਦਿੱਤੀ। ਪੁੱਛਣ 'ਤੇ ਦੱਸਿਆ ਕਿ ਹਸਪਤਾਲ਼ ਵਿੱਚ ਲੁਕਾਈਆਂ ਹਨ। ਕਾਮਰੇਡਾਂ ਸ਼ੱਕ ਦਾ ਪ੍ਰਗਟਾਅ ਕੀਤਾ ਤਾਂ ਉਸ ਤਸੱਲੀ ਨਾਲ਼ ਆਖਿਆ: "ਜਿਹੜਾ ਵੀ ਹਸਪਤਾਲ਼ ਵਿੱਚੋਂ ਲੱਭ ਲਵੇ ਕਿ ਕਾਰਬਾਈਨ ਕਿੱਥੇ ਹਨ, ਉਹ ਮੇਰਾ ਸਾਤੇ ਭਰ ਦਾ ਰਾਸ਼ਨ ਲੈ ਜਾਵੇ।"

ਹੋਰ ਕੈਦੀ ਤਾਂ ਕੀ ਵਾਨਡਾਲਨ ਵੀ ਨਾ ਲੱਭ ਸਕਿਆ, ਜਿਹੜਾ ਹਸਪਤਾਲ਼ ਵਿੱਚ ਕੰਮ ਕਰਦਾ ਸੀ। ਅੰਤ ਵਿੱਚ ਬੋਖਾਉ ਨੇ ਦੱਸਿਆ ਕਿ ਉਸ ਫ਼ੁੱਲਾਂ ਦੇ ਲੰਮੇ-ਲੰਮੇ ਬਕਸਿਆਂ ਵਿੱਚ ਮਿੱਟੀ ਦੇ ਹੇਠਾਂ ਲੁਕਾਈਆਂ ਸਨ ਤੇ ਉੱਪਰ ਲਾਲ ਫ਼ੁੱਲ ਖਿੜੇ ਹੋਏ ਸਨ। ਉਸ ਆਖਿਆ ਸੀ ਕਿ ਲੋਕ ਜਦੋਂ ਕੁੱਝ ਢੂੰਡਦੇ ਹਨ ਤੇ ਕੋਨੇ ਨੁੱਕਰਾਂ ਫ਼ੋਲ ਮਾਰਦੇ ਹਨ, ਪਰ ਨੱਕ ਦੇ ਸਾਹਮਣੇ ਦੀ ਚੀਜ਼ ਨੂੰ ਨਹੀਂ ਵੇਖਦੇ ਅਤੇ ਫਿਰ ਇਹ ਭਾਵਕ ਦਰਿੰਦੇ ਆਦਮੀਆਂ ਨੂੰ ਤਾਂ ਮਾਰ ਸਕਦੇ ਹਨ, ਪਰ ਫ਼ੁੱਲਾਂ ਨੂੰ ਨਹੀਂ ਉਖਾੜਦੇ।

ਪਰ ਇਸ ਵਾਰ ਬੋਖਾਉ ਨੂੰ ਆਪਣੇ ਉੱਪਰ ਇਤਨਾ ਵਿਸ਼ਵਾਸ ਨਹੀਂ ਸੀ। ਪ੍ਰੇਸ਼ਾਨੀ ਵਿੱਚ ਉਹ ਬੋਗਰਵਸਕੀ ਕੋਲ਼ ਗਿਆ। ਭਾਗਾਂ ਨੇ ਫਿਰ ਉਸ ਦਾ ਸਾਥ ਦਿੱਤਾ।

ਗ਼ੁਸਲਖ਼ਾਨੇ ਦੇ ਸ਼ਾਰ ਫ਼ੋਹਰਰ ਅਰਾਮ ਨਾਲ਼ ਆਪਣੇ ਕਮਰੇ ਵਿੱਚ ਬੈਠਾ ਸੀ। ਫੁਵਾਰਿਆਂ ਵਾਲ਼ਾ ਕਮਰਾ ਖ਼ਾਲੀ ਸੀ ਅਤੇ ਕਮਾਂਡੋ ਦੇ ਕੈਦੀ, ਉਹ ਕਬਾੜ ਚੁੱਕ-ਚੁੱਕ ਕੇ ਕੀੜੇਮਾਰ ਦਵਾਈ ਛਿੜਕਣ ਵਾਲ਼ੇ ਕਮਰੇ ਵਿੱਚ ਲਿਜਾ ਰਹੇ ਸਨ, ਜਿਹੜਾ ਨਵੀਂ ਟਰਾਂਸਪੋਰਟ ਦੇ ਨਾਲ਼ ਆਇਆ ਸੀ। ਬੋਗਰਵਸਕੀ ਵੀ ਉਨ੍ਹਾਂ ਵਿੱਚ ਸੀ। ਬੋਖਾਉ ਵੀ ਵਿੱਚ ਰਲ਼ ਗਿਆ। ਬੋਗਰਵਸਕੀ ਉਸ ਦਾ ਭਾਵ ਸਮਝ ਗਿਆ ਤੇ ਪਿਛਾਂਹ ਹੋ ਗਿਆ। ਕੈਦੀਆਂ ਤੋਂ ਤਾਂ ਉਨ੍ਹਾਂ ਨੂੰ ਕੋਈ ਡਰ ਨਹੀਂ ਸੀ, ਕੱਪੜੇ ਦੇ ਇੱਕ ਢੇਰ ਦੀ ਓਟ ਵਿੱਚ ਖਲੋ ਗਏ, ਜਿੱਥੋਂ ਉਨ੍ਹਾਂ ਨੂੰ ਬੂਹਾ ਵਿਖਾਈ ਦਿੰਦਾ ਸੀ।

"ਜੇ ਉਨ੍ਹਾਂ ਨੇ ਹੋਫ਼ਲ ਨੂੰ ਕਮਜ਼ੋਰ ਕਰ ਦਿੱਤਾ... ਜੇ ਉਹ ਬੋਲ ਨਾ ਸਕਿਆ।"

ਦੋਵਾਂ ਇੱਕ ਦੂਜੇ ਨੂੰ ਗੂੰਗਿਆਂ ਵਾਂਗ ਵੇਖਿਆ। ਬੋਗਰਵਸਕੀ ਨੇ ਆਪਣਾ ਹੱਥ ਰਤਾ ਕੁ ਚੁੱਕਿਆ। ਉਸ ਕੋਲ਼ ਹੋਰ ਕੋਈ ਉੱਤਰ ਨਹੀਂ ਸੀ। ਉਸ ਭਿਆਨਕ ਖ਼ਤਰੇ ਦੀ ਵੀ ਗੱਲ ਨਹੀਂ ਸੀ ਕੀਤੀ ਜਾ ਸਕਦੀ, ਜਿਹੜਾ ਵਧਦਾ ਆ ਰਿਹਾ ਸੀ— ਕਾਲ਼ਾ-ਸ਼ਾਹ ਭਾਰੀ ਪਹਾੜ ਵਾਂਗ ਸਿਰ ਉੱਤੇ ਲਟਕਿਆ ਹੋਇਆ ਸੀ। ਉਨ੍ਹਾਂ ਨੂੰ ਆਪਣੀ ਬੇਵਸੀ ਦਾ ਅਹਿਸਾਸ ਹੋਇਆ। ਜੇ ਹੋਫ਼ਲ ਮੂੰਹੋਂ ਇੱਕ ਨਾਂ ਵੀ ਨਿੱਕਲ਼ ਗਿਆ ਤਾਂ ਉਹ ਕੀ ਕਰਨਗੇ...।

...ਫਿਰ ਤਾਂ ਲੜੀ ਤੁਰ ਪਏਗੀ ਤੇ ਉਹ ਸਾਰੇ ਖੱਡ ਵਿੱਚ ਹੋਣਗੇ। ਜੱਥੇਬੰਦੀ ਬੜੀ ਲੁਕਵੀਂ ਸੀ, ਪਰ ਅੰਤ ਸਾਰੇ ਆਦਮੀ ਸਨ—ਇਰਾਦੇ ਦੇ ਪੱਕੇ ਆਦਮੀ, ਖ਼ਤਰੇ ਦੀ ਕੋਈ ਪ੍ਰਵਾਹ ਨਾ ਕਰਨ ਵਾਲ਼ੇ, ਪਰ ਫ਼ਾਂਸੀ ਘਰ ਦੀ ਨਵੇਕਲੀ ਕੋਠੀ ਵਿੱਚ ਦੂਜੇ ਕਨੂੰਨ ਚਲਦੇ ਹਨ। ਉੱਥੇ ਬੰਦਾ ਇਕੱਲਾ ਹੁੰਦਾ ਹੈ, ਬਿਲਕੁਲ ਇਕੱਲਾ—ਤੇ ਫਿਰ ਕੌਣ ਕਹਿ ਸਕਦਾ ਹੈ ਕਿ ਅਜਿਹੀ ਹਾਲਤ ਵਿੱਚ ਵੀ ਉਹ ਸਰੀਰਕ ਤੇ ਮਾਨਸਿਕ ਤਸੀਹਿਆਂ ਦੇ ਬਾਵਜੂਦ ਡਟਿਆ ਰਹੇਗਾ ਜਾਂ ਸੁੰਗੜ ਕੇ ਇੱਕ ਬੇਡੋਲ ਜਿਹੀ ਸ਼ੈਅ ਬਣ ਜਾਏਗਾ। ਜਿੱਥੇ ਭਾਂਤ-ਭਾਂਤ ਦੇ ਜਬਰ ਤੇ ਮੌਤ ਦੀ ਪੀੜ ਸਾਹਮਣੇ ਆਪਣੇ-ਆਪ ਨੂੰ ਜਿਊਂਦਿਆਂ ਰੱਖਣ ਦੀ ਭਾਵਨਾ ਹਰ ਇਰਾਦੇ ਤੇ

ਹਰ ਹਿੰਮਤ ਨਾਲ਼ੋਂ ਸ਼ਕਤੀਸ਼ਾਲੀ ਸਿੱਧ ਹੁੰਦੀ ਹੈ। ਉਨ੍ਹਾਂ ਵਿੱਚੋਂ ਹਰ ਇੱਕ ਨੇ ਕੁੱਝ ਦੱਸਣ ਦੇ ਟਾਕਰੇ ਵਿੱਚ ਮੌਤ ਨੂੰ ਪਹਿਲ ਦੇਣ ਦੀ ਸੌਂਹ ਚੁੱਕੀ ਸੀ। ਪਰ ਸੌਂਹ ਤੇ ਉਸ ਨੂੰ ਪੂਰਾ ਕਰਨ ਵਿਚਾਲ਼ੇ ਕਈ ਪੜਾਅ ਆਉਂਦੇ ਹਨ, ਜਿਨ੍ਹਾਂ ਦਾ ਬੰਦੇ ਨੂੰ ਪਹਿਲਾਂ ਤੋਂ ਅਭਿਆਸ ਨਹੀਂ ਹੁੰਦਾ।

ਠੀਕ ਉਸ ਸਮੇਂ ਹੋਫ਼ਲ ਆਪਣੀ ਕੋਠੜੀ ਵਿੱਚ ਮਾਰ ਨਾਲ਼ ਫੁੰਡਿਆ ਪਿਆ ਹੋਵੇਗਾ, ਆਪਣੀ ਵਹੁਟੀ, ਬੱਚਿਆਂ ਨੂੰ ਚੇਤੇ ਕਰ ਰਿਹਾ ਹੋਵੇਗਾ, ਚੀਕ ਰਿਹਾ ਹੋਵੇਗਾ। ਕਮਜ਼ੋਰ ਹੋ ਰਿਹਾ ਹੋਵੇਗਾ ਤੇ ਉਸ ਦੇ ਮੂੰਹੋਂ ਕੇਵਲ ਇੱਕ ਨਾਂ ਨਿੱਕਲ਼ ਜਾਏਗਾ, ਜਿਹੜਾ ਉਸ ਦੇ ਨੇੜੇ ਇਤਨਾ ਜ਼ਰੂਰੀ ਦਾ ਨਾਂ ਹੋਵੇਗਾ ਤੇ ਫਿਰ ਉਹ ਭਿਆਨਕ ਲੜੀ ਅਰੰਭ ਹੋ ਜਾਏਗੀ।

ਟਾਕਰੇ ਦੀਆਂ ਟੋਲੀਆਂ ਦੇ ਹਜ਼ਾਰਾਂ ਮੈਂਬਰਾਂ ਵਿੱਚੋਂ ਕਿਹੜਾ ਬੰਦਾ ਆਪਣੇ ਲਈ ਕਹਿ ਸਕਦਾ ਸੀ ਕਿ ਉਸ ਵਿੱਚ ਅੰਤ ਤੱਕ ਡਟੇ ਰਹਿਣ ਦੀ ਹਿੰਮਤ ਹੈ ?

"ਸਾਰਾ ਕਾਰਖ਼ਾਨਾ ਢਹਿ ਸਕਦਾ ਹੈ।" ਬੋਖਾਉ ਨੇ ਹੌਲ਼ੀ ਜਿਹੀ ਆਖਿਆ।

ਬੋਗਰਵਸਕੀ ਦੀਆਂ ਨਜ਼ਰਾਂ ਗਵਾਚ ਗਈਆਂ ਸਨ, ਉਸ ਆਪਣੇ ਆਪ ਨੂੰ ਸਾਂਭਿਆ, ਥੱਕੇ ਹੋਏ ਢੰਗ ਨਾਲ਼ ਮੁਸਕਰਾਇਆ ਜਿਵੇਂ ਚਿੰਤਾਜਨਕ ਖ਼ਿਆਲਾਂ ਦੀਆਂ ਉਲਝਣਾਂ ਨੂੰ ਉਸ ਪਿਛਾਂਹ ਛੱਡ ਦਿੱਤਾ ਹੋਵੇ ਤੇ ਸ਼ਕਤੀ ਕਮਜ਼ੋਰੀ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਉਸ ਹੌਲ਼ੀ ਜਿਹੀ ਆਖਿਆ : "ਸਾਨੂੰ ਕੁੱਝ ਪਤਾ ਨਹੀਂ ਹੁਣ ਕੀ ਹੋਵੇਗਾ।"

ਬੋਖਾਉ ਦਾ ਚਿਹਰਾ ਲਹਿ ਗਿਆ।

"ਸਾਨੂੰ ਹੋਫ਼ਲ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ।" ਬੋਗਰਵਸਕੀ ਨੇ ਆਖਿਆ।

"ਵਿਸ਼ਵਾਸ, ਵਿਸ਼ਵਾਸ। ਕੀ ਤੈਨੂੰ ਇਤਨਾ ਭਰੋਸਾ ਹੈ ਕਿ ਉਹ ਡਟਿਆ ਰਹੇਗਾ ?"

ਬੋਗਰਵਸਕੀ ਨੇ ਆਪਣੀਆਂ ਭਵਾਂ ਤਾਣ ਲਈਆਂ : "ਕੀ ਤੈਨੂੰ ਮੇਰੇ ਉੱਤੇ ਵਿਸ਼ਵਾਸ ਹੈ ? ਜਾਂ ਆਪਣੇ ਆਪ 'ਤੇ ? ਜਾਂ ਹੋਰਾਂ 'ਤੇ ?"

ਕਿਸੇ ਹੱਦ ਤੱਕ ਘਬਰਾ ਕੇ ਬੋਖਾਉ ਨੇ ਇਸ ਕਠਿਨ ਸੁਆਲ ਨੂੰ ਟਾਲ਼ ਦਿੱਤਾ : "ਉਂਝ ਤਾਂ ਆਪਣੇ ਬਾਰੇ ਵੀ ਕਿਸੇ ਨੂੰ ਕੁੱਝ ਪਤਾ ਨਹੀਂ। ਇਸੇ ਲਈ ਹੋਫ਼ਲ ਨੂੰ ਇਸ ਬੱਚੇ ਵਾਲ਼ੇ ਮਾਮਲੇ ਵਿੱਚ ਨਹੀਂ ਸੀ ਫਸਣਾ ਚਾਹੀਦਾ ਤੇ ਇਸ ਦਾ ਅੰਤ ਕੀ ਹੋਇਆ ! ਪਹਿਲਾਂ ਉਸ ਬੱਚੇ ਨੂੰ ਬਿਲਡਿੰਗ ਵਿੱਚ ਲੁਕਾਇਆ, ਫਿਰ ਉਸ ਨੇ ਨੇਮਾਂ ਦੀ ਕਰੜੀ ਉਲੰਘਣਾ ਕੀਤੀ ਤੇ ਹੁਣ ਫ਼ਾਂਸੀ ਘਰ ਵਿੱਚ ਹੈ ਅਤੇ....."

"ਤੇ ਤੂੰ ਵੀ ਬੱਚੇ ਵਾਲ਼ੇ ਮਾਮਲੇ ਵਿੱਚ ਗ਼ਲਤੀ ਕੀਤੀ।"

"ਮੈਂ ?" ਬੋਖਾਉ ਨੇ ਮੰਗ ਕੀਤੀ, "ਮੇਰਾ ਉਸ ਨਾਲ਼ ਕੀ ਵਾਸਤਾ ?"

"ਤੂੰ ਇਹ ਆਖ ਕੇ ਅੱਡ ਹੋ ਗਿਆ ਕਿ ਇਹ ਮੇਰਾ ਮਸਲਾ ਨਹੀਂ, ਇਹ ਹੋਫ਼ਲ ਦਾ ਮਾਮਲਾ ਹੈ, ਉਹੋ ਜਾਣੇ।"

"ਤਾਂ ਕੀ ?" ਬੋਖਾਉ ਨੇ ਆਪਣਾ ਬਚਾਅ ਕਰਦਿਆਂ ਆਖਿਆ, "ਮੈਂ ਹੋਫ਼ਲ ਨੂੰ ਹਦਾਇਤ ਦਿੱਤੀ ਸੀ ਕਿ ਉਹ ਬੱਚੇ ਨੂੰ ਕੈਂਪ ਤੋਂ ਬਾਹਰ ਕਰ ਦੇਵੇ ?"

"ਕਿਸ ਆਖਿਆ ਸੀ ਇਹ ? ਤੇਰੇ ਦਿਲ ਨੇ ਵੀ ਇਹ ਆਖਿਆ ਸੀ ?"

ਬੋਖਾਉ ਨੇ ਝੁੰਜਲਾਹਟ ਵਿੱਚ ਆਪਣੇ ਹੱਥ ਝਟਕੇ, "ਪ੍ਰਮਾਤਮਾ ਲਈ, ਲਿਊਨਿਡ, ਆਖ਼ਰ ਤੂੰ ਚਾਹੁੰਦਾ ਕੀ ਏਂ ? ਕੀ ਇਤਨਾ ਕਾਫ਼ੀ ਨਹੀਂ ਕਿ ਹੋਫ਼ਲ ਆਪਣੇ ਦਿਲ ਦੀ ਗੱਲ ਮੰਨ ਕੇ ਗ਼ਲਤੀ ਕਰ ਬੈਠਾ ? ਤੇ ਹੁਣ ਤੂੰ ਮੇਰੇ ਤੋਂ ਪੁੱਛਦਾ ਏਂ ਕਿ..."

"ਠੀਕ ਨਹੀਂ, ਬਿਲਕੁਲ ਠੀਕ ਨਹੀਂ", ਬੋਗਰਵਸਕੀ ਦੇ ਮੱਥੇ ਉੱਤੇ ਵੱਟ ਪੈ ਗਏ। "ਤੂੰ ਅਕਲ ਦੀ ਗੱਲ ਮੰਨ ਕੇ ਗ਼ਲਤੀ ਕੀਤੀ, ਹੋਫ਼ਲ ਨੇ ਦਿਲ ਦੀ ਗੱਲ ਮੰਨ ਕੇ। ਦੋਵੇਂ ਇਕੱਲੇ ਸਨ, ਹਰਬਰਟ ਦੀ ਅਕਲ ਤੇ ਆਂਦਰੇ ਦਾ ਦਿਲ ਤੇ ਇਹ ਠੀਕ ਨਹੀਂ ਹੋਇਆ।"

ਬੋਖਾਉ ਨੇ ਕੋਈ ਉੱਤਰ ਨਾ ਦਿੱਤਾ। ਭਾਵਕ ਸੋਚ ਵਿਚਾਰ ਉਸ ਦੀ ਆਦਤ ਨਹੀਂ ਸੀ। ਉਸ ਗੁੱਸੇ ਵਿੱਚ ਹੱਥ ਵਿੱਚ ਪਕੜੀਆਂ ਲੀਰਾਂ ਸੁੱਟੀਆਂ ਤੇ ਬੋਗਰਵਸਕੀ ਦੀ ਡਾਂਟ ਨੂੰ ਝੁੰਜਲਾਹਟ ਨਾਲ਼ ਸੁਣਦਾ ਰਿਹਾ।

ਉਸ ਨੇ ਬੱਸ ਹੁਕਮ ਦਿੱਤਾ ਸੀ ਤੇ ਹੋਫ਼ਲ ਨੂੰ ਉਸ ਦੀ ਭਾਵੁਕ ਉਲ਼ਝਣ ਸਮੇਤ ਇਕੱਲਾ ਛੱਡ ਦਿੱਤਾ ਸੀ। ਉਸ ਦੀ ਸਹਾਇਤਾ ਕਰਨ ਦੀ ਥਾਂ ਉਸ ਨੂੰ ਧਤਕਾਰ ਕੇ ਆਖਿਆ ਸੀ: "ਤੂੰ ਬੱਚੇ ਨੂੰ ਪੋਲਿਸ਼ ਯਹੂਦੀ ਦੇ ਹਵਾਲੇ ਕਰ ਦੇ—ਬੱਸ।"

ਬੋਖਾਉ ਨੇ ਗ਼ੁੱਸੇ ਵਿੱਚ ਗੋਦੜੀਆਂ ਦੇ ਢੇਰ ਉੱਤੇ ਮੁੱਕਾ ਮਾਰਿਆ : "ਫਿਰ ਮੈਂ ਕੀ ਕਰਦਾ ?"

ਬੋਗਰਵਸਕੀ ਨੇ ਆਪਣਾ ਸਿਰ ਝੁਕਾ ਲਿਆ: "ਇਹ ਤਾਂ ਮੈਂ ਨਹੀਂ ਜਾਣਦਾ..."

"ਇਹੋ ਸਾਰੀ ਗੱਲ ਹੈ।" ਬੋਖਾਉ ਨੇ ਜਿਵੇਂ ਆਪਣੀ ਗੱਲ ਮੰਨਵਾ ਲਈ ਹੋਵੇ। ਬੋਗਰਵਸਕੀ ਉਵੇਂ ਹੀ ਚੁੱਪ ਰਿਹਾ। ਗ਼ਲਤੀ ਦੇ ਨਾਲ਼ ਠੀਕ ਗੱਲ ਵੀ ਜੁੜੀ ਹੁੰਦੀ ਹੈ, ਜਿਵੇਂ ਚਾਨਣ ਨਾਲ਼ ਹਨੇਰਾ। ਸੰਭਵ ਹੋ ਸਕਦਾ ਹੈ ਕਿ ਬੋਖਾਉ ਨੇ ਠੀਕ ਹੀ ਕੀਤਾ ਹੋਵੇ ਤੇ ਇਹ ਵੀ ਸੰਭਵ ਹੈ ਕਿ ਗ਼ਲਤੀ ਕੀਤੀ ਹੋਵੇ, ਠੀਕ ਹੈ।

ਬੱਚੇ ਨੂੰ ਕੈਂਪ ਤੋਂ ਬਾਹਰ ਜਾਣਾ ਚਾਹੀਦਾ ਸੀ, ਇਹ ਠੀਕ ਗੱਲ ਸੀ ਤੇ ਹੋਫ਼ਲ ਤੋਂ ਇਸ ਨੇ ਇਹੋ ਮੰਗ ਕੀਤੀ ਸੀ। ਬੋਖਾਉ ਦੀ ਇਸ ਗੱਲ 'ਤੇ ਅੜੀ ਸੀ।

"ਚਲੋ ਠੀਕ ਸਹੀ।" ਬੋਖਾਉ ਨੇ ਮੰਨ ਲਿਆ। "ਪਰ ਫਿਰ ਹੋਫ਼ਲ ਨੇ ਇੰਝ ਕਿਉਂ ਨਾ ਕੀਤਾ ?"

ਗ਼ੁੱਸੇ ਵਿੱਚ ਆਇਆ ਬੋਖਾਉ ਵਰ੍ਹ ਪਿਆ : "ਇਸ ਲਈ ਕਿ ਉਹ ਉਹ..." ਪਰ ਜਿਹੜਾ ਜਵਾਬ ਉਹ ਦੇਣ ਵਾਲ਼ਾ ਸੀ, ਉਹ ਬੋਗਰਵਸਕੀ ਦੀ ਨਜ਼ਰ ਦੀ ਝਾਲ ਨਾ ਝੱਲ ਸਕਿਆ। ਬੋਖਾਉ ਨੇ ਚੁੱਪ ਹੋ ਕੇ ਬੋਗਰਵਸਕੀ ਵੱਲ ਵੇਖਿਆ ਤੇ ਆਪਣੇ ਦੋਸਤ ਦੇ ਖ਼ਿਆਲਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ : ਅਕਲ ਇਕੱਲੀ... ਦਿਲ ਇਕੱਲਾ...।

ਸ਼ਾਇਦ ਉਸ ਨੂੰ ਆਪ ਵੇਖਣਾ ਚਾਹੀਦਾ ਸੀ ਕਿ ਬੱਚਾ ਸੱਚਮੁੱਚ ਕੈਂਪ ਤੋਂ ਬਾਹਰ ਚਲਿਆ ਗਿਆ... ਕੀ ਉਸ ਨੂੰ ਅੰਤ ਤੱਕ ਹੋਫ਼ਲ ਦੀ ਨਿਗਰਾਨੀ ਕਰਨੀ ਚਾਹੀਦੀ ਸੀ ? ਹੋ ਸਕਦਾ ਹੈ ਕਿ ਉਸ ਨੇ ਹੋਫ਼ਲ ਨੂੰ ਇਸ ਲਈ ਇਕੱਲਾ ਛੱਡ ਦਿੱਤਾ ਹੋਵੇ ਕਿ ਉਸ ਵਿੱਚ, ਗੰਭੀਰ ਬੋਖਾਉ ਦੇ ਦਿਲ ਵਿੱਚ ਵੀ ਉਸ ਦੀ ਮਨੁੱਖਤਾ ਦੀ ਉਹੋ ਰੋਕ ਵਸੀ ਹੋਈ ਸੀ, ਇਸ ਦਾ

ਤਜ਼ਰਬਾ ਕਰੈਮਰ ਨੂੰ ਹੋਇਆ ਸੀ, ਜਿਸ ਨੇ ਆਪਣਾ ਕੰਮ ਪੂਰਾ ਕਰਕੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ। ਜਦ ਹਰ ਇੱਕ ਨੇ ਉਸ ਨੂੰ ਇਕੱਲਾ ਛੱਡ ਦਿੱਤਾ ਤਾਂ ਹੋਫ਼ਲ ਨੂੰ ਸਾਰਾ ਭਾਰ ਆਪਣੇ ਮੋਢਿਆਂ ਉੱਤੇ ਚੁੱਕਣਾ ਪਿਆ। ਕਿਸ ਦਾ ਕਸੂਰ ਸੀ ? ਗ਼ਲਤੀ ਕਿਸ ਕੀਤੀ ? ਕਿਸੇ ਨੇ ਨਹੀਂ, ਸਾਰਿਆਂ ਨੇ... ਬੋਖਾਉ ਨੇ ਆਪਣੇ ਮਿੱਤਰ ਦੀਆਂ ਅੱਖਾਂ ਵਿੱਚ ਅੱਖਾਂ ਪਾਈਆਂ।

ਛੇ

ਫ਼ਾਂਸੀ ਘਰ ਵਿੱਚ ਕੈਦ ਹੋਣ ਮਗਰੋਂ ਦੋਹਾਂ ਨੂੰ ਕੁੱਝ ਵੀ ਨਾ ਹੋਇਆ। ਅਜੇ ਤੱਕ ਸਧਾਰਨ ਜਿਹੀ ਸਖ਼ਤੀ ਵੀ ਨਹੀਂ ਸੀ ਕੀਤੀ ਗਈ। ਫ਼ਾਂਸੀ ਘਰ ਦਾ ਹਾਪਤ ਸ਼ਾਰ ਫ਼ੋਹਰਰ ਮੈਂਡਰਲ ਆਪਣਾ ਨਾਸ਼ਤਾ ਛੇਤੀ-ਛੇਤੀ ਨਿਗਲ਼ ਰਿਹਾ ਸੀ। ਇਸ ਦੇ ਦਫ਼ਤਰ ਵਿੱਚ ਤਲ਼ੇ ਹੋਏ ਆਲੂਆਂ ਦੀ ਮਹਿਕ ਵਸੀ ਹੋਈ ਸੀ। ਉਹ ਗਰਾਹੀ ਚਬਾਉਂਦਾ ਵਰਾਂਡੇ ਵਿੱਚ ਆ ਗਿਆ ਸੀ ਅਤੇ ਕਲੂਟਿਗ ਦੇ ਇਸ਼ਾਰੇ ਉੱਤੇ ਉਸ ਨੇ ਹੋਫ਼ਲ ਤੇ ਕਰੋਪਿਨਸਕੀ ਨੂੰ ਇੱਕੋ ਹੀ ਕੋਠੜੀ ਵਿੱਚ ਬੰਦ ਕਰ ਦਿੱਤਾ ਸੀ। ਕੈਂਪ ਫ਼ੋਹਰਰ ਨੇ ਇੱਕ ਵਾਰ ਇਸ਼ਾਰਾ ਕੀਤਾ, ਜਿਸ ਦਾ ਭਾਵ ਇਹ ਸੀ ਕਿ ਰੀਨਬੂਥ ਦੇ ਦਫ਼ਤਰ ਵਿੱਚ ਆ ਜਾਏ। ਮੈਂਡਰਲ ਤਸੱਲੀ ਨਾਲ਼ ਆਪਣੇ ਕਮਰੇ ਵਿੱਚ ਗਿਆ। ਫਿਰ ਉਸ ਆਪਣੀ ਵਰਦੀ ਦਾ ਜੈਕਟ ਪਹਿਨਿਆ, ਫਿਰ ਟਹਿਲਦਾ-ਟਹਿਲਦਾ ਰਿਪੋਰਟ ਫ਼ੋਹਰਰ ਦੇ ਦਫ਼ਤਰ ਵਿੱਚ ਪਹੁੰਚਿਆ। ਉਸ ਆਪਣੀ ਜੈਕਟ ਦੇ ਬਟਨ ਬੰਦ ਕਰਦੇ ਹੋਏ ਪੁੱਛਿਆ :

"ਉਨ੍ਹਾਂ ਲੋਕਾਂ ਨਾਲ਼ ਕੀ ਸਲੂਕ ਕੀਤਾ ਜਾਵੇ ?"

ਰੀਨਬੂਥ ਨੇ ਆਪਣੀਆਂ ਉਂਗਲਾਂ ਨਾਲ਼ ਮੇਜ਼ 'ਤੇ ਤਬਲਾ ਵਜਾਉਂਦਿਆਂ ਆਖਿਆ : "ਸੇਵਾ ਕਰੋ ਮੈਂਡਰਲ, ਸੇਵਾ ਕਰੋ।"

ਕਲੂਟਿਗ ਵਿੱਚੋਂ ਬੋਲ ਪਿਆ : "ਨਹੀਂ ਮੈਂਡਰਲ, ਅਜੇ ਤਾਂ ਉਨ੍ਹਾਂ ਨੂੰ ਆਪਣੇ ਹਾਲ 'ਤੇ ਛੱਡ ਦੇ, ਅਸੀਂ ਫਿਰ ਗੱਲ ਕਰਾਂਗੇ।"

ਲੋਹੇ ਨਾਲ਼ ਮੜ੍ਹੇ ਹੋਏ ਲੱਕੜੀ ਦੇ ਭਾਰੇ ਬੂਹਿਆਂ ਵਾਲ਼ੀਆਂ ਕੋਠੜੀਆਂ ਵਿੱਚ ਚੁੱਪ-ਚਾਂ ਸੀ। ਦੋਪਾਸੜ ਬਣੀਆਂ ਹੋਈਆਂ ਇਹ ਕੋਠੜੀਆਂ ਕਬਰਾਂ ਵਾਂਗ ਸੁੰਨ ਰਹਿੰਦੀਆਂ ਸਨ। ਸਾਢੇ ਛੇ ਫੁੱਟ ਲੰਮੀਆਂ, ਪੰਜ ਫੁੱਟ ਚੌੜੀਆਂ ਤੇ ਦਸ ਫੁੱਟ ਉੱਚੀਆਂ ਇਹਨਾਂ ਕੋਠੜੀਆਂ ਵਿੱਚ ਫ਼ਰਨੀਚਰ ਨਾਂ ਦਾ ਹੀ ਸੀ। ਬੱਸ ਇੱਕ ਬਿਨਾਂ ਸ਼ੇਡ ਦੇ ਬਲਬ ਸੀ। ਬਾਕੀ ਪੂਰੀ ਕੋਠੜੀ ਸਪਾਟ ਤੇ ਖ਼ਾਲੀ ਸੀ।

ਮੈਂਡਰਲ ਨੇ ਕੋਠੀ ਨੰਬਰ ਪੰਜ ਦਾ ਬੂਹਾ ਖੋਲ੍ਹਿਆ। ਹੋਫ਼ਲ ਤੇ ਕਰੋਪਿਨਸਕੀ ਆਮ ਵਾਂਗ ਫ਼ੌਜੀ ਢੰਗ ਨਾਲ਼ ਅਟੈਨਸ਼ਨ ਹੋ ਕੇ ਖਲੋ ਗਏ। ਬਿਨਾਂ ਕੁੱਝ ਆਖੇ ਮੈਂਡਰਲ ਨੇ ਕਰੋਪਿਨਸਕੀ ਦਾ ਕਾਲਰ ਫੜਿਆ ਤੇ ਬੂਹੇ ਵੱਲ ਮੂੰਹ ਕਰ ਕੇ ਖੜ੍ਹਾ ਕਰ ਦਿੱਤਾ। ਹੋਫ਼ਲ ਨਾਲ਼ ਵੀ ਇੰਝ ਹੀ ਕੀਤਾ। ਉਸ ਨੂੰ ਕਰੋਪਿਨਸਕੀ ਦੇ ਅੱਗੇ ਖੜ੍ਹਾ ਕੀਤਾ ਤੇ ਰਤਾ ਕੁ ਵਿੰਗਾ ਕਰ ਦਿੱਤਾ। ਉਸ ਕੈਦੀਆਂ ਨੂੰ ਵੇਖਿਆ ਤੇ ਉਹਨਾਂ ਦੀ ਚੱਪਣੀ ਦੀ ਹੱਡੀ ਉੱਤੇ ਠੁੱਡਾ ਮਾਰਿਆ। "ਸਿੱਧੇ ਖੜ੍ਹੇ

ਰਹੋ, ਰਤਾ ਵੀ ਹਿੱਲੇ-ਜੁੱਲੇ ਤਾਂ ਉਹ ਮੁਰੰਮਤ ਹੋਵੇਗੀ ਕਿ ਸੁਆਦ ਆ ਜਾਵੇਗਾ," ਫਿਰ ਉਸ ਕੋਠੜੀਆਂ ਦੇ ਸੇਵਾਦਾਰ ਫ਼ੋਰਸਤ ਨੂੰ ਬੁਲਾਇਆ।

"ਖਾਣਾ ਬੰਦ!"

ਫ਼ੋਰਸਤ ਨੇ ਅਟੈਨਸ਼ਨ ਹੋ ਕੇ ਹੁਕਮ ਸੁਣਿਆ।

ਹੋਫ਼ਲ ਤੇ ਕਰੋਪਿਨਸਕੀ ਚੁੱਪ-ਚਾਪ ਤੇ ਅਹਿਲ ਖਲੋਤੇ, ਸਹਿਮੇ ਹੋਏ ਜਾਨਵਰਾਂ ਵਾਂਗ ਸੁਣ ਰਹੇ ਸਨ। ਦੋਹਾਂ ਦੀਆਂ ਨਜ਼ਰਾਂ ਬੂਹੇ ਉੱਤੇ ਜੰਮੀਆਂ ਹੋਈਆਂ ਸਨ ਤੇ ਦੋਵੇਂ ਉਸ ਮੁਸੀਬਤ ਲਈ ਤਿਆਰ ਸਨ, ਜਿਹੜੀ ਉਨ੍ਹਾਂ ਉੱਤੇ ਕਿਸੇ ਵੇਲੇ ਵੀ ਟੁੱਟ ਸਕਦੀ ਸੀ। ਝੱਟ ਹੋਫ਼ਲ ਨੂੰ ਅਹਿਸਾਸ ਹੋਇਆ ਕਿ ਉਹ ਬਾਹਰ ਦੀ ਅਸਲੀ ਦੁਨੀਆਂ ਨੂੰ ਉੱਕਾ ਭੁੱਲ ਚੁੱਕਿਆ ਹੈ। ਫਿਰ ਇੱਕੋ ਵਾਰ ਉਸ ਨੂੰ ਇੰਝ ਜਾਪਿਆ ਜਿਵੇਂ ਉਹ ਸੋਚ ਕੇ ਚੇਤੇ ਕਰ ਸਕਦਾ ਹੈ। ਕੈਂਪ ਵਿੱਚ ਕੋਈ ਚੀਜ਼ ਵੀ ਅਸਲੀ ਤੇ ਯਥਾਰਥਕ ਹੈ! ਸਭ ਧੋਖਾ ਹੈ! ਅਤੇ ਇਸ ਅਣ-ਯਥਾਰਥਕ ਭੂਤਾਂ ਜਿਹੇ ਹਨ੍ਹੇਰੇ ਵਿੱਚ ਟੋਂਹਦੇ-ਟੋਂਹਦੇ ਹੋਫ਼ਲ ਨੂੰ ਇੰਝ ਜਾਪਿਆ ਜਿਵੇਂ ਅਥਾਹ ਪਿਆਰ ਉਸ ਦੇ ਹੱਥ ਲੱਗ ਗਿਆ ਹੋਵੇ...ਮੈਂ ਤੈਨੂੰ ਘੁੱਟ ਕੇ ਪਿਆਰ ਕਰਦੀ ਹਾਂ...।

ਪਰ ਉਹ ਵੀ ਇਤਨਾ ਫ਼ਿੱਕਾ ਤੇ ਅਣਯਥਾਰਥਕ ਤੇ ਭਟਕ ਰਿਹਾ ਸੀ ਤੇ ਆਪਣਾ ਰਾਹ ਲੱਭ ਰਿਹਾ ਸੀ ਤੇ ਗਵਾਚਾ ਹੋਇਆ ਸੀ। ਉਸ ਨੇ ਫ਼ਰਸ਼ 'ਤੇ ਪਏ ਹੋਏ ਤਸਲੇ ਨੂੰ ਵੇਖਿਆ ਜਿਹੜਾ ਖਾਣੇ ਵਾਸਤੇ ਸੀ। ਉਸ ਦੇ ਸਾਰੇ ਸਰੀਰ ਵਿੱਚ ਕਾਂਬਾ ਛਿੜ ਪਿਆ। ਉਹ ਭੁੱਲ ਗਿਆ ਸੀ ਕਿ ਉਸ ਦੇ ਪਿੱਛੇ ਕਰੋਪਿਨਸਕੀ ਖਲੋਤਾ ਹੈ...।

ਤੇ ਅਚਾਨਕ ਹੀ ਹੋਫ਼ਲ ਦੀ ਨਜ਼ਰ ਯਥਾਰਥਕਤਾ 'ਤੇ ਪੈ ਗਈ, ਦੂਰੋਂ ਪਰ ਨੇੜੇ ਆਉਂਦੀ ਹੋਈ, ਨੇੜੇ-ਨੇੜੇ! ਉਨ੍ਹਾਂ ਰਾਹਾਂ 'ਤੇ ਤੁਰਦੀ ਹੋਈ ਜੋ ਟੈਂਕਾਂ ਨੇ ਬਣਾਏ ਸਨ। ਬੱਸ ਇਹ ਯਥਾਰਥਕ ਹੈ ਹੋਰ ਕੁੱਝ ਨਹੀਂ, ਕੁੱਝ ਨਹੀਂ।

ਕਰੋਪਿਨਸਕੀ ਦਾ ਖ਼ਿਆਲ ਆਉਂਦੇ ਹੀ ਉਸ ਨੇ ਹੌਲ਼ੀ ਜਿਹੇ ਆਖਿਆ : "ਮਾਰਿਆਨ..." ਇਸ ਲਈ ਕਿ ਬੋਲਣ ਦੀ ਆਗਿਆ ਨਹੀਂ ਸੀ।

"ਹਾਂ" ਕਰੋਪਿਨਸਕੀ ਨੇ ਬੁੱਲ੍ਹਾਂ ਵਿੱਚ ਆਖਿਆ।

"ਅਮਰੀਕੀ ਨੇੜੇ ਆਉਂਦੇ ਜਾ ਰਹੇ ਹਨ... ਹੁਣ ਬਹੁਤੀ ਦੇਰ ਨਹੀਂ ਲੱਗੇਗੀ..."

ਕੁੱਝ ਦੇਰ ਰੁਕ ਕੇ ਕਰੋਪਿਨਸਕੀ ਨੇ ਉੱਤਰ ਦਿੱਤਾ : "ਐਪਰ ਮੈਂ ਤਾਂ ਸਦਾ ਇਹੋ ਆਖਿਆ ਹੈ।"

ਉਨ੍ਹਾਂ ਹੋਰ ਕੋਈ ਗੱਲ ਨਾ ਕੀਤੀ। ਬੇਜਾਨ ਅਹਿਲ ਖਲੋਤੇ ਰਹੇ। ਐਪਰ ਉਨ੍ਹਾਂ ਨੂੰ ਅੰਦਰ ਜਿਵੇਂ ਇੱਕ ਆਸਰਾ ਮਿਲ਼ ਗਿਆ ਸੀ। ਜੀਵਨ ਦੇ ਅਹਿਸਾਸ ਨੇ ਉਨ੍ਹਾਂ ਦੀਆਂ ਰਗਾਂ ਵਿੱਚ ਗਰਮ ਲਹੂ ਚਾਲੂ ਕਰ ਦਿੱਤਾ ਸੀ।

ਕਲੂਟਿਗ ਘਬਰਾਇਆ ਹੋਇਆ ਸੀ। ਉਹ ਰੀਨਬੂਥ ਨਾਲ਼ ਕੈਸੀਨੋ ਵਿੱਚ ਬੈਠਾ ਹੋਇਆ ਸੀ। ਉਹ ਦੋਵੇਂ ਸ਼ਰਾਬ ਦੀ ਬੋਤਲ ਲੈ ਕੇ ਇੱਕ ਨੁੱਕਰ ਵਿੱਚ ਜਾ ਬੈਠੇ ਸਨ ਤੇ ਸਿਰ ਜੋੜੀ ਘੁਸਰ-ਮੁਸਰ ਕਰ ਰਹੇ ਸਨ। ਕਲੂਟਿਗ ਦੀ ਐਨਕ ਚਮਕ ਰਹੀ ਸੀ। ਰੀਨਬੂਥ ਨੇ

ਆਪਣੀਆਂ ਅੱਖਾਂ ਮੀਚ ਲਈਆਂ ਤੇ ਆਖਿਆ :

"ਪਹਿਲਾਂ ਤਾਂ ਮਾਰ-ਮਾਰ ਕੇ ਕਚੂਮਰ ਕੱਢ ਦੇਈਏ, ਫਿਰ ਸੁੱਟ ਦਈਏ ਕਿ ਰਤਾ ਮਾਰ ਕੁਟਾਈ ਦਾ ਸੁਆਦ ਆ ਜਾਏ, ਅਤੇ ਫਿਰ ਰਾਤ ਨੂੰ ਜਿਰਾਹ ਅਰੰਭ ਕਰੀਏ, ਇੱਥੋਂ ਤੱਕ ਕਿ ਉਹ ਸਭ ਕੁੱਝ ਦੱਸ ਦੇਣ।"

ਕਲੂਟਿਗ ਇੱਕ ਦੇ ਮਗਰੋਂ ਦੂਜਾ ਗਲਾਸ ਚੜ੍ਹਾ ਰਿਹਾ ਸੀ। ਉਹ ਰਤਾ ਕੁਰਸੀ 'ਤੇ ਘਿਸੜਿਆ : "ਤੇ ਜੇ ਉਨ੍ਹਾਂ ਤੋਂ ਕੁੱਝ ਕਢਵਾ ਨਾ ਸਕੇ ਤਾਂ ?"

ਗੀਨਬੂਥ ਨੇ ਸਮਝਾਇਆ "ਤਾਂ ਉਹ ਕੁਟਾਪਾ ਚਾੜ੍ਹਾਂਗੇ ਕਿ ਇਹ ਵੀ ਪਤਾ ਨਹੀਂ ਲੱਗੇਗਾ ਕਿ ਉਹ ਮਰਦ ਹਨ ਜਾਂ ਔਰਤ। ਤੂੰ ਚਿੰਤਾ ਉੱਕਾ ਨਾ ਕਰ। ਉਹ ਤਾਂ ਇੰਝ ਗਾਉਣਗੇ ਜਿਵੇਂ ਬੁਲਬੁਲ।"

ਗੀਨਬੂਥ ਨੇ ਚਟਖ਼ਾਰੇ ਲੈਂਦਿਆਂ ਇੱਕ ਘੁੱਟ ਭਰਿਆ ਤੇ ਕਲੂਟਿਗ ਨੂੰ ਟੋਕਿਆ, ਜਿਹੜਾ ਪੂਰਾ ਗਲਾਸ ਚਾੜ੍ਹੀ ਜਾ ਰਿਹਾ ਸੀ: "ਇੰਨੀ ਨਾ ਡੀਕੀ ਜਾ!"

ਮੈਂਡਰਲ ਨੇ ਕੋਠੜੀ ਦਾ ਬੂਹਾ ਖੋਲ੍ਹਿਆ। ਮੂੰਹੋਂ ਕੁੱਝ ਆਖੇ ਬਿਨਾਂ ਉਸ ਹੋਫ਼ਲ ਨੂੰ ਪਕੜਿਆ ਤੇ ਧੱਕ ਕੇ ਲਾਂਘੇ ਵਿੱਚ ਕਰ ਦਿੱਤਾ। ਕਰੋਪਿਨਸਕੀ ਇਸ ਦੇ ਪਿੱਛੇ ਆਇਆ। ਮੈਂਡਰਲ ਨੇ ਕੋਠੜੀ ਨੂੰ ਮੁੜ ਜੰਦਰਾ ਲਾ ਦਿੱਤਾ, ਇਸ ਥੋੜ੍ਹੇ ਜਿਹੇ ਸਮੇਂ ਵਿੱਚ ਹੋਫ਼ਲ ਨੂੰ ਕਰੋਪਿਨਸਕੀ ਨਾਲ਼ ਨਜ਼ਰਾਂ ਮਿਲਾਉਣ ਦਾ ਅਵਸਰ ਮਿਲ਼ ਗਿਆ, ਜਿਨ੍ਹਾਂ ਵਿੱਚ ਚਿੰਤਾ ਸੀ, ਪਰ ਦ੍ਰਿੜਤਾ ਵੀ ਸੀ। ਮੈਂਡਰਲ ਉਨ੍ਹਾਂ ਨੂੰ ਪਿੱਛੋਂ ਠੁੱਡੇ ਮਾਰਦਾ ਫੋਰਸਤ ਦੇ ਸਾਹਮਣਿਓਂ—ਜੋ ਕੰਧ ਨਾਲ਼ ਚਿੰਮੜਿਆ ਖਲੋਤਾ—ਧੱਕੇ ਮਾਰਦਾ ਹੋਇਆ ਫ਼ਾਂਸੀ ਘਰ ਤੋਂ ਬਾਹਰ ਲੈ ਗਿਆ। ਬਲਾਕ ਫ਼ੋਹਰਰ ਦੇ ਕਮਰੇ ਵਿੱਚ ਟਿਕਟਿਕੀ ਪਹਿਲਾਂ ਹੀ ਰੱਖੀ ਹੋਈ ਸੀ। ਟਿਕਟਿਕੀ ਦੇ ਪਿੱਛੇ ਕੁਰਸੀ 'ਤੇ ਬੈਠਾ ਕਲੂਟਿਗ ਆਪਣੀ ਸੱਜੀ ਲੱਤ ਹਿਲਾ ਰਿਹਾ ਸੀ। ਮੈਂਡਰਲ ਨੇ ਜਿਵੇਂ ਹੀ ਦੋਹਾਂ ਕੈਦੀਆਂ ਨੂੰ ਅੰਦਰ ਧੱਕਿਆ, ਗੀਨਬੂਥ ਕਰੋਪਿਨਸਕੀ ਦੇ ਕੋਲ਼ ਗਿਆ ਤੇ ਉਸ ਦੀ ਜੈਕਟ ਦਾ ਇੱਕ ਬਟਨ ਫੜ ਕੇ ਪੁੱਛਣ ਲੱਗਾ: "ਯਹੂਦੀ ਕਤੂਰਾ ਕਿੱਥੇ ਹੈ?" ਤੇ ਜਦੋਂ ਕਰੋਪਿਨਸਕੀ ਨੇ ਕੋਈ ਉੱਤਰ ਨਾ ਦਿੱਤਾ ਤਾਂ ਉਸ ਜ਼ੋਰ ਨਾਲ਼ ਆਖਿਆ: "ਪੋਲਿਸ਼ ਸੂਰਾ! ਸੋਚ ਲੈ ਚੰਗੀ ਤਰ੍ਹਾਂ?"

ਕਰੋਪਿਨਸਕੀ ਦੀਆਂ ਅੱਖਾਂ ਵਿੱਚ ਤਾਰੇ ਜਿਹੇ ਨੱਚ ਗਏ, ਉਹ ਕਿਸੇ ਉੱਤਰ ਦੀ ਚਿੰਤਾ ਵਿੱਚ ਸੀ: "ਮੈਨੂੰ ਜਰਮਨ ਨਹੀਂ ਆਉਂਦੀ..."

ਇਹ ਬੜਾ ਵਲੱਲਾ ਤੇ ਲਚਾਰੀ ਵਾਲ਼ਾ ਉੱਤਰ ਸੀ।

"ਆਹੋ" ਗੀਨਬੂਥ ਨੇ ਉੱਤਰ ਦਿੱਤਾ, "ਤੂੰ ਜਰਮਨ ਨਹੀਂ ਸਮਝਦਾ, ਚੰਗਾ ਫਿਰ ਅਸੀਂ ਪੜ੍ਹਾਉਂਦੇ ਹਾਂ ਤੈਨੂੰ ਜਰਮਨ।"

ਗੀਨਬੂਥ ਨੇ ਸੋਚ ਸਮਝ ਕੇ ਕਰੋਪਿਨਸਕੀ ਨੂੰ ਚੁਣਿਆ ਸੀ, ਇਹ ਸਭ ਕੁੱਝ ਹੋਫ਼ਲ ਨੂੰ ਵਿਖਾਉਣ ਲਈ ਸੀ।

ਤਿੰਨਾਂ ਬਲਾਕ ਫ਼ੋਹਰਰਾਂ ਨੇ ਕਰੋਪਿਨਸਕੀ ਨੂੰ ਪਕੜਿਆ ਤੇ ਟਿਕਟਿਕੀ ਵੱਲ ਲੈ

ਤੁਰੇ। ਕਰੋਪਿਨਸਕੀ ਨੂੰ ਆਪਣੇ ਪੈਰ ਇੱਕ ਖੁੱਲ੍ਹੀ ਵਿਰਲ ਵਿੱਚ ਰੱਖਣੇ ਪਏ, ਜਿਹੜੀ ਬੰਦ ਕਰ ਦਿੱਤੀ ਗਈ ਤੇ ਉਸ ਦੇ ਪੈਰ ਜਕੜੇ ਗਏ।

ਫਿਰ ਕਰੋਪਿਨਸਕੀ ਦੀ ਪਤਲੂਣ ਲਾਹ ਕੇ ਉਸ ਨੂੰ ਟਿਕਟਿਕੀ ਉੱਤੇ ਪੁੱਠਾ ਲਿਟਾ ਦਿੱਤਾ ਗਿਆ। ਸਿੱਖੀਆਂ ਹੋਈਆਂ ਹਰਕਤਾਂ ਅਨੁਸਾਰ ਦੋ ਬਲਾਕ ਫ਼ੋਹਰਰਾਂ ਨੇ ਕਰੋਪਿਨਸਕੀ ਦੇ ਹੱਥ ਪਕੜ ਕੇ ਖਿੱਚ ਲਏ ਤੇ ਉਸ ਦੇ ਮੋਢੇ ਝੁਕਾ ਦਿੱਤੇ, ਤੀਜੇ ਕਰੋਪਿਨਸਕੀ ਦਾ ਸਿਰ ਦਬਾ ਕੇ ਡੰਡੇ ਨਾਲ਼ ਲਾ ਦਿੱਤਾ। ਹੁਣ ਉਸ ਦਾ ਸਾਰਾ ਸਰੀਰ ਜਕੜਿਆ ਗਿਆ ਸੀ। ਇਤਨੇ ਵਿੱਚ ਮੈਂਡਰਲ ਤੇ ਗੀਨਬੂਥ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ। ਗੀਨਬੂਥ ਨੇ ਦਸਤਾਨੇ ਚਾੜ੍ਹੇ ਤੇ ਲੰਮੇ ਬੈਂਤ ਨੂੰ ਲਚਕਾ ਕੇ ਵੇਖਿਆ, ਜਿਹੜਾ ਉਂਗਲ ਕੁ ਮੋਟਾ ਹੋਵੇਗਾ, ਫਿਰ ਬੈਂਤ ਪੈਣ ਲੱਗੇ।

ਹੋਫ਼ਲ ਇੰਞ ਖਲੋਤਾ ਸੀ ਜਿਵੇਂ ਉਸ ਨੂੰ ਖਿੱਚ ਕੇ ਰੱਖਿਆ ਹੋਵੇ। ਉਸ ਦੇ ਸੰਘ ਵਿੱਚ ਚੀਕ ਅਟਕੀ ਹੋਈ ਸੀ, ਦਿਲ ਭੈੜੀ ਤਰ੍ਹਾਂ ਕੰਬ ਰਿਹਾ ਸੀ। ਉਹ ਠਠੰਬਰਿਆ ਇਹ ਦ੍ਰਿਸ਼ ਵੇਖ ਰਿਹਾ ਸੀ। ਗੀਨਬੂਥ ਆਪਣੀਆਂ ਲੱਤਾਂ ਚੌੜੀਆਂ ਕੀਤੀ ਖਲੋਤਾ ਸੀ। ਸ਼ਿਸਤ ਬੰਨ੍ਹ ਕੇ ਉਸ ਇੱਕ ਬੈਂਤ ਮਾਰਿਆ। ਉਹ ਦਾ ਹੇਠਲਾ ਜਬਾੜਾ ਦਰਿੰਦਿਆਂ ਵਾਂਗ ਲਮਕਿਆ ਹੋਇਆ ਸੀ। ਦੂਜਾ ਬੈਂਤ ਤਾੜ ਕੇ ਪਹਿਲਾਂ ਵਾਲ਼ੀ ਲਾਲ ਲਾਸ਼ ਉੱਤੇ ਮਾਰਿਆ।

ਲਾਲ ਲਾਸ ਵਧਦੀ-ਵਧਦੀ ਇੱਕ ਚੌੜੀ ਪੱਟੀ ਬਣ ਗਈ। ਕਰੋਪਿਨਸਕੀ ਦੀ ਡਾਡ ਵੀ ਘੁਟਵੀਂ ਜਿਹੀ ਨਿੱਕਲ਼ਦੀ ਸੀ। ਫਿਰ ਲਹੂ ਫੁੱਟ ਤੁਰਿਆ ਤੇ ਪੱਟਾਂ ਉੱਤੇ ਦੀ ਵਹਿਣ ਲੱਗਾ ਤੇ ਨੰਗੇ ਮਾਸ ਉੱਤੇ ਬੈਂਤ ਪੈਂਦੇ ਰਹੇ। ਕਰੋਪਿਨਸਕੀ ਉੱਕਾ ਹੀ ਬੇਸੁਧ ਤੇ ਮੁਰਦਿਆਂ ਵਾਂਗ ਪਿਆ ਸੀ।

ਗੀਨਬੂਥ ਨੇ ਹੋਫ਼ਲ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਵੇਖਿਆ। ਹੋਫ਼ਲ 'ਤੇ ਜੋ ਅਸਰ ਹੋਇਆ ਸੀ, ਉਸ ਨੂੰ ਵੇਖ ਕੇ ਗੀਨਬੂਥ ਸੰਤੁਸ਼ਟਤਾ ਨਾਲ਼ ਮੁਸਕਰਾਇਆ। ਉਸ ਹੋਫ਼ਲ ਵੱਲੋਂ ਨਜ਼ਰਾਂ ਹਟਾ ਕੇ ਕਲੂਟਿਗ ਨੂੰ ਵੇਖਿਆ।

ਬਲਾਕ ਫ਼ੋਹਰਰਾਂ ਨੇ ਅਧਮੋਏ ਕਰੋਪਿਨਸਕੀ ਨੂੰ ਟਿਕਟਿਕੀ ਤੋਂ ਲਾਹ ਕੇ ਇੱਕ ਪਾਸੇ ਸੁੱਟ ਦਿੱਤਾ।

ਕਰੋਪਿਨਸਕੀ ਬੋਰੇ ਵਾਂਗ ਜਾ ਪਿਆ।

"ਖੜ੍ਹਾ ਹੋ!"

ਕਲੂਟਿਗ ਚੀਕਿਆ।

ਮਸ਼ੀਨ ਵਾਂਗ ਕਰੋਪਿਨਸਕੀ ਨੇ ਹੁਕਮ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਕੰਬਦੇ ਹੱਥਾਂ ਨਾਲ਼ ਖੜ੍ਹਾ ਹੋ ਗਿਆ ਤੇ ਉਹ ਕੰਬ ਰਿਹਾ ਸੀ।

"ਸੂਰਾ ਆਪਣੀ ਪਤਲੂਣ ਪਾ ਲੈ! ਸਾਨੂੰ ਆਪਣਾ ਥੋਕ ਵਿਖਾਉਣਾ ਚਾਹੁੰਦਾ ਏਂ?" ਕਲੂਟਿਗ ਫਿਰ ਚੀਕਿਆ।

ਕਰੋਪਿਨਸਕੀ ਨੇ ਮਸ਼ੀਨੀ ਆਦਮੀ ਵਾਂਗ ਪਤਲੂਣ ਠੀਕ ਕਰ ਲਈ।

ਗੀਨਬੂਥ ਨੇ ਹੋਫ਼ਲ ਦੀ ਛਾਤੀ ਉੱਤੇ ਲਹੂ ਲਿੱਬੜੇ ਬੈਂਤ ਦੀ ਨੋਕ ਰੱਖੀ ਤੇ ਟਿਕਟਿਕੀ

ਵੱਲ ਇਸ਼ਾਰਾ ਕੀਤਾ। ਇਸ਼ਾਰੇ ਵਿੱਚ ਇੱਕ ਪ੍ਰਕਾਰ ਦਾ ਸੱਦਾ ਸੀ : "ਕਿਰਪਾ ਕਰਕੇ ਹੁਣ ਤੁਸੀਂ ਆਪਣੀ ਥਾਂ 'ਤੇ ਆ ਜਾਓ...."

ਤਣਿਆਂ ਪੈਰਾਂ ਨਾਲ਼ ਟੁਰਦਾ ਹੋਇਆ ਹੋਫ਼ਲ ਟਿਕਟਿਕੀ ਕੋਲ਼ ਪੁੱਜਿਆ ਤੇ ਬਲਾਕ ਫ਼ੋਹਰਰਾਂ ਨੇ ਖਿੱਚ ਕੇ ਉਸ ਨੂੰ ਜਕੜ ਦਿੱਤਾ।

ਗ੍ਰਿਫ਼ਤਾਰੀ ਨੂੰ ਕੁੱਝ ਘੰਟੇ ਹੋ ਚੁੱਕੇ ਸਨ ਤੇ ਅਜੇ ਤੱਕ ਕੈਂਪ ਵਿੱਚ ਕੁੱਝ ਨਹੀਂ ਸੀ ਹੋਇਆ। ਬੜੇ ਕਸ਼ਟ ਵਾਲ਼ੀ ਹਾਲਤ ਸੀ। ਕੈਂਪ ਤੇ ਫ਼ਾਂਸੀ ਘਰ ਦੇ ਵਿਚਾਲ਼ੇ ਖ਼ਬਰਾਂ ਲੈਣ-ਦੇਣ ਦੀ ਕੋਈ ਲੜੀ ਨਹੀਂ ਸੀ। ਉੱਥੇ ਜੋ ਕੁੱਝ ਵੀ ਹੁੰਦਾ, ਉਸ ਦੀ ਖ਼ਬਰ ਕਦੇ ਵੀ ਕੈਂਪ ਤੱਕ ਨਾ ਪਹੁੰਚਦੀ। ਬੱਸ ਜਦੋਂ ਲਾਸ਼ ਚੁੱਕਣ ਵਾਲ਼ਿਆਂ ਨੂੰ ਸਵੇਰੇ-ਸਵੇਰੇ ਬੁਲਾਇਆ ਜਾਂਦਾ ਤਾਂ ਪਤਾ ਲੱਗਦਾ ਕਿ ਮੈਂਡਰਲ ਨੇ ਕਿਸੇ ਦਾ ਕੰਢਾ ਕੱਢ ਦਿੱਤਾ ਹੈ।

ਹੋਫ਼ਲ ਤੇ ਕਰੋਪਿਨਸਕੀ ਨੂੰ ਸਪਸ਼ਟ ਸੀ ਕਿ ਇੰਨੀ ਛੇਤੀ ਖ਼ਤਮ ਨਹੀਂ ਕੀਤਾ ਜਾਏਗਾ, ਪਰ ਬੋਖਾਉ ਨੂੰ ਇਸ ਗੱਲ ਦੀ ਸਭ ਤੋਂ ਵੱਡੀ ਚਿੰਤਾ ਸੀ। ਉਹ ਬਲਾਕ ਦੇ ਆਪਣੇ ਹਿੱਸੇ ਵਿੱਚ ਇਕੱਲਾ ਸੀ। ਰੋਜ਼ ਵੀ ਕਲਰਕ ਦੇ ਕਮਰੇ ਵਿੱਚ ਸੀ ਅਤੇ ਕਮਰੇ ਦੇ ਸੇਵਾਦਾਰ ਰਸੋਈਖ਼ਾਨੇ ਤੋਂ ਖਾਣੇ ਦੇ ਪਤੀਲੇ ਲਿਆ ਰਹੇ ਸਨ। ਬੋਖਾਉ ਬਲਾਕ ਫ਼ੋਹਰਰ ਦਾ ਕੰਮ ਬਿਨਾਂ ਧਿਆਨ ਦਿੱਤੇ ਕਰੀ ਜਾ ਰਿਹਾ ਸੀ। ਅੰਤ ਉਸ ਨੇ ਕਲਮ ਰੱਖ ਦਿੱਤੀ ਤੇ ਸਿਰ ਨੂੰ ਮੁੱਠਾਂ 'ਤੇ ਟਿਕਾ ਲਿਆ। ਟੋਲੀਆਂ ਨੂੰ ਖ਼ਬਰ ਕਰਨੀ ਚਾਹੀਦੀ ਹੈ ਤੇ ਸ਼ਾਮ ਤੱਕ ਇਹ ਹੋ ਨਹੀਂ ਸਕਦਾ, ਜਦੋਂ ਤੱਕ ਸਾਰਾ ਕੈਂਪ ਬੈਰਕਾਂ ਵਿੱਚ ਨਾ ਪੁੱਜ ਜਾਵੇ। ਪਰ ਉਸ ਤੋਂ ਪਹਿਲਾਂ ਕੀ ਹੋ ਜਾਵੇਗਾ ? ਬੋਖਾਉ ਨੇ ਸੋਚਣ ਦੀ ਬੜੀ ਕੋਸ਼ਿਸ਼ ਕੀਤੀ। ਹੋ ਸਕਦਾ ਹੈ ਇਸ ਪ੍ਰੇਸ਼ਾਨੀ ਦਾ ਕੋਈ ਕਾਰਨ ਨਾ ਹੋਵੇ ? ਹੋ ਸਕਦਾ ਹੈ ਹੋਫ਼ਲ ਮਰਦਾ ਮਰ ਜਾਏ, ਪਰ ਜ਼ੁਬਾਨ ਤੱਕ ਨਾ ਖੋਲ੍ਹੇ... ਪਰ ਅਜੇ ਤੱਕ ਉਹ ਜੀਉਂਦਾ ਸੀ ਤੇ ਜਦੋਂ ਤੱਕ ਜਿਉਂਦਾ ਹੈ ਉਦੋਂ ਤੱਕ ਖ਼ਤਰਾ ਵੀ ਸੀ... ਬੋਖਾਉ ਆਪਣੇ ਸਾਹਮਣੇ ਦੀ ਮੇਜ਼ ਨੂੰ ਵੇਖਣ ਲੱਗਿਆ।

ਕੀ ਉਹ ਚਾਹੁੰਦਾ ਹੈ ਕਿ ਹੋਫ਼ਲ ਮਰ ਜਾਏ ?

ਕੰਬਦਿਆਂ ਉਸ ਇਸ ਨਿਰਦਈ ਵਿਚਾਰ ਨੂੰ ਆਪਣੇ ਦਿਮਾਗ਼ ਵਿੱਚੋਂ ਕੱਢ ਦਿੱਤਾ।

ਆਪਣਾ ਹੱਥ ਅੱਖਾਂ ਤੋਂ ਹਟਾ ਕੇ ਬੋਖਾਉ ਨੇ ਸੋਚਣ ਤੇ ਕਿਸੇ ਫ਼ੈਸਲੇ 'ਤੇ ਪੁੱਜਣ ਦੀ ਕੋਸ਼ਿਸ਼ ਕੀਤੀ। ਇੰਝ ਬੈਠੇ ਰਹਿਣ ਦਾ ਕੀ ਲਾਭ ? ਹੋਰ ਕੋਈ ਰਾਹ ਵੀ ਨਹੀਂ ਸੀ।

ਕਰੈਮਰ ਵੀ ਆਪਣੇ ਕਮਰੇ ਵਿੱਚ ਬੈਠਾ, ਆਪਣੀਆਂ ਮੁੱਠਾਂ ਮੀਟੀ ਹੋਫ਼ਲ ਦੀ ਨਰਮ ਦਿਲੀ ਤੇ ਉਸ ਬੱਚੇ ਉੱਤੇ ਕਰਿਝ ਰਿਹਾ ਸੀ, ਜਿਹੜਾ ਇਤਨੇ ਮਾਸੂਮਪੁਣੇ ਨਾਲ਼ ਕੈਂਪ ਵਿੱਚ ਆ ਗਿਆ ਸੀ। ਚਿੰਤਾ ਉਸ ਨੂੰ ਵੀ ਖਾਈ ਜਾ ਰਹੀ ਸੀ। ਖ਼ਤਰਿਆਂ ਦੇ ਟਾਕਰੇ ਵਿੱਚ ਉਹ ਵੀ ਆਪਣੇ-ਆਪ ਨੂੰ ਉਤਨਾ ਹੀ ਲਚਾਰ ਪਾ ਰਿਹਾ ਸੀ, ਜਿਤਨੇ ਉਸ ਦੇ ਹੋਰ ਸਾਥੀ। ਪਰ ਉਹ ਇੱਥੇ ਹੱਥ ਉੱਤੇ ਹੱਥ ਧਰ ਕੇ ਸੋਚਦਾ ਤਾਂ ਨਹੀਂ ਸੀ ਰਹਿ ਸਕਦਾ, ਕੁੱਝ ਕਰਨਾ ਚਾਹੀਦਾ ਹੈ।

ਝੱਟ ਕਰੈਮਰ ਖੜ੍ਹਾ ਹੋ ਗਿਆ, ਉਸ ਨੇ ਆਪਣੀ ਟਾਰਚ—ਜਿਸ ਨੂੰ ਉਹ ਕੈਂਪ

ਸੀਨੀਅਰ ਹੋਣ ਕਾਰਨ ਵਰਤ ਸਕਦਾ ਸੀ— ਵਿੱਚੋਂ ਬੈਟਰੀ ਕੱਢੀ, ਉਸ ਵਿੱਚ ਖ਼ਰਾਬ ਬੈਟਰੀ ਭਰੀ। ਟਾਰਚ ਨੂੰ ਜੇਬ੍ਹ ਵਿੱਚ ਪਾਇਆ ਤੇ ਕਮਰੇ ਵਿੱਚੋਂ ਨਿੱਕਲ਼ ਤੁਰਿਆ।

ਕਰੈਮਰ ਸਿੱਧਾ ਸ਼ਿਊਪ ਕੋਲ਼ ਪੁੱਜਿਆ। ਭਲੇ ਨੂੰ ਕਰੈਮਰ ਨੇ ਟਾਰਚ ਆਪਣੇ ਨਾਲ਼ ਲੈ ਲਈ ਸੀ। ਸ਼ਾਰ ਫ਼ੋਹਰਰ ਬੈਰਕ ਵਿੱਚ ਹੀ ਸੀ ਅਤੇ ਕਰੈਮਰ ਕੋਲ਼ ਆਉਣ ਦਾ ਬਹਾਨਾ ਤਾਂ ਹੈ ਹੀ ਸੀ। ਉਸ ਸ਼ਿਊਪ ਨੂੰ ਬੈਟਰੀ ਬਦਲਣ ਲਈ ਆਖਿਆ। ਕੁੱਝ ਸ਼ਬਦ ਆਖੇ ਗਏ, ਅੱਖਾਂ-ਅੱਖਾਂ ਵਿੱਚ ਇਸ਼ਾਰੇ ਵੀ ਹੋਏ। ਦੋਵੇਂ ਇੱਕ ਦੂਜੇ ਦੀ ਗੱਲ ਸਮਝ ਗਏ ਤੇ ਥੋੜ੍ਹੀ ਹੀ ਦੇਰ ਮਗਰੋਂ ਸ਼ਿਊਪ ਕਰੈਮਰ ਵਿੱਚ ਆ ਗਿਆ।

"ਤੈਨੂੰ ਇਹ ਪਤਾ ਕਰਨਾ ਹੋਵੇਗਾ ਕਿ ਉਹ ਲੋਕ ਹੋਫ਼ਲ ਤੋਂ ਕੀ ਚਾਹੁੰਦੇ ਹਨ, ਮੈਨੂੰ ਇਹ ਪਤਾ ਹੋਣਾ ਚਾਹੀਦਾ ਹੈ।"

ਸ਼ਿਊਪ ਸੋਚ ਵਿੱਚ ਪੈ ਗਿਆ ਤੇ ਆਪਣੀ ਧੌਣ ਖੁਰਕਣ ਲੱਗਿਆ। "ਇਹ ਮੈਂ ਕਿਵੇਂ ਕਰ ਸਕਦਾ ਹਾਂ ?"

ਕਰੈਮਰ ਨੇ ਬੇਸਬਰੀ ਨਾਲ਼ ਹਵਾ ਵਿੱਚ ਹੱਥ ਲਹਿਰਾਇਆ।

"ਚਾਹੇ ਜਿਵੇਂ ਵੀ ਹੋਵੇ, ਤੂੰ ਇਤਨਾ ਕੁੱਝ ਕੀਤਾ ਹੈ। ਫ਼ਾਂਸੀ ਘਰ ਜਾ ਤੇ ਬਿਜਲੀ ਦਾ ਸਰਕਟ ਠੀਕ ਕਰ।"

ਸ਼ਿਊਪ ਨੇ ਠੰਡਾ ਸਾਹ ਲਿਆ, "ਪਹਿਲਾਂ ਖ਼ਰਾਬ ਹੋਵੇ ਤਾਂ ਠੀਕ ਕਰਾਂ।"

ਝੱਟ ਉਸ ਦੇ ਚਿਹਰੇ ਉੱਤੇ ਭੋਲ਼ੇਪਣ ਦੀ ਹੈਰਾਨੀ ਛਾ ਗਈ ਤੇ ਅੱਖਾਂ ਗੋਲ਼ ਹੋ ਗਈਆਂ, ਜਿਵੇਂ ਕੁੱਝ ਸਮਝ ਵਿੱਚ ਆ ਗਿਆ ਹੋਵੇ। ਉਸ ਬੱਸ ਇਤਨਾ ਹੀ ਆਖਿਆ, "ਫ਼ੋਰਸਤ !"

ਕਰੈਮਰ ਨੇ ਸ਼ੱਕ ਵਿੱਚ ਸਿਰ ਹਿਲਾਇਆ, "ਸੋਚਿਆ ਤਾਂ ਮੈਂ ਵੀ ਸੀ, ਪਰ ਫ਼ੋਰਸਤ ਅਸਲ ਵਿੱਚ ਹੈ ਕੀ ? ਸਾਡੇ ਨਾਲ਼ ਹੈ ਜਾਂ ਮੈਂਡਰਲ ਦਾ ਪਿੱਠੂ।"

ਸ਼ਿਊਪ ਨੇ ਕੋਸ਼ਿਸ਼ ਨਾਲ਼ ਅੱਖ ਝਪਕਾਈ, ਬਾਰੀ ਵਿੱਚੋਂ ਫ਼ਾਟਕ ਦੀ ਵੱਡੀ ਘੜੀ ਨੂੰ ਵੇਖਿਆ ਤੇ ਜਾਣ ਲਈ ਤਿਆਰ ਹੋ ਗਿਆ, ਮੈਂ ਕੋਸ਼ਿਸ਼ ਕਰਾਂਗਾ।

ਫ਼ਾਟਕ ਤੋਂ ਬਾਹਰ ਜਾਣ ਲਈ ਉਸ ਨੂੰ ਰਿਪੋਰਟ ਦੇਣ ਦੀ ਲੋੜ ਨਹੀਂ ਸੀ, ਉਸ ਨੂੰ ਪੱਕਾ ਪਾਸ ਮਿਲ਼ਿਆ ਹੋਇਆ ਸੀ। ਉਹ ਜਾ ਕੇ ਰਿਪੋਰਟ ਫ਼ੋਹਰਰ ਦਾ ਮਾਈਕਰੋਫ਼ੋਨ ਵੇਖਣ ਤੇ ਕੁੱਝ ਠੀਕ-ਠਾਕ ਕਰਨ ਲੱਗਾ। ਹੁਣੇ ਥੋੜ੍ਹੀ ਜਿਹੀ ਦੇਰ ਨੂੰ ਫ਼ਾਂਸੀ ਘਰ ਦਾ ਸੇਵਾਦਾਰ ਫ਼ੋਰਸਤ ਆਪਣੀ ਅੱਧੇ ਘੰਟੇ ਦੀ ਛੁੱਟੀ ਵਿੱਚ ਸੈਰ ਕਰਨ ਲਈ ਨਿੱਕਲ਼ਦਾ ਹੋਵੇਗਾ। ਫ਼ਾਂਸੀ ਘਰ ਦਾ ਲੋਹੇ ਦਾ ਬੂਹਾ ਖੁੱਲ੍ਹਣ ਦੀ ਅਵਾਜ਼ ਆਈ ਤੇ ਸ਼ਿਊਪ ਦੇ ਅਨੁਮਾਨ ਅਨੁਸਾਰ ਫ਼ੋਰਸਤ ਬਾਹਰ ਨਿਕੱਲ਼ਿਆ। ਸ਼ਿਊਪ ਨੇ ਉੱਚੀ ਅਵਾਜ਼ ਵਿੱਚ ਕਿ ਬਲਾਕ ਫ਼ੋਹਰਰ ਸੁਣ ਲਵੇ, ਫ਼ੋਰਸਤ ਤੋਂ ਪੁੱਛਿਆ "ਤੇਰੇ ਥਾਂ ਦੀ ਬਿਜਲੀ ਠੀਕ ਹੈ ?"

ਇਸ ਅਚਾਨਕ ਸੁਆਲ 'ਤੇ ਫ਼ੋਰਸਤ ਨੇ ਹੈਰਾਨਗੀ ਨਾਲ਼ ਸ਼ਿਊਪ ਨੂੰ ਵੇਖਿਆ ਤੇ ਸਿਰ ਹਿਲਾ ਕੇ ਹਾਂ ਵਿੱਚ ਜਵਾਬ ਦਿੱਤਾ। ਬਲਾਕ ਫ਼ੋਹਰਰ ਤੋਂ ਅੱਖ ਬਚਾ ਕੇ ਸ਼ਿਊਪ ਨੇ ਅੱਖ ਮਾਰੀ। ਫ਼ੋਰਸਤ ਇਹ ਲੁਕਵਾਂ ਇਸ਼ਾਰਾ ਸਮਝ ਗਿਆ, ਪਰ ਉਸ ਪ੍ਰਗਟ ਨਾ ਹੋਣ ਦਿੱਤਾ।

ਸ਼ਿਊਪ ਨੇ ਫਿਰ ਚਾਲ ਚੱਲੀ। ਤਾਰ ਵੇਖਦਾ-ਵੇਖਦਾ, ਥਾਂ-ਥਾਂ ਤੋਂ ਟਟੋਲ਼ਦਾ ਉਹ ਫ਼ਾਟਕ ਵੱਲ ਵਧਿਆ। ਜੇ ਫ਼ੋਰਸਤ ਇਸ਼ਾਰਾ ਸਮਝ ਗਿਆ ਹੋਵੇਗਾ ਤਾਂ ਉਹ ਵੀ ਮੌਕੇ ਦੀ ਭਾਲ਼ ਵਿੱਚ ਹੋਵੇਗਾ, ਤੇ ਉਸ ਨੂੰ ਇਹ ਵੇਖ ਕੇ ਖ਼ੁਸ਼ੀ ਹੋਈ ਕਿ ਫ਼ੋਰਸਤ ਉਸ ਵੱਲ ਆ ਰਿਹਾ ਸੀ। ਉਸ ਸੁਆਲੀਆ ਨਜ਼ਰਾਂ ਨਾਲ਼ ਸ਼ਿਊਪ ਵੱਲ ਵੇਖਿਆ, ਜਿਹੜਾ ਜਾਪਦਾ ਸੀ ਕਿ ਤਾਰ ਠੀਕ ਕਰ ਰਿਹਾ ਹੈ, ਨੂੰ ਦੱਬਵੀਂ ਜ਼ਬਾਨ ਵਿੱਚ ਆਖਿਆ : "ਇਹ ਤਾਂ ਤੂੰ ਠੀਕ ਨਹੀਂ ਆਖਿਆ, ਮੈਂ ਤਾਂ ਤੇਰੀ ਬਿਜਲੀ ਠੀਕ ਕਰਨਾ ਚਾਹੁੰਦਾ ਹਾਂ, ਹੋਫ਼ਲ ਤੋਂ ਉਹ ਲੋਕ ਕੀ ਚਾਹੁੰਦੇ ਹਨ ?" ਸ਼ਿਊਪ ਨੇ ਛੇਤੀ-ਛੇਤੀ ਗੱਲ ਪੂਰੀ ਕੀਤੀ।

ਫ਼ੋਰਸਤ ਤੁਰਦਾ ਰਿਹਾ ਤੇ ਫ਼ਾਟਕ ਤੋਂ ਅਗਾਂਹ ਨਿੱਕਲ਼ ਗਿਆ ਤਾਂ ਜੋ ਬਲਾਕ ਫ਼ੋਹਰਰ ਉਸ ਨੂੰ ਵੇਖ ਨਾ ਲਵੇ। ਸ਼ਿਊਪ ਤੋਂ ਇਹ ਕੁੱਝ ਛਿਣ ਲੰਘ ਹੀ ਨਹੀਂ ਸਨ ਰਹੇ। ਉਸ ਨੇ ਨਿਰਣਾਇਕ ਸ਼ਬਦ ਆਖ ਹੀ ਦਿੱਤਾ ਸੀ। ਹੁਣ ਫ਼ੋਰਸਤ 'ਤੇ ਕੀ ਪ੍ਰਤੀਕਰਮ ਹੋਵੇਗਾ ? ਚੁੱਪ-ਚਾਪ ਫ਼ੋਰਸਤ ਟਹਿਲਦਾ ਰਿਹਾ। ਪਰ ਜਦੋਂ ਉਹ ਦੂਜੀ ਵਾਰ ਸ਼ਿਊਪ ਕੋਲ਼ੋਂ ਲੰਘਿਆ ਤੇ ਸ਼ਿਊਪ ਨੇ ਉਸ ਦੇ ਚਿਹਰੇ 'ਤੇ ਕੁੱਝ ਅਜੀਬ ਜਿਹੇ ਭਾਵ ਵੇਖੇ। ਚਿਹਰਾ ਗੰਭੀਰ ਤੇ ਉਦਾਸ ਸੀ। ਇਸ ਦਾ ਅਰਥ ਸੀ ਕਿ ਮੈਂ ਤੁਹਾਡੇ ਨਾਲ਼ ਹਾਂ। ਸ਼ਿਊਪ ਇਸ ਭਾਸ਼ਾ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਉਸ ਨੇ ਆਪਣਾ ਥੈਲਾ ਮੋਢੇ 'ਤੇ ਸੁੱਟਿਆ ਤੇ ਤੁਰਦਾ ਬਣਿਆ। ਮਾਈਕਰੋਫ਼ੋਨ ਦਾ ਤਾਰ ਠੀਕ ਸੀ, ਕੋਈ ਚਿੰਤਾ ਦੀ ਗੱਲ ਨਹੀਂ ਸੀ।

ਕਰੈਮਰ ਕੋਲ਼ ਪਰਤ ਕੇ ਉਸ ਦੱਸਿਆ, "ਮੇਰਾ ਵਿਚਾਰ ਹੈ ਕੰਮ ਬਣ ਜਾਏਗਾ।"

ਮੈਂਡਰਲ ਨੇ ਪਿੱਛੋਂ ਧੱਕਾ ਦਿੱਤਾ ਤੇ ਕਰੋਪਿਨਸਕੀ ਤੇ ਹੋਫ਼ਲ ਲੜਖੜਾਉਂਦੇ ਹੋਏ ਕਮਰੇ ਵਿੱਚ ਆ ਗਏ। ਉਹ ਦੋਵੇਂ ਖਲੋਤੇ ਹੋਏ ਕੰਬ ਰਹੇ ਸਨ ਤੇ ਉਨ੍ਹਾਂ ਦੇ ਪੈਰ ਥਿੜਕ ਰਹੇ ਸਨ। ਉਨ੍ਹਾਂ ਦੇ ਕੱਪੜੇ ਅਜੇ ਤੱਕ ਭਿੱਜੇ ਹੋਏ ਸਨ। ਕਰੋਪਿਨਸਕੀ ਅਗਾਂਹ ਨੂੰ ਝੁਕਿਆ ਖਲ੍ਹੋਤਾ ਸੀ ਤੇ ਉਸ ਦਾ ਸਿਰ ਛਾਤੀ ਨਾਲ਼ ਲੱਗਿਆ ਹੋਇਆ ਸੀ, ਉਸ ਨੂੰ ਬਹੁਤ ਹੀ ਪਾਲ਼ਾ ਲੱਗ ਰਿਹਾ ਸੀ। ਹੋਫ਼ਲ ਹਾਲੇ ਵੀ ਪਾਲ਼ੇ ਨਾਲ਼ ਕੰਬ ਰਿਹਾ ਸੀ। ਉਸ ਦੇ ਦੰਦ ਵੱਜ ਰਹੇ ਸਨ ਤੇ ਆਪਣੀ ਕਮਜ਼ੋਰੀ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਆਪਣੇ ਦੰਦ ਮੀਟ ਲਏ ਸਨ, ਪਰ ਉਹ ਫਿਰ ਵੀ ਵੱਜ ਰਹੇ ਸਨ।

ਰੀਨਬ੍ਰਥ ਨੇ ਦੋਹਾਂ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ। ਉਸ ਨੂੰ ਖ਼ੁਸ਼ੀ ਸੀ ਕਿ ਕੁਟਾਪੇ ਨੇ ਆਪਣਾ ਅਸਰ ਵਿਖਾਇਆ ਹੈ। ਉਹ ਤਸੱਲੀ ਨਾਲ਼ ਉੱਠਿਆ ਤੇ ਲੱਤਾਂ ਚੌੜੀਆਂ ਕਰ ਕੇ ਖਲ੍ਹੋ ਗਿਆ।

"ਸੁਣੋ ਤੁਸੀਂ ਦੋਵੇਂ," ਉਸ ਆਖਿਆ, "ਅੱਜ ਦੁਪਹਿਰ ਨੂੰ ਅਸਾਂ ਤੁਹਾਡੇ ਨਾਲ਼ ਐਵੇਂ ਰਤਾ ਕੁ ਮਖ਼ੌਲ ਜਿਹਾ ਕੀਤਾ ਸੀ। ਪਰ ਹੁਣ ਮਾਮਲਾ ਕਾਫ਼ੀ ਗੰਭੀਰ ਬਣਦਾ ਜਾ ਰਿਹਾ ਏ।" ਤੇ ਉਸ ਨੇ ਫਿਰ ਕਰੋਪਿਨਸਕੀ ਨੂੰ ਚੁਣਿਆ।

"ਮੈਂ ਸਮਝਦਾ ਹਾਂ ਕਿ ਤੂੰ ਜਰਮਨ ਚੰਗੀ ਤਰ੍ਹਾਂ ਸਮਝ ਲੈਂਦਾ ਏਂ।" ਉਸ ਨੇ ਮੇਜ਼ ਤੋਂ ਪਿੱਤਲ ਨਾਲ਼ ਮੜ੍ਹੀ ਹੋਈ ਇੱਕ ਸੋਟੀ ਚੁੱਕੀ ਤੇ ਉਹ ਕਰੋਪਿਨਸਕੀ ਦੇ ਨੱਕ ਸਾਹਮਣੇ

ਲਹਿਰਾਉਣ ਲੱਗਾ।

"ਤੂੰ ਯਹੂਦੀ ਕਤੂਰੇ ਨੂੰ ਕਿੱਥੇ ਪਹੁੰਚਾ ਦਿੱਤਾ ?" ਕਰੋਪਿਨਸਕੀ ਨੇ ਬੜੇ ਔਖ ਨਾਲ਼ ਗੀਨਬ੍ਰੂਥ ਵੱਲ ਵੇਖਿਆ, ਉਸ ਦੀਆਂ ਅੱਖਾਂ ਵਿੱਚ ਤਰਲਾ ਜਿਹਾ ਸੀ। ਗੀਨਬ੍ਰੂਥ ਨੇ ਪਿੱਤਲ ਦੀ ਸੋਟੀ ਨੂੰ ਹਵਾ ਵਿੱਚ ਲਹਿਰਾਇਆ, "ਮੈਂ ਤਿੰਨ ਤੱਕ ਗਿਣਾਂਗਾ, ਜਵਾਬ ਦੇ।" ਕਰੋਪਿਨਸਕੀ ਨੇ ਹੋਂਠ ਮੀਚ ਲਏ ਤੇ ਉਸ ਦਾ ਚਿਹਰਾ ਸੁਕੜ ਗਿਆ, ਜਿਵੇਂ ਉਹ ਰੋਣ ਵਾਲ਼ਾ ਹੋਵੇ। "ਇੱਕ... ਦੋ... ਤਿੰਨ।" ਕਰੋਪਿਨਸਕੀ ਨੇ ਜ਼ੋਰ ਨਾਲ਼ ਸਿਰ ਹਿਲਾਇਆ। ਗੀਨਬ੍ਰੂਥ ਸੋਟੀ ਦੀ ਮੁੱਠ ਨਾਲ਼ ਮਾਰਨ ਲੱਗ ਪਿਆ। ਸੱਜੇ, ਖੱਬੇ, ਸੱਜੇ, ਖੱਬੇ। ਕਰੋਪਿਨਸਕੀ ਹੁਣ ਪਾਗਲਾਂ ਵਾਂਗ ਚੀਕਣ ਲੱਗਾ। ਸੋਟੀ ਦੀ ਮੁੱਠ ਸੈਂਹ-ਸੈਂਹ ਕਰਦੀ ਉਸ ਦੇ ਮੂੰਹ ਉੱਤੇ ਵੱਜਦੀ ਰਹੀ। ਉਸ ਦੀਆਂ ਅੱਖਾਂ ਸਾਹਮਣੇ ਹਨ੍ਹੇਰਾ ਛਾ ਗਿਆ ਤੇ ਉਹ ਚਕਰਾ ਕੇ ਪਿਛਾਂਹ ਕਲੂਟਿਗ 'ਤੇ ਡਿੱਗਿਆ, ਜਿਸ ਨੇ ਉਸ ਨੂੰ ਜ਼ੋਰ ਦੀ ਠੋਕਰ ਮਾਰ ਕੇ ਅਗਾਂਹ ਨੂੰ ਸੁੱਟਿਆ। ਸੋਟੀ ਦੀ ਮੁੱਠ ਉਸੇ ਤਰ੍ਹਾਂ ਉਸ ਦੇ ਮੂੰਹ ਉੱਤੇ ਵਰ੍ਹਦੀ ਰਹੀ ਤੇ ਕਰੋਪਿਨਸਕੀ ਏਧਰ-ਉੱਧਰ ਚਕਰਾਉਂਦਾ ਤੇ ਲੜਖੜਾਉਂਦਾ ਰਿਹਾ। ਇੱਥੋਂ ਤੱਕ ਕਿ ਉਹ ਡਿੱਗ ਪਿਆ ਤੇ ਕੁਰਲਾਉਣ ਲੱਗਾ। ਗੀਨਬ੍ਰੂਥ ਇਸ ਹਾਲਤ ਵਿੱਚ ਉਸ ਨੂੰ ਕੁੱਟਦਾ ਰਿਹਾ ਤੇ ਉਹ ਫ਼ਰਸ਼ 'ਤੇ ਤੜਫ਼ਦਾ ਰਿਹਾ। ਇਹ ਸਭ ਕੁੱਝ ਹੋਫ਼ਲ ਦੀ ਪਿੱਠ ਪਿੱਛੇ ਹੋ ਰਿਹਾ ਸੀ।

ਆਪਣੇ ਪਿੱਛੇ ਉਹ ਕਲੂਟਿਗ ਦੀ ਵਹਿਸ਼ੀਆਨਾ ਚੀਕ ਤੇ ਕਰੋਪਿਨਸਕੀ ਦੀ ਕੁਰਲਾਹਟ ਸੁਣਦਾ ਰਿਹਾ, ਜਿਵੇਂ ਮਰਨ ਸਮੇਂ ਸੰਘ ਵਿੱਚ ਸਾਹ ਰੁਕ ਰਿਹਾ ਹੋਵੇ। ਜਦੋਂ ਕਰੋਪਿਨਸਕੀ ਉੱਕਾ ਹੀ ਬੇਸੁਧ ਹੋ ਗਿਆ, ਕੁਰਲਾਹਟ ਬੰਦ ਹੋ ਗਈ ਤਾਂ ਗੀਨਬ੍ਰੂਥ ਨੇ ਸੋਟੀ ਨੂੰ ਮੈਂਡਰਲ ਵੱਲ ਸੁੱਟਿਆ। ਉਸ ਨੇ ਫੁਰਤੀ ਨਾਲ਼ ਬੋਚ ਲਿਆ ਤੇ ਹੋਫ਼ਲ ਦੀ ਛਾਤੀ ਉੱਤੇ ਮੁੱਕਾ ਮਾਰ ਕੇ ਬੋਲਿਆ : "ਹੁਣ ਤੇਰੀ ਵਾਰੀ ਏ।" ਪਿੱਛੋਂ ਕਲੂਟਿਗ ਨੇ ਹੋਫ਼ਲ ਦਾ ਹੱਥ ਪਕੜ ਕੇ ਮਰੋੜਿਆ। ਹੋਫ਼ਲ ਪੀੜ ਨਾਲ਼ ਦੋਹਰਾ ਹੋ ਗਿਆ। ਕਲੂਟਿਗ ਨੇ ਆਪਣਾ ਗੋਡਾ ਹੋਫ਼ਲ ਦੀ ਪਿੱਠ ਵਿੱਚ ਅੜਾਇਆ ਤੇ ਉਸ ਦੇ ਹੱਥਾਂ ਨੂੰ ਇਤਨੇ ਜ਼ੋਰ ਨਾਲ਼ ਮਰੋੜਿਆ ਕਿ ਉਹ ਜ਼ੋਰ-ਜ਼ੋਰ ਨਾਲ਼ ਚੀਕਣ ਲੱਗਿਆ ਤੇ ਗੋਡਿਆਂ ਭਾਰ ਡਿੱਗ ਪਿਆ। ਫਿਰ ਮੈਂਡਰਲ ਨੇ ਕੁੱਟਣਾ ਸ਼ੁਰੂ ਕੀਤਾ। ਸੋਟੀ ਦੀ ਮੁੱਠ ਵਾਲ਼ਾ ਸਿਰਾ ਉਸ 'ਤੇ ਵਰ੍ਹਦਾ ਰਿਹਾ। ਹੋਫ਼ਲ ਮੂੰਹ ਭਾਰ ਡਿੱਗਿਆ ਤੇ ਬੇਹੋਸ਼ ਹੋ ਗਿਆ।

"ਇਸ ਸਮੇਂ ਇਤਨਾ ਹੀ ਕਾਫ਼ੀ ਏ।" ਗੀਨਬ੍ਰੂਥ ਨੇ ਆਖਿਆ "ਅੱਧੇ ਘੰਟੇ ਮਗਰੋਂ ਫਿਰ ਸ਼ੁਰੂ ਕਰਾਂਗੇ।"

ਮੈਂਡਰਲ ਦੋਹਾਂ ਅਧਮੋਇਆਂ ਨੂੰ ਘਸੀਟਦਾ ਹੋਇਆ ਕੋਠੜੀ ਵਿੱਚ ਲੈ ਗਿਆ, ਅੰਦਰ ਧੱਕ ਕੇ ਜੰਦਰਾ ਲਾ ਦਿੱਤਾ।

ਮੂੰਹ 'ਤੇ ਜਦੋਂ ਠੰਡਾ ਪਾਣੀ ਪਿਆ ਤਾਂ ਕਰੋਪਿਨਸਕੀ ਰਤਾ ਹਿੱਲਿਆ। ਉਸ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਬਾਹਾਂ ਜਵਾਬ ਦੇ ਗਈਆਂ, ਉਹ ਮੂੰਹ ਭਾਰ ਡਿੱਗ ਪਿਆ ਤੇ ਉੱਥੇ ਹੀ ਪਿਆ ਰਿਹਾ।

ਉਸ ਦੇ ਦਿਮਾਗ਼ ਦੇ ਲਹੂ ਦੀ ਚਾਲ ਤਿੱਖੀ ਹੋ ਗਈ। ਹੌਲ਼ੀ-ਹੌਲ਼ੀ ਉਸ ਨੂੰ ਪੂਰੀ

ਹੋਸ਼ ਆ ਗਈ। ਮੂੰਹ ਕੁੱਝ ਲੂਣਾ ਜਿਹਾ ਲੱਗ ਰਿਹਾ ਸੀ। ਕਰੋਪਿਨਸਕੀ ਨੇ ਅੱਖਾਂ ਖੋਲ੍ਹ ਦਿੱਤੀਆਂ। ਇਸ ਅਣਜਾਣ ਹਨ੍ਹੇਰੇ ਵਿੱਚ ਚਾਰੇ ਪਾਸੇ ਡੂੰਘੀ ਚੁੱਪ-ਚਾਂ ਸੀ। ਉਸ ਦੀ ਪਿੱਠ ਵਿੱਚ ਅਸਿਹ ਪੀੜਾਂ ਉੱਠ ਰਹੀਆਂ ਸਨ ਤੇ ਹਰ ਸਾਹ ਛੁਰੀ ਵਾਂਗ ਚੁੱਭ ਰਿਹਾ ਸੀ। ਉਹ ਬਹੁਤ ਦੇਰ ਤੱਕ ਇੰਝ ਹੀ ਪਿਆ ਰਿਹਾ। ਪੀੜ ਦੇ ਹੁੰਦਿਆਂ ਵੀ ਉਸ ਨੂੰ ਇੰਝ ਭਾਸ ਰਿਹਾ ਸੀ, ਜਿਵੇਂ ਉਹ ਸੁਪਨਾ ਵੇਖ ਰਿਹਾ ਹੋਵੇ, ਉਸ ਦੀ ਨੀਂਦਰਾਈ ਚੇਤਨਤਾ ਭਾਵਾਂ ਦੇ ਡੂੰਘੇ ਪਾਣੀ ਵਿੱਚ ਡੁੱਬਦੀ ਜਾ ਰਹੀ ਸੀ...

"ਅਜਿਹੇ ਛੋਟੇ-ਛੋਟੇ ਹੱਥ ਸਨ ਤੇ ਅਜਿਹੀ ਨਿਕਚੂ ਜਿਹੀ ਨੱਕ, ਹਰ ਸ਼ੈਅ ਇੰਨੀ ਛੋਟੀ-ਛੋਟੀ ਜਿਹੀ ਹੈ।" ਉਸ ਆਪਣੀ ਹੀ ਅਵਾਜ਼ ਸੁਣੀ ਤੇ ਇੰਝ ਜਾਪਿਆ ਜਿਵੇਂ ਉਹ ਹੱਸ ਰਿਹਾ ਹੋਵੇ। ਝੱਟ ਹੀ ਉਹ ਸੁਪਨਮਈ ਅਹਿਸਾਸ ਦੂਰ ਹੋਣ ਲੱਗਿਆ। ਕਰੋਪਿਨਸਕੀ ਪੂਰੀ ਤਰ੍ਹਾਂ ਹੋਸ਼ ਵਿੱਚ ਆ ਗਿਆ। ਉਸ ਦੇ ਚਾਰੇ ਪਾਸੇ ਘੁੱਪ ਹਨ੍ਹੇਰਾ ਸੀ। ਪਰ ਉਹ ਜਾਣ ਗਿਆ ਕਿ ਉਸ ਸਮੇਂ ਉਹ ਕੋਠੜੀ ਵਿੱਚ ਹੈ ਤੇ ਹੁਣ ਜਿਸ ਸਰੀਰ ਉੱਤੇ ਉਸ ਦਾ ਹੱਥ ਹੈ ਉਹ ਹੋਫ਼ਲ ਦਾ ਹੀ ਹੈ। ਕਰੋਪਿਨਸਕੀ ਨੂੰ ਆਪਣੇ ਚੂਰ-ਚੂਰ ਹੋਏ ਸਰੀਰ ਉੱਤੇ ਕਾਬੂ ਪਾਉਣ ਵਿੱਚ ਕੁੱਝ ਸਮਾਂ ਹੋਰ ਲੱਗਿਆ। ਬੜੇ ਔਖ ਨਾਲ਼ ਉਹ ਗੋਡਿਆਂ ਭਾਰ ਖੜ੍ਹਾ ਹੋਇਆ।

ਉਹ ਬੋਲਣਾ ਚਾਹੁੰਦਾ ਸੀ ਤੇ ਉਸ ਨੂੰ ਪਤਾ ਲੱਗਿਆ ਕਿ ਉਸ ਦੇ ਬੁੱਲ੍ਹ ਬਹੁਤ ਹੀ ਜ਼ਿਆਦਾ ਸੁੱਜੇ ਹੋਏ ਸਨ। ਬਰੜਾਈ ਅਵਾਜ਼ ਵਿੱਚ ਉਸ ਨੇ ਹੋਫ਼ਲ ਨੂੰ ਸੰਬੋਧਨ ਕੀਤਾ।

"ਆਂਦਰੇ...."

ਹੋਫ਼ਲ ਉਵੇਂ ਹੀ ਪਿਆ ਰਿਹਾ ਤੇ ਜਦੋਂ ਕਰੋਪਿਨਸਕੀ ਜਵਾਬ ਦੀ ਉਡੀਕ ਕਰਨ ਲੱਗਾ, ਤਾਂ ਆਸ਼ਾ ਤੋਂ ਉਲਟ ਹੋਫ਼ਲ ਸਿਸਕੀਆਂ ਲੈਣ ਲੱਗਿਆ, ਮੱਧਮ-ਮੱਧਮ ਸਿਸਕੀਆਂ। ਕਰੋਪਿਨਸਕੀ ਨੇ ਉਸ ਦੇ ਸਰੀਰ 'ਤੇ ਪਿਆਰ ਨਾਲ਼ ਹੱਥ ਫੇਰਿਆ, "ਆਂਦਰੇ..." ਕਰੋਪਿਨਸਕੀ ਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ ਕਿ ਕਿਵੇਂ ਹੋਫ਼ਲ ਦੀ ਸਹਾਇਤਾ ਕਰੇ।

ਕੁੱਝ ਦੇਰ ਪਿੱਛੋਂ ਹੋਫ਼ਲ ਨੇ ਆਪਣੇ ਪੁੱਠੇ ਹੱਥ ਨਾਲ਼ ਮੂੰਹ ਪੂੰਝਿਆ ਤੇ ਡਡਿਆਇਆ:

"ਮਾਰਿਆਨ..."

"ਆਂਦਰੇ..."

"ਤੇਰੇ ਨਾਲ਼ ਉਨ੍ਹਾਂ ਲੋਕਾਂ ਨੇ ਜੋ ਕੁੱਝ ਕੀਤਾ..."

ਕਰੋਪਿਨਸਕੀ ਨੇ ਉੱਖੜੇ-ਉੱਖੜੇ ਸ਼ਬਦਾਂ ਵਿੱਚ ਉੱਤਰ ਦਿੱਤਾ ਤੇ ਹੋਫ਼ਲ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕੀਤੀ : "ਮੈਂ ਛੇਤੀ... ਹੀ... ਫਿਰ... ਠੀਕ ਹੋ ਜਾਵਾਂਗਾ।"

ਦੋਵੇਂ ਚੁੱਪ ਹੋ ਗਏ, ਬੱਸ ਉਨ੍ਹਾਂ ਦੀ ਸਾਹ ਲੈਣ ਦੀ ਅਵਾਜ਼ ਆ ਰਹੀ ਸੀ। ਦੋਵੇਂ ਆਪਣੇ ਅੰਦਰ ਉਨ੍ਹਾਂ ਪੀੜਾਂ ਨੂੰ ਅਨੁਭਵ ਕਰ ਰਹੇ ਸਨ, ਜਿਹੜੀਆਂ ਉਨ੍ਹਾਂ ਝੱਲੀਆਂ ਸਨ।

ਝੱਟ ਛੱਤ ਦਾ ਬਲਬ ਜਗ ਪਿਆ। ਬੂਹਾ ਖੁੱਲ੍ਹਿਆ ਤੇ ਕਲੂਟਿਗ ਦੀ ਖਰਵ੍ਹੀ ਅਵਾਜ਼ ਨੇ ਇਕੱਲਤਾ ਦੇ ਮੋਟੇ ਪਰਦੇ ਨੂੰ ਪਾੜ ਦਿੱਤਾ ਅਤੇ ਉਨ੍ਹਾਂ ਦੋਹਾਂ ਦੀ ਸੋਚ ਤੇ ਸਮਝ ਨੰਗੀ ਤੇ ਨਿਹੱਥੀ ਆਉਣ ਵਾਲ਼ੀਆਂ ਮੁਸੀਬਤਾਂ ਦੇ ਖ਼ਿਆਲ ਨਾਲ਼ ਕੰਬ ਗਈ। ਕੋਸ਼ਿਸ਼ ਕਰਕੇ ਦੋਵੇਂ ਸਿੱਧੇ ਖੜ੍ਹੇ ਹੋ ਗਏ। ਕਲੂਟਿਗ ਝਲਿਆਇਆ ਹੋਇਆ ਸੀ। ਉਹ ਹੋਫ਼ਲ ਨੂੰ

ਸੰਬੋਧਨ ਹੋ ਕੇ ਚੀਕਿਆ "ਤੇਰੀ ਲੁਕਵੀਂ ਜੱਥੇਬੰਦੀ ਵਿੱਚ ਹੋਰ ਕੌਣ-ਕੌਣ ਹਨ ?" ਹੋਫ਼ਲ ਨੇ ਸਾਰੇ ਸਰੀਰ ਵਿੱਚ ਡਹਿਲ ਦੀ ਲਹਿਰ ਜਿਹੀ ਦੌੜ ਗਈ। "ਬੋਲੇਂਗਾ ਜਾਂ ਨਹੀਂ ?" ਕਲੂਟਿਗ ਨੇ ਹੋਫ਼ਲ ਦੀ ਜੈਕਟ ਦਾ ਕਾਲਰ ਪਕੜਿਆ ਤੇ ਉਸ ਨੂੰ ਧੱਕ ਕੇ ਕੰਧ ਨਾਲ਼ ਮਾਰਿਆ। ਹੋਫ਼ਲ ਦੇ ਗੋਡੇ ਜਵਾਬ ਦੇ ਗਏ ਸਨ। ਮੈਂਡਰਲ ਉਸ 'ਤੇ ਟੁੱਟ ਪਿਆ। ਉਸ ਦੇ ਹੱਥ ਖਿੱਚ ਕੇ ਪਿੱਠ 'ਤੇ ਲੈ ਆਇਆ। ਉਨ੍ਹਾਂ ਨੂੰ ਰੱਸੀ ਨਾਲ਼ ਬੰਨ੍ਹਿਆ ਤੇ ਖਿੱਚ ਕੇ ਹੋਫ਼ਲ ਨੂੰ ਖੜ੍ਹਾ ਕੀਤਾ। ਹੋਫ਼ਲ ਨੇ ਜਦੋਂ ਦੂਜੀ ਵਾਰ ਕਲੂਟਿਗ ਦੀ ਚੀਕ ਸੁਣੀ ਤਾਂ ਉਹ ਉਸ ਦੇ ਇਤਨਾ ਨੇੜੇ ਸੀ ਕਿ ਹੋਫ਼ਲ ਨੂੰ ਆਪਣੀ ਪਿੱਠ ਉੱਤੇ ਉਸ ਦੇ ਸਾਹਾਂ ਦੀ ਗਰਮੀ ਮਹਿਸੂਸ ਹੋਈ।

"ਹੋਰ ਕੌਣ-ਕੌਣ ਹੈ ਸੂਰਾ ? ਦੱਸ ਦੇਹ ਨਹੀਂ ਤਾਂ ਮੈਂ ਤੈਨੂੰ ਮਾਰ ਸੁੱਟਾਂਗਾ ?"

ਹੋਫ਼ਲ ਡਡਿਆਇਆ। ਕਲੂਟਿਗ ਨੇ ਦੋਹਾਂ ਹੱਥਾਂ ਨਾਲ਼ ਉਸ ਦੇ ਮੂੰਹ 'ਤੇ ਥੱਪੜ ਮਾਰੇ : "ਹੋਰ ਕੌਣ-ਕੌਣ ਹੈ ? ਦੱਸ ਸਾਰਿਆਂ ਦੇ ਨਾਂ ?"

ਰੀਨਬੂਥ ਨੇ ਥੋੜ੍ਹੇ ਚਿਰ ਲਈ ਕਲੂਟਿਗ ਨੂੰ ਮਾਰਨ ਦਾ ਮੌਕਾ ਦਿੱਤਾ। ਫਿਰ ਉਸ ਨੇ ਝਲਿਆਏ ਹੋਏ ਬਲਾਕ ਫ਼ੋਹਰਰ ਨੂੰ ਇੱਕ ਪਾਸੇ ਹਟਾਇਆ ਤੇ ਰੋਅਬ ਤੇ ਦਾਬੇ ਨਾਲ਼ ਬੋਲਿਆ: "ਹੋਫ਼ਲ ਦੱਸ ਦੇ ਨਹੀਂ ਤਾਂ ਅਸੀਂ ਤੈਨੂੰ ਟੰਗ ਦਿਆਂਗੇ ਕਿ ਤੈਨੂੰ ਮਾਂ ਦਾ ਦੁੱਧ ਚੇਤੇ ਆ ਜਾਵੇਗਾ।"

ਹੁਣ ਹੋਫ਼ਲ ਨੂੰ ਪਤਾ ਲੱਗਾ ਸੀ ਕਿ ਉਹ ਲੋਕ ਉਸ ਤੋਂ ਕੀ ਚਾਹੁੰਦੇ ਹਨ ਤੇ ਇਹ ਵੀ ਉਸ ਦੀ ਸਮਝ ਵਿੱਚ ਆ ਗਿਆ ਸੀ ਕਿ ਜੇ ਉਹ ਚੁੱਪ ਰਿਹਾ ਤਾਂ ਉਸ ਨੂੰ ਕਿਸ ਦੀ ਆਸ ਕਰਨੀ ਚਾਹੀਦੀ ਹੈ। ਭਿਆਨਕ ਤਸੀਹਿਆਂ ਦੇ ਖ਼ਿਆਲ ਨਾਲ਼ ਉਸ ਨੂੰ ਆਪਣਾ ਸਰੀਰ ਨੰਗਾ ਜਾਪਣ ਲੱਗਾ, ਜਿਵੇਂ ਉਸ ਉੱਤੇ ਖੱਲ ਤੱਕ ਨਾ ਹੋਵੇ। ਚੀਕਦੇ ਹੋਏ ਉਸ ਨੇ ਮੈਂਡਰਲ ਦਾ ਸਹਾਰਾ ਲਿਆ, ਜਿਹੜਾ ਉਸ ਨੂੰ ਘਸੀਟ ਕੇ ਬਾਰੀ ਕੋਲ਼ ਲੈ ਗਿਆ ਤੇ ਜੰਗਲੇ ਵਿੱਚ ਰੱਸੀ ਪਾ ਕੇ ਉਹ ਖਿੱਚਣ ਹੀ ਵਾਲ਼ਾ ਸੀ ਕਿ ਰੀਨਬੂਥ ਨੇ ਉਸ ਨੂੰ ਰੋਕ ਦਿੱਤਾ। ਹੋਫ਼ਲ ਦੀ ਪਾਗ਼ਲਾਂ ਵਾਲ਼ੀ ਚੀਕ ਤੋਂ ਵੀ ਉੱਚੀ ਅਵਾਜ਼ ਵਿੱਚ ਉਹ ਚਿਲਾਇਆ : "ਕੇਵਲ ਦੋ ਨਾਂ ਦੱਸ ਦੇ, ਚੰਗਾ ਇੱਕ ਹੀ ਦੱਸ ਦੇ, ਕੇਵਲ ਇੱਕੋ, ਸੁਣਿਆ ਹੈ ਤੂੰ—ਚੱਲ ਹੁਣ ਦੱਸ ਵੀ ਦੇ।"

ਰੀਨਬੂਥ ਨੇ ਇੱਕ ਛਿਣ ਭਰ ਉਡੀਕ ਕੀਤੀ। ਡਰ ਛੇਤੀ ਹੀ ਦ੍ਰਿੜਤਾ ਤੇ ਇਰਾਦੇ ਦੇ ਬੰਨ੍ਹ ਤੋੜ ਦੇਵੇਗਾ ਤੇ ਹੋਫ਼ਲ ਇਸ ਵਹਾ ਵਿੱਚ ਵਹਿ ਜਾਏਗਾ।

"ਚੱਲ, ਛੇਤੀ ਕਰ, ਦੱਸ।" ਪਰ ਹੋਫ਼ਲ ਨੇ ਸੁਣਿਆ ਹੀ ਨਹੀਂ, ਉਹ ਚੀਕੀ ਜਾ ਰਿਹਾ ਸੀ। ਉਸ ਨੇ ਆਪਣਾ ਸਿਰ ਪਿਛਾਂਹ ਨੂੰ ਝੁਕਾ ਲਿਆ ਸੀ ਤੇ ਏਧਰ-ਓਧਰ ਹਿਲਾਉਣ ਲੱਗਾ। ਮੈਂਡਰਲ ਨੇ ਝਟਕਾ ਦੇ ਕੇ ਰੱਸੀ ਨੂੰ ਤਣ ਦਿੱਤਾ।

ਹੋਫ਼ਲ ਦੇ ਹੱਥ ਪਿੱਛੇ ਤੋਂ ਮੁੜ ਕੇ ਉਤਾਂਹ ਨੂੰ ਤਣ ਗਏ। ਮੋਢੇ ਦੇ ਜੋੜਾਂ ਦਾ ਕੜਾਕੇ ਨਿੱਕਲ਼ ਗਏ। ਉਹ ਟੰਗਿਆ ਗਿਆ। ਉਸ ਦੀ ਚੀਕ ਸੀਟੀ ਦੀ ਅਵਾਜ਼ ਵਿੱਚ ਬਦਲ ਗਈ, ਪਰ ਧੌਣ ਦੇ ਪੱਠੇ ਲੋਹੇ ਵਾਂਗ ਕਰੜੇ ਹੋ ਗਏ ਤੇ ਖਿੱਚੀ ਹੋਈ ਧੌਣ ਆਕੜ ਕੇ ਪੱਥਰ ਜਿਹੀ ਹੋ ਗਈ। ਜਦ ਹੋਫ਼ਲ ਨੂੰ ਮੈਂਡਰਲ ਨੇ ਜੰਗਲੇ ਨਾਲ਼ ਬੰਨ੍ਹ ਦਿੱਤਾ ਤਾਂ ਉਹ ਕਰੋਪਿਨਸਕੀ ਉੱਤੇ ਝਪਟਿਆ ਜਿਹੜਾ ਇੱਕ ਕੋਨੇ ਵਿੱਚ ਖਿਸਕ ਗਿਆ ਸੀ।

"ਮੈਂ ਨਹੀਂ ਜਾਣਦਾ ਕੁੱਝ ਵੀ।" ਉਹ ਰੋਣ ਲੱਗਾ। ਉਸ ਦੀਆਂ ਵੀ ਮੁਸ਼ਕਾਂ ਕੱਸੀਆਂ ਗਈਆਂ ਤੇ ਹੋਫ਼ਲ ਦੇ ਨਾਲ਼ ਉਸ ਨੂੰ ਟੰਗ ਦਿੱਤਾ ਗਿਆ। ਦੋਵੇਂ ਪਸ਼ੂਆਂ ਵਾਂਗ ਚੀਕ ਰਹੇ ਸਨ। ਗੀਨਬੂਥ ਇਸ ਸਭ ਕੁੱਝ ਦਾ ਆਦੀ ਸੀ।

ਚੀਕਾਂ ਦੋ ਮਿੰਟ ਤੋਂ ਵੱਧ ਨਹੀਂ ਸਨ ਰਹੀਆਂ। ਫਿਰ ਮਨੁੱਖ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ ਤੇ ਫਿਰ ਉਹ ਬੱਚਿਆਂ ਵਾਂਗ ਸਿਸਕਣ ਤੋਂ ਸਿਵਾ ਅੰਦਰੋਂ ਕੁੱਝ ਨਹੀਂ ਕੱਢ ਸਕਦਾ। ਜਦੋਂ ਉਹ ਚੀਕ ਚੁੱਕੇ ਤਾਂ ਗੀਨਬੂਥ ਨੇ ਆਖਿਆ : "ਹੋਫ਼ਲ ਸੁਣ, ਅਸੀਂ ਤੈਨੂੰ ਖੋਲ੍ਹ ਦੇਵਾਂਗੇ ਤੇ ਜੇ ਨਹੀਂ ਦੱਸੇਂਗਾ ਤਾਂ ਫਿਰ ਓਨਾ ਚਿਰ ਟੰਗਿਆ ਰਹੇਂਗਾ, ਜਦੋਂ ਤੱਕ ਜਿੰਦ ਨਹੀਂ ਨਿੱਕਲ਼ ਜਾਂਦੀ ਤੇ ਪੋਲਿਸ਼ ਸੂਰਾ! ਤੂੰ ਵੀ ਸੁਣ ਲੈ।" ਫਿਰ ਉਸ ਨੇ ਦੋਹਾਂ ਨੂੰ ਝੂਟਾ ਦਿੱਤਾ। ਝੂਲਣ ਨਾਲ਼ ਟੰਗੇ ਹੋਏ ਜੁੱਸਿਆਂ ਦਾ ਭਾਰ ਕਈ ਗੁਣਾ ਵਧ ਗਿਆ ਤੇ ਉਹ ਦੋਵੇਂ ਫਿਰ ਚੀਕਣ ਲੱਗੇ। ਗੀਨਬੂਥ ਨੇ ਆਖਿਆ : "ਇਹ ਵਿਖਾਉਣ ਲਈ ਕਿ ਅਸੀਂ ਪੱਥਰ ਨਹੀਂ, ਅਸੀਂ ਤੁਹਾਨੂੰ ਖੋਲ੍ਹ ਦੇਂਦੇ ਹਾਂ, ਇਸ ਨੇਕੀ ਦੀ ਜ਼ਰੂਰ ਕਦਰ ਕਰੋ।" ਉਸ ਦੇ ਇਸ਼ਾਰੇ ਉੱਤੇ ਮੈਂਡਰਲ ਨੇ ਰੱਸੀ ਢਿੱਲੀ ਕਰ ਦਿੱਤੀ। ਦੋਵੇਂ ਸਰੀਰ ਧੈਂ ਕਰਕੇ ਧਰਤੀ 'ਤੇ ਡਿੱਗ ਪਏ। ਮੈਂਡਰਲ ਨੇ ਉਨ੍ਹਾਂ ਨੂੰ ਖਿੱਚਿਆ ਤੇ ਕੰਧ ਨਾਲ਼ ਟਿਕਾ ਕੇ ਬਿਠਾ ਦਿੱਤਾ।

ਗੀਨਬੂਥ ਨੇ ਹੋਫ਼ਲ ਦੇ ਝੁਕੇ ਹੋਏ ਸਿਰ ਨੂੰ ਆਪਣੀ ਜੁੱਤੀ ਦੀ ਨੋਕ ਨਾਲ਼ ਚੁੱਕਿਆ : "ਤੈਨੂੰ ਕਰੈਮਰ ਦੇ ਬਾਰੇ ਕੀ ਪਤਾ ਹੈ?" ਹੋਫ਼ਲ ਚੁੱਪ ਰਿਹਾ। ਗੀਨਬੂਥ ਨੇ ਨੋਕ ਹਟਾ ਲਈ, ਸਿਰ ਫਿਰ ਢਿਲਕ ਗਿਆ। "ਚੰਗਾ, ਦੂਜੇ ਪਾਸਿਓਂ ਸ਼ੁਰੂ ਕਰੋ। ਤੈਨੂੰ ਆਪਣੇ ਬਾਰੇ ਕੀ ਆਖਣਾ ਹੈ?"

ਕਲੂਟਿਗ ਨੇ ਦੋਹਾਂ ਨੂੰ ਠੋਕਰ ਮਾਰੀ, 'ਕਮੀਨਿਓਂ, ਦੱਸੋਗੇ ਜਾਂ ਨਹੀਂ?"

ਗੀਨਬੂਥ ਵਧੇਰੇ ਫਰੇਬੀ ਤੇ ਘੁੰਨਾ ਸੀ। ਉਸ ਆਖਿਆ, "ਸੁਣੋ, ਹੁਣ ਅਸੀਂ ਤੁਹਾਨੂੰ ਇਕੱਲੇ ਛੱਡਦੇ ਹਾਂ। ਅਸੀਂ ਛੇਤੀ ਪਰਤਾਂਗੇ, ਸਾਹ ਲੈ ਲਵੋ ਤੇ ਚੰਗੀ ਤਰ੍ਹਾਂ ਸੋਚ ਲਵੋ। ਜਾਂ ਤਾਂ ਤੁਸੀਂ ਸਾਨੂੰ ਸਭੋ ਕੁੱਝ ਦੱਸ ਦੇਵੋਗੇ ਜਾਂ ਅਸੀਂ ਤੁਹਾਨੂੰ ਫਾਹਾ ਲਾ ਦਿਆਂਗੇ ਤੇ ਫਿਰ ਤੁਹਾਡਾ ਯਹੂਦੀ ਕਤੂਰਾ ਚਾਚਾ ਕਿਸ ਨੂੰ ਆਖੇਗਾ?"

ਗੀਨਬੂਥ ਖੜ੍ਹਾ ਹੋ ਗਿਆ ਤੇ ਮਖ਼ੌਲੀਆ ਲਹਿਜੇ ਵਿੱਚ ਆਖਣ ਲੱਗਾ, "ਚੱਲੀਏ ਜਨਾਬ, ਬਿਮਾਰਾਂ ਨੂੰ ਸੋਚਣ ਲਈ ਅਰਾਮ ਤੇ ਚੁੱਪ ਦੀ ਲੋੜ ਹੁੰਦੀ ਹੈ।"

ਰਾਤ ਦਿਆਲੂ ਸੀ। ਉਸ ਦੀਆਂ ਮਸਤੀ ਭਰੀਆਂ ਘੜੀਆਂ ਮਰ੍ਹਮ ਰੱਖਣ ਵਾਲ਼ੇ ਹੱਥਾਂ ਵਾਂਗ ਦੋਹਾਂ ਦੇ ਵਿਚਾਲਿਓਂ ਲੰਘਦੀਆਂ ਰਹੀਆਂ। ਫ਼ੋਰਸਤ ਨੂੰ ਹੁਣ ਜਾਗਣ ਦੀ ਲੋੜ ਨਹੀਂ ਸੀ। ਉਹ ਜਾਣਦਾ ਸੀ ਕਿ ਅੱਜ ਦਾ ਕੰਮ ਸਮਾਪਤ ਹੋ ਗਿਆ ਹੈ ਤੇ ਉਹ ਸੌਂ ਗਿਆ ਤੇ ਫਿਰ ਕੋਠੜੀ ਵਿੱਚ ਘੁਸਰ-ਮੁਸਰ ਅਰੰਭ ਹੋ ਗਈ, ਸਾਹਾਂ ਤੋਂ ਵੀ ਮੱਧਮ!

"ਇਹ ਲੋਕ ਸਾਡੇ ਕੋਲ਼ੋਂ ਨਾਂ ਕਿਉਂ ਪੁੱਛਣਾ ਚਾਹੁੰਦੇ ਹਨ?"

ਹੋਫ਼ਲ ਨੇ ਕਰੋਪਿਨਸਕੀ ਦੇ ਸੁਆਲ ਦਾ ਜਵਾਬ ਨਾ ਦਿੱਤਾ। ਇੱਕ ਦੂਜੇ ਦਾ ਆਸਰਾ ਲੈ ਕੇ ਉਹ ਦੋਵੇਂ ਕੰਧ ਨਾਲ਼ ਖੜ੍ਹੇ ਹੋ ਗਏ ਸਨ ਤਾਂ ਜੋ ਸੀਮੈਂਟ ਦੇ ਫ਼ਰਸ਼ ਉੱਤੇ ਠੰਡ ਨਾਲ਼ ਆਕੜ ਨਾ ਜਾਣ। ਉਨ੍ਹਾਂ ਦੇ ਕੱਪੜੇ ਵੀ ਭਿੱਜੇ ਹੋਏ ਸਨ।

"ਤੂੰ ਮੈਨੂੰ ਨਹੀਂ ਦੱਸਣਾ ਚਾਹੁੰਦਾ ?" ਕਰੋਪਿਨਸਕੀ ਨੇ ਪੁੱਛਿਆ, ਪਰ ਹੋਫ਼ਲ ਚੁੱਪ ਰਿਹਾ। ਦਿਲ ਦੀ ਪੀੜ ਸਰੀਰ ਦੀ ਪੀੜ ਵਿੱਚ ਡੁੱਬਦੀ ਜਾ ਰਹੀ ਸੀ। ਹੋਫ਼ਲ ਸੋਚ ਰਿਹਾ ਸੀ ਉਸ ਆਪਣੇ ਨਾਲ਼ ਇਸ ਅਣਭੋਲ ਆਦਮੀ ਵੀ ਫਸਾ ਲਿਆ, ਉਸ ਸਦਕਾ ਉਸ ਨੂੰ ਵੀ ਭਿਆਨਕ ਤਸੀਹੇ ਸਹਿਣੇ ਪੈ ਰਹੇ ਸਨ। ਹੁਣ ਇਸ ਕੋਠੜੀ ਵਿੱਚੋਂ ਨਿੱਕਲ਼ਣ ਦਾ ਕੋਈ ਰਾਹ ਨਹੀਂ।

ਝੱਟ ਹੋਫ਼ਲ ਦਾ ਗਰਮ ਸਾਹ ਸੁਣਾਈ ਦਿੱਤਾ : "ਹੁਣ ਇਹ ਬੱਚੇ ਦੀ ਗੱਲ ਨਹੀਂ। ਇਹ ਸਭ ਕਿਸੇ ਹੋਰ ਸ਼ੈ ਲਈ ਹੋ ਰਿਹਾ ਹੈ। ਹੁਣ ਜਦੋਂ ਉਹ ਲੋਕ ਆਉਣਗੇ ਤਾਂ ਮੇਰੇ ਤੋਂ ਟੰਗੀਚਿਆ ਨਹੀਂ ਜਾਣਾ—ਹੇ ਮੇਰੇ ਪ੍ਰਮਾਤਮਾ! ਮਾਰਿਆਨ ਤੂੰ ਸੋਚ ਵੀ ਨਹੀਂ ਸਕਦਾ...ਤੂੰ ਸੋਚ ਵੀ ਨਹੀਂ ਸਕਦਾ...।"

ਤੜਪ ਕੇ ਕਰੋਪਿਨਸਕੀ ਨੇ ਆਖਿਆ : "ਗੱਲ ਕੀ ਹੈ ? ਮੈਨੂੰ ਦੱਸ ਦੇ।"

ਹੋਫ਼ਲ ਨੂੰ ਜਾਪਿਆ ਕਿ ਉਹ ਦੱਸਣ ਲਈ ਮਜਬੂਰ ਹੈ, ਕਰੋਪਿਨਸਕੀ, ਜਿਸ ਨੂੰ ਉਸ ਨਿਰਦੋਸ਼ ਫਸਾਇਆ ਹੈ, ਉਸ ਦੀ ਤਲਾਫ਼ੀ ਇਸੇ ਤਰ੍ਹਾਂ ਹੋ ਸਕਦੀ ਹੈ, ਪਰ ਅਜਿਹੇ ਜ਼ਰੂਰੀ ਭੇਤ ਨੂੰ ਜੀਭ ਉੱਤੇ ਲਿਆਂਦਾ ਵੀ ਨਹੀਂ ਜਾ ਸਕਦਾ। ਐਪਰ ਇਹ ਤਾਂ ਉਸ ਦਾ ਸਾਥੀ ਹੈ, ਉਸੇ ਨਾਲ਼ ਮਰੇਗਾ ਤੇ ਉਸ ਦੇ ਨਾਲ਼ ਹੀ ਉਹ ਭੇਦ ਵੀ ਚਲਿਆ ਜਾਵੇਗਾ। ਇਸ ਖ਼ਿਆਲ ਨੇ ਫ਼ੈਸਲਾ ਕਰ ਦਿੱਤਾ ਤਾਂ ਹੋਫ਼ਲ ਦੱਸਣ ਲੱਗਿਆ।

ਸਭ ਕੁੱਝ ਦੱਸ ਕੇ ਹੋਫ਼ਲ ਖ਼ੁਸ਼ ਸੀ ਕਿ ਉਸ ਦੇ ਨਾਲ਼ ਇੱਕ ਅਜਿਹਾ ਬੰਦਾ ਹੋਰ ਵੀ ਹੈ, ਜਿਹੜਾ ਸਭ ਕੁੱਝ ਜਾਣਦਾ ਹੈ, ਤੇ ਜਿਹੜਾ ਉਸ ਦੇ ਨਾਲ਼ ਹੈ।

ਕਰੋਪਿਨਸਕੀ ਨੇ ਸਾਹ ਰੋਕੀ ਸਭ ਕੁੱਝ ਸੁਣਿਆ। ਉਹ ਕੁੱਝ ਕਹਿਣਾ ਚਾਹੁੰਦਾ ਸੀ, ਪਰ ਉਸ ਦੇ ਮੂੰਹੋਂ ਅਵਾਜ਼ ਨਹੀਂ ਸੀ ਨਿੱਕਲ਼ਦੀ। ਵਿੱਚ-ਵਿੱਚ ਪੋਲਿਸ਼ ਭਾਸ਼ਾ ਵਿੱਚ ਕਹਿੰਦਾ ਰਿਹਾ : "ਠੀਕ ਬਹੁਤ ਚੰਗਾ!"

"ਪਰ ਤੂੰ ਦੱਸੇਂਗਾ ਤਾਂ ਨਹੀਂ ?"

"ਦੱਸਣਾ... ਦੱਸਣਾ ਤਾਂ ਮੈਂ ਵੀ ਨਹੀਂ ਚਾਹੁੰਦਾ। ਉਹ ਲੋਕ ਮੈਨੂੰ ਫਿਰ ਟੰਗ ਦੇਣਗੇ ਤੇ ਇਸ ਵਾਰ ਮੇਰੇ ਤੋਂ ਨਹੀਂ ਝੱਲਿਆ ਜਾਣਾ।"

ਕਰੋਪਿਨਸਕੀ ਸਮਝ ਗਿਆ। ਉਹ ਮਦਦ ਕਰਨਾ ਚਾਹੁੰਦਾ ਸੀ। ਪਰ ਇੱਥੇ ਸ਼ਬਦਾਂ ਤੇ ਦ੍ਰਿੜਤਾ ਤੋਂ ਬਿਨਾਂ ਹੋਰ ਕੀ ਸੀ ? "ਮੈਂ ਵੀ ਟੰਗਿਆ ਜਾਵਾਂਗਾ ਤੇ ਹੁਣ ਮੈਨੂੰ ਵੀ ਤੇਰੇ ਵਾਂਗ ਸਭ ਕੁੱਝ ਪਤਾ ਹੈ। ਅਸੀਂ ਵਿਚਾਰੇ ਲੋਕ ਤੇ ਬਿਲਕੁਲ ਇਕੱਲੇ, ਹੋਰ ਕੋਈ ਸਾਡੀ ਸਹਾਇਤਾ ਕਰਨ ਵਾਲ਼ਾ ਨਹੀਂ। ਐਪਰ ਅਸੀਂ ਕੁੱਝ ਨਾ ਆਖੀਏ। ਪੁੱਛਣ ਤਾਂ ਬੱਸ ਰੋਈਏ। ਇਹ ਚੰਗਾ ਹੈ। ਅਸੀਂ ਸਮਝ ਗਏ ਕਿ ਅਸੀਂ ਦੱਸ..."

ਹੋਫ਼ਲ ਨੇ ਧੰਨਵਾਦ ਸਹਿਤ ਕਰੋਪਿਨਸਕੀ ਦੀਆਂ ਇਹਨਾਂ ਭੋਲ਼ੀਆਂ-ਭਾਲ਼ੀਆਂ ਗੱਲਾਂ ਦਾ ਜਵਾਬ ਦਿੱਤਾ : "ਹਾਂ, ਯਾਰਾ, ਤੂੰ ਠੀਕ ਕਹਿੰਦਾ ਏਂ, ਕੇਵਲ ਰੋਵਾਂਗੇ, ਹੈ ਨਾ ? ਕਿ ਅਸੀਂ ਕੁੱਝ ਦੱਸ ਸਕਦੇ।"

ਇੰਝ ਉਨ੍ਹਾਂ ਦੋਹਾਂ ਨੇ ਇੱਕ ਦੂਜੇ ਨੂੰ ਆਸਰਾ ਦਿੱਤਾ। ਕਮਜ਼ੋਰੀ ਨੂੰ ਤਾਕਤ ਵਜੋਂ

ਵਰਤਿਆ, ਟੁੱਟੇ ਹੋਏ ਪੁਲ਼ ਦੇ ਮਲਬੇ ਦਾ ਢੇਰ ਬਣਾਇਆ ਤਾਂ ਜੋ ਪਾਣੀ ਦੀ ਲਹਿਰ ਵਿੱਚ ਉਹ ਦੋਵੇਂ ਰੁੜ੍ਹ ਨਾ ਜਾਣ।

ਭਾਗ ਤੀਜਾ

ਇੱਕ

ਕਰੈਮਰ ਦਾ ਸਵੇਰ ਦਾ ਸਮਾਂ ਬੜੀ ਬੇਚੈਨੀ ਵਿੱਚ ਲੰਘਿਆ ਅਤੇ ਜਦੋਂ ਲਾਊਡ ਸਪੀਕਰ ਤੇ ਰੀਨਬੂਥ ਦੀ ਅਵਾਜ਼ ਵਿੱਚ ਉਸ ਦੀ ਤਲਬੀ ਦੀ ਮੰਗ ਆਈ ਤਾਂ ਉਹ ਉਸੇ ਹਾਲਤ ਵਿੱਚ ਉਸ ਦੇ ਸਾਹਮਣੇ ਜਾ ਪਹੁੰਚਿਆ। ਰੀਨਬੂਥ ਮੇਜ਼ ਉੱਤੇ ਬੈਠਾ ਲੱਤਾਂ ਹਿਲਾਉਣ ਲੱਗਾ। ਉਸ ਨੇ ਕਰੈਮਰ ਨੂੰ ਸਿਗਰਟ ਪੇਸ਼ ਕੀਤਾ।

"ਮੈਂ ਸਿਗਰਟ ਨਹੀਂ ਪੀਂਦਾ।"

"ਵਾਹ, ਸਾਡਾ ਕੈਂਪ ਸੀਨੀਅਰ ਸਿਗਰਟ ਨਹੀਂ ਪੀਂਦਾ, ਇਹ ਤਾਂ ਖ਼ਾਸ ਕਿਸਮ ਦਾ ਕੈਂਪ ਸੀਨੀਅਰ ਹੋਇਆ...!" ਕਰੈਮਰ ਦੇ ਚਿਹਰੇ 'ਤੇ ਕੋਈ ਤਬਦੀਲੀ ਨਾ ਆਈ, ਜਿਸ ਤੋਂ ਰੀਨਬੂਥ ਨੂੰ ਪਤਾ ਲੱਗਦਾ ਕਿ ਉਸ ਦਾ ਤੀਰ ਨਿਸ਼ਾਨੇ 'ਤੇ ਵੱਜਿਆ ਹੈ ਜਾਂ ਨਹੀਂ। ਰੀਨਬੂਥ ਨੇ ਸਿਗਰਟ ਲਾਉਂਦਿਆਂ ਫਿਰ ਨਿਸ਼ਾਨਾ ਬੱਧਾ :

"ਹੋਫ਼ਲ ਬਾਰੇ ਤਾਂ ਤੂੰ ਜਾਣਦਾ ਹੋਵੇਂਗਾ।"

"ਯੈੱਸ ਸਰ, ਰਿਪੋਰਟ ਫ਼ੋਹਰਰ, ਸਮਾਨਖ਼ਾਨੇ ਦੇ ਦੋ ਆਦਮੀ ਕੈਦ ਕੀਤੇ ਗਏ ਹਨ, ਇਸ ਲਈ ਕਿ ਕੋਈ ਬੱਚਾ ਲੁਕਾ ਰੱਖਿਆ ਸੀ।"

"ਤੂੰ ਤਾਂ ਪੂਰੀ ਖ਼ਬਰ ਰੱਖਦਾ ਏਂ।"

"ਕੈਂਪ ਸੀਨੀਅਰ ਹਾਂ ਤਾਂ ਖ਼ਬਰ ਰੱਖਣੀ ਹੀ ਪੈਂਦੀ ਹੈ।"

"ਤਾਂ ਫਿਰ ਤੈਨੂੰ ਪਤਾ ਹੀ ਹੋਵੇਗਾ ਕਿ ਰਾਤ ਫ਼ਾਂਸੀ ਘਰ ਕੀ ਹੋਇਆ ?"

"ਨਹੀਂ"

"ਹੋਫ਼ਲ ਮਰ ਗਿਆ।"

ਰੀਨਬੂਥ ਨੇ ਆਪਣੀਆਂ ਅੱਖਾਂ ਮੀਚ ਲਈਆਂ, ਜਿਵੇਂ ਉਹ ਕਿਸੇ ਰੀਵਾਲਵਰ ਦੀ ਨਾਲ਼ੀ ਤੋਂ ਸ਼ਿਸਤ ਬੰਨ੍ਹ ਰਿਹਾ ਹੋਵੇ, ਪਰ ਉਸ ਨੂੰ ਕੁੱਝ ਵੀ ਸਮਝ ਨਾ ਆਇਆ। ਕਰੈਮਰ ਦੀਆਂ ਅੱਖਾਂ ਤੇ ਚਿਹਰੇ ਦੇ ਨਕਸ਼ ਉਂਝ ਦੇ ਉਂਝ ਹੀ ਸਨ। ਰੀਨਬੂਥ ਵਿੱਚ ਇੰਨੀ ਯੋਗਤਾ ਹੀ ਨਹੀਂ ਸੀ ਕਿ ਕਰੈਮਰ ਦੇ ਦਿਮਾਗ਼ ਦੇ ਅੰਦਰ ਝਾਕ ਸਕੇ। ਕਰੈਮਰ ਦੇ ਦਿਮਾਗ਼ ਵਿੱਚ ਇੱਕ ਖ਼ਿਆਲ ਪੂਰੇ ਵਿਸ਼ਵਾਸ਼ ਨਾਲ਼ ਗੂੰਜ ਰਿਹਾ ਸੀ : "ਤੂੰ ਝੂਠ ਬੋਲ ਰਿਹਾ ਏਂ।"

ਐਪਰ ਕਰੈਮਰ ਦੇ ਚਿਹਰੇ ਨੂੰ ਸ਼ਾਂਤ ਵੇਖ ਕੇ ਰੀਨਬੂਥ ਝਲਿਆ ਗਿਆ ਕਿ ਹੁਣ ਕੀ ਕਰੇ। ਉਹ ਮੁੜਿਆ ਤੇ ਅਲਗਰਜ਼ੀ ਨਾਲ਼ ਬੋਲਿਆ : "ਸ਼ਾਮ ਦੀ ਹਾਜ਼ਰੀ ਸਮੇਂ ਤੂੰ ਦੋਹਾਂ ਦੇ ਨਾਮ ਕੱਟ ਦੇਵੀਂ, ਹੋਫ਼ਲ ਤੇ ਉਹ ਪੋਲਿਸ਼, ਕੀ ਨਾਂ ਏ ਉਸ ਦਾ...?"

"ਕਰੋਪਿਨਸਕੀ"

"ਠੀਕ ਹੈ, ਕਰੋਪਿਨਸਕੀ"

ਉਸ ਨੂੰ ਆਪਣੇ ਆਪ 'ਤੇ ਵਿਸ਼ਵਾਸ਼ ਨਹੀਂ ਸੀ ਆ ਰਿਹਾ ਤੇ ਗ਼ਲਤੀਆਂ ਕਰ ਰਿਹਾ ਸੀ। ਬੁੱਲ੍ਹਾਂ ਨੂੰ ਸਕੇੜਦਾ ਬੋਲਿਆ : "ਉਹ ਦੋਵੇਂ ਠੀਕ ਸਮੇਂ ਮਰ ਗਏ, ਹੈ ਨਾ ?" ਗੀਨਬੂਥ ਨੂੰ ਕਮੀਨੇਪਣ ਦੀਆਂ ਗੱਲਾਂ ਕਰਨ ਦਾ ਢੰਗ ਆਉਂਦਾ ਸੀ, "ਤੈਨੂੰ ਇਸ ਦੀ ਖ਼ੁਸ਼ੀ ਹੋਵੇਗੀ, ਹੈ ਨਾ ?"

ਉਸ ਦੀਆਂ ਨਜ਼ਰਾਂ ਕਰੈਮਰ ਦੇ ਚਿਹਰੇ 'ਤੇ ਜੰਮ ਗਈਆਂ।

"ਪਰ, ਬੱਸ ਰਤਾ ਜਿਹੀ ਗੜਬੜ ਹੋ ਗਈ, ਆਪਣੀ ਸਤਿਕਾਰਯੋਗ ਮੌਤ ਤੋਂ ਪਹਿਲਾਂ ਉਨ੍ਹਾਂ ਦੋਹਾਂ ਇਕਬਾਲ ਕਰ ਲਿਆ"

"ਕਰੈਮਰ ਨੇ ਭਵਾਂ ਚੁੱਕੀਆਂ :

"ਅੱਛਾ, ਤਾਂ ਬੱਚਾ ਮਿਲ਼ ਗਿਆ ?"

ਤੇ ਲੂੰਬੜੀ ਧੋਖੇ ਵਿੱਚ ਆ ਗਈ। ਗੀਨਬੂਥ ਨੇ ਦੂਜੀ ਗ਼ਲਤੀ ਕੀਤੀ, "ਬੱਚਾ, ਹਾਂ ਬੱਚੇ ਦਾ ਤਾਂ ਸਾਡੇ 'ਤੇ ਬੜਾ ਅਹਿਸਾਨ ਹੈ, ਉਸ ਸਦਕਾ ਸਾਰਾ ਭੇਦ ਖੁੱਲ੍ਹ ਗਿਆ।"

ਹੁਣ ਝੂਠ ਖੁੱਲ੍ਹ ਗਿਆ।

ਇਕਬਾਲ ਕੇਵਲ ਹੋਫ਼ਲ ਕਰ ਸਕਦਾ ਸੀ। ਕਰੋਪਿਨਸਕੀ ਨੂੰ ਕੱਖ ਪਤਾ ਨਹੀਂ ਸੀ ਤੇ ਹੋਫ਼ਲ ਜੀਉਂਦਾ ਹੈ ਤੇ ਉਸ ਨੇ ਕੁੱਝ ਵੀ ਨਹੀਂ ਮੰਨਿਆ।

ਦੋਵੇਂ ਪੈਂਤੜੇ ਬਦਲਦੇ ਰਹੇ। ਗੀਨਬੂਥ ਨੂੰ ਅਨੁਭਵ ਹੋ ਰਿਹਾ ਸੀ ਕਿ ਉਹ ਹੱਦ ਤੋਂ ਟੱਪ ਚੁੱਕਿਆ ਹੈ। ਆਖ਼ਰੀ ਜਿੱਤ ਦਾ ਸੁਆਦ ਚੱਖ਼ਣ ਲਈ ਉਸ ਆਪਣੀਆਂ ਨਜ਼ਰਾਂ ਉਸ ਦੇ ਚਿਹਰੇ 'ਤੇ ਗੱਡ ਦਿੱਤੀਆਂ ਤੇ ਆਖਿਆ :

"ਤੂੰ ਉਨ੍ਹਾਂ ਦੋਹਾਂ ਦੇ ਨਾਮ ਕੱਟ ਦੇਵੀਂ।"

"ਯੈੱਸ ਸਰ"

"ਬੱਸ ਜਾ ਸਕਦਾ ਏਂ!"

ਕੀ ਇਹਨਾਂ ਲੋਕਾਂ ਨੇ ਸੱਚਮੁੱਚ ਹੀ ਹੋਫ਼ਲ ਨੂੰ ਮਾਰ ਸੁੱਟਿਆ ਹੈ ? ਇੱਕ ਜੀਉਂਦੇ ਆਦਮੀ ਦਾ ਨਾਮ ਰਜਿਸਟਰ ਤੋਂ ਕੱਟ ਦੇਣਾ ਜਿਵੇਂ ਉਹ ਮਰ ਚੁੱਕਿਆ ਹੋਵੇ...। ਇੰਝ ਪਹਿਲਾਂ ਤਾਂ ਕਦੇ ਨਹੀਂ ਹੋਇਆ। ਕਰੈਮਰ ਬੜੀ ਪ੍ਰੇਸ਼ਾਨੀ ਵਿੱਚ ਆਪਣੇ ਕਮਰੇ ਵੱਲ ਪਰਤ ਰਿਹਾ ਸੀ।

ਗੀਨਬੂਥ ਨੇ ਉਸ ਨੂੰ ਸੱਚ ਦੱਸਿਆ ? ਕਿੱਥੋਂ ਸ਼ੁਰੂ ਹੋਇਆ ਉਹ! ਝੂਠ ਹੈ ? ਬੱਚੇ ਨਾਲ਼ ਤਾਂ ਖ਼ੈਰ ਇਸ ਦਾ ਕੋਈ ਵਾਸਤਾ ਨਹੀਂ ?"

ਗੀਨਬੂਥ ਕੋਲ਼ ਜਾਂਦੇ ਸਮੇਂ ਜੇ ਕਰੈਮਰ ਦਾ ਇਹ ਹਾਲ ਸੀ ਕਿ ਜਿਵੇਂ ਉਹ ਬਰਫ਼ ਦੀ ਬਹੁਤ ਪਤਲੀ ਤਹਿ 'ਤੇ ਟੁਰ ਰਿਹਾ ਹੋਵੇ ਤਾਂ ਪਰਤਣ ਸਮੇਂ ਇੰਝ ਲੱਗਿਆ ਜਿਵੇਂ ਇੱਕ ਡੂੰਘੀ ਖੱਡ 'ਤੇ ਬਣੇ ਹੋਏ ਖ਼ਤਰਨਾਕ ਪੁਲ਼ ਉੱਤੇ ਲੰਘ ਰਿਹਾ ਹੋਵੇ। ਉਹ ਕਲਰਕ ਦੇ ਕਮਰੇ ਸਾਹਮਣਿਓਂ ਲੰਘ ਹੀ ਰਿਹਾ ਸੀ ਕਿ ਫ਼ਾਟਕ ਦਾ ਵੱਡਾ ਲਾਊਡ ਸਪੀਕਰ ਕੈਂਪ ਦੇ ਅੰਦਰ ਚੀਕਿਆ : "ਕੈਂਪ ਇਲੈਕਟ੍ਰੀਸ਼ਨ ਫ਼ਾਟਕ 'ਤੇ ਆ ਜਾਏ।" ਹੁਕਮ ਦੁਹਰਾਇਆ ਗਿਆ

"ਕੈਂਪ ਇਲੈਕਟ੍ਰੀਸ਼ਨ ਫ਼ਾਟਕ 'ਤੇ ਆ ਜਾਏ, ਤੁਰੰਤ।" ਕਰੈਮਰ ਇਲੈਕਟ੍ਰੀਸ਼ਨ ਦੀ ਬੈਰਕ ਵੱਲ ਲਪਕਿਆ। ਸ਼ਿਊਪ ਆਪਣੇ ਮੋਢੇ 'ਤੇ ਔਜ਼ਾਰਾਂ ਦਾ ਥੈਲਾ ਲਟਕਾਈ ਏਧਰ ਹੀ ਟੁਰੀ ਆ ਰਿਹਾ ਸੀ।

"ਵਾਲਟਰ, ਸੁਣ, ਦਾਅ ਲੱਗ ਗਿਆ।"

"ਕਹਿੰਦੇ ਹਨ ਕਿ ਹੋਫ਼ਲ ਮਰ ਗਿਆ।"

ਸ਼ਿਊਪ ਦੀਆਂ ਅੱਖਾਂ ਦੁੱਖ ਨਾਲ਼ ਬੰਦ ਜਿਹੀਆਂ ਹੋ ਗਈਆਂ। "ਵਾਲਟਰ ਹੁਣ ਕੀ ਹੋਵੇਗਾ ?"

"ਹਾਇਜ਼ਕ ! ਛੇਤੀ ਜਾ, ਸ਼ਾਇਦ ਤੂੰ ਅਸਲੀਅਤ ਜਾਣ ਸਕੇਂ।"

ਸ਼ਿਊਪ ਤਿੱਖੇ-ਤਿੱਖੇ ਕਦਮ ਪੁੱਟਦਾ ਚਲਿਆ ਗਿਆ ਤੇ ਕਰੈਮਰ ਵੇਖਦਾ ਰਿਹਾ।

ਫ਼ੋਰਸਤ ਨੇ ਆਪਣਾ ਇਕਰਾਰ ਪੂਰਾ ਕਰ ਦਿੱਤਾ ਸੀ। ਪਤਾ ਨਹੀਂ ਕੀ ਹੋਇਆ, ਫ਼ਾਂਸੀ ਘਰ ਦੀ ਬਿਜਲੀ ਫੇਲ੍ਹ ਹੋ ਗਈ। ਫਿਊਜ਼ ਸੜ ਗਏ ਸਨ। ਸ਼ਿਊਪ ਨੇ ਮੈਂਡਰਲ ਦੇ ਕਮਰੇ ਦੇ ਬਿਜਲੀ ਦੇ ਚੁੱਲ੍ਹੇ ਨੂੰ ਵੇਖਿਆ ਤੇ ਫ਼ੋਰਸਤ ਨੂੰ ਆਪਣੀ ਮਦਦ ਲਈ ਬੁਲਾਇਆ। ਮੈਂਡਰਲ ਕੋਲ਼ ਹੀ ਖਲੋਤਾ ਉਨ੍ਹਾਂ ਨੂੰ ਸ਼ੱਕ ਦੀ ਨਜ਼ਰ ਨਾਲ਼ ਵੇਖ ਰਿਹਾ ਸੀ। ਉਸ ਨੂੰ ਇਹ ਉੱਕਾ ਹੀ ਪਸੰਦ ਨਹੀਂ ਸੀ ਕਿ ਕੈਦੀ ਉਸ ਦੀ ਰਾਖਵੀਂ ਥਾਂ ਵਿੱਚ ਪੈਰ ਪਾਏ। ਸ਼ਿਊਪ ਤੇ ਫ਼ੋਰਸਤ ਨੇ ਅੱਖਾਂ-ਅੱਖਾਂ ਵਿੱਚ ਕੁੱਝ ਤੈਅ ਕਰ ਲਿਆ। ਸ਼ਿਊਪ ਇਹ ਉੱਕਾ ਨਹੀਂ ਸੀ ਜਤਾਉਣਾ ਚਾਹੁੰਦਾ ਕਿ ਫ਼ੋਰਸਤ ਨਾਲ਼ ਉਸ ਦੀ ਜਾਣ-ਪਹਿਚਾਣ ਹੈ। ਉਸ ਗਿਣੇ-ਚੁਣੇ ਸ਼ਬਦਾਂ ਵਿੱਚ ਪਹਿਰੇਦਾਰ ਨੂੰ ਦੱਸਿਆ ਕਿ ਕੀ ਕਰਨਾ ਹੈ। ਉਸ ਚੁੱਲ੍ਹੇ ਨੂੰ ਮਜ਼ਬੂਤੀ ਨਾਲ਼ ਫੜੀ ਰੱਖਣਾ ਸੀ। ਸ਼ਿਊਪ ਪੇਚ ਖੋਲ੍ਹ ਰਿਹਾ ਸੀ। ਗਹੁ ਨਾਲ਼ ਸ਼ਿਊਪ ਨੇ ਚੁੱਲ੍ਹੇ ਦੇ ਅੰਦਰ ਦਾ ਜਾਇਜ਼ਾ ਲਿਆ, ਪਰ ਸਭ ਕੁੱਝ ਠੀਕ ਸੀ।

"ਚੁੱਲ੍ਹਾ ਤਾਂ ਠੀਕ ਹੈ", ਉਸ ਆਖਿਆ, "ਆਮ ਤੌਰ 'ਤੇ ਅਜਿਹੀਆਂ ਚੀਜ਼ਾਂ ਨਾਲ਼ ਫ਼ਿਊਜ਼ ਸੜਦਾ ਹੈ।"

ਮੈਂਡਰਲ ਨੇ ਡਾਂਟ ਦਿੱਤਾ "ਗੱਲਾਂ ਨਾ ਬਣਾ, ਆਪਣਾ ਕੰਮ ਕਰ !"

"ਯੈੱਸ ਸਰ, ਹਰ ਹਾਪਤ ਸ਼ਾਰ ਫ਼ੋਹਰਰ।" ਸ਼ਿਊਪ ਨੇ ਸਤਿਕਾਰ ਨਾਲ਼ ਉੱਤਰ ਦਿੱਤਾ ਤੇ ਫ਼ੋਰਸਤ ਨੂੰ ਸੰਬੋਧਨ ਹੋਇਆ। ਸਵਿੱਚ ਦੀ ਜਾਂਚ ਕਰਦੇ ਹੋਏ ਉਸ ਰਾਇ ਦਿੱਤੀ, "ਕਟਾਊਟ ਸ਼ਾਇਦ ਮੁਰਦਾ ਹੋ ਗਿਆ ਏ..." ਕੈਦੀਆਂ ਦੀ ਆਪਣੀ ਇੱਕ ਵੱਖਰੀ ਸੋਘ ਹੁੰਦੀ ਹੈ। ਫ਼ੋਰਸਤ ਤੁਰੰਤ ਸਮਝ ਗਿਆ ਅਤੇ ਦੋਹਾਂ ਕੈਦੀਆਂ ਨੂੰ ਮੈਂਡਰਲ ਦੀ ਮੌਜੂਦਗੀ ਦੇ ਬਾਵਜੂਦ ਗੱਲਬਾਤ ਕਰਨ ਦਾ ਢੰਗ ਹੱਥ ਆ ਗਿਆ।

"ਹਾਪਤ ਸ਼ਾਰ ਫ਼ੋਹਰਰ ਨੇ ਆਪ ਹੀ ਇਸ ਨੂੰ ਜਾਂਚ ਲਿਆ ਹੈ, ਪਰ ਉਨ੍ਹਾਂ ਨੂੰ ਤਾਂ ਉਸ ਵਿੱਚ ਕੋਈ ਨੁਕਸ ਨਹੀਂ ਲੱਭਾ।" ਸ਼ਿਊਪ ਨੇ ਅਜਿਹੀ ਬੋਲੀ ਦੀ ਲੜੀ ਤੋੜ ਦਿੱਤੀ। ਉਹ ਫਿਰ ਬੋਲਿਆ :

"ਸਾਰੀ ਵਾਇਰਿੰਗ ਵੇਖਣੀ ਪਵੇਗੀ ਕਿ ਕਿਤਿਓਂ ਸਰਕਟ ਸ਼ਾਟ ਹੋਇਆ ਹੋਵੇਗਾ।"

ਸ਼ਿਊਪ ਨੇ ਅਰਥ ਇਉਂ ਕੱਢਿਆ ਸੀ ਕਿ ਇਹ ਲੋਕ ਜੱਥੇਬੰਦੀ ਦੀ ਫ਼ਿਕਰ ਵਿੱਚ ਹਨ ਤੇ ਹੋਫ਼ਲ ਮਰਿਆ ਨਹੀਂ। ਉਸ ਨੇ ਫ਼ੋਰਸਤ ਤੋਂ ਪੌੜੀ ਚੁਕਾਈ ਤੇ ਕੰਧ ਉੱਤੇ ਲੱਗੀਆਂ ਤਾਰਾਂ ਵੇਖਣ ਲੱਗਿਆ। ਫ਼ੋਰਸਤ ਪੌੜੀ ਪਕੜੀ ਰੱਖਦਾ ਸੀ। ਇੱਕ ਥਾਂ ਤੋਂ ਵੇਖਣ ਮਗਰੋਂ ਉਹ ਅਗਾਂਹ ਵਧ ਜਾਂਦੇ। ਹੌਲ਼ੀ-ਹੌਲ਼ੀ ਹਨ੍ਹੇਰੇ ਲਾਂਘੇ ਵਿੱਚ ਉਹ ਕਾਫ਼ੀ ਦੂਰ ਨਿੱਕਲ਼ ਆਏ। ਮੈਂਡਰਲ ਆਪਣੇ ਦਰਵਾਜ਼ੇ 'ਤੇ ਖਲੋਤਾ ਸੀ।

"ਪੌੜੀ ਸਿੱਧੀ ਕਰ... ਤਾਂ ਠੀਕ ਹੈ... ਪਕਿਆਈ ਨਾਲ਼ ਪਕੜੀ ਰੱਖ... ਮੈਂ ਤੇਰੀ ਛੁੱਟੀ ਦੇ ਸਮੇਂ ਉਡੀਕ ਕਰਾਂਗਾ... ਹੁਣ ਸਾਡੇ ਲਈ ਬੱਸ ਆਖ਼ਰੀ ਹਿੱਸਾ ਵੇਖਣਾ ਰਹਿ ਗਿਆ ਹੈ।"

ਫ਼ੋਰਸਤ ਨੇ ਉੱਤਰ ਦਿੱਤਾ "ਜੇ ਹੋਫ਼ਲ ਨੇ ਜ਼ਬਾਨ ਖੋਲ੍ਹੀ ਤਾਂ ਮੈਂ ਝੁਕ ਕੇ ਬੂਟ ਦਾ ਫ਼ੀਤਾ ਬੰਨ੍ਹਾਂਗਾ..."

ਸ਼ਿਊਪ ਸਮਝ ਗਿਆ ਕਿ ਅਗਾਂਹ ਤੋਂ ਖ਼ਬਰਾਂ ਦਾ ਇਹ ਸਾਧਨ ਹੋ ਗਿਆ ਹੈ। ਉਹ ਆਖ਼ਰੀ ਵਾਰ ਪੌੜੀ 'ਤੇ ਚੜ੍ਹ ਗਿਆ ਤੇ ਉੱਚੀ ਸਾਰੀ ਫ਼ੋਰਸਤ ਨੂੰ ਬੋਲਿਆ "ਇਹ ਤਾਂ ਠੀਕ ਏ, ਬਾਹਰ ਦਾ ਕਨੈਕਸ਼ਨ ਬਕਸਾ ਵੇਖਣਾ ਪਵੇਗਾ।

ਸ਼ਿਊਪ ਦਿਲ ਵਿੱਚ ਮੁਸਕਰਾਇਆ ਕਿ ਫ਼ੋਰਸਤ ਬੜੇ ਕੰਮ ਦਾ ਬੰਦਾ ਹੈ। ਉਸ ਨੇ ਬਾਹਰ ਜਾ ਕੇ ਝੱਟ ਫ਼ਿਊਜ਼ ਠੀਕ ਕਰ ਦਿੱਤੇ ਤੇ ਬਿਜਲੀ ਆ ਗਈ। ਮੈਂਡਰਲ ਸੰਤੁਸ਼ਟ ਜਾਪ ਰਿਹਾ ਸੀ। "ਕੀ ਖ਼ਰਾਬੀ ਸੀ ?"

"ਕੋਈ ਖ਼ਾਸ ਗੱਲ ਨਹੀਂ ਸੀ ਹਾਪਤ ਸ਼ਾਰ ਫ਼ੋਹਰਰ। ਗਰਾਊਂਡ ਕੁਨੈਕਸ਼ਨ ਬਕਸੇ ਵਿੱਚ ਸਰਕਟ ਸ਼ਾਟ ਸੀ।"

"ਤੇ ਤੂੰ ਪਹਿਲਾਂ ਇਸ ਨੂੰ ਕਿਉਂ ਨਹੀਂ ਵੇਖਿਆ ?"

ਸ਼ਿਊਪ ਭੋਲ਼ਾ ਬਣ ਗਿਆ : "ਜੇ ਪਹਿਲਾਂ ਤੋਂ ਪਤਾ ਹੋਵੇ ਕਿ ਇਹ ਖ਼ਰਾਬੀ ਹੈ..."

ਮੈਂਡਰਲ ਨੇ ਉਸ ਨੂੰ ਜਾਣ ਦਾ ਇਸ਼ਾਰਾ ਕੀਤਾ। ਸ਼ਿਊਪ ਉੱਥੋਂ ਕਰੈਮਰ ਕੋਲ਼ ਗਿਆ। ਜਾਪ ਤਾਂ ਇੰਝ ਰਿਹਾ ਸੀ ਜਿਵੇਂ ਉਹ ਸ਼ਿਊਪ ਦੀ ਗੱਲ ਗਹੁ ਨਾਲ਼ ਸੁਣ ਰਿਹਾ ਹੋਵੇ, ਉਹ ਮੇਜ਼ 'ਤੇ ਦੋਵੇਂ ਕੂਹਣੀਆਂ ਟਿਕਾਈ, ਮੁੱਠਾਂ ਤੇ ਆਪਣੀ ਠੋਡੀ ਟੇਕੀ ਬੈਠਾ ਸੀ, ਪਰ ਉਹ ਕਾਫ਼ੀ ਚਿਰ ਤੋਂ ਕੁੱਝ ਨਹੀਂ ਸੀ ਸੁਣ ਰਿਹਾ। ਸ਼ਿਊਪ ਬੜੀ ਖ਼ੁਸ਼ੀ ਨਾਲ਼ ਦੱਸ ਰਿਹਾ ਸੀ ਕਿ ਕਿਵੇਂ ਉਸ ਨੇ ਮੈਂਡਰਲ ਦਾ ਧਿਆਨ ਵੰਡਾਇਆ ਤੇ ਕਿਵੇਂ ਤਾਰਾਂ ਵੇਖੀਆਂ ਤੇ ਕਿਵੇਂ ਫ਼ੋਰਸਤ ਨਾਲ਼ ਗੱਲਬਾਤ ਕੀਤੀ। ਹੋਫ਼ਲ ਨੇ ਕੁੱਝ ਵੀ ਨਹੀਂ ਦੱਸਿਆ। ਹੁਣ ਜਾ ਕੇ ਕਰੈਮਰ ਨੂੰ ਅਹਿਸਾਸ ਹੋਇਆ ਕਿ ਹੋਫ਼ਲ ਦੀ ਗ੍ਰਿਫ਼ਤਾਰੀ ਮਗਰੋਂ ਉਹ ਕਿਸ ਮੁਸੀਬਤ ਵਿੱਚ ਫਸਿਆ ਹੋਇਆ ਸੀ। ਉਸ ਨੂੰ ਹੋਫ਼ਲ ਨਾਲ਼ ਬੜਾ ਪਿਆਰ ਸੀ। ਉਂਝ ਤਾਂ ਉਸ ਨੂੰ ਝਿੜਕਿਆ ਸੀ, ਪਰ ਫਿਰ ਉਸ ਦਾ ਪਿਆਰ ਜਾਗ ਪਿਆ ਸੀ।

ਉਸ ਦਿਨ ਦੁਪਹਿਰ ਨੂੰ, ਮੈਂਡਰਲ ਨੇ ਸ਼ਰਾਬਖ਼ਾਨੇ ਵਿੱਚ ਇੱਕ ਕੈਦੀ ਨੂੰ ਟੁੱਟੀ ਹੋਈ ਮੇਜ਼ ਦੀ ਮੁਰੰਮਤ ਕਰਦਿਆਂ ਵੇਖਿਆ। ਬੱਸ ਇਉਂ ਹੀ ਮੈਂਡਰਲ ਉਸ ਨੂੰ ਕੰਮ ਕਰਦੇ ਵੇਖਦਾ

ਰਿਹਾ। ਉਸ ਨੇ ਵੇਖਿਆ ਕਿ ਕੈਦੀ ਕਿਸ ਤਰ੍ਹਾਂ ਤਰਖਾਣ ਦੇ ਅੱਡੇ ਉੱਤੇ ਲੱਗੇ ਹੋਏ ਰੈਂਚ ਵਿੱਚ ਲੱਕੜੀ ਨੂੰ ਦਬਾ ਕੇ ਕੱਸਦਾ ਸੀ। ਇਹ ਵੇਖ ਕੇ ਉਸ ਨੂੰ ਕੁੱਝ ਸੁੱਝ ਗਈ।

ਰਾਤੀਂ ਉਹ ਕੋਠੀ ਨੰਬਰ 5 ਵਿੱਚ ਗਿਆ। ਹੋਫ਼ਲ ਤੇ ਕਰੋਪਿਨਸਕੀ ਇੱਕ ਦੂਜੇ ਨਾਲ਼ ਚਿੰਬੜੇ ਹੋਏ ਠੰਡੇ ਫ਼ਰਸ਼ ਉੱਤੇ ਪਏ ਸਨ। ਜਦੋਂ ਬੱਤੀ ਜਗੀ ਤੇ ਮੈਂਡਰਲ ਆਇਆ ਤਾਂ ਦੋਵੇਂ ਉੱਠ ਕੇ ਖੜ੍ਹੇ ਹੋ ਗਏ। ਮੈਂਡਰਲ ਦਾ ਚਿਹਰਾ ਬਿਲਕੁੱਲ ਝੁਲਸਿਆ ਹੋਇਆ ਜਾਪ ਰਿਹਾ ਸੀ। ਉਸ ਹੋਫ਼ਲ ਨੂੰ ਸਵਾਲ ਕੀਤਾ : "ਸੁਣਾ ਤਾਂ ਫਿਰ ਸੋਚ ਲਿਆ ਹੈ ਤੂੰ ?"

ਹੋਫ਼ਲ ਨੇ ਥੁੱਕ ਅੰਦਰ ਲੰਘਾਈ। ਬੋਲਿਆ ਕੁੱਝ ਨਾ। ਡਰ ਉਸ ਦੇ ਅੰਦਰ ਸਹਿਮੇ ਹੋਏ ਪੰਛੀ ਵਾਂਗ ਫੜਫੜਾ ਰਿਹਾ ਸੀ। ਬਿਜਲੀ ਦੀ ਧੁੰਦਲੀ ਰੋਸ਼ਨੀ ਵਿੱਚ ਕਮਰੇ ਦੇ ਅੰਦਰ ਦਾ ਖਲਾਅ ਤਰਦਾ ਹੋਇਆ ਜਾਪ ਰਿਹਾ ਸੀ। ਮੈਂਡਰਲ ਨੇ ਇੱਕ ਛਿਣ ਉਡੀਕ ਕੀਤੀ, ਜਿਵੇਂ ਕੁੱਝ ਹੋਣ ਵਾਲ਼ਾ ਹੈ। ਫਿਰ ਉਸ ਕਰੋਪਿਨਸਕੀ ਨੂੰ, ਜੋ ਹੋਫ਼ਲ ਦੇ ਨਾਲ਼ ਖਲੋਤਾ ਸੀ, ਧੱਕ ਕੇ ਕੋਠੜੀ ਦੇ ਸਿਰੇ ਵਾਲ਼ੀ ਨੁੱਕਰ ਵਿੱਚ ਕਰ ਦਿੱਤਾ ਤੇ ਹੋਫ਼ਲ ਨੂੰ ਫਿਰ ਸੁਆਲ ਕੀਤਾ : "ਤੂੰ ਦੱਸੇਂਗਾ ਕਿ ਨਹੀਂ ?"

ਹੋਫ਼ਲ ਦਾ ਸੰਘ ਗਰਮ ਹੋ ਗਿਆ, ਉਸ ਨੇ ਫਿਰ ਥੁੱਕ ਅੰਦਰ ਲੰਘਾਈ, ਉਸ ਦਾ ਸਾਹ ਰੁਕ ਰਿਹਾ ਸੀ।

ਕਰੋਪਿਨਸਕੀ ਨੁੱਕਰ ਵਿੱਚ ਇੰਝ ਦਬਕਿਆ ਖਲੋਤਾ ਸੀ, ਜਿਵੇਂ ਉਸ ਦਾ ਹਿੱਸਾ ਬਣ ਜਾਣਾ ਚਾਹੁੰਦਾ ਹੋਵੇ।

ਮੈਂਡਰਲ ਨੂੰ ਕੋਈ ਕਾਹਲ਼ੀ ਨਹੀਂ ਸੀ।

"ਜਵਾਬ ਦੇ, ਤੂੰ ਹੁਣ ਦੱਸੇਂਗਾ ਕਿ ਨਹੀਂ ?"

ਜਾਪ ਰਿਹਾ ਸੀ ਕਿ ਹੋਫ਼ਲ ਦੀ ਛਾਤੀ ਇੱਕ ਖ਼ਾਲੀ ਤਹਿਖ਼ਾਨਾ ਹੈ ਤੇ ਉਸ ਵਿੱਚ ਕੋਈ ਚੀਕ ਗੂੰਜ ਰਹੀ ਹੈ : ਉਹ ਵੀ ਭੱਜ ਕੇ ਕਰੋਪਿਨਸਕੀ ਕੋਲ਼ ਕੋਨੇ ਵਿੱਚ ਪੁੱਜ ਜਾਣਾ ਚਾਹੁੰਦਾ ਸੀ, ਪਰ ਉਸ ਨੂੰ ਇੰਝ ਜਾਪਿਆ ਜਿਵੇਂ ਉਸ ਦੇ ਪੈਰ ਮਣ-ਮਣ ਭਾਰੇ ਹੋ ਗਏ ਹੋਣ।

"ਤਾਂ ਤੂੰ ਨਹੀਂ ਦੱਸੇਂਗਾ ?"

ਮੈਂਡਰਲ ਕਦਮ ਵਧਾ ਕੇ ਹੋਫ਼ਲ ਦੇ ਕੋਲ਼ ਗਿਆ ਤੇ ਜਿਵੇਂ ਉਸ ਨੇ ਤਰਖਾਣ ਨੂੰ ਕਰਦੇ ਹੋਏ ਵੇਖਿਆ ਸੀ ਇਸੇ ਤਰ੍ਹਾਂ ਰੈਂਚ ਉਸ ਦੀ ਪੁੜਪੁੜੀ 'ਤੇ ਰੱਖ ਕੇ ਪੁੱਛਿਆ :

"ਹੁਣ ਦੱਸੇਂਗਾ ਕਿ ਨਹੀਂ..."

ਹੋਫ਼ਲ ਨੇ ਡਰਦੇ ਮਾਰੇ ਅੱਖਾਂ ਖੋਲ੍ਹ ਦਿੱਤੀਆਂ। ਮੈਂਡਰਲ ਨੇ ਪੇਚਕਸ ਨਾਲ਼ ਪੇਚ ਕੱਸਣਾ ਸ਼ੁਰੂ ਕਰ ਦਿੱਤਾ।

ਕਰੋਪਿਨਸਕੀ ਦੇ ਮੂੰਹੋਂ ਹੌਲ਼ੀ ਜਿਹੀ ਚੀਕ ਨਿੱਕਲ਼ ਗਈ।

ਲਹੂ ਹੋਫ਼ਲ ਦੀ ਪੁੜਪੁੜੀ ਵਿੱਚ ਜਮ੍ਹਾਂ ਹੋਣ ਲੱਗਾ। ਉਸ ਚੀਕਣ ਲਈ ਮੂੰਹ ਖੋਲ੍ਹਿਆ, ਪਰ ਅਵਾਜ਼ ਘੁੱਟ ਕੇ ਰਹਿ ਗਈ।

"ਮੈਨੂੰ ਇੱਕ ਨਾਂ ਪਤਾ ਹੈ ਤੇਰਾ, ਦੂਜਾ ਕੌਣ ਹੈ ? ਦੱਸਦਾ ਏਂ ਕਿ ਨਹੀਂ ?"

ਹੋਫ਼ਲ ਦੀ ਪੁੜਪੁੜੀ ਵਿੱਚ ਅੱਗ ਜਿਹੀ ਲੱਗੀ ਹੋਈ ਸੀ। ਉਸ ਆਪਣੀਆਂ ਦੋਵੇਂ

ਮੁੱਠੀਆਂ ਜਕੜ ਲਈਆਂ। ਭਿਆਨਕਤਾ ਉਸ ਦਾ ਗਲ਼ਾ ਘੁੱਟ ਰਹੀ ਸੀ।

ਮੈਂਡਰਲ ਨੇ ਆਪਣੇ ਹੋਠਾਂ 'ਤੇ ਜੀਭ ਫੇਰੀ। ਬੜੀ ਤਸੱਲੀ ਨਾਲ਼ ਜੇਬ੍ਹ ਵਿੱਚੋਂ ਹੱਥ ਕੱਢਿਆ ਤੇ ਪੇਚ ਨੂੰ ਹੋਰ ਕੱਸ ਦਿੱਤਾ। ਹੋਫ਼ਲ ਡਡਿਆਣ ਲੱਗਾ। ਉਹ ਪੱਥਰ ਦੀਆਂ ਦੋ ਵੱਡੀਆਂ ਸਿਲ੍ਹਾਂ ਦੇ ਵਿਚਾਲ਼ੇ ਖਲ੍ਹੋਤਾ ਸੀ, ਜਿਹੜੀਆਂ ਉਸ ਨੂੰ ਪੀਠੀ ਜਾ ਰਹੀਆਂ ਸਨ ਤੇ ਉਹ ਇਹਨਾਂ ਵਿੱਚੋਂ ਬਚ ਕੇ ਨਹੀਂ ਸੀ ਨਿੱਕਲ਼ ਸਕਦਾ!

"ਦੂਜਾ ਕੌਣ ਹੈ?"

ਕਰੋਪਿਨਸਕੀ ਨੇ ਡਰਦੇ ਮਾਰਿਆਂ ਆਪਣੇ ਹੱਥ ਨਾਲ਼ ਆਪਣਾ ਮੂੰਹ ਬੰਦ ਕੀਤਾ ਹੋਇਆ ਸੀ, 'ਉਸ ਦਾ ਭਰਾ ਕਿਹੋ ਜਿਹੇ ਤਸੀਹੇ ਝੱਲ ਰਿਹਾ ਹੈ।'

"ਦੂਜਾ ਕੌਣ ਹੈ?"

ਪੀੜ ਸਹਿਣ ਸ਼ਕਤੀ ਤੋਂ ਬਾਹਰ ਹੋ ਗਈ। ਹੋਫ਼ਲ ਫ਼ਰਸ਼ 'ਤੇ ਪੈਰ ਮਾਰਨ ਲੱਗਾ....ਨਾਂ...!ਨਾਂ...!

ਨਾਂ ਉਸ ਦੇ ਸੰਘ ਵਿੱਚ ਸਨ ਤੇ ਬਾਹਰ ਆਉਣ ਲਈ ਤੜਪ ਰਹੇ ਸਨ।

"ਦੂਜਾ ਕੌਣ ਹੈ? ਦੱਸਦਾ ਕਿਉਂ ਨਹੀਂ?" ਜਿਵੇਂ ਹੀ ਮੈਂਡਰਲ ਨੇ ਆਪਣਾ ਹੱਥ ਹਟਾਇਆ ਘੁੱਟੀ ਹੋਈ ਚੀਕ ਹੋਫ਼ਲ ਦੇ ਮੂੰਹ ਵਿੱਚੋਂ ਫ਼ੁਹਾਰੇ ਵਾਂਗ ਫ਼ੁੱਟ ਪਈ : "ਘਰਰਰ..."

"ਦੂਜਾ ਕੌਣ ਹੈ?"

"ਘਰਰਰਰ..."

ਨਾਂ ਹੀ ਤਾਂ ਨਿੱਕਲ਼ ਰਹੇ ਸਨ।

"ਘਰਰਰ... ਰ..." ਝੱਟ ਕਰੋਪਿਨਸਕੀ ਵੀ ਚੀਕਣ ਲੱਗ ਪਿਆ।

ਮੈਂਡਰਲ ਲੱਤਾਂ ਚੌੜੀਆਂ ਕਰਕੇ ਖਲ੍ਹੋ ਗਿਆ। ਹੋਫ਼ਲ ਦੇ ਹੱਥ-ਪੈਰ ਵੀ ਢਿੱਲੇ ਪੈਂਦੇ ਜਾ ਰਹੇ ਸਨ, ਪਰ ਉਸ ਨੂੰ ਅਜੇ ਮਰਨ ਨਹੀਂ ਸੀ ਦੇਣਾ। ਉਸ ਲਈ ਮੈਂਡਰਲ ਨੇ ਰੈਂਚ ਖੋਲ੍ਹ ਦਿੱਤਾ।

ਹੋਫ਼ਲ ਦੀ ਪਾਗਲਾਂ ਵਰਗੀ ਚੀਕ ਖੋਖਲੀ ਘਬਰਾਹਟ ਵਿੱਚ ਬਦਲ ਗਈ, ਉਸ ਦਾ ਸਰੀਰ ਤਣ ਗਿਆ।

ਦੋ

ਦੂਜੇ ਦਿਨ ਛੁੱਟੀ ਦੇ ਸਮੇਂ ਵਿੱਚ ਫ਼ੋਰਸਤ ਨੇ ਇਲੈਕਟ੍ਰੀਸ਼ਨ ਨੂੰ ਕੈਂਪ ਜਾਣ ਵਾਲ਼ੀ ਸੜਕ 'ਤੇ ਵੇਖਿਆ। ਸ਼ਿਊਪ ਨੂੰ ਉਲਝਣ ਸੀ, ਕੀ ਉਹ ਆਪਣਾ ਤਸਮਾ ਬੰਨ੍ਹੇਗਾ?

ਵੇਖਣ ਨੂੰ ਫ਼ੋਰਸਤ ਇਲੈਕਟ੍ਰੀਸ਼ਨ ਨੂੰ ਵੇਖ ਨਹੀਂ ਸੀ ਰਿਹਾ। ਉਸ ਆਪਣੇ ਹੱਥ ਪਿੱਠ ਪਿੱਛੇ ਬੰਨ੍ਹ ਲਏ ਸਨ ਤੇ ਪੰਜਿਆਂ 'ਤੇ ਖੜ੍ਹਾ ਹੋ ਗਿਆ ਸੀ। ਸ਼ਿਊਪ ਭਾਵ ਸਮਝ ਗਿਆ ਸੀ ਕਿ ਹੋਫ਼ਲ ਤੇ ਕਰੋਪਿਨਸਕੀ ਨੂੰ ਤਸੀਹੇ ਦਿੱਤੇ ਜਾ ਰਹੇ ਸਨ। ਉਸ ਕੈਂਪ ਪਰਤ ਕੇ ਕਰੈਮਰ ਨੂੰ ਸੂਚਨਾ ਦਿੱਤੀ।

ਦੋ ਹੀ ਦਿਨ ਲੰਘੇ ਸਨ, ਪਰ ਇਹ ਦੋ ਦਿਨ ਵਰ੍ਹਿਆਂ ਉੱਤੇ ਭਾਰੂ ਸਨ। ਸਾਰੀ

ਜੱਥੇਬੰਦੀ ਨਕਾਰਾ ਹੋ ਕੇ ਰਹਿ ਗਈ ਸੀ ਤੇ ਸਾਰੀਆਂ ਲੜਾਕੂ ਟੋਲੀਆਂ ਜਿਵੇਂ ਸੁੰਨ ਹੋ ਕੇ ਰਹਿ ਗਈਆਂ ਸਨ। ਟੋਲੀਆਂ ਦੇ ਮੈਂਬਰ ਇੱਕ ਦੂਜੇ ਨਾਲ਼ ਗੱਲ ਤੱਕ ਨਹੀਂ ਸਨ ਕਰਦੇ। ਜਦੋਂ ਇੱਕ ਦੂਜੇ ਨੂੰ ਰਾਹ ਵਿੱਚ ਮਿਲ਼ਦੇ ਤਾਂ ਨੀਵੀਆਂ ਨਜ਼ਰਾਂ ਨਾਲ਼ ਇੱਕ ਦੂਜੇ ਨੂੰ ਸਲਾਮ ਆਦਿ ਕਰ ਲੈਂਦੇ। ਸਾਰੇ ਆਲ਼ੇ-ਦੁਆਲ਼ੇ ਵਿੱਚ ਮੁਰਦਣੀ ਛਾਈ ਹੋਈ ਸੀ।

ਜਦੋਂ ਪਹਿਲੇ ਦਿਨ ਕੁੱਝ ਨਾ ਹੋਇਆ ਤੇ ਦੂਜੇ ਦਿਨ ਵੀ ਕੁੱਝ ਨਾ, ਤਾਂ ਵੀ ਕਿਸੇ ਨੂੰ ਸੰਤੁਸ਼ਟਤਾ ਨਾ ਹੋਈ। ਹਰ ਵਿਅਕਤੀ ਨੂੰ ਇੰਝ ਜਾਪ ਰਿਹਾ ਸੀ ਕਿ ਖ਼ਤਰਾ ਦਾਅ ਲਾਈ ਬੈਠਾ ਹੈ ਤੇ ਮੌਕਾ ਮਿਲਦੇ ਹੀ ਉਨ੍ਹਾਂ 'ਤੇ ਟੁੱਟ ਪਵੇਗਾ।

ਬੋਖਾਉ ਨੂੰ ਜਦੋਂ ਹੋਫ਼ਲ ਦੀ ਦ੍ਰਿੜਤਾ ਦਾ ਪਤਾ ਲੱਗਾ ਤਾਂ ਉਸ ਸੋਚਿਆ ਕਿ ਕੌਮਾਂਤਰੀ ਮਜ਼ਦੂਰ ਕਮੇਟੀ ਦੀ ਮੀਟਿੰਗ ਬੁਲਾਉਣ ਵਿੱਚ ਵਧੇਰੇ ਖ਼ਤਰਾ ਨਹੀਂ।

ਸਾਰੇ ਕਾਮਰੇਡ ਬੱਤੀ ਦੀ ਡੋਲ਼ਦੀ ਹੋਈ ਲੋਅ ਤੇ ਪਵਿੱਤਰ ਨਜ਼ਰਾਂ ਜਮਾਈ ਚੁੱਪ-ਚਾਪ ਬੈਠੇ ਸਨ। ਬੋਖਾਉ ਨੇ ਸ਼ਾਂਤੀ ਤੇ ਠਰ੍ਹੰਮੇ ਨਾਲ਼ ਰਿਪੋਰਟ ਪੇਸ਼ ਕੀਤੀ ਕਿ ਹੋਫ਼ਲ ਅਜੇ ਤੱਕ ਸਖ਼ਤ ਤੋਂ ਸਖ਼ਤ ਤਸੀਹੇ ਝੱਲ ਰਿਹਾ ਹੈ, ਪਰ ਉਸ ਅਜੇ ਤੱਕ ਜ਼ਬਾਨ ਤੱਕ ਨਹੀਂ ਖੋਲ੍ਹੀ। ਸਾਰੇ ਲੋਕ ਸੁਣ ਰਹੇ ਸਨ ਤੇ ਉਨ੍ਹਾਂ ਦੇ ਦਿਮਾਗ਼ ਮਿਲ਼ ਕੇ ਇੱਕ ਦਿਮਾਗ਼ ਵਾਂਗ ਸੋਚ ਰਹੇ ਸਨ।

ਸ਼ਬਦਾਂ ਦੀ ਲੋੜ ਕੀ ਸੀ ? ਪਰ ਚੁੱਪ ਤੇ ਬੋਖਾਉ ਝੰਜਲਾ ਜਿਹਾ ਗਿਆ : "ਸਾਥੀਓ ! ਇਸ ਤਰ੍ਹਾਂ ਕੰਮ ਨਹੀਂ ਤੁਰੇਗਾ। ਸਿਰ ਜੋੜ ਕੇ ਚੁੱਪ ਬੈਠੇ ਰਹਿਣ ਦਾ ਸਮਾਂ ਨਹੀਂ, ਸਾਨੂੰ ਇਹ ਸੋਚਣਾ ਹੈ ਕਿ ਜੇ..."

ਉਸ ਸਮੇਂ ਕੋਈ ਫ਼ੈਸਲਾ ਨਾ ਕੀਤਾ ਗਿਆ। ਫ਼ੈਸਲੇ ਦੀ ਲੋੜ ਵੀ ਨਹੀਂ ਸੀ। ਫ਼ੈਸਲਾ ਹਰ ਬੰਦੇ ਦੇ ਦਿਮਾਗ਼ ਵਿੱਚ ਸੀ। ਤੁਰਦੇ-ਤੁਰਦੇ ਪਰੀਬੂਲਾ ਨੇ ਆਖਿਆ ਕਿ ਕਿਸੇ ਇੱਕ ਕਾਮਰੇਡ ਨੂੰ ਬੱਚੇ ਦੀ ਨਿਗਰਾਨੀ ਦਾ ਜ਼ਿੰਮੇਵਾਰ ਬਣਾ ਦੇਣਾ ਚਾਹੀਦਾ ਹੈ।

"ਕੋਈ ਲੋੜ ਨਹੀਂ," ਬੋਖਾਉ ਨੇ ਝੱਟ ਉੱਤਰ ਦਿੱਤਾ, "ਉਹ ਮੈ ਕਰ ਰਿਹਾ ਹਾਂ... ਜੇ ਤੁਹਾਡੇ ਕੋਲ਼ ਬੱਚੇ ਨੂੰ ਖੁਆਉਣ ਲਈ ਕੁੱਝ ਹੋਵੇ ਤਾਂ ਕਰੈਮਰ ਦੇ ਕੋਲ਼ ਪਹੁੰਚਾ ਦੇਣਾ।"

ਹੋਰਟਨੈੱਸ ਦਾ ਸਮਾਨ ਬੰਨ੍ਹਿਆ ਜਾ ਚੁੱਕਿਆ ਸੀ ਤੇ ਸਭ ਕੁੱਝ ਠੀਕ-ਠਾਕ ਸੀ, ਬੱਸ ਰਤਾ ਕੁ ਇਹ ਗੜਬੜੀ ਸੀ ਕਿ ਜਾਵਾਂਗੇ ਕਿਵੇਂ ? ਜ਼ਵਾਈਲਿੰਗ ਕੋਲ਼ ਕਾਰ ਨਹੀਂ ਸੀ, ਚਲੋ ਕਲੂਟਿਗ ਕੋਲ਼ ਤਾਂ ਸੀ। ਬੜੇ ਚਿਰਾਂ ਤੋਂ ਹੋਰਟਨੈੱਸ ਇਸ ਚਿੰਤਾ ਵਿੱਚ ਸੀ ਕਿ ਹਾਪਤ ਅਸਟਰਮ ਫ਼ੋਹਰਰ ਨਾਲ਼ ਮਾਮਲਾ ਤੈਅ ਕਰ ਲਵੇ—ਸਮਾਨ ਤਾਂ ਖ਼ੈਰ ਲੈ ਜਾਵੇਗਾ, ਉਹ ਕੋਈ ਉਸ ਦੇ ਖੁਸਰੇ ਮਰਦ ਵਾਂਗ ਤਾਂ ਨਹੀਂ ਸੀ। ਕਦੇ-ਕਦੇ ਸ਼ਾਮ ਨੂੰ ਜ਼ਨਾਨਾ ਸੁੰਦਰਤਾ ਨੇ ਇਹ ਅਨੁਭਵ ਕੀਤਾ ਸੀ ਕਿ ਹਾਪਤ ਅਸਟਰਮ ਫ਼ੋਹਰਰ ਉਸ ਦੇ ਭਰੇ-ਭਰੇ ਸਰੀਰ ਨੂੰ ਲਲਚਾਈਆਂ ਨਜ਼ਰਾਂ ਨਾਲ਼ ਵੇਖਦਾ ਸੀ ਤੇ ਨਾਚ ਦੇ ਸਮੇਂ ਉਹ ਕਲੂਟਿਗ ਦੀਆਂ ਵਧੀਕੀਆਂ ਨੂੰ ਚਾਈਂ-ਚਾਈਂ ਸਹਾਰ ਲੈਂਦੀ ਸੀ, ਪਰ ਇਸ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ। ਕਲੂਟਿਗ ਦੀ ਪਤਨੀ ਕੋਈ ਨਹੀਂ ਸੀ। ਕਈ ਵਰ੍ਹੇ ਪਹਿਲਾਂ ਉਸ ਨੇ ਤਲਾਕ ਲੈ ਲਿਆ ਸੀ।

ਹੋਰਾਂ ਵਾਂਗ ਉਹ ਜ਼ਨਾਨੀਆਂ ਪਿੱਛੇ ਨਹੀਂ ਸੀ ਭੱਜਦਾ, ਇਸ ਲਈ ਹੋਰਟਨੈੱਸ ਉਸ ਦੀ ਕਦਰ ਕਰਦੀ ਸੀ। ਬੁਨਿਆਦੀ ਤੌਰ 'ਤੇ ਉਹ ਕਾਮ-ਮਈ ਸੁਭਾ ਦੀ ਔਰਤ ਨਹੀਂ ਸੀ,

ਸਗੋਂ ਅਰਾਮ ਚਾਹੁਣ ਵਾਲ਼ੀ ਤੇ ਚਿੜਚਿੜੀ ਸੀ। ਅਸਫ਼ਲ ਵਿਆਹ ਨੇ ਉਸ ਨੂੰ 'ਇੱਕ ਕਰੇਲਾ ਦੂਜਾ ਨਿੰਮ੍ਹ ਚੜ੍ਹਿਆ' ਵਾਲ਼ੀ ਅਖੌਤ ਦੇ ਅਨੁਕੂਲ ਬਣਾ ਦਿੱਤਾ ਸੀ।

ਉਸ ਸ਼ਾਮ ਜਦੋਂ ਜ਼ਵਾਈਲਿੰਗ ਕਾਫ਼ੀ ਚਿਰ ਤੱਕ ਘਰ ਨਾ ਆਇਆ ਤਾਂ ਹੋਰਟਨੈੱਸ ਉੱਠ ਕੇ ਬੈੱਡ ਰੂਮ ਵਿੱਚ ਸ਼ੀਸ਼ੇ ਸਾਹਮਣੇ ਜਾ ਖਲੋਤੀ ਤੇ ਥੱਕੇ-ਥੱਕੇ ਰੌਂ ਵਿੱਚ ਆਪਣੇ-ਆਪ ਨੂੰ ਵੇਖਣ ਲੱਗੀ। ਕਲੂਟਿਗ ਨੂੰ ਮਿਲ਼ਣ ਦੇ ਖ਼ਿਆਲ ਨੂੰ ਉਸ ਦਬਾਉਣਾ ਚਾਹਿਆ। ਕੋਈ ਹਾਸਾ ਮਖ਼ੌਲ ਤਾਂ ਸੀ ਨਹੀਂ। ਆਖ਼ਰ ਕਲੂਟਿਗ ਤੇ ਉਸ ਦੇ ਪਤੀ ਦੇ ਅਹੁਦੇ ਵਿੱਚ ਬੜਾ ਫ਼ਰਕ ਸੀ। ਅਹੁਦੇ ਦਾ ਫ਼ਰਕ ? ਹੋਰਟਨੈੱਸ ਨੇ ਘ੍ਰਿਣਾਮਈ ਮੂੰਹ ਬਣਾਇਆ। ਇਹ ਫ਼ਰਕ ਥੋੜ੍ਹੇ ਹੀ ਦਿਨਾਂ ਵਿੱਚ ਮੁੱਕ ਜਾਏਗਾ। ਜ਼ਵਾਈਲਿੰਗ ਥੋੜ੍ਹੇ ਦਿਨਾਂ ਵਿੱਚ ਉਹੋ ਹੋ, ਜੋ ਉਹ ਜੰਗ ਤੋਂ ਪਹਿਲਾਂ ਸੀ– ਭਾਵ ਬੇਰੁਜ਼ਗਾਰ ਤੇ ਬੇਹੁਨਰ–ਤੇ ਕਲੂਟਿਗ ? ਹੋਰਟਨੈੱਸ ਜਾਣਦੀ ਸੀ ਕਿ ਕਲੂਟਿਗ ਦੇ ਕੋਲ਼ ਪਹਿਲਾਂ ਪਲੇਟਿੰਗ ਦਾ ਕਾਰਖ਼ਾਨਾ ਸੀ ਤੇ ਕੁੱਝ ਵੀ ਹੋਵੇ ਉਹ ਮਰਦ ਤਾਂ ਸੀ। ਸਮਾਨ ਦੀ ਚਿੰਤਾ ਹੋਰ ਸਾਰੇ ਖ਼ਿਆਲਾਂ ਤੇ ਭਾਰੂ ਸੀ। ਉਸ ਕਲੂਟਿਗ ਕੋਲ਼ ਜਾਣ ਦਾ ਫ਼ੈਸਲਾ ਕੀਤਾ ਤੇ ਉਸ ਆਪਣੇ-ਆਪ ਨੂੰ ਸ਼ੀਸ਼ੇ 'ਤੇ ਪਰਖਿਆ।

ਬਲਾਊਜ਼ ਉਸ ਨੂੰ ਪਸੰਦ ਨਾ ਆਇਆ ਤੇ ਉਸ ਨੇ ਫ਼ੈਸਲਾ ਕੀਤਾ ਕਿ ਇਹ ਲਾਹ ਕੇ ਇੱਕ ਚੁਸਤ ਸਵੈਟਰ ਪਾ ਲਵੇ, ਜਿਸ ਨਾਲ਼ ਰਤਾ ਹੋਰ ਭੜਕ ਆ ਜਾਏਗੀ ਤੇ ਉਸ ਆਪਣੀਆਂ ਛਾਤੀਆਂ ਨੂੰ ਤਲ਼ੀਆਂ ਵਿੱਚ ਘੁੱਟ ਲਿਆ। ਸ਼ੀਸ਼ੇ ਦਾ ਸਾਹਮਣੇ ਵਿੰਗੀ ਹੋ ਕੇ ਖਲ੍ਹੋ ਗਈ ਤੇ ਬੋਲੀ : "ਸਮਾਨ ਲੈ ਜਾਣ ਲਈ ਕੁੱਝ ਕਰਨਾ ਹੀ ਪੈਣਾ ਏ। ਕਾਸ਼! ਉਹ ਆਪਣਾ ਫ਼ਰਨੀਚਰ ਵੀ ਨਾਲ਼ ਲਿਜਾ ਸਕਦੀ।"

ਕਲੂਟਿਗ ਘਰ ਹੀ ਸੀ। ਕਮਾਂਡੈਂਟ ਦੇ ਹੈੱਡਕੁਆਟਰ ਦੇ ਅਹਾਤੇ ਵਿੱਚ ਉਹ ਇੱਕ ਫ਼ਲੈਟ ਵਿੱਚ ਰਹਿੰਦਾ ਸੀ। ਉਸ ਹੋਰਟਨੈੱਸ ਨੂੰ ਅੰਦਰ ਆਉਣ ਲਈ ਆਖਿਆ। ਉਹ ਕੁਰਸੀ 'ਤੇ ਬਹਿ ਗਈ ਤੇ ਕੋਟ ਉਤਾਰਨ ਦਾ ਵੀ ਉਸ ਨੂੰ ਖ਼ਿਆਲ ਨਾ ਰਿਹਾ।

"ਮੈਂ ਆਪਣੇ ਸਮਾਨ ਬਾਰੇ ਗੱਲ ਕਰਨ ਆਈ ਸਾਂ, ਗਾਟੋਲਡ ਕੋਲ਼ ਤਾਂ ਆਪਣੀ ਗੱਡੀ ਹੀ ਨਹੀਂ।"

ਕਲੂਟਿਗ ਅੱਖਾਂ ਝਮਕਦਿਆਂ ਉਸ ਨੂੰ ਵੇਖਦਾ ਰਿਹਾ, ਜਿਵੇਂ ਉਸ ਨੂੰ ਕੁੱਝ ਵੀ ਸਮਝ ਨਾ ਆ ਰਿਹਾ ਹੋਵੇ। ਹੋਰਟਨੈੱਸ ਨੇ ਆਪਣੇ ਹੱਥ ਗੋਡਿਆਂ ਦੁਆਲ਼ੇ ਬੰਨ੍ਹ ਲਏ ਤੇ ਤਰਲੇ ਭਰੀਆਂ ਨਜ਼ਰਾਂ ਨਾਲ਼ ਵੇਖਦੀ ਹੋਈ ਬੋਲੀ : "ਤੁਸੀਂ ਆਪਣੀ ਕਾਰ ਵਿੱਚ ਲੈ ਚੱਲੋਗੇ! ਬੱਸ ਦੋ ਤਿੰਨ ਪੈਕਟ ਤੇ ਇੱਕ ਬਕਸਾ!"

"ਪਰ ਕਿੱਥੇ ?" ਕਲੂਟਿਗ ਤੋਂ ਜ਼ਬਤ ਨਾ ਹੋ ਸਕਿਆ।

ਹੋਰਟਨੈੱਸ ਨੇ ਬੇਬਸੀ ਨਾਲ਼ ਆਪਣੇ ਮੋਢੇ ਹਿਲਾਏ। ਹੁਣ ਕਲੂਟਿਗ ਸਮਝ ਗਿਆ। ਉਸ ਨੇ ਘੂਰ ਕੇ ਵੇਖਿਆ "ਹੂੰ"। ਜੇਬ੍ਹਾਂ ਵਿੱਚ ਹੱਥ ਤੁੰਨ੍ਹੇ ਤੇ ਹੋਰਟਨੈੱਸ ਦੇ ਸਾਹਮਣੇ ਟਹਿਲਣ ਲੱਗਾ।

"ਤੇਰਾ ਭਾਵ ਹੈ ਕਿ ਜੇ..."

ਹੋਰਟਨੈੱਸ ਨੇ ਧੌਣ ਹਿਲਾ ਕੇ "ਹਾਂ" ਆਖਿਆ।

ਕਲੂਟਿਗ ਆਪਣੀਆਂ ਲੱਤਾਂ ਚੌੜੀਆਂ ਕਰਕੇ ਸਾਹਮਣੇ ਖੜ੍ਹਾ ਹੋ ਗਿਆ।

"ਫ਼ੌਜੀ ਕਾਰਵਾਈ ਹੈ।" ਉਸ ਰਤਾ ਰੋਅਬ ਨਾਲ਼ ਆਖਿਆ "ਤੇ ਫ਼ੌਜੀ ਕਾਰਵਾਈ ਵਿੱਚ ਰਿਹਾਇਸ਼ ਨਹੀਂ ਬਦਲੀ ਜਾ ਸਕਦੀ।"

ਹੋਰਟਨੈੱਸ ਨੇ ਠੰਡਾ ਸਾਹ ਲਿਆ। ਫ਼ੌਜੀ ਕਾਰਵਾਈ ਇਸ ਦੀ ਸਮਝ ਤੋਂ ਬਾਹਰੀ ਗੱਲ ਸੀ। "ਕੇਵਲ ਤੁਸੀਂ ਹੀ ਮੇਰੀ ਸਹਾਇਤਾ ਕਰ ਸਕਦੇ ਹੋ... ਨਹੀਂ ਤਾਂ ਫਿਰ ਮੈਂ ਕੀ ਕਰਾਂਗੀ ? ਗਾਟੋਲਡ ਕੋਲ਼ ਤਾਂ ਕਾਰ ਹੈ ਨਹੀਂ..."

ਉਸ ਨੇ ਕੋਟ ਦਾ ਬਟਨ ਖੋਲ੍ਹ ਕੇ ਪਿੱਛੇ ਸੁੱਟ ਦਿੱਤਾ ਸੀ। ਕਲੂਟਿਗ ਦੀਆਂ ਅੱਖਾਂ ਉਸ ਦੀਆਂ ਛਾਤੀਆਂ 'ਤੇ ਟਿਕੀਆਂ ਹੋਈਆਂ ਸਨ। ਉਸ ਥੁੱਕ ਅੰਦਰ ਲੰਘਾਈ। ਕਲੂਟਿਗ ਦੀ ਘੰਡੀ ਉੱਭਰ ਆਈ। ਹੋਰਟਨੈੱਸ ਵੇਖ ਰਹੀ ਸੀ ਕਿ ਹਾਪਤ ਅਸਟਰਮ ਫ਼ੋਹਰਰ ਦੇ ਚਿਹਰੇ ਉੱਤੇ ਰੰਗ ਆ ਜਾ ਰਹੇ ਸਨ। ਆਸ ਤੇ ਸਫ਼ਲਤਾ ਵਿੱਚ ਉਹ ਮੁਸਕਰਾ ਪਈ, ਪਰ ਉਸ ਦਾ ਖ਼ਿਆਲ ਗ਼ਲਤ ਸੀ। ਕਲੂਟਿਗ ਦੇ ਚਿਹਰੇ ਉੱਤੇ ਕਾਮ ਚੇਸ਼ਟਾ ਦੇ ਚਿੰਨ੍ਹ ਇਤਨੇ ਉਜਾਗਰ ਨਹੀਂ ਸਨ ਜਿਤਨੇ ਹੋਰਟਨੈੱਸ ਸਮਝ ਰਹੀ ਸੀ। ਹੋਰਟਨੈੱਸ ਨੂੰ ਵੇਖ ਕੇ ਕਲੂਟਿਗ ਦੇ ਦਿਲ ਵਿੱਚ ਇਸ ਪ੍ਰਕਾਰ ਦਾ ਗ਼ੁੱਸਾ ਪੈਦਾ ਹੋਇਆ ਸੀ ਕਿ ਅਜਿਹੀ ਕਮਾਲ ਦੀ ਔਰਤ ਪੱਲੇ ਪਈ ਤਾਂ ਉਸ ਜ਼ਨਾਨੇ ਜ਼ਵਾਈਲਿੰਗ ਦੇ—ਇਹ ਤਾਂ ਕਿਸੇ ਹਾਪਤ ਅਸਟਰਮ ਫ਼ੋਹਰਰ ਦੀ ਪਤਨੀ ਬਣਨਯੋਗ ਸੀ।

ਕਲੂਟਿਗ ਇੱਕ ਕੁਰਸੀ ਘਸੀਟ ਕੇ ਹੋਰਟਨੈੱਸ ਦੇ ਸਾਹਮਣੇ ਬਹਿ ਗਿਆ।

"ਕੀ ਤੂੰ ਖ਼ੁਸ਼ ਹੈਂ, ਮੇਰਾ ਭਾਵ ਹੈ ਸੱਚੀਮੁੱਚੀ ਖ਼ੁਸ਼ ਏਂ ?" ਉਸ ਨੇ ਆਸ ਤੋਂ ਉਲਟ ਸੁਆਲ ਕੀਤਾ।

ਹੋਰਟਨੈੱਸ ਤ੍ਰਭਕ ਪਈ। ਕਲੂਟਿਗ ਦੀਆਂ ਅੱਖਾਂ ਨੇ ਉਸ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ।

"ਨਹੀਂ! ਹਰ ਹਾਪਤ ਅਸਟਰਮ ਫ਼ੋਹਰਰ, ਰਤਾ ਜਿੰਨੀ ਵੀ ਨਹੀਂ..."

ਕਲੂਟਿਗ ਨੇ ਆਪਣਾ ਇੱਕ ਹੱਥ ਹੋਰਟਨੈੱਸ ਦੇ ਗੋਡੇ ਉੱਤੇ ਰੱਖ ਦਿੱਤਾ : "ਚੰਗਾ, ਮੈਂ ਤੇਰਾ ਸਮਾਨ ਲੈ ਚੱਲਾਂਗਾ।"

"ਹਰ ਹਾਪਤ ਅਸਟਰਮ ਫ਼ੋਹਰਰ..." ਖ਼ੁਸ਼ੀ ਨੇ ਉਸ ਨੂੰ ਕਮਜ਼ੋਰ ਕਰ ਦਿੱਤਾ ਤੇ ਉਸ ਨੇ ਕਲੂਟਿਗ ਦਾ ਹੱਥ ਦਬਾਇਆ, ਜਿਹੜਾ ਖਿਸਕ ਕੇ ਉਸ ਦੇ ਦੋਹਾਂ ਗੋਡਿਆਂ ਵਿਚਾਲ਼ੇ ਆ ਗਿਆ ਸੀ। ਇੱਕ ਛਿਣ ਲਈ ਤਾਂ ਲੱਗਿਆ ਕਿ ਕਲੂਟਿਗ ਇਸ ਘਰ ਆਈ ਖ਼ੁਸ਼ੀ ਵਿੱਚ ਗਵਾਚ ਜਾਣਾ ਚਾਹੁੰਦਾ ਹੈ, ਪਰ ਝੱਟ ਉਸ ਆਪਣਾ ਹੱਥ ਖਿੱਚ ਲਿਆ ਤੇ ਕੁਰਸੀ ਦੀ ਢੋਹ ਨਾਲ਼ ਲੱਗ ਕੇ ਹੋਰਟਨੈੱਸ ਨੂੰ ਵੇਖਣ ਲੱਗਿਆ। ਹੋਰਟਨੈੱਸ ਨੇ ਅਨੁਭਵ ਕੀਤਾ ਕਿ ਕਲੂਟਿਗ ਦੀਆਂ ਤਿੱਖੀਆਂ ਨਜ਼ਰਾਂ ਉਸ ਨੂੰ ਵਿੰਨ੍ਹ ਰਹੀਆਂ ਹਨ ਤੇ ਉਸ ਦੇ ਸੀਨੇ ਵਿੱਚ ਸਮਿਆਂ ਤੋਂ ਸੁੱਤੇ ਭਾਵ ਜਾਗ ਪਏ ਹਨ।

"ਤੈਨੂੰ ਇਹ ਪਤਾ ਹੈ ਕਿ" ਕਲੂਟਿਗ ਨੇ ਬਿਨਾਂ ਕਿਸੇ ਭੂਮਿਕਾ ਤੇ ਰੱਖ ਰਖਾਅ ਤੋਂ ਕਹਿਣਾ ਸ਼ੁਰੂ ਕਰ ਦਿੱਤਾ, "ਤੇਰੇ ਪਤੀ ਨੇ ਉਸ ਯਹੂਦੀ ਬੱਚੇ ਨੂੰ ਕੀ ਕੀਤਾ ?" ਹੋਰਟਨੈੱਸ

ਠਠੰਬਰ ਗਈ, ਉਸ ਮੂੰਹ ਖੋਲ੍ਹਿਆ ਪਰ ਅਜੇ ਕੁੱਝ ਆਖਣ ਹੀ ਲੱਗੀ ਸੀ ਕਿ ਕਲੂਟਿਗ ਬੜੇ ਡਰਾਉਣੇ ਢੰਗ ਨਾਲ਼ ਗਰਜਿਆ "ਅਤੇ ਉੱਪਰੋਂ ਕੋਈ ਰੁੱਕਾ ਵੀ ਲਿਖਿਆ।"

ਹਾਲਤ ਦੇ ਝੱਟ ਬਦਲ ਜਾਣ ਨਾਲ਼ ਹੋਰਟਨੈੱਸ ਅਜਿਹੀ ਘਾਬਰੀ ਕਿ ਕਲੂਟਿਗ ਉਸ ਦੇ ਚਿਹਰੇ ਨੂੰ ਵੇਖ ਕੇ ਸਮਝ ਗਿਆ ਕਿ ਜ਼ਵਾਈਲਿੰਗ ਨੇ ਜ਼ਰੂਰ ਗ਼ੱਦਾਰੀ ਕੀਤੀ ਹੈ। ਪਰ ਉਸ ਨੂੰ ਵੱਡੀ ਹੈਰਾਨੀ ਹੋਈ ਕਿ ਹੋਰਟਨੈੱਸ ਦੀ ਘਬਰਾਹਟ ਅੱਤ ਦੇ ਡਰ ਵਿੱਚ ਬਦਲ ਗਈ।

"ਪਰ ਇਸ ਨਾਲ਼ ਮੇਰਾ ਕੋਈ ਵਾਸਤਾ ਨਹੀਂ..."

"ਉੱਕਾ ਨਹੀਂ।" ਕਲੂਟਿਗ ਨੇ ਮੰਨ ਲਿਆ ਤੇ ਔਰਤ ਨੂੰ ਆਪਣੀ ਰਾਖੀ ਵਿੱਚ ਲੈ ਲਿਆ। ਉਸ ਜ਼ੋਰ ਨਾਲ਼ ਆਖਿਆ : "ਗ਼ੱਦਾਰੀ ਦੀ ਸਜ਼ਾ ਮੌਤ ਹੈ!"

ਹੋਰਟਨੈੱਸ ਹਾਬੜ ਕੇ ਖੜ੍ਹੀ ਹੋ ਗਈ "ਹੇ ਪ੍ਰਮਾਤਮਾ, ਮੇਰੇ ਰੱਬਾ! ਹਰ ਹਾਪਤ ਅਸਟਰਮ ਫ਼ੋਹਰਰ।" ਡਰ ਦੇ ਮਾਰਿਆਂ ਉਸ ਦਾ ਰੰਗ ਉੱਡ ਗਿਆ ਸੀ।

ਕਲੂਟਿਗ ਫਿਰ ਖੜ੍ਹਾ ਹੋ ਗਿਆ। ਦੋਵੇਂ ਆਹਮੋ-ਸਾਹਮਣੇ ਖੜ੍ਹੇ ਸਨ। ਕਲੂਟਿਗ ਨੂੰ ਜਾਪ ਰਿਹਾ ਸੀ, ਜਿਵੇਂ ਉਹ ਹੋਰਟਨੈੱਸ ਦੇ ਸਰੀਰ ਦੀ ਗਰਮੀ ਮਹਿਸੂਸ ਕਰ ਰਿਹਾ ਹੋਵੇ। ਉਸ ਹੋਰਟਨੈੱਸ ਦੀ ਬਾਂਹ ਫੜ ਲਈ। ਅੱਤ ਦੇ ਡਰ ਨੇ ਹੋਰਟਨੈੱਸ ਦੇ ਜਿਨਸੀ ਭਾਵਾਂ ਨੂੰ ਦਬਾ ਦਿੱਤਾ ਸੀ, ਪਰ ਕਲੂਟਿਗ ਦੀ ਕਾਮ-ਚੇਸ਼ਟਾ ਉੱਭਰ ਆਈ। ਹੁਣ ਉਸ ਜੀਅ ਭਰ ਕੇ ਹੋਰਟਨੈੱਸ ਨੂੰ ਵੇਖਿਆ।

"ਕਿੰਨੇ ਕਮਾਲ ਦੀ ਔਰਤ ਹੈ।" ਉਸ ਹੌਂਕਦੇ ਹੋਏ ਆਖਿਆ, "ਕੀ ਸੁੰਦਰਤਾ ਏ..."

ਪਰ ਹੋਰਟਨੈੱਸ ਨੂੰ ਇਸ ਸਭ ਸੁਣਨ ਦੀ ਹੋਸ਼ ਕਿੱਥੇ ਰਿਹਾ ਸੀ। ਉਸ ਦੀ ਸਾਰੀ ਜਿੰਦ ਕੰਬ ਰਹੀ ਸੀ, "ਕੀ ਉਸ ਨੂੰ ਮਾਰ ਦਿੱਤਾ ਜਾਏਗਾ ?"

ਕਲੂਟਿਗ ਨੇ ਉਸ ਨੂੰ ਛੱਡ ਦਿੱਤਾ ਤੇ ਫਰੇਬ ਨਾਲ਼ ਮੁਸਕਰਾਉਣ ਲੱਗਿਆ। ਔਰਤ ਨੂੰ ਸਹਿਮਿਆ ਹੋਇਆ ਵੇਖ ਕੇ ਉਸ ਨੂੰ ਸੁਆਦ ਆ ਰਿਹਾ ਸੀ। ਉਸ ਕੁੱਝ ਜਵਾਬ ਨਾ ਦਿੱਤਾ। ਜ਼ਵਾਈਲਿੰਗ ਦੇ ਬਾਰੇ ਰੀਨਬੂਥ ਦੇ ਸ਼ਬਦ 'ਜੇ ਸਾਜ਼ਸ਼ੀਆਂ ਨੂੰ ਖ਼ਤਮ ਕਰਨ ਲਈ ਉਸ ਖੋਤੇ ਹਿਜੜੇ ਦੀ ਮਦਦ ਲੈ ਲਈਏ ਤਾਂ ਉਹ ਬੜਾ ਅਹਿਸਾਨਮੰਦ ਹੋਵੇਗਾ।' ਚੇਤੇ ਕਰ ਕੇ ਕਲੂਟਿਗ ਦੇ ਦਿਲ ਵਿੱਚ ਇੱਕ ਖ਼ਿਆਲ ਆ ਗਿਆ।

"ਇਸ ਨੂੰ ਮਾਰਨਾ!" ਕਲੂਟਿਗ ਨੇ ਨਿਰਣਈ ਰੌਂ ਵਿੱਚ ਆਖਿਆ, "ਇਹ ਤਾਂ ਬਹੁਤ ਸਸਤਾ ਸੌਦਾ ਹੈ। ਇਸ ਨੇ ਜੋ ਗੰਦ ਫ਼ੈਲਾਇਆ ਹੋਇਆ ਏ ਉਹ ਉਸੇ ਨੂੰ ਸਾਫ਼ ਕਰਨਾ ਪਵੇਗਾ।"

ਹੋਰਟਨੈੱਸ ਨੂੰ ਆਸ ਦੀ ਇੱਕ ਕਿਰਨ ਵਿਖਾਈ ਦਿੱਤੀ ਤਾਂ ਡਰ ਕੁੱਝ ਘੱਟ ਹੋਇਆ।

"ਪਰ ਕਿਵੇਂ ?" ਉਸ ਦਲੇਰੀ ਕਰਕੇ ਪੁੱਛਿਆ।

ਕਲੂਟਿਗ ਨੇ ਤੁਰੰਤ ਜਵਾਬ ਦਿੱਤਾ, "ਜੇ ਉਸ ਕਮਿਊਨਿਸਟਾਂ ਨਾਲ਼ ਸਾਜ਼ਿਸ਼ ਕੀਤੀ ਹੈ ਤਾਂ ਉਹ ਸਭ ਕੁੱਝ ਜਾਣਦਾ ਹੋਵੇਗਾ। ਐਵੇਂ-ਕੈਂਵਿਆਂ ਨੂੰ ਨਹੀਂ, ਉਨ੍ਹਾਂ ਨੂੰ ਅਸੀਂ ਵੀ ਜਾਣਦੇ ਹਾਂ, ਸਗੋਂ ਇਸ ਦੋਸ਼ੀ ਜੱਥੇਬੰਦੀ ਦੇ ਅਸਲੀ ਲੀਡਰਾਂ ਨੂੰ!"

ਹੋਰਟਨੈੱਸ ਨੂੰ ਕੈਂਪ ਦੇ ਹਾਲਾਤ ਤੇ ਘਟਨਾਵਾਂ ਨਾਲ਼ ਕੋਈ ਵਾਸਤਾ ਨਹੀਂ ਸੀ। ਕੈਂਪ ਨਾਲ਼ ਉਸ ਦਾ ਬੱਸ ਇਤਨਾ ਹੀ ਸਬੰਧ ਸੀ ਕਿ ਉਸ ਦਾ ਪਤੀ ਉੱਥੇ ਕੰਮ ਕਰਦਾ ਸੀ। ਇਸ ਲਈ ਫਿਰ ਉਸ ਉੱਤੇ ਡਰ ਦਾ ਦਾਬਾ ਪੈ ਗਿਆ : "ਹੇ ਪ੍ਰਮਾਤਮਾ, ਮੇਰੇ ਰੱਬਾ! ਹਾਪਤ ਅਸਟਰਮ ਫ਼ੋਹਰਰ।"

ਕਲੂਟਿਗ ਅਗਾਂਹ ਵਧ ਕੇ ਬਿਲਕੁਲ ਉਸ ਦੇ ਨੇੜੇ ਆ ਗਿਆ। ਉਹ ਹੋਰਟਨੈੱਸ ਨਾਲ਼ੋਂ ਲੰਮਾ ਸੀ ਤੇ ਉਸ ਨੂੰ ਵੇਖਣ ਲਈ ਹੋਰਟਨੈੱਸ ਨੂੰ ਅੱਖਾਂ ਚੁੱਕਣੀਆਂ ਪਈਆਂ। ਕਲੂਟਿਗ ਨੇ ਉਸ ਦੀਆਂ ਸਹਿਮੀਆਂ ਹੋਈਆਂ ਨਜ਼ਰਾਂ ਨੂੰ ਵੇਖਿਆ ਤੇ ਉਸ ਦੇ ਦਿਲ ਵਿੱਚ ਇੱਛਾ ਪੈਦਾ ਹੋਈ, ਜਿਸ ਨਾਲ਼ ਉਸ ਦਾ ਗਲ਼ਾ ਰੁੰਦ ਗਿਆ।

"ਆਪਣੇ ਪਤੀ ਨਾਲ਼ ਗੱਲ ਕਰ।" ਉਸ ਨੇ ਰੋਣੀ ਅਵਾਜ਼ ਵਿੱਚ ਆਖਿਆ ਤੇ ਆਪਣੀ ਭਰੀ ਹੋਈ ਅਵਾਜ਼ 'ਤੇ ਕਾਬੂ ਪਾਉਣ ਲਈ ਉਸ ਆਪਣਾ ਸਾਰਾ ਜ਼ੋਰ ਲਾ ਦਿੱਤਾ। ਹੋਰਟਨੈੱਸ ਨੇ ਡਰਦੇ-ਡਰਦੇ ਸਿਰ ਹਿਲਾਇਆ। ਉਸ ਕੋਟ ਪਾਇਆ, ਬਟਨ ਬੰਦ ਕੀਤੇ ਤੇ ਜਾਣ ਲਈ ਮੁੜੀ। ਕਲੂਟਿਗ ਨੇ ਉਸ ਦੀ ਬਾਂਹ ਜ਼ੋਰ ਨਾਲ਼ ਫੜ ਲਈ। ਇਹ ਸੋਚ ਕੇ ਕਿ ਸ਼ਾਇਦ ਉਹ ਕੋਈ ਹੋਰ ਜ਼ਰੂਰੀ ਗੱਲ ਕਰਨਾ ਚਾਹੁੰਦਾ ਹੈ, ਹੋਰਟਨੈੱਸ ਨੇ ਉਸ ਵੱਲ ਸੁਆਲੀਆਂ ਨਜ਼ਰਾਂ ਨਾਲ਼ ਵੇਖਿਆ। ਐਪਰ ਕਲੂਟਿਗ ਦੀਆਂ ਅੱਖਾਂ ਵਿੱਚ ਨੰਗੀ ਕਾਮ-ਵਾਸ਼ਨਾ ਨਜ਼ਰ ਆਈ।

"ਛੱਡ ਦੇ ਉਸ ਨੂੰ।" ਕਲੂਟਿਗ ਨੇ ਹੌਂਕਦੇ ਹੋਏ ਆਖਿਆ "ਮੈਂ ਤੇਰੀਆਂ ਚੀਜ਼ਾਂ ਲੈ ਚੱਲਾਂਗਾ।"

ਹੋਰਟਨੈੱਸ ਉੱਥੋਂ ਛੇਤੀ ਤੋਂ ਛੇਤੀ ਚਲੀ ਜਾਣਾ ਚਾਹੁੰਦੀ ਸੀ। ਆਦਮੀ ਦੀ ਕਾਮ-ਚੇਸ਼ਟਾ ਤੋਂ, ਜਿਸ ਨਾਲ਼ ਪਹਿਲਾਂ ਉਸ ਨੇ ਇੰਨੀਆਂ ਆਸਾਂ ਲਾ ਰੱਖੀਆਂ ਸਨ, ਹੁਣ ਉਸ ਨੂੰ ਘ੍ਰਿਣਾ ਹੋ ਰਹੀ ਸੀ।

ਹੋਰਟਨੈੱਸ ਦੇ ਜਾਣ ਮਗਰੋਂ ਕਲੂਟਿਗ ਇੱਕ ਕੁਰਸੀ ਉੱਤੇ ਡਿੱਗ ਪਿਆ। ਉਸ ਆਪਣੇ ਮੱਥੇ ਤੋਂ ਮੁੜ੍ਹਕਾ ਪੂੰਝਿਆ ਤੇ ਭਾਰੇ-ਭਾਰੇ ਸਾਹ ਲਏ। ਉਸ ਦਾ ਗਲ਼ਾ ਅਜੇ ਤੱਕ ਭਰਿਆ ਹੋਇਆ ਸੀ।

ਹੋਰਟਨੈੱਸ ਜਦੋਂ ਕਲੂਟਿਗ ਕੋਲ਼ ਸੀ, ਉਸ ਸਮੇਂ ਜ਼ਵਾਈਲਿੰਗ ਰੀਨਬੂਥ ਦੇ ਦਫ਼ਤਰ ਵਿੱਚ ਸੀ। ਕਮਾਂਡੈਂਟ ਕੋਲ਼ ਇਸ ਦੀ ਜਾਣ ਦੀ ਹਿੰਮਤ ਨਹੀਂ ਸੀ ਪੈਂਦੀ। ਰੀਨਬੂਥ ਬੜੇ ਚੰਗੇ ਰੌਂ ਵਿੱਚ ਸੀ। "ਕਹੋ ਯਾਰ।" ਉਸ ਨੇ ਜ਼ਵਾਈਲਿੰਗ ਦਾ ਸੁਆਗਤ ਕੀਤਾ "ਤੇਰੇ ਫ਼ੋਰਮੈਨ ਨੇ ਤੈਨੂੰ ਬੜਾ ਧੋਖਾ ਦਿੱਤਾ।" ਤੇ ਇਹ ਕਹਿੰਦੇ ਸਮੇਂ ਉਹ ਘਮੰਡੀ ਢੰਗ ਨਾਲ਼ ਮੁਸਕਰਾਉਂਦਾ ਵੀ ਜਾ ਰਿਹਾ ਸੀ। ਜ਼ਵਾਈਲਿੰਗ ਨੇ ਇਸ ਨੂੰ ਚੰਗੀ ਨਿਸ਼ਾਨੀ ਸਮਝ ਕੇ ਹੋਫ਼ਲ ਦੀ 'ਸਿਫ਼ਾਰਸ਼' ਕਰਨ ਦਾ ਫ਼ੈਸਲਾ ਕੀਤਾ। ਇਸ 'ਤੇ ਰੀਨਬੂਥ ਦਾ ਵਤੀਰਾ ਬਦਲ ਗਿਆ।

"ਇਹ ਸਭ ਹਮਾਕਤ ਦੀਆਂ ਗੱਲਾਂ ਹਨ। ਮੰਦੇ ਭਾਗ ਇਹ ਹਨ ਕਿ ਮਾਮਲਾ ਕੇਵਲ ਹੋਫ਼ਲ ਦਾ ਨਹੀਂ ਤੇਰਾ ਵੀ ਏ।"

ਜ਼ਵਾਈਲਿੰਗ ਦੇ ਕੰਨ ਖੜ੍ਹੇ ਹੋ ਗਏ, "ਮੇਰਾ ਇਸ ਨਾਲ਼ ਕੀ ਸਬੰਧ ਹੈ?" ਉਸ

ਥੁੱਕ ਅੰਦਰ ਲੰਘਾਇਆ।

ਗੀਨਬੂਥ ਨੇ ਉਸ ਦੀ ਪ੍ਰੇਸ਼ਾਨੀ ਨੂੰ ਸੰਤੁਸ਼ਟਤਾ ਨਾਲ਼ ਵੇਖਿਆ, "ਇਹੋ ਤਾਂ ਮੈਂ ਤੇਰੇ ਤੋਂ ਪੁੱਛਣਾ ਚਾਹੁੰਦਾ ਹਾਂ।" ਉਸ ਨੇ ਮੱਕਾਰੀ ਨਾਲ਼ ਜਵਾਬ ਦਿੱਤਾ ਅਤੇ ਜ਼ਵਾਈਲਿੰਗ ਵਾਲ਼ਾ ਰੁੱਕਾ ਉਸ ਰਜਿਸਟਰ ਵਿੱਚੋਂ ਕੱਢਿਆ, "ਅਜੇ ਵੀ ਮੈਨੂੰ ਇਸ 'ਤੇ ਵਿਸ਼ਵਾਸ਼ ਨਹੀਂ ਆਉਂਦਾ।"

ਜ਼ਵਾਈਲਿੰਗ ਦੀ ਬੇਚੈਨੀ ਵਧਦੀ ਜਾ ਰਹੀ ਸੀ। ਉਸ ਕਾਗ਼ਜ਼ ਦੇ ਟੋਟੇ ਨੂੰ ਝੱਟ ਪਹਿਚਾਣ ਲਿਆ ਸੀ। ਗੀਨਬੂਥ ਨੇ ਬੜੀ ਹਮਦਰਦੀ ਨਾਲ਼ ਠੰਡਾ ਸਾਹ ਭਰਿਆ। ਉਸ ਨੂੰ ਜ਼ਵਾਈਲਿੰਗ ਦੀ ਪ੍ਰੇਸ਼ਾਨੀ ਵਧਾਉਣ ਵਿੱਚ ਸੁਆਦ ਆ ਰਿਹਾ ਸੀ, "ਅਸਾਂ ਹੋਫ਼ਲ ਤੇ ਉਸ ਪੋਲਿਸ਼ ਨੂੰ, ਕੀ ਨਾਂ ਹੈ ਉਸ ਦਾ, ਥੋੜ੍ਹਾ ਜਿਹਾ ਪੁਚਕਾਰਿਆ ਅਤੇ..." ਗੀਨਬੂਥ ਨੇ ਅੱਖ ਮਾਰੀ ਤੇ ਅਧੂਰੇ ਵਾਕ ਨੂੰ ਹੋਰ ਵੀ ਅਰਥ ਭਰਪੂਰ ਬਣਾਉਂਦੇ ਹੋਏ ਬੋਲਿਆ : "ਬੱਸ ਇਹ ਸਮਝ ਲੈ ਕਿ ਉਨ੍ਹਾਂ ਸਾਰਾ ਦੋਸ਼ ਤੇਰੇ ਸਿਰ ਉੱਤੇ ਸੁੱਟ ਦਿੱਤਾ।"

ਜ਼ਵਾਈਲਿੰਗ ਉੱਛਲ ਹੀ ਪਿਆ ਹੁੰਦਾ, ਪਰ ਇਸ ਖ਼ਿਆਲ ਨਾਲ਼ ਕਿ ਕਿਤੇ ਉਹ ਆਪਣੇ ਪੈਰਾਂ 'ਤੇ ਆਪ ਹੀ ਕੁਹਾੜੀ ਨਾ ਮਾਰ ਲਵੇ, ਉਸ ਨੇ ਡਰ ਦੀ ਲਹਿਰ ਨੂੰ ਹੱਥ ਦੇ ਇੱਕ ਇਸ਼ਾਰੇ ਵਿੱਚ ਬਦਲ ਦਿੱਤਾ : "ਉਹ ਤਾਂ ਮੇਰੇ ਤੋਂ ਬਦਲਾ ਲੈਣਾ ਚਾਹੁੰਦੇ ਹੋਣਗੇ।"

ਗੀਨਬੂਥ ਨੇ ਕੁਰਸੀ ਦੀ ਪਿੱਠ ਨਾਲ਼ ਢੋਹ ਲਾ ਕੇ ਮੇਜ਼ 'ਤੇ ਹੱਥ ਫ਼ੈਲਾਏ : "ਮੈਂ ਵੀ ਆਪਣੇ ਆਪ ਨੂੰ ਇਹੋ ਕਹਿੰਦਾ ਹਾਂ।"

ਉਹ ਜਾਣ-ਬੁੱਝ ਕੇ ਥੋੜ੍ਹਾ ਚਿਰ ਚੁੱਪ ਰਿਹਾ ਤੇ ਕਾਗ਼ਜ਼ ਦੇ ਟੁਕੜੇ ਨਾਲ਼ ਖੇਡਦਾ ਰਿਹਾ। ਜ਼ਵਾਈਲਿੰਗ ਨੇ ਆਪਣੇ-ਆਪ ਨੂੰ ਬਚਾਉਣ ਦੀ ਇੱਕ ਕਮਜ਼ੋਰ ਜਿਹੀ ਕੋਸ਼ਿਸ਼ ਕੀਤੀ : "ਇਹ ਤਾਂ ਤੁਸੀਂ ਸਮਝ ਹੀ ਸਕਦੇ ਹੋ ਕਿ ਮੈਂ ਨੇ ਨਹੀਂ...."

"ਮੈਂ ਕੁੱਝ ਨਹੀਂ ਸਮਝਦਾ।" ਗੀਨਬੂਥ ਨੇ ਉਸ ਦੀ ਗੱਲ ਵਿੱਚੋਂ ਕੱਟ ਦਿੱਤੀ, "ਗੱਲ ਇੰਨੀ ਸਿੱਧੀ ਨਹੀਂ। ਦੋ ਚਾਰ ਗੱਲਾਂ ਨਿੰਕਲਦੀਆਂ ਹਨ, ਜਿਵੇਂ ਉਹ ਰੁੱਕਾ...."

ਗੀਨਬੂਥ ਨੇ ਬੇਪਰਵਾਹੀ ਨਾਲ਼ ਰੁੱਕੇ ਨੂੰ ਜ਼ਵਾਈਲਿੰਗ ਵੱਲ ਸੁੱਟ ਦਿੱਤਾ, ਜਿਸ ਨੇ ਲਿਖਤ ਪੜ੍ਹ ਕੇ ਹੈਰਾਨੀ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਪਰ ਗੀਨਬੂਥ ਉਸ ਦੇ ਸਾਂਗ ਨੂੰ ਸਮਝ ਰਿਹਾ ਸੀ। ਉਸ ਦਾ ਵਿਸ਼ਵਾਸ਼ ਵਧਦਾ ਗਿਆ ਕਿ ਉਸ ਨੇ ਠੀਕ ਸਮਝਿਆ ਹੈ।"

"ਇਹ ਕਿਸੇ ਅਜਿਹੇ ਬੰਦੇ ਦਾ ਲਿਖਿਆ ਹੋਇਆ ਨਹੀਂ, ਜਿਹੜਾ ਤੁਹਾਡੇ ਕਮਾਂਡੋ ਦਾ ਹੋਵੇ।"

ਜ਼ਵਾਈਲਿੰਗ ਦੀ ਉਲ਼ਝਣ ਵਧਦੀ ਜਾ ਰਹੀ ਸੀ।

"ਤੁਹਾਨੂੰ ਇਹ ਕਿਵੇਂ ਪਤਾ ਲੱਗਿਆ ?"

ਗੀਨਬੂਥ ਦੇ ਚਿਹਰੇ ਉੱਤੇ ਫ਼ਰੇਬੀ ਮੁਸਕਣੀ ਆ ਗਈ। ਉਸ ਰੁੱਕਾ ਲੈ ਲਿਆ ਤੇ ਉਸ ਨੂੰ ਬੜੀ ਉਦਾਸੀ ਨਾਲ਼ ਤਹਿ ਕਰਕੇ, ਜ਼ਵਾਈਲਿੰਗ ਨੂੰ ਹੋਰ ਵਧੇਰੇ ਘਬਰਾਉਣ ਲਈ, ਆਪਣੇ ਕੋਟ ਦੀ ਜੇਬ੍ਹ ਵਿੱਚ ਰੱਖ ਲਿਆ। ਜ਼ਵਾਈਲਿੰਗ ਇਤਨਾ ਦਿਮਾਗ਼ ਹਾਜ਼ਰ ਨਹੀਂ ਸੀ ਕਿ ਪਰਤਵਾਂ ਜੁਆਬ ਦੇ ਸਕਦਾ ਤੇ ਸਿੱਟਾ ਇਹ ਨਿੰਕਲ਼ਿਆ ਕਿ ਉਸ ਦੀ ਚੁੱਪ ਸਵਾਲ ਦੇ ਨਾਲ਼-ਨਾਲ਼ ਇਕਬਾਲ ਵੀ ਬਣ ਗਈ।

ਹੁਣ ਰੀਨਬ੍ਰਥ ਨੂੰ ਬਹੁਤ ਕੁੱਝ ਪਤਾ ਲੱਗ ਚੁੱਕਿਆ ਸੀ। ਆਪਣੀ ਸਫ਼ਲਤਾ ’ਤੇ ਖ਼ੁਸ਼ ਹੋ ਕੇ ਉਹ ਫਿਰ ਕੁਰਸੀ ਦੀ ਢੋਹ ਨਾਲ਼ ਲੱਗ ਗਿਆ ਤੇ ਆਪਣੀਆਂ ਉਂਗਲਾਂ ਨਾਲ਼ ਕੁਰਸੀ ਦੇ ਡੰਡੇ ਉੱਤੇ ਤਬਲਾ ਵਜਾਉਣ ਲੱਗਿਆ।

“ਤਾਂ ਫਿਰ ਦੋਸਤ....”

ਜ਼ਵਾਈਲਿੰਗ ਦਾ ਚਿਹਰਾ ਢਿੱਲਾ ਪੈ ਗਿਆ। ਉਸ ਡੁੱਬਦੇ ਹੋਏ ਬੰਦੇ ਵਾਂਗ, ਸਿਰ, ਪਾਣੀ ਤੋਂ ਉੱਪਰ ਰੱਖਣ ਦੀ ਕੋਸ਼ਿਸ਼ ਕੀਤੀ :

“ਕੌਣ ਇਹ ਸਾਬਤ ਕਰ ਸਕਦਾ ਹੈ ਕਿ ਮੈਂ....”

ਝੱਟ ਰੀਨਬ੍ਰਥ ਅਗਾਂਹ ਨੂੰ ਝੁਕ ਗਿਆ “ਤੂੰ ਕਿਵੇਂ ਸਾਬਤ ਕਰ ਸਕਦਾ ਹੈਂ ਕਿ ਤੂੰ ਨਹੀਂ ਲਿਖਿਆ।”

ਉਨ੍ਹਾਂ ਦੀਆਂ ਨਜ਼ਰਾਂ ਇੱਕ ਦੂਜੇ ਨਾਲ਼ ਮਿਲ਼ੀਆਂ, ਰੀਨਬ੍ਰਥ ਨੇ ਮਿੱਤਰਤਾਨਾ ਵਤੀਰਾ ਧਾਰਨ ਕਰ ਲਿਆ।

“ਮੈਨੂੰ ਵਿਸ਼ਵਾਸ਼ ਹੈ ਕਿ ਤੇਰਾ ਇਸ ਮਾਮਲੇ ਨਾਲ਼ ਕੋਈ ਵਾਸਤਾ ਨਹੀਂ ਹੈ।” ਇਹ ਸਾਫ਼ ਚਾਲ ਸੀ ਤੇ ਭਾਵ ਇਹ ਸੀ ਕਿ ਜ਼ਵਾਈਲਿੰਗ ਸਮਝ ਜਾਵੇ ਕਿ ਇਹ ਚਾਲ ਹੈ।

“ਅਜੇ ਮੈਂ ਇਹ ਜਾਣਦਾ ਹਾਂ ਕਿ ਅਸਲੀਅਤ ਕੀ ਹੈ ?” ਉਹ ਧਮਕਾਉਣ ਦੇ ਅੰਦਾਜ਼ ਵਿੱਚ ਮੁਸਕਰਾਇਆ ਤੇ ਉਸ ਨੇ ਆਪਣੀ ਉਂਗਲੀ ਉਠਾਈ, “ਹੁਣ ਤੱਕ ਇਹ ਵੀ ਕਿਹਾ ਜਾ ਸਕਦਾ ਹੈ ਕਿ ਹਾਪਤ ਸ਼ਾਰ ਫ਼ੋਹਰਰ ਜ਼ਵਾਈਲਿੰਗ ਗ਼ੈਰ-ਕਨੂੰਨੀ ਜੱਥੇਬੰਦੀ ਦਾ ਪਤਾ ਲਾਉਣ ਲਈ ਯਹੂਦੀ ਬੱਚੇ ਦੇ ਮਾਮਲੇ ਵਿੱਚ ਪਿਆ ਸੀ..ਹਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਹਾਪਤ ਸ਼ਾਰ ਫ਼ੋਹਰਰ ਜ਼ਵਾਈਲਿੰਗ ਨੇ ਲੁਕਵੇਂ ਆਦੇਸ਼ਾਂ ਅਨੁਸਾਰ ਇਹ ਕੰਮ ਕੀਤਾ ਸੀ...”

ਰੀਨਬ੍ਰਥ ਨੇ ਉਂਗਲੀ ਨਾਲ਼ ਆਪਣੀ ਠੋਡੀ ਮਲ਼ੀ। “ਇਹ ਵੀ ਕਿਹਾ ਜਾ ਸਕਦਾ ਹੈ।” “ਪਰ ਮੈਂ ਉਨ੍ਹਾਂ ਨੂੰ ਉੱਕਾ ਨਹੀਂ ਜਾਣਦਾ...”

ਰੀਨਬ੍ਰਥ ਨੇ ਉਸ ਵੱਲ ਹੱਥ ਕੀਤਾ “ਅਜੇ ਤੱਕ ਮੈਨੂੰ ਇਸ ਦਾ ਵਿਸ਼ਵਾਸ਼ ਨਹੀਂ ਹੈ। ਵੇਖ ਦੋਸਤ, ਮੈਂ ਇਮਾਨਦਾਰ ਆਦਮੀ ਹਾਂ, ਇਸ ਲਈ ਮੈਂ ਤੈਨੂੰ ਦੱਸ ਦੇਂਦਾ ਹਾਂ ਕਿ ਮੈਨੂੰ ਇਸ ’ਤੇ ਵਿਸ਼ਵਾਸ਼ ਨਹੀਂ।”

ਜ਼ਵਾਈਲਿੰਗ ਕੁੱਝ ਕਹਿਣਾ ਚਾਹੁੰਦਾ ਸੀ। ਰੀਨਬ੍ਰਥ ਨੇ ਉਸ ’ਤੇ ਪੂਰੇ ਜ਼ੋਰ ਨਾਲ਼ ਹਮਲਾ ਕੀਤਾ “ਹੁਜਤਾਂ ਛੱਡ ! ਤੇਰੀ ਜਾਨ ਦਾ ਮਾਮਲਾ ਹੈ। ਬਾਰਾਂ ਵੱਜਣ ਵਿੱਚ ਪੰਜ ਮਿੰਟ ਬਾਕੀ ਹਨ। ਮੈਨੂੰ ਮਜਬੂਰ ਨਾ ਕਰ।”

ਜ਼ਵਾਈਲਿੰਗ ਉੱਕਾ ਬੇਬਸ ਹੋ ਗਿਆ।

“ਪਰ ਮੈਂ ਕਿਵੇਂ...”

ਰੀਨਬ੍ਰਥ ਖੜ੍ਹਾ ਹੋ ਗਿਆ। ਉਸ ਦੀ ਚਲਾਕੀ ਭਰੀ ਨਰਮੀ ਖ਼ਤਮ ਹੋ ਗਈ-ਬੜੀ ਤਸੱਲੀ ਨਾਲ਼ ਤੇ ਖ਼ਤਰਨਾਕ ਢੰਗ ਨਾਲ਼ ਜ਼ਵਾਈਲਿੰਗ ਉੱਤੇ ਵੱਸ ਪਿਆ “ਤੂੰ ਜਿਵੇਂ ਮਰਜ਼ੀ ਕਰ, ਇਹ ਤੇਰਾ ਮਾਮਲਾ ਹੈ। ਤੂੰ ਕਮਿਊਨਿਸਟਾਂ ਨਾਲ਼ ਗੰਢਤੁੱਪ ਕੀਤੀ। ਤੁਸੀਂ ਕਿਤਨੇ

ਘੁਲ਼ੇ-ਮਿਲ਼ੇ ਸਉ, ਇਹ ਤੇਰਾ ਮਾਮਲਾ ਹੈ। ਹੁਣ ਫੰਦੇ ਵਿੱਚੋਂ ਕਿਵੇਂ ਧੌਣ ਕੱਢੋ ਇਹ ਤੇਰਾ ਮਾਮਲਾ ਹੈ। ਮਾਮਲਾ ਤੇਰਾ ਹੈ, ਸਮਝਿਆ ? ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਇਸ ਦੇ ਪਿੱਛੇ ਕੌਣ ਏ, ਤੂੰ ਕਿਸ-ਕਿਸ ਨੂੰ ਜਾਣਦਾ ਏਂ ?"

ਜ਼ਵਾਈਲਿੰਗ ਹੱਕਾ-ਬੱਕਾ ਏਧਰ-ਓਧਰ ਵੇਖਣ ਲੱਗਾ।

"ਮੈਂ ਹੋਫ਼ਲ ਤੇ ਕਰੋਪਿਨਸਕੀ ਨੂੰ ਜਾਣਦਾ ਹਾਂ।"

"ਹੋਰ ਕਿਸ ਨੂੰ ?"

"ਮੈਂ ਪੀਪਿਗ ਨੂੰ ਜਾਣਦਾ ਹਾਂ।"

"ਪੀਪਿਗ, ਖ਼ੂਬ, ਹੋਰ ਕਿਸ ਨੂੰ ?"

ਹੁਣ ਜ਼ਵਾਈਲਿੰਗ ਦੀ ਸਮਝ ਵਿੱਚ ਕੁੱਝ ਨਹੀਂ ਸੀ ਆ ਰਿਹਾ, ਉਸ ਅਨੁਮਾਨ ਨਾਲ਼ ਇੱਕ ਨਾਂ ਲਿਆ : "ਮੈਂ ਕਰੈਮਰ ਨੂੰ ਜਾਣਦਾ ਹਾਂ।"

"ਉਹ ਤਾਂ ਸਪੱਸ਼ਟ ਹੀ ਹੈ ਕਿ ਤੂੰ ਕਰੈਮਰ ਨੂੰ ਜਾਣਦਾ ਏਂ।" ਰੀਨਬੂਥ ਨੇ ਮਖ਼ੌਲ ਉਡਾਇਆ। "ਮੰਦੇ ਭਾਗਾਂ ਨੂੰ ਇਹਨਾਂ ਲੋਕਾਂ ਨੂੰ ਤਾਂ ਅਸੀਂ ਵੀ ਜਾਣਦੇ ਹਾਂ, ਸਾਨੂੰ ਦੂਜੇ ਨਾਂ ਚਾਹੀਦੇ ਹਨ।"

"ਦੂਜੇ ਕੌਣ ?"

ਰੀਨਬੂਥ ਨੇ ਮੇਜ਼ 'ਤੇ ਮੁੱਕਾ ਮਾਰਿਆ, ਪਰ ਝੱਟ ਹੀ ਆਪਣੇ-ਆਪ ਨੂੰ ਸਾਂਭ ਲਿਆ। ਉੱਠ ਕੇ ਉਸ ਆਪਣੀ ਵਰਦੀ ਠੀਕ ਕੀਤੀ ਤੇ ਰਤਾ ਕਰੜੇ ਲਹਿਜੇ ਵਿੱਚ ਬੋਲਿਆ, "ਤੇਰੇ ਕੋਲ਼ ਅਜੇ ਕਾਫ਼ੀ ਸਮਾਂ ਹੈ, ਸੋਚ ਲੈ... ਦੋਸਤ..."

ਜ਼ਵਾਈਲਿੰਗ ਘਰ ਆਇਆ ਤਾਂ ਬਹੁਤ ਹੀ ਪ੍ਰੇਸ਼ਾਨ ਸੀ।

ਹੋਰਟਨੈੱਸ ਨੇ ਉਸ ਨੂੰ ਵੇਖਦੇ ਹੀ ਵਾਰ ਕੀਤਾ, "ਤਾਂ ਪਤਾ ਲੱਗ ਗਿਆ ਤੈਨੂੰ ਕਿ ਤੇਰੀ ਧੌਣ ਜਕੜੀ ਜਾਣ ਵਾਲ਼ੀ ਏ ?"

ਜ਼ਵਾਈਲਿੰਗ ਧੈਂਹ ਕਰਦਾ ਇੱਕ ਕੁਰਸੀ 'ਤੇ ਡਿੱਗ ਪਿਆ ਤੇ ਜੈਕਟ ਦਾ ਗਲ਼ਾ ਖੋਲ੍ਹਦੇ ਹੀ ਬੋਲਿਆ, "ਹੁਣ ਮੈਨੂੰ ਕਹਿੰਦੇ ਹਨ ਕਿ ਲੁਕਵੀਂ ਜੱਥੇਬੰਦੀ ਵਾਲ਼ਿਆਂ ਦੀ ਸੂਚੀ ਲਿਆ ਕੇ ਦੇ।"

"ਤਾਂ ਲਿਆ ਦੇ" ਹੋਰਟਨੈੱਸ ਨੇ ਦੂਜਾ ਵਾਰ ਕੀਤਾ।

"ਪਰ ਮੈਂ ਕਿਸੇ ਨੂੰ ਜਾਣਦਾ ਹੀ ਨਹੀਂ।"

ਹੋਰਟਨੈੱਸ ਨੇ ਆਪਣੇ ਹੱਥ ਛਾਤੀ 'ਤੇ ਘੁੱਟ ਲਏ : "ਇਹ ਹੈ ਉਸ ਯਹੂਦੀ ਕਤੂਰੇ ਦੀ ਕਿਰਪਾ! ਉਸ ਨੂੰ ਪਹਿਲਾਂ ਹੀ ਮਾਰ ਦੇਣਾ ਚਾਹੀਦਾ ਸੀ।"

ਜ਼ਵਾਈਲਿੰਗ ਨੇ ਤਿਉੜੀ ਚੜ੍ਹਾਈ, "ਪਰ ਹੁਣ ਮੈਂ ਨਾਂਅ ਕਿਸ ਦੇ ਦੱਸਾਂ ?"

ਹੋਰਟਨੈੱਸ ਚੀਕਣ ਲੱਗੀ, "ਇਹ ਮੈਂ ਕਿੱਥੋਂ ਦੱਸਾਂ, ਕੈਂਪ ਦੇ ਲਫ਼ੰਗਿਆਂ ਨੂੰ ਤੂੰ ਜਾਣਦਾ ਏਂ, ਮੈਂ ਤਾਂ ਨਹੀਂ ਜਾਣਦੀ।"

"ਅਤੇ ਜੇ ਮੈਂ ਗ਼ਲਤ ਨਾਂ ਦੇ ਦਿਆਂ ਤਾਂ ?"

ਹੋਰਟਨੈੱਸ ਘ੍ਰਿਣਾ ਨਾਲ਼ ਹੱਸੀ "ਸਾਨੂੰ ਇਸ ਨਾਲ਼ ਕੀ ਮਤਲਬ ? ਤੂੰ ਤਾਂ ਆਪਣੀ ਜਾਨ ਬਚਾਉਣੀ ਏ।"

ਜ਼ਵਾਈਲਿੰਗ ਧੌਣ 'ਤੇ ਹੱਥ ਫੇਰਨ ਲੱਗਾ।

ਰਾਤ ਭਰ ਉਸ ਦੀ ਅੱਖ ਨਹੀਂ ਲੱਗੀ। ਉਹ ਲਗਾਤਾਰ ਸੋਚਦਾ ਰਿਹਾ, ਆਪਣਾ ਦਿਮਾਗ਼ ਖਪਾਉਂਦਾ ਰਿਹਾ। ਉਸ ਦੇ ਨਾਲ਼ ਸੁੱਤੀ ਹੋਈ ਉਸ ਦੀ ਪਤਨੀ ਠੰਢੇ ਸਾਹ ਭਰਦੀ ਰਹੀ, ਉਹ ਵੀ ਸਾਰੀ ਰਾਤ ਬੇਚੈਨੀ ਨਾਲ਼ ਪਾਸੇ ਪਰਤਦੀ ਰਹੀ।

ਤਿੰਨ

ਪੀਪਿਗ ਨੂੰ ਇਹ ਫ਼ਿਕਰ ਖਾਈ ਜਾ ਰਹੀ ਸੀ ਕਿ ਪਸਤੌਲ ਕਿੱਥੇ ਲੁਕਾਏ ਜਾਣ।

ਸਾਰੀ ਦੁਪਹਿਰ ਉਹ ਪ੍ਰਗਟ ਤਾਂ ਇਹ ਕਰਦਾ ਰਿਹਾ ਕਿ ਉਹ ਕੰਮ ਵਿੱਚ ਬਹੁਤ ਹੀ ਰੁੱਝਿਆ ਹੋਇਆ ਹੈ, ਪਰ ਅਸਲ ਵਿੱਚ ਉਹ ਕਿਸੇ ਹੋਰ ਯੋਗ ਥਾਂ ਦੀ ਭਾਲ਼ ਵਿੱਚ ਸੀ। ਛੱਤ ਤੋਂ ਲੈ ਕੇ ਤਹਿਖ਼ਾਨੇ ਦੇ ਫ਼ਰਸ਼ ਤੱਕ ਉਸ ਪੂਰੀ ਇਮਾਰਤ ਨੂੰ ਭਾਲ਼ ਮਾਰਿਆ, ਇਹ ਚੀਜ਼ਾਂ ਕਿੱਥੇ ਲੁਕਾਏ ? ਕੋਈ ਥਾਂ ਅਜਿਹੀ ਨਜ਼ਰ ਨਹੀਂ ਸੀ ਆ ਰਹੀ, ਜਿਹੜੀ ਪੂਰੀ ਤਰ੍ਹਾਂ ਸੁਰੱਖਿਅਤ ਹੋਵੇ।

ਬਾਰੀ ਵਿੱਚੋਂ ਉਸ ਵੇਖਿਆ ਕਿ ਜ਼ਵਾਈਲਿੰਗ ਆਪਣੀ ਮੇਜ਼ 'ਤੇ ਥੱਕਿਆ ਹਾਰਿਆ ਬੈਠਾ ਹੈ।

"ਮੇਜ਼" ਪੀਪਿਗ ਨੇ ਘ੍ਰਿਣਾ ਨਾਲ਼ ਸੋਚਿਆ, "ਇਸ ਮਰਦੂਦ ਨੇ ਸਵਾਏ ਹਾਜ਼ਰੀ ਹੇਠਾਂ ਦਸਤਖ਼ਤ ਕਰਨ ਦੇ ਕੁੱਝ ਨਹੀਂ ਲਿਖਿਆ, ਪਰ ਮੇਜ਼ ਵੇਖੋ ਤਾਂ ਜਾਪਦਾ ਹੈ ਜਿਵੇਂ ਕਿ ਜਨਰਲ ਮੈਨੇਜਰ ਹੋਵੇ।"

ਝੱਟ ਉਸ ਨੂੰ ਇੱਕ ਗੱਲ ਸੁੱਝੀ। ਲੁਕਾਉਣ ਦੀ ਯੋਗ ਥਾਂ ਉਸ ਦੀ ਸਮਝ ਵਿੱਚ ਆ ਗਈ ਸੀ।

ਆਮ ਵਾਂਗ ਜ਼ਵਾਈਲਿੰਗ ਸ਼ਾਮ ਦੀ ਹਾਜ਼ਰੀ ਮਗਰੋਂ ਇਮਾਰਤ ਵਿੱਚੋਂ ਚਲਿਆ ਗਿਆ। ਕਰਫ਼ਿਊ ਦੀ ਸੀਟੀ ਤੋਂ ਰਤਾ ਪਹਿਲਾਂ ਤੱਕ ਉੱਥੋਂ ਦੇ ਕੈਦੀ ਆਪਣਾ ਕੰਮ ਕਰਦੇ ਰਹੇ।

ਹੋਫ਼ਲ ਦੀ ਗ੍ਰਿਫ਼ਤਾਰੀ ਮਗਰੋਂ ਇਮਾਰਤ ਨੂੰ ਜੰਦਰਾ ਮਾਰਨ ਦੀ ਡਿਊਟੀ ਪੀਪਿਗ ਨੇ ਆਪਣੇ ਜ਼ਿੰਮੇ ਲੈ ਲਈ ਸੀ। ਜਾਂਦੇ ਸਮੇਂ ਉਹ ਫ਼ਾਟਕ ਦੇ ਪਹਿਰੇਦਾਰ ਨੂੰ ਕੁੰਜੀ ਦੇਂਦਾ ਜਾਂਦਾ ਤੇ ਸਵੇਰੇ ਆਉਣ ਸਮੇਂ ਲਈ ਆਉਂਦਾ। ਪੀਪਿਗ ਦੀ ਸਕੀਮ ਵਿੱਚ ਇਸ ਗੱਲ ਨੂੰ ਬਹੁਤ ਮਹੱਤਤਾ ਪ੍ਰਾਪਤ ਸੀ।

ਜੇ ਜ਼ਵਾਈਲਿੰਗ ਨੇ ਲੱਤ ਨਾ ਅੜਾਈ, ਜਿਵੇਂ ਉਸ ਬੱਚਾ ਕੱਢਣ ਵਾਲ਼ੇ ਦਿਨ ਕੀਤਾ ਸੀ ਤਾਂ ਕੰਮ ਬਣ ਜਾਏਗਾ।

ਇਸ ਵਾਰ ਸਭ ਅੱਛਾ ਰਿਹਾ, ਜ਼ਵਾਈਲਿੰਗ ਚਲਿਆ ਗਿਆ। ਕਰਫ਼ਿਊ ਦੀ ਸੀਟੀ ਤੋਂ ਅੱਧਾ ਘੰਟਾ ਪਹਿਲਾਂ ਕੈਦੀ ਇਮਾਰਤ ਵਿੱਚੋਂ ਚਲੇ ਗਏ। ਪੀਪਿਗ ਨੇ ਜੰਦਰਾ ਲਾ ਦਿੱਤਾ, ਸਾਰਿਆਂ ਨੂੰ ਇਹੋ ਜਾਪਿਆ, ਕੁੰਡਾ ਦੋ ਵਾਰ ਖਟ-ਖਟ ਘੁੰਮਿਆ, ਪਰ ਅਸਲ ਵਿੱਚ

ਜੰਦਰਾ ਬੰਦ ਨਹੀਂ ਸੀ ਹੋਇਆ। ਪੀਪਿਗ ਨੇ ਕੁੰਜੀ ਲਿਜਾ ਕੇ ਫ਼ਾਟਕ 'ਤੇ ਜਮ੍ਹਾਂ ਕਰਾ ਦਿੱਤੀ।

ਹਨ੍ਹੇਰਾ ਹੋ ਗਿਆ ਸੀ। ਪੀਪਿਗ ਨੂੰ ਆਪਣੇ ਬਲਾਕ ਸੀਨੀਅਰ ਨੂੰ ਮਨਾਉਣ ਵਿੱਚ ਰਤਾ ਵੀ ਔਕੜ ਪੇਸ਼ ਨਾ ਆਈ।

"ਸੁਣੋ ਮੈਕਸ! ਅੱਜ ਰਾਤ ਮੈਂ ਬਲਾਕ ਵਿੱਚ ਨਹੀਂ ਸੌਂਵਾਗਾ, ਮੈਂ ਸਮਾਨਖ਼ਾਨੇ ਵਿੱਚ ਰਹਾਂਗਾ।"

ਬਲਾਕ ਸੀਨੀਅਰ ਨੇ ਮਖ਼ੌਲ ਵਿੱਚ ਜਵਾਬ ਦਿੱਤਾ :

"ਕਿਉਂ ਬਈ, ਕਿਸ ਚੱਕਰ ਵਿੱਚ ਏਂ ?"

ਤੇ ਪੀਪਿਗ ਉੱਥੋਂ ਹਵਾ ਹੋ ਗਿਆ।

ਪੀਪਿਗ ਨੇ ਚੌਕਸੀ ਨਾਲ਼ ਸੜਕਾਂ ਤੋਂ ਲੰਘਣਾ ਸੀ ਤਾਂ ਜੋ ਕੈਦੀ ਜਾਂ ਨਾਜ਼ੀ ਫ਼ੌਜੀ ਉਸ ਨੂੰ ਵੇਖ ਨਾ ਲਵੇ। ਇਮਾਰਤਾਂ ਦੀ ਓਟ ਲੈਂਦਾ ਉਹ ਅਗਾਂਹ ਵਧਦਾ ਚਲਿਆ ਗਿਆ, ਹੌਲ਼ੇ ਜਿਹੇ ਉਸ ਨੇ ਬੂਹਾ ਖੋਲ੍ਹਿਆ ਤੇ ਅੰਦਰ ਵੜ ਗਿਆ।

ਕੱਪੜਿਆਂ ਵਾਲ਼ੇ ਕਮਰੇ ਅੰਦਰ ਉਹ ਹਨੇਰੇ ਵਿੱਚ ਖਲੋਤਾ ਕੁੱਝ ਛਿਣ ਉਡੀਕ ਕਰਦਾ ਰਿਹਾ। ਰਾਤ ਚਾਨਣੀ ਸੀ। ਅਸਮਾਨ 'ਤੇ ਪੂਰਾ ਚੰਦ ਸੀ, ਹਰ ਪਾਸੇ ਚੁੱਪ-ਚਾਂ ਸੀ। ਥੋੜ੍ਹੀ ਹੀ ਦੇਰ ਮਗਰੋਂ ਉਸ ਕੈਂਪ ਸੀਨੀਅਰ ਦੀ ਤੇਜ਼ ਸੀਟੀ ਸੁਣੀ, ਜੋ ਕਈ ਵਾਰ ਵੱਖ-ਵੱਖ ਥਾਵਾਂ ਤੋਂ ਵੀ ਨੇੜੇ, ਦੂਰ ਹੋਰ ਦੂਰ... ਫਿਰ ਕੈਂਪ ਨੇ ਕਾਲ਼ੀ ਚੁੱਪ ਦਾ ਚੋਗਾ ਪਾ ਲਿਆ।

ਪੀਪਿਗ ਉਡੀਕ ਕਰਦਾ ਰਿਹਾ, ਇੱਕ ਘੰਟਾ, ਦੋ ਘੰਟੇ, ਉਸ ਕੋਲ਼ ਘੜੀ ਤਾਂ ਨਹੀਂ ਸੀ, ਉਹ ਅਨੁਮਾਨ ਨਾਲ਼ ਹੀ ਵਕਤ ਦਾ ਹਿਸਾਬ ਲਾ ਰਿਹਾ ਸੀ। ਜਦ ਉਸ ਦੇ ਹਿਸਾਬ ਨਾਲ਼ ਅੱਧੀ ਰਾਤ ਹੋ ਗਈ ਤੇ ਚਾਰੇ ਪਾਸੇ ਦੀ ਚੁੱਪ-ਚਾਂ ਉਸ ਦੀ ਰਾਖੀ ਦੀ ਜ਼ਾਮਨ ਹੋ ਗਈ ਤਾਂ ਉਹ ਆਪਣੀ ਥਾਂ ਤੋਂ ਉੱਠਿਆ। ਉਸ ਕਲਰਕ ਦੇ ਕਮਰੇ ਵਿੱਚੋਂ ਹਥੌੜੀ, ਪਲਾਸ ਤੇ ਸਥਰੀ ਕੱਢੀ ਤੇ ਦੱਬੇ ਪੈਰੀਂ ਜ਼ਵਾਈਲਿੰਗ ਦੇ ਕਮਰੇ ਵਿੱਚ ਆ ਗਿਆ। ਪੀਪਿਗ ਨੇ ਇੱਕ-ਇੱਕ ਸ਼ੈਅ ਨੂੰ ਪਹਿਲਾਂ ਹੀ ਸੋਚ ਲਿਆ ਸੀ ਤੇ ਹੁਣ ਪਹਿਲਾਂ ਹੀ ਸੋਚੀ ਵਿਉਂਤ ਅਨੁਸਾਰ ਉਸ ਆਪਣਾ ਕੰਮ ਸ਼ੁਰੂ ਕਰ ਦਿੱਤਾ। ਪਹਿਲਾਂ ਪੀਪਿਗ ਨੇ ਭਾਰੀ ਮੇਜ਼ ਨੂੰ ਹੌਲੇ ਜਿਹੇ ਚੁੱਕਿਆ ਤੇ ਉਸ ਨੂੰ ਵੱਖੀ ਭਾਰ ਲਿਟਾ ਦਿੱਤਾ, ਫਿਰ ਉਸ ਅੱਧੀ ਕਾਲੀਨ ਨੂੰ ਧਿਆਨ ਨਾਲ਼ ਵਲ੍ਹੇਟ ਦਿੱਤਾ। ਉਸ ਇੱਕ-ਇੱਕ ਸ਼ੈਅ ਨੂੰ ਫਿਰ ਉਸੇ ਤਰ੍ਹਾਂ ਰੱਖਣਾ ਸੀ, ਤਾਂ ਜੋ ਜ਼ਵਾਈਲਿੰਗ ਨੂੰ ਸ਼ੱਕ ਨਾ ਹੋਵੇ ਕਿ ਉਸ ਦੀ ਮੇਜ਼ ਏਧਰ ਓਧਰ ਕੀਤੀ ਹੈ।

ਇਸ ਮਗਰੋਂ ਪੀਪਿਗ ਨੇ ਬਹੁਤ ਹੀ ਔਖਾ ਤੇ ਵਿੰਗਾ ਕੰਮ ਸ਼ੁਰੂ ਕੀਤਾ।

ਫ਼ਰਸ਼ ਦਾ ਜੋ ਹਿੱਸਾ ਖੁੱਲ੍ਹ ਗਿਆ ਸੀ, ਉਸ ਵਿੱਚੋਂ ਲੱਕੜੀ ਦਾ ਇੱਕ ਬੋਰਡ ਕੱਢਣਾ ਸੀ। ਉਸ ਅੱਖਾਂ ਗੱਡ ਕੇ ਹਨੇਰੇ ਵਿੱਚ ਫ਼ਰਸ਼ ਦਾ ਜੋੜ ਤੇ ਮੇਖਾਂ ਵੇਖਣੀਆਂ ਸ਼ੁਰੂ ਕੀਤੀਆਂ। ਮੇਖਾਂ ਫ਼ਰਸ਼ ਵਿੱਚ ਅੰਦਰ ਤੱਕ ਠੁਕੀਆਂ ਹੋਈਆਂ ਸਨ, ਉਸ ਇਸ ਦਾ ਖ਼ਿਆਲ ਹੀ ਨਹੀਂ ਸੀ ਕੀਤਾ।

ਤੂੰ ਪ੍ਰੇਸ਼ਾਨ ਨਾ ਹੋ। ਹੁਣ ਇੱਥੇ ਕੌਣ ਰੋ ਰਿਹਾ ਏ ਦੋਸਤ...

ਉਸ ਨੇ ਫ਼ਰਸ਼ ਤੇ ਤਖ਼ਤਿਆਂ ਨੂੰ ਮੇਜ਼ ਜਿੰਨੀ ਲੰਮਾਈ-ਚੌੜਾਈ ਵਿੱਚ ਟੋਹਿਆ।

ਕੇਵਲ ਇੱਕ ਕਿਲ ਦਾ ਸਿਰਾ ਰਤਾ ਉੱਭਰਿਆ ਹੋਇਆ ਸੀ, ਪਰ ਇਤਨਾ ਥੋੜ੍ਹਾ ਕਿ ਪਲਾਸ ਦੀ ਜਕੜ ਵਿੱਚ ਨਹੀਂ ਸੀ ਆ ਸਕਦਾ। ਪੀਪਿਗ ਨੇ ਸੱਥਰੀ ਨਾਲ਼ ਕੰਮ ਲੈਣਾ ਚਾਹਿਆ, ਉਹ ਵੀ ਮੇਖ ਦੇ ਸਿਰੇ ਤੋਂ ਤਿਲਕ ਜਾਂਦੀ।

ਹੌਲ਼ੀ-ਹੌਲ਼ੀ ਲੱਕੜ ਉੱਤੇ ਨਿਸ਼ਾਨ ਨਹੀਂ ਆਉਣਾ ਚਾਹੀਦਾ, ਹਰ ਸ਼ੈਅ ਦਾ ਖ਼ਿਆਲ ਰੱਖਣਾ।

ਪੀਪਿਗ ਨੇ ਸਥਰੀ ਨਾਲ਼ ਕਿੱਲ ਦੇ ਸਿਰੇ ਨੂੰ ਟੋਹਿਆ ਤੇ ਪੂਰੇ ਧਿਆਨ ਨਾਲ਼ ਉਸ ਦਾ ਅਨੁਮਾਨ ਲੈਣ ਲੱਗਾ, ਕਿਤੇ ਨਾ ਕਿਤੇ ਤਾਂ ਅੜੇਗੀ। ਅਜਿਹੀ ਮੇਖ ਤਾਂ ਸੰਸਾਰ ਵਿੱਚ ਕਿਤੇ ਨਹੀਂ ਹੁੰਦੀ, ਜਿਸ ਦਾ ਸਿਰਾ ਲੱਕੜੀ ਦੇ ਬਰਾਬਰ ਬੈਠਿਆ ਹੋਵੇ। ਪੀਪਿਗ ਨੂੰ ਉਹ ਥਾਂ ਲੱਭ ਪਈ, ਜਿੱਥੇ ਸੱਥਰੀ ਅੜ ਸਕਦੀ ਸੀ। ਉਸ ਸਥਰੀ ਨੂੰ ਅੜਾ ਕੇ ਹੌਲ਼ੀ-ਹੌਲ਼ੀ ਮੇਖ ਨੂੰ ਉਤਾਂਹ ਚੁੱਕਣਾ ਸ਼ੁਰੂ ਕੀਤਾ ਤੇ ਰਤਾ ਕੁ ਡਿੰਗਾ ਕਰ ਦਿੱਤਾ, ਤਾਂ ਜੋ ਪਲਾਸ ਦੀ ਪਕੜ ਵਿੱਚ ਆ ਸਕੇ। ਫਿਰ ਪਲਾਸ ਨਾਲ਼ ਫੜ ਕੇ ਉਸ ਨੂੰ ਖਿੱਚਣਾ ਸ਼ੁਰੂ ਕੀਤਾ, ਪਰ ਇੰਨੀ ਹੌਲ਼ੀ-ਹੌਲ਼ੀ ਕਿ ਨਾ ਤਾਂ ਕਿੱਲ ਛੁੱਟੇ ਤੇ ਨਾ ਕਿਤੇ ਲੱਕੜੀ ਉੱਤੇ ਨਿਸ਼ਾਨ ਪਏ ਅਤੇ ਉਹ ਮੇਖ ਨਿੱਕਲ਼ ਹੀ ਆਈ।

ਪੰਜ ਮੇਖਾਂ ਅਜੇ ਹੋਰ ਕੱਢਣੀਆਂ ਸਨ, ਪਰ ਇੱਕ ਮੇਖ ਨਿੱਕਲ਼ ਆਉਣ ਨਾਲ਼ ਬਾਕੀ ਤਾਂ ਬੱਚਿਆਂ ਦੀ ਖੇਡ ਸੀ। ਉਸ ਤਖ਼ਤੇ ਨੂੰ ਸਥਰੀ ਨਾਲ਼ ਉਤਾਂਹ ਚੁੱਕਿਆ। ਉਸ ਵਿਚਾਲ਼ੇ ਆਪਣੀ ਟੋਪੀ ਅੜਾਈ ਤੇ ਇੱਕ-ਇੱਕ ਮੇਖ ਨੂੰ ਕੱਢ-ਕੱਢ ਕੇ ਰੱਖਦਾ ਗਿਆ। ਪੂਰਾ ਫੱਟਾ ਨਿੱਕਲ਼ ਆਇਆ। ਪੀਪਿਗ ਇਸ ਇਮਾਰਤ ਦੀ ਉਸਾਰੀ ਵਿੱਚ ਕੰਮ ਕਰ ਚੁੱਕਿਆ ਸੀ ਤੇ ਜਾਣਦਾ ਸੀ ਕਿ ਤਖ਼ਤਿਆਂ ਦੇ ਹੇਠ ਮਲਬਾ ਭਰਿਆ ਹੈ। ਮਲਬੇ ਨੂੰ ਉਸ ਹੱਥ ਨਾਲ਼ ਵਲ੍ਹੇਟ ਕੇ ਦੂਜਿਆਂ ਤਖ਼ਤਿਆਂ ਹੇਠ ਤੁੰਨ ਦਿੱਤਾ। ਹੁਣ ਛੇਤੀ ਕਰਨੀ ਚਾਹੀਦੀ ਹੈ। ਉਹ ਝੱਟ ਕੱਪੜਿਆਂ ਵਾਲ਼ੇ ਕਮਰੇ ਵਿੱਚ ਗਿਆ। ਪੌੜੀ ਲਾ ਕੇ ਕੰਮ ਦੇ ਬੋਰੇ ਲਾਹੇ ਅਤੇ... 'ਘਬਰਾਹਟ ਕਾਹਦੀ ਹੈ, ਭਲਿਆ ਲੋਕਾ! ਤਸੱਲੀ ਨਾਲ਼!' ਪਰ ਉਸ ਦਾ ਹੱਥ ਕੰਬ ਰਿਹਾ ਸੀ। ਇਸ ਲਈ ਇਹਨਾਂ ਅਜਬ-ਅਜਬ ਚੀਜ਼ਾਂ ਨੂੰ ਬੂਟਾਂ ਦੇ ਤਲ਼ਿਆਂ ਵਿੱਚੋਂ ਕੱਢ ਕੇ ਹੱਥ ਵਿੱਚ ਪਕੜਨਾ ਸੌਖਾ ਕੰਮ ਨਹੀਂ ਸੀ—ਉਸ ਨੇ ਪਸਤੌਲ ਕੱਢ ਲਏ।

ਬਾਹਰ ਦਾ ਬੂਹਾ ਖੁੱਲ੍ਹਿਆ।

"ਤੂੰ ਇੱਥੇ ਕੀ ਕਰ ਰਿਹਾ ਏਂ ?" ਬਰੰਡਲ ਨੇ ਸੜ ਕੇ ਸਵਾਲ ਕੀਤਾ। ਪੀਪਿਗ ਨੇ ਆਪਣਾ ਮੂੰਹ ਖੋਲ੍ਹਿਆ, ਪਰ ਉਸ ਦੇ ਮੂੰਹ ਵਿੱਚੋਂ ਜਵਾਬ ਨਾ ਨਿੱਕਲ਼ਿਆ। ਕੈਂਪ ਦੇ ਗਸ਼ਤੀ ਪਹਿਰੇਦਾਰ ਬਰੰਡਲ ਤੇ ਮੁਲਰ ਉਸ ਦੇ ਸਾਹਮਣੇ ਖਲੋਤੇ ਸਨ। ਦੋਵੇਂ ਖੁੱਲ੍ਹੇ ਫ਼ਰਸ਼ ਨੂੰ ਝੁਕ ਕੇ ਵੇਖਣ ਲੱਗੇ। ਅੰਨ੍ਹੇਰੇ ਵਿੱਚ ਕਾਲ਼ੀਆਂ-ਕਾਲ਼ੀਆਂ ਚੀਜ਼ਾਂ ਕੁੱਝ ਸਾਫ਼ ਵਿਖਾਈ ਨਹੀਂ ਸਨ ਦੇ ਰਹੀਆਂ, ਬਰੰਡਲ ਨੇ ਚੁੱਕਣ ਲਈ ਹੱਥ ਵਧਾਇਆ।

ਪੀਪਿਗ ਤ੍ਰਭਕ ਪਿਆ। ਉਸ ਬਰੰਡਲ ਨੂੰ ਜ਼ੋਰ ਦਾ ਧੱਕਾ ਦਿੱਤਾ, "ਖ਼ਬਰਦਾਰ ਜੇ ਹੱਥ ਲਾਇਆ।" ਪਰ ਮੁਲਰ ਵੀ ਪਹੁੰਚ ਗਿਆ ਤੇ ਦੋਹਾਂ ਦੇ ਹੱਥ ਵਿੱਚ ਜਦ ਪਸਤੌਲ ਆਏ ਤਾਂ ਬੁਖਲਾ ਗਏ।

"ਇਹ ਤੇਰੇ ਹੱਥ ਕਿੱਥੋਂ ਲੱਗੇ ?"

ਪੀਪਿਗ ਖੜ੍ਹਾ ਹੋ ਗਿਆ : "ਤੁਹਾਨੂੰ ਇਸ ਨਾਲ਼ ਕੀ ਮਤਲਬ ?"

ਲੰਮੇ-ਚੌੜੇ ਬਰੰਡਲ ਨੇ ਛੋਟੇ ਜਿਹੇ ਪੀਪਿਗ ਨੂੰ ਦਬੋਚ ਲਿਆ "ਕਿੱਥੋਂ ਮਿਲ਼ੇ ਨੇ ਤੈਨੂੰ ?" ਬੜੀ ਨਾਜ਼ਕ ਘੜੀ ਸੀ।

ਮੁਲਰ ਉਨ੍ਹਾਂ ਵਿਚਾਲ਼ੇ ਆ ਗਿਆ ਤੇ ਉਸ ਦੋਹਾਂ ਨੂੰ ਵੱਖ ਕੀਤਾ।

"ਹਰਾਮੀਆ ? ਦਿਮਾਗ਼ ਵਿੱਚ ਤੂੜੀ ਭਰੀ ਪਈ ਆ ?" ਪੀਪਿਗ ਉਸ ਨੂੰ ਸੰਬੋਧਨ ਹੋਇਆ।

"ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ, ਇਹ ਸਭ ਕਿਸੇ ਲਈ ਏ। ਸਾਡੇ ਜੁੱਸੇ ਨੂੰ ਜੋਕ ਚਿੰਬੜੀ ਹੋਈ ਹੈ। ਇਹ ਚੀਜ਼ਾਂ ਹੋਫ਼ਲ ਦੀਆਂ ਹਨ। ਵੇਖ ਤਾਂ ਲਿਆ ਤੁਸਾਂ, ਪਰ ਖ਼ਬਰਦਾਰ ਜੇ ਜ਼ਬਾਨ ਖੋਲ੍ਹੀ ਤਾਂ ਤੇ ਚੱਲੋਂ ਇਹਨਾਂ ਨੂੰ ਲੁਕਾਉਣ ਵਿੱਚ ਮੇਰੀ ਸਹਾਇਤਾ ਕਰੋ।"

ਦੋਹਾਂ ਗਸ਼ਤੀ ਚੌਕੀਦਾਰਾਂ ਨੇ ਇੱਕ ਦੂਜੇ ਨੂੰ ਵੇਖਿਆ। ਹੋਫ਼ਲ ਉਨ੍ਹਾਂ ਨੂੰ ਫ਼ੌਜੀ ਸਿੱਖਿਆ ਦੇਂਦਾ ਹੁੰਦਾ ਸੀ ਤੇ ਪੂਰੀ ਗੱਲ ਉਨ੍ਹਾਂ ਦੀ ਸਮਝ ਵਿੱਚ ਆ ਗਈ।

ਬਰੰਡਲ ਨੂੰ ਲੁਕਾਉਣ ਦੀ ਇਸ ਥਾਂ 'ਤੇ ਬੜੀ ਹੈਰਾਨੀ ਹੋਈ, "ਇਹ ਜ਼ਵਾਈਲਿੰਗ ਦੀ ਮੇਜ਼ ਹੇਠਾਂ ਛੁਪਾਉਣ ਦਾ ਖ਼ਿਆਲ ਤੈਨੂੰ ਕਿਵੇਂ ਸੁੱਝਿਆ ?"

ਪੀਪਿਗ ਨੇ ਸਰਗੋਸ਼ੀ ਵਿੱਚ ਉੱਤਰ ਦਿੱਤਾ, "ਇਸ ਲਈ ਕਿ ਸ਼ਾਰ ਫ਼ੋਹਰਰ ਦੀ ਪਛਾੜੀ ਸਭ ਤੋਂ ਵਧੀਆਂ ਓਟ ਹੁੰਦੀ ਹੈ। ਸਾਨੂੰ ਤਾਂ ਉਹ ਲੋਕ ਝਾੜ ਝੰਜੋੜ ਕੇ ਸੁੱਟ ਦੇਣਗੇ, ਪਰ ਇੱਥੇ ਵੇਖਣ ਦਾ ਖ਼ਿਆਲ ਨਹੀਂ ਹੋਵੇਗਾ, ਸਮਝੇ ?"

ਬਰੰਡਲ ਇਸ ਮੰਤਕ 'ਤੇ ਹੈਰਾਨ ਰਹਿ ਗਿਆ, "ਰੂਦੀ ਤੈਨੂੰ ਤਾਂ ਕਮਾਲ ਦਾ ਦਿਮਾਗ਼ ਮਿਲ਼ਿਆ ਏ..."

"ਗੱਲਾਂ ਘੱਟ ਕਰੋ।" ਪੀਪਿਗ ਖ਼ੁਸ਼ ਤਾਂ ਹੋਇਆ ਆਪਣੀ ਉਸਤਤ 'ਤੇ ਪਰ ਉਸ ਨੇ ਬਰੰਡਲ ਨੂੰ ਚੁੱਪ ਕਰਾ ਦਿੱਤਾ। ਫਿਰ ਬੜੇ ਧਿਆਨ ਨਾਲ਼ ਤਖ਼ਤੇ ਨੂੰ ਉਸੇ ਥਾਂ 'ਤੇ ਜੜ ਦਿੱਤਾ।

ਚਾਰ

ਫ਼ੋਰਸਤ ਨੂੰ ਹੁਣ ਤੱਕ ਪਤਾ ਲੱਗ ਚੁੱਕਿਆ ਸੀ ਕਿ ਇਹ ਦੋਵੇਂ ਜਿਹੜੇ ਕੋਠੜੀ ਨੰਬਰ ਪੰਜ ਵਿੱਚ ਹਨ, ਇਹਨਾਂ ਨੂੰ ਇੱਥੇ ਕਿਉਂ ਲਿਆਂਦਾ ਗਿਆ ਹੈ। ਰਾਤ ਦੀ ਪੁੱਛ-ਗਿੱਛ ਤੇ ਗੇਨਬੂਥ, ਕਲੂਟਿਗ ਤੇ ਮੈਂਡਰਲ ਦੀ ਆਪੋ ਵਿਚਲੀ ਗੱਲਬਾਤ ਤੋਂ ਇਸ ਨੂੰ ਬਹੁਤ ਕੁੱਝ ਪਤਾ ਲੱਗ ਗਿਆ ਸੀ। ਇਸ ਨੂੰ ਤਾਂ ਸਭ ਤੋਂ ਅੱਡ ਰੱਖਿਆ ਜਾਂਦਾ ਸੀ, ਜਿਸ ਲਈ ਉਸ ਨੂੰ ਕੁੱਝ ਪਤਾ ਨਹੀਂ ਸੀ ਕਿ ਕੈਂਪ ਵਿੱਚ ਕੀ ਕੁੱਝ ਹੁੰਦਾ ਰਹਿੰਦਾ ਹੈ।

ਫਿਰ ਵੀ ਕੋਈ ਸ਼ੈਅ ਲੁਕਵੀਂ ਜੱਥੇਬੰਦੀ ਜਿਹੀ ਤਾਂ ਜ਼ਰੂਰ ਹੋਵੇਗੀ ਅਤੇ ਇਹ ਸਮਝਿਆ ਜਾਂਦਾ ਸੀ ਕਿ ਕੋਠੜੀ ਨੰਬਰ ਪੰਜ ਦੀ ਲੜੀ ਇਸ ਜੱਥੇਬੰਦੀ ਨਾਲ਼ ਜ਼ਰੂਰ ਜੁੜੀ ਹੋਈ ਸੀ ਤੇ ਇਸ ਲੜੀ ਰਾਹੀਂ ਉਸ ਤੱਕ ਪਹੁੰਚਿਆ ਜਾ ਸਕਦਾ ਸੀ। ਇਹ ਫ਼ੋਰਸਤ ਚੰਗੀ

ਤਰ੍ਹਾਂ ਸਮਝਦਾ ਸੀ।

ਉਸ ਦਾ ਪਿਉ ਵੀਆਨਾ ਵਿੱਚ ਉੱਚੀ ਸਰਕਾਰੀ ਪਦਵੀ 'ਤੇ ਸੀ ਅਤੇ ਉਹ ਆਪ—ਹੈਨਸ ਅਲਬਰਟ ਫ਼ੋਰਸਤ—ਵੀ ਸਰਕਾਰੀ ਮੁਲਾਜ਼ਮ ਹੋ ਗਿਆ। ਆਸਟਰੀਆ ਉੱਤੇ ਨਾਜ਼ੀ ਕਬਜ਼ਾ ਹੋਣ ਮਗਰੋਂ ਉਸ ਨੂੰ ਤੇ ਉਸ ਦੇ ਪਿਉ ਨੂੰ ਕੈਦ ਕਰ ਲਿਆ ਗਿਆ, ਇੱਥੋਂ ਤੱਕ ਕਿ ਉਹ ਬੋਖ਼ਨਵਾਲਡ ਪਹੁੰਚਾ ਦਿੱਤਾ ਗਿਆ। ਫ਼ੋਰਸਤ ਦੀ ਡਿਊਟੀ ਫ਼ਾਂਸੀ ਘਰ 'ਤੇ ਲੱਗੀ, ਉੱਥੇ ਹੀ ਉਹ ਲੱਗਿਆ ਰਿਹਾ ਤੇ ਮੈਂਡਰਲ ਦੀ ਸੇਵਾਦਾਰੀ ਕਰਦਾ ਰਿਹਾ। ਹਾਂ, ਫ਼ੋਰਸਤ ਆਮ ਕੈਦੀਆਂ ਦੀ ਮਾਰ-ਕੁਟਾਈ ਵਿੱਚ ਆਪ ਹਿੱਸਾ ਨਹੀਂ ਸੀ ਲੈਂਦਾ, ਉਸਦਾ ਮੈਂਡਰਲ ਨਾਲ਼ ਕਿਸੇ ਤਰ੍ਹਾਂ ਦਾ ਵੀ ਵਾਸਤਾ ਨਹੀਂ ਸੀ।

ਫ਼ੋਰਸਤ ਆਪਣਾ ਕੰਮ ਖ਼ਾਮੋਸ਼ੀ ਤੇ ਆਗਿਆਕਾਰੀ ਨਾਲ਼ ਕਰਦਾ ਸੀ। ਉਹ ਪਰਛਾਵੇਂ ਵਾਂਗ ਨਾਲ਼ ਰਹਿੰਦਾ। ਮੈਂਡਰਲ ਨੂੰ ਕਦੇ ਅਵਾਜ਼ ਦੇਣ ਦੀ ਲੋੜ ਨਾ ਪੈਂਦੀ, ਫ਼ੋਰਸਤ ਸਦਾ ਹਾਜ਼ਰ ਰਹਿੰਦਾ, ਹਰ ਕੰਮ ਠੀਕ ਕਰਦਾ ਰਹਿੰਦਾ। ਮੈਂਡਰਲ ਉਸ ਦੇ ਪਰਛਾਵੇਂ ਦਾ ਆਦੀ ਹੋ ਗਿਆ ਸੀ।

ਜਦੋਂ ਤੋਂ ਹੋਫ਼ਲ ਤੇ ਕਰੋਪਿਨਸਕੀ ਫ਼ਾਂਸੀ ਘਰ ਵਿੱਚ ਆਏ ਸਨ ਤੇ ਫ਼ੋਰਸਤ ਨੇ ਸ਼ਿਊਪ ਇਲੈਕਟ੍ਰੀਸ਼ਨ ਨਾਲ਼ ਸਬੰਧ ਜੋੜਿਆ ਸੀ, ਤਦ ਤੋਂ ਉਸ ਦੇ ਦਿਲ ਵਿੱਚ ਇਹ ਇੱਛਾ ਜ਼ੋਰ ਫੜਦੀ ਜਾ ਰਹੀ ਸੀ ਕਿ ਉਨ੍ਹਾਂ ਦੋਹਾਂ ਮੰਦ-ਭਾਗਿਆਂ ਦੀ ਮਦਦ ਕਰੇ। ਪਰ ਉਹ ਕਰੇ ਤਾਂ ਕੀ ?

ਇਹ ਤਾਂ ਉਹ ਜਾਣਦਾ ਸੀ ਕਿ ਹੋਫ਼ਲ ਤੇ ਕਰੋਪਿਨਸਕੀ ਨੂੰ ਜਾਨ ਤੋਂ ਨਹੀਂ ਮਾਰਿਆ ਜਾਵੇਗਾ—ਅਜੇ ਨਹੀਂ—ਹੋਫ਼ਲ ਰੈਂਚ ਨਾਲ਼ ਪੁੜਪੁੜੀ ਦਬਾਏ ਜਾਣ ਮਗਰੋਂ ਤੇਜ਼ ਬੁਖ਼ਾਰ ਵਿੱਚ ਸੀਮੈਂਟ ਦੇ ਠੰਢੇ ਫ਼ਰਸ਼ ਉੱਤੇ ਪਿਆ ਹੋਇਆ ਸੀ। ਕੇਵਲ ਕਰੋਪਿਨਸਕੀ ਹੀ ਨਹੀਂ, ਫ਼ੋਰਸਤ ਵੀ ਇਸ ਖ਼ਿਆਲ ਨਾਲ਼ ਕੰਬ ਰਿਹਾ ਸੀ ਕਿ ਜਿਸ ਭੇਦ ਨੂੰ ਇਸ ਬਹਾਦਰ ਮਨੁੱਖ ਨੇ ਇਤਨੇ ਤਸੀਹੇ ਝੱਲ ਕੇ ਵੀ ਭੇਦ ਹੀ ਰੱਖਿਆ ਹੈ, ਉਹ ਬੁਖ਼ਾਰ ਦੀ ਘੂਕੀ ਵਿੱਚ ਉਸ ਦੇ ਮੂੰਹੋਂ ਨਾ ਨਿੱਕਲ਼ ਜਾਏ। ਆਪਣੇ ਆਪ ਨੂੰ ਮਿਹਨਤੀ ਦੱਸਣ ਦੇ ਬਹਾਨੇ ਫ਼ੋਰਸਤ ਕੋਠੜੀ ਨੰਬਰ ਪੰਜ ਵਿੱਚ ਕੰਮ ਕਰਨ ਵਿੱਚ ਰੁੱਝ ਗਿਆ, ਕਿਉਂ ਜੋ ਰੀਨਬੂਥ, ਮੈਂਡਰਲ ਤੇ ਕਲੂਟਿਗ ਉੱਥੇ ਹੀ ਸਨ। ਉਨ੍ਹਾਂ ਕਰੋਪਿਨਸਕੀ ਨੂੰ ਧੱਕ ਕੇ ਇੱਕ ਕੋਨੇ ਵਿੱਚ ਕਰ ਦਿੱਤਾ ਸੀ ਤੇ ਹੋਫ਼ਲ ਦੇ ਉੱਤੇ ਝੁਕੇ ਹੋਏ ਸਨ, ਇਸ ਆਸ ਨਾਲ਼ ਕਿ ਸ਼ਾਇਦ ਬੁੜਬੁੜਾਏ।

ਹੋਫ਼ਲ ਦਾ ਦਿਮਾਗ਼ ਭਟਕ ਰਿਹਾ ਸੀ।

ਉਸ ਦੀ ਪੁੜਪੁੜੀ ਉੱਤੇ ਰੈਂਚ ਦੇ ਦਬਾਅ ਦੇ ਨਿਸ਼ਾਨ ਨੀਲੇ ਤੇ ਕਾਲ਼ੇ ਪੈ ਗਏ ਸਨ ਤੇ ਬਹੁਤ ਹੀ ਸੁੱਜੇ ਹੋਏ ਸਨ। ਉਸ ਦੇ ਜਬਾੜੇ ਕੰਬ ਰਹੇ ਸਨ ਤੇ ਦੰਦ ਵੱਜ ਰਹੇ ਸਨ, ਜਿਵੇਂ ਬਹੁਤ ਠੰਢ ਲੱਗ ਰਹੀ ਹੋਵੇ।

ਮੈਂਡਰਲ ਕੋਲ਼ ਹੀ ਖਲੋਤਾ ਸਿਗਰਟ ਪੀ ਰਿਹਾ ਸੀ। ਕਲੂਟਿਗ ਉਸ ਤੜਪਦੇ ਹੋਏ ਮਨੁੱਖ ਉੱਤੇ ਕੰਨ ਲਾਈ ਝੁਕਿਆ ਹੋਇਆ ਸੀ। ਇੱਕਾ-ਦੁੱਕਾ ਸ਼ਬਦ...ਅਧੂਰੇ ਵਾਕ ਕਦੇ ਕਦੇ ਸਰਗੋਸ਼ੀ—ਕਦੇ ਤੇਜ਼ ਚੀਕ ਜਿਵੇਂ ਤੇਜ਼ ਧਾਰ ਦਾ ਚਾਕੂ-"ਤੂੰ ਠੀਕ ਕਹਿੰਦਾ ਏਂ ਵਾਲਟਰ—

ਵਾਲਟਰ ਠੀਕ ਕਹਿੰਦਾ ਏਂ...।

ਹੋਫ਼ਲ ਕਰਾਹਿਆ। ਉਸ ਅੱਖਾਂ ਖੋਲ੍ਹ ਕੇ ਏਧਰ-ਓਧਰ ਵੇਖਿਆ ਜਿਵੇਂ ਉਸ ਦੀ ਸਮਝ ਵਿੱਚ ਨਾ ਆ ਰਿਹਾ ਹੋਵੇ ਕਿ ਉਹ ਕਿੱਥੇ ਹੈ। ਫਿਰ ਬੇਹੋਸ਼ੀ ਦਾ ਦੌਰਾ ਪਿਆ... ਉਸ ਦੇ ਹੱਥ ਆਕੜ ਕੇ ਛਾਤੀ 'ਤੇ ਆ ਗਏ ਤੇ ਉਹ ਆਪਣੀ ਛਾਤੀ ਪਿੱਟਣ ਲੱਗਾ, "ਘਰ... ਰ... ਰ, ਮੈਂ ਨਾਂ ਦੱਸਦਾ ਹਾਂ ਘਰਰਰਰਰ..."

ਚੀਕਾਂ ਉਸ ਦੇ ਭਰੇ ਹੋਏ ਸੰਘ ਵਿੱਚ ਰੁਕ ਗਈਆਂ।

ਕਲੂਟਿਗ ਫੁੱਲਿਆ ਨਾ ਸਮਾਇਆ : "ਨਾਮ ਦੱਸਣਾ ਚਾਹੁੰਦਾ ਹੈ।"

ਜਿਵੇਂ ਉਹ ਹਿਲਾ ਕੇ ਇਸ ਬੇਸੁਧ ਆਦਮੀ ਦੇ ਜਿਸਮ ਵਿੱਚੋਂ ਨਾਂ ਕਢਵਾ ਲਵੇਗਾ। ਇਸ ਉਸ ਦੇ ਜਿਸਮ ਨੂੰ ਠੋਕਰ ਮਾਰੀ। ਹੋਫ਼ਲ ਨੇ ਬੇਹੋਸ਼ੀ ਵਿੱਚ ਆਪਣਾ ਸਿਰ ਹਿਲਾਇਆ ਤੇ ਹੱਥ ਝਟਕੇ "... ਇਹ... ਇੱਥੇ..." ਉਹ ਚੀਕਣ ਲੱਗਿਆ "... ਤੂੰ ਠੀਕ ਕਹਿੰਦਾ ਏਂ, ਵਾਲਟਰ, ਇਹ ਹੈ ... ਇੱਥੇ ਵੇਖੋ... ਅਤੇ ਇਸ ਨਾਲ਼ ਬੱਚਾ ਬਚ ਜਾਵੇਗਾ.." ਹੋਫ਼ਲ ਪੱਥਰ ਜਿਹੇ ਫ਼ਰਸ਼ ਉੱਤੇ ਮੁੱਕੇ ਮਾਰਨ ਲੱਗਾ, ਉਸ ਦਾ ਸਰੀਰ ਆਕੜ ਰਿਹਾ ਸੀ ਤੇ ਪੀੜ ਨਾਲ਼ ਮਰਿਆਂ ਬੱਚਿਆਂ ਵਾਂਗ ਰੋਣ ਲੱਗਾ, ਮੂੰਹ ਵਿੱਚੋਂ ਝੱਗ ਨਿੱਕਲ਼ਣ ਲੱਗੀ।

ਕਲੂਟਿਗ ਨੇ ਸਿੱਧੇ ਹੋ ਕੇ ਸਵਾਲੀਆ ਨਜ਼ਰਾਂ ਨਾਲ਼ ਗੀਨਬੂਥ ਨੂੰ ਵੇਖਿਆ। ਗੀਨਬੂਥ ਨੇ ਬੇ-ਅਰਥ ਬੁੜ-ਬੁੜਾਹਟ ਨੂੰ ਜੋੜ ਕੇ ਅਰਥ ਕੱਢੇ "ਬੱਚੇ ਦੀ ਰਾਖੀ ਦਾ ਕੰਮ ਪਾਰਟੀ ਦੇ ਹਵਾਲੇ ਵਾਲਟਰ ਨੇ ਕੀਤਾ ਸੀ, ਸਮਝਿਆ, ਹਰ ਹਾਪਤ ਅਸਟਰਮ ਫ਼ੋਹਰਰ ? ਜਦੋਂ ਬੱਚਾ ਮਿਲ਼ ਜਾਏਗਾ ਤਾਂ ਪਾਰਟੀ ਦਾ ਪਤਾ ਲੱਗ ਜਾਏਗਾ।" ਗੀਨਬੂਥ ਤੇਜ਼ੀ ਨਾਲ਼ ਕੋਨੇ ਵਿੱਚ ਪੁੱਜਿਆ ਤੇ ਉਸ ਨੇ ਕਰੋਪਿਨਸਕੀ ਨੂੰ ਠੁੱਡਾ ਮਾਰਿਆ। ਉਸ ਦਾ ਕਾਲਰ ਪਕੜ ਕੇ ਅੱਤ ਦੇ ਨਿਰਦਈਪੁਣੇ ਨਾਲ਼ ਉਸ ਦਾ ਸਿਰ ਕੰਧ ਨਾਲ਼ ਮਾਰਿਆ "ਬੱਚਾ ਕਿੱਥੇ ਹੈ ? ਬੱਚਾ ? ਤੂੰ ਜੇ ਨਾ ਦੱਸਿਆ ਤਾਂ ਉਸ ਤੋਂ ਪਹਿਲਾਂ ਤੇਰਾ ਭੜਥਾ ਕਰ ਦਿੱਤਾ ਜਾਵੇਗਾ : ਕਿੱਥੇ ਹੈ ਬੱਚਾ ?" ਗੀਨਬੂਥ ਉਸੇ ਤੇਜ਼ੀ ਨਾਲ਼ ਕਲੂਟਿਗ ਕੋਲ਼ ਆਇਆ, "ਬੱਚੇ ਨੂੰ ਢੂੰਡਣਾ ਹੋਵੇਗਾ ?" ਉਸ ਨੇ ਖ਼ੁਸ਼ ਨਜ਼ਰਾਂ ਨਾਲ਼ ਤੜਪਦੇ ਹੋਏ ਹੋਫ਼ਲ ਨੂੰ ਵੇਖਿਆ।

ਬੱਚੇ ਨੂੰ ਢੂੰਡੋ ! ਕਲੂਟਿਗ ਚਾਹੁੰਦਾ ਸੀ ਕਿ ਪੂਰੇ ਕੈਂਪ ਦੀ ਤਲਾਸ਼ੀ ਲਈ ਜਾਵੇ।

ਗੀਨਬੂਥ ਹੱਸਣ ਲੱਗਾ : ਪ੍ਰਮਾਤਮਾ ਲਈ ! ਸਮਝਦਾ ਕੀ ਹੈ ?" ਪੰਜਾਹ ਹਜ਼ਾਰ ਆਦਮੀ ! ਕੈਂਪ ਪੂਰਾ ਸ਼ਹਿਰ ਹੈ ! ਕੀ ਤੂੰ ਇੱਕੋ ਵਾਰ ਹਰ ਥਾਂ ਰਹਿ ਸਕਦਾ ਏਂ ? ਉਹ ਹਰਾਮੀ ਹੱਥਾਂ-ਹੱਥਾਂ ਵਿੱਚ ਬੱਚੇ ਨੂੰ ਏਧਰ-ਓਧਰ ਕਰਦੇ ਰਹਿਣਗੇ ਤੇ ਸਾਨੂੰ ਘਿਚਾਨੀਆਂ ਦੇਂਦੇ ਰਹਿਣਗੇ। ਕੀ ਤੂੰ ਚਾਹੁੰਦਾ ਏਂ ਕਿ ਜਾਂਦੇ-ਜਾਂਦੇ ਆਪਣਾ ਤਮਾਸ਼ਾ ਬਣਾ ਜਾਈਏ ?"

ਪਰਸੋਂ ਫ਼ੌਜੀ ਰੇਡੀਓ ਨੇ ਸੂਚਨਾ ਦਿੱਤੀ ਸੀ ਕਿ ਅੰਗਰੇਜ਼ ਤੇ ਅਮਰੀਕੀ ਫ਼ੌਜਾਂ ਨੇ ਛੇ ਦਿਨਾਂ ਦੀ ਕੋਸ਼ਿਸ਼ ਮਗਰੋਂ ਇੱਕੋ ਸਮੇਂ ਬੋਖੋਲਡ ਬੋਰਕਨ ਤੇ ਡੋਰਸਨ 'ਤੇ ਕਬਜ਼ਾ ਕਰ ਲਿਆ ਹੈ ਤੇ ਹੇਮਬਰਨ ਵਿੱਚ ਵੀ ਘੁਸ ਆਏ ਹਨ। ਅੱਜ ਨਵੀਂ ਖ਼ਬਰ ਆਈ। ਕਸਤਰਨ ਦਾ ਕਿਲ੍ਹਾ ਦੁਸ਼ਮਣ ਦੀਆਂ ਵਧੀਆ ਫ਼ੌਜਾਂ ਦੇ ਕਬਜ਼ੇ ਵਿੱਚ ਆ ਗਿਆ।

ਬਾਲਸ਼ਵਿਕ !

ਪੱਛਮੀ ਮੋਰਚੇ 'ਤੇ ਰਾਤੋ-ਰਾਤ ਨਵੇਂ ਨਾਂ ਸੁਣਾਈ ਦੇਣ ਲੱਗੇ। ਉੱਤਰ ਵਿੱਚ ਪਾਦਰਬਰਨ ਦੇ ਨੇੜੇ ਅਜੇ ਵੀ ਲੜਾਈ ਹੋ ਰਹੀ ਸੀ। ਦੱਖਣ ਵਿੱਚ ਲਾਹਨ ਵਾਦੀ ਤੋਂ ਲੈ ਕੇ ਬਾਡਟਰੇਸੀਆ, ਹਰਸਫੀਲਡ ਤੇ ਫਲੂਡਾ ਤੱਕ ਦੁਸ਼ਮਣ ਵਧ ਆਇਆ ਸੀ।

ਅਮਰੀਕੀ !

ਅਚਾਨਕ ਕਲੂਟਿਗ ਨੂੰ ਇੱਕ ਨਵੀਂ ਗੱਲ ਸੁੱਝੀ, "ਅਸਾਂ ਫ਼ਾਂਸੀ ਘਰ ਵਿਚ ਗ਼ਲਤ ਆਦਮੀਆਂ ਨੂੰ ਡੱਕਿਆ ਹੋਇਆ ਹੈ।" ਕਲੂਟਿਗ ਦੇ ਹੱਥ ਵਿੱਚ ਸਿਗਰਟ ਸੀ, ਜਿਸ ਨੂੰ ਮੂੰਹ ਤੱਕ ਲਿਜਾਣ ਦਾ ਉਸ ਨੂੰ ਖ਼ਿਆਲ ਹੀ ਨਾ ਰਿਹਾ।

"ਗ਼ਲਤ ਆਦਮੀ, ਹੱਦ ਹੋ ਗਈ ਭਾਵ ਕਿ ...." ਰੀਨਬੂਥ ਨੇ ਚਿੜ੍ਹ ਕੇ ਕਲੂਟਿਗ ਵੱਲ ਵੇਖਿਆ।

"ਉਹ ਸੂਰ ਤਾਂ ਕੁੱਝ ਫੁੱਟਦੇ ਨਹੀਂ—ਸਾਰੇ ਕੈਦੀਆਂ ਦੀ ਛਟਾਈ ਕਰਨੀ ਹੋਵੇਗੀ, ਇੱਕ ਤਾਂ ਜ਼ਰੂਰ ਅਜਿਹਾ ਹੋਵੇਗਾ, ਜਿਹੜਾ ਡਰਦਾ ਮਾਰਾ ਸਭ ਕੁੱਝ ਦੱਸ ਦੇਵੇਗਾ ਤੇ ਉਹੋ ਕੰਮ ਦਾ ਬੰਦਾ ਹੋਵੇਗਾ।"

"ਇਹ ਕੰਮ ਅਸੀਂ ਇਕੱਲੇ ਨਹੀਂ ਕਰ ਸਕਦੇ, ਗਸਟਾਪੋ ਦੇ ਹਵਾਲੇ ਕਰਨਾ ਪਏਗਾ।"

ਕਲੂਟਿਗ ਪਹਿਲਾਂ ਤਾਂ ਡਰਿਆ। ਪਰ ਆਖ਼ਰ ਉਸ ਰੀਨਬੂਥ ਨੂੰ ਘ੍ਰਿਣਾਮਈ ਨਜ਼ਰਾਂ ਦੀ ਝਾਲ ਨਾ ਝੱਲਦਿਆਂ ਮੰਨ ਹੀ ਲਿਆ, "ਚੰਗਾ ਗਸਟਾਪੋ ਹੀ ਸਹੀ !"

ਕਮਾਂਡੋ ਵਾਲ਼ੇ ਕੈਦੀ ਹਰ ਸਮੇਂ ਸਾਵਧਾਨ ਰਹਿੰਦੇ ਸਨ ਤੇ ਜਾਣਦੇ ਸਨ ਕਿ ਗੱਲ ਇੱਥੋਂ ਤੱਕ ਹੀ ਨਹੀਂ ਮੁੱਕੇਗੀ, ਪਰ ਇਸ ਵਾਰ ਜਦ ਉਨ੍ਹਾਂ ਕਲੂਟਿਗ ਤੇ ਰੀਨਬੂਥ ਨੂੰ ਵੇਖਿਆ ਤਾਂ ਉਨ੍ਹਾਂ ਉੱਤੇ ਬਿਜਲੀ ਡਿੱਗ ਪਈ। ਉਨ੍ਹਾਂ ਨੂੰ ਤੁਰੰਤ ਲਾਈਨ ਆਉਣ ਲਈ ਆਖਿਆ ਗਿਆ। ਜ਼ਵਾਈਲਿੰਗ ਆਪ ਇਤਨਾ ਬੌਖਲਾ ਗਿਆ ਸੀ ਕਿ ਉਹ ਦੋਵਾਂ ਅਫ਼ਸਰਾਂ ਨੂੰ ਡਰੀਆਂ ਨਜ਼ਰਾਂ ਨਾਲ਼ ਵੇਖ ਰਿਹਾ ਸੀ। ਇਹ ਲੋਕ ਉਸਦੀ ਵੀ ਫ਼ਿਕਰ ਵਿੱਚ ਤਾਂ ਹਨ ? ਵੂਰਾਖ ਪਿਛਲੀ ਕਤਾਰ ਵਿੱਚ ਸੀ ਤੇ ਉਸਦੇ ਕੋਲ਼ ਯੋਗ ਦਲੀਲ ਸੀ। ਰੋਜ਼ ਅਗਲੀ ਕਤਾਰ ਵਿੱਚ ਸੀ ਤੇ ਉਸ ਦਾ ਰੰਗ ਮੋਮ ਵਰਗਾ ਹੋ ਗਿਆ ਸੀ। ਬੜੀ ਮੁਸ਼ਕਲ ਨਾਲ਼ ਉਹ ਕੰਬਣੀ ਨੂੰ ਦਬਾਈ ਬੈਠਾ ਸੀ। ਪੀਪਿਗ ਉਸ ਥਾਂ ਖਲ੍ਹੋਤਾ ਸੀ ਜਿੱਥੇ ਹੋਫ਼ਲ ਖਲੋਂਦਾ ਹੁੰਦਾ ਸੀ। ਇੱਕ ਕਦਮ ਅਗਾਂਹ ਵਧ ਕੇ ਉਸ ਰਿਪੋਰਟ ਦਿੱਤੀ : "ਸਮਾਨਖ਼ਾਨੇ ਦਾ ਕਮਾਂਡੋ ਹਾਜ਼ਰ ਹੈ।"

"ਨਵਾਂ ਫ਼ੋਰਮੈਨ ?" ਰੀਨਬੂਥ ਨੇ ਕਿਸੇ ਨੂੰ ਸੰਬੋਧਨ ਕੀਤੇ ਬਿਨਾਂ ਆਖਿਆ।

ਰੀਨਬੂਥ ਨੇ ਰੋਜ਼ ਨੂੰ ਜੈਕਟ ਦਾ ਬਟਨ ਫੜ ਕੇ ਅਗਾਂਹ ਖਿੱਚਿਆ : "ਤੂੰ ਬਜ਼ੁਰਗ ਤੇ ਸਮਝਦਾਰ ਆਦਮੀ ਏਂ, ਤੂੰ ਕਿਵੇਂ ਇਸ ਟੰਟੇ ਵਿੱਚ ਫਸ ਗਿਆ।"

"ਹਰ ਰਿਪੋਰਟ ਫ਼ੋਹਰਰ....ਮੈਂ ਕੁੱਝ ਨਹੀਂ ਜਾਣਦਾ... ਮੈਂ ਕੁੱਝ ਨਹੀਂ...ਸੱਚ ਕਹਿੰਦਾ ਹਾਂ।"

ਰੀਨਬੂਥ ਨੂੰ ਜਾਪਿਆ ਇਹੋ ਕੰਮ ਦਾ ਬੰਦਾ ਹੈ !

"ਤੈਨੂੰ ਪਤਾ ਹੈ ਕਿ ਨਹੀਂ ਤੇ ਤੂੰ ਕੁੱਝ ਜਾਣਦਾ ਹੈਂ ਕਿ ਨਹੀਂ, ਇਸ ਦਾ ਫ਼ੈਸਲਾ ਤਾਂ ਮਗਰੋਂ ਕੀਤਾ ਜਾਵੇਗਾ।" ਇਹ ਕਹਿ ਕੇ ਰੀਨਬੂਥ ਨੇ ਰੋਜ਼ ਨੂੰ ਅੱਡ ਕਰ ਲਿਆ। ਡਰਦੇ ਮਾਰੇ ਰੋਜ਼ ਦੀ ਜਾਨ ਨਿੱਕਲ਼ੀ ਜਾਂਦੀ ਸੀ।

ਪੀਪਿਗ ਅੰਦਰ ਹੀ ਅੰਦਰ ਖ਼ੌਲ ਰਿਹਾ ਸੀ। ਜੇ ਇਸ ਇੱਕ ਵੀ ਸ਼ਬਦ ਮੂੰਹੋਂ ਕੱਢਿਆ ਤਾਂ ਇਸ ਦੀ ਸੰਘੀ ਘੁੱਟ ਦਿਆਂਗਾ।

"ਹਰ ਰਿਪੋਰਟ ਫ਼ੋਹਰਰ ਮੈਂ ਕੁੱਝ ਨਹੀਂ ਜਾਣਦਾ...ਮੈਂ ਕੁੱਝ ਨਹੀਂ....ਸੱਚ...।"

ਰੀਨਬੂਥ ਨੇ ਉਸ ਨੂੰ ਡਾਂਟਿਆ, "ਚੁੱਪ ਰਹਿ ਸੂਰਾ!"

ਇਸ ਮਗਰੋਂ ਰੀਨਬੂਥ ਨੇ ਪੀਪਿਗ ਨੂੰ ਇਸ਼ਾਰਾ ਕੀਤਾ ਕਿ ਉਹ ਜਾ ਕੇ ਰੋਜ਼ ਦੇ ਨਾਲ਼ ਖੜ੍ਹਾ ਹੋ ਜਾਵੇ... ਪੀਪਿਗ ਕਤਾਰ ਵਿੱਚੋਂ ਨਿੱਕਲ਼ ਕੇ ਰੋਜ਼ ਦੇ ਬਰਾਬਰ ਖੜ੍ਹਾ ਹੋ ਗਿਆ ਤੇ ਰੀਨਬੂਥ ਦੀ ਨਜ਼ਰ ਬਚਾ ਕੇ ਉਸ ਰੋਜ਼ ਨੂੰ ਚੂੰਢੀ ਵੱਢੀ। ਇਸ ਚੂੰਢੀ ਵਿੱਚ ਅੱਤ ਦਾ ਗ਼ੁੱਸਾ ਸੀ।

ਕਰੈਮਰ ਬਲਾਕ ਨੰਬਰ ਇਕਾਹਠ ਵਿੱਚ ਅਚਾਨਕ ਜਾ ਪਹੁੰਚਿਆ।

ਜਾਂਕੋਵਸਕੀ ਬੱਚੇ ਉੱਪਰ ਕੰਬਲ ਪਾ ਦੇਣਾ ਚਾਹੁੰਦਾ ਸੀ, ਜਿਹੜਾ ਫ਼ਰਸ਼ 'ਤੇ ਪਲੰਘ ਦੀ ਓਟ ਵਿੱਚ ਬੈਠਾ ਸੀ, ਪਰ ਕਰੈਮਰ ਨੇ ਹੱਥ ਦੇ ਇਸ਼ਾਰੇ ਨਾਲ਼ ਮਨ੍ਹਾਂ ਕਰ ਦਿੱਤਾ। "ਘਬਰਾ ਨਾ, ਮੈਨੂੰ ਪਤਾ ਹੈ।" ਰੀਉਮਾਂਡ ਵੱਲੋਂ ਇੱਕ ਆਦਮੀ ਦੁੱਧ ਦੀ ਇੱਕ ਬੋਤਲ ਤੇ ਕੁੱਝ ਬਿਸਕੁਟ ਲਿਆਇਆ ਸੀ, ਉਹ ਉਸ ਜੇਬ੍ਹ ਵਿੱਚੋਂ ਕੱਢੇ, ਉਹ ਬੱਚੇ ਨੂੰ ਦੇਣਾ ਚਾਹੁੰਦਾ ਸੀ, ਫਿਰ ਉਸ ਨੂੰ ਸ਼ਰਮ ਆ ਗਈ। ਉਸ ਨੇ ਉਹ ਚੀਜ਼ਾਂ ਜਾਂਕੋਵਸਕੀ ਨੂੰ ਦਿੱਤੀਆਂ, ਉਸ ਕੀਮਤੀ ਚੀਜ਼ਾਂ ਨੂੰ ਸਾਂਭ ਲਿਆ। ਉਸ ਦੇ ਚਿਹਰੇ ਦੀਆਂ ਝੁਰੜੀਆਂ 'ਤੇ ਖ਼ੁਸ਼ੀ ਦੀ ਲਹਿਰ ਦੌੜ ਗਈ। ਉਸ ਪਲੰਘ ਪਿੱਛੇ ਉਹ ਚੀਜ਼ਾਂ ਲੁਕਾ ਦਿੱਤੀਆਂ।

ਕਰੈਮਰ ਬੱਚੇ ਦੇ ਕੋਲ਼ ਚਲਿਆ ਗਿਆ। ਬੱਚੇ ਨੇ ਲੰਬੇ ਗੰਭੀਰ ਆਦਮੀ ਨੂੰ ਆਪਣੀ ਭੋਲ਼ੀ-ਭਾਲ਼ੀ ਨਜ਼ਰ ਨਾਲ਼ ਵੇਖਿਆ, ਜਿਵੇਂ ਕੋਈ ਖ਼ੂਬਸੂਰਤ ਜਾਨਵਰ, ਜਿਹੜਾ ਕੁਦਰਤ ਦੇ ਭੇਦਾਂ ਨੂੰ ਮਨੁੱਖ ਨਾਲ਼ੋਂ ਵਧੇਰੇ ਚੰਗੀ ਤਰ੍ਹਾਂ ਜਾਣਦਾ ਹੋਵੇ, ਪਰ ਬੱਚੇ ਦੀਆਂ ਨਜ਼ਰਾਂ ਵਿੱਚ ਕਰੈਮਰ ਨੂੰ ਅਜਿਹੀ ਸਮਝਦਾਰੀ ਤੇ ਸਿਆਣਪ ਨਜ਼ਰ ਆਈ ਕਿ ਉਹ ਕੰਬ ਗਿਆ।

ਉਸ ਕਮਰੇ 'ਤੇ ਨਜ਼ਰ ਮਾਰੀ, ਜਿਸ ਦੇ ਅਗਲੇ ਹਿੱਸੇ ਨੂੰ ਕਿਸੇ ਡਾਕਟਰ ਦੇ ਦਵਾਈ ਘਰ ਵਾਂਗ ਬਣਾ ਦਿੱਤਾ ਗਿਆ ਸੀ : ਇੱਕ ਸਾਦਾ ਮੇਜ਼ ਤੇ ਕੁੱਝ ਕੁਰਸੀਆਂ ਸਨ, ਇੱਕ ਅਲਮਾਰੀ ਜਿਸ ਵਿੱਚ ਦਵਾਈਆਂ ਦੀਆਂ ਸ਼ੀਸ਼ੀਆਂ, ਮਰਤਬਾਨ, ਕੁੱਝ ਛੁਰੀਆਂ, ਕੈਂਚੀਆਂ ਤੇ ਪੱਟੀਆਂ—ਕੈਦੀਆਂ ਦੇ ਜ਼ਖ਼ਮਾਂ ਦਾ ਇਲਾਜ਼ ਬੱਸ ਇਤਨੇ ਹੀ ਸਮਾਨ ਨਾਲ਼ ਹੋ ਜਾਂਦਾ ਸੀ।

"ਖ਼ਤਰੇ ਦੇ ਸਮੇਂ ਬੱਚੇ ਨੂੰ ਕਿੱਥੇ ਲੁਕਾਉਂਦਾ ਏਂ?"

ਜਾਂਕੋਵਸਕੀ ਨੇ ਸਿਰ ਹਿਲਾਇਆ ਤੇ ਤਸੱਲੀ ਦੇਣ ਲਈ ਮੁਸਕਰਾਉਣ ਲੱਗਿਆ।

"ਖ਼ਤਰਾ ਕੋਈ ਨਹੀਂ—ਅੰਦਰ ਕੋਈ ਨਹੀਂ ਆਉਂਦਾ। ਨਾ ਡਾਕਟਰ ਨਾ ਨਾਜ਼ੀ, ਪਰ ਜੇ ਕੋਈ ਆਵੇ ਤਾਂ ਬੱਚੇ ਨੂੰ ਝੱਟ ਪਲੰਘ ਦੇ ਹੇਠਾਂ।"

ਜਾਂਕੋਵਸਕੀ ਹੱਸਣ ਲੱਗਿਆ, ਕਰੈਮਰ ਨੇ ਸਮਝਾਇਆ "ਤੂੰ ਕਹਿੰਦਾ ਏਂ, ਖ਼ਤਰਾ ਨਹੀਂ ? ਇਸ ਭੁੱਲ ਵਿੱਚ ਨਾ ਰਹੀਂ। ਉਨ੍ਹਾਂ ਸਮਾਨਖ਼ਾਨੇ ਦੇ ਅੱਧੇ ਕੈਦੀਆਂ ਨੂੰ ਪਕੜ ਲਿਆ ਹੈ, ਬੱਚੇ ਦੀ ਭਾਲ਼ ਵਿੱਚ ਹਨ। ਕਿਸੇ ਵੀ ਇੱਕ ਤੋਂ ਪੁੱਛਣ ਵਿੱਚ ਸਫ਼ਲ ਹੋ ਜਾਣ ਕਿ ਬੱਚਾ ਕਿੱਥੇ ਹੈ ਤੇ ਫਿਰ ਉਹ ਲੋਕ ਇੱਥੋਂ ਦੀ ਨੁੱਕਰ-ਨੁੱਕਰ ਛਾਣ ਮਾਰਨਗੇ, ਫਿਰ ? ਤਦ ਕੀ ਕਰੇਂਗਾ ?"

ਜਾਂਕੋਵਸਕੀ ਕੰਬ ਗਿਆ। ਉਸ ਬੱਚੇ ਨੂੰ ਗੋਦੀ ਵਿੱਚ ਲੈ ਲਿਆ ਤੇ ਆਪਣੇ ਨਾਲ਼ ਘੁੱਟ ਲਿਆ ਤੇ ਚਾਰੇ ਪਾਸੇ ਚੌਕੰਨਾ ਹੋ ਕੇ ਵੇਖਣ ਲੱਗਾ।

"ਕਿੱਥੇ ਲੁਕਾਇਆ ਜਾਵੇ ?" ਉਸ ਆਜਜ਼ੀ ਨਾਲ਼ ਪੁੱਛਿਆ।

"ਹਾਂ ਹਾਂ ?" ਕਰੈਮਰ ਗੱਜਿਆ, "ਬੱਸ ਇਕਰਾਰ ਕਰ ਲਿਆ। ਸਭ ਤੋਂ ਪਹਿਲਾਂ ਤੈਨੂੰ ਇਹੋ ਸੋਚਣਾ ਚਾਹੀਦਾ ਸੀ ! ਬੱਚਾ ਕੋਈ ਖਿਡੌਣਾ ਤਾਂ ਨਹੀਂ, ਇਸ ਦੀ ਜਾਨ ਦੀ ਚਿੰਤਾ ਕਰੋ !"

ਜਾਂਕੋਵਸਕੀ ਨੇ ਕਰੈਮਰ ਦੀ ਗਰਜ ਵੱਲ ਕੋਈ ਖ਼ਾਸ ਧਿਆਨ ਨਾ ਦਿੱਤਾ। ਉਸ ਦੀਆਂ ਨਜ਼ਰਾਂ ਕਿਸੇ ਥਾਂ ਦੀ ਭਾਲ਼ ਵਿੱਚ ਸਨ। ਬੀਮਾਰਾਂ ਵਿਚਾਲ਼ੇ ਤਾਂ ਬੱਚੇ ਨੂੰ ਲੁਕਾਉਣ ਦਾ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ। ਲੈ ਦੇ ਕੇ ਬੱਸ ਇਹੋ ਕਮਰਾ ਸੀ, ਪਰ ਸੁਰੱਖਿਅਤ ਨੁੱਕਰ ਇਸ ਵਿੱਚ ਕਿੱਥੋਂ ਪੈਦਾ ਹੋਵੇ ?"

"ਬੱਸ, ਹੁਣ ਸੋਚ ਕੀ ਰਿਹਾ ਏਂ ?" ਕਰੈਮਰ ਨੇ ਚਿੜ੍ਹ ਕੇ ਉਸ ਨੂੰ ਛੇੜਿਆ। ਜਾਂਕੋਵਸਕੀ ਨੇ ਆਪਣੀ ਬੇਬਸੀ ਦਾ ਪ੍ਰਗਟਾਅ ਕੀਤਾ। ਅਚਾਨਕ ਉਸ ਦੇ ਦਿਲ ਵਿੱਚ ਇੱਕ ਖ਼ਿਆਲ ਆਇਆ। ਉਸ ਬੱਚੇ ਨੂੰ ਪਲੰਘ 'ਤੇ ਬਿਠਾ ਦਿੱਤਾ ਤੇ ਦੌੜ ਕੇ ਕਮਰੇ ਦੇ ਸਾਹਮਣੇ ਵਾਲ਼ੇ ਹਿੱਸੇ ਵਿੱਚ ਗਿਆ, ਜਿੱਥੇ ਇੱਕ ਨੁੱਕਰ ਵਿੱਚ ਜਿਸਤ ਦਾ ਗੋਲ਼ ਜਿਹਾ ਪੀਪਾ ਰੱਖਿਆ ਹੋਇਆ ਸੀ। ਜਾਂਕੋਵਸਕੀ ਨੇ ਉਸ ਨੂੰ ਹੇਠੋਂ ਉੱਪਰ ਤੱਕ ਵੇਖਿਆ। ਤੇਜ਼ੀ ਨਾਲ਼ ਸੋਚਿਆ ਤੇ ਕਰੈਮਰ ਨੂੰ ਆਖਿਆ : "ਇੱਥੇ ਇਸ ਦੇ ਅੰਦਰ..." ਤੇ ਉਸ ਨੇ ਪੀਪੇ ਦਾ ਢੱਕਣਾ ਚੁੱਕ ਦਿੱਤਾ।

"ਕੀ ਪਾਗ਼ਲ ਹੋ ਗਿਆ ਏਂ ?" ਕਰੈਮਰ ਨੇ ਪੀਪੇ ਦੇ ਅੰਦਰ ਭਰੀਆਂ ਲਹੂ ਲਿਬੜੀਆਂ ਪੱਟੀਆਂ ਨੂੰ ਡਰਦਿਆਂ ਵੇਖਦੇ ਆਖਿਆ।

ਪਰ ਹੁਣ ਜਾਂਕੋਵਸਕੀ ਬੇਬਸ ਨਹੀਂ ਸੀ ਜਾਪ ਰਿਹਾ। ਉਹ ਮੁਸਕਰਾਉਣ ਲੱਗਿਆ। ਉਸ ਕਰੈਮਰ ਨੂੰ ਆਖਿਆ : "ਹੁਣ ਵੇਖਦੇ ਜਾਓ।" ਉਸ ਰੋਗੀਆਂ ਦੇ ਕਮਰੇ ਵਿੱਚੋਂ ਦੋ ਅਸਿਸਟੈਂਟ ਬੁਲਾਏ ਤੇ ਉਨ੍ਹਾਂ ਨੂੰ ਪੋਲ ਭਾਸ਼ਾ ਵਿੱਚ ਕੁੱਝ ਸਮਝਾਇਆ। ਕਰੈਮਰ ਉਸ ਦੇ ਹੱਥ ਦੇ ਇਸ਼ਾਰਿਆਂ ਨੂੰ ਵੇਖਦਾ ਰਿਹਾ। ਦੋਵੇਂ ਅਸਿਸਟੈਂਟ ਚਲੇ ਗਏ। ਥੋੜ੍ਹੀ ਦੇਰ ਮਗਰੋਂ ਇੱਕ ਨੇ ਆ ਕੇ ਪੱਟੀਆਂ ਉਲਟ ਦਿੱਤੀਆਂ ਤੇ ਉਸ ਵਿੱਚ ਕੀੜੇਮਾਰ ਦਵਾਈ ਭਰ ਦਿੱਤੀ ਤੇ ਫਿਰ ਦੂਆ ਉਲਟ ਕੇ ਪੀਪੇ ਨੂੰ ਮਾਂਜ ਦਿੱਤਾ। ਇਸੇ ਸਮੇਂ 'ਚ ਜਾਂਕੋਵਸਕੀ ਹਥੌੜੀ ਨਾਲ਼ ਪੀਪੇ ਦੇ ਢੱਕਣ ਨੂੰ ਕੁੱਟ ਕੇ ਢੱਕਣ ਦੀ ਗੋਲਾਈ ਘੱਟ ਕਰ ਰਿਹਾ ਸੀ ਤੇ ਉਸ ਨੇ ਢੱਕਣ ਨੂੰ ਦਬਾ ਕੇ ਪੀਪੇ ਦੇ ਵਿੱਚ ਅੱਧ ਤੱਕ ਪਹੁੰਚਾ ਦਿੱਤਾ। ਇਸ ਲਈ ਕਿ ਪੀਪੇ ਦੀ ਗੋਲਾਈ ਹੇਠਾਂ ਨੂੰ ਘੱਟ ਹੋ ਜਾਂਦੀ ਸੀ।

ਜਾਂਕੋਵਸਕੀ ਨੇ ਉੱਪਰੋਂ ਪੱਟੀਆਂ ਪਾ ਦਿੱਤੀਆਂ, ਜਿਨ੍ਹਾਂ ਨੂੰ ਵੇਖ ਕੇ... ਜਾਪਣ ਲੱਗਾ ਕਿ ਪੀਪਾ ਪੱਟੀਆਂ ਨਾਲ਼ ਭਰਿਆ ਪਿਆ ਹੈ। ਬਣ ਗਈ ਉਹ ਥਾਂ ਜਿੱਥੇ ਖ਼ਤਰੇ ਸਮੇਂ ਬੱਚੇ ਨੂੰ ਲੁਕਾਇਆ ਜਾਏਗਾ। ਨਾਜ਼ੀ ਨੁੱਕਰ-ਨੁੱਕਰ ਛਾਣ ਮਾਰਨਗੇ, ਪਰ ਜਿਸਤ ਦੇ ਇਸ ਪੀਪੇ ਦੇ ਕੋਲ਼ ਨਹੀਂ ਭਟਕਣਗੇ। ਇਸ ਲਈ ਕਿ ਇਸ ਵਿੱਚ ਛੂਤ ਵਾਲ਼ੇ ਜ਼ਖ਼ਮਾਂ ਤੋਂ ਲਾਹੀਆਂ ਪੱਟੀਆਂ ਭਰੀਆਂ ਸਨ। ਜਾਂਕੋਵਸਕੀ ਨੇ ਇਹ ਵੀ ਵਿਸ਼ਵਾਸ਼ ਦੁਆ ਦਿੱਤਾ ਕਿ ਹੁਣ ਹਰ ਸਮੇਂ ਇੱਕ ਬੰਦਾ ਪਹਿਰੇ 'ਤੇ ਰਹੇਗਾ ਤੇ ਜਿਉਂ ਹੀ ਨਾਜ਼ੀ ਆਉਂਦਾ ਵਿਖਾਈ ਦੇਵੇ ਬੱਚਾ ਤੁਰੰਤ ਪੱਟੀਆਂ ਵਾਲ਼ੇ ਪੀਪੇ ਅੰਦਰ...।

ਜਾਂਕੋਵਸਕੀ ਨੇ ਮਾਣ ਨਾਲ਼ ਆਖਿਆ "ਸਮਝਿਆ ? ਪੱਟੀਆਂ ਬਾਹਰ ਬੱਚਾ ਝੱਟ ਪੀਪੇ ਦੇ ਅੰਦਰ, ਢੱਕਣ ਦੀ ਪਲੇਟ ਦਬਾ ਕੇ ਬੰਦ, ਉੱਪਰੋਂ ਪੱਟੀਆਂ।"

ਜਾਂਕੋਵਸਕੀ ਨੇ ਕਰੈਮਰ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਉਸ ਵੱਲ ਵੇਖਿਆ। ਕਰੈਮਰ ਨੇ ਅੱਧ-ਮਰਜ਼ੀ ਦਾ ਪ੍ਰਗਟਾਅ ਕਰਦੇ ਹੋਏ ਆਪਣੀਆਂ ਅੱਖਾਂ ਨੀਵੀਆਂ ਕਰ ਲਈਆਂ। ਫਿਰ ਉਸ ਆਪਣੇ ਸਾਹਮਣੇ ਖਲ੍ਹੋਤੇ ਉਨ੍ਹਾਂ ਤਿੰਨ ਪੋਲਿਸ਼ ਆਦਮੀਆਂ ਨੂੰ ਵੇਖਿਆ ਜੋ—ਜੇ ਪੀਪਾ ਉਲਟ ਦਿੱਤਾ ਗਿਆ ਤੇ ਬੱਚਾ ਮਿਲ਼ ਗਿਆ ਤਾਂ—ਬੱਚੇ ਦੇ ਨਾਲ਼ ਮੌਤ ਦੇ ਮੂੰਹ ਵਿੱਚ ਵੀ ਜਾ ਸਕਦੇ ਹਨ।

ਉਸ ਸਮੇਂ ਉਸ ਦੇ ਦਿਲ 'ਤੇ ਕਿਹੋ ਜਿਹਾ ਭਾਰ ਸੀ। ਬੱਚੇ ਲਈ ਉਹ ਜੋ ਕੁੱਝ ਕਰ ਸਕਦਾ ਸੀ ਉਸ ਕੀਤਾ ਅਤੇ ਅਜੇ ਜਾਣੋ ਕੀ ਕੁੱਝ ਕਰਨਾ ਪਵੇਗਾ। ਬੱਚੇ ਨੇ ਆਪਣੇ ਨਿਰਦੋਸ਼ ਨਿਕਚੂ-ਨਿਕਚੂ ਹੱਥਾਂ ਨਾਲ਼ ਉਹ ਡੋਰੀਆਂ ਪਕੜੀਆਂ ਹੋਈਆਂ ਸਨ, ਜਿਨ੍ਹਾਂ ਵਿੱਚ ਹਰ ਸ਼ੈਅ ਬੰਨ੍ਹੀ ਹੋਈ ਸੀ। ਹੋਫ਼ਲ ਤੇ ਕਰੋਪਿਨਸਕੀ ਇਸੇ ਕਰਕੇ ਫ਼ਾਂਸੀ ਘਰ ਪੁੱਜੇ। ਸਮਾਨਖ਼ਾਨੇ ਦੇ ਦਸ ਆਦਮੀ ਕੈਦ ਕਰ ਲਏ ਗਏ, ਇਸ ਕਰਕੇ ਇੱਕ ਹਜ਼ਾਰ ਸਿੱਖੇ ਹੋਏ ਬਹਾਦਰਾਂ ਦੇ ਸਿਰ ਉੱਤੇ ਖ਼ਤਰਾ ਚੱਕਰ ਕੱਟ ਰਿਹਾ ਹੈ, ਇਸੇ ਸਦਕਾ ਅਤੇ ਹੁਣ ਇਹ ਤਿੰਨ ਇਨਸਾਨ ਇਸ ਬੱਚੇ ਦੇ ਦੁਆਲੇ ਜਮ੍ਹਾਂ ਹੋ ਗਏ, ਤਾਂ ਜੋ ਭਾਵੇਂ ਨਿਹੱਥੇ ਹੀ ਸਹੀ ਆਪਣੀ ਵਿਤ ਅਨੁਸਾਰ ਇਸ ਦੀ ਰਾਖੀ ਕਰਨ।

ਕਿਤਨੇ ਫ਼ੰਦਿਆਂ ਤੇ ਗੋਰਖ ਧੰਦਿਆਂ, ਕਿਤਨੀਆਂ ਭੁੱਲ-ਭੁਲੱਈਆਂ, ਵਹਿਸ਼ੀ ਦਰਿੰਦਿਆਂ ਦੀ ਨਰਕ ਵਿੱਚੋਂ ਲੰਘ ਕੇ ਮਨੁੱਖ ਨੂੰ ਰਾਹ ਕੱਢਣਾ ਪੈਂਦਾ ਹੈ...ਨਿਰਾਸ਼ਾ ਤੇ ਖ਼ਤਰੇ ਦੀਆਂ ਕਿਤਨੀਆਂ ਡਰਾਉਣੀਆਂ ਖੱਡਾਂ ਉਲੰਘਣੀਆਂ ਪੈਂਦੀਆਂ ਹਨ... ਨਹੀਂ, ਇਹ ਕੁੱਝ ਨਹੀਂ... ਗੱਲ ਇਸ ਦੇ ਉਲਟ ਹੈ। ਬੱਚੇ ਦੇ ਦੁਆਲ਼ੇ ਜੇ ਲੋਕਾਂ ਦੇ ਘੇਰਾ ਵਧਦਾ ਜਾਂਦਾ ਹੈ ਤਾਂ ਇਹ ਤੂਫ਼ਾਨ ਦੀ ਨਿਸ਼ਾਨੀ ਹੈ, ਜਿਹੜੀ ਹਰ ਸ਼ੈਅ ਨੂੰ ਆਪਣੀ ਲਪੇਟ ਵਿੱਚ ਲੈ ਲਏਗੀ। ਇਹ ਤਾਂ ਇੰਝ ਹੈ ਜਿਵੇਂ ਆਪਣੇ ਦੁਆਲ਼ੇ ਜਾਲ਼ਾ ਹੋਵੇ ਤੇ ਉਹ ਬਾਹਰ ਵੱਲ ਵਧਦਾ ਜਾਵੇ ਤੇ ਇਸ ਦੇ ਨਾਲ਼ ਹੀ ਰੱਖਿਆ ਵੀ ਯਕੀਨੀ ਬਣਦੀ ਜਾਂਦੀ ਹੈ। ਇਹ ਇੱਕ ਜਾਲ਼ ਸੀ, ਜਿਸ ਦੀਆਂ ਡੋਰੀਆਂ ਹੋਫ਼ਲ ਤੇ ਕਰੋਪਿਨਸਕੀ ਤੋਂ ਅਰੰਭ ਹੁੰਦੀਆਂ ਸਨ ਅਤੇ ਪੀਪਿਗ ਦੀ ਵਫ਼ਾਦਾਰੀ ਤੋਂ ਲੰਘਦੀਆਂ ਹੋਈਆਂ ਇਹਨਾਂ ਸਿੱਧੇ ਸਾਦੇ ਲੋਕਾਂ ਦੀ ਮਨੁੱਖਤਾ ਤੱਕ ਆਉਂਦੀਆਂ ਸਨ ਅਤੇ ਡੋਰਾਂ ਜਿੰਨੀਆਂ ਖਿੱਚੀਆਂ ਜਾਂਦੀਆਂ ਸਨ ਉਤਨਾ ਇਹ ਜਾਲ਼ ਇੱਕ ਵਿਉਂਤ ਬਣਦੀ ਜਾਂਦੀ

ਸੀ ਤੇ ਇਸ ਨੂੰ ਤੋੜਨਾ ਅਸੰਭਵ ਹੁੰਦਾ ਜਾਂਦਾ ਹੈ।

ਇੰਝ ਹੈ ਇਹ! ਕਰੈਮਰ ਨੇ ਡੂੰਘਾ ਸਾਹ ਲਿਆ, ਜਿਵੇਂ ਤਾਜ਼ਾ ਹਵਾ ਦਾ ਬੁੱਲਾ ਆਇਆ ਹੋਵੇ। ਉਸ ਜਾਂਕੋਵਸਕੀ ਵੱਲ ਹੱਥ ਵਧਾਇਆ : "ਚੰਗਾ ਦੋਸਤਾ, ਸਾਵਧਾਨ ਰਹੀਂ।"

ਜਾਂਕੋਵਸਕੀ ਬਿਲਕੁਲ ਸੰਤੁਸ਼ਟ ਸੀ।

ਫ਼ੋਰਸਤ ਤੋਂ ਹੋਫ਼ਲ ਦਾ ਇਹ ਹਾਲ ਵੇਖਿਆ ਨਾ ਗਿਆ। ਉਸ ਕੁੱਝ ਸੋਚ ਕੇ ਇੱਕ ਫ਼ੈਸਲਾ ਕੀਤਾ। ਮੈਂਡਰਲ ਦੀ ਮੌਜ਼ੂਦਗੀ ਵਿੱਚ ਉਹ ਇੱਕ ਗੱਦਾ ਕੋਠੜੀ ਨੰਬਰ ਪੰਜ ਵਿੱਚ ਲੈ ਗਿਆ। ਮੈਂਡਰਲ ਦੀਆਂ ਤਿਉੜੀਆਂ ਚੜ੍ਹ ਗਈਆਂ, "ਇਹ ਕੀ ਹੈ?"

"ਅਜੇ ਇਸ ਨੂੰ ਮਰਨਾ ਨਹੀਂ ਚਾਹੀਦਾ, ਅਜੇ ਤਾਂ ਇਸ ਦੀ ਲੋੜ ਹੈ!"

ਮੈਂਡਰਲ ਆਪਣੇ ਸੇਵਾਦਾਰ ਦੀ ਸਿਆਣਪ 'ਤੇ ਫੁੱਲਿਆ ਨਾ ਸਮਾਇਆ। ਪਰ ਉਸ ਜ਼ਬਾਨ ਤੋਂ ਬੱਸ ਇਤਨਾ ਹੀ ਆਖਿਆ:

"ਜਿੰਨੀ ਜ਼ਰੂਰੀ ਹੈ, ਬੱਸ ਓਨੀ ਹੀ ਦੇਖ-ਭਾਲ਼ ਕਰਨੀ।"

"ਤੇ ਇਹ ਕੋਈ ਸੈਨੀਟੋਰੀਅਮ ਥੋੜ੍ਹਾ।" ਫ਼ੋਰਸਤ ਨੇ ਜਵਾਬ ਦਿੱਤਾ ਤੇ ਉਹ ਠੰਢੇ ਪਾਣੀ ਦੀਆਂ ਪੱਟੀਆਂ ਹੋਫ਼ਲ ਦੇ ਸਿਰ ਉੱਤੇ ਰੱਖਣ ਲੱਗਾ।

ਫ਼ੋਰਸਤ ਦੇ ਇਸ ਧਿਆਨ ਦਾ ਸਿੱਟਾ ਇਹ ਨਿੱਕਲ਼ਿਆ ਕਿ ਹੋਫ਼ਲ ਦਾ ਬੁਖ਼ਾਰ ਘਟ ਗਿਆ। ਮੈਂਡਰਲ ਕੋਠੜੀ 'ਤੇ ਸਦਾ ਜੰਦਰਾ ਲਾਈ ਰੱਖਦਾ ਸੀ। ਐਪਰ ਫਿਰ ਵੀ ਫ਼ੋਰਸਤ ਆਪਣੇ ਇਰਾਦੇ ਤੇ ਦਲੇਰੀ ਸਦਕਾ ਅੰਦਰ ਪੁੱਜ ਹੀ ਜਾਂਦਾ। ਹੋਫ਼ਲ ਨੂੰ ਜਿਉਂਦਾ ਰੱਖਣ ਦਾ ਅਹਿਸਾਸ ਦਿਵਾ ਕੇ ਉਸ ਮੈਂਡਰਲ ਤੋਂ ਇਸ ਦੀ ਵੀ ਆਗਿਆ ਲੈ ਲਈ ਕਿ ਹੋਫ਼ਲ ਨੂੰ ਗਰਮ ਖਾਣਾ ਲਿਆ ਦਿੱਤਾ ਕਰੇ। ਪਰਛਾਵੇਂ ਵਾਂਗ ਉਹ ਉਸ ਦੇ ਮੱਥੇ 'ਤੇ ਠੰਡੀਆਂ ਪੱਟੀਆਂ ਰੱਖਦਾ ਤੇ ਉਸ ਦੇ ਮੂੰਹ ਨਾਲ਼ ਗਰਮ ਤਰੀ ਦਾ ਪਿਆਲਾ ਲਾਉਂਦਾ ਤੇ ਮੈਂਡਰਲ ਬੂਹੇ ਉੱਤੇ ਡਟਿਆ ਰਹਿੰਦਾ।

ਕਰੋਪਿਨਸਕੀ ਇੱਕ ਨੁੱਕਰ ਵਿੱਚ ਦਬਕਿਆ ਇਹ ਸਭ ਕੁੱਝ ਵੇਖਦਾ ਰਹਿੰਦਾ ਤੇ ਸੋਚਦਾ ਕਿ ਉਸ ਦੇ ਭਰਾ ਲਈ ਇਹ ਕੀ ਚਮਤਕਾਰ ਹੋ ਰਿਹਾ ਹੈ। ਮੈਂਡਰਲ ਨੇ ਅਜੇ ਤੱਕ ਉਸ ਨੂੰ ਬਖ਼ਸ਼ਿਆ ਹੋਇਆ ਸੀ ਕਿ ਹੋਫ਼ਲ ਰਤਾ ਹੋਸ਼ ਵਿੱਚ ਆ ਜਾਏ ਤੇ ਫਿਰ ਇਹਨਾਂ ਦੋਹਾਂ ਨਾਲ਼ ਗੱਲ ਕਰਾਂਗੇ। ਜਦੋਂ ਹੋਫ਼ਲ ਦੀ ਹੋਸ਼ ਰਤਾ ਠੀਕ ਹੋਈ ਤਾਂ ਮੈਂਡਰਲ ਨੇ ਫ਼ੋਰਸਤ ਨੂੰ ਮਨ੍ਹਾਂ ਕਰ ਦਿੱਤਾ ਕਿ ਹੁਣ ਦੇਖ-ਭਾਲ਼ ਤੇ ਖਾਣੇ ਦੀ ਕੋਈ ਲੋੜ ਨਹੀਂ।

ਫ਼ੋਰਸਤ ਨੂੰ ਫਿਰ ਕੋਠੀ ਵਿੱਚੋਂ ਬਾਹਰ ਕੱਢ ਕੇ ਜੰਦਰਾ ਲਾ ਦਿੱਤਾ ਗਿਆ, ਐਪਰ ਮੋਟਾ ਗੱਦਾ ਪਤਾ ਨਹੀਂ ਕਿਉਂ ਉੱਥੋਂ ਨਾ ਚੁੱਕਿਆ ਗਿਆ।

ਮੈਂਡਰਲ ਦੇ ਜਾਣ ਮਗਰੋਂ ਕਰੋਪਿਨਸਕੀ ਨੁੱਕਰ ਵਿੱਚ ਦਬਕਿਆ ਰਿਹਾ। ਉਸ ਦੀ ਇੰਨੀ ਵੀ ਹਿੰਮਤ ਨਹੀਂ ਸੀ ਪੈ ਰਹੀ ਕਿ ਉਹ ਹੋਫ਼ਲ ਕੋਲ਼ ਜਾਵੇ। ਹੋਫ਼ਲ ਨੇ ਮਰੀ ਅਵਾਜ਼ ਵਿੱਚ ਆਖਿਆ :

"ਮਾਰਿਆਨ!..."

"ਹਾਂ ?"

"ਕਿਤਨੇ ਦਿਨਾਂ ਤੋਂ।" ਹੋਫ਼ਲ ਗੱਦੇ ਉੱਤੇ ਹੱਥ ਫੇਰਨ ਲੱਗਾ, "ਕਿਤਨੇ ਦਿਨਾਂ ਤੋਂ ਅਸੀਂ ਇੱਥੇ ਹਾਂ-ਮਾਰਿਆਨ ?"

ਨੁੱਕਰ ਵਿੱਚ ਚੁੱਪ-ਚਾਂ ਰਹੀ। ਥੋੜ੍ਹੇ ਚਿਰ ਮਗਰੋਂ ਜਵਾਬ ਮਿਲਿਆ :

"ਪੰਜ ਦਿਨ ਤੋਂ ਵੀਰਾ!"

ਕਾਫ਼ੀ ਦੇਰ ਤੱਕ ਨੁੱਕਰ ਵਿੱਚ ਸੁੰਨ ਵਿੱਚ ਜਵਾਬ ਘੁੰਮਦਾ ਰਿਹਾ। ਹੋਫ਼ਲ ਦੀਆਂ ਨਜ਼ਰਾਂ ਛੱਤ ਉੱਤੇ ਲੱਗੀਆਂ ਸਨ, ਜਿਵੇਂ ਖ਼ਾਮੋਸ਼ੀ ਨਾਲ਼ ਬਲ਼ਦੇ ਹੋਏ ਦੀਵੇ ਦੀ ਲੋਅ।

"ਪੰਜ..."

ਹੋਫ਼ਲ ਅੱਖ ਝਮਕਾਉਣ ਲੱਗਿਆ ਤੇ ਉਸ ਦੀ ਨਜ਼ਰ ਦਾ ਸ਼ੋਹਲਾ ਇਉਂ ਕੰਬਿਆ, ਜਿਵੇਂ ਵਾ ਦਾ ਹੌਲ਼ਾ ਜਿਹਾ ਬੁੱਲਾ ਆ ਗਿਆ ਹੋਵੇ।

"ਮਾਰਿਆਨ..."

"ਹਾਂ"

"ਕੀ ਮੈਂ...ਸੁਣ ਰਿਹਾ ਏਂ..ਮਾਰਿਆਨ ?"

"ਹਾਂ"

"ਕੀ ਮੈਂ ਕੁੱਝ ਆਖਿਆ ਹੈ ?" ਹੋਫ਼ਲ ਨੂੰ ਇੰਝ ਲੱਗਿਆ ਜਿਵੇਂ ਸੰਘ ਵਿੱਚ ਕੰਢੇ ਚੁਭ ਗਏ ਹੋਣ।

"ਨਹੀਂ ਵੀਰਾ!"

"ਬਿਲਕੁਲ ਕੁੱਝ ਨਹੀਂ।"

"ਨਹੀਂ....ਤੂੰ ਤਾਂ ਬੱਸ ਚੀਕਦਾ ਰਿਹਾ।"

"ਸੱਚ ਕਹਿ ਰਿਹਾ ਏਂ ?"

"ਹਾਂ"

"ਹੋਫ਼ਲ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ।"

"ਤੇ ਤੂੰ! ਤੂੰ ਕੀ ਕੀਤਾ ?"

"ਮੈਂ ਵੀ..."

"ਚੀਕਦਾ ਰਿਹਾ ?"

"ਹਾਂ"

ਬੱਸ ਹੋਰ ਕੱਝ ਨਹੀਂ ਆਖਿਆ ਗਿਆ। ਹੋਰ ਕੁੱਝ ਕਹਿਣ ਦੀ ਲੋੜ ਵੀ ਨਹੀਂ ਸੀ।

ਬਾਹਰ ਇੱਕ ਕੈਦੀ ਹਰਕਾਰਾ ਪਰੇਡ ਗਰਾਊਂਡ ਤੋਂ ਦੌੜਦਾ ਹੋਇਆ ਲੰਘਿਆ ਸੀ। ਉਹ ਕਰੈਮਰ ਨੂੰ ਢੂੰਢ ਰਿਹਾ ਸੀ, ਜਿਹੜਾ ਉਸ ਨੂੰ ਕਿਤੇ ਨਹੀਂ ਸੀ ਮਿਲ ਰਿਹਾ ਤੇ ਉਹ ਹਰ ਇੱਕ ਤੋਂ ਪੁੱਛ ਰਿਹਾ ਸੀ, "ਕਿੱਥੇ ਹੈ ਉਹ ?"

ਉਹ ਭੱਜਦਾ ਹੋਇਆ ਛੋਟੇ ਕੈਂਪ ਵਿੱਚ ਗਿਆ ਤੇ ਅੰਤ ਕਰੈਮਰ ਨੂੰ ਮਿਲ਼ ਹੀ

ਪਿਆ।

"ਵਾਲਟਰ!"

ਕਰੈਮਰ ਉਸ ਨੂੰ ਵੇਖਦੇ ਹੀ ਸਮਝ ਗਿਆ ਕਿ ਜ਼ਰੂਰ ਕੋਈ ਭੈੜੀ ਖ਼ਬਰ ਹੈ। ਉਸ ਹਰਕਾਰੇ ਨੂੰ ਵੱਖ ਲਿਜਾ ਕੇ ਪੁੱਛਿਆ "ਕੀ ਗੱਲ ਹੈ?"

ਨੌਜਵਾਨ ਕੈਦੀ ਨੇ ਹੌਂਕਦੇ ਹੋਏ ਉੱਤਰ ਦਿੱਤਾ "ਤਾਰ! ਮੈਂ ਇਤਫ਼ਾਕ ਨਾਲ਼ ਸੁਣ ਲਿਆ" ਉਸ ਦੀਆਂ ਅੱਖਾਂ ਵਿੱਚੋਂ ਡਰ ਟਪਕਣ ਲੱਗਾ : "ਕੈਂਪ ਖ਼ਾਲੀ ਕਰਨ ਦਾ ਹੁਕਮ!"

ਕਰੈਮਰ ਠਠੰਬਰ ਗਿਆ "ਸੱਚ?" ਅਚਾਨਕ ਡਰ ਨਾਲ਼ ਇੱਕ ਛਿਣ ਲਈ ਉਸ ਦਾ ਦਿਮਾਗ਼ ਖ਼ਾਲੀ ਹੋ ਗਿਆ। ਉਹ ਡਰੇ ਹੋਏ ਨੌਜਵਾਨ ਨੂੰ ਘੂਰਦਾ ਰਿਹਾ। ਬੱਚੇ ਦੀ ਹੋਂਦ ਕਾਰਨ ਬਹੁਤ ਸਾਰੇ ਖ਼ਤਰੇ ਪੈਦਾ ਹੋ ਗਏ ਸਨ। ਉਹ ਸਭ ਮਿਲ਼ ਕੇ ਇੱਕ ਵੱਡੇ ਖ਼ਤਰੇ ਦਾ ਰੂਪ ਧਾਰ ਰਹੇ ਸਨ। ਸਮਾਪਤੀ ਨੇੜੇ ਆ ਰਹੀ ਸੀ।

"ਹੁਣ ਕੀ ਹੋਵੇਗਾ?" ਹਰਕਾਰੇ ਨੇ ਸੁਆਲ ਕੀਤਾ।

ਕਰੈਮਰ ਦਾ ਚਿਹਰਾ ਉੱਤਰ ਗਿਆ। "ਵੇਖੋ, ਹੁਣ ਕੀ ਹੁੰਦਾ ਹੈ!"

ਹੋਰ ਉਹ ਕੀ ਜਵਾਬ ਦੇਂਦਾ। ਉਸ ਦੀ ਸਮਝ ਵਿੱਚ ਨਹੀਂ ਸੀ ਆ ਰਿਹਾ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ।

ਉਡੀਕ ਕਰਨ ਦੀ ਤਾਬ ਉਨ੍ਹਾਂ ਨੂੰ ਕਿੱਥੋਂ ਸੀ। ਕਰੈਮਰ ਦਾ ਤਾਂ ਜੀਅ ਕੀਤਾ ਕਿ ਸੀਟੀ ਮੂੰਹ ਵਿੱਚ ਲੈ ਕੇ ਪੂਰੇ ਜ਼ੋਰ ਨਾਲ਼ ਵਜਾਂਦਾ ਹੋਇਆ ਪੂਰੇ ਕੈਂਪ ਦਾ ਚੱਕਰ ਲਾਏ ਤੇ ਪੂਰੇ ਕੈਂਪ ਤੋਂ ਬਗ਼ਾਵਤ ਕਰਾ ਦੇਵੇ।

ਆਪਣੀ ਬੇਚੈਨੀ ਨੂੰ ਦਬਾਉਣ ਲਈ ਉਸ ਸੁਆਲ ਕੀਤਾ : "ਕੁੱਝ ਵਿਸਥਾਰ ਵੀ ਪਤਾ ਹੈ?"

ਨੌਜਵਾਨ ਨੇ ਨਾਂਹ ਵਿੱਚ ਸਿਰ ਹਿਲਾਇਆ।

"ਮੈਂ ਛੇਤੀ ਤੋਂ ਛੇਤੀ ਇਹ ਖ਼ਬਰ ਪਹੁੰਚਾਣਾ ਚਾਹੁੰਦਾ ਸੀ। ਉੱਥੇ ਨਾਜ਼ੀ ਅਫ਼ਸਰਾਂ ਨੇ ਇਸ ਦੀ ਗੱਲਬਾਤ ਸ਼ੁਰੂ ਕੀਤੀ ਹੈ।"

ਤਾਂ ਜੋ ਇਹਨਾਂ ਲੋਕਾਂ ਨੇ ਸੋਚਿਆ ਸੀ ਉਹ ਸੱਚ ਨਿੱਕਲ਼ ਰਿਹਾ ਸੀ। ਅਜੇ ਇੱਕ ਹਫ਼ਤਾ ਹੋਇਆ ਉਸ ਨੇ ਸ਼ਿਊਪ ਨੂੰ ਆਖਿਆ ਸੀ : "ਪੰਦਰਾਂ ਦਿਨਾਂ ਦੇ ਅੰਦਰ ਅਸੀਂ ਜਾਂ ਤਾਂ ਅਜ਼ਾਦ ਹੋਵਾਂਗੇ ਜਾਂ ਮੁਰਦਾ।"

ਉਸ ਸਮੇਂ ਇਹ ਗੱਲ ਕਿਤਨੀ ਖੋਖਲੀ ਸੀ, ਪਰ ਅੱਜ ਹਕੀਕਤ ਉਸ ਦੇ ਸਾਹਮਣੇ ਹੈ।

ਕਰੈਮਰ ਨੂੰ ਠੰਢੀਆਂ ਤਰੇਲੀਆਂ ਆ ਗਈਆਂ ਤੇ "ਹੋਫ਼ਲ ਦਾ ਕੀ ਬਣੇਗਾ?" ਕਰੋਪਿਨਸਕੀ ਦਾ ਕੀ ਬਣੇਗਾ?"

ਸਮਾਨਖ਼ਾਨੇ ਦੇ ਦਸ ਕੈਦੀਆਂ 'ਤੇ ਕੀ ਬੀਤੇਗੀ? ਪੀਪਿਗ, ਬੱਚਾ ਇਹਨਾਂ ਸਾਰਿਆਂ ਦਾ ਕੀ ਹੋਵੇਗਾ।"

ਪੰਜ

ਸਮਾਨਖ਼ਾਨੇ ਤੋਂ ਜਿਹੜੇ ਲੋਕ ਲਿਆਂਦੇ ਗਏ ਸਨ ਉਨ੍ਹਾਂ ਨੂੰ ਉਸ ਕੈਦਖ਼ਾਨੇ ਵਿੱਚ ਰੱਖਿਆ ਗਿਆ ਸੀ, ਜਿਹੜਾ ਵਾਇਮਰ ਦੇ ਗਸਟਾਪੋ ਨੇ ਆਪਣੇ ਕੰਮ ਲਈ ਪਿੰਜਰੇ 'ਤੇ ਕਟਹਿਰਿਆਂ ਵਾਂਗ ਬਣਾਇਆ ਹੋਇਆ ਸੀ।

ਗਸਟਾਪੋ ਦਾ ਅਫ਼ਸਰ ਰੇਕਸ ਗੇ ਕਲੂਟਿਗ ਨੂੰ ਆਪਣੇ ਕਮਰੇ ਵਿੱਚ ਲੈ ਗਿਆ ਤੇ ਪਹਿਲਾਂ ਉਸ ਨੇ ਕਲੂਟਿਗ ਨੂੰ ਉਨ੍ਹਾਂ ਦੀ ਮੂਰਖ਼ਤਾ 'ਤੇ ਡਾਂਟਿਆ, ਫਿਰ ਕੈਂਪ ਦਾ ਸਾਰਾ ਹਾਲ, ਬੱਚੇ ਦਾ ਮਾਮਲਾ ਤੇ ਹੋਫ਼ਲ ਤੇ ਕਰੋਪਿਨਸਕੀ ਬਾਰੇ ਸਭ ਕੁੱਝ ਸੁਣਿਆ।

ਬੱਚੇ ਤੇ ਕਮਿਊਨਿਸਟਾਂ ਵਿਚਾਲ਼ੇ ਸੱਚਮੁੱਚ ਹੀ ਕੋਈ ਸਬੰਧ ਜਾਪਦਾ ਸੀ ਅਤੇ ਇਹ ਵੀ ਠੀਕ ਹੈ ਕਿ ਰੋਜ਼ ਤੇ ਪੀਪਿਗ ਹੀ ਕੰਮ ਦੇ ਬੰਦੇ ਹਨ। ਉਸ ਅਨੁਮਾਨ ਲਾਇਆ ਕਿ ਇਹ ਲੋਕ ਵਰ੍ਹਿਆਂ ਤੋਂ ਕੈਂਪ ਵਿੱਚ ਕੈਦ ਹਨ ਤੇ ਹੁਣ ਇਹ ਜਾਣਦੇ ਹਨ ਖ਼ਾਤਮਾ ਨੇੜੇ ਹੈ। ਭਲਾ ਕਿਹੜਾ ਬੰਦਾ ਇਹ ਜਾਣਦੇ ਹੋਏ ਕਿ ਬਚ ਨਿੱਕਲ਼ਣ ਦਾ ਸਮਾਂ ਆ ਪਹੁੰਚਿਆ ਹੈ, ਆਪਣੀ ਜਾਨ ਖ਼ਤਰੇ ਵਿੱਚ ਪਾਉਂਦਾ ਹੈ। ਇਹ ਲੋਕ ਜ਼ਰੂਰ ਇਕਬਾਲ ਕਰ ਲੈਣਗੇ। ਉਸ ਨੇ ਸਭ ਕੁੱਝ ਸੁਣ ਕੇ ਚੰਗੀ ਤਰ੍ਹਾਂ ਸੋਚ ਸਮਝ ਕੇ ਆਖਿਆ :

"ਠੀਕ ਹੈ, ਮੈਂ ਚੰਗੀ ਤਰ੍ਹਾਂ ਸਮਝ ਗਿਆ।"

ਕਲੂਟਿਗ ਦੇ ਜਾਣ ਮਗਰੋਂ ਉਸ ਹੁਕਮ ਦਿੱਤਾ ਕਿ ਰੋਜ਼ ਤੇ ਪੀਪਿਗ ਨੂੰ ਇੱਕੋ ਕੋਠੜੀ ਵਿੱਚ ਰੱਖਿਆ ਜਾਵੇ ਤੇ ਇੰਝ ਪੀਪਿਗ ਤੇ ਰੋਜ਼ ਕੋਠੜੀ ਨੰਬਰ ਸੋਲਾਂ ਵਿੱਚ ਬੰਦ ਕਰ ਦਿੱਤੇ ਗਏ ਅਤੇ ਦੋਹਾਂ ਵਿੱਚੋਂ ਇੱਕ ਨੂੰ ਵੀ ਸ਼ੱਕ ਨਾ ਹੋਇਆ ਕਿ ਇੰਝ ਸੋਚ ਸਮਝ ਕੇ ਕੀਤਾ ਗਿਆ ਹੈ!

ਰੋਜ਼ ਦੀ ਹਿੰਮਤ ਉੱਕਾ ਹੀ ਜਵਾਬ ਦੇ ਚੁੱਕੀ ਸੀ। ਉਸ ਦਾ ਚਿਹਰਾ ਬਿਲਕੁੱਲ ਚਿੱਟਾ ਹੋ ਗਿਆ ਸੀ।

ਪੀਪਿਗ ਨੇ ਕੋਠੜੀ ਦਾ ਜਾਇਜ਼ਾ ਲਿਆ ਤੇ ਫਿਰ ਰੋਜ਼ ਦੇ ਮੋਢੇ ਉੱਤੇ ਮਿੱਤਰਤਾਨਾ ਢੰਗ ਨਾਲ਼ ਹੱਥ ਰੱਖਿਆ : "ਭਲਿਆਮਾਣਸਾ, ਆਪਣੇ-ਆਪ ਨੂੰ ਤਕੜਾ ਕਰ!"

ਰੋਜ਼ ਨੇ ਠੰਡਾ ਸਾਹ ਲਿਆ ਤੇ ਥੁੱਕ ਕੇ ਬੋਲਿਆ : "ਕੁੱਤੇ...."

ਪੀਪਿਗ ਨੇ ਹੈਰਾਨਗੀ ਨਾਲ਼ ਰੋਜ਼ ਵੱਲ ਵੇਖਿਆ, ਜਿਸ ਦਾ ਸਾਰਾ ਸਰੀਰ ਪਾਗ਼ਲਾਂ ਵਾਂਗ ਕੰਬ ਰਿਹਾ ਸੀ।

"ਕੁੱਤੇ...ਹੁਣ ਇਸ ਸਮੇਂ ਜਦ ਕਿ ਸਭ ਕੁੱਝ ਖ਼ਤਮ ਹੋਣ ਵਾਲ਼ਾ ਹੈ, ਜੇ ਮੈਂ ਮਰ ਗਿਆ ਤਾਂ ਸਾਰਾ ਦੋਸ਼ ਤੇਰੇ ਸਿਰ ਆਵੇਗਾ।"

ਪੀਪਿਗ ਸਮਝ ਗਿਆ ਕਿ ਇਸ ਨੂੰ ਦੁੱਖ ਤੇ ਡਰ ਕਿਸ ਗੱਲ ਦਾ ਹੈ।

"ਪਰ ਆਗਸਟ..."

ਅਚਾਨਕ ਰੋਜ਼ ਉੱਛਲ ਪਿਆ ਤੇ ਉਸ ਨੇ ਪੀਪਿਗ ਦਾ ਗਲ਼ਾ ਦਬੋਚ ਲਿਆ। ਪੀਪਿਗ ਨੇ ਆਪਣਾ ਗਲ਼ਾ ਛੁਡਾਉਣ ਦੀ ਕੋਸ਼ਿਸ਼ ਕੀਤੀ, ਪਰ ਰੋਜ਼ ਨੇ ਨਾ ਛੱਡਿਆ। ਦੋਵੇਂ ਇੱਕ ਦੂਜੇ ਨਾਲ਼ ਉਲਝ ਗਏ ਤੇ ਪੀਪਿਗ ਨੇ ਰੋਜ਼ ਨੂੰ ਡੇਗ ਲਿਆ। ਰੋਜ਼ ਜਿਸ ਸਟੂਲ 'ਤੇ ਬੈਠਾ

ਸੀ, ਉਹ ਵੀ ਜ਼ੋਰ ਨਾਲ਼ ਡਿੱਗਿਆ। ਕੋਠੜੀ ਦਾ ਬੂਹਾ ਖੁੱਲ੍ਹਿਆ ਤੇ ਜੇਲ੍ਹਰ ਦੀ ਅਵਾਜ਼ ਸੁਣਾਈ ਦਿੱਤੀ :

"ਬੱਸ-ਬੱਸ ਇਹ ਕੀ ਹੋ ਰਿਹਾ ਏ।"

ਉਸ ਦੋਹਾਂ ਨੂੰ ਵੱਖ-ਵੱਖ ਕੀਤਾ, "ਇੱਕ ਦੂਜੇ ਦੀ ਜਾਨ ਲੈਣਾ ਚਾਹੁੰਦੇ ਹੋ ? ਇੱਥੇ ਪੁੱਜ ਗਏ ਹੋ, ਇਹੋ ਥੋੜ੍ਹਾ ਹੈ। ਮਿਲ਼-ਜੁਲ਼ ਕੇ ਝੱਲਣ ਦੀ ਕੋਸ਼ਿਸ਼ ਕਰੋ। ਸ਼ੁਕਰ ਹੈ ਕਿ ਤੁਸਾਂ ਨੂੰ ਪੂਰੀ ਕੋਠੜੀ ਮਿਲ਼ੀ ਹੋਈ ਹੈ, ਨਹੀਂ ਤਾਂ ਇੱਕ-ਇੱਕ ਵਿੱਚ ਪੰਦਰਾਂ-ਪੰਦਰਾਂ ਭਰੇ ਪਏ ਹਨ।"

ਬੁੱਢਾ ਜੇਲ੍ਹਰ ਭਾਂਪ ਗਿਆ ਕਿ ਪਹਿਲ ਕਿਸ ਨੇ ਕੀਤੀ ਹੋਵੇਗੀ। ਉਸ ਨੇ ਰੋਜ਼ ਨੂੰ ਸਟੂਲ 'ਤੇ ਬਿਠਾਇਆ ਤੇ ਆਖਿਆ : "ਬਹੁਤਾ ਗ਼ੁੱਸਾ ਨਾ ਕਰ।"

ਫਿਰ ਉਹ ਪੀਪਿਗ ਨੂੰ ਸੰਬੋਧਨ ਹੋਇਆ, ਜਿਹੜਾ ਆਪਣੀ ਜੈਕਟ ਦੇ ਬਟਨ ਬੰਦ ਕਰ ਰਿਹਾ ਸੀ, "ਕਿਉਂ ਆਪਣੇ ਲਈ ਔਕੜਾਂ ਵਧਾਉਂਦਾ ਏਂ!"

ਪੀਪਿਗ ਨੇ ਉਸ ਦੀ ਅਵਾਜ਼ ਵਿੱਚ ਹਮਦਰਦੀ ਅਨੁਭਵ ਕੀਤੀ ਤੇ ਉਸ ਵੱਲ ਵੇਖ ਕੇ ਧੰਨਵਾਦ ਵਿੱਚ ਸਿਰ ਹਿਲਾਇਆ। ਜੇਲ੍ਹਰ ਉਨ੍ਹਾਂ ਨੂੰ ਇਕੱਲਾ ਛੱਡ ਕੇ, ਕੋਠੜੀ ਨੂੰ ਜੰਦਰਾ ਲਾ ਕੇ ਚਲਿਆ ਗਿਆ।

ਰੋਜ਼ ਸਟੂਲ 'ਤੇ ਬੈਠਾ ਰਿਹਾ। ਨਿਰਾਸਤਾ ਤੇ ਡਰੇ ਹੋਏ ਲਹਿਜੇ ਵਿੱਚ ਉਸ ਨੇ ਆਖਿਆ : "ਮੇਰਾ ਉਸ ਨਾਲ਼ ਕੋਈ ਸਬੰਧ ਨਹੀਂ, ਮੇਰਾ ਉਸ ਨਾਲ਼ ਕੋਈ ਵਾਸਤਾ ਨਹੀਂ। ਮੈਂ ਬੱਸ ਆਪਣੇ ਕੰਮ ਨਾਲ਼ ਵਾਸਤਾ ਰੱਖਦਾ ਸਾਂ। ਮੈਂ ਘਰ ਜਾਣਾ ਚਾਹੁੰਦਾ ਹਾਂ। ਮੈਂ ਦੁੱਖਾਂ ਦੇ ਦਿਨ ਮੁੱਕਣ ਦੇ ਸਮੇਂ ਮਰਨਾ ਨਹੀਂ ਚਾਹੁੰਦਾ।"

ਪੀਪਿਗ ਨੇ ਉਸ ਨਾਲ਼ ਸਨੇਹ ਦਰਸਾਇਆ : "ਬਿਲਕੁਲ ਠੀਕ ਹੈ ਆਗਸਟ, ਤੇਰਾ ਬੱਚੇ ਨਾਲ਼ ਕੋਈ ਵਾਸਤਾ ਨਹੀਂ।"

ਰੋਜ਼ ਚੀਕਣ ਲੱਗਿਆ : "ਮੈਂ ਬੱਚੇ ਬਾਰੇ ਕੁੱਝ ਨਹੀਂ ਜਾਣਦਾ, ਉੱਕਾ ਕੁੱਝ ਨਹੀਂ।"

"ਤਾਂ ਇਹ ਤੇ ਚੰਗਾ ਹੀ ਹੈ।" ਪੀਪਿਗ ਵੇਖ ਰਿਹਾ ਸੀ ਕਿ ਇਸ ਦੇ ਅੰਦਰ ਨਿਰਬਲਤਾ ਤੇ ਧੋਖਾ ਬੈਠਾ ਹੋਇਆ ਹੈ। ਰੋਜ਼ ਨੇ ਬੜੀ ਪੀੜਾ ਨਾਲ਼ ਸਾਹ ਲਿਆ।

"ਮੈਂ ਹੁਣ, ਇਸ ਸਮੇਂ ਮਰਨਾ ਨਹੀਂ ਚਾਹੁੰਦਾ...."

ਪੀਪਿਗ ਖੜ੍ਹਾ ਹੋ ਗਿਆ ਤੇ ਉਸ ਨੇ ਕੋਸਿਆ "ਲਾਹਨਤ ਹੈ।" ਉਸ ਰੋਜ਼ ਦਾ ਮੋਢਾ ਫੜ ਕੇ ਜ਼ੋਰ ਨਾਲ਼ ਹਿਲਾਇਆ : "ਆਗਸਟ! ਮਰਦ, ਆਦਮੀ! ਰਤਾ ਸੋਚ! ਕੀ ਤੂੰ ਸਮਝਦਾ ਏਂ ਕਿ ਇਹ ਲੋਕ ਸਮੇਂ ਤੋਂ ਪੰਜ ਮਿੰਟ ਪਹਿਲਾਂ ਸਾਨੂੰ ਮਾਰ ਦੇਣਗੇ ? ਇਤਨੇ ਤਾਂ ਪਾਗ਼ਲ ਨਹੀਂ ਇਹ! ਸਾਡੇ ਲਈ ਇਹੋ ਅਵਸਰ ਹੈ, ਬੱਸ ਅਸੀਂ ਇਸ ਸਮੇਂ ਇੱਕ ਦੂਜੇ ਦਾ ਸਾਥ ਨਾ ਛੱਡੀਏ!"

ਰੋਜ਼ ਨੇ ਮਖ਼ੌਲ ਉਡਾਉਂਦਿਆਂ ਆਖਿਆ : "ਸਾਥ ਨਾ ਛੱਡੀਏ! ਇਹ ਲੋਕ ਸਾਡਾ ਕੀਮਾ ਬਣਾ ਦੇਣਗੇ।"

ਪੀਪਿਗ ਨੇ ਉਸ ਨੂੰ ਛੱਡ ਦਿੱਤਾ। ਜੇਬ ਵਿੱਚ ਹੱਥ ਪਾ ਕੇ ਉਹ ਕੋਠੜੀ ਵਿੱਚ ਟਹਿਲਣ ਲੱਗਿਆ, "ਜਬਾੜਿਆਂ ਉੱਤੇ ਦੋ ਚਾਰ ਮੁੱਕੇ ਖਾਣ ਲਈ ਤਾਂ ਤਿਆਰ ਰਹਿਣਾ

ਪਵੇਗਾ...”

ਕੋਠੜੀ ਦਾ ਜੰਦਰਾ ਖੁੱਲ੍ਹਿਆ। ਜੇਲ੍ਹਰ ਨੇ ਬੂਹਾ ਖੋਲ੍ਹ ਕੇ ਅਵਾਜ਼ ਦਿੱਤੀ : “ਪੀਪਿਗ ਚੱਲੋ ! ਬਿਆਨ ਦੇਣ ਲਈ।”

ਪੀਪਿਗ ਨੇ ਲਾਪਰਵਾਹੀ ਨਾਲ਼ ਆਪਣੇ ਮੋਢੇ ਹਿਲਾਏ ਤੇ ਤੁਰ ਪਿਆ। ਬੂਹੇ ’ਤੇ ਪੁੱਜ ਕੇ ਉਹ ਮੁੜਿਆ ਤੇ ਰੋਜ਼ ਨੂੰ ਸੰਬੋਧਨ ਹੋ ਕੇ ਹੱਸਿਆ “ਅੱਛਾ ਆਗਸਟ ! ਕੌਣ ਰੋ ਰਿਹਾ ਏ ਦੱਸ ? ਤੂੰ ਕਿ ਮੈਂ ? ਮੈਂ ਰੋ ਰਿਹਾ ਹਾਂ ਨਾ ?”

ਰੋਜ਼ ਨਿਸੱਤਾ ਤੇ ਅਹਿਲ, ਡਰ ਨਾਲ਼ ਭਰੀਆਂ ਨਜ਼ਰਾਂ ਨਾਲ਼ ਬੂਹੇ ਨੂੰ ਤੱਕਦਾ ਰਿਹਾ ਜਿਹੜਾ ਪੀਪਿਗ ਦੇ ਜਾਣ ਮਗਰੋਂ ਬੰਦ ਹੋ ਗਿਆ।

ਠੀਕ ਉਸ ਸਮੇਂ ਬੋਖਾਉ ਤੇ ਬੋਗਰਵਸਕੀ ਗੱਲਾਂ ਕਰ ਰਹੇ ਸਨ। ਸ਼ਾਰ ਫ਼ੋਹਰਰ ਨਵੇਂ ਆਇਆਂ ਨੂੰ ਲੈ ਕੇ ਗ਼ੁਸਲਖ਼ਾਨੇ ਤੋਂ ਚਲਿਆ ਗਿਆ ਸੀ। ਕਮਾਂਡੋ ਦੇ ਕੈਦੀ ਸਫ਼ਾਈ ਕਰ ਰਹੇ ਸਨ। “ਲਿਊਂਡ, ਅਰੰਭ ਹੋ ਗਿਆ !” ਬੋਖਾਉ ਇੱਕ ਸਟੂਲ ’ਤੇ ਬਹਿੰਦਾ ਹੋਇਆ ਬੋਲਿਆ।

“ਮੈਨੂੰ ਵਿਸਥਾਰ ਤਾਂ ਪਤਾ ਨਹੀਂ, ਪਰ ਕਰੈਮਰ ਨੇ ਹੁਣੇ-ਹੁਣੇ ਦੱਸਿਆ ਹੈ ਕਿ ਲੋਕ ਕੈਂਪ ਖ਼ਾਲੀ ਕਰਾਉਣਾ ਚਾਹੁੰਦੇ ਹਨ।”

ਬੋਗਰਵਸਕੀ ਉੱਤੇ ਇਸ ਖ਼ਬਰ ਦਾ ਕੋਈ ਖ਼ਾਸ ਅਸਰ ਵਿਖਾਈ ਨਾ ਦਿੱਤਾ। ਉਹ ਬੋਖਾਉ ਤੋਂ ਕੇਵਲ ਆਪਣੇ ਵਿਚਾਰ ਲੁਕਾਉਣਾ ਚਾਹੁੰਦਾ ਸੀ। ਬੋਖਾਉ ਖੜ੍ਹਾ ਹੋ ਗਿਆ ਤੇ ਕੁੱਝ ਦੇਰ ਸੋਚ ਕੇ ਉਸ ਬੋਗਰਵਸਕੀ ਵੱਲ ਵੇਖਿਆ : “ਤਾਂ ਹੁਣ ਕੀ ਕਰਨਾ ਏ ?”

ਇਹ ਪ੍ਰਸ਼ਨ ਐਵੇਂ ਉਲਝਣ ਵਿੱਚ ਨਹੀਂ ਸੀ ਕੀਤਾ ਗਿਆ। ਇਹ ਪ੍ਰਸ਼ਨ ਪੰਜਾਹ ਹਜ਼ਾਰ ਮਨੁੱਖਾਂ ਦੀ ਕਿਸਮਤ ਨਾਲ਼ ਸਬੰਧਿਤ ਸੀ। ਇਸ ਵਿੱਚ ਉਹ ਸਾਰੀਆਂ ਵਿਉਂਤਾਂ ਲੁਕੀਆਂ ਹੋਈਆਂ ਸਨ, ਜਿਨ੍ਹਾਂ ਨੂੰ ਮਹੀਨਿਆਂ ਦੇ ਵਿਚਾਰ-ਵਟਾਂਦਰੇ ਮਗਰੋਂ ਇਸ ਘੜੀ ਲਈ ਤਿਆਰ ਕੀਤਾ ਗਿਆ ਸੀ, ਜਿਹੜੀ ਸ਼ਾਇਦ ਆ ਪਹੁੰਚੀ ਸੀ। ਕੀ ਕੈਂਪ ਖ਼ਾਲੀ ਕਰਾਉਣ ਦਿੱਤਾ ਜਾਏ ਤੇ ਪੰਜਾਹ ਹਜ਼ਾਰ ਆਦਮੀਆਂ ਨੂੰ ਮੌਤ ਦੇ ਮੂੰਹ ਵਿੱਚ ਜਾਣ ਦਿੱਤਾ ਜਾਵੇ ? ਜਾਂ...

ਬੋਗਰਵਸਕੀ ਨੇ ਆਪਣੀ ਮੇਜ਼ ਦੀ ਦਰਾਜ਼ ਖਿੱਚੀ ਤੇ ਉਸ ਵਿੱਚੋਂ ਜਰਮਨੀ ਦਾ ਇੱਕ ਨਕਸ਼ਾ ਕੱਢ ਕੇ ਮੇਜ਼ ’ਤੇ ਵਿਛਾ ਦਿੱਤਾ। ਬੋਖਾਉ ਨੂੰ ਉਸ ਨੇ ਨੇੜੇ ਆਉਣ ਦਾ ਇਸ਼ਾਰਾ ਕੀਤਾ ਤੇ ਫਿਰ ਉਸ ਮੁਹਾਜ਼ ਵਿਖਾਇਆ। ਪੂਰਬ ਵੱਲੋਂ ਰੂਸੀ ਬਰਲਿਨ ਦੇ ਬਿਲਕੁੱਲ ਨੇੜੇ ਪੁੱਜ ਗਏ ਸਨ। ਪੱਛਮ ਵੱਲੋਂ ਅਮਰੀਕੀ ਅਜੇ ਬਹੁਤ ਦੂਰ ਸਨ। ਪਰ ਬਰਲਿਨ ਉੱਤੇ ਜਿਸ ਦਾ ਕਬਜ਼ਾ ਹੋਵੇਗਾ, ਉਹੋ ਜਰਮਨ ਦਾ ਜੇਤੂ ਅਖਵਾਏਗਾ, ਇਸ ਲਈ ਅਮਰੀਕਨ ਬਰਲਿਨ ਪਹੁੰਚਣ ਲਈ ਪੂਰੀ ਵਾਹ ਲਾਉਣਗੇ। ਇਸ ਸਮੇਂ ਉਹ ਥੁਰਿਨਗੀਆ ਵਿੱਚ ਹਨ। ਵਾਇਮਰ, ਬੋਖਨਵਾਲਡ।

ਬੋਖਾਉ ਨੇ ਉਸ ਦੀ ਗੱਲ ਸਮਝਦੇ ਹੋਏ ਸਿਰ ਹਿਲਾਇਆ। ਬੋਗਰਵਸਕੀ ਨੇ ਆਪਣੀ ਟੁੱਟੀ ਭੱਜੀ ਜਰਮਨ ਵਿੱਚ ਦੱਸਿਆ ਕਿ ਅਮਰੀਕੀ ਕੋਸ਼ਿਸ਼ ਕਰਨਗੇ ਕਿ ਲਾਲ ਫ਼ੌਜ

ਉਨ੍ਹਾਂ ਤੋਂ ਪਹਿਲਾਂ ਬਰਲਿਨ ਨਾ ਪਹੁੰਚੇ। ਦੌੜ ਹੋਵੇਗੀ। ਕਿਹੜਾ ਵਧੇਰੇ ਤਿੱਖਾ ਹੈ : ਅਮਰੀਕੀ ਜਾਂ ਫ਼ਾਸਿਸਟ ਤੇ ਕੈਂਪ ਖ਼ਾਲੀ ਕਰਾਉਣ ਦੀ ਇਹਨਾਂ ਦੀ ਸਕੀਮ ਸਿਰੇ ਚੜ੍ਹਦੀ ਹੈ ਜਾਂ ਨਹੀਂ ?

"ਤੇ ਅਸੀਂ ਵਿਚਕਾਰ ਹਾਂ।" ਬੋਖਾਉ ਪੀੜ ਨਾਲ਼ ਮੁਸਕਰਾਇਆ।

"ਹਰ ਗੱਲ ਝਟਪਟ ਵਾਪਰ ਰਹੀ ਹੈ। ਸਾਨੂੰ ਅੱਜ ਸ਼ਾਮ ਗੱਲ ਕਰਨੀ ਚਾਹੀਦੀ ਹੈ। ਕੌਮਾਂਤਰੀ ਮਜ਼ਦੂਰ ਕਮੇਟੀ ਨੂੰ ਤੈਅ ਕਰਨਾ ਹੈ। ਹੁਣ ਜੋ ਕੁੱਝ ਹੋਣਾ ਹੈ, ਉਹ ਅਸੀਂ ਦੋਵੇਂ ਤੈਅ ਨਹੀਂ ਕਰ ਸਕਦੇ।"

ਬੋਖਾਉ ਹੁਣ ਸਟੂਲ 'ਤੇ ਬੈਠ ਗਿਆ ਤੇ ਉਸ ਨੇ ਬੋਗਰਵਸਕੀ ਨੂੰ ਸਮਝਾਉਣਾ ਸ਼ੁਰੂ ਕੀਤਾ, "ਕੈਂਪ ਵਿੱਚ ਇੱਕ ਬੱਚਾ ਆ ਗਿਆ ਹੈ, ਹਾਂ ਹਾਂ ਮੈਂ ਜਾਣਦਾ ਹਾਂ, ਲਿਊਂਦ, ਮੈਂ ਸਮਝਦਾ ਹਾਂ। ਮੇਰਾ ਇਹ ਅਰਥ ਨਹੀਂ। ਰਤਾ ਸੋਚੋ ! ਪਹਿਲਾਂ ਹੋਫ਼ਲ ਤੇ ਕਰੋਪਿਨਸਕੀ ਫ਼ਾਂਸੀ ਘਰ ਪੁੱਜੇ–ਉਸੇ ਕਰਕੇ ! ਸਾਨੂੰ ਸਾਰੀ ਜੱਥੇਬੰਦੀ ਨੂੰ ਨਕਾਰਾ ਕਰਨਾ ਪਿਆ, ਉਸੇ ਕਰਕੇ, ਹੁਣ ਸਮਾਨਖ਼ਾਨੇ ਦੇ ਦਸ ਹੋਰ ਕੈਦ ਕਰ ਲਏ ਗਏ ਹਨ, ਉਸੇ ਕਰਕੇ। ਕਾਫ਼ੀ ਹੈ ਇੰਨਾ ਹੱਥ ਪੈਰ ਨਿੱਸਲ ਕਰ ਦੇਣ ਲਈ !"

ਬੋਗਰਵਸਕੀ ਬਿਨਾਂ ਕੁੱਝ ਕਹੇ ਸੁਣਦਾ ਰਿਹਾ।

ਬੋਖਾਉ ਨੂੰ ਦਿਲ ਦਾ ਗ਼ੁਬਾਰ ਕੱਢਣ ਦਾ ਮੌਕਾ ਦੇਂਦਾ ਰਿਹਾ ਤੇ ਬੋਖਾਉ ਨੇ ਆਪਣੇ ਵਿਚਾਰਾਂ ਦੇ ਢੇਰ ਉੱਤੇ ਇੱਕ ਹੋਰ ਪੰਡ ਸੁੱਟੀ, "ਉਹ ਬੱਚਾ, ਲਿਊਂਦ, ਹਰ ਸ਼ੈਅ ਦਾ ਅਧਾਰ ਉਸੇ ਬੱਚੇ ਉੱਤੇ ਹੈ। ਜਦੋਂ ਤੱਕ ਉਹ ਹੱਥ ਨਹੀਂ ਲੱਗਦਾ, ਤਦ ਤੱਕ ਹੋਫ਼ਲ ਦੇ ਪੈਰ ਨਹੀਂ ਥਿੜਕਣਗੇ ਤੇ ਨਾ ਕਰੋਪਿਨਸਕੀ ਦੇ ਤੇ ਨਾ ਆਦਮੀਆਂ ਦੇ। ਪਰ ਜੇ ਬੱਚਾ ਪਕੜਿਆ ਗਿਆ ਤਾਂ—ਪਤਾ ਹੈ ਉਸ ਸਮੇਂ ਕੀ ਹੋਵੇਗਾ ? ਹੋਫ਼ਲ ਦੀ ਸਾਰੀ ਤਾਕਤ ਉਸੇ ਬੱਚੇ ਦੇ ਦਮ ਨਾਲ਼ ਹੈ ਅਤੇ ਜੇ ਉਹ ਉਸ ਬੱਚੇ ਨੂੰ ਪਕੜ ਕੇ ਹੋਫ਼ਲ ਦੇ ਸਾਹਮਣੇ ਲੈ ਗਏ ਤਾਂ ਫਿਰ ਉਹ ਨਹੀਂ ਰੁਕ ਸਕੇਗਾ। ਫਿਰ ਕੀ ਹੋਵੇਗਾ ? ਉਸ ਸਮੇਂ ਕੀ ਹੋਵੇਗਾ ?"

ਬੋਖਾਉ ਨੇ ਆਪਣੇ ਹੱਥ ਪੁੜਪੁੜੀ ਉੱਤੇ ਰੱਖ ਲਏ : "ਖ਼ਤਰੇ ਦੀ ਗੱਲ ਇਹ ਹੈ ਕਿ ਬੱਚੇ ਦੇ ਬਾਰੇ ਬਹੁਤੇ ਲੋਕਾਂ ਨੂੰ ਪਤਾ ਲੱਗ ਚੁੱਕਿਆ ਹੈ।" ਤੁਰਦੇ-ਤੁਰਦੇ ਉਸ ਆਖਿਆ : "ਤੈਨੂੰ ਇਹ ਸੂਚਨਾ ਦੇਣੀ ਏ ਕਿ ਅੱਜ ਸ਼ਾਮ ਤੱਕ ਕੌਮਾਂਤਰੀ ਮਜ਼ਦੂਰ ਕਮੇਟੀ ਦੀ ਮੀਟਿੰਗ ਬੁਲਾ ਰਿਹਾ ਹਾਂ।"

ਬੋਗਰਵਸਕੀ ਬੜਾ ਚਿਰ ਬਚਾਅ ਦੇ ਰਾਹ ਬਾਰੇ ਸੋਚਦਾ ਰਿਹਾ। ਬਹੁਤ ਸਾਰੇ ਲੋਕਾਂ ਨੂੰ ਬੱਚੇ ਬਾਰੇ ਪਤਾ ਸੀ। ਇਹ ਸੱਚਮੁੱਚ ਹੀ ਬੜੀ ਖ਼ਤਰਨਾਕ ਹਾਲਤ ਸੀ। ਜਿਨ੍ਹਾਂ ਲੋਕਾਂ ਦਾ ਸਬੰਧ ਬੱਚੇ ਨਾਲ਼ ਜੁੜਿਆ ਸੀ, ਉਹ ਜਾਂਕੋਵਸਕੀ ਤੱਕ ਪੁੱਜਦੇ ਸੀ, ਇਸ ਸਬੰਧ ਨੂੰ ਤੋੜਨਾ ਹੋਵੇਗਾ, ਪਰ ਕਿਵੇਂ ?

ਪੀਪਿਗ ਨੂੰ ਗਏ ਨੂੰ ਇੱਕ ਘੰਟੇ ਤੋਂ ਵੱਧ ਹੋ ਚੁੱਕਿਆ ਸੀ ਤੇ ਰੋਜ਼ ਅਜੇ ਤੱਕ ਸਟੂਲ 'ਤੇ ਬੈਠਾ ਸੀ। ਹੁਣ ਉਸ ਦੀ ਵਾਰੀ ਕਿਤਨੀ ਦੇਰ ਵਿੱਚ ਆਏਗੀ ? ਵਹਿਸ਼ੀਆਨਾ ਡਰ ਉਸ ਉੱਤੇ ਛਾਇਆ ਹੋਇਆ ਸੀ। ਰੋਜ਼ ਨੂੰ ਜਾਪ ਰਿਹਾ ਸੀ ਕਿ ਉਹ ਗਸਟਾਪੋ ਅਫ਼ਸਰ ਦੇ

ਸਾਹਮਣੇ ਖਲੋਤਾ ਸੀ :

"ਹਰ ਕਮੀਸਾਰ! ਮੈਂ ਸੱਚੀ-ਮੁੱਚੀ ਨਿਰਦੋਸ਼ ਹਾਂ। ਬੱਸ ਮੈਨੂੰ ਤਾਂ ਆਪਣੇ ਕੰਮ ਨਾਲ਼ ਹੀ ਵਾਹ ਸੀ।"

ਇਸ ਕਲਪਨਾ ਤੋਂ ਉਸ ਨੂੰ ਅਜੀਬ ਜਿਹੀ ਸੰਤੁਸ਼ਟਤਾ ਮਿਲ਼ੀ ਸੀ, ਇਸ ਲਈ ਉਸ ਨੇ ਕਮੀਸਾਰ ਨੂੰ ਸਵਾਲ ਕਰਨ ਦਿੱਤਾ "ਤੂੰ ਕੈਂਪ ਵਿੱਚ ਕਿੰਨੇ ਦਿਨਾਂ ਤੋਂ ਏਂ ?"

"ਅੱਠਾਂ ਸਾਲਾਂ ਤੋਂ, ਹਰ ਕਮੀਸਾਰ!"

"ਅੱਠ ਸਾਲ! ਕਿਵੇਂ ਲੰਘਾ ਲਏ, ਤੂੰ ?"

ਰੋਜ਼ ਦੀਆਂ ਅੱਖਾਂ ਸਾਹਮਣੇ ਦੇ ਖਲਾਅ ਵਿੱਚ ਘੂਰ ਰਹੀਆਂ ਸਨ। ਵਾਇਮਰ ਦੇ ਸਟੇਸ਼ਨ ਉੱਤੇ ਆਉਣ ਦਾ ਅੱਠ ਸਾਲ ਪਹਿਲਾਂ ਦਾ ਸਮਾਂ ਉਸ ਦੀਆਂ ਨਜ਼ਰਾਂ ਸਾਹਮਣੇ ਆ ਗਿਆ। ਨਾਜ਼ੀ ਚੁੱਪ-ਚਾਪ ਤੇ ਵੈਰੀ ਸਨ। ਉਨ੍ਹਾਂ ਦੀਆਂ ਵਰਦੀਆਂ ਗੂੜ੍ਹੇ ਰੰਗ ਦੀਆਂ ਸਨ, ਉਨ੍ਹਾਂ ਦੇ ਸਿਰ ਫ਼ੌਲਾਦੀ ਟੋਪੀਆਂ, ਕਾਰਬਾਈਨ ਤੇ ਕੋਟ ਕਾਲਰਾਂ ਉੱਤੇ ਮੁਰਦੇ ਦੀ ਖੋਪੜੀ...। ਉਹ ਲੋਕ ਟਰੱਕਾਂ ਉੱਤੇ ਬਿਠਾਏ ਗਏ, ਜਿਨ੍ਹਾਂ ਉੱਤੇ ਕੈਨਵਸ ਮੜ੍ਹੀ ਹੋਈ ਸੀ। ਅੱਗੇ ਪਿੱਛੇ ਕਾਰਬਾਈਨਾਂ ਸੰਭਾਲ਼ੀ ਨਾਜ਼ੀ ਬੈਠੇ ਸਨ। ਟਰੱਕ ਪਹਾੜੀ ਉੱਤੇ ਚੜ੍ਹੇ ਤੇ ਜਦੋਂ ਰੁਕੇ ਤਾਂ ਖ਼ਾਮੋਸ਼ ਨਾਜ਼ੀ ਦਰਿੰਦੇ ਬਣ ਗਏ ਤੇ ਟਰੱਕਾਂ ਤੋਂ ਕੈਦੀਆਂ ਨੂੰ ਮੁੱਕੇ ਤੇ ਕਾਰਬਾਈਨ ਦੇ ਕੁੰਦੇ ਮਾਰ-ਮਾਰ ਹਿੱਕਦੇ ਹੋਏ ਬੈਰਕ ਵਿੱਚ ਭਰਨ ਲੱਗੇ।

ਰੋਜ਼ ਨੂੰ ਹਨ੍ਹੇਰਾ ਲਾਂਘਾ ਤੇ ਬਹੁਤ ਸਾਰੇ ਬੂਹੇ ਚੇਤੇ ਆਏ। ਨਾਜ਼ੀ ਫ਼ੌਜੀ ਆ ਜਾ ਰਹੇ ਸਨ। ਉਨ੍ਹਾਂ ਦੇ ਬੂਟ ਖੋਖਲੇ ਫ਼ਰਸ਼ ਉੱਤੇ ਖੜਕ ਰਹੇ ਸਨ ਤੇ ਪਿੱਛੇ ਨਾਜ਼ੀ ਚੀਕ ਰਹੇ ਸਨ, "ਇਹ ਕਿਹੋ ਜਿਹੀ ਗੰਢੜੀ ਬਣੀ ਪਈ ਏ ?" ਪਿੱਛੋਂ ਕੰਡ 'ਤੇ ਠੁੱਡ ਵੱਜਦਾ, ਸਿਰ 'ਤੇ ਜ਼ੋਰ ਦਾ ਮੁੱਕਾ ਪੈਂਦਾ ਤੇ ਮੱਥਾ ਕੰਧ ਨਾਲ਼ ਜਾ ਟਕਰਾਉਂਦਾ।

ਤਸਵੀਰਾਂ ਧੁੰਦਲੀਆਂ ਹੋ ਗਈਆਂ। ਰੋਜ਼ ਸਟੂਲ 'ਤੇ ਬੈਠਾ ਸੀ, ਉਸ ਦਾ ਦਿਮਾਗ਼ ਖ਼ਾਲੀ ਹੋ ਚੁੱਕਿਆ ਸੀ। ਹੌਲ਼ੀ-ਹੌਲ਼ੀ ਉਸ ਦੀਆਂ ਯਾਦਾਂ ਦੇ ਭੰਡਾਰ ਵਿੱਚੋਂ ਫਿਰ ਤਸਵੀਰਾਂ ਨਿੱਕਲ਼ਣ ਲੱਗੀਆਂ। ਉਹੋ ਜਿਹੀਆਂ ਤਾਜ਼ਾ ਤੇ ਜਾਨਦਾਰ! ਜਿਹੀਆਂ ਕਿ ਪਹਿਲੇ ਦਿਨ ਸਨ।

ਜਦੋਂ ਕੈਦੀ ਰਾਜਸੀ ਵਿਭਾਗ ਵਿੱਚੋਂ ਕੈਂਪ ਲਿਆਂਦੇ ਗਏ ਤਾਂ ਸ਼ਾਮ ਹੋ ਚੁੱਕੀ ਸੀ। ਰੋਜ਼ ਨੇ ਆਪਣੇ-ਆਪ ਨੂੰ ਕੈਦੀਆਂ ਦੀ ਭੀੜ ਵਿੱਚ ਇੱਕ ਚਿੱਕੜ ਭਰੇ ਰਾਹ 'ਤੇ ਤੁਰਦਿਆਂ ਵੇਖਿਆ। ਕਿੱਥੇ ਜਾ ਰਹੇ ਸਨ ਉਹ ਸਾਰੇ ? ਉਸ ਸਮੇਂ ਕਿਸੇ ਨੂੰ ਕੁੱਝ ਪਤਾ ਨਹੀਂ ਸੀ।

"ਹਰ ਕਮੀਸਾਰ, ਅਰੰਭ ਵਿੱਚ ਅਸੀਂ ਲੋਕ ਕਿਸ ਤਰ੍ਹਾਂ ਰਹਿੰਦੇ ਸਾਂ, ਤੁਸੀਂ ਉਸ ਦੀ ਕਲਪਨਾ ਵੀ ਨਹੀਂ ਕਰ ਸਕਦੇ। ਹਰ ਕਮੀਸਾਰ! ਮੈਨੂੰ ਵਿਸਥਾਰ ਨਾਲ਼ ਦੱਸਣਾ ਪਵੇਗਾ ਨਹੀਂ ਤਾਂ ਤੁਹਾਨੂੰ ਸਮਝ ਨਹੀਂ ਆਵੇਗੀ..."

ਵਿਸਥਾਰ ਨਾਲ਼ ਦੱਸਣ ਦੀ ਥਾਂ ਰੋਜ਼ ਸੋਚਣ ਲੱਗਿਆ ਤੇ ਭੂਤ ਦੀਆਂ ਤਸਵੀਰਾਂ ਵਿੱਚ ਗਵਾਚ ਗਿਆ। ਸਵੇਰੇ ਚਾਰ ਵਜੇ ਬਲਾਕ ਸੀਨੀਅਰ ਦੀ ਸੀਟੀ ਵੱਜਦੀ, ਸੌਣ ਦੇ ਕਮਰੇ ਵਿੱਚ ਚੌਂਕੀਦਾਰ ਚੀਕਦੇ : "ਸਾਰੇ ਉੱਠ ਪਓ।"

ਬਾਹਰ ਅਜੇ ਰਾਤ ਹੁੰਦੀ, ਬਿਜਲੀ ਦੇ ਧੁੰਦਲੇ ਚਾਨਣ ਵਿੱਚ ਚਿੱਕੜ ਝੀਲ ਵਾਂਗ ਚਮਕਦਾ ਸੀ। ਹਵਾ ਵਿੱਚ ਧੁੰਦ ਪਸਰੀ ਰਹਿੰਦੀ। ਕੈਦੀ ਦੀ ਪਿੱਠ 'ਤੇ ਭਿੱਜੇ ਹੋਏ ਕੰਬਲ਼ ਹੁੰਦੇ ਤੇ ਜੁੱਤੀਆਂ ਉੱਕਾ ਆਕੜੀਆਂ ਹੋਈਆਂ।

ਰਾਤ ਤੇ ਨੀਂਦਰ ਦਾ ਸਮਾਂ ਲੰਘ ਚੁੱਕਦਾ ਸੀ। ਖਾਣੇ ਦੇ ਕਮਰੇ ਵਿੱਚ ਉਹ ਲੋਕ ਕਾਲ਼ੀ ਕਾਫ਼ੀ ਪੀਂਦੇ ਤੇ ਫਿਰ ਸਰਦੀ ਵਿੱਚ ਬਾਹਰ ਨਿੱਕਲ਼ ਆਉਂਦੇ। ਕਦੇ-ਕਦੇ ਸਾਰਾ ਦਿਨ ਕਾਲ਼ੀ ਕਾਫ਼ੀ ਦੇ ਉਸ ਇੱਕ ਪਿਆਲੇ 'ਤੇ ਗੁਜ਼ਾਰਨਾ ਪੈਂਦਾ।

"ਹਾਂ ਹਾਂ, ਹਰ ਕਮੀਸਾਰ।" ਰੋਜ਼ ਯਾਦਾਂ ਦੇ ਭਾਰ ਹੇਠ ਡਡਿਆਉਣ ਲੱਗਿਆ। "ਰੋਜ਼ ਸ਼ਾਮ ਨੂੰ ਸਾਨੂੰ ਅਗਲੇ ਦਿਨ ਲਈ ਰੋਟੀ ਦੇ ਟੁਕੜੇ ਮਿਲ਼ ਜਾਂਦੇ ਸਨ ਤੇ ਅਸੀਂ ਅਗਲੇ ਦਿਨ ਦੀ ਥਾਂ ਉਸੇ ਦਿਨ ਤਰੀ ਨਾਲ਼ ਖਾ ਲੈਂਦੇ ਸਾਂ।"

ਬਾਹਰ ਬਲਾਕ ਸੀਨੀਅਰ ਸੀਟੀ ਵਜਾਉਂਦਾ : "ਹਾਜ਼ਰੀ ਲਈ ਕਤਾਰ ਬਣਾਓ।"

"ਕਦਮ ਮਿਲ਼ਾਓ, ਮਾਰਚ ਕਰੋ।"

ਤੇ ਚਿੱਕੜ ਵਿੱਚ ਮਾਰਚ ਕਰਨੀ ਪੈਂਦੀ : ਛਪ, ਛਪ, ਛਪ, ਛਪ-ਲੈਫ਼ਟ ਰਾਈਟ, ਲੈਫ਼ਟ ਰਾਈਟ...ਪਹਾੜੀ ਤੱਕ ਪਹੁੰਚਣ ਤੱਕ ਅਸੀਂ ਫਿਰ ਭਿੱਜ ਜਾਂਦੇ। ਸਰਚ ਲਾਈਟ ਸਾਡੇ ਚਿਹਰਿਆਂ 'ਤੇ ਪੈਂਦੀ। ਅੱਖਾਂ ਚੁੰਧਿਆ ਜਾਂਦੀਆਂ, ਫਿਰ ਬਲਾਕ ਫ਼ੋਹਰਰ ਸਾਡੀਆਂ ਕਤਾਰਾਂ ਵਿੱਚ ਘੁਸ ਕੇ ਗਿਣਤੀ ਸ਼ੁਰੂ ਕਰਦੇ। ਚਿੱਕੜ ਵਿੱਚ ਛਪ-ਛਪ ਹੁੰਦੀ, ਪਰ ਉਨ੍ਹਾਂ ਦੇ ਪੈਰਾਂ 'ਤੇ ਤਾਂ ਫੁੱਲ ਬੂਟ ਚੜ੍ਹੇ ਹੁੰਦੇ ਸਨ। ਹਾਜ਼ਰੀ ਖ਼ਤਮ ਹੋਣ ਵਿੱਚ ਨਾ ਆਉਂਦੀ। ਕੁੱਝ ਗੜਬੜ ਹੈ! ਕੋਈ ਆਦਮੀ ਅਲੋਪ ਹੋ ਗਿਆ ਹੈ, ਲਾਹਨਤ ਹੈ!

"ਕਮਰੇ ਦੇ ਸੇਵਾਦਾਰੋ! ਜੰਗਲ਼ ਵਿੱਚ ਘੁੰਮ ਕੇ ਕੈਦੀ ਦੀ ਭਾਲ਼ ਕਰੋ।" ਸਾਰੇ ਸੇਵਾਦਾਰ ਬਲਾਕਾਂ ਵਿੱਚੋਂ ਨਿੱਕਲ਼ ਖਲੋਂਦੇ। ਅੱਗੇ-ਅੱਗੇ ਕੈਂਪ ਸੀਨੀਅਰ ਹੁੰਦਾ, ਨਹੀਂ, ਨਹੀਂ, ਨਹੀਂ ਕਰੈਮਰ ਨਹੀਂ। ਉਸ ਸਮੇਂ ਤੱਕ ਤਾਂ ਉਸ ਦਾ ਕਿਸੇ ਨੇ ਨਾਂਅ ਤੱਕ ਨਹੀਂ ਸੀ ਸੁਣਿਆ। ਉਸ ਜ਼ਮਾਨੇ ਵਿੱਚ ਕੈਂਪ ਸੀਨੀਅਰ ਇੱਕ ਪੁਰਾਣਾ ਜ਼ਰਾਇਮ ਪੇਸ਼ਾ ਕੈਦੀ ਸੀ।

ਅਸੀਂ ਲੋਕ ਉਸ ਸਮੇਂ ਤੱਕ ਲਾਈਨ ਬਣਾਈ ਖਲ੍ਹੋਤੇ ਰਹਿੰਦੇ, ਜਦੋਂ ਤੱਕ ਉਹ ਕੈਦੀ ਨਾ ਮਿਲ਼ ਜਾਂਦਾ। ਦੋ ਦੋ, ਤਿੰਨ ਤਿੰਨ ਘੰਟੇ, ਮੀਂਹ ਸਾਨੂੰ ਗੜੁਚ ਕਰ ਦੇਂਦਾ। ਅਸੀਂ ਲੋਕ ਪਾਲ਼ੇ ਨਾਲ਼ ਕੰਬ ਉੱਠਦੇ, ਇੱਥੋਂ ਤੱਕ ਕਿ ਚਾਨਣ ਹੋਣ ਲੱਗਦਾ। ਅਸੀਂ ਖੜ੍ਹੇ ਰਹਿੰਦੇ, ਟਿਕਟਿਕੀ ਬੰਨ੍ਹੀ ਸਾਹਮਣੇ ਵੇਖਦੇ ਰਹਿੰਦੇ। ਸੌਂ ਵੀ ਜਾਂਦੇ। ਭੁੱਖ ਦੇ ਮਾਰੇ ਮੰਦਾ ਹਾਲ ਹੁੰਦਾ। ਕਈਆਂ ਕੋਲ਼ੋਂ ਖੜ੍ਹਾ ਨਾ ਰਿਹਾ ਜਾਂਦਾ ਤੇ ਉਹ ਡਿੱਗ ਪੈਂਦੇ ਤੇ ਸਾਰੇ ਉਸ ਨੂੰ ਪਕੜ ਕੇ ਬੋਰੀ ਵਾਂਗ ਸਿੱਧਾ ਕਰ ਲੈਂਦੇ ਤੇ ਜੇ ਕੋਈ ਬੇਹੋਸ਼ ਹੋ ਜਾਂਦਾ ਤਾਂ ਉਸ ਨੂੰ ਲਿਟਾ ਕੇ ਸਿਰ ਹੇਠ ਜੈਕਟ ਵਲ੍ਹੇਟ ਕੇ ਰੱਖ ਦਿੱਤੀ ਜਾਂਦੀ ਤਾਂ ਜੋ ਸਿਰ ਤਾਂ ਚਿੱਕੜ ਵਿੱਚ ਨਾ ਲਿਬੜੇ।

ਸਰਚ ਲਾਈਟਾਂ ਬੰਦ ਕਰ ਦਿੱਤੀਆਂ ਜਾਂਦੀਆਂ ਅਤੇ ਫਿਰ ਜੰਗਲ਼ਾਂ ਵਿੱਚੋਂ ਸੇਵਾਦਾਰਾਂ ਦੀ ਫ਼ੌਜ ਨਿੱਕਲ਼ਦੀ, ਕੈਂਪ ਸੀਨੀਅਰ ਅੱਗੇ-ਅੱਗੇ ਹੁੰਦਾ, ਉਹ ਆਦਮੀ ਪਕੜ ਕੇ ਲੈ ਆਉਂਦਾ।

"ਲੇਬਰ ਕਮਾਂਡੋ, ਕਤਾਰ ਬਣਾਓ।"

ਖੜ੍ਹੇ ਰਹਿਣ ਦਾ ਇਹ ਲਾਭ ਵੀ ਹੁੰਦਾ ਕਿ ਕੁੱਝ ਘੰਟੇ ਲੰਘ ਜਾਂਦੇ ਅਤੇ ਹੁਣ ਕੈਂਪ

ਤੋਂ ਬਾਹਰ ਜਾਣਾ ਹੁੰਦਾ। ਕੈਦੀ ਗੀਤ ਗਾਣੇ ਸ਼ੁਰੂ ਕਰ ਦਿੰਦੇ :

"ਜੰਗਲ ਵਿੱਚ ਛੋਟਾ ਜਿਹਾ ਗਰਾਂ
ਫਲਵਾਨਾਂ 'ਤੇ ਧੁੱਪ ਤੇ ਛਾਂ
ਕੋਲ਼ ਟਿੱਲੇ ਦੇ ਘਰ ਛੋਟਾ ਜਿਹਾ
ਡਿਉੜ੍ਹੀ ਜਿਸ ਦੀ ਬੈਠੀ ਬੁੜ੍ਹੀਆ"
ਜਾਂ ਇੱਕ ਹੋਰ ਗੀਤ ਸੀ :
"ਪਿਆਰਾ-ਪਿਆਰਾ ਦੇਸ਼ ਅਸਾਡਾ
ਸਾਰੇ ਜੱਗ ਵਿੱਚ ਨਾਂਅ ਹੈ, ਜਿਸ ਦਾ।"

ਰੋਜ਼ ਕੁੱਝ ਸੋਚਣ ਲੱਗਾ। ਉਹ ਦੋ ਘੰਟਿਆਂ ਤੱਕ ਉਨ੍ਹਾਂ ਦਿਨਾਂ ਦੀਆਂ ਗੱਲਾਂ ਕਰ ਸਕਦਾ ਸੀ।

ਉਹ ਵਾਇਮਰ ਪੰਪਿੰਗ ਸਟੇਸ਼ਨ ਦੇ ਲੇਬਰ ਕਮਾਂਡੋ ਵਿੱਚ ਕੰਮ ਕਰਦਾ ਸੀ। ਪਹਾੜੀ ਦੇ ਪੱਲੇ ਵਿੱਚ ਇੱਕ ਖੰਦਕ ਪੁਟਣੀ ਸੀ, ਤੇਰ੍ਹਾਂ ਫੁੱਟ ਚੌੜੀ ਤੇਰ੍ਹਾਂ ਫੁੱਟ ਲੰਮੀ। ਇਸ ਵਿੱਚ ਪਾਣੀ ਲਿਆਉਣ ਲਈ ਨਾਲ਼ੀ ਬਣਾਈ ਗਈ। ਫਿਰ ਖੰਦਕ ਭਰਨੀ ਪਈ। ਕਹੀ ਦਾ ਡੰਡਾ ਹੱਥ ਵਿੱਚ ਚੁੱਭਦਾ ਸੀ। ਪਹਿਲਾਂ ਛਾਲੇ ਪੈਂਦੇ, ਫਿਰ ਖੱਲ ਉੱਧੜ ਜਾਂਦੀ, ਪਰ ਰੁੱਕ ਨਹੀਂ ਸਨ ਸਕਦੇ, ਕਹੀ ਚੱਲਦੀ ਰਹਿਣੀ ਚਾਹੀਦੀ ਸੀ।

ਰੋਜ਼ ਉੱਠ ਕੇ ਖੜ੍ਹਾ ਹੋ ਜਾਂਦਾ ਤੇ ਹੱਥ ਝਟਕ ਕੇ ਕਹਿੰਦਾ, "ਹਰ ਕਮੀਸਾਰ, ਮੈਨੂੰ ਇਹ ਸਭ ਕੁੱਝ ਦੱਸਣਾ ਹੈ ਤਾਂ ਜੋ ਤੁਸੀਂ ਸਮਝ ਸਕੋ ਕਿ ਮੈਂ ਕਿਤਨੇ ਦੁੱਖ ਝੱਲੇ ਹਨ। ਪਤਾ ਨਹੀਂ ਤੁਸੀਂ ਪੀਪਿਗ ਨਾਲ਼ ਕਿਹੋ ਜਿਹਾ ਵਰਤਾਓ ਕਰ ਰਹੇ ਹੋ। ਮੇਰਾ ਬੱਚੇ ਨਾਲ਼ ਕੋਈ ਵਾਸਤਾ ਨਹੀਂ। ਮੈਂ ਸੱਚ ਕਹਿੰਦਾ ਹਾਂ, ਮੈਨੂੰ ਕੁੱਝ ਪਤਾ ਨਹੀਂ...."

ਰੋਜ਼ ਨੇ ਇਸ ਤੋਂ ਅੱਗੇ ਅਜੇ ਕੁੱਝ ਵੀ ਨਹੀਂ ਸੀ ਆਖਿਆ ਕਿ ਕੋਠੜੀ ਦੇ ਜੰਦਰੇ ਵਿੱਚ ਕੁੰਜੀ ਲੱਗਣ ਦੀ ਅਵਾਜ਼ ਨੇ ਉਸ ਨੂੰ ਤ੍ਰਭਕਾ ਦਿੱਤਾ। ਰਤਾ ਜਿੰਨਾ ਬੂਹਾ ਖੋਲ੍ਹਿਆ ਤੇ ਫਿਰ ਵਿੱਚੋਂ ਡਿੰਗਾ ਹੋ ਕੇ ਜੇਲ੍ਹਰ ਨਿੱਕਲ਼ਿਆ। ਉਹ ਆਪਣੇ ਪਿੱਛੇ ਕੁੱਝ ਭਾਰ ਜਿਹਾ ਘਸੀਟੀ ਲਿਆ ਰਿਹਾ ਸੀ। ਇਹ ਭਾਰ ਪੀਪਿਗ ਹੀ ਸੀ।

"ਫੜ ਇਸ ਨੂੰ" ਜੇਲ੍ਹਰ ਨੇ ਜ਼ੋਰ ਨਾਲ਼ ਆਖਿਆ। ਰੋਜ਼ ਕੋਠੜੀ ਵਿੱਚ ਇੰਝ ਸਹਿਮਿਆ ਖਲੋਤਾ ਸੀ, ਜਿਵੇਂ ਕਿਸੇ ਨੁੱਕਰ ਵਿੱਚ ਛੁਪਣ ਦੀ ਚਿੰਤਾ ਵਿੱਚ ਹੋਵੇ। ਰੋਜ਼ ਨੇ ਪੀਪਿਗ ਨੂੰ ਪਕੜਿਆ। ਜੇਲ੍ਹਰ ਨੇ ਟੁੱਟਣ ਵਾਲ਼ਾ ਪਲੰਘ ਠੀਕ ਕੀਤਾ, ਦੋਹਾਂ ਮਿਲ਼ ਕੇ ਪੀਪਿਗ ਨੂੰ ਉਸ 'ਤੇ ਲਿਟਾ ਦਿੱਤਾ। ਜੇਲ੍ਹਰ ਇੱਕ ਖ਼ਾਲੀ ਗੜਵੀ ਲੈ ਕੇ ਕੋਠੜੀ ਵਿੱਚੋਂ ਚਲਿਆ ਗਿਆ ਤੇ ਉਸ ਵਿੱਚ ਪਾਣੀ ਭਰ ਲਿਆਇਆ। ਨਾਲ਼ ਹੀ ਰੋਜ਼ ਨੂੰ ਇੱਕ ਲੀਰ ਦਿੱਤੀ, "ਸਮਝ ਗਿਆ ਕੀ ਕਰਨਾ ਏਂ ?" ਤੇ ਉਹ ਦੋਹਾਂ ਨੂੰ ਛੱਡ ਕੇ ਕੋਠੜੀ ਬੰਦ ਕਰ ਕੇ ਚਲਿਆ ਗਿਆ।

ਪੀਪਿਗ ਦੀਆਂ ਅੱਖਾਂ ਬੰਦ ਸਨ। ਇੱਕ ਅੱਖ ਸੁੱਜੀ ਹੋਈ ਸੀ, ਖੱਬੇ ਕੰਨ ਵਿੱਚ ਲਹੂ ਦੀ ਇੱਕ ਲੀਕ ਨਿੱਕਲ਼ ਕੇ ਜੰਮ ਗਈ ਸੀ ਅਤੇ ਨਾਸਾਂ ਤੇ ਮੂੰਹ ਉੱਤੇ ਵੀ ਲਹੂ ਜੰਮਿਆ

ਹੋਇਆ ਸੀ। ਜੈਕਟ ਤੇ ਕਮੀਜ਼ ਵੀ ਪਾੜ ਸੁੱਟੀ ਗਈ ਸੀ।

ਰੋਜ਼ ਡਰ ਤੇ ਪ੍ਰੇਸ਼ਾਨੀ ਨਾਲ਼ ਪੀਪਿਗ ਨੂੰ ਵੇਖ ਰਿਹਾ ਸੀ। ਪੀਪਿਗ ਦੇ ਭਰਵੱਟੇ ਕੰਬੇ। ਚਿਹਰੇ 'ਤੇ ਰਤਾ ਜਿੰਨੀ ਮੁਸਕਣੀ ਆਈ ਤੇ ਆਸ ਤੋਂ ਬਿਲਕੁਲ ਉਲਟ ਪੀਪਿਗ ਗੱਲ ਕਰਨ ਲੱਗਾ : 'ਮੇਰਾ ਮੂੰਹ ਪੂੰਝ ਦਿਓ...।'

ਰੋਜ਼ ਨੇ ਜਦੋਂ ਚਮੜੀ ਤੋਂ ਧਿਆਨ ਨਾਲ਼ ਕਮੀਜ਼ ਹਟਾਈ ਤਾਂ ਉਸ ਦਾ ਕਲੇਜਾ ਮੂੰਹ ਵੱਲ ਆ ਗਿਆ। ਉਸ ਪੀਪਿਗ ਦੀ ਛਾਤੀ ਉੱਤੇ ਸੜਨ ਦੇ ਵੱਡੇ ਵੱਡੇ ਜ਼ਖ਼ਮ ਵੇਖੇ। ਛਾਤੀ ਵਿੱਚ ਸੱਲ੍ਹ ਪਾਏ ਗਏ ਸਨ।

"ਸਿਗਾਰ ਨਾਲ਼।" ਪੀਪਿਗ ਨੇ ਰੋਜ਼ ਨੂੰ ਠਠੰਬਰਿਆ ਵੇਖ ਕੇ ਆਖਿਆ, "ਇਸ ਵਿੱਚ ਭਿੱਜੀ ਹੋਈ ਲੀਰ ਰੱਖ ਦੇ।" ਤੇ ਜਦੋਂ ਠੰਡੀ ਲੀਰ ਜ਼ਖ਼ਮ 'ਤੇ ਰੱਖੀ ਗਈ ਤਾਂ ਪੀਪਿਗ ਡਡਿਆਣ ਲੱਗ ਪਿਆ। ਕੁੱਝ ਦੇਰ ਮਗਰੋਂ ਉਸ ਆਖਿਆ, "ਕੁੱਝ ਪੀਣ ਨੂੰ ਦੇ, ਸੰਘ ਸੁੱਕਦਾ ਜਾਂਦਾ ਏ।"

ਰੋਜ਼ ਨੇ ਕੋਠੜੀ ਵਿੱਚ ਨਜ਼ਰ ਦੌੜਾਈ। ਇੱਕ ਤਾਕ ਵਿੱਚ ਅਲਮੋਨੀਅਮ ਦਾ ਪਿਆਲਾ ਵਿਖਾਈ ਦਿੱਤਾ। ਉਸ ਵਿੱਚ ਪਾਣੀ ਪਾਇਆ। ਪੀਪਿਗ ਦੇ ਸਿਰ ਹੇਠ ਆਸਰਾ ਦੇ ਕੇ ਉਸ ਨੂੰ ਰਤਾ ਉਤਾਂਹ ਨੂੰ ਚੁੱਕਿਆ ਤੇ ਪਿਆਲਾ ਬੁੱਲ੍ਹਾਂ ਨਾਲ਼ ਲਾ ਦਿੱਤਾ। ਪੀਪਿਗ ਨੇ ਪੂਰਾ ਪਿਆਲਾ ਖ਼ਾਲੀ ਕਰ ਦਿੱਤਾ। ਉਸ ਦੇ ਚਿਹਰੇ 'ਤੇ ਰਤਾ ਅਰਾਮ ਦੇ ਚਿੰਨ੍ਹ ਪੈਦਾ ਹੋ ਗਏ, ਉਹ ਆਪਣੀ ਅੱਖ ਨੂੰ ਰਤਾ ਖੋਲ੍ਹ ਸਕਦਾ ਸੀ ਅਤੇ ਉਸ ਨੇ ਇੱਕ ਉਂਗਲੀ ਨਾਲ਼ ਟਟੋਲ਼ ਕੇ ਆਪਣੇ ਮੂੰਹ ਦੀ ਹਾਲਤ ਦਾ ਅਨੁਮਾਨ ਲਾਇਆ। ਫਿਰ ਛਾਤੀ ਤੋਂ ਲੀਰ ਚੁੱਕ ਕੇ ਰੋਜ਼ ਨੂੰ ਦਿੱਤੀ "ਇਸ ਨੂੰ ਫਿਰ ਭਿਉਂ ਦੇ।" ਇੰਝ ਜਾਪ ਰਿਹਾ ਸੀ ਕਿ ਉਸ ਵਿੱਚ ਤਾਕਤ ਆ ਰਹੀ ਹੈ ਤੇ ਰਤਾ ਹੀ ਦੇਰ ਪਿੱਛੋਂ ਉਸ ਹੌਲ਼ੀ-ਹੌਲ਼ੀ ਕਹਿਣਾ ਸ਼ੁਰੂ ਕਰ ਕੀਤਾ : "ਤੂੰ ਘਬਰਾ ਮਤ, ਤੇਰੇ ਨਾਲ਼ ਇੰਝ ਨਹੀਂ ਕੀਤਾ ਜਾਵੇਗਾ।" ਬੋਲਦਿਆਂ ਉਸ ਦੀ ਜ਼ਬਾਨ ਲੜਖੜਾ ਰਹੀ ਸੀ : "ਅਸੀਂ ਲੋਕ ਇਸ ਕੋਠੜੀ ਵਿੱਚ ਬਹੁਤ ਸੋਚ ਸਮਝ ਕੇ ਰੱਖੇ ਗਏ ਹਾਂ। ਬੜਾ ਸਿਆਣੇ ਸਮਝਦੇ ਨੇ ਆਪਣੇ ਆਪ ਨੂੰ ਇਹ ਲੋਕ! ਸੁਣ ਰਿਹਾ ਏਂ ਆਗਸਟ?" ਉਸ ਕੋਸ਼ਿਸ਼ ਕਰਕੇ ਆਪਣੇ ਧੜ ਨੂੰ ਉਠਾਇਆ। ਰੋਜ਼ ਨੇ ਆਸਰਾ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਉਸ ਦਾ ਹੱਥ ਪਰ੍ਹਾਂ ਕਰ ਦਿੱਤਾ। "ਸੁਣ ਆਗਸਟ, ਇਹ ਬਹੁਤ ਜ਼ਰੂਰੀ ਗੱਲ ਏ।" ਪੀਪਿਗ ਨੂੰ ਗੱਲ ਕਰਨ ਵਿੱਚ ਕਾਫ਼ੀ ਤਕਲੀਫ਼ ਹੋ ਰਹੀ ਸੀ। ਉਸ ਉੱਚੇ ਉੱਚੇ ਸਾਹ ਲੈਣੇ ਸ਼ੁਰੂ ਕਰ ਦਿੱਤੇ।

ਰੋਜ਼ ਨੇ ਖ਼ੁਸ਼ਾਮਦ ਕੀਤੀ "ਤੂੰ ਪ੍ਰੇਸ਼ਾਨ ਨਾ ਹੋ।"

ਪੀਪਿਗ ਕੋਸ਼ਿਸ਼ ਕਰਕੇ ਮੁਸਕਰਾਇਆ, "ਮੈਂ ਪ੍ਰੇਸ਼ਾਨ ਨਹੀਂ ਹਾਂ।"

ਉਹ ਚੁੱਪ ਹੋ ਗਿਆ। ਫਿਰ ਉਸ ਨੇ ਜ਼ਖ਼ਮਾਂ ਨੂੰ ਠੰਡਕ ਪਹੁੰਚਾਉਣ ਲਈ ਭਿੱਜੀ ਲੀਰ ਨੂੰ ਰਤਾ ਕੁ ਦਬਾਇਆ।

"ਚੰਗਾ ਲੱਗਦਾ ਏ।" ਤੇ ਉਸ ਨੇ ਡੂੰਘਾ ਸਾਹ ਲਿਆ। ਉਹ ਫਿਰ ਲੇਟ ਗਿਆ ਤੇ ਕੁੱਝ ਦੇਰ ਤੱਕ ਚੁੱਪ ਰਿਹਾ।

ਰੋਜ਼ ਨੇ ਝਿਜਕਦੇ ਹੋਏ ਸੁਆਲ ਕੀਤਾ, "ਮੇਰੇ ਨਾਲ਼ ਇੰਝ ਕਿਉਂ ਨਹੀਂ ਕਰੇਗਾ...ਕਿ

ਤੈਨੂੰ ਉਸ... ਨੇ ਆਖਿਆ ਹੈ ?"

ਪੀਪਿਗ ਨੇ ਕੋਈ ਉੱਤਰ ਨਾ ਦਿੱਤਾ। ਬੜਾ ਦਰਦੀਲਾ ਸੁਆਲ ਸੀ, ਪਰ ਅੰਤ ਉਸ ਆਖਿਆ "ਬੇਵਕੂਫ਼।"

ਰੋਜ਼ ਨੇ ਸ਼ਰਮਿੰਦਾ ਹੋ ਕੇ ਸਿਰ ਝੁਕਾ ਲਿਆ, ਪੀਪਿਗ ਨੇ ਕਹਿਣਾ ਸ਼ੁਰੂ ਕੀਤਾ : "ਉਸ ਨੂੰ ਪਤਾ ਏ ਕਿ ਤੂੰ ਬਹੁਤ ਕੋਮਲ ਭਾਵੀ ਏਂ। ਇਸੇ ਲਈ ਸਾਨੂੰ ਦੋਹਾਂ ਨੂੰ ਇੱਕੋ ਕੋਠੜੀ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਲੋਕਾਂ ਦਾ ਖ਼ਿਆਲ ਇਹ ਹੈ ਕਿ ਮੇਰਾ ਇਹ ਹਾਲ ਵੇਖ ਕੇ ਤੂੰ ਡਰ ਜਾਵੇਂਗਾ। ਇਹੋ ਉਨ੍ਹਾਂ ਦੀ ਚਾਲ ਹੈ। ਤੂੰ ਵਿਸ਼ਵਾਸ ਰੱਖ ਕਿ ਤੇਰੇ ਨਾਲ਼ ਬਹੁਤ ਹੀ ਨਰਮੀ ਦਾ ਵਰਤਾਓ ਕਰਨਗੇ। ਭਾਵ ਇਹ ਹੈ ਕਿ ਜੇ ਤੂੰ ਵੀ ਅਜਿਹੀ ਮਾਰ ਨਹੀਂ ਖਾਣਾ ਚਾਹੁੰਦਾ ਤਾਂ ਫਿਰ ਤੈਨੂੰ ਹੁਸ਼ਿਆਰੀ ਤੋਂ ਕੰਮ ਲੈਣਾ ਚਾਹੀਦਾ ਹੈ...."

"ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?" ਰੋਜ਼ ਦਾ ਮੂੰਹ ਅਜੀਬ ਤਰ੍ਹਾਂ ਆਕੜ ਗਿਆ।

"ਆਪਣਾ ਮੂੰਹ ਬੰਦ ਰੱਖੀਂ, ਬੱਸ।"

ਰੋਜ਼ ਨੇ ਥੁੱਕ ਅੰਦਰ ਲੰਘਾਈ।

"ਤੈਨੂੰ ਕੁੱਝ ਪਤਾ ਤਾਂ ਹੈ ਨਹੀਂ, ਤੈਨੂੰ ਇਹੋ ਕਹਿਣਾ ਚਾਹੀਦਾ ਹੈ। ਜਬਾੜ੍ਹਿਆਂ 'ਤੇ ਦੋ ਚਾਰ ਥੱਪੜ ਖਾਣੇ ਵੀ ਪੈਣ—ਇਤਨਾ ਤਾਂ ਸਹਿ ਲਵੇਂਗਾ, ਮਰਦ ਬੰਦਿਆ।"

ਪੀੜ ਅਸਹਿ ਹੁੰਦੀ ਜਾ ਰਹੀ ਸੀ। ਪੀਪਿਗ ਨੇ ਦਰਦ ਦੇ ਮਾਰਿਆਂ ਸਿਰ ਇੱਧਰ-ਉੱਧਰ ਝਟਕਣਾ ਸ਼ੁਰੂ ਕਰ ਦਿੱਤਾ। ਇਸ ਪੀੜ ਵਿੱਚ ਕਿਤਨੀ ਇਕੱਲਤਾ ਸੀ।

"ਮੈਨੂੰ ਹੋਰ ਪਾਣੀ ਦੇ।" ਉਸ ਕੂਹਣੀ ਟੇਕ ਕੇ ਰਤਾ ਕੁ ਉੱਠਦਿਆਂ ਆਖਿਆ। ਰੋਜ਼ ਨੇ ਪਿਆਲਾ ਮੂੰਹ ਨਾਲ਼ ਲਾਇਆ, ਪੀ ਕੇ ਉਹ ਨਿਸੱਤਾ ਹੋ ਕੇ ਲੇਟ ਗਿਆ।

ਗਸਟਾਪੋ ਅਫ਼ਸਰ ਨੇ ਪੀਪਿਗ ਮਗਰੋਂ ਬੋਖਨਵਾਲਡ ਦੇ ਕੁੱਝ ਹੋਰ ਕੈਦੀਆਂ ਨੂੰ ਬੁਲਾਇਆ, ਇਸ ਲਈ ਨਹੀਂ ਕਿ ਉਨ੍ਹਾਂ ਤੋਂ ਪੁੱਛਗਿੱਛ ਕਰਨੀ ਸੀ, ਉਹ ਬੱਸ ਰਤਾ ਉਨ੍ਹਾਂ ਨੂੰ ਟੋਹਣਾ ਚਾਹੁੰਦਾ ਸੀ, ਉਸ ਅਨੁਮਾਨ ਲਾ ਲਿਆ ਕਿ ਇਹ ਸਾਰੇ ਪੱਕੇ ਹਨ, ਇਨ੍ਹਾਂ ਵਿੱਚੋਂ ਕਿਸੇ ਨੂੰ ਕੁੱਝ ਪਤਾ ਨਹੀਂ।

ਚੰਗਾ ਖ਼ੈਰ, ਗੇ ਨੇ ਸੋਚਿਆ, ਅਜੇ ਏਦਾਂ ਹੀ ਟੁਰਨ ਦਿਓ, ਬੋਲੋਗੇ ਤਾਂ ਸਾਰੇ ਦੇ ਸਾਰੇ।

ਹੁਣ ਇਸ ਰੋਜ਼ ਵੱਲ ਧਿਆਨ ਕੀਤਾ, ਜਿਸ ਲਈ ਉਸ ਨੇ ਪੀਪਿਗ ਦੀ ਇੰਨੀ ਮੁਰੰਮਤ ਕੀਤੀ ਸੀ। ਦਿਨ ਢਲ਼ੇ ਉਸ ਰੋਜ਼ ਨੂੰ ਬੁਲਾਇਆ :

"ਆ ਬਈ ਬੈਠ, ਤੇਰਾ ਨਾਂਅ ਰੋਜ਼ ਹੀ ਏ ਨਾ ?

"ਯੈੱਸ ਸਰ"

ਗੇ ਨੇ ਸੀਗਾਰ ਜਲਾਇਆ ਤੇ ਤੀਲੀਆਂ ਦੀ ਡੱਬੀ ਨੂੰ ਐਸ਼ ਟਰੇ 'ਤੇ ਰੱਖਦਿਆਂ ਬੋਲਿਆ, "ਬਈ ਤੂੰ ਤਾਂ ਆਪਣੇ ਆਪ ਨੂੰ ਬੜੇ ਚੱਕਰ ਵਿੱਚ ਫਸਾ ਲਿਆ, ਕਿਤਨੇ ਦਿਨਾਂ ਤੋਂ

ਕੈਂਪ ਵਿੱਚ ਏਂ ?" "ਅੱਠਾਂ ਵਰ੍ਹਿਆਂ ਤੋਂ" ਰੋਜ਼ ਨੇ ਉੱਤਰ ਦਿੱਤਾ। ਉਹ ਹੈਰਾਨ ਸੀ ਕਿ ਜਿਰਾਹ ਉਸੇ ਤਰ੍ਹਾਂ ਸ਼ੁਰੂ ਹੋਈ ਹੈ, ਜਿਸ ਤਰ੍ਹਾਂ ਇਸ ਨੇ ਸੋਚਿਆ ਸੀ। ਗੇ ਨੇ ਬੜੀ ਹਮਦਰਦੀ ਨਾਲ਼ ਸਿਰ ਹਿਲਾਇਆ : "ਅੱਠ ਸਾਲ... ਮੈਂ ਤਾਂ ਕਦੋਂ ਦਾ ਛੁੱਟੀ ਕਰ ਗਿਆ ਹੁੰਦਾ।"

ਰੋਜ਼ ਦੀ ਹੈਰਾਨੀ ਵਧਦੀ ਜਾ ਰਹੀ ਸੀ। ਬਿਲਕੁਲ ਉਹੋ ਕੁੱਝ ਜੋ ਉਸ ਸੋਚਿਆ ਸੀ। ਉਸ ਕੋਈ ਜਵਾਬ ਨਾ ਦਿੱਤਾ। ਬੱਸ ਕੇਵਲ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਗੇ ਨੂੰ ਗ਼ੁੱਸਾ ਨਾ ਆਵੇ ਕਿ ਉਹ ਕੁਟਾਈ ਸ਼ੁਰੂ ਕਰ ਦੇਵੇ।

ਵੇਖਣ ਨੂੰ ਗੇ ਕੋਈ ਅਜਿਹੀ ਗੱਲ ਨਹੀਂ ਸੀ ਸੋਚ ਰਿਹਾ। ਉਹ ਸੀਗਾਰ ਦੇ ਸੂਟੇ ਲੈ ਰਿਹਾ ਸੀ ਤੇ ਰੋਜ਼ ਦੀਆਂ ਨਜ਼ਰਾਂ ਸੀਗਾਰ ਦਾ ਸੜਦੇ ਹੋਏ ਸਿਰੇ 'ਤੇ ਟਿਕੀਆਂ ਹੋਈਆਂ ਸਨ। ਇਸੇ ਨਾਲ਼ ਇਸ ਨੇ ਪੀਪਿਗ ਦੀ ਛਾਤੀ ਸੱਲ੍ਹੀ ਸੀ। ਗੇ ਨੇ ਕੁਰਸੀ ਦੀ ਪਿੱਠ ਨਾਲ਼ ਢੋ ਲਾ ਕੇ ਰੋਜ਼ ਵੱਲ ਘਿਰ੍ਹਣਾ ਨਾਲ਼ ਵੇਖਿਆ।

"ਤੁਸੀਂ ਬੋਖਨਵਾਲਡ ਵਾਲ਼ੇ ਵੀ ਕਿਹੋ ਜਿਹੇ ਬੰਦੇ ਓ, ਇੱਕ ਬੱਚੇ ਲਈ ਮੌਤ ਦੇ ਮੂੰਹ ਵਿੱਚ ਕੁੱਦ ਪਏ ਓ। ਜੇ ਮੂੰਹ ਬੰਦ ਰੱਖਣਾ ਚਾਹੁੰਦੇ ਹੋ ਤਾਂ ਆਪਣੇ ਇਰਾਦੇ 'ਤੇ ਡਟੇ ਰਹੋ, ਪਰ ਜੇ ਪਹਿਲਾਂ ਅਧਮੋਇਆ ਕਰਵਾ ਲਿਆ ਤੇ ਸਭ ਕੁੱਝ ਉਗਲ਼ ਦਿੱਤਾ, ਤਾਂ ਫਿਰ ਤੁਹਾਨੂੰ ਇਸ ਦੀ ਆਸ ਨਹੀਂ ਰੱਖਣੀ ਚਾਹੀਦੀ ਕਿ ਤੁਹਾਡੇ ਨਾਲ਼ ਚੰਗਾ ਵਰਤਾਓ ਨਹੀਂ ਕੀਤਾ ਗਿਆ।"

ਗੇ ਭੇਦ-ਭਰੇ ਢੰਗ ਨਾਲ਼ ਰੋਜ਼ ਵੱਲ ਝੁਕਿਆ, "ਹੁਣ ਉਹ ਪੀਪਿਗ ਏ, ਚੰਗਾ ਆਦਮੀ ਏ, ਮੈਂ ਉਸ ਦੀ ਇੱਜ਼ਤ ਕਰਦਾ ਹਾਂ, ਪਰ ਕੀ ਉਹ ਸ਼ੁਰੂ ਵਿੱਚ ਹੀ ਨਹੀਂ ਸੀ ਕਹਿ ਸਕਦਾ, "ਹਰ ਕਮੀਸਾਰ ਸਾਨੂੰ ਇੱਕ ਬੱਚਾ ਮਿਲ਼ ਗਿਆ ਸੀ' ਤਾਂ ਸਭ ਕੁੱਝ ਠੀਕ ਹੋ ਜਾਂਦਾ, ਨਹੀਂ ? ਪਹਿਲਾਂ ਅਸੀਂ ਉਸ ਦਾ ਕਚੂਮਰ ਕੱਢ ਦੇਈਏ ਤੇ ਫਿਰ ਉਹ ਦੱਸੇ, ਕੋਈ ਅਕਲਮੰਦੀ ਦੀ ਗੱਲ ਹੈ ?

"ਮੈਂ ਤੇਰੇ ਨਾਲ਼ ਉਹੋ ਕੁੱਝ ਨਹੀਂ ਕਰਨਾ ਚਾਹੁੰਦਾ, ਜੋ ਮੈਨੂੰ ਪੀਪਿਗ ਨਾਲ਼ ਕਰਨਾ ਪਿਆ। ਮੈਨੂੰ ਮਾਰ-ਕੁਟਾਈ ਤੇ ਸਖ਼ਤੀ ਤੋਂ ਘਿਰ੍ਹਣਾ ਹੈ, ਪਰ ਹੁਣ ਜੇ ਤੂੰ ਮਜ਼ਬੂਰ ਕਰੇਂ... ਤਾਂ ਪ੍ਰਮਾਤਮਾ ਲਈ ਇਹ ਸਮਝੋ ਕਿ ਮੈਂ ਆਪਣਾ ਫ਼ਰਜ਼ ਅਦਾ ਕਰ ਰਿਹਾ ਹਾਂ।"

ਰੋਜ਼ ਨੇ ਸੋਚਿਆ ਜੇ ਇਸ ਨੂੰ ਰਤਾ ਵੀ ਸ਼ੱਕ ਹੋਇਆ ਕਿ ਮੈਂ ਕੁੱਝ ਜਾਣਦਾ ਹਾਂ, ਉਸ ਦੀਆਂ ਅੱਖਾਂ ਅਫ਼ਸਰ ਨੂੰ ਤੱਕਦੀਆਂ ਜਾ ਰਹੀਆਂ ਸਨ।

"ਤਾਂ ਫਿਰ ਤੁਸੀਂ ਲੋਕ ਕਿੱਥੇ ਲੈ ਗਏ ਵਿਚਾਰੇ ਬੱਚੇ ਨੂੰ।"

ਰੋਜ਼ ਦੀਆਂ ਅੱਖਾਂ ਝੁਕ ਗਈਆਂ। ਉਸ ਨੇ ਹਿੰਮਤ ਕਰਕੇ ਜਵਾਬ ਦਿੱਤਾ,"ਮੈਨੂੰ ਪਤਾ ਨਹੀਂ।" ਉਸ ਦੀ ਜ਼ਬਾਨ ਇਸ ਖ਼ਿਆਲ ਨਾਲ਼ ਥਿੜਕ ਗਈ ਕਿ ਬੱਸ ਹੁਣੇ ਉਸ ਦੇ ਮੂੰਹ 'ਤੇ ਮੁੱਕਾ ਪਵੇਗਾ, ਪਰ ਗੇ ਨੇ ਬੱਸ ਠੰਡਾ ਸਾਹ ਹੀ ਭਰਿਆ।

"ਚੰਗਾ ਖ਼ੈਰ, ਮੈਨੂੰ ਤੇਰੇ 'ਤੇ ਬੜਾ ਤਰਸ ਆਉਂਦਾ ਹੈ। ਇਸ ਸਮੇਂ ਤਾਂ ਤੂੰ ਆਪਣੀ ਕੋਠੜੀ ਵਿੱਚ ਵਾਪਸ ਜਾ, ਪੀਪਿਗ ਨਾਲ਼ ਗੱਲਬਾਤ ਕਰ ਲੈ, ਰਾਤੀਂ ਮੈਂ ਤੈਨੂੰ ਫਿਰ ਬੁਲਾਵਾਂਗਾ।"

ਜਦੋਂ ਜੇਲ੍ਹਰ ਰੋਜ਼ ਨੂੰ ਕੋਠੜੀ ਵਿੱਚ ਲਿਆਇਆ ਤਾਂ ਹਨ੍ਹੇਰਾ ਹੋ ਚੁੱਕਿਆ ਸੀ। ਪੀਪਿਗ ਨੂੰ ਤੇਜ਼ ਬੁਖ਼ਾਰ ਸੀ ਤੇ ਉਹ ਘੂਕੀ ਵਿੱਚ ਸੀ। ਜੇਲ੍ਹਰ ਨੇ ਭਿੱਜਿਆ ਕੱਪੜਾ ਉਸ ਦੇ

ਮੱਥੇ ’ਤੇ ਰੱਖਿਆ ਤੇ ਜਾਂਦੇ-ਜਾਂਦੇ ਰੋਜ਼ ਨੂੰ ਆਖ ਗਿਆ, “ਹੁਣ ਤੂੰ ਮੂਰਖ਼ਤਾ ਨਾ ਕਰ, ਇਸ ਇੱਕੋ ਦਾ ਇਹ ਹਾਲ ਕਾਫ਼ੀ ਹੈ।”

ਰੋਜ਼ ਸੁੱਕੜ ਕੇ ਸਟੂਲ ’ਤੇ ਬਹਿ ਗਿਆ। ਸਾਰੀ ਦੁਨੀਆ ਦਾ ਦੁੱਖ ਸਿਮਟ ਕੇ ਉਸ ਦੀ ਕੋਠੜੀ ਵਿੱਚ ਆ ਗਿਆ ਸੀ। ਉਹ ਕੁੱਝ ਕਹਿਣਾ ਚਾਹੁੰਦਾ ਸੀ।

“ਰੂਦੀ...”

ਰੋਜ਼ ਨੇ ਪੀਪਿਗ ਦਾ ਮੋਢਾ ਹਿਲਾਇਆ। ਪੀਪਿਗ ਕੁਰਲਾਇਆ, ਰੋਜ਼ ਨੇ ਉਸ ਨੂੰ ਛੱਡ ਦਿੱਤਾ। ਉਹ ਫਿਰ ਸੁੱਕੜ ਕੇ ਸਟੂਲ ’ਤੇ ਬਹਿ ਗਿਆ। ਹੁਣ ਉਹ ਇਕੱਲਾ ਸੀ। ਗੱਲਾਂ ਕਰਦੇ-ਕਰਦੇ ਗਸਟਾਪੋ ਅਫ਼ਸਰ ਨੇ ਬੜੀ ਸ਼ੈਤਾਨੀ ਨਾਲ਼ ਸੀਗਾਰ ਦੇ ਬਲ਼ਦੇ ਸਿਰੇ ਨੂੰ ਰੋਜ਼ ਦੀ ਨੱਕ ਨਾਲ਼ ਬਿਲਕੁਲ ਜੋੜ ਦਿੱਤਾ ਸੀ। ਉਸ ਦਾ ਧੂੰਆਂ ਅਜੇ ਤੱਕ ਉਸ ਦੀਆਂ ਨਾਸਾਂ ਵਿੱਚ ਵਸਿਆ ਹੋਇਆ ਸੀ। ਕੋਠੜੀ ਦੀ ਠੰਡ ਭਾਂਬਾ ਬਣ ਕੇ ਉਸ ’ਤੇ ਪਸਰਦੀ ਜਾ ਰਹੀ ਸੀ।

ਛੱਤ ਉਤੇ ਤਾਰ ਨਾਲ਼ ਜਕੜਿਆ ਬਿਜਲੀ ਦਾ ਬਲਬ, ਮਰੀਅਲ ਜਿਹੀ ਪੀਲ਼ੀ ਰੌਸ਼ਨੀ ਦੇ ਰਿਹਾ ਸੀ।

ਛੇਤੀ ਹੀ ਰਾਤ ਭਿੱਜ ਜਾਵੇਗੀ।

ਛੇ

ਕਮਾਂਡੈਂਟ ਨੇ ਪੂਰੇ ਸਟਾਫ਼ ਨੂੰ ਆਪਣੇ ਹੈੱਡਕੁਆਟਰ ਵਿੱਚ ਬੁਲਾ ਲਿਆ ਸੀ, ਇਸ ਲਈ ਕਿ ਸ਼ਾਮ ਦੀ ਹਾਜ਼ਰੀ ਬਹੁਤ ਛੇਤੀ ਖ਼ਤਮ ਹੋ ਗਈ। ਕਲੂਟਿਗ ਨਹੀਂ ਸੀ। ਉਸ ਦੀ ਥਾਂ ਵਾਈਸਾਂਗ ਨੇ ਲੈ ਲਈ ਸੀ, ਜਿਹੜਾ ਹਰ ਸਮੇਂ ਨਸ਼ੇ ਵਿੱਚ ਧੁੱਤ ਰਹਿੰਦਾ ਸੀ। ਰੀਨਬੂਥ ਨੇ ਕੈਂਪ ਫ਼ੋਹਰਰ ਸਾਹਮਣੇ ਖੜ੍ਹੇ ਹੋ ਕੇ ਰਿਪੋਰਟ ਦਿੱਤੀ ਤੇ ਇਸ ਮਗਰੋਂ “ਡਿਸਮਿਸ।”

ਇੰਨੀ ਕਾਹਲ਼ ਦੇ ਅਰਥ ਇਹ ਸਨ ਕਿ ਜ਼ਰੂਰ ਕੋਈ ਗੜਬੜ ਹੈ। ਪੰਜਾਹ ਹਜ਼ਾਰ ਆਦਮੀਆਂ ਵਿੱਚੋਂ ਹਰ ਕੋਈ ਇਹੋ ਸਮਝਦਾ ਸੀ। ਕੈਂਪ ਖ਼ਾਲੀ ਕਰਾਏ ਜਾਣ ਦੀ ਅਫ਼ਵਾਹ ਕੈਂਪ ਦੇ ਵਾਤਾਵਰਣ ਵਿੱਚ ਗੈਸ ਵਾਂਗ ਭਰ ਗਈ ਸੀ।

ਹਾਜ਼ਰੀ ਦੇ ਤੁਰੰਤ ਮਗਰੋਂ ਜਿਹੜੇ ਕੈਦੀ ਦੇਰ ਤੱਕ ਕੰਮ ਕਰਦੇ ਰਹਿੰਦੇ ਸਨ, ਉਹ ਵੀ ਵੱਖ-ਵੱਖ ਇਮਾਰਤਾਂ ’ਚੋਂ ਕੈਂਪ ਵਿੱਚ ਵਾਪਸ ਆ ਗਏ। ਜ਼ਰੂਰ ਕੋਈ ਗੜਬੜ ਸੀ।

ਬਲਾਕਾਂ ਵਿੱਚ ਉਹ ਨਿੱਤ ਦਿਹਾੜੀ ਦਾ ਸ਼ੋਰ-ਸ਼ਰਾਬਾ ਰਿਹਾ। ਤਰੀ ਦੇ ਦੇਗਚਿਆਂ ਦੇ ਆਲ਼ੇ-ਦੁਆਲ਼ੇ ਭੀੜ ਲੱਗੀ, ਪਿਆਲਿਆਂ ਤੇ ਚਿਮਚਿਆਂ ਦੀ ਖੋਹ-ਖੁਹਾਈ ਹੋਈ, ਤਰੀ ਮਗਰੋਂ ਰੋਟੀ ਦੇ ਰਾਸ਼ਨ ਲਈ ਧੱਕਮ-ਧੱਕਾ ਹੋਇਆ, ਪਰ ਫਿਰ ਵੀ ਕੁੱਝ ਨਾ ਕੁੱਝ ਨਿੱਤ ਦਿਹਾੜੀ ਨਾਲ਼ੋਂ ਵੱਖਰਾ ਸੀ।

ਗੱਲਾਂ, ਜਿਹੜੀਆਂ ਹੁਣ ਤੱਕ ਮੱਖੀਆਂ ਵਾਂਗ ਭਿਣਭਿਣਾਉਂਦੀਆਂ ਸਨ, ਅੱਜ ਇੱਕ ਵਿਸ਼ੇਸ਼ ਵਿਸ਼ੇ ਉੱਤੇ ਵਿਸ਼ੇਸ਼ ਢੰਗ ਨਾਲ਼ ਹੋ ਰਹੀਆਂ ਸਨ। ਹਜ਼ਾਰਾਂ ਦਿਮਾਗ਼ ਇੱਕੋ ਢੰਗ ਨਾਲ਼ ਸੋਚ ਰਹੇ ਸਨ। ਖ਼ਿਆਲਾਂ ਦੀ ਲਹਿਰ ਪੂਰੇ ਵੇਗ ਨਾਲ਼ ਬੇਵਿਸ਼ਵਾਸੀ ਦੇ ਸੰਘਣੇ ਬੱਦਲਾਂ ਨੂੰ ਕੱਟਦੀ ਜਾ ਰਹੀ ਸੀ। ਹੁਣ ਬਲਾਕਾਂ ਵਿੱਚ ਇੱਕ ਹੀ ਵਿਸ਼ੇ ਉੱਤੇ ਗੱਲਾਂ ਹੋ ਰਹੀਆਂ ਸਨ।

ਬਹੁਤ ਸਾਰੇ ਲੋਕ ਤਾਂ ਮੁੱਦਤਾਂ ਤੋਂ ਇਸ ਕੈਦ ਵਿੱਚ ਪਏ-ਪਏ ਆਪਣੇ ਭਵਿੱਖ ਬਾਰੇ ਸੋਚਣਾ ਹੀ ਭੁੱਲ ਗਏ ਸਨ। ਅੱਜ ਉਨ੍ਹਾਂ ਨੂੰ ਇਨ੍ਹਾਂ ਦਿਨਾਂ ਦੀ ਸਮਾਪਤੀ ਨਜ਼ਰ ਆ ਰਹੀ ਸੀ, ਪਰ ਸਮਾਪਤੀ ਕਿਵੇਂ ? ਮਰਨ ਦੀ ਅਜ਼ਾਦੀ ? ਕੁੱਝ ਪਤਾ ਨਹੀਂ ਸੀ। ਘਟਨਾਵਾਂ ਕਿਸ ਤਰਤੀਬ ਵਿੱਚ ਪ੍ਰਗਟ ਹੋ ਰਹੀਆਂ ਸਨ। ਆਸ, ਵਹਿਮ, ਉਲਝਣ ਚਿੰਤਾ ਸੀ। ਮੌਤ ਕਿ ਜੀਵਨ ? ਕੌਣ ਜਾਣੇ।

ਬੋਖਾਉ ਨੇ ਕੌਮਾਂਤਰੀ ਮਜ਼ਦੂਰ ਕਮੇਟੀ ਵਿੱਚ ਆਪਣੀ ਰਿਪੋਰਟ ਪੇਸ਼ ਕੀਤੀ। ਸਮਾਨਖ਼ਾਨੇ ਦੇ ਦਸ ਬੰਦਿਆਂ ਦੀ ਗ੍ਰਿਫ਼ਤਾਰੀ, ਕੈਂਪ ਖ਼ਾਲੀ ਕਰਾਏ ਜਾਣ ਦਾ ਖ਼ਤਰਾ, ਥੁਰਿਨਗੀਆ ਵਿੱਚ ਨਾਜ਼ੀਆਂ ਦੀ ਹਾਰ, ਤੇਜ਼ੀ ਨਾਲ਼ ਹਾਲਾਤ ਬਦਲਣ ਦੀ ਸੰਭਾਵਨਾ, ਰਾਈਉਮਾਨ ਨੇ ਇਸ ਰਿਪੋਰਟ ਵਿੱਚ ਹੋਰ ਵਾਧਾ ਕੀਤਾ। ਉਸ ਕਮਾਂਡੈਂਟ ਦੇ ਦਫ਼ਤਰ ਵਿੱਚ ਹੋਈ ਗੱਲਬਾਤ ਸੁਣੀ ਸੀ ਤੇ ਉਸ ਵਿੱਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ ਕਿ ਇਨ੍ਹਾਂ ਨਾਜ਼ੀ ਦਰਿੰਦਿਆਂ ਨੂੰ ਕਿਹੜੀ ਚਿੰਤਾ ਸੀ।

ਮਨਚਲਾ ਪਰੀਬੂਲਾ ਚਾਹੁੰਦਾ ਸੀ ਕਿ ਕੈਂਪ ਖ਼ਾਲੀ ਕਰਾਏ ਜਾਣ ਦਾ ਹੁਕਮ ਦਿੱਤਾ ਜਾਵੇ ਤਾਂ ਉਸ ਨੂੰ ਤਾਕਤ ਨਾਲ਼ ਰੋਕ ਦਿੱਤਾ ਜਾਵੇ। ਉਸ ਇਹ ਫ਼ੈਸਲਾ ਕਰਵਾਉਣਾ ਚਾਹਿਆ ਕਿ ਲੜਾਕਾ-ਜੱਥਿਆਂ ਨੂੰ ਸਾਵਧਾਨ ਕਰ ਦਿੱਤਾ ਜਾਵੇ ਤੇ ਹਥਿਆਰ ਵੰਡ ਦਿੱਤੇ ਜਾਣ।

ਤਸੱਲੀ ਨਾਲ਼ ਤੇ ਰੁਕ-ਰੁਕ ਕੇ ਬੋਖਾਉ ਨੇ ਆਖਿਆ : "ਇਹ ਪਾਗ਼ਲਪਣ ਹੋਵੇਗਾ। ਕੈਂਪ ਦੇ ਬਾਹਰ ਤਿੰਨ ਹਜ਼ਾਰ ਨਾਜ਼ੀ ਫ਼ੌਜਾਂ ਹਨ। ਸਾਡੇ ਹਥਿਆਰ ਉਨ੍ਹਾਂ ਦਾ ਟਾਕਰਾ ਨਹੀਂ ਕਰ ਸਕਦੇ। ਉਨ੍ਹਾਂ ਦੀਆਂ ਮਸ਼ੀਨਗੰਨਾਂ ਸਾਰੇ ਕੈਂਪ ਨੂੰ ਭੁੰਨ੍ਹ ਕੇ ਰੱਖ ਦੇਣਗੀਆਂ। ਸਾਨੂੰ ਉਡੀਕ ਕਰਨੀ ਪਵੇਗੀ। ਅਸੀਂ ਸ਼ਹੀਦ ਨਹੀਂ ਹਾਂ, ਅਸੀਂ ਮਜ਼ਲੂਮ ਨਹੀਂ ਹਾਂ, ਅਸੀਂ ਮਹਾਨ ਫ਼ਰਜ਼ ਦੀ ਅਮਾਨਤ ਹਾਂ।" ਤੇ ਉਹ ਥੋੜ੍ਹੀ ਜਿਹੀ ਦੇਰ ਲਈ ਰੁਕ ਗਿਆ।

ਉਸ ਫਿਰ ਗੱਲ ਅਰੰਭ ਕਰਦਿਆਂ ਆਖਿਆ : "ਸਾਨੂੰ ਇੱਕ ਹੋਰ ਸ਼ੈ ਬਾਰੇ ਵੀ ਫ਼ੈਸਲਾ ਕਰਨਾ ਹੈ। ਬੱਚੇ ਦਾ ਮਾਮਲਾ! ਸਾਥੀਓ! ਹੁਣ ਬਹੁਤੇ ਦਿਨਾਂ ਤੱਕ ਇੰਝ ਕੰਮ ਨਹੀਂ ਚੱਲ ਸਕਦਾ। ਬੱਚਾ ਇੱਕ ਖ਼ਤਰਾ ਬਣਦਾ ਜਾ ਰਿਹਾ ਹੈ। ਕਲੂਟਿਗ ਕੁੱਤੇ ਵਾਂਗ ਸੁੰਘਦਾ ਫਿਰਦਾ ਹੈ। ਉਹ ਸਾਨੂੰ ਪਕੜਨਾ ਚਾਹੁੰਦਾ ਹੈ। ਅਜੇ ਤਾਂ ਉਹ ਹਨ੍ਹੇਰੇ ਵਿੱਚ ਹੱਥ-ਪੈਰ ਮਾਰ ਰਿਹਾ ਹੈ। ਇਸ ਲਈ ਕਿ ਬੱਚੇ ਨਾਲ਼ ਸਾਡਾ ਕੋਈ ਸਬੰਧ ਨਹੀਂ, ਪਰ ਹੋਫ਼ਲ ਦਾ ਹੈ... ਉਨ੍ਹਾਂ ਬੱਸ ਇਤਨਾ ਕਰਨਾ ਹੈ ਕਿ ਬੱਚੇ ਨੂੰ ਲੱਭ ਲੈਣ... ਤੇ ਅਸੀਂ ਸਮਝ ਸਕਦੇ ਹਾਂ ਕਿ ਹੋਫ਼ਲ ਦਾ ਕੀ ਹਾਲ ਹੋਵੇਗਾ ਤੇ ਖ਼ਤਰਾ ਹੋਫ਼ਲ ਵੱਲੋਂ ਨਹੀਂ ਹੈ। ਬੱਚੇ ਬਾਰੇ ਬਹੁਤ ਸਾਰੇ ਲੋਕ ਜਾਣਦੇ ਹਨ, ਇਸ ਲਈ ਬੱਚੇ ਨੂੰ ਜਾਂਕੋਵਸਕੀ ਕੋਲ਼ੋਂ ਲੈ ਲੈਣਾ ਚਾਹੀਦਾ ਹੈ ਤੇ ਉਸ ਨੂੰ ਪਤਾ ਨਹੀਂ ਲੱਗਣਾ ਚਾਹੀਦਾ ਕਿ ਕੌਣ ਲੈ ਗਿਆ ਹੈ ? ਕਿੱਥੇ ਲੈ ਗਿਆ ਹੈ ? ਇਸ ਤਰ੍ਹਾਂ ਲੜੀ ਟੁੱਟ ਜਾਵੇਗੀ। ਬੱਚੇ ਨੂੰ ਕਿੱਥੇ ਲਿਜਾਇਆ ਜਾਵੇ ? ਮੈਂ ਇਸ ਬਾਰੇ ਵਿੱਚ ਸੋਚਿਆ ਹੈ। ਅਸੀਂ ਉਸ ਨੂੰ ਇਸ ਸੁਰੰਗ ਵਿੱਚ ਲਿਆਵਾਂਗੇ।"

ਸਾਰਿਆਂ ਨੂੰ ਇਹ ਤਜਵੀਜ਼ ਭਿਅੰਕਰ ਜਾਪੀ, ਕੇਵਲ ਬੋਗਰਵਸਕੀ ਚੁੱਪ ਰਿਹਾ।

ਬੋਖਾਉ ਨੇ ਆਪਣੇ ਇਰਾਦੇ ਵਿੱਚ ਕੋਈ ਤਬਦੀਲੀ ਨਾ ਕੀਤੀ।

"ਸਾਥੀਓ, ਗੱਲ ਸੁਣੋ।" ਕੁੱਝ ਸ਼ਬਦਾਂ ਵਿੱਚ ਉਸ ਦੱਸਿਆ ਕਿ ਉਸ ਨੇ ਕੀ ਸੋਚਿਆ ਹੈ। ਇਸ ਸੁਰੰਗ ਦੀ ਇੱਕ ਨੁੱਕਰ ਵਿੱਚ ਬੱਚੇ ਲਈ ਨਰਮ ਆਲ੍ਹਣਾ ਬਣਾ ਦਿੱਤਾ ਜਾਵੇਗਾ। ਦਿਨ ਵਿੱਚ ਕੁੱਝ ਵਾਰ ਇੱਕ ਭਰੋਸੇਯੋਗ ਕਾਮਰੇਡ ਪੂਰੇ ਧਿਆਨ ਨਾਲ਼ ਉਸ ਨੂੰ ਖ਼ੁਰਾਕ ਆਦਿ ਦੇਵੇਗਾ, ਬੱਚੇ ਨੂੰ ਛੁਪ ਕੇ ਰਹਿਣ ਦੀ ਆਦਤ ਤਾਂ ਹੈ ਹੀ।"

ਵਾਨਡਾਲੇਨ ਨੇ ਆਖਿਆ : "ਤੂੰ ਇੱਕ ਲੜੀ ਨੂੰ ਤੋੜ ਕੇ ਦੂਜੀ ਲੜੀ ਅਰੰਭ ਕਰਨਾ ਚਾਹੁੰਦਾ ਏਂ ?"

ਬੋਖਾਉ ਝੁੰਜਲਾਇਆ, "ਤਾਂ ਫਿਰ ਕੀ ਕਰੀਏ ? ਇਸ ਨੂੰ ਮਾਰ ਸੁੱਟੀਏ ? ਤੁਸੀਂ ਕੁੱਝ ਦੱਸੋ ਵੀ।" ਕੋਈ ਵੀ ਕੁੱਝ ਨਾ ਬੋਲਿਆ।

ਕਰੋਪਿਨਸਕੀ ਤੇ ਪੀਪਿਗ ਤੋਂ ਉਪਰੰਤ, ਜਿਹੜੇ ਹੁਣ ਇੱਥੇ ਰਹੇ ਨਹੀਂ ਜਾਂਕੋਵਸਕੀ ਕੇਵਲ ਕਰੈਮਰ ਨੂੰ ਜਾਣਦਾ ਹੈ, ਇਸ ਲਈ ਬੱਚਾ ਕਰੈਮਰ ਨੂੰ ਲਿਆਉਣਾ ਪਵੇਗਾ।"

ਇਸ ਬਾਰੇ ਕੋਈ ਰਾਜ਼ੀ ਨਾ ਹੋਇਆ। ਸਾਰਿਆਂ ਰੋਸ ਪ੍ਰਗਟ ਕੀਤਾ "ਕਰੈਮਰ ਹੀ ਰਹਿ ਗਿਆ ਏ ?"

"ਸਾਥੀਓ ! ਗੱਲ ਸੁਣੋ !" ਬੋਖਾਉ ਨੇ ਆਖਿਆ, "ਮੈਂ ਸੋਚ ਸਮਝ ਕੇ ਆਖ ਰਿਹਾ ਹਾਂ। ਜੇ ਇਹ ਮੰਨ ਹੀ ਲਿਆ ਜਾਵੇ ਕਿ ਜਾਂਕੋਵਸਕੀ ਮੁਖ਼ਬਰੀ ਕਰ ਦੇਵੇਗਾ ਤਾਂ ਕਰੈਮਰ ਅਜਿਹਾ ਆਦਮੀ ਹੈ ਕਿ ਮਰਦਿਆਂ ਮਰ ਜਾਵੇਗਾ, ਪਰ ਜ਼ਬਾਨ ਨਹੀਂ ਖੋਲ੍ਹੇਗਾ। ਲੜੀ ਫਿਰ ਤੋਂ ਨਾ ਜੁੜ ਸਕੇਗੀ...।"

ਬੋਗਰਵਸਕੀ ਨੇ ਝੱਟ ਆਖਿਆ : "ਠੀਕ ਹੈ ਅਸੀਂ ਬੱਚੇ ਲਈ ਨਰਮ ਬਿਸਤਰ ਬਣਾਵਾਂਗੇ ਤੇ ਕਰੈਮਰ ਬੱਚੇ ਨੂੰ ਲਿਆਵੇਗਾ। ਬਿਲਕੁਲ ਠੀਕ ਸਾਥੀਓ, ਵਧੇਰੇ ਬਹਿਸ ਦਾ ਸਮਾਂ ਨਹੀਂ, ਕਰੈਮਰ ਬੱਚੇ ਨੂੰ ਕਦੋਂ ਲਿਆਵੇਗਾ ?"

ਬੋਖਾਉ ਨੇ ਬੋਗਰਵਸਕੀ ਦੀ ਹਮਾਇਤ 'ਤੇ ਖ਼ੁਸ਼ ਹੋ ਕੇ ਆਖਿਆ "ਅੱਜ ਦੇਰ ਹੋ ਗਈ ਹੈ, ਕੱਲ੍ਹ ਸਭ ਪ੍ਰਬੰਧ ਹੋ ਜਾਵੇਗਾ।"

ਭਾਗ ਚੌਥਾ

ਇੱਕ

ਜੇਲ੍ਹਰ ਨੇ ਰਾਤ ਲਈ ਰੋਜ਼ ਨੂੰ ਇੱਕ ਗੱਦਾ ਤੇ ਕੰਬਲ ਲਿਆ ਕੇ ਦਿੱਤਾ। ਇਸ ਲਈ ਕਿ ਕੋਠੜੀ ਵਿੱਚ ਕੇਵਲ ਇੱਕ ਹੀ ਬਿਸਤਰਾ ਸੀ ਅਤੇ ਉਸ 'ਤੇ ਪੀਪਿਗ ਪਿਆ ਬੁਖ਼ਾਰ ਵਿੱਚ ਸੜ ਰਿਹਾ ਸੀ। ਜਦੋਂ ਪੀਪਿਗ ਗੱਲ ਕਰ ਸਕਦਾ ਸੀ, ਉਸ ਸਮੇਂ ਤੱਕ ਰੋਜ਼ ਨੂੰ ਬੜਾ ਆਸਰਾ ਸੀ, ਪਰ ਹੁਣ ਉਹ ਇਕੱਲਾ ਸੀ ਕੇ ਉਹ ਇੱਕ ਨੁੱਕਰ ਵਿੱਚ ਗੰਢੜੀ ਬਣਿਆ ਪਿਆ ਸੀ। ਉਸ ਨੂੰ ਇਸ ਖ਼ਿਆਲ ਨਾਲ਼ ਵਹਿਸ਼ਤ ਹੋ ਰਹੀ ਸੀ ਕਿ ਰਾਤ ਨੂੰ ਫਿਰ ਉਸ ਨੂੰ ਜਿਰਾਹ ਲਈ

ਬੁਲਾਇਆ ਜਾਵੇਗਾ। ਡਰ ਇੱਕ ਇਸ ਸਾਥੀ ਵਾਂਗ ਉਸ ਦੇ ਨਾਲ਼ ਲੇਟਿਆ ਹੋਇਆ ਸੀ।

ਕਮਾਂਡੋ ਦੇ ਕੈਦੀਆਂ ਤੋਂ ਇਹ ਗੱਲ ਛੁਪੀ ਹੋਈ ਨਹੀਂ ਸੀ ਕਿ ਬੱਚਾ ਬਲਾਕ ਨੰਬਰ 61 ਵਿੱਚ ਲਿਆਂਦਾ ਗਿਆ ਹੈ। ਕੈਦੀਆਂ ਦੀ ਗੱਲਬਾਤ ਵਿੱਚ ਰੋਜ਼ ਵੀ ਸ਼ਾਮਲ ਸੀ। ਇਸ ਗੱਲ ਬਾਰੇ ਜਾਣਕਾਰੀ ਉਸ ਲਈ ਮੁਸੀਬਤ ਬਣ ਗਈ ਸੀ ਤੇ ਉਹ ਹੱਥ ਮਲ਼ ਰਿਹਾ ਸੀ, ਕਾਸ਼! ਉਸ ਵੇਲੇ ਉਸ ਆਪਣੇ ਕੰਨ ਬੰਦ ਕਰ ਲਏ ਹੁੰਦੇ, ਪਰ ਉਹ ਸਮਾਂ ਬੀਤ ਚੁੱਕਿਆ ਸੀ।

ਰਾਤ ਚਾਨਣੀ ਸੀ। ਕੋਠੜੀ ਦੀ ਚਿੱਟੀ ਛੱਤ ਉੱਤੇ ਬਾਰੀ ਦੀਆਂ ਸੀਖਾਂ ਦਾ ਪਰਛਾਵਾਂ ਹੇਠਾਂ ਵਾਂਗ ਪੈ ਰਿਹਾ ਸੀ। ਰੋਜ਼ ਸੌਣਾ ਨਹੀਂ ਸੀ ਚਾਹੁੰਦਾ। ਪਤਾ ਨਹੀਂ ਕਦੋਂ ਉਸ ਨੂੰ ਬੁਲਾਇਆ ਜਾਵੇ। ਉਸ ਨੇ ਬਾਹਰ ਦੀ ਚੁੱਪ-ਚਾਂ ਤੇ ਅੰਦਰ ਦੇ ਠੰਡੇ ਹਨੇਰੇ ਤੋਂ ਡਰ ਕੇ ਅਵਾਜ਼ ਦਿੱਤੀ "ਰੂਦੀ..."।

ਅਤੇ ਉਸ ਨੂੰ ਆਪਣੀ ਅਵਾਜ਼ ਵਿੱਚ ਹਨੇਰਾ ਡੁੱਬਦਾ ਸੁਣਾਈ ਦਿੱਤਾ। ਉਹ ਉੱਠ ਕੇ ਪੀਪਿਗ ਦੇ ਕੋਲ਼ ਆਇਆ। ਪੀਪਿਗ ਦਾ ਸਿਰ ਸਰ੍ਹਾਣੇ ਤੋਂ ਲੁੜਕ ਗਿਆ ਸੀ। ਜੇ ਇਹ ਮਰ ਗਿਆ ਤਾਂ? ਰੋਜ਼ ਨੇ ਥੁੱਕ ਅੰਦਰ ਲੰਘਾਈ। ਰੋਜ਼ ਤੋਂ ਹੁਣ ਸਹਾਰਿਆ ਨਹੀਂ ਸੀ ਜਾ ਰਿਹਾ। ਉਸ ਦਾ ਜੀਅ ਕਰਦਾ ਸੀ ਕਿ ਉਹ ਚੀਕੇ ਤੇ ਆਪਣੇ ਮੁੱਕਿਆਂ ਨਾਲ਼ ਬਾਰੀ ਨੂੰ ਪੁੱਟ ਕੱਢੇ, ਪਰ ਡਰ ਤੇ ਕਾਇਰਤਾ ਨੇ ਕੁੱਝ ਕਰਨ ਨਾ ਦਿੱਤਾ ਤੇ ਉਹ ਮੂੰਹ ਵਿੱਚ ਆਪਣੀਆਂ ਮੁੱਠਾਂ ਤੁੰਨ ਕੇ ਉਸੇ ਥਾਂ ਬੈਠ ਗਿਆ ਅਤੇ ਖਿਸਕ ਕੇ ਆਪਣੇ ਬਿਸਤਰੇ ਉੱਤੇ ਜਾਣਾ ਚਾਹੁੰਦਾ ਸੀ ਕਿ ਉਸ ਦਾ ਸਾਹ ਹੇਠਲਾ ਹੇਠਾਂ ਉਤਲਾ ਉਤਾਂਹ ਹੀ ਰਹਿ ਗਿਆ, ਜੰਦਰੇ ਵਿੱਚ ਕੁੰਜੀ ਲੱਗਣ ਦੀ ਅਵਾਜ਼ ਆਈ ਤੇ ਕੋਠੜੀ ਵਿੱਚ ਤੇਜ਼ ਰੌਸ਼ਨੀ ਫ਼ੈਲ ਗਈ। ਰਾਤ ਦੀ ਡਿਊਟੀ ਵਾਲਾ ਨੌਜਵਾਨ ਫ਼ੌਜੀ ਅੰਦਰ ਆ ਗਿਆ ਅਤੇ ਉਸ ਨੇ ਰੋਜ਼ ਨੂੰ ਧੱਕ ਕੇ ਕੋਠੜੀ ਤੋਂ ਬਾਹਰ ਕਰ ਦਿੱਤਾ।

ਲਗਪਗ ਉਸੇ ਸਮੇਂ ਨਾਜ਼ੀਆਂ ਦੇ ਸੂਰਾਂ ਦੇ ਵਾੜੇ ਦੇ ਛੱਜੇ ਦੀ ਓਟ ਵਿੱਚ ਉਹ ਛਹਿਟਿਆ ਹੋਇਆ ਸੀ। ਸੂਰਾਂ ਦਾ ਵਾੜਾ ਕੈਂਪ ਦੀ ਉੱਤਰੀ ਢਲਵਾਨ ਉੱਤੇ ਸੀ। ਇਸ ਥਾਂ ਖੁੱਲ੍ਹਾ ਮੈਦਾਨ ਸੀ। ਇਕੱਲਾ-ਦੁਕੱਲਾ ਦਰੱਖ਼ਤ ਸੀ। ਸੂਰਾਂ ਦੇ ਵਾੜੇ ਦੇ ਸਾਹਮਣੇ ਬਿਮਾਰਾਂ ਦਾ ਹਸਪਤਾਲ਼ ਤੇ ਇਸ ਦੇ ਮਗਰੋਂ ਇੱਕ ਸੜਕ ਸੀ, ਜਿਸ ਦੇ ਇੱਕ ਪਾਸੇ ਛੋਟਾ ਕੈਂਪ ਸੀ। ਸੂਰਾਂ ਦੇ ਵਾੜੇ ਤੋਂ ਥੋੜ੍ਹੀ ਦੂਰ ਕੰਡਿਆਲੀ ਤਾਰਾਂ ਦੀ ਵਾੜ ਸੀ, ਜਿਸ ਵਿੱਚ ਬਿਜਲੀ ਦੌੜਦੀ ਰਹਿੰਦੀ ਸੀ। ਵਾੜ ਦੇ ਖੰਬੇ ਅੰਦਰ ਵੱਲ ਨੂੰ ਮੁੜੇ ਹੋਏ ਸਨ ਤੇ ਉਨ੍ਹਾਂ ਤੇ ਲਾਲ ਬਲਬ ਜਗ ਰਹੇ ਸਨ। ਬੁਰਜਾਂ ਉੱਤੇ ਸੰਤਰੀ ਸਨ ਤੇ ਉਹ ਛਹਿਟਿਆ ਹੋਇਆ ਆਦਮੀ ਉਨ੍ਹਾਂ ਨੂੰ ਹੀ ਵੇਖ ਰਿਹਾ ਸੀ। ਬੁਰਜਾਂ ਦੀਆਂ ਮੋਰੀਆਂ ਵਿੱਚ ਮਸ਼ੀਨਗੰਨਾਂ ਰੱਖੀਆਂ ਹੋਈਆਂ ਸਨ। ਉਹ ਆਦਮੀ ਉਸੇ ਤਰ੍ਹਾਂ ਦਬਕਿਆ ਰਿਹਾ। ਬੁਰਜਾਂ ਉੱਤੇ ਸੰਤਰੀ ਵੀ ਚੁੱਪ-ਚਾਪ ਖਲੋਤੇ ਸਨ।

ਅਚਾਨਕ ਉਹ ਆਦਮੀ ਫ਼ੁਰਤੀ ਨਾਲ਼ ਉੱਥੋਂ ਹਟ ਕੇ ਇੱਕ ਦਰੱਖ਼ਤ ਦੀ ਓਟ ਵਿੱਚ ਆ ਗਿਆ। ਉੱਥੇ ਰੁਕ ਕੇ ਉਸ ਇੱਧਰ-ਉੱਧਰ ਨਜ਼ਰ ਦੌੜਾਈ ਤੇ ਕੁੱਝ ਛਿੰਨਾਂ ਵਿੱਚ ਦੂਜੇ ਰੁੱਖ ਦੀ ਓਟ ਵਿੱਚ ਜਾ ਪਹੁੰਚਿਆ। ਉਸ ਜੁੱਤੀਆਂ ਨਹੀਂ ਸਨ ਪਾਈਆਂ ਹੋਈਆਂ। ਕਾਫ਼ੀ ਚਿਰ ਦੀ

ਹਿਚਕਚਾਹਟ ਮਗਰੋਂ ਤੇ ਬੁਰਜਾਂ ਨੂੰ ਚੰਗੀ ਤਰ੍ਹਾਂ ਵੇਖ-ਭਾਲ਼ ਕੇ ਉਹ ਕੁੱਝ ਦੂਰ ਗਾਲ੍ਹੜ ਵਾਂਗ ਦੌੜਿਆ ਤੇ ਫਿਰ ਜ਼ਮੀਨ 'ਤੇ ਪੇਟ ਭਾਰ ਲੇਟ ਗਿਆ। ਇਉਂ ਹੀ ਲੁਕਦਾ-ਲਕਾਉਂਦਾ ਉਹ ਕੰਡਿਆਲੀ ਤਾਰ ਤੱਕ ਪੁੱਜ ਗਿਆ। ਧਿਆਨ ਨਾਲ਼ ਹੇਠਲੀ ਤਾਰ ਚੁੱਕ ਕੇ ਉਹ ਕੈਂਪ ਦੇ ਅੰਦਰ ਆ ਗਿਆ ਤੇ ਫਿਰ ਬੈਰਕ ਦੇ ਪਿੱਛੇ ਟੱਟੀਆਂ ਦੀ ਓਟ ਵਿੱਚੋਂ ਹੋ ਕੇ ਉਹ ਬਲਾਕ ਨੰਬਰ 61 ਦੇ ਅੰਦਰ ਤੱਕ ਪੁੱਜ ਗਿਆ। ਬੈਰਕ ਦੀ ਕੰਧ ਨਾਲ਼ ਐਨ ਜੁੜ ਕੇ ਉਸ ਦਰਵਾਜ਼ੇ ਦੇ ਹੈਂਡਲ ਨੂੰ ਹੌਲ਼ੀ-ਹੌਲ਼ੀ ਹੇਠਾਂ ਦਬਾਇਆ ਤੇ ਫਿਰ ਬੂਹਾ ਬੱਸ ਇਤਨਾ ਖੋਲ੍ਹਿਆ ਕਿ ਉਸ ਦੇ ਅੰਦਰ ਜਾ ਸਕੇ।

ਅੰਦਰ ਉਹ ਕੁੱਝ ਦੇਰ ਲਈ ਖਲੋਤਾ ਰਿਹਾ। ਇੱਥੇ ਤੱਕ ਕਿ ਉਸ ਦੀਆਂ ਅੱਖਾਂ ਹਨ੍ਹੇਰੇ ਨਾਲ਼ ਇੱਕ ਮਿੱਕ ਹੋ ਗਈਆਂ। ਫਿਰ ਉਹ ਪਾਰਟੀਸ਼ਨ ਤੋਂ ਇੱਧਰ ਆ ਗਿਆ ਤੇ ਖੁੱਲ੍ਹੇ ਬੂਹੇ ਤੋਂ ਉਹ ਅੰਦਰ ਆਇਆ। ਜਾਂਕੋਵਸਕੀ ਘੁਰਾੜੇ ਮਾਰ ਰਿਹਾ ਸੀ। ਦੱਬੇ ਪੈਰਾਂ ਨਾਲ਼ ਉਹ ਆਦਮੀ ਸੁੱਤੇ ਹੋਏ ਸੇਵਾਦਾਰਾਂ ਦੇ ਕੋਲ਼ੋਂ ਲੰਘਿਆ ਤੇ ਜਾਂਕੋਵਸਕੀ ਦੇ ਨਾਲ਼ੋਂ ਸੁੱਤੇ ਹੋਏ ਬੱਚੇ ਨੂੰ ਫੁੱਲ ਵਾਂਗ ਚੁੱਕਿਆ ਕਿ ਉਸ ਦੀ ਜਾਗ ਨਾ ਖੁੱਲ੍ਹ ਜਾਵੇ ਤੇ ਬਿੱਲੀ ਦੀ ਤੋਰੇ ਬੈਰਕ ਤੋਂ ਬਾਹਰ ਆ ਗਿਆ। ਜਾਂਦੇ ਸਮੇਂ ਬੂਹਾ ਰਤਾ ਕੁ ਖੁੱਲ੍ਹਾ ਛੱਡ ਗਿਆ।

ਬਾਹਰ ਰਤਾ ਕੁ ਰੁਕ ਕੇ ਸੋਚਿਆ ਕਿ ਬੱਚੇ ਨੂੰ ਜਗਾ ਦੇਣਾ ਚਾਹੀਦਾ ਹੈ, ਤਾਂ ਜੋ ਉਹ ਤ੍ਰਭਕ ਕੇ ਚੀਕੇ ਨਾ। ਉਸ ਹੌਲ਼ੀ-ਹੌਲ਼ੀ ਕੁੱਝ ਪੋਲ ਭਾਸ਼ਾ ਵਿੱਚ ਆਖਿਆ ਤੇ ਉਸ ਨੂੰ ਆਪਣੀ ਛਾਤੀ ਨਾਲ਼ ਘੁੱਟ ਲਿਆ। ਪੋਲ ਸ਼ਬਦਾਂ, ਜਿਹੜੇ ਰੂਸੀ ਲਹਿਜੇ ਵਿੱਚ ਆਖੇ ਗਏ ਸਨ, ਬੱਚੇ ਉੱਤੇ ਜਾਦੂ ਦਾ ਕੰਮ ਕੀਤਾ। ਬੱਚੇ ਨੇ ਕੈਦੀ ਦੇ ਗਲ਼ੇ ਵਿੱਚ ਬਾਹਾਂ ਪਾ ਦਿੱਤੀਆਂ ਤੇ ਕਰੜਾਈ ਨਾਲ਼ ਉਸ ਨੂੰ ਪਕੜ ਲਿਆ। ਕੈਦੀ ਨੇ ਬੱਚੇ ਨੂੰ ਘੁੱਟ ਲਿਆ ਤੇ ਫ਼ੁਰਤੀ ਨਾਲ਼ ਅਲੋਪ ਹੋ ਗਿਆ।

ਜਿਸ ਤਰ੍ਹਾਂ ਗਿਆ ਸੀ, ਉਸ ਤੋਂ ਵੀ ਵਧੇਰੇ ਝੁਕਿਆ ਤੇ ਸਹਿਮਿਆ ਹੋਇਆ ਰੋਜ਼ ਇੱਕ ਘੰਟੇ ਮਗਰੋਂ ਕੋਠੜੀ ਵਿੱਚ ਵਾਪਸ ਆਇਆ। ਪੀਪਿਗ ਵੱਲ ਰੋਜ਼ ਨੇ ਧਿਆਨ ਵੀ ਨਾ ਦਿੱਤਾ ਤੇ ਗੱਦੇ ਉੱਤੇ ਧਹਿ ਕੇ ਡਿੱਗਿਆ ਤੇ ਕੰਬਲ ਹੇਠ ਦਬਕ ਗਿਆ। ਉਸ ਨੂੰ ਘਟੀਆ ਹੋਣ ਦਾ ਅਹਿਸਾਸ ਖਾਈ ਜਾ ਰਿਹਾ ਸੀ।

ਕਲੂਟਿਗ ਦੇ ਬਿਸਤਰੇ ਦੇ ਕੋਲ਼ ਰੱਖੀ ਹੋਈ ਘੰਟੀ ਵੱਜੀ ਤੇ ਤ੍ਰਭਕ ਕੇ ਉੱਠ ਬੈਠਿਆ। ਗੇ ਨੇ ਟੈਲੀਫ਼ੋਨ ਕੀਤਾ ਸੀ। ਨੀਂਦ ਵਿੱਚ ਹੀ ਕਲੂਟਿਗ ਨੇ ਅਵਾਜ਼ ਸੁਣੀ :

"ਹੈਲੋ, ਆਲਸੀਓ, ਕੰਮਚੋਰੋ, ਛੋਟੇ ਕੈਂਪ ਦੇ ਬਲਾਕ ਨੰਬਰ 61 ਤੋਂ ਯਹੂਦੀ ਕਤੂਰਾ ਕੱਢ ਲਿਆਓ।"

ਕਲੂਟਿਗ ਦੀ ਅੱਖ ਹੁਣ ਪੂਰੀ ਤਰ੍ਹਾਂ ਖੁੱਲ੍ਹ ਗਈ।

"ਬਾਪ ਰੇ, ਗੇ, ਕਿਵੇਂ ਪਤਾ ਕੀਤਾ ਤੂੰ ?"

"ਥੋੜ੍ਹੀ ਅਕਲ ਤੋਂ ਕੰਮ ਲਿਆ ਏ।" ਇਹ ਕਹਿ ਕੇ ਗੇ ਨੇ ਟੈਲੀਫ਼ੋਨ ਬੰਦ ਕਰ ਦਿੱਤਾ।

ਕਲੂਟਿਗ ਪਲੰਘ ਦੀ ਹੀਂ 'ਤੇ ਬੈਠਾ ਸੀ, ਬੌਖਲਾ ਕੇ ਉਸ ਆਪਣੀਆਂ ਕੱਛਾਂ ਨੂੰ ਖੁਰਕਿਆ। ਤੁਰੰਤ ਕਦਮ ਪੁੱਟਣ ਦੀ ਲੋੜ ਸੀ। ਪਲਕ ਦੇ ਝਪਕਾਰੇ ਵਿੱਚ ਉਸ ਵਰਦੀ ਚੜ੍ਹਾਈ ਤੇ ਕੈਂਪ ਵੱਲ ਲਪਕਿਆ। ਫ਼ਾਟਕ ਦੇ ਪਹਿਰੇਦਾਰ ਤੋਂ ਬੁਰਜਾਂ ਦੇ ਸੰਤਰੀਆਂ ਨੂੰ ਸੂਚਨਾ ਕਰਵਾਈ ਕਿ ਉਹ ਕੈਂਪ ਵਿੱਚ ਦਾਖ਼ਲ ਹੋ ਰਿਹਾ ਹੈ। ਆਪਣੇ ਨਾਲ਼ ਉਸ ਇੱਕ ਬਲਾਕ ਫ਼ੋਹਰਰ ਨੂੰ ਲਿਆ, ਜਿਸ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਤੇ ਬਲਾਕ ਨੰਬਰ 61 ਵਿੱਚ ਜਾ ਪੁੱਜਿਆ। ਸਿੱਧਾ ਪਾਰਟੀਸ਼ਨ ਦੇ ਉਸ ਪਾਸੇ ਵੱਲ ਗਿਆ ਤੇ ਟਾਰਚ ਜਗਾ ਕੇ ਬੋਲਿਆ, "ਖੜ੍ਹੇ ਹੋ ਜਾਓ।"

ਘਬਰਾ ਕੇ ਪੋਲਿਸ਼ ਕਰਮਚਾਰੀ ਉੱਠ ਬੈਠੇ। ਜਾਂਕੋਵਸਕੀ ਨੇ ਆਦਤਨ ਬਿਸਤਰੇ 'ਤੇ ਕੰਬਲ ਫ਼ੈਲਾ ਦਿੱਤਾ।

ਕਲੂਟਿਗ ਨੇ ਵੇਖਦੇ ਹੀ ਸਮਝ ਲਿਆ। ਉਸ ਨੇ ਲਪਕ ਕੇ ਪੂਰਾ ਬਿਸਤਰਾ ਨੋਚ ਸੁੱਟਿਆ। ਜਾਂਕੋਵਸਕੀ ਤੇ ਉਸ ਦੇ ਸਾਥੀਆਂ ਨੇ ਖ਼ਾਲੀ ਬਿਸਤਰੇ ਨੂੰ ਬੜੇ ਸਹਿਮ ਨਾਲ਼ ਵੇਖਿਆ। ਕਲੂਟਿਗ ਨੂੰ ਕੋਈ ਅਨੁਮਾਨ ਨਹੀਂ ਸੀ ਕਿ ਇਨ੍ਹਾਂ ਲੋਕਾਂ ਉੱਤੇ ਕੀ ਪ੍ਰਤੀਕਰਮ ਹੋ ਰਿਹਾ ਹੈ। ਪਾਗ਼ਲਾਂ ਵਾਂਗ ਉਸ ਨੇ ਬਾਕੀ ਬਿਸਤਰੇ ਵੀ ਝਾੜ ਸੁੱਟੇ। ਛੂਤ ਤੋਂ ਡਰਦਿਆਂ ਹੱਥ ਲਾਉਣ ਦੀ ਤਾਂ ਹਿੰਮਤ ਨਹੀਂ ਸੀ ਪੈਂਦੀ, ਪਰ ਉਸ ਨੇ ਆਪਣੇ ਪੈਰਾਂ ਤੇ ਅੱਖਾਂ ਨਾਲ਼ ਹਰ ਸ਼ੈਅ ਵੇਖ ਲਈ। ਫਿਰ ਉਹ ਦੌੜ ਕੇ ਬਿਮਾਰਾਂ ਦੇ ਕਮਰੇ ਵਿੱਚ ਗਿਆ ਤੇ ਹੁਕਮ ਦਿੱਤਾ : "ਹਰ ਬੰਦਾ ਖੜ੍ਹਾ ਹੋ ਜਾਵੇ।" ਕੁੱਝ ਲੋਕ ਆਪਣੇ-ਆਪ ਖੜ੍ਹੇ ਹੋ ਗਏ, ਕੁੱਝ ਨੂੰ ਜਾਂਕੋਵਸਕੀ ਤੇ ਉਸ ਦੇ ਸਾਥੀਆਂ ਨੇ ਦੂਜੇ ਬਿਮਾਰਾਂ ਨਾਲ਼ ਮਿਲ਼ ਕੇ ਖੜ੍ਹਾ ਕੀਤਾ। ਕਲੂਟਿਗ ਪਾਗ਼ਲਾਂ ਵਾਂਗ ਸੁੱਕੇ ਘਾਹ ਨਾਲ਼ ਭਰੇ ਗੱਦਿਆਂ ਨੂੰ ਲਿਤਾੜਦਾ ਫਿਰਿਆ, ਪਰ ਉਸ ਦੀ ਭਾਲ਼ ਬੇਅਰਥ ਸੀ।

ਚੀਕ ਕੇ ਉਸ ਜਾਂਕੋਵਸਕੀ ਤੇ ਉਸ ਦੇ ਸਾਥੀਆਂ ਨੂੰ ਪਾਰਟੀਸ਼ਨ ਦੇ ਪਿੱਛੇ ਕਰ ਦਿੱਤਾ ਤੇ ਬੋਲਿਆ : "ਬੱਚੇ ਨੂੰ ਕਿੱਥੇ ਲੁਕਾਇਆ ਜੇ ? ਉਸ ਨੂੰ ਮੇਰੇ ਹਵਾਲੇ ਕਰੋ ਹਰਾਮੀਓ।" ਤੇ ਉਹ ਪਾਗ਼ਲਾਂ ਵਾਂਗ ਮੁੱਕੇ ਤੇ ਠੁੱਡੇ ਮਾਰਨ ਲੱਗਾ। ਕਰਮਚਾਰੀ ਦੌੜ-ਭੱਜ ਕੇ ਨੁੱਕਰਾਂ ਵਿੱਚ ਦਬਕਣ ਲੱਗੇ। ਜਾਂਕੋਵਸਕੀ ਬੱਚੇ ਦੇ ਇੰਝ ਅਲੋਪ ਹੋ ਜਾਣ 'ਤੇ ਘਬਰਾਇਆ ਹੋਇਆ ਸੀ। ਥਥਲਾ-ਥਥਲਾ ਕੇ ਬੋਲਿਆ "ਬੱਚਾ ਕੋਈ ਨਹੀਂ, ਬੱਚਾ ਕਿੱਥੇ ਹੈ ?" ਕਲੂਟਿਗ ਤੇ ਬਲਾਕ ਫ਼ੋਹਰਰ ਦੀ ਮੌਜੂਦਗੀ ਦੀ ਪ੍ਰਵਾਹ ਕੀਤੇ ਬਿਨਾਂ ਉਹ ਆਪ ਹੀ ਬਿਸਤਰਾ ਤੇ ਕੰਬਲ ਇੱਧਰ-ਉੱਧਰ ਉਲਟ ਰਿਹਾ ਸੀ, "ਬੱਚਾ ਕਿੱਥੇ ਹੈ ?" ਉਹ ਰੋਣ ਲੱਗਾ ਤੇ ਨਿਰਾਸ਼ ਹੋ ਕੇ ਉਸ ਚੌਹਾਂ ਪਾਸੇ ਵੇਖਿਆ।

ਕਲੂਟਿਗ ਹਾਰ ਕੇ ਉੱਥੋਂ ਬਲਾਕ ਫ਼ੋਹਰਰ ਨੂੰ ਨਾਲ਼ ਲੈ ਕੇ ਚਲਿਆ ਗਿਆ। ਉਸ ਦੇ ਜਾਂਦੇ ਹੀ ਜਾਂਕੋਵਸਕੀ ਤੇ ਉਸ ਦੇ ਸਾਥੀ ਸਿਰ ਜੋੜ ਕੇ ਬੈਠੇ, 'ਬੱਚਾ ਕਿੱਥੇ ਹੈ ?' ਕਿਹੜਾ ਚਮਤਕਾਰ ਹੋਇਆ ? ਸ਼ਾਮ ਨੂੰ ਹੀ ਤਾਂ ਜਾਂਕੋਵਸਕੀ ਬੱਚੇ ਨੂੰ ਆਪਣੇ ਬਿਸਤਰੇ 'ਤੇ ਲੈ ਕੇ ਆਇਆ ਸੀ ਤੇ ਹੁਣ ਅਲੋਪ।"

ਇਹ ਤਾਂ ਅਸੰਭਵ ਹੈ ਕਿ ਉਹ ਬੈਰਕ ਤੋਂ ਬਾਹਰ ਗਿਆ ਹੋਵੇ। ਜ਼ਰੂਰ ਕੋਈ ਚਮਤਕਾਰ ਵਾਪਰਿਆ ਹੈ। ਤਿੰਨੇ ਉੱਥੇ ਘਬਰਾਏ ਹੋਏ ਖਲੋਤੇ ਸਨ ਤੇ ਉਨ੍ਹਾਂ ਦੀ ਅਕਲ ਕੰਮ

ਨਹੀਂ ਸੀ ਕਰ ਰਹੀ। ਜਾਂਕੋਵਸਕੀ ਗੋਡਿਆਂ ਭਾਰ ਡਿੱਗ ਪਿਆ ਤੇ ਉਸ ਨੇ ਹੱਥ ਜੋੜ ਕੇ ਸਿਰ ਝੁਕਾਅ ਲਿਆ ਤੇ ਅੱਖਾਂ ਬੰਦ ਕਰਕੇ ਆਖਿਆ :

"ਮਰੀਅਮ ਪਵਿੱਤਰ ਦਾ ਸ਼ੁਕਰ ਹੈ।"

ਉਸ ਦੇ ਦੋਹਾਂ ਸਾਥੀਆਂ ਨੇ ਵੀ ਇਹੋ ਕੀਤਾ।

ਕਲੂਟਿਗ ਜਿਵੇਂ ਕੈਂਪ ਵਿੱਚ ਗਿਆ ਸੀ ਉਸੇ ਤਰ੍ਹਾਂ ਭੱਜਦਾ ਹੋਇਆ ਘਰ ਵਾਪਸ ਆਇਆ ਤੇ ਤੁਰੰਤ ਉਸ ਨੇ ਗੇ ਨੂੰ ਫ਼ੋਨ ਕੀਤਾ। ਗੇ ਆਪਣੇ ਘਰ ਜਾ ਚੁੱਕਿਆ ਸੀ, ਪਰ ਅਜੇ ਸੁੱਤਾ ਨਹੀਂ ਸੀ, ਕਿਉਂ ਜੋ ਉਹ ਨੱਸਣ ਦੀਆਂ ਤਿਆਰੀਆਂ ਕਰ ਰਿਹਾ ਸੀ। ਆਪਣੇ ਕਮਰੇ ਵਿੱਚ ਉਹ ਕਾਗ਼ਜ਼ ਛਾਂਟ ਰਿਹਾ ਸੀ ਤੇ ਸਾੜ ਰਿਹਾ ਸੀ। ਉੱਥੇ ਉਸ ਨੂੰ ਕਲੂਟਿਗ ਦਾ ਫ਼ੋਨ ਮਿਲ਼ਿਆ, ਜਿਸ ਪਹਿਲਾਂ ਕੈਦਖ਼ਾਨੇ ਮਗਰੋਂ ਇੱਥੇ ਕੀਤਾ ਸੀ। ਗੇ ਉੱਚੀ-ਉੱਚੀ ਬੋਲਣ ਲੱਗਾ : "ਕੀ ਬਕਦਾ ਹੈਂ ? ਨਹੀਂ ਮਿਲ਼ਦਾ।" ਉਸ ਦਾ ਖ਼ੂਨ ਖੌਲਣ ਲੱਗਾ: "ਹਰਾਮੀ ਸੂਰ।" ਉਸ ਟੈਲੀਫ਼ੋਨ ਬੰਦ ਕਰ ਦਿੱਤਾ।

ਪੀਪਿਗ ਨੇ ਪਾਸਾ ਪਰਤਿਆ। ਉਸ ਲੱਤਾਂ ਸਿੱਧੀਆਂ ਕੀਤੀਆਂ। ਜਾਗਣ ਦੇ ਕੁੱਝ ਛਿਣ ਤਾਂ ਉਸ ਨੂੰ ਬਹੁਤ ਚੰਗੇ ਜਾਪੇ। ਫਿਰ ਉਸ ਨੂੰ ਅਹਿਸਾਸ ਹੋਇਆ ਕਿ ਉਹ ਕਿੱਥੇ ਹੈ ਤੇ ਕਿਸ ਹਾਲਤ ਵਿੱਚ ਹੈ। ਦਰਦ ਹੋਣ ਲੱਗਾ ਤੇ ਉਸ ਦਾ ਸਾਰਾ ਸਰੀਰ ਅੱਗ ਵਿੱਚ ਸੜਨ ਲੱਗਾ। ਉਸ ਨੂੰ ਫਿਰ ਗਸ਼ੀ ਦਾ ਦੌਰਾ ਪੈਂਦਾ ਹੋਇਆ ਅਨੁਭਵ ਹੋਇਆ ਤੇ ਉਸ ਨੇ ਆਪਣੀ ਹੋਸ਼ ਟਿਕਾਉਣ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ, ਇਸ ਲਈ ਕਿ ਉਹ ਜਾਣਦਾ ਸੀ ਕਿ ਹੁਣ ਅੰਤਲਾ ਸਮਾਂ ਨੇੜੇ ਹੈ।

ਪੀਪਿਗ ਨੂੰ ਅਨੁਭਵ ਹੋਇਆ ਕਿ ਅਜੇ ਵੀ ਉਹ ਸੋਚ ਸਕਦਾ ਹੈ, ਪਰ ਉਸ ਦੇ ਵਿਚਾਰਾਂ ਵਿੱਚ ਕੋਈ ਇੱਕਸੁਰਤਾ ਨਹੀਂ ਸੀ। ਉਸ ਦੇ ਮਸੂੜੇ ਸੁੱਕ ਗਏ ਸਨ ਤੇ ਇੰਝ ਜਾਪ ਰਿਹਾ ਸੀ ਜਿਵੇਂ ਉਨ੍ਹਾਂ ਤੇ ਕਾਗ਼ਜ਼ ਚਿਪਕਿਆ ਹੋਵੇ। ਬੜੀ ਦੇਰ ਤੱਕ ਅਹਿਲ ਤੇ ਬੇਹਿਸ ਪਿਆ ਰਿਹਾ ਤੇ ਉਸ ਨੂੰ ਚੇਤੇ ਆਇਆ ਕਿ ਜਦੋਂ ਉਹ ਫ਼ਰਸ਼ ਉੱਤੇ ਪਿਆ ਸੀ ਤਾਂ ਗਸਟਾਪੋ ਅਫ਼ਸਰ ਨੇ ਉਸ ਦੇ ਪੇਡੂ ਤੇ ਪਿੱਠ ਉੱਤੇ ਠੁੱਡੇ ਮਾਰੇ ਸਨ। ਪੀੜ ਉਸ ਦੇ ਗੁਰਦਿਆਂ ਵਿੱਚ ਸੀ ਤੇ ਸਰੀਰ ਵਿੱਚ ਅੱਗ ਲੱਗੀ ਹੋਈ ਸੀ, ਇਸ ਦਾ ਕਾਰਨ ਇਹੋ ਸੀ। ਕੀ ਗੁਰਦਿਆਂ ਉੱਤੇ ਸੱਟ ਖਾ ਕੇ ਵੀ ਆਦਮੀ ਮਰ ਸਕਦਾ ਹੈ ? ਖ਼ੈਰ ਇਹ ਚੰਗਾ ਹੋਇਆ ਕਿ ਉਸ ਨੇ ਪਸਤੌਲ ਛੁਪਾ ਦਿੱਤੇ... ਬੜੇ ਮੌਕੇ ਸਿਰ...ਜੇ ਇੱਕ ਦਿਨ ਦੇਰ ਹੋ ਜਾਂਦੀ।

ਪੀਪਿਗ ਕੁਰਲਾਉਣ ਲੱਗਿਆ। ਝੱਟ ਉਸ ਨੂੰ ਰੋਜ਼ ਦਾ ਖ਼ਿਆਲ ਆਇਆ, ਉਸ ਨੂੰ ਤਾਂ ਜਿਰਾਹ ਲਈ ਬੁਲਾਇਆ ਗਿਆ ਸੀ ? ਹਾਂ ਕੋਠੜੀ ਵਿੱਚ ਟਾਰਚ ਦੀ ਰੌਸ਼ਨੀ ਫ਼ੈਲੀ ਸੀ। ਉਸ ਨੇ ਇੱਕ ਅਵਾਜ਼ ਸੁਣੀ ਸੀ, ਫਿਰ ਬੜਾ ਚਿਰ ਚੁੱਪ-ਚਾਂ ਰਹੀ। ਇਸ ਗੱਲ ਨੂੰ ਕਿਤਨਾ ਚਿਰ ਹੋ ਗਿਆ ? ਕੋਠੜੀ ਵਿੱਚ ਹਨ੍ਹੇਰਾ ਮੌਤ ਵਾਂਗ ਪਸਰਿਆ ਹੋਇਆ ਸੀ। ਰੋਜ਼ ਕਿੱਥੇ ਹੈ ? ਕੀ ਕੁੱਝ ਹੋਇਆ ਇਸ ਦੇ ਵਿਚਾਲ਼ੇ ? ਪੀਪਿਗ ਨੂੰ ਚੱਕਰ ਜਿਹਾ ਆਉਂਦਾ ਅਨੁਭਵ ਹੋਇਆ। ਉਸ ਨੂੰ ਡਰ ਲੱਗਣ ਲੱਗਾ।

"ਆਗਸਟ।" ਇਹ ਲਿਲਕੜੀ ਇੱਕ ਭਿਆਨਕ ਚੀਕ ਸੀ, ਐਪਰ ਪੀਪਿਗ ਦੇ

ਅੰਦਰ। ਬਾਹਰ ਤਾਂ ਘੁੱਟੇ ਹੋਏ ਸੰਘ ਵਿੱਚੋਂ ਸਾਹ ਨਿੱਕਲ਼ਣ ਦੀ ਅਵਾਜ਼ ਆਈ। ਰੋਜ਼ ਨੀਂਦਰ ਦੇ ਝੌਂਕੇ ਵਿੱਚ ਸੀ, ਉਹ ਤ੍ਰਭਕ ਕੇ ਉੱਠ ਬੈਠਾ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਉਸ ਨੇ ਸੁਪਨਾ ਵੇਖਿਆ ਹੈ ਜਾਂ ਉਸ ਨੂੰ ਸੱਚਮੁੱਚ ਹੀ ਕਿਸੇ ਬੁਲਾਇਆ ਹੈ। ਉਸ ਦੁਬਾਰਾ ਆਪਣਾ ਨਾਂਅ ਸੁਣਿਆ, ਉੱਠ ਕੇ ਪੀਪਿਗ ਕੋਲ਼ ਜਾ ਪੁੱਜਿਆ। ਪੀਪਿਗ ਦੀਆਂ ਅੱਖਾਂ ਸਾਹਮਣੇ ਧੁੰਦ ਪਸਰ ਰਹੀ ਸੀ। ਉਸ ਨੇ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਨਾ ਕਰ ਸਕਿਆ। ਪੀਪਿਗ ਫਿਰ ਕੁੱਝ ਨਾ ਬੋਲਿਆ, ਉਸ ਦਾ ਸਾਹ ਰੁਕਣ ਲੱਗਿਆ।

ਅਚਾਨਕ ਲਾਂਘੇ ਵਿੱਚ ਪੈਰਾਂ ਦੀ ਚਾਪ ਸੁਣਾਈ ਦਿੱਤੀ। ਜੰਦਰੇ ਵਿੱਚ ਕੁੰਜੀ ਲੱਗੀ ਤੇ ਗੇ ਨੇ ਝਪਟ ਕੇ ਰੋਜ਼ ਨੂੰ ਦਬੋਚ ਲਿਆ।

"ਹਰਾਮੀ, ਮਰਦੂਦ ਮੈਨੂੰ ਧੋਖਾ ਦਿੰਦਾ ਏਂ।" ਗੇ ਨੇ ਰੋਜ਼ ਨੂੰ ਝੰਜੋੜ ਕੇ ਰੱਖ ਦਿੱਤਾ। ਗਵਾਂਢ ਦੀਆਂ ਕੋਠੜੀਆਂ ਦੇ ਵੀ ਸਾਰੇ ਕੈਦੀ ਜਾਗ ਪਏ। ਸਮਾਨਖ਼ਾਨੇ ਦੇ ਅੱਠੇ ਕੈਦੀ ਆਪਣੀਆਂ ਕੋਠੜੀਆਂ ਦੇ ਬੂਹਿਆਂ ਨਾਲ਼ ਲੱਗੇ ਕੰਬ ਰਹੇ ਸਨ। ਗੇ ਬਿਲਕੁਲ ਪਾਗ਼ਲ ਹੋ ਰਿਹਾ ਸੀ। ਉਸ ਚੀਕ-ਚੀਕ ਕੇ ਰੋਜ਼ ਨੂੰ ਝੰਜੋੜਿਆ, ਠੁੱਡੇ ਮਾਰੇ, ਮੁੱਕੇ ਠੋਕੇ। ਰੋਜ਼ ਨੇ ਆਪਣੇ ਹੱਥਾਂ ਨਾਲ਼ ਸਿਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤੇ ਉਹ ਰੋ-ਰੋ ਕੇ ਚੀਕਣ ਲੱਗਾ, "ਮੈਂ ਤਾਂ ਸਭ ਕੁੱਝ ਦੱਸ ਦਿੱਤਾ ਸੀ, ਪਰ ਕਮੀਸਾਰ, ਮੇਰੀ ਮੰਨੋ, ਮੈਨੂੰ ਹੁਣ ਕੁੱਝ ਨਹੀਂ ਪਤਾ।"

"ਤਾਂ ਫਿਰ ਕਿਸ ਨੂੰ ਪਤਾ ਹੈ ?" ਗੇ ਨੇ ਚੀਕ ਕੇ ਰੋਜ਼ ਨੂੰ ਧੱਕਾ ਦਿੱਤਾ, ਜਿਹੜਾ ਰਿੜ੍ਹਦਾ ਹੋਇਆ ਨੁੱਕਰ ਵਿੱਚ ਜਾ ਵੱਜਿਆ।

"ਹਰ ਕਮੀਸਾਰ, ਮੈਨੂੰ ਨਾ ਮਾਰੋ, ਪੀਪਿਗ ਨੂੰ ਪਤਾ ਹੈ, ਇਸ ਨੂੰ ਸਭ ਕੁੱਝ ਪਤਾ ਏ। ਮੇਰੇ ਨਾਲ਼ ਕੋਈ ਵਾਸਤਾ ਨਹੀਂ।"

ਪਾਗ਼ਲਾਂ ਵਾਲ਼ੇ ਗੁੱਸੇ ਵਿੱਚ ਗੇ ਨੇ ਪੀਪਿਗ ਨੂੰ ਘਸੀਟ ਕੇ ਬਿਸਤਰੇ ਤੋਂ ਭੁੰਜੇ ਸੁੱਟ ਲਿਆ। ਉਸ ਦਾ ਸਰੀਰ ਬੇਹਿਸ ਅਹਿਲ ਪਿਆ ਸੀ। ਰੋਜ਼ ਡਰਦੇ ਮਾਰੇ ਚੀਕਣ ਲੱਗਾ। ਗੇ ਨਾਲ਼ ਲਿਆਉਣ ਵਾਲ਼ਾ ਫ਼ੌਜੀ ਹੰਟਰ ਲੈ ਕੇ ਰੋਜ਼ 'ਤੇ ਟੁੱਟ ਪਿਆ : "ਚੁੱਪ ਰਹਿੰਦਾ ਏਂ ਕਮੀਨਿਆ ਕਿ ਨਹੀਂ।"

ਸੰਘ ਪਾੜ-ਪਾੜ ਕੇ ਗੇ ਬੇਹਿਸ ਤੇ ਅਹਿਲ ਸਰੀਰ ਨੂੰ ਠੁੱਡੇ ਮਾਰਦਾ ਰਿਹਾ, "ਬੋਲ ਨਹੀਂ ਤਾਂ ਤੈਨੂੰ ਮਾਰ ਦਿਆਂਗਾ।" ਉਸ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਉਸ ਦੇ ਠੁੱਡੇ ਕਿਸ ਸ਼ੈਅ 'ਤੇ ਵੱਜ ਰਹੇ ਹਨ।

ਪਰ ਮੌਤ ਦਿਆਲੂ ਸੀ। ਕਾਫ਼ੀ ਚਿਰ ਪਹਿਲਾਂ ਉਸ ਆਪਣਾ ਦਿਆਲਤਾ ਭਰਪੂਰ ਹੱਥ ਉਸ ਦੇ ਦਿਲ 'ਤੇ ਰੱਖ ਦਿੱਤਾ ਸੀ, ਜਿਹੜਾ ਪਹਿਲਾਂ ਜਿਉਂਦਾ...

ਦੋ

ਤੜਕ ਸਾਰ ਸਵੇਰੇ ਬਲਾਕ ਸੀਨੀਅਰ ਜਦ ਰਿਪੋਰਟ ਦੇਣ ਆਏ ਤਾਂ ਕਰੈਮਰ ਦੀ ਮੇਜ਼ ਦੇ ਨੇੜੇ ਪੁੱਜ ਕੇ ਸਾਰਿਆਂ ਅਸਲੀਅਤ ਦਾ ਪਤਾ ਕਰਨ ਦੀ ਕੋਸ਼ਿਸ਼ ਕੀਤੀ, "ਰਾਤ ਛੋਟੇ ਕੈਂਪ ਵਿੱਚ ਹੀ ਗੜਬੜ ਸੀ ?"

"ਸ਼ਾਇਦ ਕਲੂਟਿਗ ਬਲਾਕ ਨੰਬਰ 61 ਵਿੱਚ ਆਇਆ ਸੀ।"

"ਕੀ ਇਹ ਸੱਚ ਹੈ ਕਿ ਉਹ ਬੱਚੇ ਨੂੰ ਲੱਭ ਰਿਹਾ ਸੀ ?"

ਰੁਣਕੀ ਦੀ ਥਾਂ ਉਸ ਦੀ ਰਿਪੋਰਟ ਬੋਖਾਉ ਲੈ ਕੇ ਆਇਆ ਸੀ। ਉਹ ਵੀ ਇਸ ਪ੍ਰਸ਼ਨ ਉੱਤਰ ਵਿੱਚ ਸ਼ਾਮਲ ਹੋ ਗਿਆ ਤੇ ਇਸ ਬਹਾਨੇ ਉਸ ਕਰੈਮਰ ਨੂੰ ਕੰਮ ਦੀ ਗੱਲ ਵੀ ਕਹਿ ਦਿੱਤੀ, "ਬਲਾਕ ਨੰਬਰ 61 ਵਿੱਚ ਜਾ ਕੇ ਪਤਾ ਕਰੋ ਕਿ ਕੀ ਮਾਮਲਾ ਹੈ ?"

ਕਰੈਮਰ ਪੂਰੀ ਤਰ੍ਹਾਂ ਇਸ ਹੁਕਮ ਨੂੰ ਸਮਝ ਗਿਆ। ਲੁਕਾਉਣ ਲਈ ਉਹ ਬੁੜਬੁੜਾਇਆ ਤੇ ਇੰਝ ਪ੍ਰਗਟ ਕਰਨ ਲੱਗਾ, ਜਿਵੇਂ ਉਸ ਨੂੰ ਇਹਨਾਂ ਸਾਰੀਆਂ ਗੱਲਾਂ ਦਾ ਕੋਈ ਵਾਸਤਾ ਨਹੀਂ, ਪਰ ਅੰਦਰ ਹੀ ਅੰਦਰ ਉਹ ਬੜਾ ਚਿੰਤਾਤੁਰ ਸੀ। ਰਾਤ ਇਸ ਜਾਲ਼ ਨੂੰ ਫਿਰ ਖਿੱਚਿਆ ਗਿਆ ਸੀ, ਜਿਹੜਾ ਹੋਫ਼ਲ ਤੇ ਕਰੋਪਿਨਸਕੀ, ਪੀਪਿਗ ਤੇ ਸਮਾਨਖ਼ਾਨੇ ਦੇ ਕਰਮਚਾਰੀਆਂ, ਬਲਾਕ ਜੱਥੇਬੰਦੀ 61 ਦੇ ਤਿੰਨ ਪੋਲਿਸ਼ਾਂ ਤੇ ਫਿਰ ਕੌਮਾਂਤਰੀ ਮਜ਼ਦੂਰ ਕਮੇਟੀ ਤੇ ਪੂਰੀ ਜੱਥੇਬੰਦੀ ਤੱਕ ਪਸਰਿਆ ਹੋਇਆ ਸੀ ਤੇ ਇਹਨਾਂ ਸਾਰੇ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਜਾਲ਼, ਜਿਸ ਨੇ ਇਹਨਾਂ ਸਾਰਿਆਂ ਨੂੰ ਲੁਕਾਇਆ ਹੋਇਆ ਹੈ, ਕਿੱਧਰੋਂ ਪਾਟਾ ਤਾਂ ਨਹੀਂ ?

ਉਸ ਦਿਨ ਦੀ ਹਾਜ਼ਰੀ ਰੋਜ਼ ਵਾਂਗ ਪੂਰੀ ਹੋ ਗਈ। ਹਾਜ਼ਰੀ ਮਗਰੋਂ ਗੀਨਬੂਥ ਨੇ ਹੁਕਮ ਦਿੱਤਾ, "ਲੇਬਰ ਕਮਾਂਡੋ, ਅਗਾਂਹ ਆਏ।"

ਕਲੂਟਿਗ, ਗੀਨਬੂਥ ਤੇ ਲੇਬਰ ਸਰਵਿਸ ਫ਼ੋਹਰਰ, ਲੇਬਰ ਕਮਾਂਡੋ ਨੂੰ ਮਾਰਚ ਕਰਦੇ ਹੋਏ ਵੇਖਦੇ ਰਹੇ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਲੁਕਵੇਂ ਵਿਚਾਰ ਭਰ ਰਹੇ ਸਨ।

ਇੱਕ ਤੋਂ ਬਾਅਦ ਲੇਬਰ ਕਮਾਂਡੋ, ਟੋਪੀ ਹੱਥ ਵਿੱਚ ਲਈ, ਨਜ਼ਰਾਂ ਸਾਹਮਣੇ ਟਿਕਾਈ, ਮਾਰਚ ਕਰਦਾ ਗਿਆ।

ਲੇਬਰ ਕਮਾਂਡੋ ਦੇ ਲੰਘਣ ਮਗਰੋਂ ਕਲੂਟਿਗ ਗੀਨਬੂਥ ਨੂੰ ਲੈ ਕੇ ਰਿਪੋਰਟ ਫ਼ੋਹਰਰ ਦੇ ਦਫ਼ਤਰ ਵਿੱਚ ਆ ਗਿਆ। ਕਲੂਟਿਗ ਨੇ ਇੱਕ ਕੁਰਸੀ 'ਤੇ ਬੈਠਦਿਆਂ ਆਖਿਆ :

"ਇਹਨਾਂ ਕਮੀਨਿਆਂ ਨੂੰ ਕੈਂਪ ਵਿੱਚ ਮੇਰੇ ਪੁੱਜਣ ਤੋਂ ਪਹਿਲਾਂ ਹੀ ਖ਼ਬਰ ਮਿਲ਼ ਗਈ ਹੋਵੇਗੀ, ਹੁਣ ਮੈਂ ਕੀ ਕਰਾਂ ਜੋ ਮੈਂ ਦੂਜਿਆਂ ਨੂੰ ਵਿਖਾਈ ਹੀ ਨਾ ਦੇਵਾਂ।"

ਕਲੂਟਿਗ ਅਗਾਂਹ ਰੁੱਕ ਗਿਆ, "ਅਤੇ ਮੈਨੂੰ ਠਿੱਠ ਹੋਣ ਲਈ ਗਸਟਾਪੋ ਕੋਲ਼ ਘੱਲਿਆ ਸੀ।"

ਗੀਨਬੂਥ ਨੇ ਆਪਣਾ ਬਚਾਅ ਕਰਨ ਲਈ ਆਖਿਆ : "ਮੈਂ ਤਾਂ ਤੈਨੂੰ ਕਹਿ ਦਿੱਤਾ ਸੀ ਕਿ ਇਹ ਲੋਕ ਬੱਚੇ ਨੂੰ ਏਧਰ-ਓਧਰ ਕਰਦੇ ਰਹਿਣਗੇ ਤੇ ਅਸੀਂ ਚੱਕਰ ਕੱਟਦੇ ਰਹਾਂਗੇ।" ਉਸ ਸਿਗਰਟ ਲਾਇਆ,"ਇਹਨਾਂ ਵਿੱਚੋਂ ਸੂਰਾਂ ਨੂੰ ਉਡਾ ਦਿੱਤਾ ਜਿਵੇਂ ਸ਼ੋਹਾਲ ਕਹਿੰਦਾ ਹੈ ਤਾਂ ਕੁੱਝ ਲਾਭ ਹੋਵੇਗਾ।"

ਟੈਲੀਫ਼ੋਨ ਦੀ ਘੰਟੀ ਖੜਕੀ। ਕਲੂਟਿਗ ਲਈ ਸੀ, ਗੀਨਬੂਥ ਨੇ ਰਸੀਵਰ ਉਸ ਨੂੰ ਦੇ ਦਿੱਤਾ।

ਗੇ ਨੇ ਟੈਲੀਫ਼ੋਨ ਕੀਤਾ ਸੀ। ਗੀਨਬੂਥ ਨੇੜੇ ਹੀ ਖਲੋਤਾ ਸੀ ਤੇ ਸੁਣ ਰਿਹਾ ਸੀ ਕਿ

ਕੀ ਗੱਲਬਾਤ ਹੋ ਰਹੀ ਹੈ। ਗੇ ਆਖ ਰਿਹਾ ਸੀ ਕਿ ਹੁਣ ਮੈਂ ਯਹੂਦੀ ਬੱਚੇ ਦੇ ਕਿੱਸੇ ਵਿੱਚ ਨਹੀਂ ਪੈ ਸਕਦਾ। ਰਾਤ ਕੈਦੀ ਮਰ ਗਿਆ ਹੈ ਤੇ ਬਾਕੀਆਂ ਨੂੰ ਉਹ ਆਪਣੇ ਕੋਲ਼ ਨਹੀਂ ਰੱਖੇਗਾ।

ਗੀਨਬੂਥ ਨੇ ਉਸ ਦੇ ਹੱਥੋਂ ਹੀ ਰਸੀਵਰ ਲੈ ਲਿਆ ਤੇ ਹੱਸ ਕੇ ਬੋਲਿਆ : "ਬਿਲਕੁਲ ਠੀਕ ਕਾਮਰੇਡ ਗੇ, ਮੈਂ ਟਰੱਕ ਘੱਲਦਾ ਹਾਂ। ਕੈਦੀਆਂ ਨਾਲ਼ ਲਾਸ਼ ਵੀ ਆ ਜਾਵੇਗੀ। ਅਸੀਂ ਲੋਕ ਇੱਥੇ ਹੀ ਭੁੰਨ੍ਹ ਦਿਆਂਗੇ" ਤੇ ਉਸ ਰਸੀਵਰ ਰੱਖ ਦਿੱਤਾ।

"ਹੁਣ ਸਾਰੇ ਦੇ ਸਾਰੇ ਹੱਥ ਵਿੱਚ ਹੋਣਗੇ, ਸਵਾਏ ਹੋਫ਼ਲ ਤੇ ਉਸ ਦੇ, ਕੀ ਨਾਮ ਹੈ ਉਸ ਦਾ ? ਯਾਰ ਉਨ੍ਹਾਂ ਦੋਹਾਂ ਨੂੰ ਤਾਂ ਭੁੱਲ ਹੀ ਗਏ ?"

"ਹੁਣ ਉਹ ਕਿਸ ਕੰਮ ਦੇ ਨੇ ?" ਕਲੂਟਿਗ ਬੁੜਬੁੜਾਇਆ। ਗੀਨਬੂਥ ਨੇ ਲਾਂਘੇ ਵਿੱਚ ਆ ਕੇ ਆਖਿਆ :

"ਹਾਪਤ ਸ਼ਾਰ ਫ਼ੋਹਰਰ ਮੈਂਡਰਲ ਨੂੰ ਰਿਪੋਰਟ ਫ਼ੋਹਰਰ ਕੋਲ਼ ਬੁਲਾਓ।" ਪਹਿਰੇਦਾਰ ਨੇ ਇਹ ਸੁਨੇਹਾ ਅਗਾਂਹ ਵਧਾਇਆ ਤੇ ਜਦੋਂ ਮੈਂਡਰਲ ਆਇਆ ਤਾਂ ਉਸ ਨੇ ਸਿਗਰਟ ਉਸ ਵੱਲ ਵਧਾਉਂਦੇ ਹੋਏ ਪੁੱਛਿਆ, "ਕੀ ਵਿਚਾਰ ਹੈ, ਹੋਫ਼ਲ ਤੇ ਉਸ ਪੋਲ ਤੋਂ ਕੁੱਝ ਪਤਾ ਕਰ ਸਕਦੇ ਹੋ ਜਾਂ ਨਹੀਂ ?"

ਮੈਂਡਰਲ ਨੇ ਖਿੱਝ ਕੇ ਉੱਤਰ ਦਿੱਤਾ, "ਹੁਣ ਮੈਂ ਬੱਸ ਇਹੋ ਕਹਿ ਸਕਦਾ ਹਾਂ ਕਿ ਉਨ੍ਹਾਂ ਦੀ ਲੋੜ ਨਹੀਂ, ਜੋ ਜੀਅ ਆਵੇ ਕਰ, ਸ਼ੌਕ ਨਾਲ਼।"

ਜਾਂਕੋਵਸਕੀ ਅਜੇ ਤੱਕ ਘਬਰਾਇਆ ਹੋਇਆ ਸੀ। ਕਰੈਮਰ ਉਸ ਦੇ ਕੋਲ਼ ਪੁੱਜਿਆ ਤਾਂ ਉਸ ਸੌਂਹ ਚੁੱਕ ਕੇ ਵਿਸ਼ਵਾਸ ਦਿਵਾਇਆ ਕਿ ਬੱਚਾ ਉਸ ਦੇ ਨਾਲ਼ ਲੇਟਿਆ ਹੋਇਆ ਸੀ। ਉਸ ਨੂੰ ਜਾਪ ਰਿਹਾ ਸੀ ਕਿ ਉਹ ਉਸ ਦੀ ਪਿੱਠ ਨਾਲ਼ ਜੁੜਿਆ ਹੋਇਆ ਹੈ ਅਤੇ ਜਦੋਂ ਕਲੂਟਿਗ ਨੇ ਕੰਬਲ਼ ਖਿੱਚਿਆ ਤਾਂ... ਜੋਸ਼ ਨਾਲ਼ ਉਸ ਦੇ ਹੋਂਠ ਕੰਬਣ ਲੱਗੇ, "ਬੱਚਾ ਕਿੱਥੇ ਗਿਆ ?"

ਕਰੈਮਰ ਨੇ ਪ੍ਰੇਸ਼ਾਨੀ ਦਾ ਪ੍ਰਗਟਾਅ ਕੀਤਾ, "ਜੇ ਮੈਨੂੰ ਇਹ ਪਤਾ ਹੁੰਦਾ... ਕਿਤੇ ਏਧਰ-ਓਧਰ ਲੁਕ ਤੇ ਨਹੀਂ ਗਿਆ! ਤੂੰ ਕੀ ਹਰ ਪਾਸੇ ਵੇਖ ਲਿਆ ਏ ?"

"ਹਰ ਪਾਸੇ ਵੇਖ ਲਿਆ ਏ!"

ਕਰੈਮਰ ਨੇ ਆਪਣੇ ਹੋਂਠ ਮੀਟ ਲਏ, "ਕੋਈ ਹੋਰ ਇੱਥੇ ਸੀ ? ਜਾਂ ਤੇਰੇ ਬਲਾਕ ਦਾ ਕੋਈ ਆਦਮੀ, ਜਿਸ ਦਾ ਏਧਰ ਕੁੱਝ ਕੰਮ ਨਾ ਹੋਵੇ ਏਧਰ ਆਇਆ ਤਾਂ ਨਹੀਂ ?"

ਜਾਂਕੋਵਸਕੀ ਨੇ ਨਾਂਹ ਵਿੱਚ ਉੱਤਰ ਦਿੱਤਾ।

ਕਰੈਮਰ ਨੇ ਜਦੋਂ ਬੋਖਾਓ ਨੂੰ ਦੱਸਿਆ ਤਾਂ ਉਹ ਵੀ ਘਬਰਾ ਗਿਆ! "ਉਸ ਨੂੰ ਪਤਾ ਕਿਵੇਂ ਲੱਗ ਗਿਆ ਕਿ ਬੱਚਾ ਬਲਾਕ ਨੰਬਰ 61 ਵਿੱਚ ਹੈ।"

"ਉੱਥੇ ਸੀ, ਤਾਂ ਕੀ ਇਸ ਗੱਲ 'ਤੇ ਗੁੱਸਾ ਰਿਹਾ ਹੈ ਕਿ ਡਸਿਪਲਿਨ ਦੀ ਉਲੰਘਣਾ ਹੋਈ ਹੈ। ਤੈਨੂੰ ਇਸ ਦੀ ਖ਼ੁਸ਼ੀ ਹੋਣੀ ਚਾਹੀਦੀ ਹੈ, ਜੋ ਉਸ ਜਾਣ ਲਿਆ ਕਿ ਤਲਾਸ਼ੀ ਹੋਣ ਵਾਲ਼ੀ ਹੈ। ਜੇ ਬੱਚਾ ਕਲੂਟਿਗ ਦੇ ਹੱਥ ਲੱਗ ਜਾਂਦਾ ਤਾਂ ਕੀ ਹੁੰਦਾ ? ਹੁਣ ਕਿਸੇ ਨੂੰ ਕੁੱਝ ਪਤਾ

ਨਹੀਂ ਕਿ ਬੱਚਾ ਕਿੱਥੇ ਹੈ ? ਚੰਗੀ ਗੱਲ ਹੈ ਕਿ ਨਹੀਂ ? ਹੈਂ ?"

ਬੋਖਾਉ ਨੂੰ ਕੇਵਲ ਬੱਚੇ ਦੀ ਚਿੰਤਾ ਨਹੀਂ ਸੀ। ਕਿਸ ਨੇ ਕੀਤਾ ? ਉਸ ਨੂੰ ਪੂਰਾ ਸ਼ੱਕ ਸੀ, ਪਰ ਸਬੂਤ ਕੋਈ ਨਹੀਂ ਸੀ। "ਜੇ ਮੈਂ ਆਪ ਕੀਤਾ ਹੁੰਦਾ ਤਾਂ ? ਕੀ ਮੈਂ ਕਿਸੇ ਨੂੰ ਦੱਸ ਦੇਂਦਾ ?" ਸਿਲਸਿਲਾ ਟੁੱਟ ਜਾਂਦਾ ਤੇ ਇਸ ਦੀ ਕੜੀ ਉਸ ਦੀ ਛਾਤੀ ਵਿੱਚ ਦਫ਼ਨ ਹੋ ਜਾਂਦੀ। ਡਸਿਪਲਿਨ ਦੀ ਉਸ ਉਲੰਘਣਾ ਜ਼ਰੂਰ ਕੀਤੀ ਸੀ।" ਉਸ ਇੱਕ ਠੰਡਾ ਸਾਹ ਲਿਆ ਤੇ ਬਲਾਕ ਨੂੰ ਵਾਪਸ ਚਲਿਆ ਗਿਆ।

ਫ਼ੋਰਸਤ ਨੇ ਜਦੋਂ ਮੈਂਡਰਲ ਨੂੰ ਗੀਨਬੂਥ ਵੱਲ ਜਾਂਦਾ ਵੇਖਿਆ ਤਾਂ ਉਸ ਨੂੰ ਚਿੰਤਾ ਹੋਈ ਕਿ ਕੀ ਹੋ ਰਿਹਾ ਹੈ ? ਕਿਤੇ ਇਹਨਾਂ ਦੋਹਾਂ ਲਈ ਤਾਂ ਨਹੀਂ ? ਉਸ ਕੋਠੜੀ ਕੋਲ਼ ਜਾ ਕੇ ਅੰਦਰ ਝਾਕ ਕੇ ਵੇਖਿਆ। ਹੋਫ਼ਲ ਤੇ ਕਰੋਪਿਨਸਕੀ ਦੋਵੇਂ ਖੜ੍ਹੇ ਸੀ। ਹੋਫ਼ਲ ਬਚ ਗਿਆ ਸੀ, ਪਰ ਉਸ ਦੇ ਚਿਹਰੇ 'ਤੇ ਦਰਦ ਤੇ ਤਸੀਹੇ ਸਹਿਣ ਦੀਆਂ ਨਿਸ਼ਾਨੀਆਂ ਸਨ। ਮੈਂਡਰਲ ਹੁਣ ਉਨ੍ਹਾਂ ਦੇ ਪੈਰਾਂ 'ਤੇ ਰੰਗਦਾਰ ਪਾਊਡਰ ਛਿੜਕ ਦੇਂਦਾ ਅਤੇ ਜੇ ਪਤਾ ਲਗਦਾ ਕਿ ਇਹ ਮਿਲ਼ੇ-ਜੁਲ਼ੇ ਹਨ ਤਾਂ ਉਨ੍ਹਾਂ ਨੂੰ ਕੁੱਟਦਾ। ਕਈ-ਕਈ ਦਿਨਾਂ ਤੱਕ ਖਾਣਾ ਨਾ ਦੇਂਦਾ। ਫ਼ੌਰਸਤ ਉੱਥੋਂ ਹਟ ਗਿਆ। ਗੀਨਬੂਥ ਦੇ ਕਮਰੇ ਵਿੱਚ ਕੀ ਤੈਅ ਹੋ ਰਿਹਾ ਹੈ ?

ਮੈਂਡਰਲ ਜਦੋਂ ਵਾਪਸ ਆਇਆ ਤਾਂ ਫ਼ੋਰਸਤ ਉਸ ਨੂੰ ਸ਼ੱਕ ਦੀ ਨਜ਼ਰ ਨਾਲ਼ ਵੇਖਦਾ ਰਿਹਾ। ਫ਼ੋਰਸਤ ਜਾਣ ਬੁੱਝ ਕੇ ਹੋਫ਼ਲ ਦੇ ਕੋਲ਼ ਹੀ ਗੈਲਰੀ ਵਿੱਚ ਝਾੜੂ ਦੇਣ ਲੱਗਾ ਪਿਆ। ਮੈਂਡਰਲ ਫ਼ਾਹ ਬਣੀ ਹੋਈ ਰੱਸੀ ਦੇ ਦੋ ਟੋਟੇ ਲੈ ਕਿ ਨਿੱਕਲ਼ਿਆ। ਫ਼ੋਰਸਤ ਠਠੰਬਰ ਜਿਹਾ ਗਿਆ। ਉੱਪਰੋਂ ਉਹ ਆਪਣਾ ਕੰਮ ਕਰ ਰਿਹਾ ਸੀ, ਪਰ ਅੰਦਰੋਂ ਉਸ ਦਾ ਧਿਆਨ ਮੈਂਡਰਲ ਵੱਲ ਸੀ। ਮੈਂਡਰਲ ਕੋਠੜੀ ਵਿੱਚ ਚਲਿਆ ਗਿਆ। ਮੈਂਡਰਲ ਨੇ ਘੁੰਮ ਕੇ ਦੋਹਾਂ ਦੇ ਪੈਰਾਂ ਦੁਆਲ਼ੇ ਰੰਗਦਾਰ ਪਾਊਡਰ ਨੂੰ ਵੇਖਿਆ, ਅੰਤ ਉਹ ਦੋਹਾਂ ਦੇ ਸਾਹਮਣੇ ਰੁੱਕ ਗਿਆ। ਕਰੋਪਿਨਸਕੀ ਦੇ ਚਿਹਰੇ 'ਤੇ ਸਹਿਮ ਛਾ ਗਿਆ। ਉਸ ਦੇ ਗੋਡੇ ਜਵਾਬ ਦੇ ਰਹੇ ਸਨ। ਬਰਫ਼ ਵਾਂਗ ਠੰਡੇ ਅੱਖਰਾਂ ਵਿੱਚ ਉਸ ਦੇ ਮੱਥੇ ਉੱਤੇ ਲਿਖਿਆ ਸੀ, "ਹੁਣ ਮੈਂ ਮਰਨਾ ਹੈ !"

ਮੈਂਡਰਲ ਨੇ ਹੋਫ਼ਲ ਨੂੰ ਵੇਖਿਆ, "ਜਦ ਮੈਂ ਫ਼ੰਦਾ ਇਸ ਦੇ ਗਲ਼ੇ ਵਿੱਚ ਪਾਵਾਂਗਾ ਤਾਂ ਇਹ ਰੋਕੇਗਾ ਕਿ ਨਹੀਂ ?" ਅਚਾਨਕ ਉਹ ਬੋਲਣ ਲੱਗਾ :

"ਹਿਟਲਰ ਪੱਕਾ ਗਧਾ ਹੈ, ਉਸ ਨੇ ਲੜਾਈ ਵਿਗਾੜ ਕੇ ਰੱਖ ਦਿੱਤੀ। ਕੁੱਝ ਦਿਨਾਂ ਵਿੱਚ ਅਮਰੀਕੀ ਇੱਥੇ ਆ ਜਾਣਗੇ।" ਉਹ ਜ਼ੋਰ ਦੀ ਹੱਸਿਆ, "ਐਪਰ ਅਮਰੀਕਨਾਂ ਬਾਰੇ ਜੋ ਤੁਸੀਂ ਸੋਚਿਆ ਹੈ ਉਹ ਬਿਲਕੁਲ ਗ਼ਲਤ ਹੈ। ਇੱਥੇ ਮੈਂ ਫ਼ਾਂਸੀ ਘਰ ਵਿੱਚ ਸਾਰਿਆਂ ਦੀ ਧੌਣ ਮਰੋੜ ਕੇ ਰੱਖ ਦੇਵਾਂਗਾ ਤੇ ਸਭ ਤੋਂ ਅਖ਼ੀਰ ਵਿੱਚ ਤੁਸਾਂ ਦੋਹਾਂ ਦੀ !" ਉਸ ਨੇ ਫ਼ੰਦਾ ਉਨ੍ਹਾਂ ਦੀ ਧੌਣ ਵਿੱਚ ਪਾ ਕੇ ਇਸ ਤਰ੍ਹਾਂ ਖਿੱਚਿਆ ਜਿਵੇਂ ਕੋਈ ਨਕਟਾਈ ਦੀ ਗੰਢ ਨੂੰ ਕੱਸਦਾ ਹੈ ਅਤੇ ਬੋਲਿਆ, "ਇਸ ਨੂੰ ਅਖ਼ੀਰ ਤੱਕ ਪਾਈ ਰੱਖੋ। ਭੱਜਣ ਤੋਂ ਪੰਜ ਮਿੰਟ ਪਹਿਲਾਂ ਮੈਂ ਆਵਾਂਗਾ… ਤੇ ਕਹਾਣੀ ਖ਼ਤਮ ! ਜੇ ਤੁਸਾਂ ਪਹਿਲਾਂ ਹੀ ਆਪਣੇ ਆਪ ਨੂੰ ਫ਼ਾਹੇ ਲਾ ਲਿਆ ਤਾਂ ਮੇਰਾ ਸੁਆਦ ਕਿਰਕਿਰਾ ਹੋ ਜਾਏਗਾ।" ਹੋਰ ਕੁੱਝ ਆਖੇ ਬਿਨਾਂ ਉਹ ਕੋਠੜੀ ਵਿੱਚੋਂ ਚਲਿਆ ਗਿਆ।

ਬਾਹਰ ਨਿੱਕਲ਼ ਕੇ ਉਸ ਕੰਨ ਤੋਂ ਸਿਗਰਟ ਲਾਹ ਕੇ ਲਾਇਆ, ਪਹਿਰੇਦਾਰ ਨੂੰ ਵੇਖਿਆ ਤੇ ਆਪਣੇ ਦਫ਼ਤਰ ਵਿੱਚ ਵੜ ਗਿਆ।

ਫ਼ੋਰਸਤ ਨੇ ਕੂੜਾ ਟੋਕਰੀ ਵਿੱਚ ਭਰਿਆ ਤੇ ਲੈ ਕੇ ਟੁਰ ਪਿਆ।

ਇਕੱਲੇ ਹੋਣ ਮਗਰੋਂ ਕੁੱਝ ਚਿਰ ਦੋਵੇਂ ਚੁੱਪ ਖੜ੍ਹੇ ਰਹੇ। ਹੋਫ਼ਲ ਦਾ ਲਹੂ ਫਿਰ ਦੌੜਨ ਲੱਗਿਆ ਤੇ ਉਸ ਨੂੰ ਅਨੁਭਵ ਹੋਇਆ ਕਿ ਉਹ ਮੁੜ ਕੇ ਸਾਹ ਲੈਣ ਲੱਗ ਪਿਆ ਹੈ।

"ਵੀਰਾ..." ਕਰੋਪਿਨਸਕੀ ਨੇ ਹੌਲ਼ੀ ਜਿਹੇ ਆਖਿਆ। ਇਹ ਸਾਦਾ ਜਿਹਾ ਸ਼ਬਦ ਹੋਫ਼ਲ ਦੇ ਦਿਲ ਵਿੱਚ ਉੱਤਰ ਗਿਆ। ਮੂੰਹੋਂ ਉਸ ਉੱਤਰ ਨਾ ਦਿੱਤਾ। ਧੰਨਵਾਦ ਸਹਿਤ ਉਸ ਆਪਣਾ ਹੱਥ ਪਿਛਾਂਹ ਵਧਾ ਦਿੱਤਾ ਤੇ ਕਰੋਪਿਨਸਕੀ ਨੇ ਉਸ ਨੂੰ ਚੁੱਪਚਾਪ ਪਕੜ ਲਿਆ। ਜੀਵਨ ਦੀ ਨਿੱਘੀ ਅਨੁਭਵਤਾ ਦੀ ਰੌਂ ਇੱਕ ਤੋਂ ਦੂਜੇ ਜੁੱਸੇ ਵਿੱਚ ਆ ਕੇ ਦੋਹਾਂ ਨੂੰ ਹੌਂਸਲਾ ਦੇਣ ਲੱਗੀ ਤੇ ਉਨ੍ਹਾਂ ਦੀ ਚੁੱਪ ਸ਼ਬਦਾਂ ਤੋਂ ਕਿਤੇ ਮਹਾਨ ਸੀ।

ਤਿੰਨ

ਦੁਪਹਿਰ ਨੂੰ ਰੀਨਬੂਥ ਨੇ ਕੈਦੀ ਕਲਰਕ ਦੇ ਕਮਰੇ ਦੇ ਫ਼ੋਰਮੈਨ ਨੂੰ ਬੁਲਵਾਇਆ ਤੇ ਉਸ ਨੂੰ ਸੂਚੀ ਦਿੱਤੀ : "ਇਹਨਾਂ ਪੰਛੀਆਂ ਨੂੰ ਕੱਲ੍ਹ ਸਵੇਰੇ ਚੌਕੀ ਨੰਬਰ ਦੋ 'ਤੇ ਰਿਪੋਰਟ ਕਰਨੀ ਹੈ। ਆਖ ਦੇਵੀਂ ਕਿ ਪੈਰ ਰਗੜ ਕੇ ਸਾਫ਼ ਕਰ ਲੈਣ, ਸਮਝਿਆ ? ਅਸੀਂ ਨਹੀਂ ਚਾਹੁੰਦੇ ਕਿ ਲੋਕ ਘਰ ਪਹੁੰਚਣ ਤਾਂ ਗੰਦੇ।"

ਰਿਹਾਈ ?

ਵਰ੍ਹਿਆਂ ਤੋਂ ਰਾਜਸੀ ਕੈਦੀਆਂ ਦੀ ਰਿਹਾਈ ਬੰਦ ਹੋ ਗਈ ਸੀ। ਕਲਰਕ ਦੇ ਕਮਰੇ ਵਿੱਚ ਆ ਕੇ ਫ਼ੋਰਮੈਨ ਨੇ ਸੂਚੀ ਪੜ੍ਹੀ ਛਿਆਲ਼ੀ ਨਾਮ ਸਨ, ਜਿਨ੍ਹਾਂ ਵਿੱਚ ਬਲਾਕ ਸੀਨੀਅਰ, ਫ਼ੋਰਮੈਨ ਤੇ ਕੈਂਪ ਦੇ ਦੂਜੇ ਅਹੁੱਦੇਦਾਰ ਕੈਦੀ ਸਨ : ਸਾਰੇ ਲੰਮੀ ਮਿਆਦ ਵਾਲ਼ੇ ਪਤਵੰਤੇ ਕੈਦੀ। ਫ਼ੋਰਮੈਨ ਨੂੰ ਉਸ ਵਿੱਚ ਆਪਣਾ ਤੇ ਕੈਂਪ ਸੀਨੀਅਰ ਪਰੋਲ ਦਾ ਨਾਮ ਵੀ ਮਿਲ਼ਿਆ।

ਜ਼ਰੂਰ ਦਾਲ਼ ਵਿੱਚ ਕੁੱਝ ਕਾਲ਼ਾ ਹੈ।

ਫ਼ੋਰਮੈਨ ਕਰੈਮਰ ਦੇ ਕੋਲ਼ ਪੁੱਜਿਆ। ਪਰੋਲ ਵੀ ਉੱਥੇ ਹੀ ਸੀ। ਕਰੈਮਰ ਸੂਚੀ ਪੜ੍ਹ ਕੇ ਹੱਸਿਆ : "ਰਿਹਾਈ, ਇੱਕੋ ਵਾਰ ਪੂਰਾ ਟੋਲਾ ? ਤੇ ਕੈਂਪ ਖ਼ਾਲੀ ਕਰਾਏ ਜਾਣ ਤੋਂ ਪਹਿਲਾਂ ?"

ਉਹ ਗਰਜਿਆ, "ਕਮੀਨਾਪਣ ਹੈ, ਕਿਸੇ ਮਰਦੂਦ ਨੇ ਮੁਖ਼ਬਰੀ ਕੀਤੀ ਹੈ।"

"ਮੈਂ ਚੌਂਕੀ ਨੰਬਰ 2 ਲਈ ਆਰਡਰ ਲਿਖਣਾ ਹੈ, ਮੈਂ ਕੀ ਲਿਖਾਂ ?" ਫ਼ੋਰਮੈਨ ਨੇ ਪੁੱਛਿਆ।

ਪਰੋਲ ਨੂੰ ਸ਼ੱਕ ਹੋਇਆ, "ਹੋ ਸਕਦਾ ਹੈ, ਸਾਨੂੰ ਠਿਕਾਣੇ ਲਾਉਣਾ ਚਾਹੁੰਦੇ ਹੋਣ ?"

ਉਸ ਕਰੈਮਰ ਵੱਲ ਅਰਥ-ਭਰਪੂਰ ਨਜ਼ਰਾਂ ਨਾਲ਼ ਵੇਖਿਆ। ਕਰੈਮਰ ਨੂੰ ਸ਼ੱਕ ਤਾਂ ਇਹੋ ਸੀ, ਪਰ ਉਹ ਸਹਿਮਤ ਨਹੀਂ ਸੀ ਹੋਣਾ ਚਾਹੁੰਦਾ।

"ਰਤਾ ਸਾਹ ਲਵੋ।" ਤੇ ਫਿਰ ਉਸ ਫ਼ੋਰਮੈਨ ਨੂੰ ਆਖਿਆ, "ਜਦੋਂ ਤੱਕ ਮੈਂ ਕੁੱਝ ਨਾ ਦੱਸਾਂ ਉਸ ਸਮੇਂ ਤੱਕ ਕੁੱਝ ਨਾ ਕਰਨਾ। ਨਾਂਅ ਪੜ੍ਹ ਮੈਂ ਲਿਖ ਲਵਾਂ।"

ਲਿਖਦੇ–ਲਿਖਦੇ ਉਸ ਨੂੰ ਪੂਰਾ ਵਿਸ਼ਵਾਸ ਹੋ ਗਿਆ ਕਿ ਇਨ੍ਹਾਂ ਛਿਆਲ਼ੀਆਂ ਨੂੰ ਗੋਲ਼ੀ ਮਾਰ ਦਿੱਤੀ ਜਾਵੇਗੀ, ਪਰ ਇਸ ਸੂਚੀ ਵਿੱਚ ਉਸ ਦਾ ਨਾਂਅ ਕਿਉਂ ਨਹੀਂ ? ਜਦ ਕਿ ਨਾਜ਼ੀ ਉਸ ਨੂੰ ਅਸਲੀ ਲੀਡਰ ਸਮਝਦੇ ਹਨ ? ਇਨ੍ਹਾਂ ਛਿਆਲ਼ੀਆਂ ਵਿੱਚ ਕੋਈ ਕੌਮਾਂਤਰੀ ਮਜ਼ਦੂਰ ਕਮੇਟੀ ਦਾ ਹੈ ? ਬੋਖਾਉ ਨੂੰ ਪਤਾ ਹੋਵੇਗਾ। ਉਹ ਇਸ ਦੇ ਬਲਾਕ ਵਿੱਚ, ਉਸ ਕੋਲ਼ ਗਿਆ।

ਮੌਕਾ ਚੰਗਾ ਸੀ ਤੇ ਸਾਰੇ ਲੋਕ ਖਾਣਾ ਲੈਣ ਜਾ ਰਹੇ ਸਨ, ਰੁਨਕੀ ਸੀ, ਸੋ ਉਸ ਤੋਂ ਛੁਪਾਉਣ ਦੀ ਕੋਈ ਲੋੜ ਨਹੀਂ ਸੀ।

"ਹਰਬਰਟ, ਮੈਂ ਤੁਹਾਡੇ ਬਿਸਤਰਿਆਂ ਦੀ ਪੜਤਾਲ਼ ਕਰਨੀ ਚਾਹੁੰਦਾ ਹਾਂ, ਸੌਣ ਦੇ ਕਮਰੇ ਵਿੱਚ ਆਓ।" ਇਹ ਬਹਾਨਾ ਸੀ ਕਿ ਜੇ ਬਲਾਕ ਫ਼ੋਹਰਰ ਆ ਗਿਆ ਤਾਂ ਕੰਮ ਆਵੇਗਾ। ਅੰਦਰ ਪੁੱਜਦੇ ਹੀ ਕਰੈਮਰ ਨੇ ਉਹ ਸੂਚੀ ਬੋਖਾਉ ਨੂੰ ਦਿੱਤੀ ਤੇ ਸਾਰੀ ਵਾਰਤਾ ਸੁਣਾਈ। ਬੋਖਾਉ ਨੇ ਸੂਚੀ ਵੇਖੀ।

"ਤੁਹਾਡੇ ਵਿੱਚੋਂ ਕੋਈ ਇਸ ਵਿੱਚ ਹੈ ?" ਕਰੈਮਰ ਨੇ ਪ੍ਰਸ਼ਨ ਕੀਤਾ। ਬੋਖਾਉ ਨੇ ਸਿਰ ਹਿਲਾਇਆ, "ਇੱਕ ਵੀ ਨਹੀਂ।"

"ਸੁੱਖ ਹੈ!" ਕਰੈਮਰ ਨੇ ਚੈਨ ਦਾ ਸਾਹ ਲਿਆ। ਦੂਜੀ ਨੁੱਕਰ ਵੱਲ ਜਾਂਦਿਆਂ ਕਰੈਮਰ ਨੇ ਪ੍ਰਸ਼ਨ ਕੀਤਾ :

"ਅਸੀਂ ਕੀ ਕਰੀਏ ? ਇਨ੍ਹਾਂ ਲੋਕਾਂ ਨੂੰ ਗੋਲ਼ੀ ਮਾਰ ਦਿੱਤੀ ਜਾਵੇਗੀ, ਇਹ ਤਾਂ ਪੱਕੀ ਹੈ।" ਕਰੈਮਰ ਨੇ ਇੱਕ ਕੰਬਲ਼ ਸਿੱਧਾ ਕਰ ਕੇ ਵੱਟ ਕੱਢਿਆ। ਬੋਖਾਉ ਨੇ ਠੰਡਾ ਸਾਹ ਲਿਆ। ਹੁਣ ਖ਼ਤਰੇ ਦੀ ਸੰਗਲ਼ੀ ਵਿੱਚ ਇੱਕ ਕੜੀ ਹੋਰ ਵਧ ਗਈ ਹੈ। ਇਨ੍ਹਾਂ ਛਿਆਲ਼ੀਆਂ ਦੀ ਮੁਖ਼ਬਰੀ ਕਿਸ ਨੇ ਕੀਤੀ ਸੀ ? ਕਿੱਥੋਂ ਇਹ ਹੁਕਮ ਆਇਆ ਸੀ ? ਕਲੂਟਿਗ ? ਜ਼ਵਾਈਲਿੰਗ/ਰੀਨਬੂਥ ? ਜਾਂ ਸਮਾਨਖ਼ਾਨੇ ਵਾਲ਼ੇ ਮੁਖ਼ਬਰ ਨੇ ?"

ਕਰੈਮਰ ਨੇ ਸੁਆਲ ਕੀਤਾ : "ਦੱਸੋ ਹੁਣ ਕੀ ਕਰੀਏ ?"

"ਹਾਂ ਕੀ ਕਰੀਏ ?" ਬੋਖਾਉ ਨੇ ਠੰਡਾ ਸਾਹ ਲਿਆ। ਉਸ ਦੇ ਹੱਥ ਵਿੱਚ ਜੋ ਕਾਗ਼ਜ਼ ਸੀ, ਉਸ ਦੀ ਮੰਗ ਸੀ ਕਿ ਫ਼ੈਸਲੇ ਕੀਤੇ ਜਾਣ, ਅਜਿਹੇ ਫ਼ੈਸਲੇ ਜੋ ਜਿਹੜੇ ਕੈਂਪ ਦੇ ਇਸ ਲੰਮੇ ਸਮੇਂ ਵਿੱਚ ਹੁਣ ਤੱਕ ਕਦੇ ਵੀ ਨਹੀਂ ਕੀਤੇ ਗਏ ਤੇ ਸਭ ਕੁੱਝ ਘੰਟਿਆਂ ਦੇ ਅੰਦਰ। ਕੱਲ੍ਹ ਸਵੇਰੇ ਸਮਾਂ ਲੰਘ ਚੁੱਕਿਆ ਹੋਵੇਗਾ। ਉਸ ਨੂੰ ਆਪਣੇ ਸਾਥੀਆਂ ਨਾਲ਼ ਗੱਲ ਕਰਨੀ ਹੋਵੇਗੀ ਤੇ ਹੁਣੇ। ਇਸ ਵੇਲ਼ੇ ਤਹਿਖ਼ਾਨੇ ਵਿੱਚ ਮਿਲ਼ਣਾ ਸੰਭਵ ਨਹੀਂ। ਬੋਖਾਉ ਨੇ ਆਪਣੇ ਮੱਥੇ 'ਤੇ ਹੱਥ ਫੇਰਿਆ,"ਮੈਨੂੰ ਤੁਰੰਤ ਆਪਣੇ ਸਾਥੀਆਂ ਨਾਲ਼ ਗੱਲ ਕਰਨੀ ਹੋਵੇਗੀ। ਹਵਾਈ ਹਮਲੇ ਦੇ ਅਲਾਰਮ ਤੋਂ ਲਾਭ ਉਠਾਉਣਾ ਹੋਵੇਗਾ, ਹੋਰ ਕੋਈ ਰਾਹ ਨਹੀਂ।"

ਹਰ ਰੋਜ਼ ਠੀਕ ਦੁਪਹਿਰ ਨੂੰ ਅਮਰੀਕੀ ਬੰਬਾਰ ਜਹਾਜ਼ ਕੈਂਪ ਉੱਪਰੋਂ ਲੰਘਦੇ ਸਨ। ਉਨ੍ਹਾਂ ਦੇ ਆਉਣ ਦਾ ਸਮਾਂ ਨਿਸਚਿਤ ਸੀ। ਉਨ੍ਹਾਂ ਨੂੰ ਵੇਖ ਕੇ ਘੜੀ ਮਿਲ਼ਾਈ ਜਾ ਸਕਦੀ ਸੀ।

"ਵੇਖ ਮੇਰੀ ਸਹਾਇਤਾ ਕਰ, ਮੈਨੂੰ ਕਾਮਰੇਡਾਂ ਦੇ ਨਾਂਅ ਕਿਸੇ ਨੂੰ ਵੀ ਨਹੀਂ ਦੱਸਣੇ

ਚਾਹੀਦੇ, ਪਰ ਕੀ ਕਰਾਂ, ਇਸ ਵੇਲ਼ੇ ਹੋਰ ਕੋਈ ਚਾਰਾ ਨਹੀਂ। ਵੇਖ, ਮੈਂ ਸਿੱਧਾ ਛੂਤ ਵਾਲ਼ੇ ਹਸਪਤਾਲ਼ ਚੱਲਦਾ ਹਾਂ। ਉੱਥੋਂ ਦੇ ਫ਼ੋਰਮੈਨ ਨੂੰ ਸਭ ਪਤਾ ਹੈ, ਉਸ ਨੂੰ ਕਹਿਣਾ ਹੈ ਕਿ ਕਮਰਾ ਖ਼ਾਲੀ ਰੱਖੇ, ਫਿਰ ਮੈਂ ਤੈਨੂੰ ਖ਼ਬਰ ਕਰ ਦਿਆਂਗਾ ਕਿ ਕਿਹੜਾ ਕਮਰਾ ਹੈ ਤੇ ਗ਼ੁਸਲਖ਼ਾਨੇ ਵਿੱਚ ਤੈਨੂੰ ਜਾਣਾ ਹੋਵੇਗਾ। ਮੈਂ ਨਹੀਂ ਚਾਹੁੰਦਾ ਕਿ ਕੋਈ ਮੈਨੂੰ ਉੱਥੇ ਵੇਖੇ।"

"ਤੇ ਸੁਨੇਹਾ ਕਿਸ ਨੂੰ ਪਹੁੰਚਾਉਣਾ ਹੈ?"

"ਬੋਗਰਵਸਕੀ ਨੂੰ, ਜਦੋਂ ਖ਼ਤਰੇ ਦਾ ਅਲਾਰਮ ਵੱਜੇ ਤਾਂ ਉਹ ਆਪਣੇ ਬਲਾਕ ਵਿੱਚ ਜਾਣ ਦੀ ਥਾਂ ਹਸਪਤਾਲ਼ ਵਿੱਚ ਆ ਜਾਵੇ।"

"ਠੀਕ।" ਕਰੈਮਰ ਨੇ ਜਵਾਬ ਦਿੱਤਾ।

"ਦਸ ਮਿੰਟ ਵਿੱਚ ਮੈਂ ਤੈਨੂੰ ਆਪਣੇ ਬਲਾਕਾਂ ਓਹਲੇ ਸੜਕ 'ਤੇ ਮਿਲ਼ਾਂਗਾ।"

ਕਰੈਮਰ ਨੇ ਹਾਂ ਆਖੀ। ਰੀਉਮਾਂਡ ਨੂੰ ਖ਼ਬਰ ਕਰਨੀ ਸੰਭਵ ਨਹੀਂ, ਕਿਉਂ ਜੋ ਉਹ ਅਲਾਰਮ ਦੇ ਮਗਰੋਂ ਬਾਹਰ ਰਹਿੰਦਾ ਸੀ, ਵਾਲਡਾਲੇਨ ਨੂੰ ਖ਼ਬਰ ਕਰਨੀ ਸੌਖੀ ਸੀ ਤੇ ਰਾਹ ਵਿੱਚ ਦੀਚਕ ਤੇ ਪਰੀਬੂਲਾ ਨੂੰ ਸੂਚਨਾ ਦਿੱਤੀ ਜਾ ਸਕਦੀ ਸੀ।

ਬੋਖਾਉ ਹਸਪਤਾਲ਼ ਤੋਂ ਆਪਣੇ ਬਲਾਕ ਵੱਲ ਆ ਹੀ ਰਿਹਾ ਸੀ ਕਿ ਉਸ ਨੂੰ ਕਰੈਮਰ ਵਿਖਾਈ ਦਿੱਤਾ, ਜਿਸ ਨੂੰ ਉਸ ਹੱਥ ਦੇ ਇਸ਼ਾਰੇ ਨਾਲ਼ ਰੋਕਿਆ ਤੇ ਆਖਿਆ "ਓਪਰੇਸ਼ਨ ਰੂਮ ਨੰਬਰ ਦੋ" ਇਹ ਓਪਰੇਸ਼ਨ ਰੂਮ ਉੱਪਰ ਦੀ ਮੰਜ਼ਿਲ 'ਤੇ ਸੀ ਤੇ ਉੱਥੇ ਕੈਦੀ ਨਹੀਂ ਸੀ ਜਾਂਦਾ।

ਠੀਕ ਸਮੇਂ ਸਿਰ ਖ਼ਤਰੇ ਦਾ ਅਲਾਰਮ ਵੱਜਿਆ। ਬੋਖਾਉ ਖੜ੍ਹਾ ਹੋ ਗਿਆ, ਪਰੀਬੂਲਾ ਤੇ ਕੋਦੀਚਕ ਦੀ ਉਡੀਕ ਕਰ ਰਿਹਾ ਸੀ। ਦੋਹਾਂ ਨੂੰ ਉਸ ਨੇ ਕਾਹਲ਼ੀ-ਕਾਹਲ਼ੀ ਬਲਾਕ ਵੱਲ ਜਾਂਦਿਆਂ ਵੇਖਿਆ।

"ਮੇਰੇ ਨਾਲ਼ ਆਓ।" ਬੋਖਾਉ ਨੇ ਹੌਲ਼ੀ ਜਿਹੇ ਆਖਿਆ।

"ਕੀ ਗੱਲ ਹੈ?"

"ਨਾਲ਼ ਤੁਰੀ ਆਓ।" ਬੋਖਾਉ ਨੇ ਦੁਹਰਾਇਆ ਤੇ ਕਾਹਲ਼ੀ ਨਾਲ਼ ਅਗਾਂਹ ਵਧ ਗਿਆ।

ਥੋੜ੍ਹੀ ਦੇਰ ਲਈ ਝਿਜਕੇ, ਫਿਰ ਬੋਖਾਉ ਦੇ ਪਿੱਛੇ ਤੁਰ ਪਏ। ਕੌਮਾਂਤਰੀ ਮਜ਼ਦੂਰ ਕਮੇਟੀ ਦੇ ਕਾਮਰੇਡਾਂ ਨੇ ਇੰਨੀ ਉਲਝਣ ਦਾ ਸਾਹਮਣਾ ਕਦੇ ਨਹੀਂ ਸੀ ਕੀਤਾ। ਪਰੀਬੂਲਾ ਦੇ ਕੋਦੀਚੀਕ ਨੇ ਆ ਕੇ ਸੂਚਨਾ ਦਿੱਤੀ ਕਿ ਮੁਲਰਗਾਉ ਉੱਤੇ ਇਤਿਹਾਦੀਆਂ ਦਾ ਕਬਜ਼ਾ ਹੋ ਗਿਆ ਹੈ। ਟੇਕਲਨ ਬਰਗ ਦੇ ਦੋਹਾਂ ਪਾਸੇ ਘਮਸਾਨ ਦੀ ਲੜਾਈ ਹੋ ਰਹੀ ਹੈ। ਹਰ ਫ਼ੋਰਟ ਵੱਲ ਇਤਿਹਾਦੀ ਤੇਜ਼ੀ ਨਾਲ਼ ਵਧ ਰਹੇ ਹਨ। ਵਾਰਬਰਗ ਦੇ ਇਲਾਕੇ ਵਿੱਚ ਅਤੇ ਵੇਰਾ ਵੱਲ ਇਤਹਾਦੀ ਆਈਜ਼ਨਾਖ ਤੋਂ ਅਗਾਂਹ ਆ ਚੁੱਕੇ ਹਨ, ਜੇ ਇਹ ਸਭ ਠੀਕ ਹੈ ਤਾਂ ਫਿਰ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਨ੍ਹਾਂ ਛਿਆਲ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਗੋਲ਼ੀ ਮਾਰ ਦਿੱਤੀ ਜਾਵੇਗੀ ਤੇ ਫਿਰ ਕੈਂਪ ਖ਼ਾਲੀ ਕਰ ਦਿੱਤਾ ਜਾਵੇਗਾ, ਕਿਸੇ ਸਮੇਂ ਵੀ ਸ਼ੁਰੂ ਹੋ ਸਕਦਾ ਹੈ।

ਬੋਗਰਵਸਕੀ ਨੇ ਚੁੱਪ ਤੋੜੀ ਤੇ ਉਹ ਗੱਲ ਆਖੀ ਜਿਹੜੀ ਸਾਰਿਆਂ ਦੇ ਦਿਮਾਗ਼

ਉੱਤੇ ਛਾਈ ਹੋਈ ਸੀ : "ਜੇ ਛਿਆਲੀਆਂ ਨੂੰ ਮਾਰ ਦਿੱਤਾ ਗਿਆ ਤਾਂ ਨਾਜ਼ੀ ਇਹ ਸਮਝਣਗੇ ਕਿ ਕੌਮਾਂਤਰੀ ਮਜ਼ਦੂਰ ਕਮੇਟੀ ਨੂੰ ਮਾਰ ਦਿੱਤਾ ਗਿਆ। ਫਿਰ ਉਹ ਸੋਚਣਗੇ ਕਿ ਲੀਡਰਸ਼ਿਪ ਤਾਂ ਖ਼ਤਮ ਹੋ ਗਈ। ਇਸ ਲਈ ਕੈਂਪ ਖ਼ਾਲੀ ਕਰਵਾ ਲਿਆ ਜਾਵੇ, ਪਰ ਅਸੀਂ ਲੋਕ ਫਿਰ ਵੀ ਰਵ੍ਹਾਂਗੇ ਤੇ ਪੂਰੀ ਜੱਥੇਬੰਦੀ ਰਹੇਗੀ। ਅਸੀਂ ਬਹੁਤ ਸਾਰੇ ਲੋਕ ਸੋਚ ਸਕਾਂਗੇ, ਇਸ ਲਈ ਕਿ ਛਿਆਲ਼ੀ ਸਾਡੇ ਲਈ ਜਾਨ ਦੇ ਦੇਣਗੇ, ਕੀ ਇਹ ਠੀਕ ਨਹੀਂ ਹੋਵੇਗਾ ?"

ਵਾਨਡਾਲੇਨ ਨੇ ਤਿਊੜੀ ਚੜ੍ਹਾਈ, ਪਰੀਬੂਲਾ ਕੁੱਝ ਬੁੜਬੁੜਾਇਆ, ਬਾਕੀ ਲੋਕ ਵੀ ਕੁੱਝ ਔਖੇ ਹੋਏ : "ਨਹੀਂ।" ਬੋਖਾਉ ਨੇ ਨਿਰਣਾਇਕ ਤੌਰ 'ਤੇ ਆਖਿਆ। ਪਰੀਬੂਲਾ ਕਹਿਣਾ ਤਾਂ ਬਹੁਤ ਕੁੱਝ ਚਾਹੁੰਦਾ ਸੀ, ਪਰ ਪੋਲ ਵਿੱਚ ਬਸ "ਨਹੀਂ" ਆਖਿਆ। ਬੋਗਰਵਸਕੀ ਨੇ ਥੱਕ ਕੇ ਕੰਧ ਨਾਲ਼ ਢੋਹ ਲਾ ਲਈ ਤੇ ਅੱਖਾਂ ਬੰਦ ਕਰ ਲਈਆਂ।

ਬੋਖਾਉ ਨੇ ਫਿਰ ਬੋਲਣਾ ਸ਼ੁਰੂ ਕੀਤਾ, "ਸਾਥੀਓ, ਬੱਚਾ ਹੀ ਸਾਡੇ ਲਈ ਮੁਸੀਬਤ ਲਿਆਇਆ ਹੈ। ਹੁਣ ਬੱਚਾ ਉੱਕਾ ਹੀ ਅਲੋਪ ਹੋ ਗਿਆ ਏ। ਪੋਲਸ਼ ਬੱਚਾ ਹੈ, ਜੋਸਫ਼ ਤੂੰ ਲੈ ਗਿਆ ਏਂ ?" ਉਸ ਨੇ ਪਰੀਬੂਲਾ ਨੂੰ ਸੁਆਲ ਕੀਤਾ।

ਪਰੀਬੂਲਾ ਨੇ ਆਪਣੇ ਹੱਥ ਫ਼ੈਲਾ ਕੇ ਆਖਿਆ : "ਮੈਂ ਆਪ ਪੁੱਛਦਾ ਹਾਂ, ਬੱਚਾ ਕਿੱਥੇ ਹੈ ?"

"ਲਿਊਂਦ ਤੂੰ ਲੈ ਗਿਆ ?"

ਬੋਗਰਵਸਕੀ ਨੇ ਆਪਣੀਆਂ ਅੱਖਾਂ ਖੋਲ੍ਹੀਆਂ, "ਮੈਂ ਬੱਚੇ ਨੂੰ ਨਹੀਂ ਲੈ ਗਿਆ।"

ਵਾਨਡਾਲੇਨ ਤੇ ਕੋਦੀਚੀਕ ਨੇ ਵੀ ਇਹੋ ਉੱਤਰ ਦਿੱਤਾ। ਇਹ ਸਾਰੇ ਲੋਕ ਸੱਚ ਬੋਲ ਰਹੇ ਸਨ। ਹੁਣ ਯੈਸਗਈਮਾਨ 'ਤੇ ਸ਼ੱਕ ਕੀਤਾ ਜਾ ਸਕਦਾ ਸੀ। ਉਹ ਇੱਥੇ ਨਹੀਂ ਸੀ, ਪਰ ਕੋਈ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਸੀ। ਆਖ਼ਰ ਬੋਖਾਉ ਨੇ ਆਖਿਆ: "ਚੰਗਾ ਖ਼ੈਰ, ਹੋ ਸਕਦਾ ਹੈ ਕਰੈਮਰ ਨੇ ਉਸ ਨੂੰ ਕਿਤੇ ਪਹੁੰਚਾ ਦਿੱਤਾ ਹੋਵੇ। ਬੱਚਾ ਚਾਹੇ ਕਿਤੇ ਹੋਵੇ, ਕੋਈ ਲੈ ਗਿਆ ਹੈ। ਚਲੋ ਉਹ ਅਲੋਪ ਹੋ ਗਿਆ। ਮੈਂ ਤੁਹਾਨੂੰ ਕੁੱਝ ਕਹਿਣਾ ਚਾਹੁੰਦਾ ਹਾਂ। ਮੇਰੇ ਵਿੱਚ ਬਹੁਤ ਪਰਿਵਰਤਨ ਆ ਗਿਆ ਏ। ਸਾਥੀਓ ਮੇਰਾ ਦਿਲ..." ਹੁਣ ਇਹ ਇਕਬਾਲ ਕਰ ਰਿਹਾ ਸੀ :

"ਜਦੋਂ ਮੈਂ ਇੱਥੇ ਲਿਆਂਦਾ ਗਿਆ ਤਾਂ ਮੈਂ ਦੂਜੀਆਂ ਚੀਜ਼ਾਂ ਨਾਲ਼ ਆਪਣਾ ਦਿਲ ਵੀ ਸਮਾਨਖ਼ਾਨੇ ਵਿੱਚ ਜਮ੍ਹਾਂ ਕਰਵਾ ਦਿੱਤਾ। ਮੈਨੂੰ ਉਹ ਖ਼ਤਰਨਾਕ ਸ਼ੈਅ ਜਾਪਿਆ। ਇੱਥੇ ਮੇਰੇ ਕਿਸ ਕੰਮ ਆਉਣਾ ਸੀ। ਦਿਲ ਤਾਂ ਬੱਸ ਮਨੁੱਖ ਨੂੰ ਕਮਜ਼ੋਰ ਤੇ ਨਰਮ ਬਣਾ ਦਿੰਦਾ ਹੈ ਤੇ ਮੈਂ ਹੋਫ਼ਲ ਨੂੰ ਕਦੇ ਖ਼ਿਮਾ ਨਾ ਕਰਦਾ। ਇਸ ਲਈ ਕਿ ਉਸ ਨੇ..." ਬੋਖਾਉ ਚੁੱਪ ਹੋ ਕੇ ਕੁੱਝ ਸੋਚਣ ਲੱਗਿਆ, ਫਿਰ ਬੋਲਿਆ: "ਮੈਂ ਕੌਮਾਂਤਰੀ ਮਜ਼ਦੂਰ ਕਮੇਟੀ ਵਿੱਚ ਜਰਮਨ ਕਾਮਰੇਡਾਂ ਦਾ ਪ੍ਰਤੀਨਿਧ ਹਾਂ ਤੇ ਕੌਮਾਂਤਰੀ ਲੜਾਕਾ ਟੋਲੀਆਂ ਵਿੱਚ ਫ਼ੌਜੀ ਮਾਮਲਿਆਂ ਦਾ ਜ਼ਿੰਮੇਵਾਰ ਹਾਂ। ਤੁਸਾਂ ਲੋਕਾਂ ਮੈਨੂੰ ਇਸ ਕੰਮ ਲਈ ਚੁਣਿਆ ਹੈ। ਮੈਂ ਇੱਕ ਚੰਗਾ ਕਾਮਰੇਡ ਹਾਂ, ਠੀਕ ਹੈ ਨਾ ? ਮੈਂ ਚੰਗਾ ਕਾਮਰੇਡ ਨਹੀਂ ਹਾਂ।"

ਉਸ ਨੇ ਦੂਜਿਆਂ ਦੇ ਉਜ਼ਰ ਦਬਾਉਣ ਲਈ ਆਪਣਾ ਹੱਥ ਉੱਚਾ ਕੀਤਾ :

"ਮੈਂ ਇਹ ਆਖਣਾ ਹੈ ਕਿ ਮੈਂ ਹੱਠਧਰਮੀ ਸਾਂ, ਆਪਣੀ ਅਕਲ 'ਤੇ ਮੈਨੂੰ ਮਾਣ ਸੀ। ਮੈਂ ਆਕੜ ਖਾਂ ਨਿਰਦਈ ਤੇ ਰੂਹ ਰਹਿਤ ਸਾਂ। ਜਦੋਂ ਤੋਂ ਉਹ ਬੱਚਾ ਇੱਥੇ ਆਇਆ ਅਤੇ ਨਿੱਤ ਨਵੇਂ ਲੋਕਾਂ ਨੇ ਆਪਣੇ ਦਿਲਾਂ ਦੀ ਓਟ ਵਿੱਚ ਉਸ ਨੂੰ ਛੁਪਾਇਆ....ਹੋਫ਼ਲ ਕਰੋਪਿਨਸਕੀ, ਕਰੈਮਰ, ਪੀਪਿਗ ਤੇ ਉਸ ਦੇ ਸਾਥੀ ਅਤੇ ਬਲਾਕ ਨੰਬਰ 61 ਦੇ ਪੋਲ ਸਾਥੀ, ਆਪ ਤੁਸੀਂ ਤੇ ਉਹ ਬੇਨਾਮ ਆਦਮੀ....ਇਹ ਸਭ ਕੁੱਝ ਇਨ੍ਹਾਂ ਲੋਕਾਂ ਨੇ ਕੀਤਾ ਤੇ ਕੋਈ ਕਲੂਟਿਗ ਤੇ ਰੀਨਬੂਥ ਇਸ ਕੰਧ ਨੂੰ ਨਹੀਂ ਤੋੜ ਸਕਿਆ। ਇਸ ਲਈ ਮੈਂ ਚੰਗਾ ਕਾਮਰੇਡ ਨਹੀਂ ਹਾਂ। ਮੈਂ ਜਾਣਦਾ ਹਾਂ ਕਿ ਅਸੀਂ ਇਸ ਨਿੱਘਰੀ ਹੋਈ ਹਾਲਤ ਵਿੱਚ ਵੀ ਕਿਤਨੇ ਮਹਾਨ ਹਾਂ। ਮੈਂ ਜਾਣਦਾ ਹਾਂ ਕਿ ਹੋਫ਼ਲ ਤੇ ਕਰੋਪਿਨਸਕੀ ਮੌਤ ਨਾਲ਼ੋਂ ਵੱਧ ਸ਼ਕਤੀਸ਼ਾਲੀ ਹਨ।"

ਬੋਗਰਵਸਕੀ ਦਾ ਸਿਰ ਛਾਤੀ ਨਾਲ਼ ਜਾ ਲੱਗਿਆ ਸੀ। ਪਰੀਬੂਲਾ ਗੋਡਿਆਂ ਭਾਰ ਬੋਖਾਉ ਤੱਕ ਗਿਆ ਤੇ ਉਸ ਨਾਲ਼ ਚੰਬੜ ਕੇ ਰੋਣ ਲੱਗਿਆ। ਬੋਖਾਉ ਨੇ ਉਸ ਨੂੰ ਜ਼ੋਰ ਨਾਲ਼ ਆਪਣੀ ਛਾਤੀ ਨਾਲ਼ ਘੁੱਟ ਲਿਆ।

ਬਾਹਰ ਅਜੇ ਵੀ ਮੌਤ ਦੀ ਸੁੰਨ ਪਸਰੀ ਹੋਈ ਸੀ। ਬੋਖਾਉ ਨੇ ਪਰੀਬੂਲਾ ਨੂੰ ਵੱਖ ਕਰਕੇ ਫਿਰ ਕਹਿਣਾ ਸ਼ੁਰੂ ਕੀਤਾ, "ਸਾਨੂੰ ਇੱਕ ਫ਼ੈਸਲਾ ਕਰਨਾ ਹੈ ਤਾਂ ਗੱਲਾਂ ਨੂੰ ਪਹਿਲਾਂ ਸੋਚ ਲੈਣਾ ਚਾਹੀਦਾ ਹੈ। ਕੀ ਇਨ੍ਹਾਂ ਛਿਆਲ਼ੀਆਂ ਨੂੰ ਬਚਾਉਣ ਦੀ ਕੋਈ ਸੰਭਾਵਨਾ ਹੈ ? ਲਿਊਂਦ ! ਤੂੰ ਵੀ ਇਹੋ ਸੋਚ ਰਿਹਾ ਸੈਂ ਨਾ ?"

ਉਸ ਉੱਤਰ ਦਿੱਤਾ, "ਮੈਂ ਵੀ ਇਹੋ ਸੋਚ ਰਿਹਾ ਸਾਂ, ਪਰ ਮੈਂ ਉਸ ਥਾਂ ਪਹੁੰਚਣ ਦੀ ਕੋਸ਼ਿਸ਼ ਕਰ ਰਿਹਾ ਸਾਂ, ਜਿੱਥੇ ਸਾਡੀ ਹਿੰਮਤ ਤੇ ਮਨੁੱਖਤਾ ਦੱਬੀ ਪਈ ਹੈ। ਇਨ੍ਹਾਂ ਛਿਆਲ਼ੀ ਸਾਥੀਆਂ ਨੂੰ ਜਿਉਂਦੇ ਰਹਿਣਾ ਹੈ, ਜਿਉਂਦੇ ਰਹਿਣਾ ਹੈ ਜਾਂ ਸਾਡੇ ਨਾਲ਼ ਹੀ ਮਰਨਾ ਹੈ, ਮੈਂ ਇਹੋ ਸੋਚ ਰਿਹਾ ਸਾਂ।" ਵਾਨਡਾਲੇਨ ਬੋਲਿਆ, "ਅਸੀਂ ਉਨ੍ਹਾਂ ਨੂੰ ਲੁਕਾ ਲਵਾਂਗੇ। ਹਸਪਤਾਲ਼ ਵਿੱਚ ਬਹੁਤਿਆਂ ਨੂੰ ਲੁਕਾ ਸਕਦੇ ਹਾਂ। ਬਾਕੀ ਇੱਧਰ-ਉੱਧਰ ਛੁਪ ਜਾਣਗੇ। ਬਹੁਤ ਸਾਰੀਆਂ ਥਾਵਾਂ ਹਨ।"

"ਤੇ ਫਿਰ ਕੀ ਹੋਵੇਗਾ ?" ਕੋਦੀਚੀਕ ਨੇ ਪੁੱਛਿਆ, ਉਹ ਡਰਦਿਆਂ ਨਹੀਂ, ਸਗੋਂ ਇਹਤਿਆਤ ਕਾਰਨ ਪੁੱਛ ਰਿਹਾ ਸੀ, ਪਰ ਪਰੀਬੂਲਾ ਨੇ ਉਸ ਨੂੰ ਗ਼ਲਤ ਸਮਝਿਆ : "ਕਾਇਰ ਬਣਨ ਨੂੰ ਜੀਅ ਕਰਦਾ ਏ ?"

ਬੋਖਾਉ ਨੇ ਪਰੀਬੂਲਾ ਦੇ ਮੋਢੇ 'ਤੇ ਹੱਥ ਰੱਖਦਿਆਂ ਆਖਿਆ : "ਦੋਸਤ, ਜੇ ਇਹਤਿਆਤ ਕਰੀਏ ਤਾਂ ਅਸੀਂ ਕਾਇਰ ਤਾਂ ਨਹੀਂ ਬਣ ਜਾਵਾਂਗੇ। ਹਾਂ ਸਾਥੀਓ ! ਅੱਜ ਤੋਂ ਇਹ ਛਿਆਲ਼ੀ ਕੌਮਾਂਤਰੀ ਮਜ਼ਦੂਰ ਕਮੇਟੀ ਦੀ ਪਨਾਹ ਵਿੱਚ ਹਨ, ਅਸੀਂ ਇਹਨਾਂ ਨੂੰ ਸਪੁਰਦ ਨਹੀਂ ਕਰਾਂਗੇ।"

"ਮੈਂ ਹਸਪਤਾਲ਼ ਵਿੱਚ ਦਸਾਂ ਨੂੰ ਲੁਕਾ ਲਵਾਂਗਾ", ਵਾਨਡਾਲੇਨ ਨੇ ਆਖਿਆ, "ਅਸੀਂ ਇਨ੍ਹਾਂ ਨੂੰ ਬੁਖ਼ਾਰ ਦੀ ਸੂਈ ਲਾ ਦਿਆਂਗੇ ਤੇ ਬਿਮਾਰਾਂ ਦੇ ਵਿਚਾਲ਼ੇ ਕੋਈ ਉਨ੍ਹਾਂ ਨੂੰ ਲੱਭੇਗਾ ਹੀ ਨਹੀਂ।"

ਸਾਰਿਆਂ ਨੂੰ ਤਹਿਖ਼ਾਨੇ ਵਿੱਚ ਕਿਉਂ ਨਾ ਲੁਕਾ ਦੇਈਏ।" ਕੋਦੀਚੀਕ ਨੇ ਸਲਾਹ

ਦਿੱਤੀ।

"ਨਹੀਂ", ਬੋਗਰਵਸਕੀ ਨੇ ਉਜ਼ਰ ਕੀਤਾ, "ਰੇਤ ਦੀ ਢੇਰੀ ਨੂੰ ਬੇਲਚੇ ਉੱਤੇ ਚੁੱਕਿਆ ਜਾ ਸਕਦਾ ਹੈ, ਇਸ ਲਈ ਇਸ ਨੂੰ ਖਲੇਰ ਦਿਉ ਤੇ ਕਿਸੇ ਨੂੰ ਨਜ਼ਰ ਨਾ ਆਵੇ। ਹਸਪਤਾਲ਼ ਵਿੱਚ ਬੱਸ ਦੋ ਰੱਖੇ ਜਾਣ ਬਾਕੀਆਂ ਨੂੰ ਸਾਰੇ ਕੈਂਪ ਵਿੱਚ ਖਿੰਡਾ ਦਿਉ।"

"ਅਤੇ ਜੇ ਇਨ੍ਹਾਂ ਵਿੱਚੋਂ ਕੋਈ ਮਿਲ਼ ਗਿਆ ਤਾਂ ? ਤਾਂ ਕੀ ਉਸ ਨੂੰ ਇਕੱਲਾ ਛੱਡ ਦਿੱਤਾ ਜਾਵੇਗਾ ?"

ਅਸੀਂ ਕਿਸੇ ਨੂੰ ਨਹੀਂ ਛੱਡਾਂਗੇ।" ਬੋਖਾਉ ਨੇ ਜਵਾਬ ਦਿੱਤਾ, "ਅਸੀਂ ਹੁਣ ਤੱਕ ਖ਼ਤਰੇ ਨੂੰ ਕਤਰਾਉਂਦੇ ਰਹੇ ਹਾਂ ? ਹੁਸ਼ਿਆਰੀ, ਯੋਗਤਾ ਦੇਵਨੇਤ ਤੇ ਚੰਗੇ ਭਾਗਾਂ ਨੂੰ ਅਸੀਂ ਸਫ਼ਲ ਹੁੰਦੇ ਰਹੇ। ਹੁਣ ਆਖ਼ਰੀ ਘੜੀ ਹੈ। ਹੁਣ ਕਤਰਾਉਣ ਤੋਂ ਕੰਮ ਨਹੀਂ ਤੁਰੇਗਾ, ਅਸੀਂ ਮਨੁੱਖ ਹਾਂ, ਕੈਦੀ ਨਹੀਂ ਹਾਂ। ਕੈਦੀ ਖ਼ਤਰੇ ਤੋਂ ਭੱਜ ਸਕਦਾ ਹੈ। ਮਨੁੱਖ ਲਈ ਇੱਕ ਹੀ ਰਾਹ ਹੈ, ਜਿਹੜਾ ਖ਼ਤਰਿਆਂ ਵਿੱਚੋਂ ਲੰਘਦਾ ਹੈ। ਕੋਈ ਵੀ ਫੜਿਆ ਗਿਆ ਤਾਂ ਉਸ ਦੀ ਰਾਖੀ ਕੀਤੀ ਜਾਵੇਗੀ। ਲੋੜ ਪਈ ਤਾਂ ਹਥਿਆਰਾਂ ਨਾਲ਼, ਅਜ਼ਾਦੀ ਜਾਂ ਮੌਤ। ਕੀ ਸਾਡਾ ਫ਼ੈਸਲਾ ਬਗ਼ਾਵਤ ਹੈ ?"

ਫ਼ੈਸਲਾ ਕੀਤਾ ਗਿਆ : "ਮੁਕਾਬਲਾ ਕਰਨ ਵਾਲ਼ੀਆਂ ਟੋਲੀਆਂ ਦੇ ਲੀਡਰਾਂ ਨੂੰ ਸਾਵਧਾਨ ਕਰ ਦਿੱਤਾ ਜਾਵੇ। ਬਲਾਕਾਂ 'ਤੇ ਪਹਿਰਾ ਲਾ ਦਿੱਤਾ ਜਾਵੇ। ਕੈਂਪ ਵਿੱਚ ਘੁੰਮਣ ਵਾਲ਼ੇ ਮੈਂਬਰ ਹਥਿਆਰ ਲੁਕਾਉਣ ਦੀਆਂ ਥਾਵਾਂ 'ਤੇ ਲਾਏ ਜਾਣ ਤੇ ਸ਼ਾਮ ਤੱਕ ਛਿਆਲ਼ੀਆਂ ਦੇ ਛੁਪਣ ਦੀਆਂ ਥਾਵਾਂ ਠੀਕ ਕਰ ਦਿੱਤੀਆਂ ਜਾਣ। ਪੂਰੀ ਜੱਥੇਬੰਦੀ ਚੌਕੰਨੀ ਰਹੇ ਤੇ ਕਿਸੇ ਵੀ ਸਮੇਂ... ਟੁੱਟ ਪੈਣ ਲਈ ਤਿਆਰ ਰਹੇ, ਪਰ ਲੜਾਈ ਉਸ ਸਮੇਂ ਸ਼ੁਰੂ ਕੀਤੀ ਜਾਵੇ, ਜਦੋਂ ਉਹ ਇਸ ਲਈ ਮਜ਼ਬੂਰ ਹੋ ਜਾਣ। ਕੈਂਪ ਖ਼ਾਲੀ ਕਰਾਏ ਜਾਣ ਦੀ ਕੋਸ਼ਿਸ਼ ਨੂੰ ਟਾਲ਼ੇ-ਮਾਲ਼ੇ ਕਰ ਕੇ ਅਸਫ਼ਲ ਬਣਾਇਆ ਜਾਵੇ ਤਾਂ ਜੋ ਵੱਧ ਤੋਂ ਵੱਧ ਬੰਦਿਆਂ ਨੂੰ ਬਿਠਾਇਆ ਜਾ ਸਕੇ। ਇੱਕ-ਇੱਕ ਦਿਨ, ਇੱਕ-ਇੱਕ ਘੰਟਾ ਬਹੁਤ ਹੋ ਸਕਦਾ ਹੈ। ਮੁਹਾਜ਼ ਦਿਨੋ-ਦਿਨ ਨੇੜੇ ਆਉਂਦਾ ਜਾ ਰਿਹਾ ਹੈ।"

"ਮੈਂ ਇੱਕ ਹੋਰ ਤਜਵੀਜ਼ ਰੱਖਣੀ ਹੈ।" ਬੋਖਾਉ ਨੇ ਆਖਿਆ, "ਅਸੀਂ ਸਾਰੇ ਕੰਮ ਕਰੈਮਰ ਰਾਹੀਂ ਕਰਾਂਗੇ। ਸਾਰੀਆਂ ਡੋਰਾਂ ਉਸੇ ਦੇ ਹੱਥ ਵਿੱਚ ਹਨ। ਅਸੀਂ ਇਹ ਆਸ ਕਰ ਸਕਦੇ ਹਾਂ ਕਿ ਕੈਂਪ ਨੂੰ ਖ਼ਾਲੀ ਕਰਵਾਉਣ ਵਿੱਚ ਕੈਂਪ ਦੀ ਹਾਲਤ ਬਦਲ ਜਾਵੇ ਜਾਂ ਹੋ ਸਕਦਾ ਹੈ ਵਿਗੜ ਜਾਵੇ, ਇਸ ਲਈ ਕਿਉਂ ਜੋ ਤੁਸਾਂ ਸਾਰਿਆਂ ਵਿੱਚੋਂ ਕੇਵਲ ਮੈਂ ਹੀ ਇੱਕ ਅਜਿਹਾ ਹਾਂ, ਜਿਸ ਦਾ ਸਿੱਧਾ ਸਬੰਧ ਕਰੈਮਰ ਨਾਲ਼ ਹੈ। ਇਸ ਲਈ ਮੇਰੇ ਕੰਮ ਕਰਨ ਦੀ ਵਧੇਰੇ ਖੁੱਲ੍ਹ ਹੋਵੇਗੀ।"

ਕਾਮਰੇਡਾਂ ਉਸ ਦੀ ਇਹ ਤਜਵੀਜ਼ ਪ੍ਰਵਾਨ ਕਰ ਲਈ।

ਚਾਰ

ਕਰੈਮਰ ਨੇ ਹਵਾਈ ਹਮਲੇ ਦੇ ਖ਼ਤਰੇ ਦਾ ਅਲਾਰਮ ਹੋਣ ਦੀ ਉਡੀਕ ਬੜੀ

ਉਤਸੁਕਤਾ ਨਾਲ਼ ਕੀਤੀ ਸੀ। ਜਦੋਂ ਦੋ ਘੰਟੇ ਬਾਅਦ ਉਹ ਸੀਟੀ ਵੱਜੀ ਤਾਂ ਉਹ ਹਸਪਤਾਲ਼ ਵਾਲ਼ੀ ਸੜਕ ਉੱਤੇ ਆ ਗਿਆ ਤੇ ਬੋਖਾਉ ਨੂੰ ਵੇਖਦੇ ਹੀ ਉਸ ਨੇ ਸਵਾਲ ਕੀਤਾ, "ਦੱਸ, ਕੀ ਤੈਅ ਹੋਇਆ ?"

"ਛਿਆਲ਼ੀਆਂ ਨੂੰ ਅੱਜ ਸ਼ਾਮ ਤੱਕ ਅਲੋਪ ਹੋ ਜਾਣਾ ਹੈ। ਇੱਕ ਵੀ ਕੱਲ੍ਹ ਚੌਂਕੀ ਨੰਬਰ ਦੋ 'ਤੇ ਰਿਪੋਰਟ ਨਹੀਂ ਕਰੇਗਾ।"

ਕਰੈਮਰ ਨੂੰ ਹੋਰ ਕਿਸੇ ਫ਼ੈਸਲੇ ਦੀ ਆਸ ਵੀ ਨਹੀਂ ਸੀ। ਉਸ ਨੇ ਬੱਸ ਇਤਨਾ ਹੀ ਪੁੱਛਿਆ, "ਅਸੀਂ ਉਨ੍ਹਾਂ ਨੂੰ ਲੁਕਾਵਾਂਗੇ ਕਿੱਥੇ ?"

"ਜਿਹੜੀ ਥਾਂ ਵੀ ਸੁਰੱਖਿਅਤ ਵਿਖਾਈ ਦੇਵੇ। ਕੋਲੇ ਦੇ ਡਿਪੋ ਵਿੱਚ, ਆਲੂ ਦੇ ਡਿਪੋ ਵਿੱਚ, ਹਸਪਤਾਲ਼ ਵਿੱਚ, ਤਹਿਖ਼ਾਨਿਆਂ ਵਿੱਚ, ਛੋਟੇ ਕੈਂਪ ਦੇ ਅਸਤਬਲ ਵਿੱਚ। ਅਸੀਂ ਉਨ੍ਹਾਂ ਨੂੰ ਜਾਅਲੀ ਨੰਬਰ ਦੇ ਦੇਵਾਂਗੇ ਤੇ ਉਨ੍ਹਾਂ ਨੂੰ ਵੀ ਆਮ ਕੈਦੀਆਂ ਜਿਹਾ ਲਿਬਾਸ ਪੁਆ ਦੇਵਾਂਗੇ" ਤੇ ਉਸ ਨੇ ਹੱਥ ਦਾ ਇਸ਼ਾਰਾ ਕਰਦੇ ਹੋਏ ਆਖਿਆ, "ਹਰ ਥਾਂ ਤੂੰ ਸਮਝਿਆ ? ਅਤੇ ਸ਼ਾਮ ਦੀ ਹਾਜ਼ਰੀ ਮਗਰੋਂ ਹਨ੍ਹੇਰਾ ਹੁੰਦੇ ਹੀ ਇਹ ਸਭ ਕੁੱਝ ਹੋ ਜਾਵੇਗਾ। ਜੇ ਇਨ੍ਹਾਂ ਵਿੱਚ ਕੋਈ ਆਪ ਆਪਣੇ-ਆਪ ਨੂੰ ਲੁਕਾ ਸਕਦਾ ਹੈ ਤੇ ਉਸ ਨੂੰ ਕਰਨ ਦਿਉ।"

ਕਰੈਮਰ ਚੁੱਪ-ਚਾਪ ਸੁਣਦਾ ਰਿਹਾ, ਇਹ ਕੰਮ ਸੌਖਾ ਨਹੀਂ।

ਬੋਖਾਉ ਨੇ ਹੋਰ ਵੀ ਸੰਤੋਖ ਨਾਲ਼ ਉਸ ਨੂੰ ਪੂਰੇ ਫ਼ੈਸਲੇ ਤੋਂ ਜਾਣੂ ਕਰਵਾਇਆ। ਉਸ ਨੂੰ ਇਸ ਤੋਂ ਵੀ ਕੋਈ ਹੈਰਾਨੀ ਨਹੀਂ ਸੀ। ਉਸ ਨੂੰ ਵਿਸ਼ਵਾਸ ਹੋ ਗਿਆ ਕਿ ਵਰਤਮਾਨ ਹਾਲਤ ਵਿੱਚ ਇਸ ਤੋਂ ਬਿਨਾਂ ਹੋਰ ਫ਼ੈਸਲਾ ਹੋ ਵੀ ਕੀ ਸਕਦਾ ਸੀ ਤੇ ਜਦੋਂ ਬੋਖਾਉ ਨੇ ਉਸ ਨੂੰ ਦੱਸਿਆ ਕਿ ਹੁਣ ਕੌਮਾਂਤਰੀ ਮਜ਼ਦੂਰ ਕਮੇਟੀ ਤੇ ਕੈਂਪ ਦੇ ਵਿਚਾਲ਼ੇ ਸਬੰਧਾਂ ਦਾ ਕੰਮ ਵੀ ਉਹੋ ਕਰੇਗਾ, ਤਾਂ ਉਹ ਹੋਰ ਵੀ ਵਧੇਰੇ ਸਿਰ ਹਿਲਾ ਕੇ ਰਹਿ ਗਿਆ।

ਅਚਾਨਕ ਬੋਖਾਉ ਨੇ ਸੁਆਲ ਕੀਤਾ, "ਬੱਚੇ ਨੂੰ ਕੀ ਤੂੰ ਲੈ ਗਿਆ ਏਂ ? ਮੈਨੂੰ ਦੱਸ ਦੇ ਜੇ ਤੂੰ ਲੈ ਗਿਆ ਏਂ ਤਾਂ ?"

ਕਰੈਮਰ ਨੇ ਜਵਾਬ ਦਿੱਤਾ "ਨਹੀਂ, ਮੈਂ ਪਹਿਲਾਂ ਤੇਰੇ ਨਾਲ਼ ਗੱਲ ਕਰ ਲੈਂਦਾ, ਸਾਫ਼-ਸਾਫ਼ ਤੇ ਇਮਾਨਦਾਰੀ ਨਾਲ਼।"

ਬੋਖਾਉ ਨੂੰ ਇਸ ਦਾ ਵਿਸ਼ਵਾਸ ਹੋ ਗਿਆ, ਪਰ ਕਰੈਮਰ ਨੇ ਉਜ਼ਰ ਕੀਤਾ, "ਭਾਵ ਕੀ ਏ ? ਕੀ ਤੂੰ... ਤੂੰ ਸੱਚੀ-ਮੁੱਚੀ ਨਹੀਂ ਜਾਣਦਾ ਕਿ ਬੱਚਾ ਕਿੱਥੇ ਹੈ ?" ਉਹ ਸਮਝਦਾ ਸੀ ਕਿ ਬੱਚੇ ਨੂੰ ਕੌਮਾਂਤਰੀ ਮਜ਼ਦੂਰ ਕਮੇਟੀ ਨੇ ਹੀ ਅਲੋਪ ਕਰ ਦਿੱਤਾ ਹੈ।

ਬੋਖਾਉ ਨੇ ਆਪਣਾ ਸਿਰ ਹਿਲਾਇਆ ਤੇ ਥੱਕੇ-ਥੱਕੇ ਰੌਂ ਵਿੱਚ ਮੁਸਕਰਾਉਣ ਲੱਗਿਆ।

ਅਜੇ ਸ਼ਾਮ ਦੀ ਹਾਜ਼ਰੀ ਵਿੱਚ ਇੱਕ ਘੰਟਾ ਰਹਿੰਦਾ ਸੀ, ਕਿ ਇੱਕ ਅਜਿਹੀ ਗੱਲ ਹੋਈ ਕਿ ਜਿਸ ਦੀ ਕੋਈ ਆਸ ਨਹੀਂ ਸੀ। ਰੀਨਬ੍ਰਥ ਦੀ ਖਰ੍ਹਵੀਂ ਅਵਾਜ਼ ਲਾਊਡ ਸਪੀਕਰ 'ਤੇ ਗੂੰਜੀ : "ਕੈਂਪ ਸੀਨੀਅਰ ਸਾਰੇ ਬਲਾਕ ਸੀਨੀਅਰਾਂ ਨੂੰ ਲੈ ਕੇ ਫ਼ਾਟਕ ਉੱਤੇ ਤੁਰੰਤ ਹਾਜ਼ਰ

ਹੋਵੇ, ਤੁਰੰਤ।"

ਐਲਾਨ ਦੁਹਰਾਇਆ ਗਿਆ। ਬਲਾਕਾਂ ਵਿੱਚੋਂ ਛੇਤੀ-ਛੇਤੀ ਨਿੱਕਲ਼ ਕੇ ਸਾਰੇ ਬਲਾਕ ਸੀਨੀਅਰ ਕਰੈਮਰ ਦੇ ਦਫ਼ਤਰ ਸਾਹਮਣੇ ਜਮ੍ਹਾਂ ਹੋ ਗਏ। ਕੈਦੀਆਂ ਨੇ ਉਨ੍ਹਾਂ ਨੂੰ ਘੇਰ ਲਿਆ, ਕੀ ਗੱਲ ਹੈ ? ਬਲਾਕ ਸੀਨੀਅਰਾਂ ਨੂੰ ਫ਼ਾਟਕ 'ਤੇ ਕਿਉਂ ਬੁਲਾਇਆ ਗਿਆ ਹੈ ? ਕੀ ਕੈਂਪ ਖ਼ਾਲੀ ਕਰਾਇਆ ਜਾਵੇਗਾ ? ਅੱਜ ਹੀ ਜਾਂ ਕੱਲ੍ਹ ?

ਬਲਾਕ ਸੀਨੀਅਰ ਫ਼ਾਟਕ ਉੱਤੇ ਇਕੱਠੇ ਹੋ ਕੇ ਉਡੀਕ ਕਰ ਰਹੇ ਸਨ, ਕੋਈ ਨਾ ਆਇਆ। ਰੀਨਬੂਥ ਵੀ ਵਿਖਾਈ ਨਾ ਦਿੱਤਾ। ਕਰੈਮਰ ਨੇ ਲੋਹੇ ਵਾਲ਼ੇ ਫ਼ਾਟਕ ਦੇ ਪਰਲੇ ਪਾਸੇ ਸੜਕ ਉੱਤੇ ਕਲੂਟਿਗ ਨੂੰ ਤੇਜ਼-ਤੇਜ਼ ਕਦਮ ਪੁੱਟਦੇ ਫਿਰ ਕਮਾਂਡੈਂਟ ਦੇ ਹੈੱਡਕੁਆਟਰ ਵਿੱਚ ਅਲੋਪ ਹੁੰਦੇ ਵੇਖਿਆ। ਸੜਕ ਉੱਤੇ ਇੱਕ ਤਰਪਾਲ ਚੜ੍ਹਿਆ ਟਰੱਕ ਆਇਆ ਤੇ ਫ਼ਾਟਕ ਸਾਹਮਣੇ ਆ ਕੇ ਰੁਕ ਗਿਆ। ਪਹਿਲਾਂ ਨਾਜ਼ੀ ਫ਼ੌਜੀ ਉੱਤਰੇ, ਫਿਰ ਕੈਦੀ। ਕਰੈਮਰ ਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ ਹੈਂ ਇਹ ਤਾਂ...।

ਕਰੈਮਰ ਦਾ ਦਿਲ ਜ਼ੋਰ-ਜ਼ੋਰ ਨਾਲ਼ ਧੜਕਣ ਲੱਗਿਆ। ਇਹ ਸਮਾਨਖ਼ਾਨੇ ਵਾਲ਼ੇ ਕੈਦੀ ਸਨ ਜਿਹਨਾਂ ਨੂੰ ਹੁਣ ਬਲਾਕ ਫ਼ੋਹਰਰ ਦੇ ਹਵਾਲੇ ਕੀਤਾ ਜਾ ਰਿਹਾ ਸੀ। ਰੀਨਬੂਥ ਆਇਆ ਉਸ ਕੈਦੀਆਂ ਨੂੰ ਹਥਿਆਉਣਾ ਚਾਹਿਆ ਹੀ ਸੀ ਕਿ ਸ਼ੋਹਾਲ ਆਪਣੇ ਹੈੱਡਕੁਆਟਰ ਵਿੱਚੋਂ ਨਿੱਕਲ਼ਿਆ। ਉਸ ਦੇ ਨਾਲ਼ ਵਾਈਸਾਂਗ ਤੇ ਆਰਡੀਨੈਨਸ ਆਫ਼ੀਸਰ ਵਟਿਗ ਸੀ, ਉਹ ਫ਼ਾਟਕ ਵੱਲ ਵਧੇ। ਰੀਨਬੂਥ ਨੂੰ ਕੈਦੀਆਂ ਦੀ ਖ਼ਬਰ ਲੈਣ ਦਾ ਵੀ ਸਮਾਂ ਨਾ ਮਿਲ਼ਿਆ। ਉਸ ਉਨ੍ਹਾਂ ਦੀ ਇੱਕ ਕਤਾਰ ਬਣਵਾਈ ਤੇ ਕਮਾਂਡੈਂਟ ਨੂੰ ਸਲਾਮੀ ਦੇਣ ਲਈ ਵਧਿਆ।

ਸ਼ੋਹਾਲ ਕੈਦੀਆਂ ਸਾਹਮਣੇ ਰੁਕ ਗਿਆ, "ਇਹ ਕੀ ਹੈ ?"

ਰੀਨਬੂਥ ਨੇ ਰਿਪੋਰਟ ਦਿੱਤੀ, "ਹਾਪਤ ਅਸਟਰਮ ਫ਼ੋਹਰਰ ਕਲੂਟਿਗ ਦੇ ਹੁਕਮ ਨਾਲ਼ ਨੌਂ ਕੈਦੀ ਤੇ ਇੱਕ ਲਾਸ਼ ਵਾਇਸਰ ਗਸਟਾਪੋ ਤੋਂ ਵਾਪਸ ਕੈਂਪ ਵਿੱਚ ?"

"ਅੱਛਾ" ਸ਼ੋਹਾਲ ਨੇ ਦਿਲਚਸਪੀ ਦਾ ਪ੍ਰਗਟਾਅ ਕਰਦਿਆਂ ਆਖਿਆ। ਉਸ ਕੈਦੀਆਂ ਨੂੰ ਵੇਖਿਆ, ਜਿਨ੍ਹਾਂ ਕੰਬਲ਼ ਵਿੱਚ ਲਪੇਟਿਆ ਇੱਕ ਭਾਰ ਲਾਹ ਕੇ ਹੇਠਾਂ ਰੱਖ ਦਿੱਤਾ।

ਕਰੈਮਰ ਦੇ ਦਿਲ ਦੀ ਹਰਕਤ ਲਗਭਗ ਬੰਦ ਹੋ ਗਈ। ਆਉਣ ਵਾਲ਼ਿਆਂ ਵਿੱਚ ਪੀਪਿਗ ਨਹੀਂ ਸੀ, ਪਰ ਇੱਕ ਲਾਸ਼ ਸੀ...।

ਸ਼ੋਹਾਲ ਨੇ ਕੈਦੀਆਂ ਨੂੰ ਇਸ ਢੰਗ ਨਾਲ਼ ਸੰਬੋਧਨ ਕੀਤਾ ਕਿ ਬਲਾਕ ਸੀਨੀਅਰ ਵੀ ਇਸ ਦਾ ਅਰਥ ਸਮਝ ਗਏ: "ਸ਼ੁਕਰ ਕਰੋ ਕਿ ਮੇਰੇ ਨਾਲ਼ ਮੇਲ਼ ਹੋ ਗਿਆ।" ਫੇਰ ਰੀਨਬੂਥ ਨੂੰ ਸੰਬੋਧਨ ਹੋਇਆ, "ਇਨ੍ਹਾਂ ਲੋਕਾਂ ਨੂੰ ਕੈਂਪ 'ਚ ਦਾਖ਼ਲ ਕਰ ਦੇਵੋ।" ਰੀਨਬੂਥ ਆਪਣੀ ਅੱਡੀ ਵਜਾ ਕੇ ਅਟੈਂਸ਼ਨ ਹੋ ਗਿਆ। ਬਲਾਕ ਫ਼ੋਹਰਰ ਨੇ ਫ਼ਾਟਕ ਖੋਲ੍ਹ ਦਿੱਤਾ। ਕੈਦੀ ਕਰੈਮਰ ਦੇ ਕੋਲ਼ੋਂ ਲੰਘਦੇ ਹੋਏ ਪਰੇਡ ਗਰਾਉਂਡ ਵੱਲ ਭੱਜ ਗਏ। ਲਾਸ਼ ਕੰਧ ਦੇ ਨਾਲ਼ ਪਈ ਰਹੀ।

ਕਰੈਮਰ ਬੜਾ ਪ੍ਰੇਸ਼ਾਨ ਸੀ ਕਿ ਇਹ ਕੀ ਹੋਇਆ ਹੈ ? ਐਪਰ ਕਮਾਂਡੈਂਟ ਫ਼ਾਟਕ ਦੇ

ਅੰਦਰ ਆ ਚੁੱਕਿਆ ਸੀ ਤੇ ਕਰੈਮਰ ਨੂੰ ਆਪਣਾ ਬੇਸੁਆਦਾ ਫ਼ਰਜ਼ ਪੂਰਾ ਕਰਨਾ ਪਿਆ।

"ਬਲਾਕ ਸੀਨੀਅਰਜ਼ ਅਟੈਨਸ਼ਨ, ਟੋਪੀਆਂ ਉਤਾਰੋ।" ਤੇ ਸ਼ੋਹਾਲ ਨੇ ਹੁਕਮ ਦਿੱਤਾ, "ਐਟ ਈਜ਼"

ਰੀਨਬੂਥ ਪਿੱਛੇ ਰਿਹਾ। ਸ਼ੋਹਾਲ ਕੁਝ ਕਦਮ ਅੱਗੇ ਆਇਆ, ਫਿਰ ਪਿਛਾਂਹ ਚਲਾ ਗਿਆ ਤੇ ਠਹਿਰ ਗਿਆ। ਉਸ ਆਪਣੀਆਂ ਮੁੱਠਾਂ ਪੁੜਿਆਂ 'ਤੇ ਰੱਖੀਆਂ ਤੇ ਢਿੱਡ ਅਗਾਂਹ ਨੂੰ ਕੱਢ ਕੇ ਬੋਲਿਆ: "ਮੈਂ ਇਨ੍ਹਾਂ ਲੋਕਾਂ ਨੂੰ ਕੈਂਪ ਵਿੱਚ ਦਾਖ਼ਲ ਕਰ ਦਿੱਤਾ ਹੈ, ਤੂੰ ਵੇਖਿਆ ਹੈ ?" ਉਸ ਕਰੈਮਰ ਵੱਲ ਵੇਖ ਕੇ ਆਖਿਆ।

"ਯੈੱਸ ਸਰ" ਕਰੈਮਰ ਨੇ ਉੱਤਰ ਦਿੱਤਾ।

"ਇਸ ਦਾ ਅਰਥ ਹੈ ਕਿ ਹੁਣ ਇਨ੍ਹਾਂ ਨੂੰ ਕੁਝ ਨਹੀਂ ਹੋਵੇਗਾ। ਇੱਕ ਅਫ਼ਸਰ ਵਜੋਂ ਤੈਨੂੰ ਜ਼ਬਾਨ ਦਿੰਦਾ ਹਾਂ ਕਿ ਕੈਂਪ ਖ਼ਾਲੀ ਨਹੀਂ ਕਰਵਾਇਆ ਜਾਵੇਗਾ, ਮੈਂ ਆਖ਼ਰ ਤੱਕ ਰਹਾਂਗਾ, ਜੇ ਮੈਂ ਇਤਿਹਾਦੀਆਂ ਦੇ ਆਉਣ ਤੱਕ ਜਿਉਂਦਾ ਰਿਹਾ ਤਾਂ ਮੈਂ ਕੈਂਪ ਬਕਾਇਦਾ ਹਵਾਲੇ ਕਰ ਦਿਆਂਗਾ।"

ਰੁੱਕ ਕੇ ਉਸ ਨੇ ਪੂਰੇ ਕੈਂਪ ਦਾ ਜਾਇਜ਼ਾ ਲਿਆ, "ਸਾਰਿਆਂ ਮੇਰੀ ਗੱਲ ਸਮਝ ਲਈ ?"

ਬਲਾਕ ਸੀਨੀਅਰਾਂ ਦੀ "ਯੈੱਸ ਸਰ" ਭਿਣਭਿਣ ਵਾਂਗ ਫ਼ੈਲ ਗਈ। ਸ਼ੋਹਾਲ ਇੱਕ ਭਾਸ਼ਣਕਾਰ ਵਾਂਗ ਟਹਿਲਣ ਲੱਗਿਆ "ਦੂਜੇ ਦੇਸ਼ਾਂ ਦੇ ਰੇਡਿਓ ਸਟੇਸ਼ਨ ਕਹਿੰਦੇ ਹਨ, ਜਦ ਤੋਂ ਮੈਂ ਕਮਾਂਡੈਂਟ ਬਣਿਆ ਹਾਂ, ਕੈਂਪ ਦੀ ਹਾਲਤ ਸੁਧਰ ਗਈ ਹੈ। ਲੋਕ ਇਸ ਗੱਲ ਨੂੰ ਜਾਣਦੇ ਹਨ। ਤੁਹਾਨੂੰ ਆਗਿਆ ਹੈ ਕਿ ਤੁਸੀਂ ਆਪਣੇ ਸਾਥੀ ਕੈਦੀਆਂ ਨੂੰ ਦੱਸ ਦਿਓ ਕਿ ਮੈਂ ਤੁਹਾਨੂੰ ਜ਼ਬਾਨ ਦਿੱਤੀ ਹੈ ਕਿ ਚਾਹੇ ਕੁਝ ਵੀ ਹੋਵੇ ਮੈਂ ਡਸਿਪਲਿਨ ਨਾਲ਼ ਚੁੱਪ-ਚਾਪ ਕੰਮ ਕਰਾਂਗਾ। ਮੈਨੂੰ ਰੀਸ਼ ਫ਼ੋਹਰਰ ਐੱਸ.ਐੱਸ. ਦਾ ਹੁਕਮ ਮਿਲ਼ਿਆ ਹੈ ਕਿ ਕੈਦੀ ਨਾਲ਼ ਦੀਆਂ ਬਸਤੀਆਂ ਵਿੱਚ ਸਫ਼ਾਈ ਲਈ ਜਾਣਗੇ, ਉਨ੍ਹਾਂ ਨੂੰ ਸ਼ਹਿਰੀਆਂ ਵਾਂਗ ਪੂਰਾ ਖਾਣਾ ਮਿਲ਼ੇਗਾ ਤੇ ਉਹ ਬੰਬਾਰੀ ਤੋਂ ਬਚਣ ਵਾਲ਼ੇ ਤਹਿਖ਼ਾਨਿਆਂ ਵਿੱਚ ਰਹਿਣਗੇ ਤੇ ਜਦੋਂ ਕੰਮ ਖ਼ਤਮ ਹੋਵੇਗਾ ਤਾਂ ਕੈਂਪ ਵਾਪਸ ਆ ਜਾਣਗੇ। ਮੈਨੂੰ ਆਸ ਹੈ ਕਿ ਕੈਦੀ ਆਪਣਾ ਫ਼ਰਜ਼ ਪੂਰਾ ਕਰਨਗੇ, ਉਸ ਇੱਕ-ਇੱਕ ਬਲਾਕ ਸੀਨੀਅਰ ਨੂੰ ਵੇਖਿਆ ਤੇ ਫਿਰ ਆਖਿਆ: "ਕੈਂਪ ਸੀਨੀਅਰ, ਇਨ੍ਹਾਂ ਨੂੰ ਜਾਣ ਦਾ ਹੁਕਮ ਦਿਓ।"

ਕਰੈਮਰ ਨੇ ਮੁੜ ਕੇ ਹੁਕਮ ਦਿੱਤਾ, "ਟੋਪੀਆਂ ਪਾਓ, ਪਿੱਛੇ ਮੁੜੋ, ਕਦਮ ਨਾਲ਼ ਕਦਮ ਮਿਲ਼ਾਓ ਤੇ ਮਾਰਚ।" ਸਾਰਿਆਂ ਤੋਂ ਪਿੱਛੇ ਉਹ ਆਪ ਸੀ, ਉਸ ਦਾ ਕਲੇਜਾ ਮੁੱਠ ਵਿੱਚ ਘੁੱਟਿਆ ਜਾ ਰਿਹਾ ਸੀ। ਪੀਪਿਗ ਉੱਥੇ ਹੀ ਪਿਆ ਸੀ....।

ਸ਼ੋਹਾਲ ਉਨ੍ਹਾਂ ਨੂੰ ਜਾਂਦਾ ਵੇਖਦਾ ਰਿਹਾ। ਫਿਰ ਉੱਥੋਂ ਹਟਣ ਤੋਂ ਪਹਿਲਾਂ ਰੀਨਬੂਥ ਨੂੰ ਬੋਲਿਆ : "ਕੀ ਰਾਇ ਹੈ ?"

ਰੀਨਬੂਥ ਨੇ ਸਲੂਟ ਮਾਰਿਆ, "ਹਰ ਕਮਾਂਡੈਂਟ, ਤੁਹਾਡੀ ਡਿਪਲੋਮੇਸੀ ਦਾ ਕੋਈ ਜਵਾਬ ਨਹੀਂ।"

ਬਾਹਰ, ਜੋ ਕੁੱਝ ਕਿਹਾ ਜਾ ਰਿਹਾ ਸੀ, ਉਹ ਹੋਫ਼ਲ ਤੇ ਕਰੋਪਿਨਸਕੀ ਨੂੰ ਸਾਫ਼ ਸੁਣਾਈ ਦੇ ਰਿਹਾ ਸੀ। ਕਈ ਦਿਨਾਂ ਤੋਂ ਮੈਂਡਰਲ ਉਨ੍ਹਾਂ ਨੂੰ ਖੜ੍ਹਾ ਕਰੀ ਰੱਖਦਾ ਸੀ। ਬੱਸ ਸ਼ਾਮ ਦੀ ਹਾਜ਼ਰੀ ਮਗਰੋਂ ਉਨ੍ਹਾਂ ਨੂੰ ਲੇਟਣ ਦੀ ਆਗਿਆ ਮਿਲ਼ਦੀ ਤੇ ਠੰਡੇ ਫ਼ਰਸ਼ ਉੱਤੇ ਇੱਕ ਦੂਜੇ ਨਾਲ਼ ਚੰਬੜ ਕੇ ਪਏ ਰਹਿੰਦੇ। ਇਸ ਸਮੇਂ ਵੀ ਦੋਵੇਂ ਖਲੋਤੇ ਸਨ। ਇਸ ਦਿਨ ਦੋਬਾਰਾ ਮੈਂਡਰਲ ਨੇ ਬਾਕੀ ਕੈਦੀਆਂ ਨੂੰ ਕੱਢ ਕੇ ਉਨ੍ਹਾਂ ਨੂੰ ਲਾਂਘੇ ਵਿੱਚ ਊਠਕ-ਬੈਠਕ ਕਰਵਾਈ ਸੀ ਕਿ ਉਹ ਸੁੰਨ ਹੋ ਕੇ ਡਿੱਗ ਪਏ ਸਨ, ਜਦੋਂ ਮੈਂਡਰਲ ਲਾਂਘੇ ਵਿੱਚ ਚੀਕਦਾ ਰਹਿੰਦਾ, ਉਸ ਸਮੇਂ ਤੱਕ ਉਹ ਦੋਵੇਂ ਇੱਕ-ਦੂਜੇ ਨਾਲ਼ ਟੇਕ ਲਾ ਕੇ ਖੜ੍ਹੇ ਹੋ ਜਾਂਦੇ, ਕਿਉਂ ਜੋ ਉਨ੍ਹਾਂ ਦਾ ਖ਼ਿਆਲ ਹੁੰਦਾ ਕਿ ਮੈਂਡਰਲ ਉਨ੍ਹਾਂ ਵੱਲ ਵੇਖ ਰਿਹਾ ਹੋਵੇਗਾ। ਜਦੋਂ ਬਾਹਰ ਖ਼ਾਮੋਸ਼ੀ ਹੋ ਜਾਂਦੀ ਤਾਂ ਫਿਰ ਉਨ੍ਹਾਂ ਨੂੰ ਵੱਖ-ਵੱਖ ਹੋ ਕੇ ਖੜ੍ਹਾ ਹੋਣਾ ਪੈਂਦਾ। ਹੁਣ ਉਹ ਘੰਟਿਆਂ ਤੋਂ ਖਲੋਤੇ ਸਨ। ਪਿੱਠ ਵਿੱਚ ਛੁਰੀਆਂ ਚੁੱਭ ਰਹੀਆਂ ਸਨ। ਵਾਰ-ਵਾਰ ਹੋਫ਼ਲ ਆਪਣੇ-ਆਪ ਨੂੰ ਸੰਭਾਲ਼ਦਾ, ਪਰ ਵਾਰ-ਵਾਰ ਕਰੋਪਿਨਸਕੀ ਨਾਲ਼ ਟੇਕ ਲਾ ਲੈਂਦਾ।

ਕਰੋਪਿਨਸਕੀ ਨੇ ਉਸ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕੀਤੀ, ਛੇਤੀ ਹਾਜ਼ਰੀ ਹੋਵੇਗੀ, ਫਿਰ ਅਸੀਂ ਲੋਕ ਚੰਗੀ ਤਰ੍ਹਾਂ ਸੌਂਵਾਂਗੇ, ਪਰ ਹੋਫ਼ਲ ਨੂੰ ਤਸੱਲੀ ਨਹੀਂ ਸੀ ਹੋ ਰਹੀ, "ਹੁਣ ਕੋਈ ਲਾਭ ਨਹੀਂ... ਮੈਂ ਆਪਣੇ ਆਪ, ਆਪ ਨੂੰ ਫ਼ਾਂਸੀ ਦੇ ਲਵਾਂਗਾ।"

ਕਰੋਪਿਨਸਕੀ ਡਰ ਗਿਆ। ਉਸ ਖ਼ੁਸ਼ਾਮਦ ਕੀਤੀ, "ਨਹੀਂ ਵੀਰ ਨਹੀਂ, ਰਤਾ ਥੋੜ੍ਹੀ ਦੇਰ ਹੋਰ, ਫਿਰ ਤਾਂ ਹਾਜ਼ਰੀ ਹੋ ਜਾਵੇਗੀ।"

ਹੋਫ਼ਲ ਡਡਿਆਉਣ ਲੱਗਾ, ਉਸ ਦਾ ਸਿਰ ਅਗਾਂਹ ਨੂੰ ਢਲਕ ਗਿਆ ਸੀ ਤੇ ਉਸ ਦਾ ਸਰੀਰ ਡੋਲ ਗਿਆ ਸੀ। ਅਚਾਨਕ ਕਰੋਪਿਨਸਕੀ ਨੇ ਕਿਹਾ, "ਸੁਣ, ਬਾਹਰ ਸੁਣ। ਕੌਣ ਬੋਲ ਰਿਹਾ ਹੈ ?" ਹੋਫ਼ਲ ਨੇ ਚੌਂਕ ਕੇ ਸਿਰ ਚੁੱਕਿਆ। ਕਰੈਮਰ ਦੀ ਅਵਾਜ਼ ਸੀ। ਕਿਤਨੀ ਦੇਰ ਬਾਅਦ ਉਸ ਨੇ ਸੁਣਿਆ ਸੀ ਤੇ ਉਸ ਦੇ ਕੰਨ ਉੱਧਰ ਹੀ ਲੱਗ ਗਏ। ਉਸ ਦੀਆਂ ਅੱਖਾਂ ਖੁੱਲ੍ਹ ਗਈਆਂ।

"ਮਾਰਿਆਨ ?"

"ਹਾਂ।"

"ਇਹ ਲੋਕ ਕੈਂਪ ਖ਼ਾਲੀ ਨਹੀਂ ਕਰਵਾਉਣਗੇ, ਸਗੋਂ ਇਤਿਹਾਦੀਆਂ ਦੇ ਹਵਾਲੇ ਕਰ ਦੇਣਗੇ..."

"ਸੱਚ... ?"

"ਸੁਣ..."

ਹੋਫ਼ਲ ਵਿੱਚ ਨਵੀਂ ਜਾਨ ਪੈ ਗਈ, "ਜੇ ਇਹ ਸੱਚ ਹੈ... ਜੇ ਸੱਚ ਹੈ ?"

ਕਰੋਪਿਨਸਕੀ ਦਾ ਚਿਹਰਾ ਦਮਕਣ ਲੱਗ ਪਿਆ, "ਪਵਿੱਤਰ ਮਰੀਅਮ !" ਉਸ ਨੇ ਸਾਹ ਲਿਆ ਤੇ ਉਸ ਦੇ ਸ਼ਬਦ ਕੱਚੇ ਸੂਤਰ ਵਾਂਗ ਸਨ "ਤਾਂ ਅਸੀਂ ਹੋ ਸਕਦਾ ਹੈ... ਨਾ ਮਰੀਏ ?"

ਕਲਰਕ ਦੇ ਕਮਰੇ ਦੇ ਸਾਹਮਣੇ ਬਲਾਕ ਫ਼ੋਹਰਰਾਂ ਵਿੱਚ ਬੜੀ ਦੇਰ ਤੱਕ ਬਹਿਸ ਹੁੰਦੀ ਰਹੀ। ਕਈਆਂ ਨੂੰ ਵਿਸ਼ਵਾਸ ਸੀ ਕਿ ਕਮਾਂਡੈਂਟ ਨੇ ਸੱਚ ਆਖਿਆ ਹੈ, ਕੈਂਪ ਨੂੰ ਅਮਰੀਕਨਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ। ਬਾਕੀ ਇਸ 'ਤੇ ਹੱਸ ਰਹੇ ਸਨ ਤੇ ਕਹਿ ਰਹੇ ਸਨ ਕਿ ਕਮਾਂਡੈਂਟ ਉਨ੍ਹਾਂ ਦੀਆਂ ਅੱਖਾਂ ਵਿੱਚ ਧੂੜ ਪਾ ਰਿਹਾ ਹੈ। ਕਰੈਮਰ ਕੁੱਝ ਸ਼ਬਦਾਂ ਵਿੱਚ ਫ਼ੈਸਲਾ ਕਰ ਸਕਦਾ ਸੀ, ਪਰ ਕੁੱਝ ਬਲਾਕ ਸੀਨੀਅਰ ਅਜਿਹੇ ਸਨ, ਜਿਨ੍ਹਾਂ ਦੀ ਮੌਜੂਦਗੀ ਵਿੱਚ ਸਾਵਧਾਨ ਰਹਿਣਾ ਜ਼ਰੂਰੀ ਸੀ, ਇਸ ਲਈ ਉਹ ਨਿਰਪੱਖ ਰਿਹਾ, "ਵੇਖੋ, ਅਗਾਂਹ ਕੀ ਹੁੰਦਾ ਹੈ।"

ਦੋ ਬਲਾਕ ਫ਼ੋਹਰਰ ਆ ਗਏ ਉਨ੍ਹਾਂ ਸੁਆਲ ਕੀਤਾ, "ਇਹ ਕੀ ਹੋ ਰਿਹਾ ਹੈ ?" ਇਸ ਭੀੜ ਵਿੱਚ ਜਿਹੜੇ ਕੈਦੀ ਸਨ, ਉਹ ਖਿਸਕ ਗਏ। ਬਲਾਕ ਸੀਨੀਅਰਾਂ ਨੇ ਟੋਪੀਆਂ ਲਾਹ ਲਈਆਂ। ਕਰੈਮਰ ਨੇ ਦੱਸਿਆ, "ਅਸੀਂ ਲੋਕ ਫ਼ਾਟਕ 'ਤੇ ਗਏ ਸਾਂ, ਕਮਾਂਡੈਂਟ ਨੇ ਸਾਡੇ ਨਾਲ਼ ਗੱਲ ਕੀਤੀ।" ਕੁੱਝ ਬਲਾਕ ਸੀਨੀਅਰ ਬੋਲ ਪਏ, "ਕੈਂਪ ਨੂੰ ਹਵਾਲੇ ਕਰ ਦਿੱਤਾ ਜਾਵੇਗਾ।"

ਬਲਾਕ ਫ਼ੋਹਰਰ ਬਹਿਸ ਵਿੱਚ ਨਾ ਪਏ, "ਭੀੜ ਨਾ ਕਰੋ। ਆਪਣੇ-ਆਪਣੇ ਬਲਾਕ ਵਿੱਚ ਚਲੇ ਜਾਓ।" ਤੇ ਫਿਰ ਭੀੜ ਖਿੰਡ ਗਈ।

ਜ਼ਵਾਈਲਿੰਗ ਆਪਣੀ ਮੇਜ਼ ਉਤੇ ਨਿਰਜਿੰਦ ਜਿਹਾ ਬੈਠਾ ਸੀ। ਯਹੂਦੀ ਬੱਚੇ ਵਾਲ਼ਾ ਮਾਮਲਾ ਗੁੰਝਲਦਾਰ ਹੁੰਦਾ ਜਾ ਰਿਹਾ ਸੀ। ਉਸ ਦੀ ਤਬੀਅਤ ਵੀ ਚੰਗੀ ਨਹੀਂ ਸੀ। ਬਾਹਰ ਰੌਲ਼ਾ ਪਿਆ ਹੋਇਆ ਸੀ। ਲੋਕ ਇੱਧਰ-ਉੱਧਰ ਭੱਜ ਰਹੇ ਸਨ। ਜ਼ਵਾਈਲਿੰਗ ਉੱਠ ਖਲ੍ਹੋਤਾ ਤੇ ਜੋ ਕੁੱਝ ਉਸ ਨੇ ਵੇਖਿਆ ਉਸ 'ਤੇ ਹੈਰਾਨ ਰਹਿ ਗਿਆ। ਵਾਇਮਰ ਤੋਂ ਆਉਣ ਵਾਲ਼ੇ ਕੈਦੀਆਂ ਦਾ ਸੁਆਗਤ ਹੋ ਰਿਹਾ ਸੀ ਤੇ ਸਭ ਤੋਂ ਵੱਧ ਹੈਰਾਨੀ ਵੀਰਾਖ ਨੂੰ ਸੀ। ਉਹ ਹਰ ਇੱਕ ਨੂੰ ਹੱਥ ਮਿਲ਼ਾ ਕੇ ਆਖ ਰਿਹਾ ਸੀ "ਤੁਸੀਂ ਆ ਗਏ ਕਿਤਨੀ ਵੱਡੀ ਖ਼ੁਸ਼ੀ ਦੀ ਗੱਲ ਹੈ।"

ਜ਼ਵਾਈਲਿੰਗ ਹੋਰ ਨੇੜੇ ਆ ਗਿਆ "ਤੁਰੰਤ ਲੋਕ ਕਿੱਧਰੋਂ ਆ ਨਿੱਕਲੇ ਹੋ।" ਕੈਦੀ ਚੁੱਪ ਹੋ ਗਏ। ਵੀਰਾਖ ਨੇ ਉਨ੍ਹਾਂ ਵੱਲੋਂ ਉੱਤਰ ਦਿੱਤਾ : "ਛੱਡ ਦਿੱਤੇ ਗਏ ਹਨ।"

ਜ਼ਵਾਈਲਿੰਗ ਆਪਣੇ ਕਮਰੇ ਵਿੱਚ ਪਰਤ ਆਇਆ। ਬਾਹਰ ਰੌਲ਼ਾ ਪੈਂਦਾ ਰਿਹਾ, "ਉਸ ਨੂੰ ਜਾਣ ਦਾ ਖ਼ਿਆਲ ਆਇਆ ਤੇ ਕਲਰਕ ਦੇ ਕਮਰੇ ਵਿੱਚ ਗਿਆ। ਉਸ ਨੂੰ ਵੇਖ ਕੇ ਕੈਦੀ ਫਿਰ ਖ਼ਾਮੋਸ਼ ਹੋ ਗਏ। ਉਹ ਸਿੱਧਾ ਜਾ ਕੇ ਰੋਜ਼ ਦੇ ਸਾਹਮਣੇ ਖੜ੍ਹਾ ਹੋ ਗਿਆ, ਜਿਸ ਦੇ ਚਿਹਰੇ ਤੋਂ ਸਹਿਮ ਵਰ੍ਹ ਰਿਹਾ ਸੀ। ਜ਼ਵਾਈਲਿੰਗ ਦੀਆਂ ਅੱਖਾਂ ਨੇ ਕੈਦੀਆਂ ਦਾ ਅਨੁਮਾਨ ਲਾਇਆ, ਐਪਰ ਪੀਪਿਗ ਕਿੱਥੇ ਹੈ ?"

ਸਾਰਿਆਂ ਨਜ਼ਰਾਂ ਝੁਕਾ ਲਈਆਂ। ਕੋਈ ਕੁੱਝ ਨਾ ਬੋਲਿਆ। ਜ਼ਵਾਈਲਿੰਗ ਜ਼ੋਰ ਨਾਲ਼ ਸੰਬੋਧਨ ਹੋਇਆ : "ਕਿੱਥੇ ਹੈ ਉਹ ?"

ਰੋਜ਼ ਰੋਣ-ਹਾਰ ਹੋ ਗਿਆ। ਦੋ ਵਾਰ ਥੁੱਕ ਅੰਦਰ ਲੰਘਾ ਕੇ ਉਸ ਕੁੱਝ ਕਹਿਣ ਲਈ ਮੂੰਹ ਖੋਲ੍ਹਿਆ ਹੀ ਸੀ ਕਿ ਲਾਊਡ ਸਪੀਕਰ 'ਤੇ ਗੀਨਬੂਥ ਦੀ ਅਵਾਜ਼ ਆਈ, "ਦੋ ਲਾਸ਼ ਉਠਾਉਣ ਵਾਲ਼ੇ, ਸਟਰੈਚਰ ਲੈ ਕੇ ਫ਼ਾਟਕ 'ਤੇ ਹਾਜ਼ਰ ਹੋਣ।" ਹੁਕਮ ਦੁਹਰਾਇਆ ਗਿਆ।

ਰੋਜ਼ ਬੱਸ ਇਤਨਾ ਹੀ ਆਖ ਸਕਿਆ : "ਹਰ ਹਾਪਤ ਸ਼ਾਰ ਫ਼ੋਹਰਰ... ਮੈਂ ਪੀਪਿਗ... ਉਹ..." ਕੈਦੀ ਨੇ ਨਜ਼ਰਾਂ ਚੁੱਕ ਕੇ ਜ਼ਵਾਈਲਿੰਗ ਨੂੰ ਵੇਖਿਆ। ਇਸ ਕੁੱਝ ਨਾ ਆਖਿਆ। ਰੋਜ਼ ਨੇ ਥੁੱਕ ਅੰਦਰ ਲੰਘਾਈ। ਜ਼ਵਾਈਲਿੰਗ ਦੀ ਸਮਝ ਵਿੱਚ ਆ ਗਿਆ।

"ਕਿਵੇਂ ਹੋਇਆ ?" ਉਸ ਮੂਰਖਤਾ ਨਾਲ਼ ਪ੍ਰਸ਼ਨ ਕੀਤਾ। ਜਦੋਂ ਕਿਸੇ ਵੀ ਉੱਤਰ ਨਾ ਦਿੱਤਾ ਤੇ ਉਸ ਆਪ ਹੀ ਆਖਿਆ : "ਹਨ੍ਹੇਰਾ ਹੋ ਗਿਆ..." ਤੇ ਉਹ ਆਪਣੇ ਕਮਰੇ ਵਿੱਚ ਚਲਾ ਗਿਆ।

ਕਰੈਮਰ ਤੇ ਪਰੋਲ ਆਪਣੇ ਕਮਰੇ ਦੀ ਖਿੜਕੀ ਉੱਤੇ ਖਲ਼ੋਤੇ ਸਨ। ਥੋੜ੍ਹੀ ਦੇਰ ਬਾਅਦ ਉਨ੍ਹਾਂ ਵੇਖਿਆ ਕਿ ਲਾਸ਼ ਚੁੱਕਣ ਵਾਲ਼ੇ ਸਟਰੈਚਰ ਚੁੱਕ ਕੇ ਪਰਤ ਰਹੇ ਸਨ। ਉਸ ਉੱਤੇ ਇੱਕ ਸੁਰਮਈ ਕੰਬਲ ਪਿਆ ਹੋਇਆ ਸੀ। ਜਦੋਂ ਉਹ ਸਮਸ਼ਾਨ ਘਰ ਮੁੜੇ ਤਾਂ ਕਰੈਮਰ ਨੇ ਆਪਣੀ ਟੋਪੀ ਲਾਹ ਲਈ। ਉਸ ਦੀਆਂ ਅੱਖਾਂ ਇੱਕ ਵਿਛੜੇ ਹੋਏ ਸਾਥੀ ਤੋਂ ਵਿਦਾ ਹੋ ਰਹੀਆਂ ਸਨ।

ਬੋਖਾਉ ਉਸ ਰਾਤ ਬੜੀ ਦੇਰ ਨਾਲ਼ ਆਪਣੇ ਬਿਸਤਰੇ ਉੱਤੇ ਪਾਸੇ ਪਰਤਦਾ ਰਿਹਾ। ਸਭ ਹੋ ਚੁੱਕਿਆ ਸੀ। ਰੁਨਕੀ ਉਸ ਦੇ ਹੇਠਲੇ ਤਹਿਖ਼ਾਨੇ ਵਿੱਚ ਸੀ ਤੇ ਬਾਕੀ ਲੋਕ ਵੀ ਕੈਂਪ ਵਿੱਚ ਛੁਪਣ ਦੀਆਂ ਵੱਖ-ਵੱਖ ਥਾਵਾਂ 'ਤੇ ਸਨ। ਜੋ ਹੋ ਚੁੱਕਿਆ ਸੀ ਉਸ ਨੂੰ ਨਾ ਬਦਲਿਆ ਜਾ ਸਕਦਾ ਸੀ ਨਾ ਮਿਟਾਇਆ ਜਾ ਸਕਦਾ। ਬੋਖਾਉ ਨੇ ਅੱਖਾਂ ਬੰਦ ਕਰ ਲਈਆਂ। ਨੀਂਦ ਲਿਆਉਣੀ ਚਾਹੀ ਤੇ ਉਹ ਆਪਣੇ ਭਾਵਾਂ ਨੂੰ ਆਪ ਅਨੁਭਵ ਕਰਨ ਲੱਗਾ। ਕੀ ਮੈਂ ਡਰ ਰਿਹਾ ਹਾਂ ? ਕੀ ਮੈਂ ਕੰਬ ਰਿਹਾ ਹਾਂ ? ਕੀ ਸਾਰੇ ਕਾਮਰੇਡਾਂ ਦੇ ਹੱਥ ਮਿਲ਼ ਕੇ ਇੱਕ ਨਹੀਂ ਬਣ ਗਏ ? ਕੀ ਉਸ ਦਾ ਇਰਾਦਾ ਸੱਤ ਦਾ ਇਰਾਦਾ ਨਹੀਂ ਬਣ ਗਿਆ ? ਹਾਂ ਸਾਰਿਆਂ ਦਾ, ਪੰਜਾਹ ਹਜ਼ਾਰ ਦਾ, ਕੇਵਲ ਕੁੱਝ ਕਾਮਰੇਡਾਂ ਦਾ ਨਹੀਂ। ਕੀ ਇਨ੍ਹਾਂ ਕੁੱਝ ਦੇ ਰਾਹੀਂ ਜ਼ਿੰਮੇਵਾਰੀਆਂ ਨੂੰ ਸਭ ਵਿੱਚ ਵੰਡ ਸਕਾਂਗਾ ਜਾਂ ਹਜ਼ਾਰਾਂ ਉਂਗਲਾਂ ਉਸ ਨੂੰ ਮੁਜਰਮ ਠਹਿਰਾਉਣਗੀਆਂ "ਤੂੰ ਜ਼ਿੰਮੇਵਾਰ ਹੈਂ, ਕੇਵਲ ਤੂੰ, ਫ਼ੈਸਲਾ ਤੇਰੇ ਮੂੰਹੋਂ ਨਿੱਕਲਿਆ ਸੀ, ਤੂੰ ਮੁਜਰਮ ਹੈਂ..." ਬੋਖਾਉ ਨੇ ਤੈਅ ਕੀਤਾ ਕਿ ਉਸ ਨੇ ਉਹੋ ਆਖਿਆ ਸੀ, ਜਿਹੜਾ ਇਨ੍ਹਾਂ ਸਾਰਿਆਂ ਲਈ ਜ਼ਰੂਰੀ ਤੇ ਅਟੱਲ ਸੀ। ਪਰ ਨੀਂਦ ਫਿਰ ਉਸ ਤੋਂ ਕੋਹਾਂ ਦੂਰ ਸੀ। ਰਾਤ ਹਾਰ ਨਹੀਂ ਸੀ ਸਕਦੀ। ਖ਼ਾਮੋਸ਼ ਕਾਲ਼ਾ ਅਕਾਰ ਉਸ ਦੀ ਛਾਤੀ 'ਤੇ ਸੁਆਰ ਸੀ।

ਪੰਜ

ਸਵੇਰ ਦੇ ਪਹਿਲੇ ਧੁੰਦਲੇ ਜਿਹੇ ਚਾਨਣ ਨਾਲ਼ ਚਾਰ ਅਪ੍ਰੈਲ, 1945 ਦਾ ਦਿਨ ਚੜ੍ਹਿਆ ਵੀ ਬੁੱਧਵਾਰ ਸੀ। ਬਲਾਕ ਨੰਬਰ ਤਿੰਨ ਦਾ ਬੂਹਾ ਖੁੱਲ੍ਹਿਆ ਤੇ ਕਰੈਮਰ ਖਰ੍ਹਵੀ ਤੇ ਸਿੱਲ੍ਹੀ ਹਵਾ ਵਿੱਚ ਬਾਹਰ ਆ ਗਿਆ। ਫ਼ੁਹਾਰ ਪੈ ਰਹੀ ਸੀ। ਚਾਨਣ ਆਪਣੇ ਆਪ ਨੂੰ ਸੁਤੰਤਰ ਕਰਵਾਉਣ ਲਈ ਹਨ੍ਹੇਰੇ ਨਾਲ਼ ਘੁਲ਼-ਲੜ ਰਿਹਾ ਸੀ। ਪਹਿਰੇ ਦੇ ਬੁਰਜ ਚੁੱਪ-ਚਾਪ ਖਲ਼ੋਤੇ ਸਨ। ਤਾਰ ਦੀ ਵਾੜ ਉੱਪਰ ਦੀਆਂ ਲਾਲ ਬੱਤੀਆਂ ਜਗ ਰਹੀਆਂ ਸਨ। ਕੁੱਝ ਬਾਕੀ ਰਹਿ ਗਏ ਰੁੱਖ ਦੂਰ ਕਾਲੇ ਸ਼ਾਹ ਖਲ਼ੋਤੇ ਵਿਖਾਈ ਦੇ ਰਹੇ ਸਨ। ਕੰਬਦੇ ਹੋਏ ਕਰੈਮਰ ਨੇ ਆਪਣੇ

ਕੋਟ ਦਾ ਕਾਲਰ ਚੁੱਕਿਆ ਤੇ ਆਪਣੀ ਜੇਬ੍ਹ ਵਿੱਚੋਂ ਸਿਗਨਲ ਦੀ ਸੀਟੀ ਕੱਢੀ।

ਸੀਟੀ ਦੀ ਖਰ੍ਹਵੀ ਅਵਾਜ਼ ਨੇ ਚੁੱਪ ਨੂੰ ਤੋੜ ਦਿੱਤਾ। ਕਰੈਮਰ ਕੈਂਪ ਵਿੱਚ ਫਿਰ ਕੇ ਸੀਟੀ ਵਜਾ ਰਿਹਾ ਸੀ। ਕੈਂਪ ਵਿੱਚ ਜਾਨ ਪੈ ਗਈ। ਦਿਨ ਦੇ ਧੰਦੇ ਸ਼ੁਰੂ ਹੋ ਗਏ, ਚਹਿਲ-ਪਹਿਲ, ਜ਼ਿੰਦਗੀ, ਆਉਣ-ਜਾਣ, ਜਿਹੜਾ ਵਰ੍ਹਿਆਂ ਤੋਂ ਬੱਝੇ ਹੋਏ ਨੇਮਾਂ ਅਨੁਸਾਰ ਹੁੰਦਾ ਆਇਆ ਸੀ। ਐਪਰ ਅੱਜ ਦੀ ਸਵੇਰ ਵਿੱਚ ਵਿਸ਼ੇਸ਼ ਪ੍ਰਕਾਰ ਦਾ ਖਿਚਾਅ ਸੀ। ਕੈਦੀ ਇੱਕ ਦੂਜੇ ਨਾਲ਼ ਦੱਬਵੀਂ ਜ਼ਬਾਨ ਵਿੱਚ ਗੱਲਾਂ ਕਰ ਰਹੇ ਸਨ। ਬਲਕਿ ਕਲਰਕਾਂ ਜਾਂ ਕਮਰੇ ਦੇ ਸੇਵਾਦਾਰਾਂ ਨੇ ਰਾਤੋ-ਰਾਤ ਅਲੋਪ ਹੋ ਜਾਣ ਵਾਲ਼ੇ ਬਲਾਕ ਸੀਨੀਅਰਾਂ ਦਾ ਕੰਮ ਸੰਭਾਲ਼ ਲਿਆ ਸੀ, ਜਿਵੇਂ ਕੋਈ ਖ਼ਾਸ ਗੱਲ ਨਾ ਹੋਈ ਹੋਵੇ। ਬੱਸ ਕਦੇ ਕਦਾਈਂ ਇੰਝ ਸੁਣਾਈ ਦਿੰਦਾ, "ਪਤਾ ਨਹੀਂ, ਅੱਜ ਦਿਨ ਕਿਵੇਂ ਮੁੱਕੇਗਾ..." ਵੱਖ-ਵੱਖ ਬਲਾਕਾਂ ਵਿੱਚ ਜਿਹੜੀਆਂ ਲੜਾਕੂ ਟੋਲੀਆਂ ਸਨ, ਉਨ੍ਹਾਂ ਦੇ ਮੈਂਬਰ ਚੁੱਪ-ਚਾਪ ਆਪਣੀ ਯਕਯਹਿਤੀ ਨੂੰ ਸੰਪੂਰਨ ਤੇ ਪੱਕਾ ਬਣਾ ਰਹੇ ਸਨ, ਉਨ੍ਹਾਂ ਨੂੰ ਸਾਵਧਾਨ ਕੀਤਾ ਜਾ ਚੁੱਕਿਆ ਸੀ।

ਹਰ ਟੋਲੀ ਵਿੱਚ ਲੀਡਰ ਸਮੇਤ ਪੰਜ ਆਦਮੀ ਸਨ। ਇਸ ਲੁਕਵੀਂ ਜੱਥੇਬੰਦੀ ਦਾ ਵੱਡਾ ਮੁੱਖ ਫ਼ਰਜ਼ ਸਿਖਲਾਈ ਸੀ ਅਤੇ ਫਿਰ ਇਸ ਦੇ ਪਿੱਛੋਂ ਇਹ ਕਿ ਆਪਣੀ ਚੇਤਨਤਾ ਤੇ ਮਿੱਤਰਤਾ ਭਾਵ ਨੂੰ ਹੋਰ ਪੱਕਿਆਂ ਕਰਨ ਦੀ ਕੋਸ਼ਿਸ਼ ਕਰਨਾ, ਮਨੁੱਖਤਾ ਦੀ ਗੜਬੜੀ ਵਿੱਚ ਪਿਆਰ ਦੇ ਜਜ਼ਬੇ ਨੂੰ ਜਗਾਈ ਰੱਖਣਾ ਸੌਖਾ ਕੰਮ ਨਹੀਂ ਸੀ। ਬਹੁਤ ਸਾਰੇ ਨਿਕੰਮੇ ਲੋਕ ਸਨ, ਕਾਇਰ ਸਨ, ਕੁੱਝ ਮੱਕਾਰ ਤੇ ਬਹੁਤ ਸਾਰੇ ਸੁਆਰਥੀ, ਅਜਿਹੇ ਲੋਕ ਕਿਸੇ ਚੀਜ਼ ਨਾਲ਼ ਕੋਈ ਵਾਸਤਾ ਨਹੀਂ ਸਨ ਰੱਖਣਾ ਚਾਹੁੰਦੇ ਤੇ ਆਪੇ ਹੀ ਵੱਖਰੇ ਤੇ ਅਟੰਕ ਹੋ ਜਾਂਦੇ ਸਨ ਜਾਂ ਦੂਜੇ ਲੋਕ ਉਨ੍ਹਾਂ ਨੂੰ ਹੀ ਵੱਖ ਕਰ ਦੇਂਦੇ ਸਨ, ਪਰ ਅੱਜ ਦੀ ਸਵੇਰ ਉਸ ਵਿੱਦਿਅਕ ਕੰਮ ਦੀ ਮਹਾਨਤਾ ਪ੍ਰਗਟ ਹੋ ਰਹੀ ਸੀ ਤੇ ਮਨੁੱਖ ਦੀ ਇਹ ਯੋਗਤਾ ਉਜਾਗਰ ਹੋ ਰਹੀ ਸੀ ਕਿ ਖ਼ਤਰੇ ਦੀ ਹਾਲਤ ਵਿੱਚ ਇੱਕ ਦੂਜੇ ਨਾਲ਼ ਮਿਲ਼ ਕੇ ਰਹਿਣਾ ਚਾਹੀਦਾ ਹੈ। ਵਿਸ਼ੇਸ਼ ਤੌਰ 'ਤੇ ਇਹਨਾਂ ਬਲਾਕਾਂ ਵਿੱਚ ਜਿੱਥੇ ਅਲੋਪ ਹੋ ਜਾਣ ਵਾਲ਼ੇ ਸਾਥੀਆਂ ਵਿੱਚੋਂ ਕੋਈ ਲੁਕਿਆ ਹੋਇਆ ਸੀ। ਸਾਰੇ ਇੱਕ ਜਿੰਦ ਇੱਕ ਜਾਨ ਸਨ, ਜਿਵੇਂ ਸਾਰਿਆਂ ਨੇ ਦਿਲ ਹੀ ਦਿਲ ਵਿੱਚ ਇਹ ਸੰਧੀ ਕਰ ਲਈ ਹੋਵੇ ਕਿ ਇੱਕ ਨਾਲ਼ ਸਾਰੇ ਹਨ ਤੇ ਸਾਰਿਆਂ ਲਈ ਹਰ ਕੋਈ ਜਾਨ ਦੇਣ ਲਈ ਤਿਆਰ ਹੈ।

ਅੱਜ ਹਾਜ਼ਰੀ ਲਈ ਜਦੋਂ ਇੱਕ ਬਲਾਕ ਮਗਰੋਂ ਦੂਜਾ ਬਲਾਕ ਪਰੇਡ ਗਰਾਊਂਡ ਵੱਲ ਵਧਿਆ ਤਾਂ ਉਨ੍ਹਾਂ ਦੇ ਮਾਰਚ ਕਰਨ ਦਾ ਢੰਗ ਵੱਖਰਾ ਹੀ ਸੀ। ਉਨ੍ਹਾਂ ਦੇ ਚਿਹਰਿਆਂ 'ਤੇ ਦ੍ਰਿੜਤਾ, ਗੰਭੀਰਤਾ ਤੇ ਪਕਿਆਈ ਸੀ।

ਪਰੇਡ ਗਰਾਊਂਡ ਭਰ ਗਈ। ਮਨੁੱਖ ਮਨੁੱਖ ਨਾਲ਼ ਮੋਢਾ ਜੋੜੀ ਖਲੋਤਾ ਸੀ। ਚੁੱਪਚਾਪ ਤੇ ਆਸਵੰਦ। ਹਜ਼ਾਰਾਂ ਅੱਖਾਂ ਫ਼ਾਟਕ ਵੱਲ ਲੱਗੀਆਂ ਹੋਈਆਂ ਸਨ, ਜਿੱਥੇ ਰੀਨਬੂਥ ਲਾਊਡ ਸਪੀਕਰ ਠੀਕ ਕਰ ਰਿਹਾ ਸੀ ਅਤੇ ਕੈਂਪ ਫ਼ੋਹਰਰ ਵਾਈਸਾਂਗ ਤੇ ਸਾਰੇ ਬਲਾਕ ਫ਼ੋਹਰਰ ਖਲੋਤੇ ਸਨ।

ਕਰੈਮਰ ਆਪਣੀ ਨੀਯਤ ਥਾਂ ਉੱਤੇ ਸਭ ਤੋਂ ਵੱਖਰਿਆ ਖਲੋਤਾ ਸੀ। ਉਸ ਦੇ ਆਪਣੇ ਪਿੱਛੇ ਖ਼ਲਾਅ ਦਾ ਅਹਿਸਾਸ ਹੋ ਰਿਹਾ ਸੀ, ਜਿਵੇਂ ਉਹ ਬਿਲਕੁੱਲ ਇਕੱਲਾ ਹੋਵੇ।

ਉਸ ਆਪਣੀ ਹਾਲਤ ਦਾ ਅਨੁਮਾਨ ਲਾਇਆ। ਦਿਲ ? ਸ਼ਾਂਤ ਹੈ। ਕੀ ਉਸ ਦੇ ਹੱਥ ਭਾਰੇ ਹਨ, ਕੀ ਪੇਟ 'ਚ ਦਬਾਅ ਦਾ ਅਹਿਸਾਸ ਹੋ ਗਿਆ ਹੈ ? ਉਸ ਨਹੀਂ, ਫ਼ੇਫੜੇ ਠੀਕ ਤਰ੍ਹਾਂ ਕੰਮ ਕਰ ਰਹੇ ਹਨ, ਸਭ ਕੁੱਝ ਠੀਕ ਹੈ। ਪਿੱਛੋਂ ਇੱਕ ਦੇ ਮਗਰੋਂ ਇੱਕ ਬਲਾਕ ਸੀਨੀਅਰ ਦੀ ਰਿਪੋਰਟ ਦੇਣ ਦੀ ਅਵਾਜ਼ ਆ ਰਹੀ ਸੀ।

ਬੋਖਾਉ ਦੀ ਅਵਾਜ਼ ਆਈ, "ਬਲਾਕ ਨੰਬਰ 38, ਅਟੈਨਸ਼ਨ, ਟੋਪੀ ਉਤਾਰੋ, ਬਲਾਕ ਨੰਬਰ 38 ਦੇ 802 ਕੈਦੀ ਹਾਜ਼ਰ, ਇੱਕ ਅਲੋਪ।"

ਕੁੱਝ ਛਿਣਾਂ ਲਈ ਕਰੈਮਰ ਦਾ ਸਾਹ ਰੁਕ ਗਿਆ, ਹੁਣ ਪਿੱਛੇ ਕੀ ਹੋ ਰਿਹਾ ਹੈ ? ਉਸ ਦਾ ਦਿਲ ਕੀਤਾ ਪਿਛਾਂਹ ਮੁੜ ਕੇ ਵੇਖੇ।

ਬੋਖਾਉ ਨੇ ਬੜੀ ਨਿੱਡਰਤਾ ਨਾਲ਼ ਰਿਪੋਰਟ ਦਿੱਤੀ। ਉਸ ਦੇ ਬਲਾਕ ਫ਼ੋਹਰਰ ਨੇ ਉਸ ਨੂੰ ਇੱਕ ਨਜ਼ਰ ਨਾਲ਼ ਵੇਖਿਆ : "ਰੁਣਕੀ ਕਿੱਥੇ ਹੈ ?"

"ਮੈਨੂੰ ਪਤਾ ਨਹੀਂ।" ਬੱਸ ਹੋਰ ਕੁੱਝ ਨਹੀਂ ਆਖਿਆ ਗਿਆ।

ਬਲਾਕ ਫ਼ੋਹਰਰ ਹਰ ਬਲਾਕ ਦੇ ਸਾਹਮਣੇ ਆਏ। ਦਸ-ਦਸ ਦੀਆਂ ਕਤਾਰਾਂ ਨੂੰ ਗਿਣਿਆ ਤੇ ਚਲੇ ਗਏ। ਕੈਦੀਆਂ ਨੂੰ ਉਲਝਣ ਹੋਣ ਲੱਗੀ। ਜਿਸ ਖ਼ਮੋਸ਼ੀ ਨਾਲ਼ ਬਲਾਕ ਫ਼ੋਹਰਰਾਂ ਨੇ ਰਿਪੋਰਟ ਲੈ ਲਈ ਉਸ ਵਿੱਚ ਵੱਡਾ ਖ਼ਤਰਾ ਲੁਕਿਆ ਹੋਇਆ ਹੈ ? ਹਰ ਬਲਾਕ ਫ਼ੋਹਰਰ ਨੇ ਜਾ-ਜਾ ਕੇ ਰੀਨਬੂਥ ਨੂੰ ਆਪਣੀ ਰਿਪੋਰਟ ਦਿੱਤੀ। ਉਸ ਨੇ ਇਸ ਢੰਗ ਨਾਲ਼ ਨੋਟ ਕੀਤਾ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ।

ਰੋਜ਼ ਵਾਂਗ ਰੀਨਬੂਥ ਨੇ ਕੈਂਪ ਫ਼ੋਹਰਰ ਨੂੰ ਰਿਪੋਰਟ ਦਿੱਤੀ ਤੇ ਵਾਈਸਾਂਗ ਲਾਊਡ ਸਪੀਕਰ ਦੇ ਸਾਹਮਣੇ ਆ ਗਿਆ। ਉਸ ਬਾਵੇਰੀਅਨ ਲਹਿਜੇ ਵਿੱਚ ਕਹਿਣਾ ਸ਼ੁਰੂ ਕੀਤਾ।

"ਸੁਣੋ, ਸਾਰੇ ਲੋਕ ! ਅੱਜ ਹਰ ਆਦਮੀ ਕੈਂਪ ਵਿੱਚ ਰਹੇਗਾ। ਅੱਜ ਕੋਈ ਲੇਬਰ ਕਮਾਂਡੋ ਬਾਹਰ ਨਹੀਂ ਜਾਵੇਗਾ। ਸਾਰੇ ਲੋਕ ਬਲਾਕਾਂ ਵਿੱਚ ਰਹਿਣ ਕੋਈ ਏਧਰ-ਉੱਧਰ ਨਾ ਫਿਰੇ ਤੁਰੇ।"

ਤੇ ਫਿਰ ਉਸ ਨੇ ਰੀਨਬੂਥ ਨੂੰ ਥਾਂ ਦੇ ਦਿੱਤੀ।

ਰੀਨਬੂਥ ਨੇ ਮੁਸਕਰਾਉਂਦਿਆਂ ਆਖਿਆ : "ਜਿਨ੍ਹਾਂ ਕੈਦੀਆਂ ਨੂੰ ਚੌਕੀ ਨੰਬਰ ਦੋ ਵਿੱਚ ਰਿਪੋਰਟ ਕਰਨ ਲਈ ਆਖਿਆ ਗਿਆ ਸੀ, ਉਹ ਹਾਜ਼ਰ ਹੋਣ-ਬਾਕੀ ਡਿਸਮਿਸ।"

ਜਦੋਂ ਕੈਦੀਆਂ ਦੀ ਭੀੜ ਚਲੀ ਗਈ ਤਾਂ ਰੀਨਬੂਥ ਨੇ ਵਾਈਸਾਂਗ ਨੂੰ ਆਖਿਆ, "ਉਨ੍ਹਾਂ ਵਿੱਚੋਂ ਇੱਕ ਵੀ ਨਹੀਂ ਆਵੇਗਾ, ਸਾਰੇ ਦੇ ਸਾਰੇ ਲੁਕ ਗਏ ਹਨ।"

'ਕੀ ਮੁਸੀਬਤ ਹੈ, ਬੜੀ ਮੁਸੀਬਤ ਹੈ।"

ਕੈਂਪ ਨੂੰ ਆਉਣ ਵਾਲ਼ੀ ਸੜਕ ਉੱਤੇ ਦੋ ਟਰੱਕ ਖੜ੍ਹੇ ਸਨ। ਨਾਜ਼ੀ ਫ਼ੌਜੀਆਂ ਦਾ ਇੱਕ ਦਸਤਾ ਕਾਰਬਾਈਨਾਂ ਸੰਭਾਲ਼ੀ ਖਲ੍ਹੋਤਾ ਸੀ। ਕਲੂਟਿਗ ਪਰਛਾਵੇਂ ਵਿੱਚ ਬੈਠਾ ਉਡੀਕ ਕਰ ਰਿਹਾ ਸੀ।

ਆਪਣੇ ਦਫ਼ਤਰ ਵਿੱਚ ਰੀਨਬੂਥ ਨੇ ਟੈਲੀਫ਼ੋਨ ਚੁੱਕਿਆ ਤੇ ਫਿਰ ਰੱਖ ਦਿੱਤਾ। ਉਸ ਸੋਚਿਆ : "ਤੂੰ ਉੱਕਾ ਦਖ਼ਲ ਨਾ ਦੇ, ਕਲੂਟਿਗ ਨੂੰ ਹੀ ਕਮਾਂਡੈਂਟ ਨਾਲ਼ ਨਿਪਟਣ ਦਿਉ,

ਮਾਮਲਾ ਗੰਭੀਰ ਹੈ। ਛਿਆਲ਼ੀਆਂ ਦਾ ਅਲੋਪ ਹੋ ਜਾਣਾ, ਜੰਗ ਦਾ ਐਲਾਨ ਸੀ।" ਗੀਨਬੂਥ ਨੇ ਆਪਣਾ ਸਿਰ ਹਿਲਾਇਆ, "ਗੱਲ ਗੁੰਝਲਦਾਰ ਹੋ ਗਈ ਹੈ।"

ਕਮਾਂਡੈਂਟ ਦੇ ਦਫ਼ਤਰ ਵਿੱਚ ਕੱਲ੍ਹ ਕੁੱਝ ਗੱਲਬਾਤ ਹੋਈ ਸੀ। ਉਸ ਮਗਰੋਂ ਨੌਜਵਾਨ ਗੀਨਬੂਥ ਵਧੇਰੇ ਸਾਵਧਾਨ ਹੋ ਗਿਆ ਸੀ। ਅੱਜ ਦੀ ਘਟਨਾ ਇਨ੍ਹਾਂ ਲੁਕਵੀਆਂ ਤਾਕਤਾਂ ਦਾ ਸਬੂਤ ਸੀ, ਜਿਨ੍ਹਾਂ ਨੂੰ ਉਸ ਕਦੇ ਗੌਲ਼ਿਆ ਤੱਕ ਨਹੀਂ ਸੀ। ਉਸ ਨੇ ਕਦੇ ਇਹ ਸੋਚਿਆ ਹੀ ਨਹੀਂ ਸੀ ਕਿ ਇਹਨਾਂ ਕੈਦੀਆਂ ਉੱਤੇ ਮਸ਼ੀਨ ਬੀੜਨੀ ਇੰਨੀ ਸੌਖੀ ਗੱਲ ਨਹੀਂ।

ਕੈਂਪ ਵਾਪਸ ਆ ਕੇ ਬਲਾਕ ਸੀਨੀਅਰ ਕਰੈਮਰ ਦੁਆਲ਼ੇ ਜਮ੍ਹਾਂ ਹੋ ਗਏ। ਉਨ੍ਹਾਂ ਦੇ ਚਿਹਰੇ ਲਾਲ ਸਨ ਤੇ ਉਨ੍ਹਾਂ ਦੀਆਂ ਅੱਖਾਂ ਜਜ਼ਬਿਆਂ ਦੀ ਤੀਖਣਤਾ ਨਾਲ਼ ਚਮਕ ਰਹੀਆਂ ਸਨ। ਹੁਣ ਕੀ ਹੋਵੇਗਾ ? ਸਾਨੂੰ ਕੀ ਕਰਨਾ ਚਾਹੀਦਾ ਹੈ ? ਬੋਖਾਉ ਨੇ ਉੱਚੀ ਅਵਾਜ਼ ਵਿੱਚ ਆਖਿਆ, "ਦੋਸਤੋ ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਕਲੂਟਿਗ ਉਨ੍ਹਾਂ ਛਿਆਲ਼ੀਆਂ ਨੂੰ ਮਾਰਨਾ ਚਾਹੁੰਦਾ ਹੈ, ਜੇ ਉਹ ਸਮਝਦਾ ਹੈ ਕਿ ਇਸ ਤਰ੍ਹਾਂ ਉਹ ਸਾਡੀ ਟੱਕਰ ਨੂੰ ਨਾਕਾਮ ਕਰ ਦੇਵੇਗਾ ਤਾਂ ਉਹ ਗ਼ਲਤੀ ਉੱਤੇ ਹੈ।" ਉਸ ਦੀ ਅਵਾਜ਼ ਦੱਬੀ ਹੋਈ ਜਾਂ ਲੁਕਵੀਂ ਨਹੀਂ ਸੀ, ਸਗੋਂ ਇੰਨੀ ਉੱਚੀ ਤੇ ਸ਼ਕਤੀਸ਼ਾਲੀ ਸੀ ਕਿ ਉਸ ਨੂੰ ਆਪ ਵੀ ਵਰ੍ਹਿਆਂ ਮਗਰੋਂ ਆਪਣੀ ਅਜਿਹੀ ਅਵਾਜ਼ ਸੁਣ ਕੇ ਹੈਰਾਨੀ ਹੋਈ। ਉਸ ਦਾ ਦਿਲ ਕੀਤਾ ਕਿ ਆਪਣੀਆਂ ਬਾਹਾਂ ਪਸਾਰ ਕੇ ਸਾਰਿਆਂ ਨੂੰ ਗਲ਼ੇ ਨਾਲ਼ ਲਾ ਲਵੇ, ਮਿੱਤਰੋ! ਸਾਥੀਓ!! ਵੀਰੋ!!!

ਕਰੈਮਰ ਨੇ ਉਸ ਦੀ ਗੱਲ ਅਗਾਂਹ ਵਧਾਈ : "ਆਪਣੇ ਸਾਥੀਆਂ ਦੇ ਬਲਾਕਾਂ ਵਿੱਚ ਜਾਓ, ਕਿਸੇ ਸ਼ੈਅ ਤੋਂ ਨਾ ਡਰੋ। ਔਖੇ ਦਿਨ ਆ ਰਹੇ ਹਨ। ਸਾਨੂੰ ਸਾਰਿਆਂ ਦੀਆਂ ਜਾਨਾਂ ਦੀ ਰਾਖੀ ਕਰਨੀ ਹੈ। ਸਾਡੇ ਕੋਲ਼ ਜਿਹੜੇ ਸ਼ਸਤਰ ਹਨ, ਉਨ੍ਹਾਂ ਨਾਲ਼, ਆਪਣੀ ਹਿੰਮਤ, ਡਸਿਪਲਿਨ ਨਾਲ਼, ਅਸੀਂ ਆਪਣੀਆਂ ਜਾਨਾਂ ਦੀ ਰਾਖੀ ਕਰਾਂਗੇ।"

ਕਰੈਮਰ ਦੇ ਸ਼ਬਦਾਂ ਨੇ ਆਸ ਦੀ ਇੱਕ ਲਹਿਰ ਦੌੜਾ ਦਿੱਤੀ। ਜਦੋਂ ਬਲਾਕ ਸੀਨੀਅਰ ਚਲੇ ਗਏ ਤਾਂ ਬੋਖਾਉ ਨੇ ਕਰੈਮਰ ਨੂੰ ਵੇਖਿਆ। ਦੋਹਾਂ ਦੀਆਂ ਨਜ਼ਰਾਂ ਮਿਲ਼ੀਆਂ ਤੇ ਕਰੈਮਰ ਨੇ ਆਖਿਆ : "ਮੈਂ ਸਮਝਦਾ ਹਾਂ ਕਿ ਹੁਣ ਮੈਨੂੰ ਕਹਿਣਾ ਚਾਹੀਦਾ ਹੈ...।"

ਬੋਖਾਉ ਨੇ ਉੱਤਰ ਨਾ ਦਿੱਤਾ। ਅਚਾਨਕ ਦੋਵੇਂ ਇੱਕ-ਦੂਜੇ ਦੇ ਗਲ਼ੇ ਨਾਲ਼ ਲੱਗ ਗਏ।

ਕਲੂਟਿਗ ਹੁਣ ਤੱਕ ਉਡੀਕ ਕਰ ਰਿਹਾ ਸੀ। ਹਾਜ਼ਰੀ ਤਾਂ ਦੇਰ ਦੀ ਸਮਾਪਤ ਹੋ ਚੁੱਕੀ ਹੋਵੇਗੀ। ਉਸ ਨੇ ਵਧ ਕੇ ਇੱਕ ਹਾਪਤ ਅਸਟਰਮ ਫ਼ੋਹਰਰ ਨੂੰ ਆਖਿਆ : "ਕੀ ਮਾਮਲਾ ਹੈ ? ਅੰਤ ਉਹ ਹਰਾਮੀ ਕਦੋਂ ਆਉਣਗੇ ?" ਹਾਪਤ ਅਸਟਰਮ ਫ਼ੋਹਰਰ ਨੇ ਜਾਣ-ਬੁੱਝ ਕੇ ਮੋਢੇ ਹਿਲਾਏ।

ਬਲਾਕਾਂ ਵਿੱਚ ਜਦ ਲਾਊਡ ਸਪੀਕਰ ਖੜਕਿਆ ਤਾਂ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਅਵਾਜ਼ ਗੀਨਬੂਥ ਦੀ ਸੀ : "ਕੈਂਪ ਸੀਨੀਅਰ ਤੇ ਕੈਂਪ ਪੈਟਰੋਲ ਦਾ ਫ਼ੋਰਮੈਨ ਤੁਰੰਤ ਗੇਟ

ਉੱਤੇ ਹਾਜ਼ਰ ਹੋ ਜਾਣ।"

ਸਧਾਰਨ ਐਲਾਨ ਸੀ, ਪਰ ਅੱਜ ਇਸ ਨਾਲ਼ ਘਬਰਾਹਟ ਪੈਦਾ ਹੋ ਗਈ। ਬਲਾਕ ਵਿੱਚ ਰਹਿਣ ਦੇ ਹੁਕਮ ਨੇ ਕੈਦੀਆਂ ਦਾ ਜਿਵੇਂ ਸੰਘ ਘੁੱਟ ਦਿੱਤਾ ਸੀ। ਜਿਨ੍ਹਾਂ ਦੋਹਾਂ ਨੂੰ ਬੁਲਾਇਆ ਗਿਆ ਸੀ, ਉਹ ਦੋਵੇਂ ਪਰੇਡ ਗਰਾਊਂਡ ਵਿੱਚੋਂ ਲੰਘ ਰਹੇ ਸਨ। ਫ਼ਾਟਕ ਤੋਂ ਵਾਈਸਾਂਗ ਕੈਂਪ ਵਿੱਚ ਆਇਆ। ਉਸ ਦੋਹਾਂ ਆਦਮੀਆਂ ਨੂੰ ਸੁਆਲ ਕੀਤਾ :

"ਉਹ ਲੋਕ ਕਿੱਥੇ ਹਨ ? ਛਿਆਲ਼ੀ ਆਦਮੀਆਂ ਨੇ ਰਿਪੋਰਟ ਕਿਉਂ ਨਹੀਂ ਕੀਤੀ ?"

ਕਰੈਮਰ ਨੇ ਅਫ਼ਸਰੀ ਬੇਪਰਵਾਹੀ ਨਾਲ਼ ਉੱਤਰ ਦਿੱਤਾ, "ਮੈਨੂੰ ਨਹੀਂ ਪਤਾ ਇਸ ਦਾ ਕਾਰਨ।"

"ਉਨ੍ਹਾਂ ਨੂੰ ਹਾਜ਼ਰ ਹੋਣਾ ਪਵੇਗਾ।" ਵਾਈਸਾਂਗ ਗੱਜਿਆ, "ਉਨ੍ਹਾਂ ਨੂੰ ਕੁੱਝ ਨਹੀਂ ਹੋਵੇਗਾ। ਹੁਣ ਬੋਖਨਵਾਲਡ ਵਿੱਚ ਕਿਸੇ ਦਾ ਵਾਲ਼ ਵਿੰਗਾ ਨਹੀਂ ਹੋਣ ਲੱਗਾ। ਕੀ ਉਹ ਲੋਕ ਹੁਣ ਤੱਕ ਕੈਂਪ ਵਿੱਚ ਹੀ ਹਨ ?"

"ਮੇਰੇ ਵਿਚਾਰ ਵਿੱਚ ਹੁਣ ਵੀ ਕੈਂਪ ਵਿੱਚ ਹਨ।"

ਵਾਈਸਾਂਗ ਨੇ ਦੂਜੀ ਲੱਤ 'ਤੇ ਜ਼ੋਰ ਪਾਇਆ, "ਲੱਭੋ ਉਨ੍ਹਾਂ ਨੂੰ" ਉਸ ਫ਼ੋਰਮੈਨ ਨੂੰ ਅਪੀਲ ਕੀਤੀ ਤੇ ਰਤਾ ਰੁਕ ਕੇ ਆਖਿਆ, "ਦੁਪਹਿਰ ਤੱਕ ਉਹ ਲੋਕ ਇੱਥੇ ਹਾਜ਼ਰ ਹੋ ਜਾਣ।"

"ਯੈੱਸ ਸਰ।"

ਪਰਤਦੇ ਸਮੇਂ ਕਰੈਮਰ ਤੇ ਪੈਟਰੋਲ ਫ਼ੋਰਮੈਨ ਨੂੰ ਗੱਲਬਾਤ ਕਰਨ ਦੀ ਲੋੜ ਨਹੀਂ ਸੀ।

"ਦੁਪਹਿਰ ਤੱਕ ਤੂੰ ਜ਼ਰੂਰ ਹੀ ਲੱਭਦਾ ਫਿਰੇਂਗਾ।" ਕਰੈਮਰ ਨੇ ਹੌਲ਼ੀ ਜਿਹੇ ਆਖਿਆ।

"ਸਪੱਸ਼ਟ ਹੈ ਵਾਲਟਰ" ਫ਼ੋਰਮੈਨ ਨੇ ਉੱਤਰ ਦਿੱਤਾ, "ਜੇ ਕੋਈ ਮਿਲ਼ ਜਾਏ ਤਾਂ... ਕੀ ਵਿਚਾਰ ਹੈ ਤੁਹਾਡਾ ?" ਉਸ ਕਰੈਮਰ ਨੂੰ ਅੱਖ ਮਾਰੀ।

ਜਾਪਦਾ ਸੀ ਕਿ ਇੱਕ ਹੋਰ ਝੜਪ ਹੋ ਜਾਵੇਗੀ। ਕੈਦੀਆਂ ਉਸ ਦੇ ਹੁਕਮ ਦੀ ਪਾਲਣਾ ਨਹੀਂ ਸੀ ਕੀਤੀ। ਉਸ ਨੇ ਚੀਕ ਕੇ ਆਖਿਆ : "ਇਹ ਹੈ ਤੁਹਾਡੀ ਡਿਪਲੋਮੇਸੀ ਦਾ ਸਿੱਟਾ। ਹੁਣ ਇਹ ਹਰਾਮੀ ਸਾਨੂੰ ਚੰਗੀ ਤਰ੍ਹਾਂ ਤੰਗ ਕਰਨਗੇ।"

"ਕੈਂਪ ਪੈਟਰੋਲ ਨੇ ਉਨ੍ਹਾਂ ਦੀ ਭਾਲ਼ ਕਰਨੀ ਸ਼ੁਰੂ ਕਰ ਦਿੱਤੀ ਹੈ।" ਸ਼ੋਹਾਲ ਨੇ ਉੱਤਰ ਦਿੱਤਾ।

"ਕੈਂਪ ਪੈਟਰੋਲ ਕੀ ?" ਕੀ ਤੁਸਾਂ ਅਕਲ ਨੂੰ ਉੱਕਾ ਹੀ ਤਿਲਾਂਜਲੀ ਦੇ ਦਿੱਤੀ ਏ ? ਪੂਰੀ ਨਾਜ਼ੀ ਕੰਪਨੀ ਦੀ ਕੀ ਲੋੜ ਹੈ। ਇੱਕ-ਇੱਕ ਬਿਸਤਰਾ ਉਲਟ ਕੇ ਦੇਖਣਾ ਪਵੇਗਾ ?"

ਸ਼ੋਹਾਲ ਨੂੰ ਗ਼ੁੱਸਾ ਤਾਂ ਬਹੁਤ ਆ ਰਿਹਾ ਸੀ, ਪਰ ਉਸ ਜ਼ਬਤ ਤੋਂ ਕੰਮ ਲੈਂਦਿਆਂ ਆਖਿਆ : "ਰਤਾ ਸਮਝ ਤੋਂ ਕੰਮ ਲਵੋ। ਅਸਾਂ ਇੱਥੋਂ ਭੱਜਣਾ ਹੈ। ਸਾਡੀ ਜਾਨ ਖ਼ਤਰੇ ਵਿੱਚ ਹੈ।" ਤੇ ਸ਼ਰਾਬ ਦਾ ਇੱਕ ਗਲਾਸ ਕਲੂਟਿਗ ਵੱਲ ਵਧਾਇਆ।

ਕਲੂਟਿਗ ਨੇ ਖ਼ਤਰਨਾਕ ਹਾਲਤ ਨੂੰ ਅਨੁਭਵ ਤਾਂ ਜ਼ਰੂਰ ਕੀਤਾ, ਪਰ ਉੱਪਰੋਂ-ਉੱਪਰੋਂ ਮਖ਼ੌਲ ਉਡਾਇਆ, "ਹਰ ਸਟੰਡ ਆਰਟਨ ਫ਼ੋਹਰਰ ਡਰ ਰਹੇ ਹਨ...।"

ਕਲੂਟਿਗ ਨੇ ਮੇਜ਼ 'ਤੇ ਬਹਿ ਕੇ ਸ਼ਰਾਬ ਦਾ ਗਲਾਸ ਉਠਾਇਆ ਤੇ ਇੱਕੋ ਘੁੱਟ ਵਿੱਚ ਖ਼ਾਲੀ ਕਰ ਦਿੱਤਾ। ਸ਼ੋਹਾਲ ਨੇ ਵੇਖਿਆ ਕਿ ਉਸ ਦਾ ਹੱਥ ਕੰਬ ਰਿਹਾ ਹੈ। ਉਸ ਆਖਿਆ, "ਹੁਣ ਇਹ ਹੈ ਸਾਡੀ ਹਾਲਤ।"

ਸ਼ੋਹਾਲ ਉੱਠ ਖਲੋਤਾ ਤੇ ਆਪਣੀਆਂ ਮੁੱਠਾਂ ਪੁੜਿਆਂ 'ਤੇ ਰੱਖ ਕੇ ਢਿੱਡ ਵਧਾਇਆ ਤੇ ਬੋਲਿਆ : "ਬੁਨਿਆਦੀ ਤੌਰ 'ਤੇ ਅਸੀਂ ਇੱਕ ਹੀ ਰੱਸੀ ਨੂੰ ਖਿੱਚ ਰਹੇ ਹਾਂ—ਪਰ ਦੋ ਵੱਖ-ਵੱਖ ਸਿਰਿਆਂ ਤੋਂ। ਇੰਝ ਕੰਮ ਨਹੀਂ ਚੱਲਣ ਲੱਗਾ। ਤੂੰ ਪੁਰਾਣਾ ਬਹਾਦਰ ਫ਼ੌਜੀ ਏਂ ਤੇ ਵਫ਼ਾਦਾਰ ਤੇ ਤਾਬੇਦਾਰ, ਜਿਸ ਦੀ ਇੱਜ਼ਤ ਫ਼ਰਜ਼ ਹੈ, ਇਸ ਦੀ ਇੱਜ਼ਤ ਕਰੋ ਰਾਬਰਟ।"

ਕਲੂਟਿਗ ਚੁੱਪਚਾਪ ਆਪਣੇ ਹੋਂਠ ਟੁੱਕਦਾ ਰਿਹਾ। ਅਚਾਨਕ ਉਸ ਨੂੰ ਇਹ ਅਨੁਭਵ ਹੋਇਆ ਕਿ ਇਹ ਤਬਾਹ ਕਰ ਦੇਣ ਦਾ ਜਨੂੰਨ ਅਸਲ ਵਿੱਚ ਪਤਣ ਤੇ ਵਧਦੇ ਹੋਏ ਡਰ ਦਾ ਸਿੱਟਾ ਹੈ। ਅਸਲੀਅਤ ਇਹ ਹੈ ਕਿ ਗੱਡੀ ਲੈ ਕੇ ਨੱਸ ਜਾਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ ਅਤੇ ਉਸ ਨੂੰ ਝੱਟ ਭਰੇ ਜੁੱਸੇ ਵਾਲ਼ੀ ਹੋਰਟਨੈੱਸ ਦਾ ਖ਼ਿਆਲ ਆਇਆ, ਹਾਂ ਉਹ ਉਸ ਨੂੰ ਆਪਣੇ ਨਾਲ਼ ਲੈ ਜਾਏਗਾ।

ਸ਼ੋਹਾਲ ਨੇ ਉਸ ਦਾ ਮੋਢਾ ਹਿਲਾਇਆ, "ਸੁਣ ਰਹੇ ਹੋ ਮੈਂ ਕੀ ਕਹਿ ਰਿਹਾ ਹਾਂ ? ਇੱਕ ਹਫ਼ਤੇ ਵਿੱਚ ਕੈਂਪ ਛੱਡਣਾ ਹੈ। ਬਹੁਤਾ ਸਮਾਂ ਨਹੀਂ ਹੈ। ਹਰ ਟਰਾਂਸਪੋਰਟ ਦੇ ਨਾਲ਼ ਫ਼ੌਜ ਦਾ ਇਕ ਹਿੱਸਾ ਜਾਵੇਗਾ। ਅੱਜ ਦੁਪਹਿਰ ਮਗਰੋਂ ਇਹ ਕੰਮ ਸ਼ੁਰੂ ਕਰ ਦਿੱਤਾ ਜਾਏਗਾ।"

"ਤੇ ਉਨ੍ਹਾਂ ਛਿਆਲ਼ੀਆਂ ਦਾ ਕੀ ਬਣੇਗਾ ?"

ਸ਼ੋਹਾਲ ਇਸ ਜ਼ਿੱਦ 'ਤੇ ਵਰ੍ਹ ਪਿਆ, "ਮੈਂ ਛਿਆਲ਼ੀ ਆਦਮੀਆਂ ਲਈ ਗ਼ਦਰ ਨਹੀਂ ਕਰਵਾ ਸਕਦਾ।"

"ਤੁਸੀਂ ਸਭ ਤੋਂ ਵੱਡੇ..."

"ਸਭ ਤੋਂ ਵੱਡੇ ਤੇ ਸਭ ਤੋਂ ਛੋਟੇ, ਸਾਰੇ ਇੱਥੋਂ ਜਾ ਰਹੇ ਹਨ।"

"ਅਤੇ ਜੇ ਉਹ ਨਿੱਕਲ਼ਣ ਲਈ ਤਿਆਰ ਨਾ ਹੋਣ ਤਾਂ ?"

"ਤਾਂ ਅਸੀਂ ਉਨ੍ਹਾਂ ਦੇ ਪਿੱਛੇ ਕੁੱਤੇ ਛੱਡ ਦਿਆਂਗੇ।" ਸ਼ੋਹਾਲ ਨੇ ਤੰਗ ਆ ਕੇ ਆਖਿਆ।

"ਐਪਰ ਇਸ ਦਾ ਮਤਲਬ ਤਾਂ ਇਹ ਹੋਇਆ ਕਿ ਲੋਕ ਮਰਨਗੇ ਤੇ ਤੁਸੀਂ ਇਹ ਚਾਹੁੰਦੇ ਨਹੀਂ।"

ਹੁਣ ਸ਼ੋਹਾਲ ਆਪਣੇ ਆਪੇ ਤੋਂ ਬਾਹਰ ਹੋ ਗਿਆ "ਚਾਹੇ ਟਰਾਂਸਪੋਰਟ ਲਾਸ਼ਾਂ ਦੀ ਜਾਵੇ, ਪਰ ਇੱਥੇ ਲਾਸ਼ ਨਹੀਂ ਰਹੇਗੀ।"

ਕਲੂਟਿਗ ਨੇ ਫਿਰ ਵੀ ਆਪਣੀ ਹੂੜਮੱਤ ਵਿਖਾਈ, "ਜੇ ਉਨ੍ਹਾਂ ਛਿਆਲ਼ੀ ਸਾਡੇ ਹਵਾਲੇ ਨਾ ਕੀਤੇ ਤਾਂ ਮੈਂ ਰਾਤ ਦੇ ਸਕਾਊਟਾਂ ਕੋਲ਼ੋਂ ਉਨ੍ਹਾਂ ਦਾ ਪਤਾ ਲਵਾਵਾਂਗਾ।"

"ਠੀਕ ਹੈ, ਢੂੰਡੋ ਅਸੀਂ ਤੈਨੂੰ ਪੁਲਸ ਦੇ ਕੁੱਤੇ ਵੀ ਦਿਆਂਗੇ, ਬੱਸ ਤੂੰ ਕੈਂਪ ਖ਼ਾਲੀ

ਕਰਵਾਉਣ ਦੀ ਸਕੀਮ ਵਿੱਚ ਅੜਿੱਕੇ ਨਾ ਡਾਹ।'' ਤੇ ਉਹ ਹਾਰ ਕੇ ਕੁਰਸੀ 'ਤੇ ਡਿੱਗ ਪਿਆ।

ਕੈਂਪ ਪੈਟਰੋਲ ਦੇ ਕੈਦੀ ਇੱਕ ਬਲਾਕ ਤੋਂ ਦੂਜੇ ਬਲਾਕ ਵਿੱਚ ਜਾਂਦੇ : ''ਕੀ ਤੁਸਾਂ ਛਿਆਲੀ ਵਿੱਚੋਂ ਕਿਸੇ ਨੂੰ ਲੁਕਾਇਆ ਹੈ ?''

''ਜੀ ਨਹੀਂ, ਅਸਾਂ ਕਿਸੇ ਨੂੰ ਨਹੀਂ ਲੁਕਾਇਆ।''

''ਖ਼ੈਰ ਚੱਲੋ, ਦੂਜੇ ਬਲਾਕ ਵਿੱਚ ਚੱਲੀਏ।''

ਛੇ

ਸ਼ੋਹਾਲ ਨੂੰ ਸ਼ਾਂਤੀ ਨਸੀਬ ਨਾ ਹੋਈ। ਟੈਲੀਫ਼ੋਨ ਦੀ ਘੰਟੀ ਵੱਜੀ। ਕੈਦੀਆਂ ਦੀ ਇੱਕ ਵੱਡੀ ਟਰਾਂਸਪੋਰਟ ਫ਼ਾਟਕ 'ਤੇ ਆ ਗਈ ਸੀ। ਉਸ ਨੇ ਖਿਝ ਕੇ ਰੀਨਬੂਥ ਨੂੰ ਟੈਲੀਫ਼ੋਨ ਕੀਤਾ ਤੇ ਹੁਕਮ ਦਿੱਤਾ ਕਿ ਟਰਾਂਸਪੋਰਟ ਨੂੰ ਅੰਦਰ ਦਾਖ਼ਲ ਕਰ ਲਵੇ ਤੇ ਕਲੂਟਿਗ ਨੂੰ ਹੁਕਮ ਦਿੱਤਾ ਕਿ ਫ਼ਾਟਕ ਉੱਤੇ ਨਵੇਂ ਆਇਆਂ ਦਾ ਚਾਰਜ ਲੈ ਲਵੇ ਤੇ ਕਰੈਮਰ ਰਾਹੀਂ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕਰੇ।

ਰੀਨਬੂਥ ਆਪਣੀ ਮੋਟਰ ਦੁੜਾਉਂਦਾ ਹੋਇਆ ਫ਼ਾਟਕ 'ਤੇ ਪਹੁੰਚਿਆ। ਕੁੱਝ ਥੱਕੇ-ਟੁੱਟੇ ਨਾਜ਼ੀ ਅਫ਼ਸਰ ਉਸ ਵੱਲ ਵਧੇ। ਉਸ ਸਵਾਲ ਕੀਤਾ, ''ਤੁਸੀਂ ਲੋਕ ਕਿੱਥੋਂ ਆਏ ਹੋ ?''

ਨਾਜ਼ੀ ਅਫ਼ਸਰ ਹੱਸਣ ਲੱਗੇ ''ਲਉ, ਗੱਲ ਸੁਣੋ ! ਅਮਰੀਕੀ ਸਾਡੀ ਧੌਣ 'ਤੇ ਸਾਹ ਲੈ ਰਹੇ ਹਨ ਤੇ ਤੁਸੀਂ ਇੰਝ ਪੁੱਛ ਰਹੇ ਹੋ ਜਿਵੇਂ ਕੁੱਝ ਹੋਇਆ ਹੀ ਨਹੀਂ। ਚੱਲੋ, ਜੱਨਤ ਦੇ ਬੂਹੇ ਖੁੱਲ੍ਹਵਾਓ।''

ਰੀਨਬੂਥ ਨੇ ਟਰਾਂਸਪੋਰਟ ਨੂੰ ਅੰਦਰ ਕਰ ਲਿਆ। ਰੀਨਬੂਥ ਕੈਂਪ ਵਿੱਚ ਵਾਪਸ ਗਿਆ ਤਾਂ ਉਸ ਦਾ ਸਿਰ ਚਕਰਾ ਰਿਹਾ ਸੀ। ਅੱਜ ਤੋਂ ਕੈਂਪ ਖ਼ਾਲੀ ਕਰਵਾਇਆ ਜਾਣ ਵਾਲ਼ਾ ਸੀ ਤੇ ਉਲਟਾ ਇਹ ਹਜ਼ਾਰਾਂ ਲੋਕ ਆ ਗਏ ਹਨ। ਵੈਲਦਾਰੀ ਦੀ ਤਰੰਗ ਵਿੱਚ ਉਸ ਕਲੂਟਿਗ ਨੂੰ ਲਾ ਕੇ ਆਖਿਆ :

''ਰੋੜਿਆਂ ਨੂੰ ਸਫ਼ਲਤਾ ਨਾਲ਼ ਰਾਹ ਵਿੱਚੋਂ ਹਟਾ ਦੇਣ ਉੱਤੇ ਵਧਾਈਆਂ'' ਤੇ ਕਲੂਟਿਗ ਜਦ ਚੁੱਪ ਰਿਹਾ ਤਾਂ ਉਸ ਨੇ ਆਖਿਆ, ''ਜਿਤਨੇ ਵਧੇਰੇ ਹੋਣਗੇ ਉਤਨਾ ਹੀ ਸੁਆਦ ਆਵੇਗਾ। ਸ਼੍ਰੀਮਾਨ ਕੈਂਪ ਸੀਨੀਅਰ ਸਾਰਿਆਂ ਨੂੰ ਥਾਂ ਦੇ ਸਕਦੇ ਹਨ। ਜਦ ਛਿਆਲੀਆਂ ਦਾ ਪ੍ਰਬੰਧ ਹੋ ਸਕਦਾ ਹੈ ਤਾਂ ਤਿੰਨ ਹਜ਼ਾਰ ਵੀ ਸਮਾ ਸਕਦੇ ਹਨ...।''

'ਚੁੱਪ ਰਹੋ !'' ਕਲੂਟਿਗ ਚੀਕਿਆ, ''ਜੇ ਮੈਂ ਤੇਰੀ ਨਾ ਸੁਣੀ ਹੁੰਦੀ ਤਾਂ ਹੁਣ ਤੱਕ ਸਾਰੇ ਦੇ ਸਾਰੇ ਟਿਕਾਣੇ ਲਾ ਦਿੱਤੇ ਗਏ ਹੁੰਦੇ।''

ਰੀਨਬੂਥ ਨੇ ਕਮਾਂਡੈਂਟ ਦੀ ਸਾਂਗ ਲਾਈ ''ਹਾ, ਹਾ, ਹਾ, ਹੁਕਮ 'ਤੇ ਅਮਲ ਹੁਸ਼ਿਆਰੀ ਤੇ ਜ਼ਬਤ ਨਾਲ਼ ਹੋਵੇ, ਖ਼ੁਦਾ ਮੇਰੇ 'ਤੇ ਰਹਿਮ ਕਰੇ, ਮੈਂ ਇੰਝ ਹੀ ਕੀਤਾ।''

ਉਹ ਉੱਛਲ਼ ਕੇ ਖਿੜਕੀ ਦੇ ਸਾਹਮਣੇ ਪਹੁੰਚਿਆ, ''ਉਨ੍ਹਾਂ ਧਾਵਾ ਬੋਲ ਦਿੱਤਾ

ਹੈ।"

ਸੜਕ ਉੱਤੇ ਟਰਾਂਸਪੋਰਟ ਨੂੰ ਹਿੱਕਿਆ ਜਾ ਰਿਹਾ ਸੀ। ਕਲੂਟਿਗ ਨੇ ਝੱਟ ਸਾਰੇ ਬਲਾਕ ਫ਼ੋਹਰਰਾਂ ਨੂੰ ਪਰੇਡ ਗਰਾਊਂਡ ਉੱਤੇ ਨੀਯਤ ਕੀਤਾ। ਫ਼ਾਟਕ ਬੰਦ ਕਰ ਦਿੱਤਾ ਗਿਆ।

ਗੀਨਬੂਥ ਦੀ ਅਵਾਜ਼ ਲਾਊਡ ਸਪੀਕਰ 'ਤੇ ਗੂੰਜੀ, "ਕੈਂਪ ਸੀਨੀਅਰ ਸਾਰੇ ਬਲਾਕ ਸੀਨੀਅਰ, ਕੈਂਪ ਪੈਟਰੋਲ, ਫ਼ਾਟਕ 'ਤੇ ਹਾਜ਼ਰ ਹੋਣ।"

ਜਿਉਂ ਹੀ ਇਹ ਲੋਕ ਪਹੁੰਚੇ, ਤਿਉਂ ਹੀ ਗੀਨਬੂਥ ਨੇ ਕਰੈਮਰ ਨੂੰ ਹੁਕਮ ਦਿੱਤਾ,"ਤੁਰੰਤ ਇਹਨਾਂ ਨੂੰ ਵੰਡ ਦਿਉ ਤੇ ਕੈਂਪ ਵਿੱਚ ਇਹਨਾਂ ਨੂੰ ਥਾਂ ਦਿਓ।"

ਕੈਂਪ ਪੈਟਰੋਲ ਨੇ ਨਵੇਂ ਆਉਣ ਵਾਲ਼ਿਆਂ ਦੁਆਲ਼ੇ ਘੇਰਾ ਪਾ ਲਿਆ। ਬਲਾਕ ਫ਼ੋਹਰਰ ਥੱਕੇ ਹੋਏ ਕੈਦੀਆਂ ਵਿਚਾਲ਼ੇ ਪਾਗ਼ਲ ਕੁੱਤਿਆਂ ਵਾਂਗ ਫਿਰ ਰਹੇ ਸਨ। ਕਰੈਮਰ ਸਮਝ ਗਿਆ ਕਿ ਇਸ ਸਮੇਂ ਇਹ ਲੋਕ ਬੇਵੱਸ ਹਨ। ਉਸ ਝੱਟ ਹੁਕਮ ਜਾਰੀ ਕੀਤਾ, "ਬਲਾਕ ਸੀਨੀਅਰ ਕਤਾਰ ਬਣਾਉਣ।" ਝੱਟ ਬਲਾਕ ਸੀਨੀਅਰਾਂ ਦੋ-ਦੋ ਦੀ ਕਤਾਰ ਬਣਾਈ।"

"ਅਟੈਨਸ਼ਨ!"

ਗੀਨਬੂਥ ਕਲੂਟਿਗ ਦੀ ਪ੍ਰਵਾਹ ਕੀਤੇ ਬਿਨਾਂ ਕਰੈਮਰ ਤੇ ਆਉਣ ਵਾਲ਼ਿਆਂ ਦੇ ਸਾਹਮਣੇ ਗਿਆ ਤੇ ਬੋਲਿਆ :

"ਸਾਥੀਓ! ਹੁਣ ਤੁਹਾਨੂੰ ਸੌ-ਸੌ ਦੀਆਂ ਟੋਲੀਆਂ ਵਿੱਚ ਵੱਖ-ਵੱਖ ਬਲਾਕਾਂ ਵਿੱਚ ਘੱਲ ਦਿੱਤਾ ਜਾਵੇਗਾ। ਕੈਂਪ ਪੈਟਰੋਲ ਦੇ ਕਾਮਰੇਡ ਟੋਲੀਆਂ ਬਣਾਉਣਗੇ ਤੇ ਹਰ ਟੋਲੀ ਨੂੰ ਬਲਾਕ ਤੱਕ ਅਪੜਾਉਣਗੇ। ਡਸਿਪਲਿਨ ਤੇ ਨੇਮ ਨਾਲ਼ ਕੰਮ ਹੋਵੇਗਾ ਤੇ ਛੇਤੀ ਹੋ ਜਾਵੇਗਾ।"

ਕੈਂਪ ਪੈਟਰੋਲ ਦੇ ਫ਼ੋਰਮੈਨ ਨੇ ਆਪਣੇ ਆਦਮੀਆਂ ਨੂੰ ਬੁਲਾ ਲਿਆ ਤੇ ਉਨ੍ਹਾਂ ਨੂੰ ਦਸ-ਦਸ ਦੀਆਂ ਟੋਲੀਆਂ ਵਿੱਚ ਵੰਡ ਦਿੱਤਾ ਤੇ ਫਿਰ ਉਨ੍ਹਾਂ ਕੈਦੀਆਂ ਦੀਆਂ ਸੌ-ਸੌ ਦੀਆਂ ਟੋਲੀਆਂ ਬਣਾ ਲਈਆਂ। ਕੰਮ ਸੌਖ ਨਾਲ਼ ਨਾ ਹੋਇਆ, ਥੱਕੇ-ਟੁੱਟੇ ਕੈਦੀ ਸਿਪਾਹੀਆਂ ਵਾਂਗ ਹੁਕਮ ਦੇਣ ਤੇ ਟੋਲੀਆਂ ਨਹੀਂ ਸਨ ਬਣਾ ਸਕਦੇ, ਪਰ ਫਿਰ ਵੀ ਕੈਦੀਆਂ ਨੇ ਬਲਾਕ ਫ਼ੋਹਰਰ ਨੂੰ ਤਕਰੀਰ ਕਰਨ ਦਾ ਮੌਕਾ ਨਾ ਦਿੱਤਾ। ਕਰੈਮਰ ਨੇ ਬਲਾਕ ਸੀਨੀਅਰਾਂ ਨੂੰ ਬੁਲਾ-ਬੁਲਾ ਕੇ ਹਰ ਇੱਕ ਨੂੰ ਸੌ-ਸੌ ਦੀ ਟੋਲੀ ਹਵਾਲੇ ਕਰਨੀ ਸ਼ੁਰੂ ਕਰ ਦਿੱਤੀ, ਜਿਹੜੀਆਂ ਪਰੇਡ ਗਰਾਊਂਡ ਵਿੱਚੋਂ ਲੰਘਦੀਆਂ ਬਲਾਕਾਂ ਵੱਲ ਟੁਰ ਗਈਆਂ।

ਇੰਝ ਇੱਕ ਘੰਟੇ ਤੋਂ ਘੱਟ ਸਮੇਂ ਵਿੱਚ ਕੰਮ ਖ਼ਤਮ ਹੋ ਗਿਆ। ਹੁਣ ਕਰੈਮਰ ਨੇ ਟੋਪੀ ਲਾਹ ਕੇ ਰਿਪੋਰਟ ਦਿੱਤੀ : "ਹੁਕਮ ਦੀ ਪਾਲਣਾ ਕਰ ਦਿੱਤੀ ਗਈ, ਆਉਣ ਵਾਲ਼ਿਆਂ ਨੂੰ ਬਲਾਕਾਂ ਵਿੱਚ ਵੰਡ ਦਿੱਤਾ ਗਿਆ।"

ਕਲੂਟਿਗ ਨੇ ਵਿਅੰਗ ਕੀਤਾ : "ਹੁਣੇ ਤੋਂ ਕਮਾਂਡਰ ਸਮਝਣ ਲੱਗ ਪਿਆ ਏਂ, ਆਪਣੇ-ਆਪ ਨੂੰ ? ਹੈਂ ?"

ਸਦਾ ਵਾਂਗ ਕਰੈਮਰ ਨੂੰ ਆਪਣੇ ਗੁੱਸੇ ਤੇ ਘ੍ਰਿਣਾ ਨੂੰ ਦਬਾਉਣਾ ਪਿਆ। ਉਸ ਨੇ ਭੜਕਾਊ ਸੁਆਲ ਦਾ ਉੱਤਰ ਬੜੇ ਸ਼ਾਂਤੀ ਭਰੇ ਢੰਗ ਨਾਲ਼ ਦਿੱਤਾ : "ਨਹੀਂ ਹਰ ਹਾਪਤ ਅਸਟਰਮ ਫ਼ੋਹਰਰ, ਮੈਂ ਤਾਂ ਤੁਹਾਡੇ ਹੁਕਮ ਦੀ ਪਾਲਣਾ ਕੀਤੀ ਏ।"

"ਮੇਰੇ ਹੁਕਮ ਦੀ ਪਾਲਣਾ!" ਕਲੂਟਿਗ ਫੁੱਟ ਪਿਆ "ਜੇ ਉਹ ਛਿਆਲ਼ੀ, ਦੁਪਹਿਰ ਤੱਕ ਨਾ ਆਏ ਤਾਂ ਮੈਂ ਤੈਨੂੰ ਆਪਣੇ ਹੱਥਾਂ ਨਾਲ਼ ਖ਼ਤਮ ਕਰ ਦਿਆਂਗਾ।"

ਕਰੈਮਰ ਸਾਵਧਾਨ ਹੋ ਗਿਆ। ਉਸ ਨੂੰ ਇਹ ਆਸ ਸੀ ਕਿ ਬੱਚੇ ਦੀ ਭਾਲ਼ ਵਾਂਗ ਇਹਨਾਂ ਛਿਆਲ਼ੀਆਂ ਦੀ ਭਾਲ਼ ਵੀ ਸਮਾਪਤ ਹੋ ਜਾਵੇਗੀ। ਉਹ ਨੂੰ ਇਸ ਧਮਕੀ ਦਾ ਉੱਤਰ ਦੇਣਾ ਸੀ, ਪਰ ਇਸ ਦਾ ਉੱਤਰ ਕੀ ਦਿੱਤਾ ਜਾਵੇ?"

ਰੀਨਬੂਥ ਨੇ ਸੁੱਤੇ-ਸਿੱਧ ਉਸ ਨੂੰ ਫ਼ੈਸਲਾ ਕਰਨ ਤੋਂ ਬਚਾ ਲਿਆ।

"ਕੈਂਪ ਪੈਟਰੋਲ ਭਾਲ਼ ਜਾਰੀ ਰੱਖੇਗਾ! ਸਮਝਿਆ?"

"ਯੈੱਸ ਸਰ" ਕਰੈਮਰ ਨੇ ਸੁੱਖ ਦਾ ਸਾਹ ਲਿਆ।

"ਡਿਸਮਿਸ!"

ਖਾਣੇ ਦੇ ਕਮਰਿਆਂ ਵਿੱਚ ਜਦ ਸੌ-ਸੌ ਦੀਆਂ ਟੋਲੀਆਂ ਵੜੀਆਂ ਤਾਂ ਬਲਾਕਾਂ ਵਿੱਚ ਖਲਬਲੀ ਮਚ ਗਈ। ਥੱਕੇ-ਟੁੱਟੇ ਨਵੇਂ ਆਏ ਕੈਦੀ ਬੈਂਚਾਂ ਉੱਤੇ ਡਿੱਗ ਪਏ। ਉਨ੍ਹਾਂ ਦੇ ਚਿਹਰਿਆਂ ਤੋਂ ਜਾਪ ਰਿਹਾ ਸੀ ਕਿ ਸਿਰ ਉੱਤੇ ਛੱਤ ਵੇਖ ਕੇ ਉਨ੍ਹਾਂ ਦੀ ਜਿੰਦ ਵਿੱਚ ਜਿੰਦ ਆ ਗਈ ਹੈ।

ਰੁਣਕੀ ਦੀ ਥਾਂ ਕੰਮ ਕਰਨ ਕਾਰਨ ਬੋਖਾਉ ਵੀ ਸੌ ਦੀ ਇੱਕ ਟੋਲੀ ਆਪਣੇ ਬਲਾਕ ਵਿੱਚ ਲਿਆਇਆ ਸੀ। ਉਸ ਨੇ ਇਹਨਾਂ ਨੂੰ ਦੋਹਾਂ ਨੁੱਕਰਾਂ ਵਿੱਚ ਵੰਡ ਦਿੱਤਾ ਤੇ ਪੁਰਾਣੇ ਕੈਦੀਆਂ ਨੂੰ ਹਟਾਉਂਦੇ ਹੋਏ ਬੋਲਿਆ, "ਇਹਨਾਂ ਨੂੰ ਅਰਾਮ ਕਰਨ ਦਿਉ, ਕੁੱਝ ਪੀਣ ਲਈ ਦਿਉ, ਜੇ ਕੋਈ ਰੋਟੀ ਦੇ ਸਕੇ, ਉਹ ਇਹਨਾਂ ਦੀ ਸਹਾਇਤਾ ਕਰੇ।" ਉਸ ਆਪ ਵੀ ਆਪਣੀ ਅਲਮਾਰੀ ਖੋਲ੍ਹੀ ਤੇ ਰੋਟੀ ਕੱਢ ਕੇ ਪੂਰਾ ਰਾਸ਼ਨ ਵੰਡ ਦਿੱਤਾ। ਦੂਜਿਆਂ ਨੇ ਵੀ ਇੰਝ ਹੀ ਕੀਤਾ। ਸੇਵਾਦਾਰ ਕਾਲ਼ੀ ਕਾਫ਼ੀ ਲੈ ਆਏ, ਕੰਬਲ਼ ਆ ਗਏ ਤੇ ਉਨ੍ਹਾਂ ਦੇ ਬਿਸਤਰੇ ਬਣ ਗਏ। ਕਿਸੇ ਨੇ ਇਹ ਨਹੀਂ ਆਖਿਆ ਕਿ ਦਿਨ ਵੇਲ਼ੇ ਬਿਸਤਰੇ ਦੀ ਵਰਤੋਂ ਮਨ੍ਹਾਂ ਹੈ। ਹੁਣ ਮਨ੍ਹਾਂ ਕੌਣ ਕਰੇਗਾ? ਨਵੇਂ ਆਉਣ ਵਾਲ਼ੇ ਬਿਸਤਰਿਆਂ 'ਤੇ ਪੈਂਦੇ ਹੀ ਸੌਂ ਗਏ।

ਜਦੋਂ ਰਤਾ ਟਿਕਾਉ ਹੋਇਆ ਤਾਂ ਬੋਖਾਉ ਨੇ ਉਨ੍ਹਾਂ ਨਾਲ਼ ਗੱਲ ਕੀਤੀ। ਕਈ ਹਫ਼ਤੇ ਪਿੱਛੋਂ ਲੋਕ ਨੌਰਟਾਸ਼ਨ ਦੇ ਜ਼ਮੀਨ ਹੇਠਲੇ ਕੈਂਪ ਤੋਂ ਕੱਢੇ ਗਏ ਸਨ। ਰਾਹ ਵਿੱਚ ਹਾਲਬਰ ਸਟਾਟ, ਹੋਇਆ ਮਾਜ਼ਨ ਤੇ ਲਾਂਗਨ ਸਾਲਜ਼ ਦੇ ਕੈਦੀ ਵੀ ਇਹਨਾਂ ਦੀ ਟਰਾਂਸਪੋਰਟ ਵਿੱਚ ਸ਼ਾਮਲ ਹੋ ਗਏ। ਅਮਰੀਕੀ ਹਰ ਪਾਸਿਓਂ ਵਧ ਰਹੇ ਸਨ ਤੇ ਕੈਦੀਆਂ ਦੀ ਟਰਾਂਸਪੋਰਟ ਏਧਰ-ਓਧਰ ਫਿਰ ਰਹੀ ਸੀ। ਅਮਰੀਕੀ ਜਹਾਜਾਂ ਨੇ ਇਹਨਾਂ ਨੂੰ ਫ਼ੌਜੀ ਸਮਝ ਕੇ ਇਹਨਾਂ 'ਤੇ ਬੰਬਾਰੀ ਵੀ ਕੀਤੀ। ਹਜ਼ਾਰਾਂ ਕੈਦੀ ਇਸ ਤਰ੍ਹਾਂ ਖ਼ਤਮ ਹੋ ਗਏ ਤੇ ਹਜ਼ਾਰਾਂ ਨੂੰ ਨਾਜ਼ੀਆਂ ਨੇ ਮੁਕਾ ਦਿੱਤਾ- ਪਿੰਡਾਂ ਵਿੱਚ ਹਿਟਲਰੀ ਜੁਆਨਾਂ ਨੇ ਗੋਲ਼ੀ ਮਾਰ ਦਿੱਤੀ। ਕਦੇ-ਕਦੇ ਟਰਾਂਸਪੋਰਟ ਨੂੰ ਸੜਕ ਹਾਰ ਕੇ ਭੱਜਣ ਵਾਲ਼ੀਆਂ ਫ਼ੌਜਾਂ ਲਈ ਖ਼ਾਲੀ ਕਰਨੀ ਪੈਂਦੀ ਸੀ। ਇਹਨਾਂ ਦੇ ਵਿੱਚ ਸਿਵਲੀਅਨ ਸ਼ਰਨਾਰਥੀ ਵੀ ਹੁੰਦੇ। ਅਜਿਹੀ ਭਾਂਜ ਸੀ ਕਿ ਫ਼ੌਜਾਂ ਸੜਕਾਂ ਦੇ ਕੰਢਿਆਂ 'ਤੇ ਅਸਲਾ ਛੱਡ ਕੇ ਨੱਸ ਰਹੀਆਂ ਸਨ।

ਪੁਰਾਣੇ ਕੈਦੀਆਂ ਨੇ ਇਸ ਰਿਪੋਰਟ ਨੂੰ ਸਾਹ ਰੋਕ ਕੇ ਸੁਣਿਆ। ਕੈਂਪ ਵਿੱਚ ਉਨ੍ਹਾਂ ਨੂੰ

ਅਜਿਹੀ ਆਸ ਹੋਣ ਲੱਗੀ ਕਿ ਅਮਰੀਕੀ ਦਸਤਾ ਕਿਸੇ ਵੀ ਵੇਲ਼ੇ ਇਸ ਕੈਂਪ ਵਿੱਚ ਦਾਖ਼ਲ ਹੋ ਸਕਦਾ ਹੈ।

ਬਾਰਾਂ ਵੀ ਨਹੀਂ ਸਨ ਵੱਜੇ ਕਿ ਖ਼ਤਰੇ ਦਾ ਅਲਾਰਮ ਵੱਜਣ ਲੱਗਾ। ਹਵਾਈ ਹਮਲਾ! ਇਤਨੇ ਸਵੇਰੇ ਤਾਂ ਕਦੇ ਨਹੀਂ ਸੀ ਸ਼ੁਰੂ ਹੋਇਆ। ਇਸ ਵਾਰ ਕੈਦੀਆਂ ਵਿੱਚ ਭਗਦੜ ਨਹੀਂ ਮੱਚੀ। ਥੋੜ੍ਹੀ ਹੀ ਦੇਰ ਮਗਰੋਂ ਖ਼ਤਰਾ ਦੂਰ ਹੋਣ ਦਾ ਸਾਇਰਨ ਵੱਜ ਗਿਆ ਤੇ ਇਸ ਤੋਂ ਅੱਧਾ ਘੰਟਾ ਮਗਰੋਂ ਕੋਹਿਨ ਨੇ ਕਰੈਮਰ ਨੂੰ ਖ਼ਬਰ ਦਿੱਤੀ ਕਿ ਬਾਹਰ ਚੌਂਕੀਆਂ ਉੱਤੇ ਮਸ਼ੀਨਗੰਨਾਂ ਚਾੜ੍ਹੀਆਂ ਜਾ ਰਹੀਆਂ ਹਨ, ਬੁਰਜਾਂ ’ਤੇ ਵੀ ਪਹਿਰਾ ਵਧਾ ਦਿੱਤਾ ਗਿਆ ਸੀ, ਤੋਪਾਂ ਚਾੜ੍ਹ ਦਿੱਤੀਆਂ ਗਈਆਂ ਸਨ।

ਬੋਖਾਉ ਨੂੰ ਖ਼ਬਰ ਕਰਨੀ ਜ਼ਰੂਰੀ ਸੀ। ਕਰੈਮਰ ਉਸ ਦੇ ਬਲਾਕ ਵਿੱਚ ਗਿਆ। ਬੋਖਾਉ ਉਸ ਨੂੰ ਵੇਖ ਕੇ ਪੌੜੀ ਹੇਠ ਆ ਗਿਆ। ਕਰੈਮਰ ਨੇ ਸੰਖੇਪ ਵਿੱਚ ਸਾਰੀ ਹਾਲਤ ਦੱਸੀ। ਬੋਖਾਉ ਸੁਣਦਾ ਰਿਹਾ। ਉਸ ਦੀਆਂ ਨਜ਼ਰਾਂ ਕੈਂਪ ਦਾ ਨਿਰੀਖਣ ਕਰ ਰਹੀਆਂ ਸਨ। ਬਲਾਕਾਂ ਵਿੱਚ ਸੁੰਨ ਵਰਤੀ ਹੋਈ ਸੀ। ਇੱਕ ਵੀ ਕੈਦੀ ਵਿਖਾਈ ਨਹੀਂ ਸੀ ਦੇ ਰਿਹਾ।

ਦੂਰ ਫ਼ਾਟਕ ਉੱਤੇ ਬੁਰਜੀਆਂ ਖ਼ਾਮੋਸ਼ ਤਣੀਆਂ ਖਲ੍ਹੋਤੀਆਂ ਸਨ। ਸ਼ਮਸ਼ਾਨ ਘਰ ਦੀਆਂ ਚਿਮਣੀਆਂ ਵਿੱਚ ਸ਼ੁਹਲੇ ਨਿੱਕਲ਼ ਰਹੇ ਸਨ। ਅੱਗ ਫਿਰ ਬਾਲ਼ੀ ਜਾ ਰਹੀ ਸੀ ਤੇ ਸੜੇ ਹੋਏ ਮਾਸ ਦੀ ਬਦਬੂ ਰਸੋਈਖ਼ਾਨੇ ਤੋਂ ਤਰੀ ਦੀ ਨਿੱਕਲ਼ਦੀ ਹੋਈ ਮਹਿਕ ਨਾਲ਼ ਮਿਲ਼ ਗਈ ਸੀ। ਬੋਖਾਉ ਨੇ ਆਪਣੀਆਂ ਅੱਖਾਂ ਮੀਟ ਲਈਆਂ। ਉਸ ਨੂੰ ਮਹਿਸੂਸ ਹੋਇਆ ਕਿ ਵਿਚਕਾਰਲੇ ਬੁਰਜ ਦੀ ਗੈਲਰੀ ’ਤੇ ਚਾਰ ਮਸ਼ੀਨਗੰਨਾਂ ਹਨ। ਗੇਟ ਉੱਤੇ ਅਜਿਹੀ ਚੁੱਪ ਸੀ, ਜਿਸ ਤੋਂ ਧੋਖਾ ਤੇ ਮੱਕਾਰੀ ਵਰ੍ਹਦੀ ਜਾਪਦੀ ਸੀ... ਅਤੇ ਕੈਂਪ ਨੂੰ ਵੇਖ ਕੇ ਜਾਪਦਾ ਸੀ ਕਿ ਇਹ ਚੁੱਪ ਆਉਣ ਵਾਲ਼ੇ ਤੂਫ਼ਾਨ ਦਾ ਸੰਕੇਤ ਹੈ। ਕੁੱਝ ਹੋਣਾ ਚਾਹੀਦਾ ਹੈ, ਪਰ ਇਸ ਸਮੇਂ ਕਾਮਰੇਡ ਬਲਾਕ ਨੰਬਰ ਸਤਾਰਾਂ ਵਿੱਚ ਕਿਵੇਂ ਜਮ੍ਹਾਂ ਹੋ ਸਕਦੇ ਹਨ?

“ਸੁਣੋ!” ਕਰੈਮਰ ਨੇ ਬੋਖਾਉ ਨੂੰ ਗੱਲ ਸਮਝ ਕੇ ਉਸ ਦੀ ਔਕੜ ਹੱਲ ਕਰ ਦਿੱਤੀ। “ਬਲਾਕ ਸਤਾਰਾਂ ਦੇ ਸੇਵਾਦਾਰਾਂ ਦੀ ਥਾਂ ਕੌਮਾਂਤਰੀ ਮਜ਼ਦੂਰ ਕਮੇਟੀ ਦੇ ਕਾਮਰੇਡ ਰਸੋਈਖ਼ਾਨੇ ਵਿੱਚ ਜਾਣਗੇ। ਮੈਂ ਇਸ ਦਾ ਪ੍ਰਬੰਧ ਕਰ ਦਿਆਂਗਾ। ਭੀੜ ਵਿੱਚ ਕੋਈ ਕੁੱਝ ਨਹੀਂ ਵੇਖੇਗਾ, ਪਰ ਤੂੰ ਆਪਣੇ ਲੋਕਾਂ ਨੂੰ ਕਿਵੇਂ ਜਮ੍ਹਾਂ ਕਰੇਂਗਾ?”

ਬੋਖਾਉ ਨੇ ਹੁਣ ਤੱਕ ਸਾਵਧਾਨੀ ਵਰਤੀ ਸੀ। ਪਰ ਹੁਣ ਕੇਵਲ ਕਰੈਮਰ ਹੀ ਕੈਂਪ ਵਿੱਚ ਵਾਈਸਾਂਗ ਦੀ ਪਬੰਦੀ ਦੇ ਹੁੰਦਿਆਂ ਵੀ ਤੁਰ ਫਿਰ ਸਕਦਾ ਹੈ। ਮਜ਼ਬੂਰਨ ਬੋਖਾਉ ਨੇ ਕਰੈਮਰ ਨੂੰ ਕਾਮਰੇਡਾਂ ਦੇ ਨਾਂ ’ਤੇ ਬਲਾਕ ਨੰਬਰ ਦੱਸੇ।

ਕਰੈਮਰ ਦਾ ਖ਼ਿਆਲ ਬਹੁਤ ਚੰਗਾ ਸੀ। ਬਲਾਕ ਸਤਾਰਾਂ ਦੇ ਬਲਾਕ ਸੀਨੀਅਰ ਨਾਲ਼ ਕੁੱਝ ਗੱਲਾਂ ਹੋਈਆਂ ਤੇ ਉਸ ਨੇ ਸੇਵਾਦਾਰਾਂ ਨੂੰ ਆਖਿਆ, “ਵੇਖੋ ਜਦ ਤੁਸੀਂ ਖਾਣੇ ਲਈ ਜਾਓਗੇ ਤਾਂ ਕੁੱਝ ਆਦਮੀਆਂ ਨੂੰ ਨਾਲ਼ ਲਿਆਉਣਾ, ਉਹ ਲੋਕ ਥੋੜ੍ਹੀ ਦੇਰ ਲਈ ਇਕੱਲਿਆਂ ਗੱਲ ਕਰਨੀ ਚਾਹੁੰਦੇ ਹਨ, ਇਸ ਲਈ ਇਸ ਬਾਰੇ ਢੰਡੋਰਾ ਨਾ ਪਿੱਟਣਾ।”

ਬੋਖਾਉ ਨੇ ਮੀਟਿੰਗ ਵਿੱਚ ਕਾਮਰੇਡਾਂ ਨੂੰ ਦੱਸਿਆ ਕਿ ਡਾਕਟਰੀ ਦਸਤੇ ਨੇ ਕੈਂਪ ਦੇ

ਚੌਹਾਂ ਪਾਸਿਆਂ 'ਤੇ ਫ਼ੌਜ ਦੇ ਤੀਹਰੇ ਦਸਤੇ ਵੇਖੇ ਹਨ। ਵਧੇਰੇ ਮਸ਼ੀਨਗੰਨਾਂ ਬੀੜ ਦਿੱਤੀਆਂ ਗਈਆਂ ਹਨ। ਖ਼ਤਰਾ ਵਧਦਾ ਜਾ ਰਿਹਾ ਹੈ। ਫਿਰ ਹਰ ਸੁਆਲ ਦਾ ਇੱਕ ਹੀ ਉੱਤਰ ਸੀ, "ਜਦੋਂ ਦਰਿੰਦੇ ਉਨ੍ਹਾਂ 'ਤੇ ਟੁੱਟ ਪੈਣ ਤਾਂ ਟਾਲ਼-ਮਟੋਲ਼ ਕਰਕੇ ਜਿਤਨੇ ਵਧੇਰੇ ਲੋਕਾਂ ਨੂੰ ਸੰਭਵ ਹੋਏ ਉਨ੍ਹਾਂ ਦੇ ਪੰਜੇ ਵਿੱਚੋਂ ਬਚਾਅ ਲਿਆ ਜਾਵੇ।

ਪਰੀਬੂਲਾ ਅੜਿਆ ਹੋਇਆ ਸੀ ਕਿ ਹਥਿਆਰ ਵਰਤਣੇ ਚਾਹੀਦੇ ਹਨ। ਉਹ ਹਥਿਆਰਬੰਦ ਬਗ਼ਾਵਤ ਦਾ ਫ਼ੈਸਲਾ ਕਰਵਾਉਣਾ ਚਾਹੁੰਦਾ ਸੀ। "ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਅਸੀਂ ਬਗ਼ਾਵਤ ਅਜਿਹੇ ਸਮੇਂ ਕਿਉਂ ਨਾ ਕਰੀਏ, ਜਦ ਬਹੁਤ ਸਾਰੇ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਝੋਕਿਆ ਜਾਣ ਵਾਲ਼ਾ ਹੈ ? ਤੇ ਇਸ ਸਮੇਂ ਬਗ਼ਾਵਤ ਕਰ ਦਈਏ ਜਦ ਛਿਆਲ਼ੀਆਂ ਵਿੱਚੋਂ ਇੱਕ ਵੀ ਪਕੜਿਆ ਜਾਵੇ। ਮੇਰੀ ਸਮਝ ਵਿੱਚ ਕੁੱਝ ਨਹੀਂ ਆਉਂਦਾ।"

ਬੋਖਾਉ ਨੇ ਗੰਭੀਰਤਾ ਨਾਲ਼ ਉੱਤਰ ਦਿੱਤਾ, "ਐਪਰ ਕਰਨਾ ਇੰਝ ਹੀ ਪਏਗਾ, ਸਾਨੂੰ ਆਸ ਰੱਖਣੀ ਚਾਹੀਦੀ ਹੈ ਕਿ ਸਾਨੂੰ ਇਸ ਆਖ਼ਰੀ ਕਦਮ 'ਤੇ ਮਜ਼ਬੂਰ ਨਹੀਂ ਕੀਤਾ ਜਾਵੇਗਾ। ਅਸੀਂ ਜਾਨ ਵੀ ਦੇ ਦਿਆਂਗੇ, ਪਰ ਜਦੋਂ ਤੱਕ ਜਾਨ ਹੈ, ਉਸ ਦੀ ਰਾਖੀ ਕਰਾਂਗੇ। ਸਮਾਂ ਆਉਣ 'ਤੇ ਮੈਂ ਹਥਿਆਰਬੰਦ ਬਗ਼ਾਵਤ ਦੇ ਹੱਕ ਵਿੱਚ ਹਾਂ ਪਰ ਅਜੇ ਉਸ ਦਾ ਸਮਾਂ ਨਹੀਂ ਆਇਆ।"

ਬੋਗਰਵਸਕੀ ਨੇ ਬੋਖਾਉ ਦੀ ਪ੍ਰੋੜਤਾ ਕੀਤੀ। ਹਥਿਆਰਬੰਦ ਫ਼ੌਜਾਂ ਤੇ ਹਥਿਆਰਾਂ ਵਿੱਚ ਬਹੁਤ ਵੱਡਾ ਫ਼ਰਕ ਹੈ ਕਿ ਹਥਿਆਰਬੰਦ ਬਗ਼ਾਵਤ ਉਸ ਸਮੇਂ ਹੋ ਸਕਦੀ ਹੈ, ਜਦੋਂ ਮੁਹਾਜ਼ ਇਤਨਾ ਨੇੜੇ ਆ ਜਾਏ ਕਿ ਉਸ ਨਾਲ਼ ਸਬੰਧ ਸਥਾਪਤ ਹੋ ਸਕੇ।

ਬੋਖਾਉ ਨੇ ਤਜਵੀਜ਼ ਰੱਖੀ ਕਿ ਟੱਕਰ ਦੀਆਂ ਟੋਲੀਆਂ ਦਾ ਕਾਮਰੇਡ, ਬਲਾਕ ਸੀਨੀਅਰ ਤੇ ਦੂਜੇ ਜ਼ਿਮੇਵਾਰ ਲੋਕ ਪੂਰੇ ਕੈਂਪ ਵਿੱਚ ਇਹ ਨਾਅਰਾ ਫ਼ੈਲਾ ਦੇਣ : "ਕੈਂਪ ਖ਼ਾਲੀ ਕਰਵਾਉਣ ਵਿੱਚ ਦੇਰ ਕਰੋ, ਇੱਕ ਦਿਨ, ਇੱਕ ਘੰਟੇ ਦੀ ਦੇਰ ਵੀ ਸਾਡੀ ਜਿੱਤ ਹੈ।"

ਅੰਤ ਵਿੱਚ ਉਸ ਨੇ ਆਖਿਆ : "ਹੋ ਸਕਦਾ ਹੈ ਕਿ ਕੱਲ੍ਹ ਹਾਲਤ ਉੱਕਾ ਹੀ ਬਦਲ ਜਾਵੇ ਤੇ ਸਾਨੂੰ ਬਿਲਕੁਲ ਨਵੇਂ ਫ਼ੈਸਲੇ ਕਰਨੇ ਪੈਣ। ਹੋ ਸਕਦਾ ਹੈ ਕਿ ਕੱਲ੍ਹ ਮੁਹਾਜ਼ ਇਤਨਾ ਨੇੜੇ ਆ ਜਾਵੇ ਕਿ ਅਸੀਂ ਕੈਂਪ ਖ਼ਾਲੀ ਕਰਵਾਉਣ ਦੀ ਕੋਸ਼ਿਸ਼ ਨੂੰ ਤਾਕਤ ਨਾਲ਼ ਰੋਕ ਸਕੀਏ।" ਇਹ ਪਰੀਬੂਲਾ ਨੂੰ ਸੰਬੋਧਨ ਸੀ।

ਉਸ ਸਮੇਂ ਖ਼ਤਰਾ ਦਿਮਾਗ਼ਾਂ ਉੱਤੇ ਇਤਨਾ ਛਾਇਆ ਹੋਇਆ ਸੀ ਕਿ ਕਿਸੇ ਨੂੰ ਨਾ ਬੱਚੇ ਦਾ ਖ਼ਿਆਲ ਸੀ ਤੇ ਨਾ ਹੋਫ਼ਲ ਤੇ ਕਰੋਪਿਨਸਕੀ ਦਾ। ਜਾਪਦਾ ਤਾਂ ਇੰਝ ਸੀ ਕਿ ਜਿਨ੍ਹਾਂ ਛਿਆਲ਼ੀਆਂ ਆਦਮੀਆਂ ਨੂੰ ਇੰਨੀ ਹਿੰਮਤ ਨਾਲ਼ ਮੌਤ ਦੇ ਮੂੰਹੋਂ ਬਚਾ ਲਿਆ ਗਿਆ ਹੈ, ਉਨ੍ਹਾਂ ਨੂੰ ਲੋਕ ਭੁੱਲੇ ਹੋਏ ਹਨ। ਸਾਰਿਆਂ ਦੀ ਹੋਣੀ ਦਾ ਸੁਆਲ ਸੀ ਤੇ ਉਸ ਦੇ ਸਾਹਮਣੇ ਇਹ ਗੱਲਾਂ ਹੌਲ਼ੀਆਂ ਜਾਪਦੀਆਂ ਸਨ।

ਜਿਸ ਸਮੇਂ ਕੌਮਾਂਤਰੀ ਮਜ਼ਦੂਰ ਕਮੇਟੀ ਦੇ ਕਾਮਰੇਡ ਫ਼ੈਸਲੇ ਕਰ ਰਹੇ ਸਨ ਉੱਧਰ ਸ਼ੋਹਾਲ ਦੇ ਦਫ਼ਤਰ ਵਿੱਚ ਕੌਂਸਲ ਦੀ ਮੀਟਿੰਗ ਸੀ। ਥੋੜ੍ਹੀ ਦੇਰ ਪਹਿਲਾਂ ਹਵਾਈ ਹਮਲੇ ਦੇ ਖ਼ਤਰੇ ਦਾ ਅਲਾਰਮ ਨੇ ਸਭ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਸੀ। ਨਾ ਕੋਈ ਡਸਿਪਲਿਨ ਸੀ, ਨਾ

ਕੋਈ ਅਫ਼ਸਰ ਮਤਾਇਤ ਦਾ ਲਿਹਾਜ਼। ਹਰ ਬੰਦਾ ਬੋਲੀ ਜਾ ਰਿਹਾ ਸੀ, ਹਰ ਆਦਮੀ ਚੀਕ-ਚੀਕ ਕੇ ਆਪਣੀ ਗੱਲ ਉੱਤੇ ਜ਼ੋਰ ਪਾ ਰਿਹਾ ਸੀ। ਸ਼ੋਹਾਲ ਜ਼ੋਰ ਦੀ ਚੀਕਿਆ, "ਸ਼੍ਰੀਮਾਨੋ, ਤੁਸੀਂ ਹੋ ਕਿਸ ਦੀ ਫ਼ਿਕਰ ਵਿੱਚ ? ਅਮਰੀਕਨ ਸਾਡੀ ਧੌਣ ਨੱਪਣ ਹੀ ਵਾਲ਼ੇ ਹਨ। ਮੈਨੂੰ ਇਹ ਖ਼ਬਰ ਮਿਲ਼ੀ ਹੈ ਕਿ ਅਮਰੀਕੀ ਟੈਂਕ ਦਸਤੇ ਗੰਥ੍ਰਾਂ ਦੇ ਨੇੜੇ-ਤੇੜੇ ਆ ਗਏ ਹਨ।"

ਕਲੂਟਿਗ ਉਸ ਤੋਂ ਵੀ ਵਧੇਰੇ ਜ਼ੋਰ ਨਾਲ਼ ਬੋਲਿਆ, "ਤੇ ਅਸੀਂ ਹੁਣ ਤੱਕ ਇੱਥੇ ਖਲੋਤੇ ਭਾਸ਼ਣ ਝਾੜੀ ਜਾ ਰਹੇ ਹਾਂ। ਮੈਂ ਜਾਣਨਾ ਚਾਹੁੰਦਾ ਹਾਂ ਤੁਸੀਂ ਬੁਰਜਾਂ ਉੱਤੇ ਮਸ਼ੀਨਗੰਨਾਂ ਕਿਉਂ ਚੜ੍ਹਾਈਆਂ ਹਨ ?" ਉਹ ਸ਼ੋਹਾਲ ਨੂੰ ਚੀਕ ਕੇ ਬੋਲਿਆ "ਸਾਰੇ ਦਾ ਸਾਰਾ ਭੁੰਨ੍ਹ ਕੇ ਰੱਖ ਦਿਉ ਤੇ ਨਿੱਕਲ਼ ਚੱਲੋ ਇੱਥੋਂ!"

ਉਸ ਦੇ ਚੀਕਣ ਨਾਲ਼ ਫਿਰ ਸਾਰੇ ਇੱਕੋ ਵੇਲ਼ੇ ਰਾਇ ਦੇਣ ਲੱਗੇ। ਕੁੱਝ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਹੜਾ ਹੱਕ ਵਿੱਚ ਹੈ ਤੇ ਕਿਹੜਾ ਵਿਰੋਧੀ। ਸ਼ੋਹਾਲ ਨੇ ਆਪਣੀ ਮੇਜ਼ ਦਾ ਖ਼ਾਨਾ ਖੋਲ੍ਹ ਕੇ ਪਿਸਤੌਲ ਕੱਢਿਆ ਤੇ ਸਾਰਿਆਂ ਨੂੰ ਸੰਬੋਧਨ ਹੋ ਬੋਲਿਆ "ਭਲੇ ਮਾਣਸੋ।"

ਸਾਰੇ ਲੋਕ ਉਸ ਵੱਲ ਵੇਖਣ ਲੱਗੇ।

"ਮੈਂ ਇਸ ਲਈ ਤਿਆਰ ਹਾਂ ਕਿ ਆਪਣੇ ਆਪ ਨੂੰ ਗੋਲ਼ੀ ਮਾਰ ਲਵਾਂ, ਫਿਰ ਤੁਸੀਂ ਲੋਕ ਕਲੂਟਿਗ ਦਾ ਹੁਕਮ ਮੰਨ ਸਕਦੇ ਹੋ। ਜਦੋਂ ਤੱਕ ਮੈਂ ਜਿਉਂਦਾ ਹਾਂ, ਮੇਰਾ ਹੁਕਮ ਚੱਲੇਗਾ।"

ਸ਼ੋਹਾਲ ਨੇ ਵੇਖਿਆ ਕਿ ਉਸ ਦੀ ਇਹ ਗੱਲ ਕੰਮ ਕਰ ਗਈ ਹੈ। ਉਸ ਆਪਣੀ ਗੱਲ ਜਾਰੀ ਰੱਖੀ, "ਘਬਰਾਉਣ ਦੀ ਲੋੜ ਨਹੀਂ, ਸਾਡੀਆਂ ਫ਼ੌਜਾਂ ਅੱਜ ਵੀ ਮੋਰਚਿਆਂ ਉੱਤੇ ਡਟੀਆਂ ਹੋਈਆਂ ਹਨ। ਕੁੱਝ ਦਿਨਾਂ ਵਿੱਚ ਕੈਂਪ ਖ਼ਾਲੀ ਹੋ ਜਾਵੇਗਾ ਤੇ ਸਾਨੂੰ ਇੱਥੋਂ ਨਿੱਕਲ਼ਣ ਦਾ ਮੌਕਾ ਮਿਲ਼ ਜਾਵੇਗਾ। ਮੇਰਾ ਹੁਕਮ ਹੁਣ ਵੀ ਹੁਕਮ ਹੈ। ਇਹ ਰਖਸੀਸ ਫ਼ੋਹਰਰ ਐੱਨ. ਐੱਨ. ਦਾ ਹੁਕਮ ਹੈ।

ਜ਼ਵਾਈਲਿੰਗ ਅਜੇ ਤੱਕ ਸਮਾਨਖ਼ਾਨੇ ਵਿੱਚ ਨਹੀਂ ਸੀ ਆਇਆ। ਸਾਰੇ ਕੈਦੀ ਚੁੱਪਚਾਪ ਬੈਠੇ ਸਨ, ਕਿਸੇ ਦੀ ਕੰਮ ਕਰਨ ਦੀ ਸਲਾਹ ਨਹੀਂ ਸੀ। ਪੀਪਿਗ ਦੀ ਮੌਤ ਨੇ ਸਾਰਿਆਂ ਦੇ ਹੋਂਠਾਂ 'ਤੇ ਮੋਹਰ ਲਾ ਦਿੱਤੀ ਸੀ।

ਰੋਜ਼ ਸਭ ਤੋਂ ਵੱਖਰਾ ਬੈਠਾ ਸੀ। ਕੋਈ ਕੈਦੀ ਉਸ ਨਾਲ਼ ਨਹੀਂ ਸੀ ਬੋਲ ਰਿਹਾ ਤੇ ਨਾ ਉਸ ਦੀ ਹਿੰਮਤ ਪੈ ਰਹੀ ਸੀ ਕਿ ਕਿਸੇ ਨਾਲ਼ ਅੱਖ ਮਿਲ਼ਾਏ। ਫਿਰ ਉਨ੍ਹਾਂ ਦੀ ਚੁੱਪ ਘ੍ਰਿਣਾ ਉਸ ਨੂੰ ਦਰੜੀ ਜਾ ਰਹੀ ਸੀ ਤੇ ਉਹ ਇਸ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ ਕਰ ਸਕਦਾ ਕਿ ਬਿਨਾਂ ਕੁੱਝ ਸੋਚੇ ਸਮਝੇ ਕੰਮ ਕਰਦਾ ਰਹੇ। ਅਸਲ ਵਿੱਚ ਕੈਦੀ ਵਧੇਰੇ ਸਾਵਧਾਨ ਮੁਖ਼ਬਰ ਵੂਰਾਖ ਤੋਂ ਸਨ, ਜਿਸ ਨੇ ਛਿਆਲ਼ੀਆਂ ਦੀ ਸੂਚੀ ਨਾਜ਼ੀਆਂ ਨੂੰ ਦਿੱਤੀ ਸੀ। ਵੂਰਾਖ ਵੀ ਇਸ ਨੂੰ ਸਮਝ ਰਿਹਾ ਸੀ ਤੇ ਉਹ ਆਪ ਵੀ ਘਬਰਾਹਟ ਨੂੰ ਲੁਕਾਉਣ ਲਈ ਵਧੇਰੇ ਬਣਨ ਦੀ ਕੋਸ਼ਿਸ਼ ਕਰ ਰਿਹਾ ਸੀ। ਕੈਂਪ ਖ਼ਾਲੀ ਕਰਵਾਉਣ ਦੀ ਖ਼ਬਰ ਬਾਰੇ ਕਹਿਣ ਲੱਗਾ :

"ਮੈਂ ਤਾਂ ਚਾਹੁੰਦਾ ਹਾਂ ਕਿ ਛੇਤੀ ਖ਼ਾਲੀ ਹੋ ਕੇ ਕੰਮ ਖ਼ਤਮ ਹੋ ਜਾਵੇ। ਭਿਆਨਕ ਅੰਤ ਉਸ ਤੋਂ ਤਾਂ ਚੰਗਾ ਹੈ ਕਿ ਦਹਿਸ਼ਤ ਫ਼ੈਲੀ ਹੋਈ ਹੈ ਤੇ ਇਸ ਦਾ ਅੰਤ ਨਜ਼ਰ ਨਹੀਂ ਆਉਂਦਾ।"

ਪਹਿਲਾਂ ਤਾਂ ਲੋਕ ਇਸ ’ਤੇ ਚੁੱਪ ਰਹੇ। ਫਿਰ ਇੱਕ ਕੈਦੀ ਤੋਂ ਨਾ ਰਿਹਾ ਗਿਆ ਤੇ ਉਸ ਨੇ ਆਖਿਆ, “ਅਜਿਹੀ ਹਾਲਤ ਵਿੱਚ ਕੁੱਝ ਲੋਕ ਹਨ, ਜਿਹੜੇ ਜਾਣਦੇ ਹਨ ਕਿ ਕਿਵੇਂ ਕਿਸੇ ਸ਼ੈਅ ਨੂੰ ਨਚੋੜਿਆ ਜਾਂਦਾ ਹੈ।”

ਦੂਜੇ ਨੇ ਵਧਾ ਕੇ ਗੱਲ ਕੀਤੀ, “ਜੇ ਉਦੋਂ ਤੱਕ ਨਚੋੜ ਕੇ ਕਿਸੇ ਨੇ ਫੋਗ ਨਾ ਬਣਾ ਦਿੱਤਾ ਹੋਵੇ...”

ਵੂਰਾਖ ਸਮਝ ਗਿਆ। ਕੈਦੀ ਚੁੱਪ ਹੋ ਗਏ। ਉਨ੍ਹਾਂ ਦਾ ਜੀਅ ਤਾਂ ਚਾਹੁੰਦਾ ਸੀ ਕਿ ਦਬੋਚ ਕੇ ਉਸ ਨੂੰ ਆਖਣ, “ਕੁੱਤਿਆ, ਤੇਰੀ ਧੌਣ ਉੱਤੇ ਪੀਪਿਗ ਦਾ ਖ਼ੂਨ ਹੈ” ਪਰ ਅਜੇ ਉਸ ਦੀ ਸੰਘੀ ਘੁੱਟਣੀ ਖ਼ਤਰਨਾਕ ਸੀ।

ਜ਼ਵਾਈਲਿੰਗ ਦੁਪਹਿਰ ਮਗਰੋਂ ਆਇਆ। ਉਸ ਨੇ ਤਾਂ ਇਹ ਫ਼ੈਸਲਾ ਕਰ ਲਿਆ ਸੀ ਕਿ ਹੁਣ ਉਹ ਕੈਂਪ ਵਿੱਚ ਨਹੀਂ ਜਾਏਗਾ। ਪਰ ਹੋਰਟਨੈੱਸ ਨਾਲ਼ ਉਸ ਦੀ ਬਹਿਸ ਹੋ ਗਈ, ਜਿਸ ਲਈ ਮਜਬੂਰਨ ਉਸ ਨੂੰ ਆਉਣਾ ਪਿਆ। ਉਸ ਦਾ ਕਹਿਣਾ ਸੀ, “ਪਤਾ ਨਹੀਂ ਕਦੋਂ ਕੀ ਹੋ ਜਾਏ...” ਪਰ ਹੋਰਟਨੈੱਸ ਨੇ ਉਸ ਨੂੰ ਧੱਕ ਕੇ ਘੱਲ ਹੀ ਦਿੱਤਾ।

“ਤੇਰੇ ਸਾਥੀ ਸਾਰੇ ਆਪਣਾ ਫ਼ਰਜ਼ ਨਿਭਾ ਰਹੇ ਹਨ ਤੇ ਤੂੰ ਭੱਜਣਾ ਚਾਹੁੰਦਾ ਏਂ।”

“ਸਾਰਿਆਂ ਨੂੰ ਆਪਣੀ ਚਿੰਤਾ ਸਭ ਤੋਂ ਪਹਿਲਾਂ ਹੁੰਦੀ ਏ।”

“ਸਭ ਤੋਂ ਪਹਿਲਾਂ ? ਤੂੰ ਸਭ ਤੋਂ ਪਹਿਲਾ ਆਦਮੀ ਏਂ ਜਿਸ ਨੂੰ ਤੇਰੇ ਸਾਥੀ ਖ਼ਤਮ ਕਰ ਦੇਣਗੇ।”

“ਮੈਨੂੰ ਕਿਉਂ ?”

“ਰਤਾ ਹਰ ਹਾਪਤ ਸ਼ਾਰ ਦੀ ਗੱਲ ਸੁਣਨੀ ! ਪਹਿਲਾਂ ਤਾਂ ਤੂੰ ਯਹੂਦੀ ਕਤੂਰੇ ਨਾਲ਼ ਖੇਡਦਾ ਰਿਹਾ, ਫਿਰ ਤੂੰ ਕਮਿਊਨਿਸਟਾਂ ਨਾਲ਼ ਸਾਜ਼ਬਾਜ਼ ਕੀਤੀ...”

ਹੋਰਟਨੈੱਸ ਨੇ ਆਪਣੀਆਂ ਮੁੱਠੀਆਂ ਪੁੱਠਿਆਂ ’ਤੇ ਰੱਖ ਲਈਆਂ ਸਨ ਤੇ ਲੜਨ ਲਈ ਤਿਆਰ ਸੀ :

“ਜੇ ਕਲੂਟਿਗ ਦੀ ਥਾਂ ਮੈਂ ਹੁੰਦੀ ਤਾਂ ਕਹਿੰਦੀ ਵੇਖ ! ਇਹ ਸਬੂਤ ਹੈ ! ਹੁਣ ਇਹ ਮਰੀਅਲ ਕੁੱਤਾ ਭੱਜਣਾ ਚਾਹੁੰਦਾ ਏ। ਇਹੋ ਸਮਾਂ ਹੈ ਕਿ ਜਦ ਤੈਨੂੰ ਆਪਣਾ ਲੱਕ ਬੰਨ੍ਹ ਲੈਣਾ ਚਾਹੀਦਾ ਹੈ, ਇਸ ਲਈ ਕਿ ਅੰਤ ਵਿੱਚ ਤਾਂ ਤੈਨੂੰ ਆਪਣੇ ਲੋਕਾਂ ਨਾਲ਼ ਹੀ ਭੱਜਣਾ ਹੈ ਜਾਂ ਅਜੇ ਵੀ ਇਸ ਖ਼ੁਸ਼ਫ਼ਹਿਮੀ ਵਿੱਚ ਏਂ ਕਿ ਕਮਿਊਨਿਸਟ ਤੇਰੇ ਲਈ ਚੰਗਾ ਜਿਹਾ ਘਰ ਬਣਾ ਦੇਣਗੇ ?” ਹੋਰਟਨੈੱਸ ਬਜ਼ਾਰੀ ਢੰਗ ਨਾਲ਼ ਹੱਸੀ “ਤੇਰਾ ਯਹੂਦੀ ਕਤੂਰਾ ਕਿੱਥੇ ਹੈ ? ਉਨ੍ਹਾਂ ਲੋਕਾਂ ਚੰਗਾ ਤੈਨੂੰ ਧੋਖਾ ਦਿੱਤਾ।”

ਜ਼ਵਾਈਲਿੰਗ ਜੀਭ ਬਾਹਰ ਕੱਢ ਕੇ ਤੇ ਅੱਖਾਂ ਝਮਕਾ-ਝਮਕਾ ਕੇ ਸੋਚਦਾ ਰਿਹਾ। ਹੁਣ ਇਹ ਤੈਅ ਸੀ ਕਿ ਅਮਰੀਕਨਾਂ ਦੇ ਆਉਣ ਤੋਂ ਪਹਿਲਾਂ ਕੈਂਪ ਖ਼ਾਲੀ ਕਰਵਾਇਆ ਜਾਵੇਗਾ, ਹੋਰਟਨੈੱਸ ਦੀ ਗੱਲ ਠੀਕ ਸੀ। ਜ਼ਵਾਈਲਿੰਗ ਨੂੰ ਵੀ ਦੂਜਿਆਂ ਦੇ ਨਾਲ਼ ਮਾਰਚ ਕਰਨਾ ਪਵੇਗਾ।

ਕੈਦੀਆਂ ਨੇ ਇਹ ਜਾਣ ਲਿਆ ਕਿ ਜ਼ਵਾਈਲਿੰਗ ਦਾ ਮੂਡ ਬਦਲਿਆ ਹੋਇਆ

ਹੈ। ਉਸ ਨੇ ਕਿਸੇ ਵੱਲ ਧਿਆਨ ਨਾ ਦਿੱਤਾ ਤੇ ਨਾ ਹੀ ਕੰਮ ਵਿੱਚ ਕੋਈ ਸੁਆਦ ਲਿਆ। ਸਿੱਧਾ ਆਪਣੇ ਦਫ਼ਤਰ ਵਿੱਚ ਜਾ ਕੇ ਚੁੱਪ-ਚਾਪ ਬਹਿ ਗਿਆ। ਵੂਰਾਖ ਨੇ ਜ਼ਵਾਈਲਿੰਗ ਨੂੰ ਵੇਖਦੇ ਹੀ ਸਮਝ ਲਿਆ ਕਿ ਇਸ ਬੰਦੇ ਤੋਂ ਕੋਈ ਆਸ ਰੱਖਣੀ ਗ਼ਲਤ ਹੈ। ਇਸ ਤੋਂ ਕੋਈ ਲਾਭ ਨਹੀਂ ਪੁੱਜਣ ਲੱਗਾ। ਕੈਦੀਆਂ ਤੋਂ ਖ਼ਤਰਾ ਬਹੁਤ ਹੈ। ਉਹ ਅਜੀਬ ਮੁਸੀਬਤ ਵਿੱਚ ਫਸ ਗਿਆ ਸੀ... ਪਰ ਉਸ ਨੇ ਇਹ ਪ੍ਰਗਟ ਨਾ ਹੋਣ ਦਿੱਤਾ ਕਿ ਉਹ ਇਸ ਮੁਸ਼ਕਲ ਵਿੱਚੋਂ ਨਿੱਕਲ਼ਣ ਦੀ ਕੋਸ਼ਿਸ਼ ਕਰ ਰਿਹਾ ਹੈ।

ਭਾਗ ਪੰਜਵਾਂ

ਇੱਕ

ਭਾਵੇਂ ਇਸ ਦੀ ਆਸ ਬੜੇ ਦਿਨਾਂ ਤੋਂ ਸੀ, ਪਰ ਫਿਰ ਵੀ ਦਿਨ ਢਲ਼ੇ ਉੱਜੜੀ ਹੋਈ ਪਰੇਡ ਗਰਾਊਂਡ ਵਿੱਚ ਜੋ ਹੁਕਮ ਗੂੰਜਿਆ ਉਸ ਨੂੰ ਸੁਣ ਕੇ ਹਰ ਵਿਅਕਤੀ ਸੁੰਨ੍ਹ ਜਿਹਾ ਹੋ ਗਿਆ :

"ਸਾਰੇ ਯਹੂਦੀ ਪਰੇਡ ਗਰਾਊਂਡ ਵਿੱਚ ਤੁਰੰਤ ਕਤਾਰ ਬਣਾ ਲੈਣ।"

ਰੀਨਬੂਥ ਦੀ ਅਵਾਜ਼ ਸੁਣ ਕੇ ਬਲਾਕਾਂ ਵਿੱਚ ਚੁੱਪ-ਚਾਂ ਵਰਤ ਗਈ, ਪਰ ਇੰਨੇ ਕੁ ਚਿਰ ਲਈ ਜਿੰਨਾ ਚਿਰ ਸਾਹ ਲੈਣ ਲਈ ਲੱਗਦਾ ਏ। ਫਿਰ ਸ਼ੋਰ-ਸ਼ਰਾਬਾ ਪੈ ਗਿਆ : "ਅਰੰਭ ਹੋ ਗਿਆ, ਯਹੂਦੀ ਸਭ ਤੋਂ ਪਹਿਲਾਂ ਜਾਣਗੇ!"

ਮਾਮਲਾ ਕਾਬੂ ਤੋਂ ਬਾਹਰ ਹੋ ਗਿਆ ਸੀ!

ਕੈਂਪ ਖ਼ਾਲੀ ਕੀਤਾ ਜਾਣ ਵਾਲ਼ਾ ਸੀ!

ਯਹੂਦੀ ਤਾਂ ਪਹਿਲੇ ਸਨ, ਪਰ ਹਰ ਵਿਅਕਤੀ ਤੇ ਹਰ ਬਲਾਕ ਇਹੋ ਸਮਝਦਾ ਸੀ ਕਿ ਇਸ ਦਾ ਦੂਜਾ ਨੰਬਰ ਹੈ। ਬਹੁਤ ਸਾਰੇ ਤਾਂ ਤਿਆਰੀ ਵੀ ਕਰ ਚੁੱਕੇ ਸਨ, ਆਪਣੇ ਕੰਬਲ਼ ਵਲ੍ਹੇਟ ਕੇ ਠੱਪ ਚੁੱਕੇ ਸਨ ਤੇ ਆਪਣੀਆਂ ਕੁੱਝ ਕੁ ਚੀਜ਼ਾਂ ਇਕੱਠੀਆਂ ਕਰ ਲਈਆਂ ਸਨ। ਕਈਆਂ ਨੇ ਕੈਂਪ ਵਿੱਚ ਨਿੱਕਲ਼ਣ ਸਮੇਂ ਬਚ ਕੇ ਭੱਜ ਜਾਣ ਦੀਆਂ ਵਿਉਂਤਾਂ ਸੋਚ ਲਈਆਂ ਸਨ। ਕਿਤੇ ਬਾਹਰ ਖੁੱਲ੍ਹੀ ਥਾਂ 'ਤੇ ਸੁਰੰਗ ਹੀ ਪੁੱਟ ਲਵਾਂਗੇ। ਬੈਰਕਾਂ ਦੇ ਹੇਠਾਂ ਰਿੜ੍ਹ ਜਾਵਾਂਗੇ... ਪਰ ਇਹ ਸਭ ਖ਼ਿਆਲੀ ਪੁਲਾਉ ਸਨ। ਕਠੋਰ ਹੁਕਮ ਨਾਲ਼ ਉਨ੍ਹਾਂ ਨੂੰ ਦਿਲਚਸਪੀ ਸੀ ਤੇ ਇਸੇ ਲਈ ਉਸ ਸਦਕਾ ਹੀ ਉਹ ਸਾਰੇ ਇੱਕਮੁੱਠ ਹੋ ਗਏ ਸਨ। ਉਨ੍ਹਾਂ ਦਾ ਆਸ ਤੇ ਮੌਤ ਉੱਤੇ ਸਾਂਝਾ ਵਿਸ਼ਵਾਸ ਸੀ।

ਕੈਂਪ ਦੇ ਛੇ ਹਜ਼ਾਰ ਯਹੂਦੀ ਕੈਦੀਆਂ ਵਿੱਚ ਇਸ ਹੁਕਮ ਦੇ ਕਾਰਨ ਡਰ ਤੇ ਨਿਰਾਸ਼ਾ ਦੀ ਗੜਬੜ ਪਸਰ ਗਈ ਸੀ। ਪਹਿਲਾਂ ਉਹ ਡਰਦੇ ਮਾਰੇ ਰੋਣ ਲੱਗੇ, ਉਹ ਬਲਾਕਾਂ ਦੀ ਓਟ ਨੂੰ ਨਹੀਂ ਛੱਡਣਗੇ, ਉਹ ਚੀਕ ਰਹੇ ਸਨ ਤੇ ਰੋ ਰਹੇ ਸਨ ਅਤੇ ਨਹੀਂ ਸਨ ਜਾਣਦੇ ਕੀ ਕਰਨ। ਇਸ ਭਿਆਨਕ ਹੁਕਮ ਨੇ ਉਨ੍ਹਾਂ 'ਤੇ ਰੱਤ-ਤਿਹਾਏ ਭੇੜੀਏ ਵਾਂਗ ਹਮਲਾ ਬੋਲ ਦਿੱਤਾ

ਸੀ ਤੇ ਇਹਨਾਂ ਉੱਤੇ ਆਪਣੇ ਦੰਦ ਗੱਡ ਦਿੱਤੇ ਸਨ, ਤੇ ਹੁਣ ਉਸ ਤੋਂ ਛੁਟਕਾਰਾ ਨਹੀਂ ਸਨ ਪਾ ਸਕਦੇ। ਵਾਈਸਾਂਗ ਦੇ ਹੁਕਮ ਦੇ ਬਾਵਜੂਦ ਉਹ ਬਲਾਕ ਵਿੱਚੋਂ ਨਹੀਂ ਸਨ ਨਿੱਕਲ਼ ਰਹੇ। ਉਨ੍ਹਾਂ ਵਿੱਚੋਂ ਬਹੁਤ ਸਾਰੇ ਘਬਰਾਹਟ ਤੇ ਪਰੇਸ਼ਾਨੀ ਵਿੱਚ ਭੱਜ ਕੇ ਬਾਹਰ ਆ ਗਏ ਅਤੇ ਦੂਜੇ ਬਲਾਕਾਂ ਵਿੱਚ, ਛੋਟੇ ਕੈਂਪ ਤੇ ਛੂਤ ਵਾਲ਼ੇ ਬਲਾਕ ਵਿੱਚ, ਹਸਪਤਾਲ਼ ਵਿੱਚ ਵੜ ਗਏ, "ਸਾਡੀ ਸਹਾਇਤਾ ਕਰੋ! ਸਾਨੂੰ ਲੁਕਾ ਲਵੋ।"

"ਅਸੀਂ ਤੁਹਾਨੂੰ ਕਿਵੇਂ ਲੁਕਾ ਸਕਦੇ ਆਂ, ਸਾਨੂੰ ਵੀ ਜਾਣਾ ਪਏਗਾ।"

ਫਿਰ ਵੀ ਬਲਾਕ ਵਾਲ਼ਿਆਂ ਉਨ੍ਹਾਂ ਨੂੰ ਰੱਖ ਲਿਆ। ਉਨ੍ਹਾਂ ਦੇ ਬਿੱਲੇ, ਜਿਹੜੇ ਇਸ ਗੱਲ ਦੀ ਨਿਸ਼ਾਨੀ ਸੀ ਕਿ ਇਹ ਯਹੂਦੀ ਹਨ, ਲਾਹ ਦਿੱਤੇ ਤੇ ਦੂਜੇ ਲਾ ਦਿੱਤੇ ਗਏ। ਕੋਹਿਨ ਨੇ ਬਹੁਤਿਆਂ ਨੂੰ ਬਿਮਾਰਾਂ ਦੇ ਬਿਸਤਰਿਆਂ ਵਿੱਚ ਲਿਟਾ ਦਿੱਤਾ ਤੇ ਉਨ੍ਹਾਂ ਨੂੰ ਨਵੀਂ ਨਿਸ਼ਾਨੀ ਤੇ ਨਵਾਂ ਨਾਂ ਦੇ ਦਿੱਤਾ। ਬਹੁਤ ਸਾਰੇ ਯਹੂਦੀਆਂ ਨੇ ਆਪਣੇ ਲੁਕਣ ਦੀ ਆਪ ਹੀ ਥਾਂ ਲੱਭ ਲਈ... ਉਹ ਹਸਪਤਾਲ਼ ਦੇ ਤਹਿਖ਼ਾਨੇ ਵਿੱਚ ਬਣੇ ਹੋਏ ਲਾਸ਼ ਘਰ ਵਿੱਚ ਲੁਕ ਗਏ। ਕੁੱਝ ਦੂਜੇ ਛੋਟੇ ਕੈਂਪ ਦੇ ਅਸਤਬਲ ਵਿੱਚ ਘੁਸ ਗਏ ਤੇ ਦੂਜੇ ਲੋਕਾਂ ਵਿੱਚ ਘੁਲ਼-ਮਿਲ਼ ਗਏ, ਜਦ ਕਿ ਪਨਾਹ ਦੀ ਇਹ ਥਾਂ ਸਭ ਤੋਂ ਘਟੀਆ ਸੀ। ਇਸ ਲਈ ਕਿ ਪਤਾ ਨਹੀਂ ਉੱਥੇ ਕਿਹੜੀਆਂ-ਕਿਹੜੀਆਂ ਕੌਮਾਂ ਦੇ ਯਹੂਦੀ ਸਨ। ਬਲਾਕ ਸੀਨੀਅਰ-ਜਿਹੜੇ ਆਪ ਵੀ ਯਹੂਦੀ ਸਨ-ਨੂੰ ਹਿੰਮਤ ਨਹੀਂ ਸੀ ਪੈ ਰਹੀ ਕਿ ਉਹ ਕਤਾਰ ਲਗਵਾਉਣ ਤੇ ਮਾਰਚ ਕਰਾਉਂਦੇ ਹੋਏ ਪਰੇਡ ਗਰਾਊਂਡ ਤੱਕ ਲੈ ਜਾਣ। ਉੱਥੇ ਮੌਤ ਚੱਕਰ ਕੱਟ ਰਹੀ ਸੀ। ਕੀ ਉਹ ਉੱਥੇ, ਜਿੱਥੇ ਹੁਣ ਸਨ, ਮੌਤ ਦੀ ਉਡੀਕ ਨਹੀਂ ਸਨ ਕਰ ਸਕਦੇ?

ਬੋਖਾਉ ਨੇ ਆਪਣੇ-ਆਪ ਨਾਲ਼ ਘੋਲ਼ ਕੀਤਾ। ਕੀ ਉਸ ਨੂੰ ਉਜੜੇ ਹੋਏ ਕੈਂਪ ਵਿੱਚ ਭੱਜ ਕੇ ਜਾਣ ਦੀ ਦਲੇਰੀ ਕਰਨੀ ਚਾਹੀਦੀ ਹੈ? ਐਪਰ ਕੌਮਾਂਤਰੀ ਮਜ਼ਦੂਰ ਕਮੇਟੀ ਦਾ ਹੋਰ ਕਿਹੜਾ ਕਾਮਰੇਡ ਉਸ ਦੇ ਨਾਲ਼ ਕਰੈਮਰ ਦੇ ਇੱਕ ਪਾਸੇ ਖੜ੍ਹਾ ਹੋਵੇਗਾ? ਬੋਖਾਉ ਦੌੜ ਕੇ ਕਰੈਮਰ ਦੇ ਕਮਰੇ ਵਿੱਚ ਪਹੁੰਚਿਆ।

"ਸੁਣਾ ਹੁਣ ਕੀ ਕਰਨਾ ਏ?" ਕਰੈਮਰ ਨੇ ਉਸ ਦਾ ਸਵਾਗਤ ਕੀਤਾ, ਜਿਵੇਂ ਉਹ ਵੀ ਉਸ ਦਾ ਰਾਹ ਦੇਖ ਰਿਹਾ ਸੀ ਅਤੇ ਜਿਵੇਂ ਇਸ ਸੁਆਲ ਵਿੱਚ ਬੇਬਸੀ ਦਾ ਚਿੰਨ੍ਹ ਤੱਕ ਨਾ ਹੋਵੇ।

"ਰਵਾਨਗੀ ਵਿੱਚ ਉਤਨੀ ਦੇਰ ਲਾਓ ਜਿੰਨੀ ਸੰਭਵ ਹੋਵੇ।"

"ਆਖ਼ਰ ਕਦੋਂ ਤੱਕ ਅਸੀਂ ਇਸ ਨੂੰ ਟਾਲ਼ਾਂਗੇ?"

"ਇਸ ਦੀ ਚਿੰਤਾ ਨਾ ਕਰੋ! ਜੇ ਕੁੱਝ ਘੰਟੇ ਹੀ ਟਲ਼ ਜਾਣ, ਵਾਲਟਰ, ਕੇਵਲ ਕੁੱਝ ਘੰਟੇ!"

ਲਾਊਡ ਸਪੀਕਰ ਉੱਤੇ ਖੜ-ਖੜ ਹੋਈ, ਰੀਨਬੂਥ ਦੀ ਅਵਾਜ਼ ਆਈ। ਜਿਹੜੀ ਇਸ ਵਾਰ ਵਿਅੰਗਮਈ ਤੇ ਥਿੜਕਵੀਂ ਨਹੀਂ ਸੀ: "ਕੈਂਪ ਸੀਨੀਅਰ ਤੁਰੰਤ ਰਿਪੋਰਟ ਫ਼ੋਹਰਰ ਦੇ ਕੋਲ਼!"

ਹਰ ਵਾਰ ਜਦੋਂ ਐਲਾਨ ਹੁੰਦਾ ਤਾਂ ਨਵਾਂ ਝਟਕਾ ਲੱਗਦਾ। ਕਰੈਮਰ ਪਰੇਸ਼ਾਨੀ

ਵਿੱਚ ਟਹਿਲਣ ਲੱਗਾ ਤੇ ਉਸ ਨੇ ਜਾਣ-ਬੁੱਝ ਕੇ ਲਾਊਡ ਸਪੀਕਰ ਉੱਤੇ ਹੱਥ ਮਾਰਿਆ, "ਇਹ ਲਵੋ।"

ਕਰੈਮਰ ਨੇ ਟੋਪੀ ਪਾਈ ਤੇ ਕੋਟ ਅੜਾਇਆ। ਬੋਖਾਉ ਉਸ ਦੀ ਕਾਹਲ਼ ਵੇਖ ਰਿਹਾ ਸੀ।

"ਵਾਲਟਰ!" ਉਸ ਤੱਕਿਆ।

"ਹਾਂ ਕੀ ਏ ?"

ਜੋ ਕੁੱਝ ਵੀ ਉਹ ਕਹਿ ਸਕਦੇ ਸਨ, ਉਹ ਸਭ ਕੁੱਝ ਇਹਨਾਂ ਸ਼ਬਦਾਂ ਵਿੱਚ ਸਮਾ ਗਿਆ ਸੀ। ਦੋਵੇਂ ਸਮਝ ਰਹੇ ਸਨ। ਕਰੈਮਰ ਨੇ ਟਾਲਣ ਦਾ ਇਸ਼ਾਰਾ ਕੀਤਾ, ਇਸ ਦੀ ਗੱਲ ਹੀ ਕਿਉਂ ਕਰਨੀ ਹੋਈ।

"ਤੂੰ ਆਪਣੇ ਬਲਾਕ ਵਿੱਚ ਵਾਪਸ ਚਲਿਆ ਜਾ, ਮੈਂ ਠੀਕ ਕਰ ਲਵਾਂਗਾ..."

ਗੀਨਬੂਥ ਜਦੋਂ ਕਰੈਮਰ ਨੂੰ ਮਿਲ਼ਿਆ ਤਾਂ ਉਸ ਦੇ ਰੌਂ ਵਿੱਚੋਂ ਬੇਸਬਰੀ ਖਿੰਡ ਰਹੀ ਸੀ : "ਯਹੂਦੀ ਕਿੱਥੇ ਹਨ ? ਕਿਰਪਾ ਕਰਕੇ ਉਨ੍ਹਾਂ ਦਾ ਪ੍ਰਬੰਧ ਕਰਾ ਦੇ, ਕਿ ਇਹ ਸ਼ੈਤਾਨ ਕੂਚ ਹੋ ਜਾਣ, ਕੀ ਤੂੰ ਇਹ ਨਹੀਂ ਕਰ ਸਕੇਂਗਾ ?"

"ਮੈਂ ਬਲਾਕਾਂ ਵਿੱਚੋਂ ਹੋ ਕੇ ਆ ਰਿਹਾ ਹਾਂ ਤੇ ਮੈਂ ਇਹ ਕੋਸ਼ਿਸ਼ ਕੀਤੀ ਸੀ ਹੁਕਮ ਉੱਤੇ ਅਮਲ ਕਰਾਵਾਂ।"

ਕਰੈਮਰ ਝੂਠ ਬੋਲਿਆ।

"ਕੋਸ਼ਿਸ਼ ਕੀਤੀ, ਕੋਸ਼ਿਸ਼ ਕੀਤੀ", ਗੀਨਬੂਥ ਚੀਕਣ ਲੱਗਾ, "ਇਹਨਾਂ ਕਮੀਨੇ ਕੁੱਤਿਆਂ ਨੂੰ ਇੱਕ ਥਾਂ 'ਤੇ ਕੰਮ ਕਰਨ ਲਈ ਭੇਜਿਆ ਜਾ ਰਿਹਾ ਏ। ਇੱਕ ਘੰਟੇ ਵਿੱਚ ਇਹਨਾਂ ਦੀ ਕਤਾਰ ਲੱਗ ਜਾਵੇ, ਨਹੀਂ ਤਾਂ ਫਿਰ ਤੇਰਾ ਅੱਲਾ ਹੀ ਵਾਲੀ ਏ।"

ਯਹੂਦੀਆਂ ਦੇ ਬਲਾਕ ਤੱਕ ਪਹੁੰਚਦੇ-ਪਹੁੰਚਦੇ ਕਰੈਮਰ ਉੱਤੇ ਪਤਾ ਨਹੀਂ ਕੀ ਕੁੱਝ ਬੀਤਿਆ। ਉਹ ਇੰਝ ਤੁਰ ਰਿਹਾ ਸੀ ਜਿਵੇਂ ਉਸ ਦੇ ਪੈਰਾਂ ਵਿੱਚ ਸਿੱਕਾ ਭਰਿਆ ਪਿਆ ਹੋਵੇ। ਉਸ ਦੀ ਛਾਤੀ ਵਿੱਚ ਇੱਕ ਚੀਕ ਗੂੰਜ ਰਹੀ ਸੀ, "ਸਾਥੀਓ! ਬਲਾਕਾਂ ਵਿੱਚ ਰਹੋ। ਉੱਥੇ ਕੋਈ ਨਹੀਂ ਆ ਸਕਦਾ! ਸਾਡੇ ਕੋਲ਼ ਹਥਿਆਰ ਹਨ! ਅਸੀਂ ਤੁਹਾਡੀ ਮਦਦ ਕਰਾਂਗੇ!" ਪਰ ਚੀਕ ਆਪਣੀ ਹੀ ਅੱਗ ਵਿੱਚ ਸੜ ਗਈ। ਕਰੈਮਰ ਪਹਿਲੇ ਬਲਾਕ ਵਿੱਚ ਦਾਖ਼ਲ ਹੋਇਆ।

ਮੰਦਭਾਗਿਆਂ ਦੇ ਸਹਿਮੇ ਹੋਏ ਚਿਹਰਿਆਂ ਤੇ ਡਰੀਆਂ ਹੋਈਆਂ ਅਵਾਜ਼ਾਂ ਨੇ ਉਸ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ, ਜਿਵੇਂ ਉਹ ਉਨ੍ਹਾਂ ਦਾ ਸਭੋ ਕੁੱਝ ਹੋਵੇ।

"ਅਸੀਂ ਇੱਥੇ ਹੀ ਰਹਾਂਗੇ! ਅਸੀਂ ਨਹੀਂ ਜਾਵਾਂਗੇ।"

ਕਰੈਮਰ ਨੂੰ ਇਹ ਕੌੜਾ ਕੰਮ ਸਿਰੇ ਚਾੜ੍ਹਨ ਲਈ ਆਪਣਾ ਸਾਰਾ ਜ਼ੋਰ ਲਾਉਣਾ ਪਿਆ, "ਦੋਸਤੋ, ਤੁਸਾਂ ਜਾਣਾ ਏ ਤੇ ਅਸਾਂ ਵੀ ਜਾਣਾ ਏ ?" ਕਰੈਮਰ ਨੌਜਵਾਨ ਬਲਾਕ ਸੀਨੀਅਰ ਨੂੰ ਸੰਬੋਧਨ ਹੋਇਆ, ਜਿਸ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ, "ਆਕਮ, ਇਹਨਾਂ ਦੀ ਕਤਾਰ ਲਗਵਾ ਦਿਓ, ਹੋਰ ਕੋਈ ਰਾਹ ਨਹੀਂ, ਹੌਲ਼ੀ-ਹੌਲ਼ੀ ਸਮਝਿਆ, ਅਰਾਮ ਨਾਲ਼, ਦੋ ਚਾਰ ਵਾਰ ਉਸ ਨੂੰ ਚੀਕਣ ਦਿਓ, ਹੋ ਸਕਦਾ ਹੈ ਅਸੀਂ ਇੰਨੀ ਦੇਰ ਲਾ ਦਈਏ ਕਿ ਹਨ੍ਹੇਰਾ ਹੋ

ਜਾਵੇ। ਰਾਤ ਨੂੰ ਤਾਂ ਉਹ ਕੈਂਪ ਖ਼ਾਲੀ ਨਹੀਂ ਕਰਾਉਣਗੇ ਤੇ ਕੱਲ੍ਹ ਹੋ ਸਕਦਾ ਏ ਦੂਜਾ ਦਿਨ ਹੋਵੇ।"

ਕੈਦੀਆਂ ਨੇ ਆਪਣੇ ਬਲਾਕ ਸੀਨੀਅਰ ਦੀ ਗੱਲ ਮੰਨਣ ਤੋਂ ਵੀ ਹੀਲ-ਹੁੱਜਤ ਕੀਤੀ, ਪਰ ਕਰੈਮਰ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਉਹ ਦੂਜੇ ਬਲਾਕ ਵਿੱਚ ਗਿਆ। ਉੱਥੇ ਵੀ ਉਹੋ ਹਾਲ ਸੀ। ਇੱਕ ਵਾਰ ਕਤਾਰ ਲਗਵਾਈ ਜਾਂਦੀ, ਫਿਰ ਸਹਿਮੇ ਹੋਏ ਲੋਕ ਦੌੜ-ਦੌੜ ਕੇ ਬਲਾਕ ਵਿੱਚ ਜਾ ਵੜਦੇ। ਅਜੇ ਤੱਕ ਮਾਰਚ ਕਰਨ ਲਈ ਕਤਾਰਾਂ ਨਹੀਂ ਸਨ ਬਣ ਸਕੀਆਂ। ਯਹੂਦੀ ਬਲਾਕਾਂ ਦੇ ਨਾਲ਼ ਲਗਦੀਆਂ ਬੈਰਕਾਂ ਦੇ ਕੈਦੀ, ਬਾਰੀਆਂ 'ਤੇ ਇਕੱਠੇ ਸਨ ਤੇ ਮੰਦਭਾਗੀ ਤੇ ਨਿਰਾਸ਼ਤਾ ਦੇ ਘੋਲ਼ ਨੂੰ ਵੇਖ ਰਹੇ ਸਨ। ਪੋਲਸ਼ ਕੈਦੀਆਂ ਦੇ ਬਲਾਕ ਤੋਂ ਵੀ ਇਹ ਦ੍ਰਿਸ਼ ਵੇਖਿਆ ਜਾ ਸਕਦਾ ਸੀ।

ਲੜਾਕੂ ਟੋਲੀ ਦੇ ਕੁੱਝ ਸਾਥੀਆਂ ਨਾਲ਼ ਪਰੀਬੂਲਾ ਵੀ ਬਾਰੀ ਨਾਲ਼ ਲੱਗਿਆ ਖਲੋਤਾ ਸੀ ਤੇ ਉਸ ਦੀਆਂ ਮੁੱਠਾਂ ਬਾਰੀ ਉੱਤੇ ਟਿਕੀਆਂ ਹੋਈਆਂ ਸਨ : "ਲਾਹਨਤ ਏ! ਇੱਥੇ ਬੰਦ ਰਹਿਣਾ ਤੇ ਸਭ ਕੁੱਝ ਵੇਖਣਾ ਲਾਹਨਤ ਏ।"

ਉਸ ਦੇ ਸਾਥੀ ਉਸ ਦੀ ਗੱਲ ਸਮਝ ਰਹੇ ਸਨ, ਬੁੱਲ੍ਹ ਟੁੱਕਦੇ ਹੋਏ, ਅੱਖਾਂ ਵਿੱਚ ਗੁੱਸੇ ਦੀ ਚਮਕ ਲਈ ਉਹ ਬਾਹਰ ਦੇ ਦ੍ਰਿਸ਼ ਵੇਖ ਰਹੇ ਸਨ, ਪਰ ਉਹ ਇਹ ਵੀ ਵੇਖ ਰਹੇ ਸਨ ਕਿ ਕਰੈਮਰ ਇਸ ਗੜਬੜੀ ਨੂੰ ਖ਼ਤਮ ਕਰਨ ਤੇ ਕਤਾਰ ਬਣਾਉਣ ਦੀ ਕੋਈ ਖ਼ਾਸ ਕੋਸ਼ਿਸ਼ ਨਹੀਂ ਸੀ ਕਰ ਰਿਹਾ। ਇਸ ਬਲਾਕ ਦੇ ਸਾਹਮਣੇ ਥੋੜ੍ਹੇ ਜਿਹੇ ਯਹੂਦੀ ਵੀ ਇਕੱਠੇ ਹੋ ਜਾਂਦੇ ਤਾਂ ਕਰੈਮਰ ਅਗਲੇ ਬਲਾਕ ਵੱਲ ਤੁਰ ਪੈਂਦਾ, ਜਿਹੜੇ ਲੋਕ ਇਕੱਠੇ ਹੋਏ ਹੁੰਦੇ ਉਹ ਵੀ ਆਪਣੇ ਬਲਾਕ ਵਿੱਚ ਦੌੜ ਜਾਂਦੇ। ਇਉਂ ਹੀ ਪੂਰਾ ਇੱਕ ਘੰਟਾ ਇਸ ਦਾ ਆਉਣਾ-ਜਾਣਾ ਹੁੰਦਾ ਰਿਹਾ।

"ਯਹੂਦੀ ਕਿੱਥੇ ਹਨ? ਕੈਂਪ ਸੀਨੀਅਰ, ਤੁਰੰਤ ਇਨ੍ਹਾਂ ਨੂੰ ਮਾਰਚ ਕਰਾਉ।"

ਜ਼ਾਲਮ ਲਾਊਡ ਸਪੀਕਰ ਨੇ ਉਨ੍ਹਾਂ ਵਿੱਚ ਹੋਰ ਵੀ ਗੜਬੜ ਫ਼ੈਲਾ ਦਿੱਤੀ। ਇੱਕ ਬਲਾਕ ਸਾਹਮਣੇ ਮਾਰਚ ਕਰਨ ਵਾਲ਼ੀਆਂ ਲਾਈਨਾਂ ਬਣ ਵੀ ਗਈਆਂ, ਪਰ ਦੂਜੇ ਬਲਾਕ ਤੱਕ ਪੁੱਜਦੇ-ਪੁੱਜਦੇ ਉਹ ਵੀ ਵਿਛੜ ਗਈਆਂ। ਕੈਦੀ ਉੱਥੋਂ ਨੱਸ ਆਏ, ਫਿਰ ਜਾਂ ਤਾਂ ਉਸ ਬਲਾਕ ਵਿੱਚ ਵੜ ਗਏ ਜਾਂ ਦੌੜ ਕੇ ਆਪਣੇ ਬਲਾਕਾਂ ਵਿੱਚ ਲੁਕ ਗਏ। ਚੀਕਾਂ, ਸਿਸਕੀਆਂ, ਚੀਕ ਚਿਹਾੜਾ, ਗਾਲ੍ਹੀਆਂ, ਅਰਦਾਸਾਂ, ਅੰਤਾਂ ਦਾ ਰੌਲ਼ਾ ਸੀ। ਲੋਕ ਇੱਕ ਦੂਜੇ ਨੂੰ ਚੰਬੜ ਰਹੇ ਸਨ। ਰੱਬ ਰਾਖਾ ਆਖ ਰਹੇ ਸਨ। ਬਲਾਕ ਸੀਨੀਅਰ ਨੇ ਇੱਕ ਵਾਰ ਕਤਾਰ ਬਣਾਉਣ ਲਈ ਆਖਿਆ। ਉਹ ਸਾਰੇ ਕੋਲ਼ ਦੀਆਂ ਬੈਰਕਾਂ ਵਿੱਚ ਜਾ ਵੜੇ। ਪਲੰਘਾਂ ਹੇਠ ਜਾਂ ਟੱਟੀਆਂ ਵਿੱਚ ਲੁਕ ਗਏ। ਇਹ ਸਭ ਕੁੱਝ ਮੂਰਖਤਾ ਸੀ, ਇਸ ਲਈ ਕਿ ਲੁਕਣ ਲਈ ਕੋਈ ਥਾਂ ਨਹੀਂ ਸੀ। ਬਘਿਆੜ ਨੇ ਆਪਣੇ ਦੰਦ ਇਨ੍ਹਾਂ ਦੇ ਮਾਸ ਵਿੱਚ ਖਭੋਏ ਹੋਏ ਸਨ, ਇਹਨਾਂ ਨੂੰ ਨਿਸੱਤਾ ਕਰ ਰਿਹਾ ਸੀ ਤੇ ਉਸ ਤੋਂ ਜਾਨ ਬਚਣੀ ਔਖੀ ਸੀ।

ਫਿਰ ਲਾਊਡ ਸਪੀਕਰ ਦਾ ਦਿਉ ਚੀਕਿਆ : "ਕੈਂਪ ਸੀਨੀਅਰ ਇਹਨਾਂ ਦੀ ਕਤਾਰ ਤੁਰੰਤ ਬਣਵਾਓ!"

ਕਰੈਮਰ ਕੈਦੀਆਂ ਦੀ ਭੀੜ ਵਿੱਚੋਂ ਲੰਘਿਆ, ਜਿਹੜੇ ਸ਼ਹਿਦ ਦੀਆਂ ਮੱਖੀਆਂ ਵਾਂਗ ਬਲਾਕ ਦਾ ਬੂਹਾ ਰੋਕੀ ਖਲੋਤੇ ਸਨ। ਕਰੈਮਰ ਆ ਕੇ ਬਲਾਕ ਸੀਨੀਅਰ ਦੀ ਮੇਜ਼ ਉੱਤੇ ਡਿੱਗ ਪਿਆ। ਆਕਮ ਵੇਖ ਰਿਹਾ ਸੀ ਕਿ ਕਰੈਮਰ ਬਹੁਤ ਪ੍ਰੇਸ਼ਾਨ ਏ।

"ਚਲੋ ਹੁਣ ਫਿਰ ਚੱਲੀਏ!" ਉਸ ਆਖਿਆ, "ਹੁਣ ਹੋਰ ਕੀਤਾ ਵੀ ਕੀ ਜਾ ਸਕਦਾ ਹੈ..."

ਕਰੈਮਰ ਨੇ ਗੁੱਸੇ ਵਿੱਚ ਆ ਕੇ ਮੇਜ਼ ਉੱਤੇ ਮੁੱਕੇ ਮਾਰੇ। ਦਿਮਾਗੀ ਖਿਚਾਅ ਹੱਦ ਤੋਂ ਵਧ ਚੁੱਕਿਆ ਸੀ, ਉਹ ਉੱਛਲ਼ ਕੇ ਖੜ੍ਹਾ ਹੋ ਗਿਆ ਤੇ ਜਾਂਦੇ-ਜਾਂਦੇ ਚੀਕ ਕੇ ਆਕਮ ਨੂੰ ਆਖਿਆ, "ਜਦੋਂ ਵੀ ਉਹ ਉੱਥੋਂ ਚੀਕੇ ਤਾਂ ਕਤਾਰ ਬਣਾਉਣੀ ਸ਼ੁਰੂ ਕਰ ਦਿਓ, ਬੱਸ ਕਤਾਰ ਬਣਵਾਉਂਦੇ ਰਹੋ!"

ਸ਼ੋਹਾਲ ਕਈ ਵਾਰ ਰਿਪੋਰਟ ਫ਼ੋਹਰਰ ਨੂੰ ਕਹਿ ਚੁੱਕਿਆ ਸੀ ਕਿ ਯਹੂਦੀਆਂ ਦੀ ਟਰਾਂਸਪੋਰਟ ਤੋਰੀ ਜਾਵੇ। ਬਲਾਕ ਫ਼ੋਹਰਰ ਦੀ ਫ਼ੌਜ ਫ਼ਾਟਕ ਦੇ ਕੋਲ਼ ਆਪਣੇ ਕਮਰੇ ਦੀਆਂ ਬਾਰੀਆਂ 'ਤੇ ਇਸ ਤਰ੍ਹਾਂ ਚੱਕਰ ਕੱਟ ਰਹੀ ਸੀ, ਜਿਵੇਂ ਪਿੰਜਰੇ ਵਿੱਚ ਬੰਦ ਸ਼ਿਕਾਰੀ ਕੁੱਤੇ। ਅੱਧਾ ਘੰਟਾ ਹੋਰ ਲੰਘ ਗਿਆ ਸੀ, ਪਰ ਪਰੇਡ ਗਰਾਊਂਡ ਉੱਜੜੀ ਪਈ ਸੀ।

ਬੋਖਾਉ ਦੀ ਦਿਲੀ ਇੱਛਾ ਇਹ ਸੀ ਕਿ ਇਸ ਹੁਕਮ ਦੇ ਜਾਰੀ ਹੋਣ ਮਗਰੋਂ ਉਹ ਆਪਣੇ ਬਲਾਕ ਵਿੱਚ ਨਾ ਰਹਿੰਦਾ। ਬੇਉੜਕੀ ਉਲ਼ਝਣ ਤੇ ਪ੍ਰੇਸ਼ਾਨੀ ਤੇ ਬੇਵਿਸ਼ਵਾਸੀ ਨਾਲ਼ ਉਹ ਉਡੀਕ ਕਰਦਾ ਰਿਹਾ। ਕਰੈਮਰ ਕੀ ਕਰ ਰਿਹਾ ਹੋਵੇਗਾ ? ਫ਼ਾਟਕ ਉੱਤੇ ਕੀ ਹੋ ਰਿਹਾ ਹੈ ? ਅਚਾਨਕ ਇੱਕ ਹੋਰ ਐਲਾਨ ਹੋਇਆ :

"ਕੈਂਪ ਗਾਰਦ ਫ਼ਾਟਕ ਉੱਤੇ ਕਤਾਰ ਬਣਾਏ।"

ਬੋਖਾਉ ਨੂੰ ਅਨੁਭਵ ਹੋਇਆ ਕਿ ਰੀਨਬੂਥ ਦੇ ਲਹਿਜੇ ਵਿੱਚ ਇਸ ਵਾਰ ਦ੍ਰਿੜਤਾ ਹੈ। "ਹੁਣ ਇਹ ਲੋਕ ਖੇਡ ਨਹੀਂ ਖੇਡ ਰਹੇ!" ਉਸ ਨੇ ਆਖਿਆ ਤੇ ਮੈੱਸ ਰੂਮ ਵਿੱਚ ਜਿਹੜੇ ਕੈਦੀ ਸਨ, ਉਨ੍ਹਾਂ ਡਰਾਉਣੇ ਲਾਊਡ ਸਪੀਕਰ ਨੂੰ ਘੂਰ ਕੇ ਵੇਖਿਆ, ਜਿਸ ਦਾ ਹਰ ਐਲਾਨ ਪਹਿਲੇ ਨਾਲ਼ੋਂ ਵਧੇਰੇ ਘਿਣਾਉਣਾ ਤੇ ਭਿਅੰਕਰ ਹੁੰਦਾ ਜਾ ਰਿਹਾ ਸੀ।

"ਹੁਣ ਉਹ ਲੋਕ ਕੈਂਪ ਗਾਰਦ ਬੁਲਾ ਰਹੇ ਹਨ..." ਅਵਾਜ਼ ਚੁੱਪ ਵਿੱਚ ਗੂੰਜੀ।

ਅਚਾਨਕ ਦੂਜਾ ਬੋਲਣ ਲੱਗਿਆ :

"ਇਸ ਥਾਂ ਨੂੰ ਅੱਗ ਲੱਗ ਗਈ
ਤੇ ਹੁਣ ਤੂਫ਼ਾਨ ਨਾਲ਼ ਲਿਪਟੀਆਂ ਹੋਈਆਂ
ਬਾਰੀਆਂ ਦੇ ਖ਼ਾਲੀ ਢਾਂਚਿਆਂ ਵਿੱਚ
ਦਹਿਸ਼ਤ ਬੈਠੀ ਏ
ਤੇ ਅਸਮਾਨ ਉੱਤੋਂ
ਬੱਦਲ ਘ੍ਰਿਣਾ ਨਾਲ਼ ਵੇਖ ਰਹੇ ਹਨ..."

ਕੁੱਝ ਲੋਕ ਹੱਸੇ, "ਭੌਂਕ ਰਹੇ ਹਨ, ਪਰ ਸਾਹ ਨਾਲ਼ ਸਾਹ ਨਹੀਂ ਮਿਲ਼ ਰਿਹਾ..."

ਆਮ ਤੌਰ 'ਤੇ ਕੈਂਪ ਗਾਰਦ ਦੋ-ਦੋ ਦੀਆਂ ਟੋਲੀਆਂ ਬਣਾ ਕੇ ਛੇਤੀ-ਛੇਤੀ ਫ਼ਾਟਕ

ਵੱਲ ਦੌੜਦੀ ਸੀ। ਇਸ ਵਾਰ ਉਨ੍ਹਾਂ ਅਰਾਮ ਨਾਲ਼ ਕਤਾਰਾਂ ਬਣਾਈਆਂ ਤੇ ਫਿਰ ਫ਼ਾਟਕ ਵੱਲ ਮਾਰਚ ਕੀਤਾ। ਕੁੱਝ ਮਿੰਟ ਹੋਰ ਲੱਗ ਗਏ। ਇੱਕ-ਇੱਕ ਮਿੰਟ ਦੀ ਦੇਰ ਕਰਨ ਦੀ ਪੂਰੀ ਕੋਸ਼ਿਸ਼ ਹੋ ਰਹੀ ਸੀ। ਬਲਾਕਾਂ ਦੀ ਸਭ ਤੋਂ ਮੂਹਰਲੀ ਕਤਾਰ ਦੀਆਂ ਬਾਰੀਆਂ ਦੇ ਕੈਦੀਆਂ ਨੇ ਉਤਸੁਕਤਾ ਨਾਲ਼ ਕੈਂਪ ਗਾਰਦ ਨੂੰ ਫ਼ਾਟਕ ਉੱਤੇ ਇਕੱਠਿਆਂ ਹੁੰਦਾ ਵੇਖਿਆ। ਉਨ੍ਹਾਂ ਵੇਖਿਆ ਕਿ ਗੀਨਬੂਥ ਕਮਰੇ ਵਿੱਚੋਂ ਨਿੱਕਲ਼ਿਆ, ਕੈਂਪ-ਗਾਰਦ ਦੇ ਫ਼ੋਰਮੈਨ ਨੇ ਅੱਗੇ ਵਧ ਕੇ ਰਿਪੋਰਟ ਦਿੱਤੀ। ਗੀਨਬੂਥ ਨੇ ਹੁਕਮ ਦਿੱਤੇ। ਕੈਂਪ ਗਾਰਦ ਨੇ ਮਾਰਚ ਕਰਨ ਲਈ ਫਿਰ ਕਤਾਰਾਂ ਬਣਾਈਆਂ ਤੇ ਗੀਨਬੂਥ ਫਿਰ ਕਮਰੇ ਵਿੱਚ ਚਲਿਆ ਗਿਆ। ਕੁੱਝ ਮਿੰਟ ਲੰਘੇ, ਫਿਰ ਫ਼ਾਟਕ ਦੇ ਚੌਂਕੀਦਾਰ ਨੇ ਫ਼ਾਟਕ ਦਾ ਬੂਹਾ ਖੋਲ੍ਹ ਦਿੱਤਾ ਤੇ ਕੈਂਪ ਵਿੱਚ ਡੰਡੇ ਲਈ ਬਲਾਕ ਫ਼ੋਹਰਰਾਂ ਦੀ ਫ਼ੌਜ ਆ ਵੜੀ। ਬਾਰੀਆਂ 'ਤੇ ਕੈਦੀਆਂ ਦੀ ਘੁਸਰ-ਮੁਸਰ ਹੋਈ : "ਇਹ ਲੋਕ ਯਹੂਦੀ ਕੈਦੀਆਂ ਲਈ ਜਾ ਰਹੇ ਹਨ।"

ਫ਼ੌਜ ਯਹੂਦੀ ਕੈਦੀਆਂ ਉੱਤੇ ਹਨ੍ਹੇਰੀ ਵਾਂਗ ਆ ਪਈ। ਕੈਦੀ ਚੀਕਦੇ ਹੋਏ ਬਲਾਕਾਂ ਵੱਲ ਦੌੜੇ। ਐਪਰ ਡੰਡਿਆਂ ਦੀ ਵਾਛੜ ਨੇ ਇਹਨਾਂ ਨੂੰ ਫਿਰ ਬਾਹਰ ਕੱਢਿਆ। ਇਸ ਅੰਤਾਂ ਦੀ ਹਫ਼ੜਾ-ਦਫ਼ੜੀ ਵਿੱਚ ਕਰੈਮਰ ਵੀ ਸੀ। ਜਿਨ੍ਹਾਂ ਲੋਕਾਂ ਨੂੰ ਵਧੇਰੇ ਖ਼ਤਰਾ ਸੀ, ਉਨ੍ਹਾਂ ਨੂੰ ਉਸ ਨੇ ਗ਼ੁੱਸੇ ਵਿੱਚ ਅੰਨ੍ਹੇ ਹੋਏ ਜਾਬਰਾਂ ਦੀ ਮਾਰ ਤੋਂ ਬਚਾ ਕੇ ਬਾਹਰ ਕੱਢਿਆ, ਭਾਵੇਂ ਇਸ ਕੋਸ਼ਿਸ਼ ਵਿੱਚ ਕਈ ਡੰਡੇ ਉਸ ਦੀ ਖੋਪਰੀ 'ਤੇ ਵੀ ਪਏ। ਕੁੱਝ ਬਲਾਕ ਫ਼ੋਹਰਰਾਂ ਨੇ ਬਲਾਕਾਂ ਦੇ ਬੂਹੇ ਰੋਕ ਲਏ। ਬਾਕੀਆਂ ਚੀਕਦੀ ਚਿਲਾਉਂਦੀ ਭੀੜ ਨੂੰ ਪਰੇਡ ਗਰਾਊਂਡ ਵੱਲ ਹਿੱਕਿਆ। ਜੋ ਕੋਈ ਵੀ ਇਸ ਭੱਜ ਦੌੜ ਵਿੱਚ ਡਿੱਗ ਪਿਆ ਉਹ ਜਾਂ ਤਾਂ ਬੂਟਾਂ ਦੀ ਮਾਰ ਖਾ ਕੇ ਫਿਰ ਉੱਠ ਖਲ੍ਹੋਤਾ ਨਹੀਂ ਤਾਂ ਕੁਚਲ਼ਿਆ ਗਿਆ।

ਜਦੋਂ ਇਹ ਹਿੱਕ ਹਕਾਈ ਖ਼ਤਮ ਹੋ ਗਈ ਤਾਂ ਵੀ ਕਰੈਮਰ ਉੱਥੇ ਸੀ। ਬਲਾਕਾਂ ਦੇ ਸਾਹਮਣੇ ਇੰਝ ਜਾਪਦਾ ਸੀ, ਜਿਵੇਂ ਲੁੱਟੀ ਹੋਈ ਬਸਤੀ-ਕੱਪੜੇ, ਸੌਣ ਦੇ ਬਲਾਕ ਅੰਦਰ ਮੇਜ਼ ਤੇ ਬੈਂਚ ਉਲਟੇ ਪਏ ਸਨ। ਕਮਰੇ ਵਿੱਚ ਟੋਪੀਆਂ, ਕੰਬਲ਼ ਪਿਆਲੇ, ਤਸਲੇ ਏਧਰ-ਉੱਧਰ ਖਿੱਲਰੇ ਪਏ ਸਨ। ਤੂੜੀ ਦੇ ਭਰੇ ਹੋਏ ਗੱਦਿਆਂ ਨੂੰ ਖਿੱਚ-ਖਿੱਚ ਕੇ ਪਾੜ ਦਿੱਤਾ ਗਿਆ ਸੀ। ਬਲਾਕ ਸੀਨੀਅਰ ਦੀ ਮੇਜ਼ ਉੱਤੇ ਜੰਗ ਦੇ ਮੁਹਾਜ਼ ਦਾ ਨਕਸ਼ਾ ਪਾਟਾ ਪਿਆ ਸੀ। ਉਜੜੇ ਬਲਾਕ ਵਿੱਚ ਕਰੈਮਰ ਜ਼ਰਾ ਥੋੜ੍ਹੀ ਦੇਰ ਇਸ ਲਈ ਖਲੋਤਾ ਰਿਹਾ ਕਿ ਸਾਹ ਵਿੱਚ ਸਾਹ ਆ ਜਾਏ। ਇਸ ਤਰ੍ਹਾਂ ਖਲ੍ਹੋਤਾ ਉਹ ਉਸ ਜਾਨਵਰ ਵਾਂਗ ਲੱਗ ਰਿਹਾ ਸੀ, ਜਿਸ ਨੂੰ ਚੰਗੀ ਸੱਟ ਲੱਗੀ ਹੋਵੇ ਤੇ ਉਹ ਵੇਖਦੇ-ਵੇਖਦੇ ਧਰਤੀ ਉੱਤੇ ਡਿੱਗ ਪਏਗਾ। ਉਸ ਟੋਪੀ ਪਿਛਾਂਹ ਨੂੰ ਸਰਕਾਈ ਤੇ ਹੱਥ ਨਾਲ਼ ਮੱਥੇ ਦਾ ਮੁੜ੍ਹਕਾ ਪੂੰਝਿਆ। ਹੱਥ ਨਿਰਜਿੰਦ ਜਿਹਾ ਹੋ ਕੇ ਇੱਕ ਪਾਸੇ ਨੂੰ ਡਿੱਗ ਪਿਆ। ਉਸ ਨੇ ਆਪਣੇ ਚਾਰੇ ਪਾਸੇ ਵੇਖਿਆ ਤੇ ਫਿਰ ਬਲਾਕ ਵਿੱਚੋਂ ਚਲਿਆ ਗਿਆ। ਹੁਣ ਇੱਥੇ ਕਰਨ ਨੂੰ ਕੀ ਪਿਆ ਏ...।

ਫ਼ਾਟਕ ਉੱਤੇ ਕੈਂਪ ਪੈਟਰੋਲ ਵਾਲ਼ਿਆਂ ਨੇ ਹਜ਼ਾਰਾਂ ਯਹੂਦੀ ਕੈਦੀਆਂ ਦੀ ਭੀੜ ਨੂੰ ਆਪਣੇ ਘੇਰੇ ਵਿੱਚ ਲੈ ਲਿਆ। ਉਸ ਸਮੇਂ ਕੈਂਪ ਪੈਟਰੋਲ ਦੇ ਇੱਕ ਕੈਦੀ ਨੇ ਘਿਰੇ ਹੋਏ ਇੱਕ ਯਹੂਦੀ ਦੀਆਂ ਅੱਖਾਂ 'ਚ ਵੇਖ ਕੇ ਸੋਚਿਆ ਜੇ ਇਹ ਭੱਜਣ ਦੀ ਕੋਸ਼ਿਸ਼ ਕਰੇਗਾ ਤਾਂ ਮੈਂ ਨਹੀਂ

ਰੋਕਾਂਗਾ ਤੇ ਉਹ ਸੱਚੀਮੁੱਚੀ ਭੱਜ ਨਿੱਕਲ਼ਿਆ। ਉਸ ਦੇ ਭੱਜਣ ਉੱਤੇ ਜਿਵੇਂ ਬਾਕੀਆਂ ਵਿੱਚ ਵੀ ਹਿੰਮਤ ਆ ਗਈ। ਪੰਜ, ਛੇ, ਦਸ, ਵੀਹ ਗਰਾਊਂਡ ਵਿੱਚੋਂ ਦੌੜਦੇ ਨਜ਼ਰ ਆਏ। ਕੈਂਪ ਪੈਟਰੋਲ ਨੇ ਕੇਵਲ ਇੰਨਾ ਰੋਕਿਆ ਕਿ ਸਾਰੇ ਇੱਕੋ ਵਾਰ ਨਾ ਦੌੜਨ। ਪਰ ਥੋੜ੍ਹੀ ਦੇਰ ਮਗਰੋਂ ਉਨ੍ਹਾਂ ਆਪਣੇ ਹੱਥ ਛੱਡ ਦਿੱਤੇ। ਘੇਰਾ ਟੁੱਟ ਗਿਆ ਤੇ ਕੈਂਪ ਪੈਟਰੋਲ ਵਾਲ਼ੇ ਵੇਖਣ ਨੂੰ ਇਹ ਸੋਚ ਰਹੇ ਸਨ ਕਿ ਹੁਣ ਕੀ ਕੀਤਾ ਜਾਵੇ ? ਇਹ ਸਾਰੇ ਭੱਜੀ ਜਾ ਰਹੇ ਹਨ, ਅਸੀਂ ਇਹਨਾਂ ਨੂੰ ਰੋਕਣ ਦੀ ਬਥੇਰੀ ਕੋਸ਼ਿਸ਼ ਕਰ ਰਹੇ ਹਾਂ, ਪਰ ਇਸ ਨਾਲ਼ ਕੁੱਝ ਨਹੀਂ ਹੁੰਦਾ।...ਤੇ ਅੰਤ, ਕੇਵਲ ਕੈਂਪ ਪੈਟਰੋਲ ਵਾਲ਼ੇ ਫ਼ਾਟਕ ਉੱਤੇ ਰਹਿ ਗਏ। ਕੈਦੀ ਸਾਰੇ ਭੱਜ ਕੇ ਵਾਪਸ ਬਲਾਕਾਂ ਵਿੱਚ ਪਹੁੰਚ ਚੁੱਕੇ ਸਨ। ਆਖ਼ਰ ਉਨ੍ਹਾਂ ਦੇ ਫ਼ੋਰਮੈਨ ਨੇ ਆਖਿਆ, "ਚੱਲੋ ਕਤਾਰ ਬਣਾਉ। ਅਸੀਂ ਵੀ ਜਾ ਸਕਦੇ ਹਾਂ।" ਅਤੇ ਉਹ ਵੀ ਪਹਿਲਾਂ ਝਿਜਕਦੇ ਹੋਏ ਫਿਰ ਵਧੇਰੇ ਵਿਸ਼ਵਾਸੀ ਕਦਮਾਂ ਨਾਲ਼ ਪਰੇਡ ਗਰਾਊਂਡ ਨੂੰ ਪਾਰ ਕਰ ਗਏ।

ਹੈਰਾਨੀ ਦੀ ਗੱਲ ਇਹ ਹੈ ਕਿ ਇਸ ਭੱਜ ਜਾਣ 'ਤੇ ਵੀ ਫ਼ਾਟਕ ਉੱਤੇ ਕੁੱਝ ਨਾ ਹੋਇਆ। ਕੀ ਰੀਨਬੂਥ ਨੇ ਵੀ ਕਮਾਂਡੈਂਟ ਦੇ ਕੋਲ਼ ਆ ਕੇ ਇਹੋ ਕਿਹਾ ਸੀ : "ਹੁਣ ਮੇਰੇ ਨਾਲ਼ ਕੋਈ ਵਾਸਤਾ ਨਹੀਂ ?" ਕੀ ਉਸ ਨੇ ਕਮਾਂਡੈਂਟ ਨੂੰ ਇਸ ਦੀ ਖ਼ਬਰ ਵੀ ਦਿੱਤੀ ਸੀ ?

ਸ਼ਾਮ ਰਾਤ ਵਿੱਚ ਬਦਲ ਗਈ। ਕੈਂਪ ਵਿੱਚ ਇਹ ਖ਼ਬਰ ਫ਼ੈਲ ਚੁੱਕੀ ਸੀ ਕਿ ਪੈਟਰੋਲ ਵਾਲ਼ਿਆਂ ਯਹੂਦੀਆਂ ਨੂੰ ਭੱਜ ਜਾਣ ਦਿੱਤਾ। ਹਰ ਬੰਦਾ ਉਡੀਕ ਰਿਹਾ ਸੀ ਕਿ ਵੇਖੋ ਹੁਣ ਕੀ ਹੁੰਦਾ ਹੈ। ਪਰ ਲਾਊਡ ਸਪੀਕਰ ਚੁੱਪ ਰਿਹਾ। ਬਹੁਤ ਸਾਰੇ ਲੋਕ ਸੌਣ ਦੇ ਕਮਰੇ ਵਿੱਚ ਚਲੇ ਗਏ ਤੇ ਆਪਣੇ ਬਿਸਤਰਿਆਂ ਵਿੱਚ ਵੜ ਗਏ।

ਵੰਡਰਲਖ ਨੇ ਕਰੈਮਰ ਤੋਂ ਪੁੱਛਿਆ, "ਕੀ ਤੂੰ ਆਪਣੀ ਕਰਫ਼ਿਊ ਦੀ ਸੀਟੀ ਨਹੀਂ ਵਜਾਏਂਗਾ ?"

ਕਰੈਮਰ ਨੇ ਘ੍ਰਿਣਾ ਨਾਲ਼ ਉੱਤਰ ਦਿੱਤਾ, "ਹੁਣ ਚੱਟ ਲੈਣ ਮੇਰਾ......ਮੈਂ ਹੁਣ ਸੀਟੀ ਵਜਾ ਚੁੱਕਿਆ !"

ਦੋ

ਦੂਜੇ ਦਿਨ ਸਵੇਰੇ ਸਭ ਤੋਂ ਪਹਿਲਾਂ ਬੋਖਾਊ ਕਰੈਮਰ ਕੋਲ਼ ਆਇਆ। ਕਰੈਮਰ ਦਾ ਕਮਰਾ ਹੁਣ ਚੌਂਕੀ ਬਣਦਾ ਜਾ ਰਿਹਾ ਸੀ। 46 ਕੈਦੀਆਂ ਦਾ ਅਲੋਪ ਹੋ ਜਾਣਾ ਤੇ ਯਹੂਦੀਆਂ ਦਾ ਦੌੜ ਆਉਣਾ, ਖੁੱਲ੍ਹਮਖੁੱਲ੍ਹਾ ਜੰਗ ਦਾ ਐਲਾਨ ਸੀ ਅਤੇ ਹਰ ਬੰਦਾ ਇਹ ਸਮਝਦਾ ਸੀ ਕਿ ਹੁਣ ਸਖ਼ਤੀ ਸ਼ੁਰੂ ਹੋਵੇਗੀ। ਅਜੇ ਤੱਕ ਨਾਜ਼ੀ ਰਤਾ-ਰਤਾ ਜਿੰਨੀ ਗੱਲ 'ਤੇ ਆਪਣੀ ਤਾਕਤ ਦੀ ਪ੍ਰਦਰਸ਼ਨੀ ਕਰਦੇ ਆਏ ਸਨ।

ਬਲਾਕਾਂ ਵਿਚਲੀਆਂ ਥਾਵਾਂ 'ਤੇ ਚਹਿਲ-ਪਹਿਲ ਹੋ ਗਈ ਸੀ। ਕੈਦੀ ਬਾਹਰ ਆ ਗਏ ਸਨ। ਹਾਜ਼ਰੀ ਦਾ ਸਮਾਂ ਲੰਘ ਚੁੱਕਿਆ ਸੀ। ਦੋ ਘੰਟੇ ਉੱਪਰ ਹੋ ਚੁੱਕੇ ਸਨ, ਕਰੈਮਰ ਨੇ ਆਖ਼ਰ ਆਖਿਆ :

"ਅੱਜ ਹਾਜ਼ਰੀ ਨਹੀਂ ਹੋਵੇਗੀ, ਹੁਣ ਕਦੇ ਹਾਜ਼ਰੀ ਨਹੀਂ ਹੋਵੇਗੀ।"

ਫਿਰ ਚਿਰ ਮਗਰੋਂ ਕਰੈਮਰ ਕਹਿ ਹੀ ਰਿਹਾ ਸੀ, "ਹੁਣ ਜਿਹਾ ਅਮਨ ਤੇ ਸ਼ਾਂਤੀ..." ਕਿ ਲਾਊਡ ਸਪੀਕਰ ਖੜਕਿਆ। ਗੀਨਬੂਥ ਦੀ ਅਵਾਜ਼ ਨੇ ਐਲਾਨ ਕੀਤਾ, "ਕੈਂਪ ਸੀਨੀਅਰ, ਪੂਰੇ ਕੈਂਪ ਨੂੰ ਪਰੇਡ ਗਰਾਊਂਡ ਵਿੱਚ ਲਿਆਉ।" ਐਲਾਨ ਦੁਹਰਾਇਆ ਗਿਆ। ਐਲਾਨ ਸੁਣ ਕੇ ਸਾਰੇ ਇੱਕ ਦੂਜੇ ਦਾ ਮੂੰਹ ਤੱਕਣ ਲੱਗੇ ਜਿਵੇਂ ਇੱਕ ਦੂਜੇ ਦਾ ਖ਼ਿਆਲ ਜਾਣਨ ਦੀ ਕੋਸ਼ਿਸ਼ ਕਰ ਰਹੇ ਹੋਣ।

ਕੈਦੀਆਂ ਵਿੱਚ ਖ਼ਲਬਲੀ ਮੱਚ ਗਈ। ਜਿਹੜੇ ਲੋਕ ਬਾਹਰ ਸਨ ਦੌੜ ਕੇ ਅੰਦਰ ਆ ਗਏ, ਹਰ ਬੰਦਾ ਕਹਿ ਰਿਹਾ ਸੀ, "ਅਸੀਂ ਨਹੀਂ ਜਾਵਾਂਗੇ, ਅਸੀਂ ਕੈਂਪ ਵਿੱਚੋਂ ਨਹੀਂ ਨਿੱਕਲ਼ਾਂਗੇ।"

ਸਾਰੇ ਬਲਾਕ ਸੀਨੀਅਰ ਕਰੈਮਰ ਦੇ ਕੋਲ਼ ਆ ਗਏ, ਇੱਕ ਘੰਟਾ ਲੰਘ ਗਿਆ। ਜਦੋਂ ਬਲਾਕ ਸੀਨੀਅਰ ਕਰੈਮਰ ਕੋਲ਼ੋਂ ਵਾਪਸ ਬਲਾਕਾਂ ਵਿੱਚ ਪੁੱਜੇ ਤਾਂ ਕੈਦੀਆਂ ਨੇ ਉਨ੍ਹਾਂ ਨੂੰ ਵੇਖਦੇ ਹੀ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ, "ਅਸੀਂ ਨਹੀਂ ਜਾਵਾਂਗੇ।" ਬਲਾਕ ਸੀਨੀਅਰਾਂ ਨੇ ਉੱਤਰ ਦਿੱਤਾ, "ਸਾਨੂੰ ਜਾਣਾ ਚਾਹੀਦਾ ਹੈ।"

ਉਸ ਸਮੇਂ ਕਲੂਟਿਗ ਤੇ ਗੀਨਬੂਥ ਸ਼ੋਹਾਲ ਦੇ ਦਫ਼ਤਰ ਵਿੱਚ ਸਨ। ਗੀਨਬੂਥ ਨੇ ਬੜੇ ਹਲਕੇ ਜਿਹੇ ਵਿਅੰਗ ਨਾਲ਼ ਰਿਪੋਰਟ ਦਿੱਤੀ : "ਹਰ ਕਮਾਂਡੈਂਟ ਕੈਂਪ ਹਾਜ਼ਰ ਨਹੀਂ ਹੋ ਰਿਹਾ ਹੈ।" ਤੇ ਸ਼ੋਹਾਲ ਨੇ ਪਲਕਾਂ ਝਮਕਦੇ ਹੋਏ ਪੁੱਛਿਆ, "ਕੀ ਭਾਵ ? ਹਾਜ਼ਰ ਨਹੀਂ ਹੋ ਰਿਹਾ ?" ਗੀਨਬੂਥ ਤਾਂ ਮੋਢੇ ਹਿਲਾ ਕੇ ਰਹਿ ਗਿਆ, ਪਰ ਕਲੂਟਿਗ ਫੁੱਟ ਪਿਆ "ਉਹ ਕੁੱਤੀ ਦੇ ਪੁੱਤਰ ਪਹਿਲਾਂ ਹੀ ਸਮਝ ਗਏ ਹਨ ਕਿ ਤੁਸੀਂ ਉਹਨਾਂ ਦਾ ਵਾਲ਼ ਤੱਕ ਵਿੰਗਾ ਨਹੀਂ ਹੋਣ ਦਿਓਗੇ।"

ਇਤਨੇ ਵਿੱਚ ਟੈਲੀਫ਼ੋਨ ਆ ਗਿਆ। ਟੈਲੀਫ਼ੋਨ 'ਤੇ ਗੱਲ ਕਰ ਕੇ ਸ਼ੋਹਾਲ ਕਲੂਟਿਗ ਨੂੰ ਬੋਲਿਆ : "ਹੁਣ ਹੋਰ ਕੀ ਚਾਹੀਦਾ ਹੈ ? ਗੱਡੀਆਂ ਕੂਚ ਕਰਨ ਲਈ ਤਿਆਰ ਖਲੋਤੀਆਂ ਹਨ।" ਫਿਰ ਅਚਾਨਕ ਉਹ ਚੀਕ ਕੇ ਗੀਨਬੂਥ ਨੂੰ ਬੋਲਿਆ, "ਉਨ੍ਹਾਂ ਨੂੰ ਤੁਰੰਤ ਹਾਜ਼ਰ ਕਰੋ। ਜੇ ਅੱਧੇ ਘੰਟੇ ਵਿੱਚ ਹਾਜ਼ਰ ਨਾ ਹੋਏ ਤਾਂ ਮੈਂ ਐੱਨ. ਐੱਨ. ਕੰਪਨੀ ਭੇਜ ਕੇ ਕੋੜਿਆਂ ਨਾਲ਼ ਕੁਟਵਾ ਕੇ ਹਾਜ਼ਰ ਕਰਾਵਾਂਗਾ। ਐਲਾਨ ਸਖ਼ਤ ਲਹਿਜੇ ਵੀ ਨਹੀਂ, ਪਰ ਧਮਕੀ ਨਾ ਹੋਵੇ।"

ਬੜੀਆਂ ਔਕੜਾਂ ਤੇ ਬਲਾਕ ਸੀਨੀਅਰਾਂ ਦੀ ਕੋਸ਼ਿਸ਼ਾਂ ਮਗਰੋਂ ਕੈਂਪ ਗਰਾਊਂਡ ਵਿੱਚ ਆਇਆ। ਦਿਨ ਵਾਹ-ਵਾਹ ਚੜ੍ਹ ਚੁੱਕਿਆ ਸੀ। ਪਰੇਡ ਗਰਾਊਂਡ ਵਿੱਚ ਯਹੂਦੀਆਂ ਦੇ ਵੱਖਰੇ ਬਲਾਕ ਦੀ ਕਿਤੇ ਖ਼ਬਰ ਤੱਕ ਨਹੀਂ ਸੀ। ਉਹ ਦੂਜੇ ਬਲਾਕਾਂ ਦੀਆਂ ਕਤਾਰਾਂ ਵਿੱਚ ਜਾ ਰਲ਼ੇ ਸਨ।

ਪਰ ਝੱਟ ਹੀ ਬਲਾਕ ਫ਼ੋਹਰਰ ਤੇ ਕਮਾਂਡੋ ਫ਼ੋਹਰਰ ਇਸ ਭੀੜ ਉੱਤੇ ਟੁੱਟ ਪਏ, ਤਾਰ ਤੋਂ ਪਾਰ ਕੁੱਤੇ ਭੌਂਕ ਰਹੇ ਸਨ। ਬਲਾਕ ਫ਼ੋਹਰਰਾਂ ਨੇ ਚਾਬਕਾਂ ਮਾਰ-ਮਾਰ ਕੇ ਹਜ਼ਾਰਾਂ ਯਹੂਦੀਆਂ ਨੂੰ ਸਾਰੇ ਕੈਦੀਆਂ ਤੋਂ ਵੱਖ ਕਰ ਲਿਆ ਤੇ ਫ਼ਾਟਕ ਉੱਤੇ ਉਨ੍ਹਾਂ ਦੀਆਂ ਕਤਾਰਾਂ ਲਗਵਾਈਆਂ। ਫਿਰ ਗੀਨਬੂਥ ਦੀ ਅਵਾਜ਼ ਆਈ : "ਬਾਕੀ ਲੋਕ ਬਲਾਕਾਂ ਵਿੱਚ ਵਾਪਸ ਜਾਉ।"

ਅਚਾਨਕ ਖ਼ਤਰੇ ਦਾ ਅਲਾਰਮ ਵੱਜਣ ਲੱਗਾ ਤੇ ਅੱਜ ਇਸ ਦੀ ਅਵਾਜ਼ ਵਧੇਰੇ ਜ਼ੋਰ ਨਾਲ਼ ਵਧੇਰੇ ਤਿੱਖੀ ਤੇ ਕੰਬਦੀ ਹੋਈ ਸੀ। ਬੋਗਰਵਸਕੀ ਨੇ ਖ਼ੁਸ਼ ਹੋ ਕੇ ਆਖਿਆ, "ਵਾਹ,

ਵਾਹ! ਰੋਜ਼ ਖ਼ਤਰੇ ਦਾ ਅਲਾਰਮ ਵੱਜੇਗਾ, ਇੱਕ ਵਾਰ-ਦੋ ਵਾਰ, ਫਿਰ ਇਹ ਲੋਕ ਕੈਂਪ ਖ਼ਾਲੀ ਨਹੀਂ ਕਰਾ ਸਕਣਗੇ।"

ਕੋਠੜੀ ਨੰਬਰ ਪੰਜ ਵਿੱਚ ਇੱਕ ਚੁੱਪ-ਦੁਖਾਂਤ ਵਾਪਰ ਰਿਹਾ ਸੀ। ਹੋਫ਼ਲ ਤੇ ਕਰੋਪਿਨਸਕੀ ਨੂੰ ਹੁਣ ਵੀ ਖਲੋਣਾ ਪੈਂਦਾ ਸੀ। ਹੁਣ ਹੱਡੀਆਂ ਦਾ ਢਾਂਚਾ ਰਹਿ ਗਏ ਸਨ ਤੇ ਉਨ੍ਹਾਂ ਦੀਆਂ ਖੋਪੜੀਆਂ ਮੁਰਦਿਆਂ ਜਿਹੀਆਂ ਜਾਪਦੀਆਂ ਸਨ। ਪਰਸੋਂ ਜਦੋਂ ਗੀਨਬੂਥ ਨੇ ਯਹੂਦੀਆਂ ਨੂੰ ਹਾਜ਼ਰ ਹੋਣ ਦਾ ਐਲਾਨ ਕੀਤਾ ਤਾਂ ਹੋਫ਼ਲ ਨੇ ਕੰਨ ਲਾ ਕੇ ਸੁਣਿਆ ਤੇ ਫਿਰ ਸਰਗੋਸ਼ੀ ਵਿੱਚ ਬੋਲਿਆ :

"ਮਾਰਿਆਨ..."

"ਹਾਂ ?"

"ਸੁਣ ਰਿਹਾ ਏਂ ? ਯਹੂਦੀ... ਉਨ੍ਹਾਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ... ਉਹ ਲੋਕ ਘਰ ਜਾ ਰਹੇ ਹਨ... ਅਸੀਂ ਸਾਰੇ ਘਰ ਜਾ ਰਹੇ ਹਾਂ..."

ਅੱਜ ਸਵੇਰ ਤੋਂ ਹੋਫ਼ਲ ਬਹੁਤ ਬੇਚੈਨ ਸੀ। ਫ਼ਾਂਸੀ ਘਰ ਦੇ ਲਾਂਘੇ ਵਿੱਚ ਉੱਕਾ ਸੁੰਨ ਵਰਤੀ ਹੋਈ ਸੀ। ਕੋਈ ਕੋਠੜੀ ਨਹੀਂ ਸੀ ਖੋਲ੍ਹੀ ਗਈ। ਨਾ ਮੈਂਡਰਲ ਦਾ ਚੀਕ-ਚਿਹਾੜਾ ਸੁਣਾਈ ਦਿੱਤਾ। ਹੋਫ਼ਲ ਤੇ ਕਰੋਪਿਨਸਕੀ ਕੰਨ ਲਾਈ ਖਲੋਤੇ ਸਨ। ਹਾਜ਼ਰੀ ਦਾ ਸਮਾਂ ਵੀ ਲੰਘ ਗਿਆ। ਕੋਈ ਚਾਪ ਸੁਣਾਈ ਨਾ ਦਿੱਤੀ। ਅੰਤ ਹੋਫ਼ਲ ਤੋਂ ਨਾ ਰਿਹਾ ਗਿਆ। ਉਹ ਭੁੱਲ ਗਿਆ ਕਿ ਉਸ ਨੇ ਤਾਂ ਇੱਕ ਥਾਂ ਖਲੋਤੇ ਰਹਿਣਾ ਹੈ। ਉਹ ਖਿੜਕੀ ਕੋਲ਼ ਗਿਆ ਤੇ ਗਹੁ ਨਾਲ਼ ਵੇਖਣ ਲੱਗਾ।

ਕਰੋਪਿਨਸਕੀ ਨੇ ਮਿੰਨਤ ਕੀਤੀ : "ਆਂਦਰੇ, ਆਪਣੀ ਥਾਂ 'ਤੇ ਆ ਜਾ। ਮੈਂਡਰਲ ਨੇ ਬਾਰੀ ਤੋਂ ਵੇਖ ਲਿਆ ਤਾਂ ਸਾਨੂੰ ਮਾਰ ਸੁੱਟੇਗਾ।"

ਹੋਫ਼ਲ ਨੇ ਸਿਰ ਹਿਲਾਇਆ, "ਉਹ ਨਹੀਂ ਮਾਰ ਸਕਦਾ। ਫ਼ਾਹ ਸਾਡੇ ਗਲ਼ ਵਿੱਚ ਹੈ।" ਪਰ ਉਹ ਆਪਣੀ ਥਾਂ 'ਤੇ ਪਰਤ ਆਇਆ। ਜਾਪਦਾ ਸੀ ਕਿ ਉਹ ਸੋਚ ਰਿਹਾ ਹੈ। ਫਿਰ ਉਹ ਕੋਠੜੀ ਦੇ ਬੂਹੇ 'ਤੇ ਗਿਆ।

"ਵੀਰ" ਕਰੋਪਿਨਸਕੀ ਨੇ ਫਿਰ ਹਿੰਮਤ ਕੀਤੀ, "ਇੱਥੇ ਹੀ ਪਰਤ ਕੇ ਆ ਜਾਉ।"

ਉਸ ਡਰਦੇ ਮਾਰੇ ਨੇ ਝੱਟ ਕਰੋਪਿਨਸਕੀ ਵੱਲ ਵੇਖਿਆ, "ਚਲੇ ਗਏ, ਉਹ ਸਾਰੇ ਚਲੇ ਗਏ" ਤੇ ਕਰੋਪਿਨਸਕੀ ਨਾਲ਼ ਲਿਪਟ ਕੇ ਰੋਣ ਲੱਗਾ, "ਸਾਨੂੰ ਭੁੱਲ ਗਏ। ਅਸੀਂ ਦੁਨੀਆਂ ਵਿੱਚ ਇਕੱਲੇ ਰਹਿ ਗਏ।... ਸਾਨੂੰ ਇੱਥੇ ਹੀ ਘੁੱਟ-ਘੁੱਟ ਕੇ ਮਰਨਾ ਪੈਣਾ ਏ..."

ਕਰੋਪਿਨਸਕੀ ਨੇ ਉਸ ਨੂੰ ਛਾਤੀ ਨਾਲ਼ ਘੁੱਟ ਲਿਆ। ਹੋਫ਼ਲ ਪਾਗਲਾਂ ਵਾਂਗ ਰੋ ਰਿਹਾ ਸੀ "ਘੁਟ ਕੇ... ਹੋਰ ਘੁਟ ਕੇ..." ਤੇ ਉਹ ਪੈਰ ਧਰਤੀ 'ਤੇ ਮਾਰਨ ਲੱਗਾ। ਕਰੋਪਿਨਸਕੀ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਕੋਠੜੀ ਦਾ ਬੂਹਾ ਖੁੱਲ੍ਹਿਆ ਤੇ ਮੈਂਡਰਲ ਅੰਦਰ ਆ ਗਿਆ। ਉਸ ਹੋਫ਼ਲ ਨੂੰ ਇੱਕ ਨਜ਼ਰ ਨਾਲ਼ ਵੇਖਿਆ ਫਿਰ ਜ਼ੋਰ ਦਾ ਮੁੱਕਾ ਜੜਿਆ। ਹੋਫ਼ਲ ਲੁੜਕਦਾ ਹੋਇਆ ਪਹਿਲਾਂ ਤਾਂ

ਕੰਧ ਨਾਲ਼ ਵੱਜਿਆ, ਫਿਰ ਬੇਹੋਸ਼ ਹੋ ਕੇ ਡਿੱਗ ਪਿਆ। ਥੋੜ੍ਹੀ ਦੇਰ ਉਹ ਆਪਣੇ ਮੁੱਕੇ ਦਾ ਅਸਰ ਵੇਖਦਾ ਰਿਹਾ, ਫਿਰ ਫ਼ੋਰਸਤ ਨੂੰ, ਜਿਹੜਾ ਉਸ ਦੇ ਪਿੱਛੇ ਖਲੋਤਾ ਸੀ, ਕਹਿੰਦਾ ਹੋਇਆ ਚਲਿਆ ਗਿਆ, "ਮਰੇ ਨਾ, ਨਹੀਂ ਤਾਂ...।"

ਹਵਾਈ ਹਮਲੇ ਦੇ ਕਾਰਨ ਯਹੂਦੀਆਂ ਦੀ ਰਵਾਨਗੀ ਰੁਕ ਗਈ ਸੀ। ਜਦੋਂ ਅਲਾਰਮ ਹੋਇਆ ਤਾਂ ਕਲੂਟਿਗ ਨੇ ਕੈਦੀਆਂ ਨੂੰ ਖਿੰਡਾ ਕੇ ਇੱਕ ਪੁਰਾਣੀ ਟੁੱਟੀ-ਭੱਜੀ ਫ਼ੈਕਟਰੀ ਦੇ ਵਰਾਂਡੇ ਵਿੱਚ ਕਰ ਦਿੱਤਾ। ਕੈਂਪ ਦੇ ਉੱਪਰੋਂ ਜਹਾਜ਼ਾਂ ਦੇ ਵੱਡੇ-ਵੱਡੇ ਦਸਤੇ ਲੰਘਦੇ ਰਹੇ।

ਵਾਇਮਰ ਤੋਂ ਕੈਂਪ ਵੱਲ ਆਉਂਦੀ ਸੜਕ ਉੱਤੇ ਕੈਦੀਆਂ ਦੀ ਇਹ ਥੱਕੀ-ਟੁੱਟੀ ਭੀੜ ਟੁਰੀ ਆ ਰਹੀ ਸੀ। ਅੱਗੇ-ਪਿੱਛੇ, ਆਸੇ-ਪਾਸੇ ਕਾਰਬਾਈਨਾਂ ਤਾਣੀ ਨਾਜ਼ੀ ਫ਼ੌਜੀ ਸਨ। ਥੁਰਿਨਗੀਆ ਵਿੱਚ ਕਈ ਕੈਂਪ ਅਮਰੀਕਨਾਂ ਤੋਂ ਡਰ ਕੇ ਖ਼ਾਲੀ ਕਰਾਏ ਗਏ ਸਨ ਤੇ ਇਹਨਾਂ ਕੈਂਪਾਂ ਦੇ ਹੀ ਕੈਦੀ ਮਰਦੇ-ਖਪਦੇ ਤੁਰੇ ਆ ਰਹੇ ਸਨ। ਪਤਾ ਨਹੀਂ ਕਿੰਨੇ ਰਾਹ ਵਿੱਚ ਨਿਰਜਿੰਦ ਹੋ ਕੇ ਢਹਿ ਪਏ, ਪਤਾ ਨਹੀਂ ਕਿੰਨਿਆਂ ਨੂੰ ਨਾਜ਼ੀ ਫ਼ੌਜੀਆਂ ਤੇ ਪਿੰਡਾਂ ਦੇ ਹਿਟਲਰੀ ਜੁਆਨਾਂ ਨੇ ਗੋਲ਼ੀਆਂ ਮਾਰ ਦਿੱਤੀਆਂ।

ਜਦੋਂ ਅਲਾਰਮ ਵੱਜਿਆ ਤਾਂ ਖ਼ੁੱਲ੍ਹੀ ਸੜਕ 'ਤੇ ਲੁਕਣ ਲਈ ਕਿਹੜੀ ਥਾਂ ਸੀ। ਹਵਾਈ ਜਹਾਜ਼ ਬਹੁਤ ਉੱਚੇ ਜਾ ਰਹੇ ਸਨ ਤੇ ਉਨ੍ਹਾਂ ਤੋਂ ਕੋਈ ਡਰ ਤਾਂ ਨਹੀਂ ਸੀ, ਪਰ ਡਰ ਨੇ ਨਾਜ਼ੀਆਂ ਨੂੰ ਹੋਰ ਵਧੇਰੇ ਵਹਿਸ਼ੀ ਬਣਾ ਦਿੱਤਾ ਸੀ। ਉਹ ਪਾਗ਼ਲਾਂ ਵਾਂਗ ਕੈਦੀਆਂ ਨੂੰ ਹੋਰ ਕੁੱਟਣ ਲੱਗੇ, "ਭੱਜੋ, ਹਰਾਮੀਓਂ, ਭੱਜੋ।" ਬਹੁਤ ਸਾਰੇ ਭਗਦੜ ਵਿੱਚ ਡਿੱਗ ਕੇ ਕੁਚਲ਼ੇ ਗਏ। ਬਹੁਤਿਆਂ ਨੂੰ ਫ਼ੌਜੀਆਂ ਨੇ ਆਪਣੇ ਵਹਿਸ਼ੀਪੁਣੇ ਵਿੱਚ ਗੋਲ਼ੀ ਮਾਰ ਦਿੱਤੀ।

ਵਾਇਮਰ ਬਹੁਤ ਪਿੱਛੇ ਰਹਿ ਗਿਆ ਸੀ, ਸਾਰਿਆਂ ਨੂੰ ਜਾਪ ਰਿਹਾ ਸੀ ਕਿ ਕੈਂਪ ਹੁਣ ਨੇੜੇ ਹੀ ਹੈ। ਇਸ ਵਿੱਚ ਉਨ੍ਹਾਂ ਨੂੰ ਸਾਈਨਬੋਰਡ ਵਿਖਾਈ ਦਿੱਤਾ, "ਏਰੀਆ ਹੈੱਡ ਕੁਆਰਟਰਜ਼ ਅਟੈਨਸ਼ਨ..." ਅਤੇ ਇੱਕ ਖੋਪੜੀ ਤੇ ਦੋ ਹੱਡੀਆਂ ਦਾ ਨਿਸ਼ਾਨ।

ਕੁੱਝ ਨਾਜ਼ੀ ਫ਼ੌਜੀ ਅਗਾਂਹ ਵਧੇ। ਕੈਦੀਆਂ ਦੀ ਕਤਾਰ ਰੁਕ ਗਈ।

ਉਨ੍ਹਾਂ ਦੇ ਸਾਹਮਣੇ ਚਾਰ ਕੈਦੀ, ਲੋਹੇ ਦੇ ਟੋਪ ਪਾਈ ਤੇ ਗੈਸ ਮਾਸਕ ਚਾੜ੍ਹੀ ਤੇ ਫ਼ਸਟ ਏਡ ਦਾ ਸਮਾਨ ਲਈ ਖਲੋਤੇ ਸਨ। ਨਾਜ਼ੀ ਫ਼ੌਜੀਆਂ ਨੇ ਪੁੱਛਿਆ, "ਤੁਸੀਂ ਕੀ ਸ਼ੈਅ ਹੋ ?"

ਇੱਕ ਨੇ ਅਟੈਨਸ਼ਨ ਹੋ ਕੇ ਉੱਤਰ ਦਿੱਤਾ, "ਡਾਕਟਰੀ ਦਸਤਾ, ਕਮਾਂਡੈਂਟ ਦੇ ਹੁਕਮ ਨਾਲ਼ ਹਵਾਈ ਹਮਲੇ ਦੇ ਅਲਾਰਮ ਵਿਚਾਲ਼ੇ ਬਾਹਰਲੀ ਸੰਤਰੀ ਚੌਂਕੀ ਤੋਂ ਅਗਾਂਹ।"

ਨਾਜ਼ੀਆਂ ਨੇ ਇੱਕ ਦੂਜੇ ਵੱਲ ਹੱਸ ਕੇ ਆਖਿਆ : "ਇੱਥੇ ਤਾਂ ਬੜੇ ਠਾਠ ਨੇ-ਹੇ ਮਸਖ਼ਰਿਉ ! ਕੈਂਪ ਇੱਥੋਂ ਕਿਤਨੀ ਦੂਰ ਹੈ ?"

"ਦਸ ਮਿੰਟ ਤੁਰਨਾ ਪਏਗਾ ਇੰਟਰ ਸਟਰਮ ਫ਼ੋਹਰਰ।"

ਹੱਥ ਦਾ ਇਸ਼ਾਰਾ ਹੋਇਆ ਤੇ ਆਉਣ ਵਾਲ਼ੇ ਕੈਦੀਆਂ ਦੀ ਕਤਾਰ ਫਿਰ ਸਦਾ ਵਾਂਗ ਰੀਂਗਣ ਲੱਗੀ। ਇਤਨੇ ਵਿੱਚ ਸਾਇਰਨ ਵੱਜ ਗਿਆ। ਖ਼ਤਰਾ ਦੂਰ ਹੋ ਗਿਆ ਸੀ। ਸੰਤਰੀ ਖੁੰਦਕਾਂ ਵਿੱਚੋਂ ਨਿੱਕਲ਼ ਆਏ। ਨਾਜ਼ੀ ਫ਼ੌਜੀ ਉਨ੍ਹਾਂ ਕੋਲ਼ ਪੁੱਜੇ।

"ਹੁਣੇ ਕੀ ਪਤਾ ਹੈ ਕਿੰਨੇ ਬੱਚੇ ਹਨ ? ਸ਼ਾਇਦ ਸਾਢੇ ਤਿੰਨ ਹਜ਼ਾਰ ਹੋਣਗੇ। ਹੋ ਸਕਦਾ ਹੈ ਤਿੰਨ ਹਜ਼ਾਰ ਹੀ ਹੋਣ। ਇੱਕ ਹਫ਼ਤੇ ਦੇ ਉੱਪਰ ਤੋਂ ਮਾਰਚ ਕਰ ਰਹੇ ਹਨ। ਅਸੀਂ ਹਰਡਰਫ, ਮੁਲ ਹਾਜ਼ਨ, ਬਰਲ ਸਟੱਡ ਤੇ ਐਡ ਰੋਡ ਤੋਂ ਆਏ ਹਾਂ।"

ਇੱਕ ਸੰਤਰੀ ਨੇ ਗੀਨਬੂਥ ਨੂੰ ਟੈਲੀਫ਼ੋਨ ਕੀਤਾ। ਡਾਕਟਰੀ ਦਸਤੇ ਦੌੜਦੇ ਹੋਏ ਕੈਂਪ ਵਾਪਸ ਜਾ ਰਹੇ ਸਨ ਕਿ ਉਨ੍ਹਾਂ ਨੂੰ ਗੀਨਬੂਥ ਮੋਟਰ ਸਾਈਕਲ 'ਤੇ ਬਾਹਰਲੀ ਚੌਂਕੀ ਵੱਲ ਜਾਂਦਾ ਮਿਲ਼ਿਆ।

ਖ਼ਤਰਾ ਦੂਰ ਹੋਣ ਦਾ ਘੁੱਗੂ ਵੱਜਣ ਨਾਲ਼ ਕੈਂਪ ਵਿੱਚ ਫਿਰ ਜਾਨ ਆ ਗਈ। ਕੈਦੀਆਂ ਵਿੱਚ ਭਾਂਤ-ਭਾਂਤ ਦੀਆਂ ਗੱਲਾਂ ਹੋ ਰਹੀਆਂ ਸਨ। ਕੌਮਾਂਤਰੀ ਮਜ਼ਦੂਰ ਕਮੇਟੀ ਵਾਲ਼ਿਆਂ ਨੇ ਆਪਣੇ ਬੰਦਿਆਂ ਰਾਹੀਂ ਇਹਨਾਂ ਸਾਰੀਆਂ ਗੱਲਾਂ ਦਾ ਮੁਹਾਣ ਤੈਅ ਕਰ ਦਿੱਤਾ ਸੀ :

"ਕੈਂਪ ਖ਼ਾਲੀ ਕਰਾਉਣ ਦੇ ਕੰਮ ਵਿੱਚ ਦੇਰ ਕਰਨੀ ਹੈ, ਅਮਰੀਕੀ ਇੱਥੇ ਕਿਸੇ ਵੀ ਦਿਨ ਪਹੁੰਚ ਸਕਦੇ ਹਨ।"

ਫਿਰ ਗੜਬੜੀ ਮੱਚ ਗਈ... ਕੀ ਹੋਇਆ ? ਸਾਰੇ ਬਲਾਕ ਸੀਨੀਅਰ ਕਰੈਮਰ ਦੇ ਦਫ਼ਤਰ ਵਿੱਚ ਇਕੱਠੇ ਹੋਏ।

ਉੱਧਰ ਫ਼ਾਟਕ ਵਿੱਚੋਂ ਨਵੇਂ ਆਇਆਂ ਦੀ ਭੀੜ ਦਾਖ਼ਲ ਹੋਣੀ ਸ਼ੁਰੂ ਹੋ ਗਈ ਸੀ। ਕਲੂਟਿਗ ਚੀਕ-ਚਾਕ ਕੇ ਇਸ ਭੀੜ ਨੂੰ ਸਾਂਭਣ ਦਾ ਕੰਮ ਗੀਨਬੂਥ ਦੇ ਹਵਾਲੇ ਕਰਕੇ ਉੱਥੋਂ ਚਲਿਆ ਗਿਆ ਸੀ ਤੇ ਅਫ਼ਸਰਾਂ ਦੇ ਸ਼ਰਾਬਖ਼ਾਨੇ ਵਿੱਚ ਜਾ ਬੈਠਾ ਸੀ।

ਬਲਾਕ ਸੀਨੀਅਰਾਂ ਵੱਲ ਕਰੈਮਰ ਆਇਆ ਤਾਂ ਗੀਨਬੂਥ ਨੇ ਉੱਚੀ ਸਾਰੀ ਆਖਿਆ : "ਇਸ ਭੀੜ ਨੂੰ ਬਲਾਕਾਂ ਵਿੱਚ ਲੈ ਜਾਉ, ਤੁਰੰਤ।"

"ਬਲਾਕ ਭਰੇ ਪਏ ਹਨ ਰਿਪੋਰਟ ਫ਼ੋਹਰਰ।"

"ਇਹ ਸਭ ਕੁੱਝ ਮੈਂ ਨਹੀਂ ਜਾਣਦਾ, ਪਰੇਡ ਗਰਾਊਂਡ ਖ਼ਾਲੀ ਹੋਣੀ ਚਾਹੀਦੀ ਹੈ।"

ਇੱਕ ਬਲਾਕ ਸੀਨੀਅਰ ਨੇ ਚੀਕ ਕੇ ਆਖਿਆ : "ਰੱਖਾਂਗਾ ਕਿੱਥੇ ਇਹਨਾਂ ਨੂੰ ? ਪਹਿਲਾਂ ਹੀ ਮੇਰੇ ਬਲਾਕ ਦੀਆਂ ਕੰਧਾਂ ਪਾਟਦੀਆਂ ਜਾ ਰਹੀਆਂ ਹਨ।"

ਕਰੈਮਰ ਨੇ ਉਸ ਨੂੰ ਡਾਂਟਿਆ, "ਪੂਰਾ ਕੈਂਪ ਭਰਿਆ ਹੋਇਆ ਹੈ, ਕੇਵਲ ਤੇਰਾ ਬਲਾਕ ਨਹੀਂ, ਪੰਜਾਹ ਬੰਦਿਆਂ ਨੂੰ ਲੈ ਜਾ।"

ਛੋਟੇ ਕੈਂਪ ਵਿੱਚ ਕੈਦੀ ਭੇਜੇ ਗਏ। ਕਰੈਮਰ ਨੇ ਯਹੂਦੀਆਂ ਦੇ ਜਾਣ ਨਾਲ਼ ਖ਼ਾਲੀ ਹੋਏ ਬਲਾਕਾਂ ਵਿੱਚ ਵੀ ਨਵੇਂ ਆਉਣ ਵਾਲ਼ਿਆਂ ਨੂੰ ਭਰ ਦਿੱਤਾ। ਅੱਗੇ ਬਲਾਕ ਕੌਮੀਅਤਾਂ ਦੇ ਹਿਸਾਬ ਨਾਲ਼ ਵੰਡੇ ਹੋਏ ਸਨ। ਪਰ ਹੁਣ ਸਾਰੇ ਘੁੱਲ਼-ਮਿਲ਼ ਗਏ ਸਨ। ਕਿਸੇ ਤਰ੍ਹਾਂ ਵੀ ਲੋਕਾਂ ਨੂੰ ਖਪਾਉਣਾ ਸੀ। ਕੌਣ ਜਾਣੇ ਹੁਣ ਇੱਥੇ ਕਿੰਨੇ ਦਿਨ ਰਹਿਣਾ ਪਵੇਗਾ ?

ਇਤਨੇ ਵਿੱਚ ਉਹ ਟਰੱਕ ਪਰਤ ਆਏ, ਜਿਹੜੇ ਕੁੱਝ ਚਿਰ ਪਹਿਲਾਂ ਰਾਹ ਵਿੱਚੋਂ ਲਾਸ਼ਾਂ ਚੁੱਕਣ ਗਏ ਸਨ। ਪੋਲਿਸ਼ ਲਾਸ਼ਾਂ ਚੁੱਕਣ ਵਾਲ਼ੇ ਟਰੱਕਾਂ ਉੱਤੇ ਚੜ੍ਹ ਗਏ ਤੇ ਲਾਸ਼ਾਂ ਚੁੱਕ-ਚੁੱਕ ਸੁੱਟਣ ਲੱਗੇ। ਕੋਈ ਸਿਰ ਪਰਨੇ ਡਿੱਗੀ ਸੀ ਕੋਈ ਪੈਰਾਂ ਭਾਰ। ਮੁਰਦਿਆਂ ਦਾ ਇੱਕ

ਢੇਰ ਲੱਗ ਗਿਆ। ਕਈ ਮੁਰਦੇ ਖੜਬਾਜੀਆਂ ਖਾ ਜਾਂਦੇ। ਕਦੇ-ਕਦੇ ਕੋਈ ਮੁਰਦਾ ਆਪਣੇ ਸਾਥੀ ਨਾਲ਼ ਚੰਬੜਿਆ ਟਰੱਕ ਤੋਂ ਹੇਠਾਂ ਆ ਡਿੱਗਦਾ-ਆਖ਼ਰੀ ਸਮੇਂ ਦਾ ਸਾਥ। ਕਦੀ-ਕਦੀ ਤਾਂ ਇੰਞ ਆ ਡਿੱਗਦਾ ਕਿ ਕੋਈ ਵੀ ਵੇਖਦਾ ਤਾਂ ਹੱਸ ਪੈਂਦਾ। ਮੁਰਦੇ ਵੀ ਹੱਸ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਪਈਆਂ ਤੇ ਮੂੰਹ ਹੱਸਣ ਦੇ ਰੂਪ ਵਿੱਚ ਮੁੜੇ ਹੋਏ ਸਨ। ਲਾਸ਼ਾਂ ਇੱਕ ਦੂਜੇ ਦੇ ਉੱਤੇ ਆ ਆ ਕੇ ਡਿੱਗਦੀਆਂ... ਢੇਰ ਨੇ ਇੱਕ ਥੰਮ੍ਹ ਦਾ ਰੂਪ ਧਾਰਨ ਕਰ ਲਿਆ।

ਤਿੰਨ

ਕਰੈਮਰ ਨੂੰ ਗੀਨਬੂਥ ਨੇ ਬੁਲਾਇਆ। ਗੀਨਬੂਥ ਦੀ ਆਕੜ ਅਲੋਪ ਹੋ ਗਈ ਸੀ। ਉਸ ਆਉਂਦਿਆਂ ਹੀ ਪੁੱਛਿਆ, "ਉਨ੍ਹਾਂ ਸਾਰਿਆਂ ਨੂੰ ਰੱਖ ਲਿਆ?"

"ਯੈੱਸ ਸਰ।"

"ਠੀਕ, ਚੰਗਾ ਸੁਣੋ, ਕੱਲ੍ਹ ਸਵੇਰੇ ਤੂੰ ਦਸ ਹਜ਼ਾਰ ਦੀ ਟਰਾਂਸਪੋਰਟ ਤਿਆਰ ਕਰਨੀ ਏਂ। ਅਜਿਹੇ ਲੋਕ ਹੋਣ ਜਿਹੜੇ ਮਾਰਚ ਕਰ ਸਕਣ।"

"ਯੈੱਸ ਸਰ।"

"ਕੱਲ੍ਹ ਸਵੇਰੇ। ਭਾਵ ਅੱਠ ਵਜੇ ਸਵੇਰੇ ਟਰਾਂਸਪੋਰਟ ਤਿਆਰ ਹੋ ਜਾਵੇ-ਡਿਸਮਿਸ।"

ਕਲੂਟਿਗ ਉੱਠਿਆ ਤੇ ਕਰੈਮਰ ਦੇ ਰਾਹ ਵਿੱਚ ਆ ਗਿਆ, "ਉਹ ਛਿਆਲ਼ੀ ਕਿੱਥੇ ਨੇ?"

ਕਰੈਮਰ ਦੀ ਜੀਭ ਦੀ ਨੋਕ ਉੱਤੇ ਸੀ, "ਮੈਂ ਨਹੀਂ ਜਾਣਦਾ।" ਪਰ ਉਸ ਆਖਿਆ, "ਪੂਰਾ ਕੈਂਪ ਹੇਠਾਂ ਉੱਤੇ ਕਰ ਮਾਰਿਆ ਏ, ਕੈਂਪ ਪੈਟਰੋਲ ਨੇ ਢੂੰਡਿਆ, ਪਰ ਮਿਲ਼ਿਆ ਕੋਈ ਨਹੀਂ।"

ਕਲੂਟਿਗ ਨੇ ਕਰੈਮਰ ਦਾ ਕਾਲਰ ਫੜ ਲਿਆ, "ਸੁਣ ਬੱਚੂ! ਤੈਨੂੰ ਅਖ਼ੀਰ ਲਈ ਮੈਂ ਬਚਾਅ ਰੱਖਿਆ ਹੈ" ਤੇ ਦੰਦ ਪੀਹ ਕੇ ਬੋਲਿਆ, "ਇਹ ਨਾ ਸਮਝੀਂ ਕਿ ਧੋਖਾ ਦੇ ਜਾਵੇਂਗਾ। ਤੈਨੂੰ, ਹੋਫ਼ਲ ਤੇ ਕਰੋਪਿਨਸਕੀ ਤਿੰਨਾਂ ਨੂੰ ਸੁਆਦ ਚਖਾ ਕੇ ਜਾਵਾਂਗਾ।"

ਉਹ ਆਪਣਾ ਪਿਸਤੌਲ ਕਰੈਮਰ ਦੇ ਨੱਕ ਨਾਲ਼ ਛੁਹਾ ਰਿਹਾ ਸੀ। ਕਰੈਮਰ ਦੇ ਦਿਮਾਗ਼ ਵਿੱਚ ਬੱਸ ਇੱਕੋ ਸੁਆਲ ਸੀ-ਹੋਫ਼ਲ ਤੇ ਕਰੋਪਿਨਸਕੀ ਜੀਊਂਦੇ ਹਨ।

"ਤੇਰਾ ਯਹੂਦੀ ਕਤੂਰਾ ਵਿੱਚ ਨਹੀਂ ਬਚ ਸਕੇਗਾ। ਇੱਥੇ ਇੱਕ ਚਿੜੀ ਤੱਕ ਨਹੀਂ ਰਹਿ ਜਾਏਗੀ।"

ਗੀਨਬੂਥ ਦੋਹਾਂ ਦੇ ਵਿਚਾਲ਼ੇ ਆ ਗਿਆ। "ਤੈਨੂੰ ਹੁਕਮ ਮਿਲ਼ ਚੁੱਕਿਆ ਹੈ, ਡਿਸਮਿਸ।" ਅਤੇ ਜਦੋਂ ਕਰੈਮਰ ਚਲਿਆ ਗਿਆ ਤਾਂ ਉਹ ਕਲੂਟਿਗ ਵੱਲ ਮੁੜਿਆ, "ਮੂਰਖ਼ ਕਿਤੋਂ ਦਾ, ਮੈਂ ਇਸ ਨੂੰ ਕਹਿ ਚੁੱਕਿਆ ਸਾਂ ਕਿ ਹੋਫ਼ਲ ਤੇ ਕਰੋਪਿਨਸਕੀ ਕਦੇ ਦੇ ਬਿਲੇ ਲੱਗ ਚੁੱਕੇ ਹਨ...।"

"ਤੇਰੀ ਇਹ ਹਿੰਮਤ? ਤੂੰ ਮੇਰੇ ਨਾਲ਼ ਇਸ ਤਰ੍ਹਾਂ ਗੱਲ ਕਰਦਾ ਏਂ? ਆਪਣੇ ਹਾਪਤ ਸਟਰਮ ਫ਼ੋਹਰਰ ਨਾਲ਼?"

ਗੀਨਬੂਥ ਜ਼ੋਰ ਨਾਲ਼, ਕੁਟਲ ਢੰਗ ਨਾਲ਼ ਹੱਸਿਆ : "ਹੁਣ ਹਾਪਤ ਸਟਰਮ ਫ਼ੋਹਰਰ ਨੂੰ ਭੁੱਲ ਜਾ, ਬੱਚੂ, ਛੇਤੀ ਸੁਚੱਜੇ ਢੰਗ ਨਾਲ਼ ਗੱਲ ਕਰਨੀ ਪਏਗੀ–ਤੇ ਨਿਮਰਤਾ ਨਾਲ਼।"

ਬੋਖਾਉ ਕਰੈਮਰ ਦੇ ਕਮਰੇ ਵਿੱਚ ਉਡੀਕ ਕਰ ਰਿਹਾ ਸੀ ਤਾਂ ਜੋ ਛੇਤੀ ਪਤਾ ਲੱਗ ਜਾਵੇ ਕਿ ਗੱਲ ਕੀ ਹੈ ਤੇ ਜਦੋਂ ਕਰੈਮਰ ਨੇ ਆਉਂਦਿਆਂ ਟੋਪੀ ਮੇਜ਼ 'ਤੇ ਸੁੱਟੀ ਤਾਂ ਉਹ ਸਮਝ ਗਿਆ ਕਿ ਜ਼ਰੂਰ ਕੋਈ ਗੜਬੜ ਹੈ। "ਕੋਈ ਗੱਲ ਏ ?"

ਕਰੈਮਰ ਜ਼ੋਰ ਨਾਲ਼ ਖ਼ੁਸ਼ ਹੋ ਕੇ ਹੱਸਿਆ, "ਇੰਝ ਉਸ ਨੇ ਮੇਰੇ ਨੱਕ ਨਾਲ਼ ਪਿਸਤੌਲ ਭਿੜਾਇਆ….."

"ਕਿਸ ਨੇ ?"

"ਕਲੂਟਿਗ ਨੇ।"

ਕਰੈਮਰ ਆਪਣੀ ਮੇਜ਼ 'ਤੇ ਬਹਿ ਕੇ ਹੱਸਣ ਲੱਗਿਆ, "ਅਤੇ ਗੀਨਬੂਥ ਦਾ ਵੱਸ ਨਹੀਂ ਸੀ ਚੱਲਦਾ ਕਿ ਕਿਵੇਂ ਮੈਨੂੰ ਉੱਥੋਂ ਟੁਰਦਾ ਕਰੇ। ਇਸ ਲਈ ਕਿ ਉਹ ਹਿਜੜਾ ਹਾਪਤ ਸਟਰਮ ਫ਼ੋਹਰਰ ਬਹੁਤ ਕੁੱਝ ਆਖੀ ਜਾ ਰਿਹਾ ਸੀ।"

"ਕੀ ਕਹਿ ਗਿਆ ?" ਬੋਖਾਉ ਨੇ ਪੁੱਛਿਆ।

ਕਰੈਮਰ ਜ਼ੋਰ ਦੀ ਆਖਣਾ ਚਾਹੁੰਦਾ ਸੀ, ਉਸ ਬੜੇ ਜ਼ੋਰ ਨਾਲ਼ ਆਖਿਆ, "ਰਤਾ ਠਹਿਰੋ, ਹਰਬਰਟ ਰਤਾ ਠਹਿਰੋ, ਰਤਾ ਇਸ ਨੂੰ ਤਾਂ ਸਮਝਾ ਲਵਾਂ। ਉਹ ਅਸਾਡੇ ਬੰਦੇ ਜਿਹੜੇ ਫ਼ਾਂਸੀ ਘਰ ਵਿੱਚ ਹਨ, ਉਹ ਅਜੇ ਜੀਊਂਦੇ ਹਨ। ਮੈਨੂੰ ਪਤਾ ਹੈ। ਮੈਨੂੰ ਇਸ ਤੋਂ ਵਧੇਰੇ ਪਤਾ ਹੈ। ਅਸੀਂ ਹੁਣ ਆਪਣੇ ਛਿਆਲ਼ੀ ਸਾਥੀਆਂ ਨੂੰ ਖੁੱਡਾਂ ਵਿੱਚੋਂ ਕੱਢ ਸਕਦੇ ਹਾਂ। ਹੁਣ ਕੋਈ ਵੀ ਉਨ੍ਹਾਂ ਦੀ ਭਾਲ਼ ਵਿੱਚ ਨਹੀਂ।"

"ਵਿਸ਼ਵਾਸ ਹੈ ਤੈਨੂੰ ਇਸ ਦਾ ?"

"ਬਿਲਕੁਲ।"

ਕਰੈਮਰ ਨੇ ਡੂੰਘਾ ਸਾਹ ਲਿਆ : "ਖੇਡ ਜਾਰੀ ਹੈ। ਕੱਲ੍ਹ ਸਵੇਰੇ ਦਸ ਹਜ਼ਾਰ ਦੀ ਟਰਾਂਸਪੋਰਟ ਤਿਆਰ ਕਰਨੀ ਹੈ। ਰਵਾਨਗੀ ਨੂੰ ਤਾਂ ਮੈਂ ਦੁਪਹਿਰ ਤੱਕ ਟਾਲ਼ ਜਾਵਾਂਗਾ। ਸ਼ਾਇਦ, ਕੁੱਝ ਘੰਟੇ ਤਾਂ ਟਲ਼ ਹੀ ਸਕਦੇ ਹਨ।

"ਜਿਤਨਾ ਵੀ ਕਰ ਸਕਦੇ ਹੋ ਕਰੋ ਵਾਲਟਰ।"

ਐਪਰ ਕਰੈਮਰ ਨੇ ਝੱਟ ਸੁਆਲ ਕੀਤਾ, "ਬੱਚਾ ਕਿੱਥੇ ਹੈ ? ਕਿੱਥੇ ਹੈ ਹਰਬਰਟ ?"

"ਮੈਂ ਨਹੀਂ ਜਾਣਦਾ।"

"ਕਿਉਂ ?" ਕਰੈਮਰ ਨੇ ਗੁੱਸੇ ਵਿੱਚ ਸੁਆਲ ਦੁਹਰਾਇਆ : "ਇਸ ਛੋਟੀ ਜਿਹੀ ਚੀਜ਼ ਵਾਸਤੇ ਅਸੀਂ ਵੱਡਾ ਮੁੱਲ ਤਾਰ ਚੁੱਕੇ ਹਾਂ। ਹੁਣ ਵੀ ਉਹ ਸਾਡੇ ਹੀ ਵਾਂਗ ਹੈ, ਜਿਵੇਂ ਹੋਫ਼ਲ, ਕਰੋਪਿਨਸਕੀ, ਉਹ ਛਿਆਲ਼ੀ ਤੇ ਪੀਪਿਗ, ਤੂੰ ਤੇ ਮੈਂ... ਅਜਿਹੇ ਹੀ ਉਹ। ਉਹ ਸਾਡੇ ਨਾਲ਼ ਹੀ ਮਾਰਚ ਕਰੇਗਾ ਜਾਂ ਸਾਡੇ ਨਾਲ਼ ਹੀ ਮਰ ਜਾਏਗਾ, ਪਰ ਉਸ ਨੂੰ ਸਾਡੇ ਨਾਲ਼ ਹੋਣਾ ਚਾਹੀਦਾ ਹੈ। ਲਿਆਓ ਉਸ ਇੱਥੇ, ਢੂੰਡੋ।"

ਬੋਖਾਉ ਨੇ ਕੋਈ ਉੱਤਰ ਨਾ ਦਿੱਤਾ ਤੇ ਉਸ ਦੇ ਦਿਲ ਵਿੱਚ ਵੀ ਇਹੋ ਪੁਕਾਰ ਉੱਠ ਰਹੀ ਸੀ। ਉਹ ਆਪਣੇ ਮਿੱਤਰ ਦੇ ਹੁਕਮੀ ਲਹਿਜੇ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਸੀ।

ਕਰੈਮਰ ਨੇ ਕਰੋਪੀ ਨਾਲ਼ ਫਿਰ ਬੋਖਾਉ ਦੀ ਚੁੱਪ ਨੂੰ ਤੋੜ ਦਿੱਤਾ : "ਤੁਹਾਡੇ ਵਿੱਚੋਂ ਹੀ ਕਿਸੇ, ਕੌਮਾਂਤਰੀ ਮਜ਼ਦੂਰ ਕਮੇਟੀ ਵਿੱਚੋਂ ਹੀ ਕਿਸੇ ਆਦਮੀ ਨੇ ਉਸ ਨੂੰ ਚੁੱਕਿਆ ਹੈ। ਕੌਣ ਹੈ ਉਹ ?"

ਕਰੈਮਰ ਦੀ ਬੇਚੈਨੀ ਵਧਦੀ ਜਾ ਰਹੀ ਸੀ। "ਢੂੰਡੋ ! ਜੇ ਅਸੀਂ ਆਪਣੇ ਸਾਥੀਆਂ ਨੂੰ ਖੁੱਡਾਂ ਵਿੱਚੋਂ ਕੱਢ ਸਕਦੇ ਹਾਂ ਤਾਂ ਉਸ ਨੂੰ ਕਿਉਂ ਲੁਕਾਈ ਰੱਖਿਆ ਜਾਵੇ। ਕੌਣ ਜਾਣੇ ਕਿਹੋ ਜਿਹੀ ਥਾਂ ਵਿੱਚ ਏ ?"

ਬੋਖਾਉ ਨੇ ਠੰਡਾ ਸਾਹ ਲੈ ਕੇ ਉੱਤਰ ਦਿੱਤਾ, "ਤੂੰ ਠੀਕ ਕਹਿੰਦਾ ਏਂ। ਕਿਉਂ ਨਾ ਉਹ ਸਾਡੇ ਨਾਲ਼ ਹੀ ਮਾਰਚ ਕਰੇ ਜਾਂ... ਤੂੰ ਠੀਕ ਕਹਿੰਦਾ ਏਂ ਵਾਲਟਰ, ਮੈਂ ਇਸ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਾਂਗਾ।"

ਕਰੈਮਰ ਹੌਲ਼ੀ ਜਿਹੀ ਉੱਠਿਆ। ਹੁਣ ਉਹ ਬਹੁਤ ਨਰਮ ਪੈ ਗਿਆ ਸੀ ਤੇ ਆਪਣੇ ਨਾਲ਼ ਮਨੇਵਾ ਕਰ ਲਿਆ ਸੀ।

ਸ਼ੋਹਾਲ ਨੇ ਇੱਕ ਹੋਰ ਚਾਲ ਚੱਲੀ। ਬੜੇ ਦਿਨਾਂ ਮਗਰੋਂ ਉਸ ਕੈਂਪ ਦੇ ਲਾਊਡ ਸਪੀਕਰ ਉੱਤੇ ਫ਼ੌਜੀ ਰਿਪੋਰਟ ਪ੍ਰਸਾਰਤ ਕਰਵਾਈ। ਉਸ ਅਨੁਮਾਨ ਇਹ ਸੀ ਕਿ ਜਦੋਂ ਕੈਦੀ ਸੁਣਨਗੇ ਕਿ ਅਮਰੀਕੀ ਫ਼ੌਜਾਂ ਨੂੰ ਰੋਕ ਦਿੱਤਾ ਗਿਆ ਹੈ, ਹੁਣ ਮੁਹਾਜ਼ ਛੇਤੀ ਇੱਥੋਂ ਤੱਕ ਨਹੀਂ ਪਹੁੰਚ ਸਕਦਾ, ਤਾਂ ਇਨ੍ਹਾਂ ਦੇ ਹੱਥ ਪੈਰ ਢਿੱਲੇ ਹੋ ਜਾਣਗੇ ਤੇ ਉਹ ਸੌਖਿਆਂ ਹੀ ਟਰਾਂਸਪੋਰਟ ਵਿੱਚ ਚਲੇ ਜਾਣਗੇ।

ਰਿਪੋਰਟ ਦਾ ਅਸਰ ਸ਼ੋਹਾਲ ਦੇ ਅਨੁਮਾਨ ਦੇ ਅਨੁਕੂਲ ਹੋਇਆ।

ਕੈਂਪ 'ਤੇ ਰਾਤ ਦਾ ਹਨ੍ਹੇਰਾ ਛਾ ਗਿਆ। ਕਰੈਮਰ ਦੀ ਹਦਾਇਤ ਉੱਤੇ ਲੁਕੇ ਹੋਏ ਛਿਆਲ਼ੀਆਂ ਨੂੰ ਕੱਢਿਆ ਗਿਆ, ਪਰ ਇਹਨਾਂ ਵਿੱਚੋਂ ਜਿਹੜੇ ਵਧੇਰੇ ਔਕੜ ਵਿੱਚ ਸਨ, ਉਹ ਲੁਕੇ ਰਹੇ, ਜਿਵੇਂ ਰੁਣਕੀ ਤਹਿਖ਼ਾਨੇ ਵਿੱਚੋਂ ਬਾਹਰ ਨਾ ਆਇਆ।

ਕਿਸੇ ਹੋਰ ਸਾਧਨ ਰਾਹੀਂ ਇਸ ਗੱਲ ਦੀ ਪ੍ਰੋੜਤਾ ਨਾ ਹੋ ਸਕੀ ਕਿ ਮੁਹਾਜ਼ ਦੀ ਸੱਚੀਮੁੱਚੀ ਉਹੋ ਹਾਲਤ ਹੈ, ਜਿਹੜੀ ਨਾਜ਼ੀ ਰਿਪੋਰਟ ਵਿੱਚ ਦੱਸੀ ਗਈ ਸੀ।

"ਕੁੱਝ ਨਹੀਂ ਹੋ ਸਕਦਾ" ਬੋਖਾਉ ਨੇ ਕਰੈਮਰ ਨੂੰ ਆਖਿਆ, "ਟਰਾਂਸਪੋਰਟ ਨੂੰ ਜਾਣ ਦੇਣਾ ਪਏਗਾ।"

"ਅਤੇ ਬੱਚਾ ?"

ਬੋਖਾਉ ਨੇ ਕਰੈਮਰ ਨੂੰ ਨਿਰਾਸ਼ ਨਾ ਕੀਤਾ, ਇਸ ਲਈ ਉਸ ਨੇ ਝੂਠ ਬੋਲਦਿਆਂ ਆਖ ਦਿੱਤਾ, "ਮੈਂ ਢੂੰਡ ਕੇ ਉਸ ਨੂੰ ਤੇਰੇ ਕੋਲ਼ ਲਿਆਵਾਂਗਾ ?"

ਕਰੈਮਰ ਨੇ ਸਿਰ ਹਿਲਾ ਕੇ ਆਖਿਆ, "ਠੀਕ ਹੈ, ਹਰਬਰਟ, ਬੱਚੇ ਨੂੰ ਸਾਡੇ ਕੋਲ਼ ਰਹਿਣਾ ਚਾਹੀਦਾ ਹੈ। ਦੋ ਜਿਹੜੇ ਫ਼ਾਂਸੀ ਘਰ ਵਿੱਚ ਹਨ, ਉਨ੍ਹਾਂ ਦਾ... ਤੇ ਪੀਪਿਗ ਦਾ ਸਾਡੇ

ਉੱਤੇ ਕਰਜ਼ ਹੈ।"

ਬੋਖਾਉ ਕੁੱਝ ਨਾ ਬੋਲਿਆ।

ਬੇਚੈਨੀ ਵਿੱਚ ਸੌਣ ਮਗਰੋਂ ਸਵੇਰੇ ਤੜਕਸਾਰ ਕਰੈਮਰ ਉੱਠ ਖਲੋਤਾ ਤੇ ਇਹ ਹੋਇਆ ਸੀ ਕਿ ਟਰਾਂਸਪੋਰਟ ਦੇ ਨਾਲ਼ ਲੜਾਕੂ ਟੋਲੀਆਂ ਦੇ ਵਲੰਟੀਅਰ ਜਾਣਗੇ। ਉਨ੍ਹਾਂ ਕੋਲ਼ ਛੁਰੇ ਹੋਣਗੇ ਤੇ ਜਿਵੇਂ ਹੀ ਉਨ੍ਹਾਂ ਨੂੰ ਅਨੁਮਾਨ ਹੋਵੇਗਾ ਕਿ ਅਮਰੀਕੀ ਫ਼ੌਜਾਂ ਨੇੜੇ ਹਨ, ਉਹ ਟਰਾਂਸਪੋਰਟ ਦੇ ਨਾਲ਼ ਜਾਣ ਵਾਲ਼ੇ ਨਾਜ਼ੀ ਫ਼ੌਜੀਆਂ ਨੂੰ ਮਾਰ ਕੇ ਟਰਾਂਸਪੋਰਟ ਨੂੰ ਆਜ਼ਾਦ ਕਰ ਦੇਣਗੇ।

ਬੜੀ ਮੁਸ਼ਕਲ ਨਾਲ਼ ਲੋਕਾਂ ਨੂੰ ਟਰਾਂਸਪੋਰਟ ਨਾਲ਼ ਜਾਣ ਲਈ ਰਾਜ਼ੀ ਕੀਤਾ ਗਿਆ। ਬਹੁਤ ਸਾਰੇ ਬਲਾਕ ਸੀਨੀਅਰਾਂ ਨੂੰ ਮੰਦਾ ਵੀ ਬੋਲਣਾ ਪਿਆ, "ਜੇ ਨਾਜ਼ੀ ਫ਼ੌਜਾਂ ਬਲਾਕਾਂ ਵਿੱਚ ਵੜ ਗਈਆਂ ਤੇ ਫਿਰ ਉਹ ਗੋਲ਼ੀਆਂ ਨਾਲ਼ ਗੱਲਾਂ ਕਰਨਗੇ। ਅਸੀਂ ਇਹ ਨਹੀਂ ਚਾਹੁੰਦੇ ਕਿ ਇੱਥੇ ਗੋਲ਼ੀਆਂ ਚੱਲਣ, ਇਸ ਲਈ ਤੁਹਾਨੂੰ ਘੱਲ ਰਹੇ ਹਾਂ। ਅਸੀਂ ਮੌਤ ਨੂੰ ਟਾਲਣ ਦੀ ਕੋਸ਼ਿਸ਼ ਕਰ ਰਹੇ ਹਾਂ।"

ਵਲੰਟੀਅਰ ਚੁੱਪ-ਚਾਪ ਆਪਣੇ ਸਾਥੀਆਂ ਤੋਂ ਵਿਦਾ ਹੋ ਰਹੇ ਸਨ। ਉਨ੍ਹਾਂ ਆਪ ਹੀ ਹਥਿਆਰ ਬਣਾਏ ਸਨ ਤੇ ਕੱਪੜਿਆਂ ਵਿੱਚ ਲੁਕਾਏ ਸਨ। ਕੀ ਉਹ ਟਰਾਂਸਪੋਰਟ ਨੂੰ ਆਜ਼ਾਦ ਕਰਵਾਉਣ ਵਿੱਚ ਸਫ਼ਲ ਹੋ ਜਾਣਗੇ ? ਮੌਤ ਨੂੰ ਉਨ੍ਹਾਂ ਵੰਗਾਰਿਆ ਸੀ।

ਕਰੈਮਰ ਇੱਕ ਦੇ ਮਗਰੋਂ ਦੂਜੇ ਬਲਾਕ ਵਿੱਚ ਜਾ ਰਿਹਾ ਸੀ, "ਜਦੋਂ ਰੀਨਬੂਥ ਬੁਲਾਏ ਤਾਂ ਕਤਾਰ ਸ਼ੁਰੂ ਕਰ ਦੇਣਾ, ਨਾਲ਼ ਰਹਿਣਾ, ਅਸੀਂ ਦੇਰ ਕਰਨ ਦੀ ਕੋਸ਼ਿਸ਼ ਕਰਾਂਗੇ, ਹੋ ਸਕਦਾ ਹੈ ਕਿ ਅੱਜ ਹਵਾਈ ਹਮਲੇ ਦਾ ਅਲਾਰਮ ਛੇਤੀ ਵੱਜ ਜਾਵੇ, ਫਿਰ ਰਵਾਨਗੀ ਟਲ਼ ਜਾਵੇਗੀ।"

ਪਰ ਇੱਕ ਗੱਲ ਉੱਕਾ ਵੱਖਰੀ ਤੇ ਅਚਿੰਤੀ ਵਾਪਰੀ। ਨੀਅਤ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਹੀ ਕੋਈ ਸੌ ਨਾਜ਼ੀ ਫ਼ੌਜੀ ਬੂਹੇ 'ਤੇ ਆ ਗਏ ਤੇ ਦੋ ਕਤਾਰਾਂ ਵਿੱਚ ਇਕੱਠੇ ਹੋ ਗਏ, ਹੱਥਾਂ 'ਚ ਬੰਦੂਕਾਂ, ਪੇਟੀਆਂ ਵਿੱਚ ਹੱਥ ਗੋਲ਼ੇ। ਇਸ ਦੇ ਮਗਰੋਂ ਹੱਥਾਂ ਵਿੱਚ ਡੰਡੇ ਤੇ ਪਿਸਤੌਲ। ਬਲਾਕ ਫ਼ੋਹਰਰ ਬਲਾਕਾਂ ਵਿੱਚ ਵੜ ਆਏ, ਲੋਕਾਂ ਨੂੰ ਮਾਰ-ਮਾਰ ਕੇ ਕੱਢਦੇ ਤੇ ਸਾਰਿਆਂ ਨੂੰ ਹਿੱਕਦੇ ਹੋਏ-ਜਿਵੇਂ ਪੂਰਾ ਕੈਂਪ ਖ਼ਾਲੀ ਕਰਵਾਉਣਾ ਹੋਵੇ-ਪਰੇਡ ਗਰਾਊਂਡ ਵਿੱਚ ਤੇ ਫਿਰ ਉੱਥੋਂ ਫ਼ਾਟਕ ਤੋਂ ਬਾਹਰ ਲੈ ਗਏ। ਫ਼ਾਟਕ ਬੰਦ ਹੋ ਗਿਆ। ਬਾਹਰ ਜਿਹੜੇ ਕੈਦੀ ਕੱਢ ਲਏ ਗਏ ਸਨ, ਉਨ੍ਹਾਂ ਨੂੰ ਬੰਦੂਕਾਂ ਦੇ ਕੁੰਦੇ ਮਾਰ-ਮਾਰ ਕੇ ਮਾਰਚ ਕਰਨ ਲਈ ਕਤਾਰਾਂ ਵਿੱਚ ਖੜ੍ਹਾ ਕੀਤਾ ਗਿਆ।

ਇਸ ਭਿਆਨਕ ਘਟਨਾ ਮਗਰੋਂ ਖ਼ਤਰੇ ਦਾ ਅਲਾਰਮ ਵੱਜਿਆ। ਸਾਇਰਨ ਇੰਝ ਚੀਕ ਰਿਹਾ ਸੀ ਜਿਵੇਂ ਕਿਸੇ ਔਰਤ ਨੂੰ ਵਾਲ਼ਾਂ ਤੋਂ ਫੜ ਕੇ ਘਸੀਟਿਆ ਜਾ ਰਿਹਾ ਹੋਵੇ।

ਜਿਹੜੇ ਲੋਕ ਕੈਂਪ ਵਿੱਚ ਰਹਿ ਗਏ ਸਨ, ਉਨ੍ਹਾਂ ਦੇ ਮੂੰਹਾਂ ਵਿੱਚੋਂ ਕੁੱਝ ਨਹੀਂ ਸੀ ਬੋਲਿਆ ਜਾ ਰਿਹਾ ਤੇ ਨਾ ਹੀ ਕੁੱਝ ਸੋਚਿਆ ਜਾ ਰਿਹਾ ਸੀ।

ਲੜਾਕੂ ਟੋਲੀਆਂ ਜੋਸ਼ ਵਿੱਚ ਸਨ। ਸਾਰੇ ਹਥਿਆਰ ਮੰਗ ਰਹੇ ਸਨ। ਬੇਚੈਨੀ ਤੇ

ਬੇਸਬਰੀ ਇੰਨੀ ਸੀ ਕਿ ਡਸਿਪਲਿਨ ਖ਼ਤਮ ਹੋਣ ਦਾ ਡਰ ਸੀ। ਤੁਰੰਤ ਫ਼ੈਸਲਾ ਕੀਤਾ ਗਿਆ ਕਿ ਕੌਮਾਂਤਰੀ ਮਜ਼ਦੂਰ ਕਮੇਟੀ ਦੇ ਮੈਂਬਰਾਂ ਦਾ ਲੁਕਿਆ ਰਹਿਣਾ ਅਸੰਭਵ ਹੈ। ਲੜਾਕੂ ਟੋਲੀਆਂ ਦੇ ਲੀਡਰਾਂ ਦੀ ਮੀਟਿੰਗ ਬੁਲਾਈ ਗਈ ਤਾਂ ਜੋ ਅਗਲੇ ਕੁੱਝ ਦਿਨਾਂ ਦਾ ਪ੍ਰੋਗਰਾਮ ਬਣੇ।

ਹਨ੍ਹੇਰਾ ਹੋਣ ਮਗਰੋਂ ਜਦੋਂ ਨੌਂ ਕੁ ਆਦਮੀ ਇੱਕ ਬਲਾਕ ਵਿੱਚ ਇਕੱਠੇ ਹੋਏ-ਜਿਹੜਾ ਅੱਜ ਹੀ ਟਰਾਂਸਪੋਰਟ ਦੀ ਰਵਾਨਗੀ ਮਗਰੋਂ ਖ਼ਾਲੀ ਹੋ ਗਿਆ ਸੀ-ਕਰੈਮਰ ਵੀ ਮੀਟਿੰਗ ਵਿੱਚ ਸ਼ਾਮਲ ਹੋਇਆ।

ਬੋਖਾਉ ਨੇ ਮੀਟਿੰਗ ਆਰੰਭ ਕੀਤੀ ਹੀ ਸੀ ਕਿ ਇਹ ਆਮ ਮੰਗ ਹੋਣੀ ਸ਼ੁਰੂ ਹੋ ਗਈ ਕਿ ਖੁੱਲ੍ਹੀ ਬਗ਼ਾਵਤ ਕਰਨੀ ਚਾਹੀਦੀ ਹੈ। ਹਥਿਆਰ ਵੰਡ ਦਿੱਤੇ ਜਾਣ। ਪਰੀਬੂਲਾ ਸਭ ਤੋਂ ਵੱਧ ਖ਼ੁਸ਼ ਸੀ "ਅੱਜ ਦਸ ਹਜ਼ਾਰ ਗਏ, ਕੱਲ੍ਹ ਤੀਹ ਹਜ਼ਾਰ ਜਾਣਗੇ, ਸਾਨੂੰ ਆਪਣਾ ਅਸਲਾ ਵਰਤਣ ਦਿਉ, ਸਾਰੇ ਦਾ ਸਾਰਾ ਅਸਲਾ!"

ਕਰੈਮਰ ਇੱਕ ਪਾਸੇ ਖਲੋਤਾ ਸੀ, ਉਸ ਕੋਲੋਂ ਰਿਹਾ ਨਾ ਗਿਆ...ਉਸ ਉੱਚੀ ਸਾਰੀ ਆਖਿਆ "ਸਭ ਤੋਂ ਪਹਿਲਾਂ ਚੀਕਣਾ ਬੰਦ ਕਰੋ। ਕੀ ਨਾਜ਼ੀਆਂ ਨੂੰ ਬੁਲਾਣਾ ਚਾਹੁੰਦੇ ਹੋ?" ਤੁਰੰਤ ਚੁੱਪ ਹੋ ਗਈ। "ਤੁਸੀਂ ਅਸਲਾ ਵਰਤਣਾ ਚਾਹੁੰਦੇ ਹੋ? ਸਾਰਾ? ਚੰਗਾ-ਚੰਗਾ!"

ਕਰੈਮਰ ਦੇ ਵਿਅੰਗ 'ਤੇ ਸਾਰਿਆਂ ਨੂੰ ਗੁੱਸਾ ਆ ਗਿਆ। ਕਈਆਂ ਨੇ ਫਿਰ ਤੋਂ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ।

"ਮੈਨੂੰ ਬੋਲਣ ਦਿਉ, ਕੈਂਪ ਸੀਨੀਅਰ ਮੈਂ ਹਾਂ। ਸਭ ਤੋਂ ਵੱਧ ਬੋਝ ਮੇਰੇ ਉੱਤੇ ਹੈ, ਇਸ ਲਈ ਬੋਲਣ ਦਾ ਮੈਨੂੰ ਹੱਕ ਹੈ। ਸਾਡੇ ਕੋਲ਼ ਕਿਤਨੇ ਹਥਿਆਰ ਹਨ, ਮੈਂ ਨਹੀਂ ਜਾਣਦਾ। ਪਰ ਮੈਂ ਇਹ ਜ਼ਰੂਰ ਜਾਣਦਾ ਹਾਂ ਕਿ ਇਤਨੇ ਨਹੀਂ ਹੋਣਗੇ ਕਿ ਅਸੀਂ ਛੇ ਹਜ਼ਾਰ ਫ਼ੌਜੀਆਂ ਦਾ ਟਾਕਰਾ ਕਰ ਸਕੀਏ। ਮੈਂ ਇਹ ਵੀ ਜਾਣਦਾ ਹਾਂ ਕਿ ਕਮਾਂਡੈਂਟ ਇਸ ਗੱਲ ਦਾ ਖ਼ਿਆਲ ਰੱਖੇਗਾ ਕਿ ਏਥੇ ਲਾਸ਼ਾਂ ਛੱਡ ਕੇ ਨਾ ਭੱਜੇ। ਹੁਣ ਅਸੀਂ ਆਪਣੀ ਮੂਰਖ਼ਤਾ ਨਾਲ਼ ਉਸ ਨੂੰ ਮਜ਼ਬੂਰ ਕਰ ਦਈਏ ਤਾਂ ਵੱਖਰੀ ਗੱਲ ਹੈ।"

"ਆਪਣੀ ਮੂਰਖ਼ਤਾ ਨਾਲ਼?"

"ਤੂੰ ਕਿਹੋ ਜਿਹਾ ਕੈਂਪ ਸੀਨੀਅਰ ਏਂ?"

"ਰਤਾ ਸੁਣੋ, ਹੁਣ ਇਹ ਉਸ ਸੂਰ ਕਮਾਂਡੈਂਟ ਦੀ ਵੀ ਉਸਤਤ ਕਰਨਗੇ।"

ਬੋਖਾਉ ਨੇ ਟੋਕਿਆ, "ਕੈਂਪ ਸੀਨੀਅਰ ਨੂੰ ਪੂਰੀ ਗੱਲ ਆਖ ਲੈਣ ਦਿਓ।"

ਕਰੈਮਰ ਨੇ ਕਹਿਣਾ ਸ਼ੁਰੂ ਕੀਤਾ:

"ਮੈਂ ਨਹੀਂ ਜਾਣਦਾ ਤੁਸੀਂ ਸਾਰੇ ਕਮਿਊਨਿਸਟ ਹੋ ਜਾਂ ਨਹੀਂ। ਮੈਂ ਹਾਂ। ਹੁਣ ਰਤਾ ਗਹੁ ਨਾਲ਼ ਸੁਣੋ ਤਾਂ ਜੋ ਸਮਝ ਸਕੋ ਕਿ ਮੇਰਾ ਭਾਵ ਕੀ ਹੈ।"

ਇੱਕ ਛਿਣ ਲਈ ਉਹ ਰੁਕਿਆ।

"ਇੱਥੇ ਕੈਂਪ ਵਿੱਚ ਅਸਾਂ ਇੱਕ ਬੱਚਾ ਲੁਕਾ ਰੱਖਿਆ ਹੈ, ਤੁਸੀਂ, ਜ਼ਰੂਰ ਉਸ ਬਾਰੇ ਜਾਣਦੇ ਹੋਵੋਗੇ। ਉਸ ਬੱਚੇ ਦੇ ਕਾਰਨ ਅਸੀਂ ਬਹੁਤ ਕੁੱਝ ਭੁਗਤਿਆ ਹੈ। ਉਸ ਸਦਕਾ ਹੀ ਸਾਡੇ ਵਿੱਚੋਂ ਦੋ ਫ਼ਾਂਸੀ ਘਰ ਵਿੱਚ ਸੜ ਰਹੇ ਹਨ, ਉਸ ਬੱਚੇ ਸਦਕਾ ਹੀ ਪੀਪਿਗ ਮਾਰ ਖਾ-ਖਾ ਕੇ ਮਰ

ਗਿਆ। ਉਸ ਬੱਚੇ ਸਦਕਾ ਬਹੁਤ ਸਾਰੇ ਸਾਥੀਆਂ ਨੇ ਆਪਣੀ ਜਾਨ ਖ਼ਤਰੇ ਵਿੱਚ ਪਾਈ। ਅਜਿਹੇ ਸਮੇਂ ਵੀ ਆਏ ਜਦੋਂ ਸਾਰੇ ਕੈਂਪ ਦੀ ਹੋਣੀ ਕੱਚੇ ਸੂਤ ਨਾਲ਼ ਬੱਝੀ ਹੋਈ ਸੀ। ਇਹ ਕਿਹੋ ਜਿਹੀ ਮੂਰਖ਼ਤਾ ਸੀ ਕਿ ਜੋ ਅਸਾਂ ਬੱਚੇ ਨੂੰ ਲੁਕਾਇਆ ? ਜੇ ਅਸੀਂ ਉਸ ਨੂੰ ਫ਼ਾਟਕ ਉੱਤੇ ਦੇ ਆਉਂਦੇ ਤਾਂ ਪੀਪਿਗ ਅੱਜ ਵੀ ਜੀਉਂਦਾ ਹੁੰਦਾ। ਹੋਫ਼ਲ ਤੇ ਕਰੋਪਿਨਸਕੀ ਫ਼ਾਂਸੀ ਘਰ ਵਿੱਚ ਮੌਤ ਦੀ ਉਡੀਕ ਨਾ ਕਰਦੇ ਹੁੰਦੇ ਤੇ ਤੁਹਾਡੇ ਲਈ ਜਾਂ ਕੈਂਪ ਲਈ ਕੋਈ ਖ਼ਤਰਾ ਨਾ ਹੁੰਦਾ। ਪ੍ਰਤੱਖ ਹੈ, ਬੱਚੇ ਨੂੰ ਉਹ ਲੋਕ ਮਾਰ ਸੁੱਟਦੇ। ਪਰ ਇਹ ਇਤਨਾ ਬੁਰਾ ਨਾ ਹੁੰਦਾ, ਹੈ ਨਾ ?"

ਕਮਰੇ ਵਿੱਚ ਸਾਰੇ ਬੜੇ ਧਿਆਨ ਨਾਲ਼ ਸੁਣ ਰਹੇ ਸਨ।

"ਕੀ ਤੁਸੀਂ ਬੱਚੇ ਨੂੰ ਨਾਜ਼ੀਆਂ ਦੇ ਹਵਾਲੇ ਕਰ ਦੇਂਦੇ ?" ਕਰੈਮਰ ਨੇ ਪਰੀਬੂਲਾ ਤੋਂ ਪੁੱਛਿਆ, "ਵੇਖਿਆ ਤੁਸਾਂ, ਕਿ ਮੌਤ ਤੇ ਜ਼ਿੰਦਗੀ ਦੇ ਮਾਮਲਿਆਂ ਵਿੱਚ ਫ਼ੈਸਲਾ ਕਰਨਾ ਕਿਤਨਾ ਔਖਾ ਹੁੰਦਾ ਹੈ। ਕੀ ਤੁਸੀਂ ਸਮਝਦੇ ਹੋ ਕਿ ਟਰਾਂਸਪੋਰਟ ਨੂੰ ਫ਼ਾਟਕ 'ਤੇ ਪਹੁੰਚਾਉਣਾ ਮੇਰੇ ਲਈ ਸੌਖਾ ਕੰਮ ਹੈ ?" ਕਰੈਮਰ ਨੇ ਸਾਰਿਆਂ 'ਤੇ ਨਜ਼ਰ ਸੁੱਟੀ, "ਕੀ ਕਰਾਂ ਮੈਂ ? ਕਲੂਟਿਗ ਦੇ ਕੋਲ਼ ਜਾਵਾਂ, 'ਮੈਂ ਹੁਕਮ ਮੰਨਣ ਤੋਂ ਇਨਕਾਰੀ ਹਾਂ, ਗੋਲ਼ੀ ਮਾਰ ਦਿਉ ਮੈਨੂੰ...' ਬੜੀ ਬਹਾਦਰੀ ਹੋਵੇਗੀ ਨਾ ? ਤੁਸੀਂ ਲੋਕ ਮੇਰੀ ਯਾਦਗਾਰ ਨੂੰ ਸਥਾਪਤ ਕਰੋਗੇ, ਮੈਨੂੰ ਇਸ ਦਾ ਵਿਸ਼ਵਾਸ ਹੈ। ਪਰ ਮੈਂ ਇਸ ਉਪਾਧੀ ਤੋਂ ਬਿਨਾਂ ਹੀ ਚੰਗਾ ਹਾਂ ਅਤੇ ਇਸ ਦੀ ਥਾਂ ਲੋਕਾਂ ਨੂੰ ਮੌਤ ਦੇ ਮੂੰਹ ਭੇਜਾਂਗਾ... ਉਨ੍ਹਾਂ ਨੂੰ ਬਚਾਉਣ ਲਈ, ਇਸ ਲਈ ਕਿ ਸ਼ੋਹਾਲ ਇੱਥੇ ਗੋਲ਼ੀ ਨਾ ਚਲਾਏ !"

ਕਰੈਮਰ ਨੇ ਫਿਰ ਸਾਰਿਆਂ ਨੂੰ ਵੇਖਿਆ, "ਸਮਝੇ ? ਸਮਝਣਾ ਇਤਨਾ ਸੌਖਾ ਨਹੀਂ ਹੈ, ਉੱਕਾ ਸੌਖਾ ਨਹੀਂ, ਇਸ ਲਈ ਕਿ ਸਾਨੂੰ ਕੋਈ ਸਿੱਧਾ-ਸਾਦਾ ਫ਼ੈਸਲਾ ਨਹੀਂ ਕਰਨਾ ਹੈ। ਮੌਤ ਤੇ ਜ਼ਿੰਦਗੀ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਚੁਟਕੀ ਦੀ ਗੱਲ ਨਹੀਂ। ਜੇ ਇੰਨੀ ਹੀ ਗੱਲ ਹੁੰਦੀ ਤਾਂ ਮੈਂ ਕਹਿੰਦਾ ਠੀਕ ਹੈ, ਚੁੱਕ ਲਉ ਹਥਿਆਰ, ਕੱਲ੍ਹ ਤੋਂ ਅਸੀਂ ਗੋਲ਼ੀ ਚਲਾਵਾਂਗੇ, ਪਰ ਮੈਨੂੰ ਦੱਸੋ ਕੀ ਅਸਾਂ ਇੱਕ ਨੂੰ ਮੌਤ ਦੇ ਮੂੰਹ ਵਿੱਚ ਦੇ ਦਿੱਤਾ, ਇਸ ਲਈ ਕਿ ਅਸਾਂ ਬੱਚੇ ਨੂੰ ਬਚਾਇਆ ਸੀ ? ਕੀ ਸਾਨੂੰ ਚਾਹੀਦਾ ਸੀ ਕਿ ਬੱਚੇ ਨੂੰ ਮਰ ਜਾਣ ਦੇਂਦੇ ਤਾਂ ਪੀਪਿਗ ਨੂੰ ਬਚਾ ਲੈਂਦੇ ? ਕਿਹੜਾ ਮੈਨੂੰ ਠੀਕ ਉੱਤਰ ਦੇਵੇਗਾ ?"

ਕਰੈਮਰ ਬਹੁਤ ਜੋਸ਼ ਵਿੱਚ ਆ ਗਿਆ ਸੀ। ਉਸ ਨੂੰ ਅਜੇ ਬਹੁਤ ਕੁੱਝ ਕਹਿਣਾ ਸੀ। ਪਰ ਹੋਰ ਕੁੱਝ ਨਾ ਆਖਿਆ ਗਿਆ। ਲੋਕ ਚੁੱਪ ਸਨ। ਇੰਝ ਜਾਪ ਰਿਹਾ ਸੀ ਕਿ ਕਰੈਮਰ ਨੇ ਇੱਕ ਤੱਕੜੀ ਤੋਂ ਲਾਹ-ਲਾਹ ਕੇ ਸ਼ਬਦ ਲੋਕਾਂ ਦੇ ਹੱਥ ਵਿੱਚ ਦੇ ਦਿੱਤੇ ਹੋਣ : ਲਉ ਆਪ ਤੋਲ ਕੇ ਵੇਖੋ !

ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ, ਵਧੇਰੇ ਡਸਿਪਲਿਨ ਨਾਲ਼ ਫ਼ੈਸਲੇ ਕੀਤੇ ਗਏ, ਕੁੱਝ ਦਿਨ ਹੋਰ ਦੇਰ ਲਾਉਣ ਤੇ ਟਾਲ਼-ਮਟੋਲ਼ ਕਰਨ ਦੀ ਚਾਲ ਰਹੇਗੀ। ਹਜ਼ਾਰਾਂ ਲੋਕਾਂ ਨੂੰ ਮੌਤ ਦੇ ਮੂੰਹ ਜਾਂਦੇ ਵੇਖਣਾ ਦੁਖਦਾਈ ਤਾਂ ਹੈ, ਪਰ ਕੀਤਾ ਕੀ ਜਾਏ।

ਦੂਜੇ ਦਿਨ ਸਵੇਰੇ ਕਰੈਮਰ ਨੂੰ ਨਵੇਂ ਆਰਡਰ ਮਿਲ਼ੇ। ਕੁੱਝ ਘੰਟਿਆਂ ਵਿੱਚ ਵੀਹ ਹਜ਼ਾਰ ਦੀ ਇੱਕ ਹੋਰ ਟਰਾਂਸਪੋਰਟ ਤੇ ਫਿਰ ਉਸ ਮਗਰੋਂ ਵੀਹ ਹਜ਼ਾਰ ਦੀ ਹੋਰ ਅਤੇ ਅੱਠ ਸੌ

ਰੂਸੀ ਜੰਗੀ ਕੈਦੀ ਵੀ ਉਸੇ ਦਿਨ ਜਾਣਗੇ।

ਨਾਜ਼ੀਆਂ ਦੀਆਂ ਬੈਰਕਾਂ ਵਿੱਚ ਸ਼ੋਰ-ਸ਼ਰਾਬਾ ਸੀ। ਟਰਾਂਸਪੋਰਟ ਦੇ ਨਾਲ਼ ਜਾਣ ਵਾਲ਼ੀ ਗਾਰਦ ਬਣਾਈ ਜਾ ਰਹੀ ਸੀ।

ਏਧਰ ਕਰੈਮਰ ਬਲਾਕ ਸੀਨੀਅਰਾਂ ਦੀ ਮਦਦ ਨਾਲ਼ ਪਹਿਲੀ ਟਰਾਂਸਪੋਰਟ ਲਈ ਲੋਕਾਂ ਨੂੰ ਇਕੱਠਿਆਂ ਕਰ ਰਿਹਾ ਸੀ ਤੇ ਉੱਧਰ ਬਲਾਕ ਨੰਬਰ ਸਤਾਰਾਂ ਵਿੱਚ ਕੌਮਾਂਤਰੀ ਮਜ਼ਦੂਰ ਕਮੇਟੀ ਦੀ ਫ਼ੌਰੀ ਮੀਟਿੰਗ ਹੋਈ। ਜੰਗੀ ਕੈਦੀਆਂ ਦੇ ਜਾਣ ਦਾ ਮਤਲਬ ਇਹ ਸੀ ਕਿ ਲੜਾਕੂ ਟੋਲੀਆਂ ਕਮਜ਼ੋਰ ਪੈ ਜਾਣਗੀਆਂ। ਫ਼ੈਸਲਾ ਇਹ ਹੋਇਆ ਕਿ ਜੰਗੀ ਕੈਦੀਆਂ ਨੂੰ ਹੁਕਮ ਪ੍ਰਵਾਨ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਦੇਸ਼ ਦਿੱਤਾ ਗਿਆ ਕਿ ਜਦੋਂ ਵੀ ਉਹ ਸਮਝਣ ਕਿ ਅਮਰੀਕੀ ਨੇੜੇ ਹਨ, ਉਹ ਨਾਜ਼ੀ ਗਾਰਦ ਉੱਤੇ ਟੁੱਟ ਪੈਣ ਤੇ ਉਨ੍ਹਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਅਮਰੀਕਨਾਂ ਨਾਲ਼ ਜਾ ਮਿਲ਼ਣ। ਉਨ੍ਹਾਂ ਨੂੰ ਛੁਰੇ ਤੇ ਕੁੱਝ ਪਸਤੌਲ ਦਿੱਤੇ ਜਾਣਗੇ।

ਫ਼ਰਾਂਸੀਸੀ, ਪੋਲ, ਰੂਸੀ, ਜਰਮਨ, ਡੱਚ, ਚੈਕ, ਆਸਟਰੇਲੀਅਨ, ਯੋਗੋਸਲਾਵੀ, ਰੁਮਾਨੀਅਨ, ਬਲਗਾਰੀਅਨ, ਹੰਗਰੀਅਨ ਤੇ ਬਹੁਤ ਸਾਰੀਆਂ ਦੂਜੀਆਂ ਕੌਮੀਅਤਾਂ ਆਪਣੇ-ਆਪਣੇ ਆਦਮੀ ਦੇ ਰਹੀਆਂ ਸਨ। ਸਾਰੇ ਬਲਾਕਾਂ ਵਿੱਚ ਚੀਕ ਚਿਹਾੜਾ, ਭਾਂਤ-ਭਾਂਤ ਦੀਆਂ ਬੋਲੀਆਂ ਦਾ ਮਿਲ਼ਿਆ-ਜੁਲ਼ਿਆ ਰੌਲ਼ਾ ਸੀ।

ਇਹ ਹੜਬੂ-ਹੜਬੂ ਤਿਆਰੀ ਦੇ ਵਿਚਾਲ਼ੇ ਹੀ ਹਵਾਈ ਹਮਲੇ ਦਾ ਅਲਾਰਮ ਵੱਜਣ ਲੱਗਾ। ਸਾਰੇ ਲੋਕ ਖ਼ੁਸ਼ੀਆਂ ਮਨਾਉਂਦੇ ਬਲਾਕਾਂ ਨੂੰ ਦੌੜ ਆਏ! ਡਾਕਟਰੀ ਦਸਤੇ ਦੇ ਸੋਲ੍ਹਾਂ ਆਦਮੀ ਫ਼ਾਟਕ ਵੱਲ ਦੌੜੇ, ਪਰ ਰੀਨਬੂਥ ਚੀਕਿਆ, "ਵਾਪਸ ਜਾਉ" ਤੇ ਸੋਲ੍ਹਾਂ ਫਿਰ ਬਲਾਕਾਂ ਵੱਲ ਪਰਤ ਪਏ। ਸਾਹਮਣੇ ਵਾਲ਼ੇ ਬਲਾਕਾਂ ਦੇ ਕੈਦੀਆਂ ਨੇ ਇੱਕ ਦੂਜੇ ਨੂੰ ਖ਼ਬਰ ਸੁਣਾਈ, "ਹੁਣ ਡਾਕਟਰੀ ਦਸਤੇ ਵਾਲ਼ਿਆਂ ਨੂੰ ਵੀ ਬਾਹਰ ਨਹੀਂ ਜਾਣ ਦਿੱਤਾ ਜਾ ਰਿਹਾ।"

ਕਿਤੇ ਨੇੜਿਉਂ ਹੀ ਬੰਬ ਡਿੱਗਣ ਦੇ ਧਮਾਕੇ ਹੋ ਰਹੇ ਸਨ। ਬਲਾਕਾਂ ਦੀਆਂ ਕੰਧਾਂ ਹਿੱਲ ਰਹੀਆਂ ਸਨ ਤੇ ਕੈਦੀ ਇੱਕ ਦੂਜੇ ਨਾਲ਼ ਚੰਬੜੀ ਜਾ ਰਹੇ ਸਨ। ਕੀ ਅਮਰੀਕੀ ਹੋਰ ਨੇੜੇ ਆ ਗਏ? ਇਹ ਧਮਾਕੇ ਕਿੱਥੇ ਹੋ ਰਹੇ ਹਨ? ਅਲਫ਼ਰਟ ਵਿੱਚ? ਹੋ ਸਕਦਾ ਹੈ ਵਾਇਮਰ 'ਚੋਂ ਹੀ ਆ ਰਹੇ ਹੋਣ।

ਦੋ ਘੰਟਿਆਂ ਮਗਰੋਂ ਖ਼ਤਰਾ ਦੂਰ ਹੋਣ ਦਾ ਸਾਇਰਨ ਵੱਜਿਆ। ਰੀਨਬੂਥ ਦੀ ਅਵਾਜ਼ ਲਾਊਡ ਸਪੀਕਰ ਉੱਤੋਂ ਆਈ।

"ਕੈਂਪ ਸੀਨੀਅਰ, ਇਨ੍ਹਾਂ ਲੋਕਾਂ ਨੂੰ ਮਾਰਚ ਕਰਾਉ, ਤੁਰੰਤ ਮਾਰਚ ਕਰਾਉ।"

ਹਜ਼ਾਰਾਂ ਲੋਕ ਨਿੱਕਲ਼ ਆਏ, ਕਰੈਮਰ ਉੱਚੀ-ਉੱਚੀ ਕਹਿ ਰਿਹਾ ਸੀ : "ਜਾਉ, ਸ਼ਾਇਦ ਤੁਸੀਂ ਵੀ ਵਧੇਰੇ ਭਾਗਾਂ ਵਾਲ਼ੇ ਹੋਵੋ।" ਪਰੇਡ ਗਰਾਊਂਡ ਵਿੱਚ ਲੋਕ ਪਹੁੰਚੇ ਤਾਂ ਬਲਾਕ ਫ਼ੋਹਰਰਾਂ ਨੇ ਉਨ੍ਹਾਂ ਨੂੰ ਫ਼ਾਟਕ ਤੋਂ ਬਾਹਰ ਕੱਢਿਆ। ਫ਼ਾਟਕ ਫਿਰ ਬੰਦ ਹੋ ਗਿਆ।

ਬਹੁਤ ਸਾਰੇ ਬਲਾਕ ਸੀਨੀਅਰ ਆਪਣੀ ਮਰਜ਼ੀ ਨਾਲ਼ ਆਪਣੇ ਬਲਾਕਾਂ ਵੱਲ ਚਲੇ ਗਏ ਸਨ। ਜਦ ਇਹ ਤੂਫ਼ਾਨ ਖ਼ਤਮ ਹੋ ਗਿਆ ਤੇ ਬਾਕੀ ਬਲਾਕ ਸੀਨੀਅਰਾਂ ਨੂੰ ਕਰੈਮਰ

ਨੇ ਬੁਲਾਇਆ ਤੇ ਆਖਿਆ : "ਦਸ ਹਜ਼ਾਰ ਦੀ ਇੱਕ ਹੋਰ ਟਰਾਂਸਪੋਰਟ ਅੱਜ ਹੀ ਜਾਣੀ ਹੈ ਤੇ ਵੇਖੋ, ਮੈਂ ਹੁਣ ਟਰਾਂਸਪੋਰਟ ਤਿਆਰ ਨਹੀਂ ਕਰਾਵਾਂਗਾ। ਹੋ ਸਕਦਾ ਹੈ, ਅੱਜ ਇੱਕ ਹੋਰ ਹਵਾਈ ਹਮਲੇ ਦੇ ਖ਼ਤਰੇ ਦਾ ਸਾਇਰਨ ਵੱਜ ਜਾਏ ਤੇ ਉਹ ਲੋਕ ਦੂਜੀ ਟਰਾਂਸਪੋਰਟ ਨਾ ਭੇਜ ਸਕਣ। ਹੋ ਸਕਦਾ ਹੈ ਫਿਰ ਬਲਾਕ ਫ਼ੋਹਰਰ ਤੇ ਨਾਜ਼ੀ ਫ਼ੌਜੀ ਕੈਦੀਆਂ ਨੂੰ ਜ਼ੋਰੀਂ ਬਲਾਕਾਂ ਵਿੱਚੋਂ ਕੱਢਣ। ਪਰ ਮੈਂ ਟਰਾਂਸਪੋਰਟ ਤਿਆਰ ਨਹੀਂ ਕਰਾਂਗਾ, ਸਮਝੇ!" ਤੇ ਉਸ ਨੇ ਉਨ੍ਹਾਂ ਦੇ ਉੱਤਰ ਦੀ ਉਡੀਕ ਕੀਤੇ ਬਿਨਾਂ ਆਖਿਆ, "ਡਟੇ ਰਹੋ, ਜੰਮੇ ਰਹੋ, ਆਪਣੇ ਲੋਕਾਂ ਨੂੰ ਕਹਿ ਦੇਣਾ।"

ਕਰੈਮਰ ਨੂੰ ਨਾਲ਼ ਲੈ ਕੇ ਬੋਖਾਉ ਰੂਸੀ ਜੰਗੀ ਕੈਦੀਆਂ ਦੇ ਬਲਾਕ ਵਿੱਚ ਗਿਆ। ਬੋਗਰਵਸਕੀ ਤੇ ਕੁੱਝ ਹੋਰ ਕਾਮਰੇਡ ਟੱਟੀਆਂ ਵਿੱਚ ਜਾ ਕੇ ਸਲਾਹ ਕਰਨ ਲੱਗੇ। ਬੋਗਰਵਸਕੀ ਨੇ ਇਹ ਵਿਉਂਤ ਬਣਾਈ ਸੀ ਕਿ ਰੂਸੀ ਲੜਾਕੂ ਟੋਲੀਆਂ ਵਾਲ਼ੇ ਨਾਜ਼ੀ ਗਾਰਦ ਦੇ ਆਸੇ-ਪਾਸੇ ਟੁਰਨਗੇ ਤੇ ਮੌਕਾ ਮਿਲ਼ਦੇ ਹੀ ਉਹ ਉਨ੍ਹਾਂ 'ਤੇ ਟੁੱਟ ਪੈਣਗੇ। ਉਨ੍ਹਾਂ ਦੇ ਹਥਿਆਰ ਉਤਰਵਾ ਲੈਣਗੇ। ਲਾਲ ਫ਼ੌਜ ਦੇ ਬਾਕੀ ਲੋਕ ਵੀ ਇਸ ਮੁਕਾਬਲੇ ਵਿੱਚ ਸ਼ਾਮਲ ਹੋ ਜਾਣਗੇ। ਜੇ ਇਹ ਹਮਲਾ ਸਫ਼ਲ ਹੋ ਗਿਆ ਤਾਂ ਸਾਰੇ ਕੈਦੀ ਥੁਰਿਨਗੀਆਂ ਦੇ ਜੰਗਲਾਂ ਵਿੱਚ ਚਲੇ ਜਾਣਗੇ ਤੇ ਪਸਰੀਆਂ ਹੋਈਆਂ ਅਮਰੀਕੀ ਫ਼ੌਜਾਂ ਨਾਲ਼ ਸਬੰਧ ਸਥਾਪਤ ਕਰਨਗੇ ਤੇ ਜੇ ਵਿਉਂਤ ਸਫ਼ਲ ਨਾ ਹੋਈ ਤਾਂ?

"ਖ਼ੈਰ" ਬੋਗਰਵਸਕੀ ਨੇ ਸਾਦਗੀ ਨਾਲ਼ ਆਖਿਆ "ਅਸੀਂ ਆਪਣਾ ਫ਼ਰਜ਼ ਤਾਂ ਪੂਰਾ ਕਰ ਚੁੱਕੇ ਹੋਵਾਂਗੇ।" ਇਸ ਲਈ ਵੰਡੇ ਗਏ ਪੰਜ ਪਸਤੌਲ ਕੈਦੀਆਂ ਦੇ ਕੱਪੜਿਆਂ ਵਿੱਚ ਅਲੋਪ ਹੋ ਗਏ। ਉਸ ਹੋਰਾਂ ਨੂੰ ਘੱਲ ਦਿੱਤਾ। ਹੁਣ ਉਹ ਆਪਣੇ ਜਰਮਨ ਸਾਥੀਆਂ ਨਾਲ਼ ਇਕੱਲਾ ਰਹਿ ਗਿਆ।

ਜਦੋਂ ਉਨ੍ਹਾਂ ਆਪਣੇ ਭਾਵਾਂ ਉੱਤੇ ਕਾਬੂ ਪਾ ਲਿਆ ਤਾਂ ਬੋਗਰਵਸਕੀ ਨੇ ਆਖਿਆ, "ਮੈਂ ਇੱਕ ਚੀਜ਼ ਤੁਹਾਡੇ ਹਵਾਲੇ ਕਰਨੀ ਹੈ-ਬੱਚਾ!"

"ਕੀ ਤੁਹਾਡੇ ਕੋਲ਼ ਹੈ?" ਕਰੈਮਰ ਨੇ ਹੈਰਾਨੀ ਨਾਲ਼ ਪੁੱਛਿਆ।

"ਤਾਂ ਤੂੰ ਲੈ ਆਇਆ ਸੈਂ।" ਬੋਖਾਉ ਚੀਕਿਆ, "ਤੇ ਮੇਰੇ ਕੋਲ਼ ਸੱਚ ਨਹੀਂ ਬੋਲਿਆ..."

"ਆਖ਼ਰੀ ਵਾਰ ਸੁਣ ਲੈ, ਮੈਂ ਨਹੀਂ ਲਿਆਂਦਾ ਬੱਚਾ!"

"ਉਹ ਤੁਰੰਤ ਬਾਹਰ ਚਲਿਆ ਗਿਆ ਤੇ ਲਾਲ ਫ਼ੌਜ ਦੇ ਇੱਕ ਸਿਪਾਹੀ ਨਾਲ਼ ਵਾਪਸ ਆਇਆ "ਇਹ!" ਉਸ ਨੌਜਵਾਨ ਫ਼ੌਜੀ ਵੱਲ ਇਸ਼ਾਰਾ ਕੀਤਾ।

ਨੌਜਵਾਨ ਨੇ ਸਿਰ ਹਿਲਾ ਕੇ ਇਕਬਾਲ ਕੀਤਾ, "ਇਹ ਨੌਜਵਾਨ ਸਿਪਾਹੀ ਨਾਜ਼ੀਆਂ ਦੇ ਸੂਰ ਵਾੜੇ ਵਿੱਚ ਕੰਮ ਕਰਦਾ ਸੀ, ਜਿਹੜਾ ਹਸਪਤਾਲ਼ ਦੇ ਪਿੱਛੇ ਹੈ। ਇਸ ਨੇ ਬੱਚੇ ਨੂੰ ਜਾਂਕੋਵਸਕੀ ਦੇ ਬਿਸਤਰੇ 'ਚੋਂ 'ਚੁਰਾਇਆ'। ਆਦੇਸ਼ ਬੋਗਰਵਸਕੀ ਨੇ ਦਿੱਤਾ ਸੀ ਤੇ ਉਸ ਨੂੰ ਲਿਜਾ ਕੇ ਇੱਕ ਗੱਭਣ ਸੂਰਨੀ ਦੇ ਵਾੜੇ ਵਿੱਚ ਰੱਖਿਆ। ਬੱਚਾ ਹੁਣ ਵੀ ਉੱਥੇ ਸੀ, ਕਮਾਂਡੋ ਦੇ ਕਿਸੇ ਕੈਦੀ ਨੂੰ ਪਤਾ ਨਹੀਂ ਸੀ...

ਥੋੜ੍ਹੀ ਦੇਰ ਮਗਰੋਂ ਕਰੈਮਰ ਉੱਥੇ ਗਿਆ। ਬੋਖਾਉ ਨਾਲ਼ ਗੱਲ ਕਰਕੇ ਉਸ ਨੇ ਤੈਅ ਕੀਤਾ ਸੀ ਕਿ ਹੁਣ ਬੱਚਾ ਬਲਾਕ ਨੰਬਰ 38 ਵਿੱਚ ਬੋਖਾਉ ਦੇ ਬਲਾਕ ਵਿੱਚ ਰਹੇਗਾ।

ਸੂਰ ਵਾੜੇ ਵਿੱਚ ਕੁੱਝ ਕੈਦੀ ਸਨ। ਕਰੈਮਰ ਨੇ ਜਾਂਦੇ ਹੀ ਆਪਣੇ ਆਉਣ ਦਾ ਉਦੇਸ਼ ਦੱਸਿਆ। ਕੈਦੀਆਂ ਨੂੰ ਸੁਣ ਕੇ ਇਹ ਬੜੀ ਹੈਰਾਨੀ ਹੋਈ ਕਿ ਬੱਚਾ ਉੱਥੇ ਹੈ। ਨੌਜਵਾਨ ਸਿਪਾਹੀ ਦੇ ਦੱਸੇ ਹੋਏ ਵਾੜੇ ਸਾਹਮਣੇ ਰੁਕ ਕੇ ਕਰੈਮਰ ਨੇ ਆਖਿਆ, "ਇਸ ਵਿੱਚ ਹੈ।"

ਇੱਕ ਪੋਲ ਕੈਦੀ ਨੇ ਅੰਦਰ ਵੜ ਕੇ ਤੂੜੀ ਦੇ ਢੇਰ ਦੀ ਓਟ ਵਿੱਚੋਂ ਬੱਚੇ ਨੂੰ ਕੱਢਿਆ। ਕਰੈਮਰ ਨੇ ਬੱਚੇ ਨੂੰ ਕੰਬਲ਼ ਵਿੱਚ ਲਪੇਟ ਲਿਆ।

ਬੋਖਾਉ ਨੇ ਪਹਿਲਾਂ ਹੀ ਦੱਸ ਦਿੱਤਾ ਸੀ, ਇਸ ਲਈ ਉਸ ਦੇ ਬਲਾਕ ਦੇ ਕੈਦੀ ਬੱਚੇ ਦੀ ਉਡੀਕ ਕਰ ਰਹੇ ਸਨ।

ਬੋਖਾਉ ਨੇ ਗੰਢੜੀ ਨੂੰ ਕਰੈਮਰ ਤੋਂ ਲੈ ਲਿਆ ਤੇ ਉਸ ਨੂੰ ਮੇਜ਼ ਉੱਤੇ ਰੱਖ ਦਿੱਤਾ। ਹੌਲ਼ੀ ਜਿਹੇ ਉਸ ਨੇ ਕੰਬਲ਼ ਖੋਲ੍ਹਿਆ। ਹੁਣ ਸਾਰਿਆਂ ਦੇ ਲੂੰ ਕੰਡੇ ਖੜ੍ਹੇ ਹੋ ਗਏ। ਬੱਚਾ ਭੁੱਖਾ ਪਿਆਸਾ ਨਹੀਂ ਸੀ। ਨੌਜਵਾਨ ਸਿਪਾਹੀ ਨੇ ਇਸ ਦਾ ਪ੍ਰਬੰਧ ਕਰ ਦਿੱਤਾ ਸੀ। ਪਰ ਇਸੇ ਹਾਲਤ ਵਿੱਚ ਪਏ-ਪਏ ਉਹ ਟੱਟੀ ਪਿਸ਼ਾਬ ਨਾਲ਼ ਲਿਬੜਿਆ ਪਿਆ ਸੀ। ਕਰੈਮਰ ਨੇ ਉੱਠਦੇ ਹੋਏ ਆਖਿਆ : "ਇਸ ਨੂੰ ਆਦਮੀ ਦਾ ਬੱਚਾ ਬਣਾ ਦਿਉ।"

ਕੁੱਝ ਲੋਕ ਰੁੱਝ ਗਏ। ਬੱਚੇ ਦੇ ਕੱਪੜੇ ਲਾਹੇ ਗਏ। ਇੱਕ ਪੋਲ ਕੈਦੀ ਨੇ ਬੱਚੇ ਨੂੰ ਮਾਤ ਭਾਸ਼ਾ ਵਿੱਚ ਪੁਚਕਾਰਿਆ ਤੇ ਉਸ ਨੂੰ ਨੁਹਾਇਆ-ਧੁਆਇਆ ਤੇ ਫਿਰ ਸੌਣ ਦੇ ਕਮਰੇ ਵਿੱਚ ਲਿਜਾ ਕੇ ਉਸ ਨੂੰ ਗਰਮ ਕੰਬਲ਼ਾਂ ਵਿੱਚ ਲਪੇਟ ਕੇ ਲਿਟਾ ਦਿੱਤਾ। ਕੈਦੀ ਖ਼ਾਮੋਸ਼ ਉਸ ਦੇ ਬਿਸਤਰੇ ਦੇ ਚਾਰੇ ਪਾਸੇ ਖਲੋਤੇ ਸਨ। ਬੋਖਾਉ ਨੇ ਬੜੇ ਚਿੰਤਾਜਨਕ ਰੌਂ ਵਿੱਚ ਆਖਿਆ : "ਇਸ ਲਈ ਅਸਾਂ ਬੜੇ ਦੁੱਖ ਝੱਲੇ ਹਨ। ਕਲੂਟਿਗ ਤੇ ਰੀਨਬੂਥ ਇਸ ਦੀ ਭਾਲ਼ ਵਿੱਚ ਹਨ। ਇਹ ਇੱਕ ਗੰਢੜੀ ਵਾਂਗ ਇਸ ਹੱਥ ਤੋਂ ਉਸ ਹੱਥ ਫਿਰਦਾ ਰਿਹਾ। ਹੁਣ ਸਾਡੇ ਕੋਲ਼ ਹੈ ਤੇ ਅਖ਼ੀਰ ਤੱਕ ਸਾਡੇ ਕੋਲ਼ ਹੀ ਰਹੇਗਾ।"

ਭਾਗ ਛੇਵਾਂ

ਇੱਕ

ਇਸ ਦੇ ਮਗਰੋਂ ਕੁੱਝ ਦਿਨਾਂ ਵਿੱਚ ਕੈਂਪ ਖ਼ਾਲੀ ਕਰਾਉਣ ਦਾ ਕੰਮ ਹੋਰ ਵੀ ਅਣਨਿਯਮਕ ਤੇ ਅਣਜੱਥੇਬੰਦ ਹੋ ਗਿਆ। ਕਦੇ ਟਰਾਂਸਪੋਰਟ ਇਕੱਠੀ ਹੁੰਦੀ ਤਾਂ ਹਵਾਈ ਹਮਲੇ ਦੇ ਖ਼ਤਰੇ ਦਾ ਅਲਾਰਮ ਵੱਜ ਪੈਂਦਾ ਤੇ ਕਦੇ ਟਰਾਂਸਪੋਰਟ ਇਕੱਠੀ ਹੀ ਨਾ ਹੁੰਦੀ। ਜਿਵੇਂ ਕਿ ਕਮਾਂਡੈਂਟ ਨੇ ਵਿਉਂਤ ਬਣਾਈ ਸੀ ਕਿ ਪੂਰਾ ਕੈਂਪ ਖ਼ਾਲੀ ਕਰਾਉਣਾ ਹੈ, ਹੁਣ ਅਸੰਭਵ ਜਾਪਦਾ ਸੀ। ਪਰ ਇਸ ਸਭ ਕੁੱਝ ਦੇ ਹੁੰਦਿਆਂ ਵੀ ਹਜ਼ਾਰਾਂ ਲੋਕ ਕੈਂਪ ਵਿੱਚੋਂ ਕੱਢੇ ਜਾ ਚੁੱਕੇ ਸਨ। ਪੰਜਾਹ ਹਜ਼ਾਰ ਵਿੱਚੋਂ ਹੁਣ ਕੇਵਲ ਇੱਕੀ ਹਜ਼ਾਰ ਬਾਕੀ ਰਹਿ ਗਏ ਸਨ।

ਇੱਕ ਦਿਨ ਤੜਕੇ ਸਵੇਰੇ ਬਿਨਾਂ ਅਲਾਰਮ ਦੇ ਹੀ ਦੋ ਅਮਰੀਕੀ ਜਹਾਜ਼ ਕੈਂਪ

ਉੱਤੇ ਚੱਕਰ ਕੱਟਣ ਲੱਗੇ। ਕੈਦੀ ਬਲਾਕਾਂ ਵਿੱਚੋਂ ਨਿੱਕਲ਼ ਆਏ "ਉਹ ਆ ਗਏ, ਉਹ ਆ ਗਏ!" ਕੈਦੀ ਆਜ਼ਾਦ ਹੋਣ ਲਈ ਤੜਪ ਰਹੇ ਸਨ, ਹੁਣ ਉਨ੍ਹਾਂ ਤੋਂ ਜ਼ਬਤ ਨਹੀਂ ਸੀ ਹੋ ਰਿਹਾ।

ਉਸੇ ਰਾਤ ਕੌਮਾਂਤਰੀ ਕਮੇਟੀ ਦੇ ਕਾਮਰੇਡਾਂ ਨੇ ਲੜਾਕੂ ਟੋਲੀਆਂ ਦੇ ਆਗੂਆਂ ਨੂੰ ਇਕੱਠਾ ਕੀਤਾ। ਕੋਈ ਪੱਕੀ ਤੇ ਮੁਹਤੱਬਿਰ ਖ਼ਬਰ ਨਹੀਂ ਸੀ ਮਿਲ਼ਦੀ। ਮੁਹਾਜ਼ ਦਾ ਕੁੱਝ ਸਹੀ ਪਤਾ ਨਹੀਂ ਸੀ। ਪਰ ਇਤਨਾ ਸਾਫ਼ ਸੀ ਕਿ ਕੈਂਪ ਦੇ ਦਿਨ, ਸਗੋਂ ਘੜੀਆਂ ਹੁਣ ਗਿਣੀਆਂ-ਮਿਣੀਆਂ ਰਹਿ ਗਈਆਂ ਹਨ, ਕਿਸੇ ਵੇਲ਼ੇ ਵੀ ਫ਼ਾਸਿਸਟ ਇੱਥੋਂ ਭੱਜ ਖਲੋਣਗੇ। ਮੁਹਾਜ਼ ਨੇੜੇ ਹੈ ਬਹੁਤ ਨੇੜੇ, ਇਸ ਵਿੱਚ ਕੋਈ ਸ਼ੱਕ ਨਹੀਂ ਸੀ।

ਬੋਖਾਉ ਨੇ ਲੋਕਾਂ ਦੇ ਚੁੱਪ ਚਿਹਰਿਆਂ ਨੂੰ ਵੇਖ ਕੇ ਕਹਿਣਾ ਸ਼ੁਰੂ ਕੀਤਾ :

"ਸ਼ੋਹਾਲ ਨੇ ਹੁਣ ਤੱਕ ਕੈਂਪ ਨੂੰ ਮਲੀਆਮੇਟ ਨਹੀਂ ਕੀਤਾ, ਪਰ ਇਸ ਦੀ ਸੰਭਾਵਨਾ ਤਾਂ ਹੈ ਕਿ ਹੋ ਸਕਦਾ ਹੈ, ਇਸ ਲਈ ਸਾਨੂੰ ਤਿਆਰ ਰਹਿਣਾ ਚਾਹੀਦਾ ਹੈ। ਸਾਥੀਓ! ਹੋ ਸਕਦਾ ਹੈ ਕੱਲ੍ਹ ਹਥਿਆਰ ਸੰਭਾਲ਼ਣੇ ਪੈਣ, ਇਸ ਦਾ ਅਰਥ ਇਹ ਹੋਵੇਗਾ ਕਿ ਹਰ ਟੋਲੀ ਉਸ ਥਾਂ ਹੋਵੇਗੀ, ਜਿੱਥੋਂ ਉਸ ਨੇ ਅਗਾਂਹ ਵੱਧਣਾ ਹੈ। ਹਥਿਆਰ ਵੰਡ ਦਿੱਤੇ ਜਾਣਗੇ। ਛੁਰਿਆਂ ਤੇ ਸੰਗੀਨਾਂ ਤੋਂ ਬਿਨਾਂ ਸਾਡੇ ਕੋਲ਼ ਨੱਬੇ ਕਾਰਬਾਈਨਾਂ, ਦੋ ਸੌ ਫ਼ਟਣ ਵਾਲ਼ੀਆਂ ਬੋਤਲਾਂ, ਸੋਲ਼ਾਂ ਦਸਤੀ ਬੰਬ, ਪੰਦਰਾਂ ਪਸਤੌਲ ਤੇ ਰੀਵਾਲਵਰ ਇੱਕ ਹਲਕੀ ਮਸ਼ੀਨਗੰਨ ਹੈ, ਇੰਨਾ ਕੁੱਝ ਬਹੁਤਾ ਨਹੀਂ।

"ਲੜਾਈ ਵਿੱਚੋਂ ਦੋ ਗੱਲਾਂ ਸਾਡੇ ਹੱਕ ਵਿੱਚ ਹੋਣਗੀਆਂ। ਮੁਹਾਜ਼ ਨੇੜੇ ਹੋਵੇਗਾ ਤੇ ਫ਼ਾਸਿਸਟ ਘਬਰਾਏ ਹੋਣਗੇ। ਚਾਹੇ ਉਹ ਗੋਲ਼ੀ ਚਲਾਉਣ ਵਿੱਚ ਪਹਿਲ ਕਰਨ, ਪਰ ਉਹ ਸਿਰ 'ਤੇ ਪੈਰ ਰੱਖ ਕੇ ਭੱਜ ਰਹੇ ਹੋਣਗੇ। ਮੈਨੂੰ ਪਤਾ ਨਹੀਂ ਕਿ ਉਹ ਲੋਕ ਕੀ ਕਰਨਗੇ। ਪਰ ਚਾਹੇ ਜੋ ਵੀ ਕਰਨ, ਸਾਡੀ ਲੜਾਈ ਅਗਾਂਹ ਵਧ ਕੇ ਹਮਲਾ ਕਰਨ ਦੀ ਹੋਵੇਗੀ। ਕੈਂਪ ਦੇ ਅੰਦਰ ਅਸੀਂ ਉਨ੍ਹਾਂ ਦੀ ਮੁੱਠ ਵਿੱਚ ਹਾਂ। ਸਾਡੀ ਜਿੱਤ ਇਸ ਵਿੱਚ ਹੈ ਕਿ ਅਸੀਂ ਝੱਟ ਤਾਰ ਤੋਂ ਬਾਹਰ ਹੋ ਜਾਈਏ। ਕੋਈ ਸੰਤਰੀ ਨਹੀਂ ਹੋਵੇਗਾ, ਉਹ ਗੋਲ਼ੀਆਂ ਚਲਾਉਂਦੇ ਤੇ ਦੌੜਦੇ ਜਾਣਗੇ। ਇਹ ਕੰਮ ਪੋਲਿਸ਼ ਤੇ ਯੋਗੋਸਲਾਵ ਸਾਥੀਆਂ ਦਾ ਹੈ ਕਿ ਉਹ ਬਾਹਰ ਨਿੱਕਲ਼ਣ ਲਈ ਕਿਤੇ ਪਾੜਾ ਪਾ ਦੇਣ।"

ਅਚਾਨਕ ਖਿੜਕੀ 'ਚੋਂ ਕਿਸੇ ਨੇ ਸਾਵਧਾਨ ਕੀਤਾ। ਤੁਰੰਤ ਰੌਸ਼ਨੀ ਬੰਦ ਕਰ ਦਿੱਤੀ ਗਈ।

"ਕੀ ਏ?"

"ਫ਼ਾਟਕ ਵੱਲੋਂ ਇੱਕ ਟਰੱਕ ਅੰਦਰ ਆ ਰਿਹਾ ਹੈ।"

"ਇਸ ਪਾਸੇ?"

"ਰੁਕ ਰਿਹਾ ਏ"

"ਰੌਸ਼ਨੀ!" ਬੋਖਾਉ ਨੇ ਹੁਕਮ ਦਿੱਤਾ। ਬੱਤੀ ਬਲ਼ ਪਈ। "ਤੁਰੰਤ ਸੌਣ ਦੇ ਕਮਰੇ ਵਿੱਚ, ਸਾਰੇ ਬਿਸਤਰਿਆਂ ਵਿੱਚ ਵੜ ਜਾਓ।"

ਸਾਰੇ ਲੋਕ ਕੁਰਸੀਆਂ ਮੇਜ਼ਾਂ 'ਤੋਂ ਟੱਪਦੇ-ਟਪਾਉਂਦੇ ਸੌਣ ਦੇ ਕਮਰਿਆਂ ਵਿੱਚ ਪਹੁੰਚ ਗਏ ਤੇ ਕੱਪੜੇ ਲਾਹ-ਲਾਹ ਕੇ ਬਿਸਤਰਿਆਂ ਵਿੱਚ ਵੜ ਗਏ।

"ਇੱਕ ਹੋਰ ਮੋਟਰ ਆ ਰਹੀ ਏ। ਹੁਣ ਉਹ ਖੱਬੇ ਪਾਸੇ ਮੁੜ ਰਹੇ ਹਨ।" ਬੱਤੀ ਫਿਰ ਬੁਝ ਗਈ। ਬੋਖਾਉ ਪਹਿਰੇ 'ਤੇ ਰਿਹਾ।

ਮੋਟਰਾਂ ਸ਼ਮਸ਼ਾਨ ਘਰ ਵੱਲ ਗਈਆਂ। ਸ਼ਮਸ਼ਾਨ ਘਰ ਦੇ ਸ਼ਾਰ ਫ਼ੋਹਰਰ ਨੇ ਪਿਛਲਾ ਬੂਹਾ ਖੋਲ੍ਹਿਆ। ਗੱਡੀਆਂ ਅੰਦਰ ਚਲੀਆਂ ਗਈਆਂ। ਸ਼ੋਹਾਲ ਆਪਣੇ ਮਾਤਹਿੱਤਾਂ ਸਮੇਤ ਸ਼ਮਸ਼ਾਨ ਘਰ ਗਿਆ।

"ਤਿੰਨ ਭੱਠੀਆਂ ਬਲ਼ ਰਹੀਆਂ ਹਨ ?"

"ਹੁਕਮ ਅਨੁਸਾਰ!"

"ਫਿਰ ਸ਼ੁਰੂ ਕਰ ਦਿਉ।"

ਨਾਜ਼ੀ ਸਿਪਾਹੀਆਂ ਨੇ ਟਰੱਕ ਉੱਤੋਂ ਲਾਹੁਣਾ ਆਰੰਭ ਕਰ ਦਿੱਤਾ। ਕਾਗਜ਼ਾਂ, ਦਸਤਾਵੇਜ਼ਾਂ ਦੇ ਪਹਾੜ ਅੰਦਰ ਲਿਜਾਏ ਗਏ।

"ਉਹ ਲੋਕ ਕੁੱਝ ਸਾੜ ਰਹੇ ਹਨ" ਪਹਿਰੇ ਉਤਲੇ ਬੰਦੇ ਨੇ ਹੌਲ਼ੀ ਜਿਹੀ ਆਖਿਆ।

ਬੋਖਾਉ ਨੇ ਆਪਣੀਆਂ ਅੱਖਾਂ ਝੀਤ ਵਿੱਚ ਲਾਈਆਂ। ਸ਼ਮਸ਼ਾਨ ਘਰ ਦੀਆਂ ਚਿਮਨੀਆਂ ਵਿੱਚੋਂ ਅਲੰਬੇ ਨਿੱਕਲ਼ ਰਹੇ ਸਨ ਤੇ ਕਾਲ਼ੇ-ਕਾਲ਼ੇ ਟੋਟੇ ਨੱਚ ਰਹੇ ਸਨ।

ਸ਼ੋਹਾਲ ਖਲੋਤਾ ਵੇਖ ਰਿਹਾ ਸੀ। ਉਸ ਆਪਣੀ ਘਬਰਾਹਟ ਨੂੰ ਲੁਕਾਉਣ ਲਈ ਆਖਿਆ, "ਹੁਣ ਕੋਈ ਸਾਡੇ ਵਿਰੁੱਧ ਕੁੱਝ ਵੀ ਸਾਬਤ ਨਹੀਂ ਕਰ ਸਕਦਾ।"

ਬੋਖਾਉ ਲਗਭਗ ਦੋ ਘੰਟੇ ਬਾਰੀ ਨਾਲ਼ ਲੱਗ ਕੇ ਬੈਠਾ ਰਿਹਾ ਅਤੇ ਉਸਨੇ ਕਾਰਾਂ ਨੂੰ ਜਾਂਦਿਆਂ ਵੇਖਿਆ।

"ਇਹਨਾਂ ਲੋਕਾਂ ਕੀ ਸਾੜਿਆ ਹੋਵੇਗਾ ?"

"ਲਾਸ਼ਾਂ ਤਾਂ ਨਹੀਂ ਹੋ ਸਕਦੀਆਂ", ਬੋਖਾਉ ਨੇ ਮੋਢੇ ਹਿਲਾ ਕੇ ਆਖਿਆ।

ਦਿਨ ਪ੍ਰੇਸ਼ਾਨੀ ਨਾਲ਼ ਅਰੰਭ ਹੋਇਆ। ਨਾਜ਼ੀਆਂ ਦਾ ਕੰਮ ਕਰਨ ਵਾਲ਼ੇ ਕੈਦੀਆਂ ਨੂੰ ਕੈਂਪ ਤੋਂ ਬਾਹਰ ਨਾ ਜਾਣ ਦਿੱਤਾ ਗਿਆ। ਕੱਲ੍ਹ ਉਹ ਖ਼ਬਰ ਲਿਆਏ ਸਨ, ਜਿਹੜੀ ਸਾਰੇ ਕੈਂਪ ਵਿੱਚ ਖਿੰਡ ਗਈ ਸੀ। ਅਰਫ਼ਰਟ ਉੱਤੇ ਅਮਰੀਕਨਾਂ ਦਾ ਕਬਜ਼ਾ ਹੋ ਗਿਆ ਹੈ ਤੇ ਸੁਣਿਆ ਗਿਆ ਸੀ ਕਿ ਅਮਰੀਕੀ ਵਾਇਮਰ ਤੋਂ ਕੇਵਲ ਸੱਤ ਮੀਲ ਦੂਰ ਹਨ। ਹੁਣ ਕੈਂਪ ਖ਼ਾਲੀ ਕਰਾਉਣ ਦਾ ਤਾਂ ਸੁਆਲ ਹੀ ਨਹੀਂ। ਹਰ ਬੰਦਾ ਜਾਣਦਾ ਸੀ ਕਿ ਜੇ ਨਾਜ਼ੀ ਭੱਜੇ ਤਾਂ ਕੈਂਪ ਨੂੰ ਇੰਝ ਦਾ ਇੰਝ ਛੱਡ ਕੇ ਨਹੀਂ ਜਾਣਗੇ।

ਬੋਖਾਉ ਨੇ ਸੋਚਿਆ ਕਿ ਹੁਣ ਰੁਣਕੀ ਨੂੰ ਕੱਢਣਾ ਚਾਹੀਦਾ ਹੈ। ਹੁਣ ਜਦੋਂ ਮੌਤ ਤੇ ਜ਼ਿੰਦਗੀ ਦਾ ਫ਼ੈਸਲਾ ਕਿਸੇ ਸਮੇਂ ਵੀ ਹੋ ਸਕਦਾ ਹੈ, ਲੁਕੇ ਰਹਿਣ ਦਾ ਕੀ ਅਰਥ ਹੈ। ਵਧੀ ਹੋਈ ਦਾੜ੍ਹੀ ਲਈ ਰੁਣਕੀ ਆਪਣੀ ਭੱਠੀ ਵਿੱਚੋਂ ਨਿੱਕਲ਼ਿਆ। ਉਸ ਦੇ ਸਾਥੀਆਂ ਨੇ ਖ਼ੁਸ਼ੀ ਦਾ ਨਾਅਰਾ ਲਾਇਆ। ਰੁਣਕੀ ਆਪਣੇ ਬਲਾਕ ਸੀਨੀਅਰ ਦੀ ਮੇਜ਼ ਉੱਤੇ ਬੱਚੇ ਨੂੰ ਵੇਖ ਕੇ ਹੈਰਾਨ ਰਹਿ ਗਿਆ। ਬੋਖਾਉ ਨੇ ਮਾਣ ਨਾਲ਼ ਉਸ ਵੱਲ ਇਸ਼ਾਰਾ ਕੀਤਾ, ਜਿਹੜਾ ਕੈਦੀਆਂ

ਦਾ ਪਹਿਰਾਵਾ ਪਾਈ-ਜਿਸ ਨੂੰ ਕੱਟ ਕੇ ਉਸ ਦੇ ਨਾਪ ਦਾ ਕਰ ਦਿੱਤਾ ਗਿਆ ਸੀ-ਬੈਠਾ ਹੋਇਆ ਸੀ, "ਸਾਡਾ ਸਭ ਤੋਂ ਛੋਟਾ ਸਾਥੀ।"

ਬਲਾਕਾਂ ਦੀਆਂ ਲੜਾਕੂ ਟੋਲੀਆਂ ਹੁਕਮ ਮਿਲ਼ਣ ਲਈ ਤਿਆਰ ਖਲ੍ਹੋਤੀਆਂ ਸਨ। ਅਚਾਨਕ ਇੰਜਣਾਂ ਦਾ ਰੌਲ਼ਾ ਸੁਣ ਕੇ ਕੈਦੀ ਬਲਾਕ ਤੋਂ ਬਾਹਰ ਆ ਗਏ। ਅਮਰੀਕੀ ਬੰਬਾਰ ਜਹਾਜ਼। ਇੱਕ... ਦੋ... ਤਿੰਨ ਚਾਰ... ਕੈਂਪ 'ਤੇ ਚੱਕਰ ਕੱਟ ਕੇ ਉਹ ਪੱਛਮ ਵੱਲ ਚਲੇ ਗਏ, ਵਾਇਮਰ ਵੱਲ। ਖ਼ਤਰੇ ਦਾ ਅਲਾਰਮ ਫਿਰ ਵੀ ਨਹੀਂ ਸੀ ਵੱਜਿਆ। ਥੋੜ੍ਹੀ ਦੇਰ ਮਗਰੋਂ ਬੰਬਾਂ ਦੇ ਧਮਾਕੇ ਸੁਣਾਈ ਦਿੱਤੇ। ਕੀ ਵਾਇਮਰ ਉੱਤੇ ਬੰਬਾਰੀ ਹੋ ਰਹੀ ਹੈ ?"

ਅਚਾਨਕ ਸਵੇਰੇ ਦਸ ਵਜੇ ਗੀਨਬੂਥ ਦੀ ਅਵਾਜ਼ ਲਾਊਡ ਸਪੀਕਰ 'ਤੇ ਸੁਣਾਈ ਦਿੱਤੀ :

"ਕੈਂਪ ਸੀਨੀਅਰ ਤੇ ਬਲਾਕ ਸੀਨੀਅਰ ਤੁਰੰਤ ਫ਼ਾਟਕ 'ਤੇ ਹਾਜ਼ਰ ਹੋਣ।"

ਬਲਾਕ ਸੀਨੀਅਰ ਕਰੈਮਰ ਦੇ ਦਫ਼ਤਰ ਸਾਹਮਣੇ ਇਕੱਠੇ ਹੋ ਗਏ। ਉਨ੍ਹਾਂ ਦੇ ਚਿਹਰੇ ਪੀਲ਼ੇ ਹੋ ਰਹੇ ਸਨ। ਕਰੈਮਰ ਵੀ ਨਿੱਕਲ਼ ਆਇਆ, "ਚੱਲੋ...।"

ਕੁੱਝ ਚਿਰ ਉਹ ਫ਼ਾਟਕ 'ਤੇ ਖਲ੍ਹੋਤੇ ਰਹੇ, ਤਾਂ ਗੀਨਬੂਥ ਆਇਆ। ਉਸ ਦੇ ਹੋਂਠਾਂ 'ਤੇ ਅਜੀਬ ਜਿਹੀ ਮੁਸਕਣੀ ਸੀ। ਕਰੈਮਰ ਨੇ ਅਗਾਂਹ ਵਧ ਕੇ ਰਿਪੋਰਟ ਦਿੱਤੀ। ਗੀਨਬੂਥ ਕੁੱਝ ਚਿਰ ਚੁੱਪ ਰਿਹਾ ਉਸ ਆਪਣੇ ਦਸਤਾਨੇ ਲਾਹੇ ਤੇ ਉਨ੍ਹਾਂ 'ਤੇ ਹੱਥ ਫੇਰਦਾ ਹੋਇਆ ਬੋਲਿਆ, "ਸੱਜਣੋ! ਸਾਨੂੰ ਹੁਣ ਇੱਥੋਂ ਚੱਲਣਾ ਚਾਹੀਦਾ ਹੈ। ਬਾਰਾਂ ਵਜੇ ਤੱਕ ਕੈਂਪ ਖ਼ਾਲੀ ਹੋਣਾ ਚਾਹੀਦਾ ਹੈ।"

ਉਸ ਨੇ ਕਰੈਮਰ ਦੇ ਕੋਟ ਦਾ ਬਟਨ ਪਕੜਿਆ, "ਬਾਰਾਂ ਵਜੇ ਤੱਕ! ਸਮਝ ਵਿੱਚ ਆਇਆ ? ਹਰ ਜਨਰਲ, ਬਿਲਕੁਲ ਠੀਕ ਸਮੇਂ 'ਤੇ ਤਿਆਰ ਹੋ ਜਾਵੇ ਕੂਚ ਕਰਨ ਲਈ ਨਹੀਂ ਤਾਂ..." ਉਸ ਨੇ ਬਟਨ ਛੱਡ ਕੇ ਚੁਟਕੀ ਵਜਾਈ ਤੇ ਫ਼ਾਟਕ ਤੋਂ ਬਾਹਰ ਚਲਿਆ ਗਿਆ।

ਬੋਖਾਉ ਜਦੋਂ ਦੂਜੇ ਬਲਾਕ ਸੀਨੀਅਰਾਂ ਨਾਲ਼ ਕੈਂਪ ਪਰਤਿਆ ਤਾਂ ਉਹ ਸੋਚ ਰਿਹਾ ਸੀ ਕਿ ਮੁਹਾਜ਼ ਇੱਥੇ ਕਿਤੇ ਨੇੜੇ-ਤੇੜੇ ਹੀ ਹੈ। ਕੁੱਝ ਘੰਟਿਆਂ ਦੀ ਦੇਰ ਨਾਲ਼ ਜਾਨਾਂ ਬਚ ਸਕਦੀਆਂ ਹਨ। ਪਰ ਜਿਸ ਤਰ੍ਹਾਂ ਗੀਨਬੂਥ ਨੇ ਚੁਟਕੀ ਵਜਾਈ ਸੀ, ਉਹ ਵੀ ਖ਼ਤਰੇ ਦੀ ਝੰਡੀ ਸੀ...। ਉਹ ਖ਼ਤਰਾ ਇੱਕ ਪਾਸੇ ਤੇ ਤੋਪਾਂ ਦੀ ਗਰਜ ਨਾਲ਼ ਕੈਂਪ ਉੱਤੇ ਪਸਰੀ ਹੋਈ ਉਮੀਦ ਦੂਜੇ ਪਾਸੇ। ਦੋਹਾਂ ਵਿੱਚੋਂ ਕਿਸੇ ਦੀ ਚੋਣ ਕਰਨੀ ਹੈ।

ਗੱਲਾਂ-ਗੱਲਾਂ ਵਿੱਚ ਕੈਂਪ ਵਿੱਚ ਇਹ ਖ਼ਬਰ ਫ਼ੈਲ ਗਈ। ਹਰ ਬੰਦਾ ਚੀਕ ਰਿਹਾ ਸੀ : "ਅਸਾਂ ਨਹੀਂ ਜਾਣਾ।" ਬੋਖਾਉ ਨੇ ਕਰੈਮਰ ਤੋਂ ਪੁੱਛਿਆ "ਹੁਣ ਕੀ ਕਰੀਏ, ਹਥਿਆਰ ਚੁੱਕ ਲਈਏ ?"

ਬੋਖਾਉ ਨੇ ਆਪਣੀ ਟੋਪੀ ਲਾਹ ਲਈ। ਬੜੀ ਦੁਬਿਧਾ ਸੀ। ਉਹ ਆਪਣੇ ਮੱਥੇ 'ਤੇ ਹੱਥ ਫੇਰਨ ਲੱਗਾ, "ਹਥਿਆਰ ? ਨਹੀਂ, ਅਜੇ ਨਹੀਂ, ਹੋਰ ਉਡੀਕ ਕਰੋ।"

ਦੋ

ਸੂਰਜ ਹੋਰ ਚੜ੍ਹ ਆਇਆ। ਬਾਹਰ ਦੇ ਚਾਨਣ ਨੇ ਦੂਰ-ਨੇੜੇ ਹਰ ਥਾਂ ਸੁੰਦਰਤਾ ਖਿਲਾਰ ਦਿੱਤੀ। ਕੈਂਪ ਵਿੱਚ ਕੋਈ ਬਾਹਰ ਵਿਖਾਈ ਨਹੀਂ ਸੀ ਦੇਂਦਾ। ਕੈਦੀ ਅੰਦਰ ਚੁੱਪ-ਚਾਪ ਤੇ ਉਡੀਕ ਵਿੱਚ ਬੈਠੇ ਸਨ। ਬਹੁਤੇ ਮਾਰਚ ਕਰਨ ਲਈ ਤਿਆਰ ਸਨ। ਇੱਕ ਸਿਗਰਟ ਚੱਕਰ ਫਿਰ ਰਿਹਾ ਸੀ।

ਕੌਮਾਂਤਰੀ ਕਮੇਟੀ ਦੇ ਮੈਂਬਰ ਕਰੈਮਰ ਕੋਲ਼ ਸਨ। ਲੜਾਕੂ ਟੋਲੀਆਂ ਦੇ ਆਗੂ ਬਲਾਕ ਨੰਬਰ ਸਤਾਰਾਂ ਵਿੱਚ ਇਕੱਠੇ ਸਨ ਤੇ ਟੋਲੀਆਂ ਦੂਜੇ ਮੈਂਬਰ ਕੈਦੀਆਂ ਦੇ ਨਾਲ਼ ਸਨ। ਕੈਂਪ ਪੈਟਰੋਲ ਵਾਲ਼ੇ ਲੁਕਵੀਆਂ ਥਾਵਾਂ ’ਤੇ ਛਹਿਟ ਕੇ ਬੈਠੇ ਸਨ ਕਿ ਹੁਕਮ ਮਿਲ਼ਦੇ ਹੀ ਹਥਿਆਰ ਕੱਢ ਲੈਣ।

ਬਾਰਾਂ ਵੱਜਣ ਵਿੱਚ ਅੱਧਾ ਘੰਟਾ ਬਾਕੀ ਸੀ।

ਰਾਈਮਾਨ ਨੇ ਸਿਗਰਟ ਵੰਡੇ, ਕਰੈਮਰ ਨੂੰ ਵੀ ਦਿੱਤਾ ਗਿਆ। ਉਹ ਸਿਗਰਟ ਨਹੀਂ ਸੀ ਪੀਂਦਾ।

ਬੋਖਾਉ ਨੇ ਆਖਿਆ, “ਨਿੱਕਲ਼ਣ ਦਾ ਇੱਕ ਰਾਹ ਅਜੇ ਖੁੱਲ੍ਹਾ ਹੈ। ਨਹੀਂ ਤਾਂ ਇਹ ਲੋਕ ਕੈਂਪ ਖ਼ਾਲੀ ਨਾ ਕਰਾਉਂਦੇ।”

ਅਚਾਨਕ ਉਸ ਨੂੰ ਅਹਿਸਾਸ ਹੋਇਆ ਕਿ ਸਾਰੇ ਲੀਡਰਾਂ ਨੂੰ ਬਲਾਕ ਨੰਬਰ ਸਤਾਰਾਂ ਵਿੱਚ ਇਕੱਠਿਆਂ ਰੱਖਣਾ ਠੀਕ ਨਹੀਂ। ਜੇ ਜ਼ਬਰਦਸਤੀ ਕੱਢਣ ਉੱਤੇ ਇਹ ਲੋਕ ਤੁਲ ਗਏ ਤਾਂ ਸਾਰੇ ਲੀਡਰ ਇਕੱਠੇ ਨਾਜ਼ੀਆਂ ਦੇ ਹੱਥ ਆ ਜਾਣਗੇ। ਬੋਖਾਉ ਨੇ ਜੱਥੇਬੰਦੀ ਤਬਦੀਲ ਕਰ ਦਿੱਤੀ ਸਾਰੇ ਆਪਣੇ-ਆਪਣੇ ਬਲਾਕਾਂ ਵਿੱਚ ਭੇਜ ਦਿੱਤੇ ਗਏ। ਜੇ ਨਾਜ਼ੀਆਂ ਨੇ ਗੋਲ਼ੀ ਚਲਾਈ ਤਾਂ ਹਥਿਆਰਬੰਦ ਬਗ਼ਾਵਤ ਹੋਵੇਗੀ। ਇਸ ਤਰ੍ਹਾਂ ਗੋਲ਼ੀ ਦੀ ਅਵਾਜ਼ ਹੀ ਝੰਡੀ ਹੋਵੇਗੀ। ਤੁਰੰਤ ਅਸਲਾ ਵੰਡਿਆ ਜਾਵੇਗਾ ਤੇ ਤੁਰੰਤ ਟੋਲੀਆਂ ਜੰਗ ਵਿੱਚ ਕੁੱਦ ਪੈਣਗੀਆਂ। ਹਰ ਟੋਲੀ ਆਪਣੀ ਨਿਯਤ ਥਾਂ ਤੋਂ ਅੱਗੇ ਵਧੇਗੀ।

ਬੋਖਾਉ ਵੀ ਆਪਣੇ ਬਲਾਕ ਵਿੱਚ ਚਲਿਆ ਗਿਆ ਤੇ ਕਰੈਮਰ ਇਕੱਲਾ ਰਹਿ ਗਿਆ।

ਬਾਰਾਂ ਵੱਜ ਗਏ, ਖਿਚਾਅ ਵਧ ਗਿਆ।

ਬਾਰਾਂ ਵੱਜ ਕੇ ਪੰਜ ਮਿੰਟ। ਅਜੇ ਕੁੱਝ ਨਹੀਂ ਹੋਇਆ। ਫ਼ਾਟਕ ਉੱਤੇ ਚੁੱਪ-ਚਾਂ ਸੀ। ਕਰੈਮਰ ਜੇਬ੍ਹਾਂ ਵਿੱਚ ਹੱਥ ਪਾਈ ਦਫ਼ਤਰ ਵਿੱਚ ਟਹਿਲਣ ਲੱਗਾ। ਬਲਾਕਾਂ ਵਿੱਚ ਪੂਰੀ ਤਰ੍ਹਾਂ ਚੁੱਪ-ਚਾਂ ਸੀ।

ਬਾਰਾਂ ਵੱਜ ਕੇ ਦਸ ਮਿੰਟ।

ਅਚਾਨਕ ਮਾਈਕਰੋਫ਼ੋਨ ’ਤੇ ਰੀਨਬੂਥ ਦੀ ਅਵਾਜ਼ ਗੂੰਜੀ, “ਕੈਂਪ ਸੀਨੀਅਰ ਮਾਰਚ ਕਰਾਉ!”

ਕਰੈਮਰ ਸਿਰ ਝੁਕਾ ਕੇ ਖਲ੍ਹੋ ਗਿਆ, ਜਿਵੇਂ ਧੌਣ ’ਤੇ ਮੁੱਕਾ ਪੈਣ ਦੀ ਉਡੀਕ ਕਰ ਰਿਹਾ ਹੋਵੇ। ਬਲਾਕਾਂ ਵਿੱਚ ਘੁਸਰ-ਮੁਸਰ ਸ਼ੁਰੂ ਹੋ ਗਈ।

"ਚੁੱਪ ਰਹੋ, ਯਾਰੋ ਚੁੱਪ ਰਹੋ।"

ਬਾਰਾਂ ਵੱਜ ਕੇ ਪੰਦਰਾਂ ਮਿੰਟ।

ਸੂਰਜ ਚਮਕ ਰਿਹਾ ਸੀ। ਆਕਾਸ਼ 'ਤੇ ਛੋਟੇ-ਛੋਟੇ ਚਿੱਟੇ ਬੱਦਲ ਤਰ ਰਹੇ ਸਨ।

ਬਾਰਾਂ ਵੱਜ ਕੇ ਵੀਹ ਮਿੰਟ।

ਲਾਊਡ ਸਪੀਕਰ ਦਹਾੜੇ : "ਕੈਂਪ ਸੀਨੀਅਰ ਕਿੱਥੇ ? ਤੁਰੰਤ ਮਾਰਚ ਕਰਾਉ !"

ਕਰੈਮਰ ਉਸ ਥਾਂ ਖਲ੍ਹੋਤਾ ਸੀ। ਹੁਣ ਉਹ ਆ ਕੇ ਕੁਰਸੀ 'ਤੇ ਬਹਿ ਗਿਆ ਤੇ ਕੂਹਣੀਆਂ ਟਿਕਾ ਮੱਥਾ ਮੁੱਠਾਂ 'ਤੇ ਟਿਕਾ ਲਿਆ।

ਅਚਾਨਕ ਪਰੇਡ ਗਰਾਊਂਡ ਦੇ ਪਾਸੇ ਵਾਲ਼ੇ ਬਲਾਕਾਂ ਦੇ ਕੈਦੀਆਂ ਵਿੱਚ ਖਲਬਲੀ ਮੱਚ ਗਈ। ਸਾਰੇ ਬਾਰੀਆਂ ਵਿੱਚ ਝਾਕਣ ਲੱਗੇ। ਕਰੈਮਰ ਨੇ ਉੱਠ ਕੇ ਵੇਖਿਆ ਕਿ ਦੋ ਕਾਰਾਂ ਪਰੇਡ ਗਰਾਊਂਡ ਤੋਂ ਦੌੜੀਆਂ ਆ ਰਹੀਆਂ ਹਨ। ਅੱਗੇ ਵਾਲ਼ੀ ਕਾਰ ਤੋਂ ਦੋ ਆਦਮੀ ਉੱਤਰੇ। ਕਰੈਮਰ ਨੇ ਕਲੂਟਿਗ ਤੇ ਕਾਮਲੋਥ ਨੂੰ ਪਹਿਚਾਣਿਆ। ਸ਼ੋਹਾਲ, ਵਾਈਸਾਂਗ ਤੇ ਵਟਿਗ ਦੂਜੀ ਕਾਰ ਵਿੱਚੋਂ ਉੱਤਰੇ। ਕਈ ਸੌ ਨਾਜ਼ੀ ਫ਼ੌਜੀ ਫ਼ਾਟਕ ਦੇ ਅੰਦਰ ਆਏ। ਕਾਮਲੋਥ ਨੇ ਹੁਕਮ ਦਿੱਤਾ। ਮਸ਼ੀਨਗੰਨਾਂ ਚਾੜ੍ਹ ਦਿੱਤੀਆਂ ਗਈਆਂ, ਕਾਰਤੂਸਾਂ ਦੀਆਂ ਪੇਟੀਆਂ ਲਾ ਦਿੱਤੀਆਂ ਗਈਆਂ। ਮਸ਼ੀਨਗੰਨਾਂ ਦੇ ਪਿੱਛੇ ਨਾਜ਼ੀਆਂ ਦੀ ਕਤਾਰ ਟਾਮੀ ਗੰਨਾਂ ਲੈ ਕੇ ਖਲ੍ਹੋ ਗਈ। ਕਰੈਮਰ ਨੂੰ ਆਪਣੀ ਪੁੜਪੁੜੀ ਦੀ ਨਾੜ ਫੜਕਦੀ ਮਹਿਸੂਸ ਹੋਈ।

ਜੇ ਇਹਨਾਂ ਲੋਕਾਂ ਨੇ ਗੋਲ਼ੀਆਂ ਚਲਾਈਆਂ ਤਾਂ ਬਲਾਕਾਂ ਦੀ ਪਹਿਲੀ ਕਤਾਰ ਨਿਸ਼ਾਨਾ ਬਣੇਗੀ। ਕੈਦੀ ਬਾਰੀਆਂ ਤੋਂ ਘਬਰਾ ਕੇ ਦੌੜੇ।

"ਸ਼ੁਰੂ ਕਰ ਰਹੇ ਹਨ ਇਹ ਲੋਕ ਸ਼ੁਰੂ ਕਰ ਰਹੇ ਹਨ।"

ਕੁੱਝ ਹਿੰਮਤ ਵਾਲ਼ੇ ਬਾਰੀਆਂ 'ਤੇ ਰੁੱਕ ਗਏ। ਉਨ੍ਹਾਂ ਉੱਚੀ ਸਾਰੀ ਆਖਿਆ, "ਕਮਾਂਡੈਂਟ ਕੈਂਪ ਵਿੱਚ ਆ ਰਿਹਾ ਹੈ।"

ਕਰੈਮਰ ਤੇਜ਼ੀ ਨਾਲ਼ ਨਜ਼ਰ ਦੌੜਾਈ। ਬੁਰਜਾਂ ਉੱਤੇ ਅਵਾਜ਼ ਜਾ ਰਹੀ ਸੀ। ਸੰਤਰੀ ਮਸ਼ੀਨਗੰਨਾਂ ਠੀਕ ਕਰ ਰਹੇ ਸਨ ਤੇ ਉਨ੍ਹਾਂ ਦੇ ਮੂੰਹ ਬਲਾਕਾਂ ਵੱਲ ਕਰ ਰਹੇ ਸਨ।

ਕਰੈਮਰ ਤੇਜ਼ੀ ਨਾਲ਼ ਬਾਹਰ ਆਇਆ।

ਕਾਰਾਂ ਬਲਾਕਾਂ ਦੇ ਕੋਲ਼ ਆ ਕੇ ਰੁਕ ਗਈਆਂ। ਸਭ ਤੋਂ ਪਹਿਲਾਂ ਕਲੂਟਿਗ ਉੱਤਰਿਆ ਤੇ ਸਿੱਧਾ ਸਭ ਤੋਂ ਨੇੜੇ ਵਾਲ਼ੇ ਕੈਂਪ ਵਿੱਚ ਵੜ ਗਿਆ। ਉਹ ਬਲਾਕ ਨੰਬਰ ਅਠੱਤੀ ਸੀ।

ਸ਼ੋਹਾਲ ਆਪਣੀ ਕਾਰ ਵਿੱਚੋਂ ਨਿੱਕਲ਼ਿਆ ਤੇ ਚੀਕ ਕੇ ਕਰੈਮਰ ਨੂੰ ਪੁੱਛਿਆ : "ਕੈਦੀ ਹਾਜ਼ਰ ਕਿਉਂ ਨਹੀਂ ਹੋ ਰਹੇ ਹਨ ?"

ਕਲੂਟਿਗ ਝਟਕੇ ਨਾਲ਼ ਬੂਹਾ ਖੋਲ੍ਹ ਕੇ ਬਲਾਕ ਦੇ ਖਾਣੇ ਵਾਲ਼ੇ ਕਮਰੇ ਵਿੱਚ ਵੜ ਆਇਆ।

ਉਸ ਨੇ ਤੇਜ਼ੀ ਨਾਲ਼ ਕਮਰੇ ਦਾ ਜਾਇਜ਼ਾ ਲਿਆ। ਉਸ ਦੇ ਅਚਾਨਕ ਆ ਜਾਣ 'ਤੇ ਸਾਰੇ ਕੈਦੀ ਖੜ੍ਹੇ ਹੋ ਗਏ ਸਨ। ਰੁਣਕੀ ਲੋਕਾਂ ਵਿੱਚ ਜਾ ਲੁਕਿਆ। ਕਲੂਟਿਗ ਨੇ ਆਪਣਾ

ਜਬਾੜਾ ਚੁੱਕ ਕੇ ਇੱਕ ਨਜ਼ਰ ਨਾਲ਼ ਸਾਰਿਆਂ ਨੂੰ ਵੇਖਿਆ ਤੇ ਅਚਾਨਕ ਉਸ ਦੀਆਂ ਨਜ਼ਰਾਂ ਖੁੱਲ੍ਹੀਆਂ ਰਹਿ ਗਈਆਂ। ਉਸ ਨੇ ਕੈਦੀਆਂ ਨੂੰ ਪਿਛਾਂਹ ਹਟਾ ਕੇ ਇੱਕ ਕਦਮ ਅਗਾਂਹ ਵਧਾਇਆ। ਉਸ ਨੇ ਬਲਾਕ ਸੀਨੀਅਰ ਦੀ ਮੇਜ਼ ਉੱਤੇ ਬੱਚੇ ਨੂੰ ਵੇਖ ਲਿਆ ਸੀ, ਜਿਹੜਾ ਡਰ ਕੇ ਬੋਖਾਉ ਨਾਲ਼ ਚੰਬੜੀ ਜਾ ਰਿਹਾ ਸੀ। ਬੋਖਾਉ ਨੇ ਕੰਬਦੇ ਹੋਏ ਬੱਚੇ ਉੱਤੇ ਆਪਣੇ ਹੱਥ ਰੱਖ ਲਏ। ਕਲੂਟਿਗ ਨੇ ਆਪਣਾ ਮੂੰਹ ਖੋਲ੍ਹਿਆ ਉਸ ਦੀ ਘੰਡੀ ਉੱਭਰ ਆਈ ਸੀ।

ਬੋਖਾਉ ਅਹਿਲ ਖਲੋਤਾ ਸੀ। ਕੈਦੀਆਂ ਦੀ ਚੁੱਪ ਜੰਮ ਕੇ ਪੱਥਰ ਬਣ ਗਈ ਸੀ।

ਕਲੂਟਿਗ ਚੀਕ ਪਿਆ : "ਤਾਂ ਇਹ ਗੱਲ ਹੈ ?"

ਪਾਗਲਾਂ ਵਾਂਗ ਉਸ ਹੋਸਟਲ ਵਿੱਚੋਂ ਪਿਸਤੌਲ ਕੱਢਿਆ।

ਫਿਰ ਇੱਕ ਅਜਿਹੀ ਗੱਲ ਹੋਈ, ਜਿਸ ਦਾ ਚਿੱਤ-ਚੇਤਾ ਵੀ ਨਹੀਂ ਸੀ। ਇੱਕ ਸੈਕਿੰਡ ਵਿੱਚ ਕਲੂਟਿਗ ਦੇ ਆਸੇ-ਪਾਸੇ ਦੀ ਥਾਂ ਖ਼ਾਲੀ ਹੋ ਗਈ। ਬੱਚੇ ਦੇ ਸਾਹਮਣੇ ਕੈਦੀਆਂ ਦੀ ਕੰਧ ਖੜ੍ਹੀ ਹੋ ਗਈ ਸੀ। ਨਾ ਇੱਕ ਵੀ ਸ਼ਬਦ ਕਿਸੇ ਦੇ ਮੂੰਹ ਵਿੱਚੋਂ ਨਿੱਕਲ਼ਿਆ ਤੇ ਨਾ ਕਿਸੇ ਨੇ ਕੁੱਝ ਆਖਿਆ।

ਲੋਕ ਖ਼ਾਮੋਸ਼ ਖਲੋਤੇ ਸਨ, ਉਨ੍ਹਾਂ ਦੀਆਂ ਅੱਖਾਂ ਕਲੂਟਿਗ ਉੱਤੇ ਜੰਮੀਆਂ ਸਨ।

ਝੱਟ ਉਹ ਪਿਛਾਂਹ ਨੂੰ ਮੁੜਿਆ, ਜਿਵੇਂ ਪਿੱਛੋਂ ਲੋਕਾਂ ਉਸ ਨੂੰ ਘੇਰ ਲਿਆ ਸੀ। ਮੋਢੇ ਨਾਲ਼ ਮੋਢਾ ਜੁੜਿਆ ਹੋਇਆ ਸੀ। ਬੂਹੇ ਦਾ ਰਾਹ ਬੰਦ ਸੀ।

ਕਲੂਟਿਗ ਘਿਰਿਆ ਖਲੋਤਾ ਸੀ।

ਉਸ ਦੇ ਚਾਰੇ ਪਾਸੇ ਚੁੱਪ-ਚਾਪ ਚਿਹਰੇ ਸਨ, ਲਮਕਦੀਆਂ ਬਾਹਾਂ, ਮੁੱਠਾਂ ਬੰਦ। ਅੱਖਾਂ ਉਸ ਦੀ ਹਰ ਹਿਲਜੁੱਲ ਨੂੰ ਵੇਖ ਰਹੀਆਂ ਸਨ... ਕਲੂਟਿਗ ਸਮਝ ਰਿਹਾ ਸੀ ਕਿ ਉਹ ਜਾਲ਼ ਵਿੱਚ ਫਸਿਆ ਪਿਆ ਹੈ। ਉਸ ਨੂੰ ਅਨੁਭਵ ਹੋ ਰਿਹਾ ਸੀ ਕਿ ਸਾਰੇ ਟੁੱਟ ਪੈਣ ਲਈ ਤਿਆਰ ਹਨ। ਗੋਲ਼ੀ ਮਾਰੀ ਜਾਏ ? ਉਸ ਸ਼ਿਸਤ ਬੱਧੀ।

ਫਿਰ ਹੋਰ ਅਚਿੰਤੀ ਗੱਲ ਹੋਈ। ਬੂਹੇ ਦੇ ਸਾਹਮਣੇ ਵਾਲ਼ੇ ਕੈਦੀ-ਲੁਕਵੀਂ ਜੱਥੇਬੰਦੀ ਦੇ ਮੈਂਬਰ-ਇੱਕ ਪਾਸੇ ਹੋ ਗਏ। ਬੂਹਾ ਖੁੱਲ੍ਹ ਗਿਆ...ਇੱਕ ਖ਼ਾਮੋਸ਼ ਚੁਣੌਤੀ ਸੀ। ਕਲੂਟਿਗ ਦਾ ਮੂੰਹ ਸੜਨ ਲੱਗਾ। ਉਸ ਤੋਂ ਬੋਲਿਆ ਨਹੀਂ ਸੀ ਜਾ ਰਿਹਾ। ਉਸ ਦਾ ਤਾਲੂ ਸੁੱਕ ਗਿਆ ਸੀ।

"ਤਾਂ... ਇਹ... ਗੱਲ... ਹੈ..." ਇੱਕ ਸ਼ੂਟ ਵਿੱਚ ਉਹ ਬੂਹੇ 'ਤੇ ਜਾ ਪਹੁੰਚਿਆ।

ਕਰੈਮਰ ਨੂੰ ਕਮਾਂਡੈਂਟ ਕੋਲ਼ ਵੇਖ ਕੇ ਬਲਾਕ ਸੀਨੀਅਰ ਵੀ ਆ ਗਏ।

ਸ਼ੋਹਾਲ ਫਿਰ ਚੀਕਿਆ : "ਕੈਦੀ ਹਾਜ਼ਰ ਕਿਉਂ ਨਹੀਂ ਹੋ ਰਹੇ ?"

ਕਰੈਮਰ ਨੇ ਅਗਾਂਹ ਵਧ ਕੇ ਉੱਤਰ ਦਿੱਤਾ : "ਨੀਵੇਂ ਉੱਡਣ ਵਾਲ਼ੇ ਜਹਾਜ਼ਾਂ ਤੋਂ ਡਰਦੇ ਹਨ, ਜਿਹੜੇ ਰੇਲ ਦੀਆਂ ਪਟੜੀਆਂ 'ਤੇ ਮਾਰਚ ਕਰਦੇ ਹੋਏ ਲੋਕਾਂ ਉੱਤੇ ਬੰਬ ਸੁੱਟਦੇ ਹਨ।"

ਸ਼ੋਹਾਲ ਨੇ ਮੁੱਠਾਂ ਪੁੱਠਿਆਂ 'ਤੇ ਰੱਖ ਲਈਆਂ, "ਤੁਸੀਂ ਸਾਡੀ ਪਨਾਹ ਵਿੱਚ ਹੋ... ਮੈਂ ਤੁਹਾਨੂੰ ਅੱਧਾ ਘੰਟਾ ਹੋਰ ਦੇਂਦਾ ਹਾਂ। ਜੇ ਕੈਂਪ ਹਾਜ਼ਰ ਨਾ ਹੋਇਆ ਤਾਂ ਮੈਂ ਜ਼ਬਰਦਸਤੀ ਕੱਢਣ ਦਾ ਹੁਕਮ ਦੇ ਦਿਆਂਗਾ।"

ਕਲੂਟਿਗ ਉਨ੍ਹਾਂ ਵੱਲ ਵੱਧ ਰਿਹਾ ਸੀ ਕਿ ਅਲਾਰਮ ਵੱਜਣ ਲੱਗਾ। ਅਲਾਰਮ ਇਤਨਾ ਅਚਾਨਕ ਸੀ ਕਿ ਸ਼ੋਹਾਲ ਡਰਦਾ ਮਾਰਿਆ ਕਾਰ ਵਿੱਚ ਜਾ ਵੜਿਆ। ਅਲਾਰਮ ਦੀ ਅਵਾਜ਼ ਉੱਚੀ-ਨੀਵੀਂ ਹੁੰਦੀ ਰਹੀ।

"ਹਾਪਤ ਸਟਰਮ ਫ਼ੋਹਰਰ।" ਕਾਮਲੋਥ ਆਪਣੀ ਕਾਰ ਵਿੱਚੋਂ ਚੀਕਿਆ।

ਕਲੂਟਿਗ ਗੁੱਸੇ ਵਿੱਚ ਕਰੈਮਰ 'ਤੇ ਟੁੱਟ ਪਿਆ, ਉਸ ਮੂੰਹ 'ਤੇ ਮੁੱਕੇ ਮਾਰੇ : "ਕੁੱਤਿਆ, ਲਾਹਨਤ ਹੈ ਤੇਰੇ 'ਤੇ।"

ਕਰੈਮਰ ਲੜਖੜਾ ਗਿਆ।

ਕਲੂਟਿਗ ਉੱਛਲ਼ ਕੇ ਕਾਰ ਵਿੱਚ ਜਾ ਬੈਠਾ। ਉਸ ਪਿਸਤੌਲ ਤਾਣਿਆ, ਇੱਕ ਬਲਾਕ ਸੀਨੀਅਰ ਚੀਕਿਆ ਤੇ ਕਲੂਟਿਗ ਨੇ ਘੋੜਾ ਦਬਾ ਦਿੱਤਾ। ਇੱਕ, ਦੋ, ਤਿੰਨ ਗੋਲ਼ੀਆਂ ਤੇਜ਼ੀ ਨਾਲ਼ ਚੱਲੀਆਂ। ਕਾਰ ਫ਼ਰਾਟੇ ਭਰਦੀ ਨਿੱਕਲ਼ ਗਈ। ਕਰੈਮਰ ਨੇ ਕਿਸੇ ਚੀਜ਼ ਦਾ ਆਸਰਾ ਲੈਣ ਲਈ ਹੱਥ ਵਧਾਇਆ ਤੇ ਮੂੰਹ ਦੇ ਭਾਰ ਡਿੱਗ ਪਿਆ।

ਅਲਾਰਮ ਅਜੇ ਵੀ ਚੀਕ ਰਿਹਾ ਸੀ।

ਆਲ਼ੇ-ਦੁਆਲ਼ੇ ਦੇ ਬਲਾਕਾਂ ਦੇ ਕੈਦੀ ਦੌੜ ਕੇ ਉਸ ਕੋਲ਼ ਆਏ। ਬੋਖਾਉ ਚੀਕ ਕੇ ਕਰੈਮਰ ਦੇ ਕੋਲ਼ ਪੁੱਜਿਆ, "ਤੁਰੰਤ ਹਸਪਤਾਲ਼ ਲੈ ਚੱਲੋ।"

ਬੈਂਚ ਨੂੰ ਪੁੱਠਾ ਕਰਕੇ ਸਟਰੈਚਰ ਬਣਾ ਲਿਆ ਤੇ ਕਰੈਮਰ ਨੂੰ ਕੋਹਿਨ ਕੋਲ਼ ਲੈ ਆਂਦਾ।

ਬਾਰੀ ਵਿੱਚੋਂ ਕੈਦੀਆਂ ਨੇ ਕਾਰਾਂ ਨੂੰ ਵਾਪਸ ਜਾਂਦਿਆਂ ਤੇ ਕਾਮਲੋਥ ਨੂੰ ਚੀਕ ਕੇ ਆਪਣੀਆਂ ਫ਼ੌਜਾਂ ਨੂੰ ਹੁਕਮ ਦਿੰਦਿਆਂ ਵੇਖ ਕੇ ਬੜੀ ਖ਼ੁਸ਼ੀ ਹੋਈ ਕਿ ਨਾਜ਼ੀ ਫ਼ੌਜੀ ਆਪਣੇ ਹਥਿਆਰ ਸੰਭਾਲ਼ ਕੇ ਤੇਜ਼-ਤੇਜ਼ ਫ਼ਾਟਕ ਤੋਂ ਬਾਹਰ ਚਲੇ ਗਏ।

"ਭੱਜ ਗਏ, ਚਲੇ ਗਏ।"

ਸੇਵਾਦਾਰਾਂ ਦੇ ਖਾਣੇ ਦੇ ਕਮਰੇ ਵਿੱਚ ਇੱਕ ਬਿਸਤਰਾ ਬਣਾ ਕੇ ਕਰੈਮਰ ਨੂੰ ਉਸ 'ਤੇ ਲਿਟਾ ਦਿੱਤਾ ਗਿਆ ਸੀ। ਕੋਹਿਨ ਇਸ ਉਡੀਕ ਵਿੱਚ ਸੀ ਕਿ ਉਸ ਨੂੰ ਹੋਸ਼ ਆ ਜਾਏ। ਅੰਤ ਫ਼ੱਟੜ ਸਿਪਾਹੀ ਨੇ ਅੱਖਾਂ ਖੋਲ੍ਹੀਆਂ।

ਉਸ ਅਚਾਨਕ ਸੁਆਲ ਕੀਤਾ, "ਕਿਉਂ ਇਹ ਸਭ ਕੁੱਝ ਕੀ ਏ?" ਉਸ ਨੂੰ ਕੋਹਿਨ ਨੂੰ ਵੇਖ ਕੇ ਹੈਰਾਨੀ ਹੋਈ।

"ਖ਼ਤਰੇ ਦਾ ਅਲਾਰਮ ਵੱਜਿਆ ਹੈ।"

"ਮੈਂ ਪੁੱਛ ਰਿਹਾ ਹਾਂ ਮੈਨੂੰ ਕੀ ਹੈ?"

"ਅਜੀ ਕੁੱਝ ਨਹੀਂ, ਬੱਸ ਆਪਸੀ ਮਖ਼ੌਲ ਹੋ ਗਿਆ। ਲੈ ਦੋਸਤ ਕੁੱਝ ਪੀ ਲੈ।"

ਕੋਹਿਨ ਨੇ ਕਰੈਮਰ ਦੇ ਸਿਰ ਹੇਠ ਹੱਥ ਦੇ ਕੇ ਉਸ ਨੂੰ ਚੁੱਕਿਆ ਤੇ ਹੋਂਠਾਂ ਨਾਲ਼ ਪਿਆਲਾ ਲਾ ਦਿੱਤਾ।

"ਰਤਾ ਸੰਭਲ਼ ਕੇ, ਗਰਮ ਹੈ।"

ਕਰੈਮਰ ਨੇ ਇੱਕ ਘੁੱਟ ਭਰਿਆ ਤੇ ਹੈਰਾਨੀ ਨਾਲ਼ ਕੋਹਿਨ ਵੱਲ ਵੇਖਿਆ : "ਕਿਉਂ, ਇਹ ਕਿੱਥੋਂ ਆ ਗਈ ?"

"ਮੈਨੂੰ ਇਹ ਸੁਆਲ ਨਾ ਕਰ" ਕੋਹਿਨ ਨੇ ਉੱਤਰ ਦਿੱਤਾ, "ਨਹੀਂ ਤਾਂ ਮੈਨੂੰ ਝੂਠ ਬੋਲਣਾ ਪਵੇਗਾ।"

ਵਧੀਆ ਕਾਫ਼ੀ ਪੀ ਕੇ ਜਿਵੇਂ ਨਵੀਂ ਜਾਨ ਪੈ ਗਈ ਹੋਵੇ।

"ਦੱਸ ਮੈਨੂੰ ਹੋਇਆ ਕੀ ਏ ?" ਕਰੈਮਰ ਨੇ ਪੁੱਛਿਆ।

"ਕਲੂਟਿਗ ਨੇ ਖਲੜੀ ਵਿੱਚ ਤਿੰਨ ਛੇਕ ਕਰ ਦਿੱਤੇ ਹਨ, ਪਰ ਮੈਂ ਤੈਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਦੋਸਤ ਤਿੰਨਾਂ ਦਿਨਾਂ ਵਿੱਚ ਦੌੜਦਾ ਫਿਰੇਂਗਾ।"

ਕਲੂਟਿਗ ਦਾ ਨਾਂ ਸੁਣ ਕੇ ਸਭ ਕੁੱਝ ਯਾਦ ਆ ਗਿਆ "ਬਾਹਰ ਕੀ ਹੋ ਰਿਹਾ ਹੈ ?"

"ਖ਼ਤਰੇ ਦਾ ਅਲਾਰਮ ਵੱਜ ਚੁੱਕਿਆ ਹੈ, ਦੱਸਿਆ ਜੁ ਹੈ।" ਤੇ ਦੋਵੇਂ ਹਵਾਈ ਜਹਾਜ਼ਾਂ ਦੇ ਇੰਜਣਾਂ ਦਾ ਸ਼ੋਰ ਸੁਣਨ ਲੱਗੇ।

"ਹੋਰ ਵੀ ਕੁੱਝ ਹੋਇਆ ?"

"ਹਾਂ"

"ਕੀ ?"

"ਨਾਜ਼ੀ ਆਪਣਾ ਬੋਰੀਆ ਬਿਸਤਰ ਛੱਡ ਕੇ ਨੱਸ ਗਏ।"

ਪਲਕਾਂ ਝਮਕ ਕੇ ਕਰੈਮਰ ਨੇ ਇਸ ਸਾਬਕ ਐਕਟਰ ਨੂੰ ਵੇਖਿਆ "ਕੀ ਕਿਹਾ ? ਤਿੰਨ ਦਿਨ ? ਬਿਲਕੁੱਲ ਨਹੀਂ। ਮੈਂ ਉੱਠ ਰਿਹਾ ਹਾਂ, ਚਲੋ।"

ਕਰੈਮਰ ਕਰਾਹ ਕੇ ਫਿਰ ਬਿਸਤਰੇ 'ਤੇ ਡਿੱਗ ਪਿਆ। ਕੋਹਿਨ ਨੇ ਹੱਸਦੇ ਹੋਏ ਆਖਿਆ, "ਘਬਰਾਉ ਨਹੀਂ ਦੋਸਤ, ਅਜਿਹੀ ਵੀ ਬੇਚੈਨੀ ਕੀ।"

ਕਾਰ ਦੀਆਂ ਅਗਲੀਆਂ ਬੱਤੀਆਂ ਮੱਧਮ ਕਰ ਕਲੂਟਿਗ ਕਲੋਨੀ ਦੀ ਧਰਤੀ ਉੱਤੇ ਦੌੜਦਾ ਜਾ ਰਿਹਾ ਸੀ। ਉਹ ਜ਼ਵਾਈਲਿੰਗ ਦੇ ਘਰ ਸਾਹਮਣੇ ਰੁਕਿਆ। ਹੋਰਟਨੈੱਸ ਬਾਹਰ ਆ ਗਈ। ਉਸ ਨਾਈਟ ਗਾਊਨ ਦੇ ਉੱਤੇ ਹੀ ਕੋਟ ਪਾ ਲਿਆ ਸੀ।

"ਤੇਰਾ ਸਮਾਨ ?" ਕਲੂਟਿਗ ਨੇ ਉਸ ਨੂੰ ਵੇਖਦੇ ਹੀ ਆਖਿਆ, ਤੇ ਉਸ ਦੇ ਕੋਲ਼ੋਂ ਲੰਘ ਕੇ ਘਰ ਵਿੱਚ ਚਲਿਆ ਗਿਆ। ਜ਼ਵਾਈਲਿੰਗ ਮੇਜ਼ ਦੇ ਕੋਲ਼ ਖਲੋਤਾ ਇੱਕ ਸੂਟ ਕੇਸ ਵਿੱਚ ਆਪਣੀਆਂ ਚੀਜ਼ਾਂ ਰੱਖ ਰਿਹਾ ਸੀ।

"ਛੇਤੀ ਕਰੋ" ਕਲੂਟਿਗ ਨੇ ਹੈਰਾਨ ਪ੍ਰੇਸ਼ਾਨ ਜ਼ਵਾਈਲਿੰਗ ਨੂੰ ਡਾਂਟਿਆ, "ਸਮਾਨ ਕਿੱਥੇ ਹੈ ?"

ਹੋਰਟਨੈੱਸ ਉਸ ਦੇ ਪਿੱਛੇ-ਪਿੱਛੇ ਅੰਦਰ ਆ ਗਈ ਸੀ। ਜ਼ਵਾਈਲਿੰਗ ਤੋਂ ਪਹਿਲਾਂ ਉਸ ਉੱਤਰ ਦਿੱਤਾ, "ਇਹ ਰੱਖਿਆ ਹੈ, ਮੈਂ ਕੱਪੜੇ ਪਾ ਕੇ ਹੁਣੇ ਆਉਂਦੀ ਹਾਂ।" ਤੇ ਉਹ ਬੈੱਡ ਰੂਮ ਵਿੱਚ ਚਲੀ ਗਈ।

"ਇਸ ਨੂੰ ਬਾਹਰ ਲੈ ਚੱਲੋ।"

ਜ਼ਵਾਈਲਿੰਗ ਅਜੇ ਵੀ ਹੱਕਾ-ਬੱਕਾ ਜਿਹਾ ਸੀ। ਕਲੂਟਿਗ ਨੇ ਚੀਨੀ ਦੇ ਬਰਤਨਾਂ ਦੇ ਬਕਸੇ ਨੂੰ ਘਸੀਟਣਾ ਸ਼ੁਰੂ ਕਰ ਦਿੱਤਾ ਸੀ, "ਆਉ, ਆਉ, ਰਤਾ ਹੱਥ ਲਗਾਉ।"

ਦੋਹਾਂ ਮਿਲ਼ ਕੇ ਬਕਸਾ ਕਾਰ ਵਿੱਚ ਰੱਖਿਆ। ਕਲੂਟਿਗ ਨੇ ਜ਼ਵਾਈਲਿੰਗ ਨੂੰ ਵਾਪਸ ਘਰ ਪਹੁੰਚਾਇਆ : "ਮੈਂ ਹੁਣੇ ਦਸ ਮਿੰਟ ਵਿੱਚ ਆ ਕੇ ਤੈਨੂੰ ਲੈ ਚੱਲਦਾ ਹਾਂ।" ਤੇ ਹੋਰਟਨੈੱਸ ਨੂੰ ਧੱਕ ਕੇ ਉਸ ਕਾਰ ਦੇ ਅੰਦਰ ਕਰ ਦਿੱਤਾ।

ਆਪਣੇ ਘਰ ਦੇ ਸਾਹਮਣੇ ਉਸ ਝਟਕੇ ਨਾਲ਼ ਕਾਰ ਰੋਕੀ, ਛੇਤੀ ਨਾਲ਼ ਦੋ ਸੂਟ ਕੇਸ ਬਾਹਰ ਲਿਆ ਕੇ ਕਾਰ ਵਿੱਚ ਲੱਦੇ।

"ਸਾਨੂੰ ਨਿੱਕਲ਼ ਜਾਣਾ ਹੈ, ਅੰਦਰ ਚੱਲੋ।" ਉਸ ਨੇ ਹੋਰਟਨੈੱਸ ਨੂੰ ਕਾਰ ਵਿੱਚ ਬੈਠਣ ਦਾ ਇਸ਼ਾਰਾ ਕੀਤਾ।

"ਜ਼ਵਾਈਲਿੰਗ ਦਾ ਕੀ ਬਣੇਗਾ ?"

"ਦਫ਼ਾ ਕਰ ਉਸ ਨੂੰ, ਹੁਣ ਬੋਲ, ਤੂੰ ਕੀ ਕਹਿਨੀ ਏਂ ?"

ਹੋਰਟਨੈੱਸ ਨੇ ਕਾਰ ਵਿੱਚ ਬਹਿ ਕੇ ਬੂਹਾ ਬੰਦ ਕਰ ਲਿਆ। ਕਲੂਟਿਗ ਹੱਸਣਾ ਚਾਹੁੰਦਾ ਸੀ, ਪਰ ਅਵਾਜ਼ ਡੱਡੂ ਵਰਗੀ ਨਿੱਕਲ਼ੀ। ਉਸ ਹੋਰਟਨੈੱਸ ਨੂੰ ਖਿੱਚ ਕੇ ਆਪਣੀ ਗੋਦੀ ਵਿੱਚ ਸੁੱਟ ਲਿਆ। ਉਸ ਦੇ ਉੱਪਰ ਤੋਂ ਹੱਥ ਲਿਜਾ ਕੇ ਸਟੇਰਿੰਗ ਸੰਭਾਲ਼ੀ ਤੇ ਲਲਚਾਈਆਂ ਨਜ਼ਰਾਂ ਨਾਲ਼ ਹੋਰਟਨੈੱਸ ਨੂੰ ਵੇਖ ਕੇ ਬੋਲਿਆ :

"ਹਾਂ ਕਿਉਂ ਨਹੀਂ ?"

ਹੋਰਟਨੈੱਸ ਨੇ ਖ਼ੁਸ਼ੀ ਨਾਲ਼ ਉਸ ਦੀਆਂ ਵਧੀਕੀਆਂ ਨੂੰ ਪ੍ਰਵਾਨ ਕਰ ਲਿਆ।

ਕਾਮ ਚੇਸ਼ਟਾ ਦੇ ਭੂਤ ਤੋਂ ਆਪਣੇ-ਆਪ ਨੂੰ ਛੁਡਾ ਕੇ ਕਲੂਟਿਗ ਨੇ ਹੋਰਟਨੈੱਸ ਨੂੰ ਧੱਕ ਕੇ ਫਿਰ ਪਹਿਲੀ ਥਾਂ 'ਤੇ ਕਰ ਦਿੱਤਾ, ਇੰਜਣ ਸਟਾਰਟ ਕੀਤਾ ਤੇ ਐਕਸੀਲੇਟਰ ਨੂੰ ਦਬਾਇਆ।

ਮੈਂਡਰਲ ਅਫ਼ਸਰਾਂ ਦੇ ਸ਼ਰਾਬਖ਼ਾਨੇ ਵਿੱਚ, ਮੈਸਗਾਇਰ ਤੇ ਬਰਾਊਰ ਨਾਲ਼ ਝੂਮ ਰਿਹਾ ਸੀ। ਜਿਹੜੇ ਬਲਾਕ ਤੇ ਕਮਾਂਡੋ ਫ਼ੋਹਰਰ ਰਹਿ ਗਏ ਸਨ, ਉਹ ਰਹੀਆਂ ਖਹੀਆਂ ਬੋਤਲਾਂ ਨੂੰ ਖ਼ਾਲੀ ਕਰ ਰਹੇ ਸਨ ਅਤੇ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋ ਕੇ ਕਮਾਂਡੈਂਟ ਤੇ ਕਾਇਰ ਕਾਮਲੋਥ ਨੂੰ ਗਾਲ੍ਹਾਂ ਕੱਢ ਰਹੇ ਸਨ।

ਮੈਂਡਰਲ ਨੇ ਮੇਜ਼ ਉੱਤੇ ਕੂਹਣੀਆਂ ਫ਼ੈਲਾ ਕੇ ਆਖਿਆ, "ਖ਼ੈਰ, ਮੇਰੇ ਫ਼ਾਂਸੀ ਘਰ ਵਿੱਚ ਜੋ ਮਾਲ ਹੈ, ਉਹ ਮੇਰਾ ਹੈ, ਉਹ ਤਾਂ ਮੇਰੇ ਤੋਂ ਕੋਈ ਨਹੀਂ ਖੋਹ ਸਕਦਾ।"

ਬਰਾਊਰ ਨੇ ਪੁੱਛਿਆ, "ਤਾਂ ਕੀ ਤੂੰ ਕੱਲ੍ਹ .... ?"

ਮੈਂਡਰਲ ਨੇ ਉੱਤਰ ਦਿੱਤਾ, "ਹੁਣੇ" ਤੇ ਤਿੰਨੇ ਉੱਠ ਕੇ ਟੁਰ ਪਏ।

ਫ਼ੋਰਸਤ ਨੇ ਉਨ੍ਹਾਂ ਦੇ ਪੈਰਾਂ ਦੀ ਚਾਪ ਸੁਣੀ, ਉਹ ਬਿਸਤਰੇ ਤੋਂ ਉੱਠ ਕੇ ਜਿੱਥੇ ਉਹ ਪੂਰੀ ਵਰਦੀ ਪਾਈ ਲੇਟਿਆ ਹੋਇਆ ਸੀ-ਕੋਠੜੀ ਦੇ ਬੂਹੇ ਨਾਲ਼ ਲੱਗ ਕੇ ਸੁਣਨ ਲੱਗਾ।

ਮੈਸਗਾਇਰ ਨੇ ਆਪਣਾ ਪਿਸਤੌਲ ਕੱਢ ਲਿਆ ਸੀ। ਮੈਂਡਰਲ ਨੇ ਉਸ ਦਾ ਹੱਥ

ਪਕੜਦਿਆਂ ਆਖਿਆ, ਫ਼ਾਂਸੀ ਘਰ ਵਿੱਚ ਗੋਲ਼ੀ ਨਹੀਂ ਮਾਰੀ ਜਾਏਗੀ।"

ਦੋਹਾਂ ਨੂੰ ਨਾਲ਼ ਲਈ ਮੈਂਡਰਲ ਆਪਣੇ ਦਫ਼ਤਰ ਵਿੱਚ ਆਇਆ। ਉੱਥੇ ਉਸ ਨੇ ਇੱਕ ਰੈਂਚ 'ਤੇ ਵੱਡੀ ਸੱਥਰੀ ਕੱਢ ਕੇ ਦੋਹਾਂ ਨੂੰ ਦਿੱਤੀ, "ਮੈਂ ਖ਼ੂਨ ਨਹੀਂ ਵੇਖ ਸਕਦਾ" ਤੇ ਉਹ ਤਿੰਨੇ ਲਾਂਘੇ ਵਿੱਚ ਚਲੇ ਗਏ।

ਫ਼ੋਰਸਤ ਨੇ ਦੋਵੇਂ ਹੱਥ ਫ਼ੈਲਾਏ ਜਿਵੇਂ ਸੂਲ਼ੀ 'ਤੇ ਚਾੜ੍ਹ ਦਿੱਤਾ ਗਿਆ ਹੋਵੇ। ਉਹ ਉਨ੍ਹਾਂ ਦੇ ਪੈਰਾਂ ਦੀ ਅਵਾਜ਼ ਸੁਣ ਰਿਹਾ ਸੀ।

ਇੱਕ ਕੋਠੜੀ ਦਾ ਬੂਹਾ ਖੁੱਲ੍ਹਿਆ। ਉਸ ਦੇ ਚਾਰੇ ਕੈਦੀ ਚੌਂਕ ਪਏ। ਉਨ੍ਹਾਂ ਨੇ ਖੁੱਲ੍ਹੀਆਂ ਅੱਖਾਂ ਨਾਲ਼ ਮੈਂਡਰਲ ਨੂੰ ਇੰਟਰ ਫ਼ੋਹਰਰ ਤੇ ਰੋਟਨ ਫ਼ੋਹਰਰ ਨਾਲ਼ ਅੰਦਰ ਆਉਂਦੇ ਵੇਖਿਆ। ਬਰਾਊਰ ਨੇ ਦੋ ਕੈਦੀਆਂ ਨੂੰ ਮਾਰ ਕੇ ਡੇਗ ਦਿੱਤਾ ਤੇ ਬਾਕੀ ਦੋਹਾਂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਕੀ ਹੋ ਰਿਹਾ ਹੈ ਕਿ ਉਹ ਵੀ ਡੇਗ ਲਏ ਗਏ। ਦੋਹਾਂ ਨੂੰ ਮਾਰ-ਮਾਰ ਕੇ ਖ਼ਤਮ ਕਰ ਦਿੱਤਾ ਗਿਆ। ਅਚਾਨਕ ਕੋਠੜੀ ਨੰਬਰ ਪੰਜ ਦੇ ਨਾਲ਼ ਵਾਲ਼ੀ ਕੋਠੜੀ ਵਿੱਚੋਂ ਚੀਕਣ ਦੀ ਅਵਾਜ਼ ਆਈ, ਇਸ ਦੇ ਨਾਲ਼ ਦੂਜੀ ਚੀਕ ਵੀ ਸ਼ਾਮਲ ਹੋ ਗਈ, ਤੇਜ਼ ਤੇ ਫਿਰ ਕੁਦਰਤੀ ਤੌਰ 'ਤੇ ਬੰਦ।

ਹੋਫ਼ਲ ਤੇ ਕਰੋਪਿਨਸਕੀ ਘਬਰਾ ਕੇ ਏਧਰ-ਉਧਰ ਵੇਖਣ ਲੱਗੇ। ਚੀਕ ਉਨ੍ਹਾਂ ਦੀ ਕੋਠੜੀ ਨੂੰ ਹਿਲਾਈ ਜਾ ਰਹੀ ਸੀ।

ਮੈਂਡਰਲ ਨੇ ਗਾਲ੍ਹਾਂ ਕੱਢਦੇ ਹੋਏ ਬੂਹਾ ਖੋਲ੍ਹਿਆ ਤੇ ਚੀਕਣ ਵਾਲ਼ੇ ਆਦਮੀ ਨੂੰ ਪਕੜ ਕੇ ਜੰਗਲ਼ੇ ਵਾਲ਼ੇ ਬੂਹੇ 'ਤੇ ਲਿਆਇਆ ਅਤੇ ਦੋਹਾਂ ਬੂਹਿਆਂ ਦੇ ਵਿਚਾਲ਼ੇ ਉਸ ਦੀ ਧੌਣ ਰੱਖ ਕੇ ਇਤਨੇ ਜ਼ੋਰ ਨਾਲ਼ ਦਬਾਇਆ ਕਿ ਘਟਦੀ ਹੋਈ ਘਰੜ, ਘਰੜ ਦੀ ਅਵਾਜ਼ ਨਾਲ਼ ਉਸ ਦਾ ਸਰੀਰ ਢਿੱਲਾ ਹੋ ਗਿਆ ਤੇ ਫਿਰ ਉਸ ਦੀ ਲਾਸ਼ ਨੂੰ ਘਸੀਟਦਾ ਹੋਇਆ ਕੋਠੜੀ ਵਿੱਚੋਂ ਲਿਜਾ ਕੇ ਉਸ ਆਦਮੀ ਉੱਤੇ ਸੁੱਟ ਦਿੱਤਾ, ਜਿਸ ਨੂੰ ਮੈਸਗਾਇਰ ਤੇ ਬਰਾਊਰ ਨੇ ਮਾਰ-ਮਾਰ ਕੇ ਖ਼ਤਮ ਕਰ ਦਿੱਤਾ ਸੀ। "ਮੈਨੂੰ ਚੀਕਣਾ-ਚਿਲਾਉਣਾ ਉੱਕਾ ਪਸੰਦ ਨਹੀਂ।"

ਬਰਾਊਰ ਦੇ ਸਿਰ ਖ਼ੂਨ ਸਵਾਰ ਸੀ। ਉਸ ਦੇ ਹੋਂਠ ਕੰਬ ਰਹੇ ਸਨ। ਉਹ ਕੋਠੜੀ ਨੰਬਰ ਪੰਜ ਦਾ ਬੂਹਾ ਖੋਲ੍ਹਣ ਹੀ ਵਾਲ਼ਾ ਸੀ ਕਿ ਮੈਂਡਰਲ ਨੇ ਉਸ ਨੂੰ ਰੋਕ ਦਿੱਤਾ। 'ਓਏ ਏਧਰ ਆ ਇੱਥੇ ਛੇ ਹਨ।" ਉਸ ਨੇ ਬੂਹੇ ਨਾਲ਼ ਕੰਨ ਲਾਏ ਅੰਦਰ ਚੁੱਪ-ਚਾਂ ਸੀ। ਮੈਂਡਰਲ ਇੱਕ ਮਿੰਟ ਲਈ ਝਿਜਕਿਆ। ਫਿਰ ਉਸ ਨੇ ਬੂਹਾ ਖੋਲ੍ਹ ਦਿੱਤਾ। ਕੋਠੜੀ ਵਿੱਚੋਂ ਇੱਕ ਆਦਮੀ ਝਪਟਿਆ, ਚਾਰ-ਪੰਜ ਪਿੱਛੇ ਲਪਕੇ, ਬਰਾਊਰ ਚੀਕਿਆ। ਮੈਂਡਰਲ ਨੂੰ ਡੇਗ ਕੇ ਲੋਕ ਉਸ ਉੱਤੇ ਚੜ੍ਹ ਬੈਠੇ ਤੇ ਇਹਨਾਂ ਵਿੱਚ ਚੀਕਦੇ ਹੋਏ ਦੋਵੇਂ ਨਾਜ਼ੀ ਵੀ ਸਨ ਪਤਾ ਨਹੀਂ ਕਦੋਂ ਦੇ ਭੁੱਖੇ ਕੈਦੀਆਂ ਵਿੱਚ ਦਲੇਰੀ ਸੀ, ਪਰ ਤਾਕਤ ਨਹੀਂ ਸੀ। ਰਿੱਛ ਵਾਂਗ ਫਿਟਿਆ ਹੋਇਆ ਮੈਂਡਰਲ ਹਮਲਾਵਰਾਂ ਦੇ ਪੰਜੇ ਵਿੱਚੋਂ ਨਿੱਕਲ਼ ਆਇਆ ਤੇ ਫਿਰ ਇੱਕ ਨੂੰ ਡੇਗ ਕੇ ਉਸ ਦੇ ਸੀਨੇ 'ਤੇ ਚੜ੍ਹ ਬੈਠਾ ਤੇ ਉਸ ਦਾ ਗਲ਼ਾ ਘੁੱਟਣ ਲੱਗਾ ਤੇ ਉਸ ਦਾ ਸਿਰ ਸੀਮੈਂਟ ਦੇ ਫ਼ਰਸ਼ ਉੱਤੇ ਚੁੱਕ-ਚੁੱਕ ਕੇ ਮਾਰਨ ਲੱਗਾ।

ਇਹ ਭਿਆਨਕ ਮੁਕਾਬਲਾ ਕੇਵਲ ਕੁੱਝ ਮਿੰਟਾਂ ਦਾ ਹੀ ਸੀ। ਅਧਮੋਏ ਕੈਦੀ ਬਹੁਤਾ

ਚਿਰ ਨਾ ਟਿਕ ਸਕੇ। ਹੁਣ ਸਾਰੇ ਮੁਰਦਾ ਪਏ ਸਨ, ਪਰ ਇਸ ਮਗਰੋਂ ਬਰਾਊਰ ਉੱਕਾ ਵਹਿਸ਼ੀ ਹੋ ਗਿਆ। ਸ਼ਰਾਬ ਖ਼ੂਨ ਦੇ ਨਸ਼ੇ ਵਿੱਚ ਉਹ ਲਾਂਘੇ ਵਿੱਚ ਲੜਖੜਾਉਂਦਾ ਫਿਰ ਰਿਹਾ ਸੀ, "ਬਾਕੀ ਸੂਰ ਕਿੱਥੇ ਹਨ ?"

ਹੋਫ਼ਲ ਤੇ ਕਰੋਪਿਨਸਕੀ ਕੋਠੜੀ ਦੀ ਨੁੱਕਰ ਵਿੱਚ ਛਹਿਟੇ ਹੋਏ ਸਨ। ਦੋਵੇਂ ਝਪਟ ਲੈਣ ਲਈ ਤਿਆਰ ਖੜ੍ਹੇ ਸਨ। ਉਹਨਾਂ ਦੇ ਚਿਹਰੇ ਦਹਿਸ਼ਤ ਨਾਲ਼ ਕਰੂਪ ਹੋ ਗਏ ਸਨ। ਫ਼ੋਰਸਤ ਵੀ ਆਪਣੀ ਕੋਠੜੀ ਵਿੱਚ ਹਮਲਾ ਕਰਨ ਲਈ ਤਿਆਰ ਖਲ੍ਹੋਤਾ ਸੀ "ਜੇ ਉਹ ਮੈਨੂੰ ਮਾਰਨ ਆਏ ਤਾਂ..." ਮੌਤ ਦੇ ਡਰ ਨੇ ਉਸ ਤੋਂ ਇਹੋ ਫ਼ੈਸਲਾ ਕਰਵਾਇਆ ਕਿ ਉਹ ਪਹਿਲੇ ਆਦਮੀ ਦਾ ਗਲ਼ਾ ਦਬੋਚ ਲਵੇ। ਉਸ ਦੀ ਕੋਠੜੀ ਬੰਦ ਰਹੀ।

ਰਾਤ ਦੇ ਘੁੱਪ ਹਨ੍ਹੇਰੇ ਵਿੱਚੋਂ ਸਵੇਰ ਚੜ੍ਹੀ। ਹੌਲ਼ੀ-ਹੌਲ਼ੀ ਰਾਤ ਕਾਲ਼ੀ ਤੋਂ ਧੁੰਦਲੀ ਹੋਣ ਲੱਗੀ।

ਫ਼ੋਰਸਤ ਆਪਣੀ ਕੋਠੜੀ ਵਿੱਚ ਆਪਣੇ ਬਿਸਤਰੇ 'ਤੇ ਬੈਠਾ ਸੀ। ਸਾਰੀ ਰਾਤ ਉਸ ਨੇ ਮੌਤ ਦੀ ਉਡੀਕ ਕੀਤੀ ਸੀ। ਉਹ ਜਾਣਦਾ ਸੀ ਕਿ ਮੈਂਡਰਲ ਉਸ ਨੂੰ ਜੀਊਂਦਾ ਨਹੀਂ ਛੱਡੇਗਾ। ਉਹ ਤਾਂ ਉਸ ਦੀਆਂ ਵਹਿਸ਼ੀ ਕਰਤੂਤਾਂ ਦਾ ਗਵਾਹ ਹੈ।

ਫ਼ੋਰਸਤ ਨਿਹੱਥਾ ਤੇ ਬੇਬਸ ਸੀ। ਫ਼ਾਂਸੀ ਘਰ ਵਿੱਚ ਜਿਸ ਤਰ੍ਹਾਂ ਉਹ ਜੀਊਂਦਾ ਰਿਹਾ ਇਸੇ ਤਰ੍ਹਾਂ ਉਹ ਮਰ ਜਾਏਗਾ। ਪਰਛਾਵੇਂ ਵਾਂਗ ਇਸ ਭਿਆਨਕ ਰਾਤ ਨੂੰ ਮਨੁੱਖੀ ਜੱਦੋ-ਜਹਿਦ ਦੇ ਆਖ਼ਰੀ ਨਕਸ਼ ਇਸ ਦੇ ਅੰਦਰ ਵਿਛ ਗਏ, ਪਰ ਉਸ ਦੀ ਸੁਆਹ ਹੇਠ ਇੱਕ ਚੰਗਿਆੜੀ ਅਜੇ ਤੱਕ ਬਾਕੀ ਸੀ। ਆਸ ਨੇ ਉਸ ਚੰਗਿਆੜੀ ਨੂੰ ਹਵਾ ਦਿੱਤੀ। ਫ਼ੋਰਸਤ ਨੇ ਆਪਣੇ-ਆਪ ਨੂੰ ਬਚਾਉਣ ਲਈ ਕੋਈ ਰਾਹ ਲੱਭਣਾ ਸ਼ੁਰੂ ਕੀਤਾ। ਕੀ ਉਹ ਕੋਠੜੀ ਵਿੱਚ ਕਿਸੇ ਤਰ੍ਹਾਂ ਅਲੋਪ ਹੋ ਸਕਦਾ ਹੈ ? ਕੀ ਉਹ ਮੈਂਡਰਲ ਦਾ ਗਲ਼ਾ ਦਬੋਚ ਲਵੇ ?"

ਹੋਫ਼ਲ ਤੇ ਕਰੋਪਿਨਸਕੀ ਵੀ ਇਸੇ ਤਰ੍ਹਾਂ ਦੀ ਗੱਲ ਸੋਚ ਰਹੇ ਸਨ। ਉਹ ਜਾਣਦੇ ਸਨ ਕਿ ਹੁਣ ਫ਼ਾਂਸੀ ਘਰ ਵਿੱਚ ਬੱਸ ਉਹੋ ਦੋ ਕੈਦੀ ਜਿਊਂਦੇ ਬਚੇ ਹਨ। ਦੋਵੇਂ ਇੱਕ ਦੂਜੇ ਨਾਲ਼ ਜੁੜੇ ਖਲ੍ਹੋਤੇ ਸਨ। ਸਵੇਰ ਦੇ ਮਰੀਅਲ ਚਾਨਣ ਵਿੱਚ ਦੋਵਾਂ ਇੱਕ ਦੂਜੇ ਨੂੰ ਪਾਟੀਆਂ ਅੱਖਾਂ ਨਾਲ਼ ਵੇਖ ਰਹੇ ਸਨ ਤੇ ਦੋਹਾਂ ਨੂੰ ਇੱਕ ਦੂਜੇ ਦੇ ਚਿਹਰੇ ਉੱਤੇ ਮੌਤ ਦਾ ਸਹਿਮ ਨਜ਼ਰ ਆ ਰਿਹਾ ਸੀ। ਕਰੋਪਿਨਸਕੀ ਨੇ ਹੌਲ਼ੀ ਜਿਹੇ ਆਖਿਆ : "ਹੋ ਸਕਦਾ ਹੈ ਕਿ ਮੈਂਡਰਲ ਹੋਵੇ ਹੀ ਨਾ ? ਹੋ ਸਕਦਾ ਹੈ ਉਹ ਚਲਿਆ ਗਿਆ ਹੋਵੇ ?"

ਹੋਫ਼ਲ ਨੇ ਇਹ ਗੱਲ ਨਾ ਮੰਨੀ। "ਉਹ ਲੋਕ ਅਜੇ ਇੱਥੇ ਹੀ ਹਨ, ਮੇਰਾ ਦਿਲ ਕਹਿੰਦਾ ਹੈ। ਜੇ ਦੌੜਦੇ ਤਾਂ ਅਸਾਂ ਦੋਹਾਂ ਨੂੰ ਵੀ ਖ਼ਤਮ ਕਰ ਜਾਂਦੇ...ਅੱਜ ਜ਼ਰੂਰ ਆਉਣਗੇ।" ਫਿਰ ਉਸ ਕੋਠੜੀ ਵਿੱਚ ਘਬਰਾਈਆਂ ਨਜ਼ਰਾਂ ਸੁੱਟ ਕੇ ਆਖਿਆ : "ਸੁਣੋ, ਮਾਰਿਆਨ! ਅਸੀਂ ਇੰਝ ਕਰਾਂਗੇ..." ਉਹ ਦਰਵਾਜ਼ੇ ਵਾਲ਼ੀ ਨੁੱਕਰ ਵਿੱਚ ਖੜ੍ਹਾ ਹੋ ਗਿਆ : "ਮੈਂ ਇੱਥੇ ਰਹਾਂਗਾ ਤੇ ਤੂੰ ਉੱਥੇ ਰਹੀਂ।"

ਦੂਜੀ ਨੁੱਕਰ ਵਿੱਚ ਕਰੋਪਿਨਸਕੀ ਛਹਿਟ ਗਿਆ।

"ਜਦੋਂ ਅੰਦਰ ਆਏ ਤਾਂ ਤੂੰ ਇਸ ਦਾ ਗਲ਼ਾ ਫੜ ਕੇ ਜ਼ੋਰ ਦੀ ਦਬਾਈਂ। ਕਰ ਸਕਦਾ ਏਂ ਤੂੰ ?"

ਕਰੋਪਿਨਸਕੀ ਇਸ ਸਮੇਂ ਬਿਲਕੁੱਲ ਬਦਲਿਆ ਹੋਇਆ ਮਨੁੱਖ ਸੀ। ਉਸ ਅੱਖਾਂ ਮੀਟ ਕੇ ਆਪਣੀਆਂ ਮਨੀਆਂ ਬੰਦ ਕਰ ਲਈਆਂ।

ਹੋਫ਼ਲ ਨੇ ਕਹਿਣਾ ਸ਼ੁਰੂ ਕੀਤਾ, "ਮੈਂ ਨਿਉਂ ਕੇ ਉਸ ਦੀਆਂ ਲੱਤਾਂ ਫੜ ਕੇ ਘਸੀਟ ਲਵਾਂਗਾ। ਹੈ ਨਾ! ਇੰਞ ਨਹੀਂ, ਜਦੋਂ ਉਹ ਆਏਗਾ ਤਾਂ ਮੈਂ ਉਸ ਦੇ ਪੇਟ ਵਿੱਚ ਮੁੱਕਾ ਮਾਰਾਂਗਾ। ਆਪਣਾ ਸਾਰਾ ਜ਼ੋਰ ਲਾ ਕੇ ਕਿ ਉਸ ਦਾ ਸਾਹ ਨਿੱਕਲ਼ ਜਾਏ ਤੇ ਤੂੰ ਉਸ ਦਾ ਗਲ਼ਾ ਦਬਾਈਂ।"

ਦੋਹਾਂ ਨੇ ਇੱਕ ਦੂਜੇ ਨੂੰ ਵੇਖਿਆ, ਆਪਣੀ ਦ੍ਰਿੜਤਾ ਤੇ ਇਰਾਦੇ ਨੂੰ ਪਰਖਿਆ, ਇੱਕ ਦੂਜੇ ਨੂੰ ਵੇਖ ਕੇ ਆਪਣੀ ਤਾਕਤ ਦਾ ਅਨੁਮਾਨ ਲਾਇਆ ਤੇ ਕੰਧ ਨਾਲ਼ ਲੱਗ ਕੇ ਖੜ੍ਹੇ ਹੋ ਗਏ ਤੇ ਉਡੀਕ ਕਰਨ ਲੱਗੇ...।

ਤਿੰਨ

ਚਾਨਣ ਪਸਰ ਗਿਆ। ਜੰਗ ਦੇ ਧਮਾਕਿਆਂ ਨੇ ਇਸ ਰਾਤ ਨੂੰ ਇਸ ਤਰ੍ਹਾਂ ਡਰਾ ਦਿੱਤਾ ਸੀ, ਜਿਸ ਤਰ੍ਹਾਂ ਪਹਿਲਾਂ ਕਦੇ ਨਹੀਂ ਸੀ ਹੋਇਆ। ਅਰਫ਼ਰਟ 'ਤੇ ਕਬਜ਼ਾ ਹੋ ਗਿਆ ਸੀ ਤੇ ਵਾਇਮਰ ਦੀ ਸੜਕ ਅਮਰੀਕੀ ਫ਼ੌਜਾਂ ਲਈ ਖੁੱਲ੍ਹ ਗਈ ਸੀ।

ਇੰਜਣਾਂ ਦਾ ਇੱਕ ਸਾਰ ਰੌਲ਼ਾ ਤਿੱਖੇ ਤੋਂ ਤਿੱਖਾ ਹੁੰਦਾ ਜਾ ਰਿਹਾ ਸੀ। ਕੈਂਪ ਦੇ ਚਾਰੇ ਪਾਸੇ ਇੰਞ ਜਾਪਦਾ ਸੀ ਜਿਵੇਂ ਜੰਗ ਦਾ ਮੈਦਾਨ ਹੋਵੇ।

ਪਰ ਕੈਂਪ ਦੇ ਇੱਕੀ ਹਜ਼ਾਰ ਕੈਦੀਆਂ ਨੂੰ ਪਤਾ ਨਹੀਂ ਸੀ ਕਿ ਇਸ ਰਾਤ ਫ਼ਾਂਸੀ ਘਰ ਵਿੱਚ ਕਿਹੋ ਜਿਹੇ ਵਹਿਸ਼ੀ ਖ਼ੂਨ ਹੋਏ ਹਨ। ਉਨ੍ਹਾਂ ਨੂੰ ਪਤਾ ਸੀ ਕਿ ਸਭ ਤੋਂ ਖ਼ਤਰਨਾਕ ਕਲੂਟਿਗ ਸਭ ਤੋਂ ਪਹਿਲਾਂ ਦੌੜ ਗਿਆ ਹੈ ਤੇ ਦੂਜੇ ਨਾਜ਼ੀ ਅਫ਼ਸਰ ਵੀ ਦੌੜਨ ਹੀ ਵਾਲ਼ੇ ਹਨ। ਫ਼ਾਸਿਸਟ ਜੇ ਅਮਰੀਕਨਾਂ ਦੇ ਕੈਦੀ ਨਹੀਂ ਬਣਨਾ ਚਾਹੁੰਦੇ ਤਾਂ ਇਹਨਾਂ ਨੂੰ ਹੁਣ ਦੌੜ ਜਾਣਾ ਚਾਹੀਦਾ ਹੈ।

ਕੈਂਪ ਦੇ ਕੈਦੀ ਇਹ ਜਾਣਦੇ ਸਨ ਕਿ ਬੁਰਜਾਂ ਉੱਤੇ ਖੜ੍ਹੇ ਸੰਤਰੀ ਤੇ ਮਸ਼ੀਨਗੰਨਾਂ ਹੁਣ ਵੀ ਮੌਜੂਦ ਹਨ। ਉਹ ਇੱਕ ਹੁਕਮ ਤੇ ਇੱਕ ਇਸ਼ਾਰੇ ਨਾਲ਼ ਸਾਰੇ ਕੈਂਪ ਨੂੰ ਦਸਾਂ ਮਿੰਟਾਂ ਵਿੱਚ ਸੁਆਹ ਦਾ ਢੇਰ ਬਣਾ ਸਕਦੀਆਂ ਸਨ।

ਇਸ ਤਬਾਹੀ ਨੂੰ ਹਥਿਆਰਬੰਦ ਬਗ਼ਾਵਤ ਕਰਕੇ ਰੋਕ ਦੇਣਾ–ਇਹ ਆਖ਼ਰੀ ਫ਼ੈਸਲਾ ਕੌਮਾਂਤਰੀ ਕਮੇਟੀ ਨੇ ਇਸ ਸਵੇਰੇ ਕੀਤਾ। ਹੁਣ ਬੋਖਾਉ ਫ਼ੌਜੀ ਅਫ਼ਸਰ ਸੀ, ਉਸ ਦਾ ਹੁਕਮ ਕਤਈ ਹੁਕਮ ਹੋਵੇਗਾ।

ਮਸ਼ੀਨਗੰਨਾਂ ਦੀਆਂ ਅਵਾਜ਼ਾਂ ਕਦੇ ਨੇੜੇ ਤੋਂ ਆਉਂਦੀਆਂ ਸਨ ਤੇ ਕਦੇ ਦੂਰ ਤੋਂ। ਕੈਦੀ ਖ਼ੁਸ਼ੀਆਂ ਮਨਾ ਰਹੇ ਸਨ "ਉਹ ਆ ਰਹੇ ਸਨ, ਉਹ ਆ ਗਏ।" ਅਚਾਨਕ ਕੈਂਪ ਦੇ ਉੱਤੇ ਅਮਰੀਕੀ ਜਹਾਜ਼ਾਂ ਦਾ ਦਸਤਾ ਚੱਕਰ ਕੱਟਣ ਲੱਗਾ। ਬੋਖਾਉ ਵੀ ਆਪਣੇ ਕਮਰੇ ਤੋਂ ਬਾਹਰ ਆ ਗਿਆ। ਪਰੀਬੂਲਾ ਉਸ ਦੇ ਕੋਲ਼ ਜੇਬ੍ਹਾਂ ਵਿੱਚ ਹੱਥ ਪਾਈ ਖਲ੍ਹੋਤਾ ਸੀ।

"ਤੂੰ ਸਦਾ ਆਖ਼ਰੀ ਸਮੇਂ ਦੀ ਉਡੀਕ ਕਿਉਂ ਕਰਦਾ ਹੈਂ ?" ਬੋਖਾਉ ਚੁੱਪ ਰਿਹਾ।

ਨੌਂ ਵਜੇ ਜ਼ਵਾਈਲਿੰਗ ਕੈਂਪ ਵਿੱਚ ਆਇਆ। ਕੈਂਪ ਪੈਟਰੋਲ ਮੁਲਰ ਤੇ ਬਰੰਡਲ ਨੂੰ ਹੁਕਮ ਮਿਲ਼ਦੇ ਹੀ ਪੀਪਿਗ ਦੇ ਲੁਕਾਏ ਹੋਏ ਪਿਸਤੌਲ ਕੱਢਣ ਲਈ ਭੇਜਿਆ ਗਿਆ ਸੀ। ਇਸ ਲਈ ਉਹ ਸਮਾਨਖ਼ਾਨੇ ਦੇ ਨੇੜੇ ਹੀ ਸਨ। ਉਨ੍ਹਾਂ ਜ਼ਵਾਈਲਿੰਗ ਨੂੰ ਵੇਖਿਆ। ਇਸ ਨੂੰ ਹੁਣ ਇਮਾਰਤ ਵਿੱਚ ਕੀ ਕੰਮ ?

ਸਾਢੇ ਨੌਂ ਵਜੇ ਕੈਂਪ ਪੈਟਰੋਲ ਦੇ ਇੱਕ ਸਿਪਾਹੀ ਨੇ ਹਫ਼ਦੇ ਹੋਏ ਆ ਕੇ ਬੋਖਾਉ ਨੂੰ ਸੂਚਨਾ ਦਿੱਤੀ ਕਿ ਦੂਰ ਪਹਾੜੀ ਦੀ ਉੱਤਰੀ ਢਲਾਣ ਉੱਤੇ ਟੈਂਕ ਵਿਖਾਈ ਦੇਣ ਲੱਗ ਪਏ ਸਨ। ਕਿਹੋ ਜਿਹੇ ਟੈਂਕ ? ਫ਼ਾਸਿਸਟ ? ਅਮਰੀਕਨ ? ਦੌੜ ਰਹੇ ਸਨ ਜਾਂ ਹਮਲਾ ਕਰ ਰਹੇ ਹਨ ? ਕੁੱਝ ਵੀ ਨਹੀਂ ਆਖਿਆ ਜਾ ਸਕਦਾ। ਉਡੀਕ ਤੋਂ ਬਿਨਾਂ ਕੋਈ ਰਾਹ ਨਹੀਂ ਸੀ।

ਜ਼ਵਾਈਲਿੰਗ ਨੇ ਐਵੇਂ ਹੀ ਕਲੂਟਿਗ ਦੀ ਵਾਪਸੀ ਦੀ ਉਡੀਕ ਕੀਤੀ ਸੀ। ਜਦ ਸਵੇਰ ਹੋ ਗਈ ਤਾਂ ਉਸ ਨੂੰ ਕੋਈ ਸ਼ੱਕ ਨਾ ਰਿਹਾ ਕਿ ਉਸ ਦੀ ਪਤਨੀ ਉਸ ਨੂੰ ਛੱਡ ਕੇ ਹਾਪਤ ਸਟਰਮ ਫ਼ੋਹਰਰ ਨਾਲ਼ ਨਿੱਕਲ਼ ਗਈ ਹੈ। ਕਾਲੋਨੀ ਵਿੱਚ ਗੜਬੜ ਮਚੀ ਹੋਈ ਸੀ। ਸ਼ਾਰ ਫ਼ੋਹਰਰਾਂ, ਉਨ੍ਹਾਂ ਦੀਆਂ ਵਹੁਟੀਆਂ ਤੇ ਬੱਚਿਆਂ ਦਾ ਚੀਕ ਚਿਹਾੜਾ ਪਿਆ ਹੋਇਆ ਸੀ। ਨੱਕੋ-ਨੱਕ ਭਰੀਆਂ ਕਾਰਾਂ ਦਾ ਰੌਲ਼ਾ ਸੀ, ਭਗਦੜ ਮਚੀ ਹੋਈ ਸੀ, ਜ਼ਵਾਈਲਿੰਗ ਆਪਣੇ ਡਰਾਇੰਗ ਰੂਮ ਵਿੱਚ ਖਲ੍ਹੋਤਾ ਸੋਚ ਰਿਹਾ ਸੀ ਕਿ ਹੁਣ ਬਚਾਅ ਦਾ ਕਿਹੜਾ ਹੀਲਾ ਕਰੇ। ਕੁੱਝ ਸੋਚ ਕੇ ਉਹ ਛੇਤੀ-ਛੇਤੀ ਤਿਆਰ ਹੋਇਆ ਤੇ ਸਮਾਨਖ਼ਾਨੇ ਦੀ ਇਮਾਰਤ ਵਿੱਚ ਆ ਗਿਆ। ਕਲਰਕ ਦੇ ਕਮਰੇ ਵਿੱਚ ਅੱਧਾ ਘੰਟਾ ਕੈਦੀਆਂ ਦੇ ਸ਼ਨਾਖ਼ਤੀ ਕਾਗ਼ਜ਼ਾਂ ਨੂੰ ਸਿੱਧਾ ਪੁੱਠਾ ਕਰਦਾ ਰਿਹਾ।

ਫ਼ੋਰਸਤ ਅਜੇ ਵੀ ਆਪਣੀ ਕੋਠੜੀ ਵਿੱਚ ਉਸੇ ਥਾਂ ਬੈਠਾ ਸੀ। ਹਿੱਲਣ ਦੀ ਹਿੰਮਤ ਨਹੀਂ ਸੀ ਪੈ ਰਹੀ। ਬੜੇ ਦੁੱਖ ਨਾਲ਼ ਉਸ ਨੇ ਇਹ ਗੱਲ ਨੂੰ ਪ੍ਰਵਾਨ ਕੀਤਾ ਕਿ ਫ਼ਾਂਸੀ ਘਰ ਵਿੱਚ ਇੰਨੇ ਵਰ੍ਹੇ ਰਹਿਣ ਦੇ ਬਾਵਜੂਦ, ਉਸ ਵਿੱਚ ਕਰੜਾਈ ਨਾ ਆਈ ਤੇ ਨਾ ਹੀ ਉਹ ਲੜਨ ਯੋਗ ਸੀ, ਪਰ ਉਸ ਨੂੰ ਇੰਨੀ ਸੰਤੁਸ਼ਟਤਾ ਸੀ ਕਿ ਉਹ ਚੰਗਾ ਆਦਮੀ ਰਿਹਾ। ਉਸ ਮਨੁੱਖਤਾ ਦਾ ਪੱਲਾ ਨਹੀਂ ਛੱਡਿਆ ਤੇ ਉਸ ਨੂੰ ਸੋਚ ਕੇ ਖ਼ੁਸ਼ੀ ਹੋਈ ਕਿ ਉਸ ਨੇ ਹੋਫ਼ਲ ਤੇ ਕਰੋਪਿਨਸਕੀ ਨਾਲ਼ ਭਲਾਈ ਹੀ ਕੀਤੀ, ਪਰ ਕੀ ਉਹ ਵੀ ਅਣਗਿਣਤ ਗੁੰਮਨਾਮ ਲੋਕਾਂ ਨਾਲ਼ ਰਲ਼ ਕੇ ਧਰਤੀ ਦਾ ਅੰਗ ਬਣ ਜਾਏਗਾ, ਜਿਸ ਵਿੱਚੋਂ ਇੱਕ ਦਿਨ ਇੱਕ ਨਵੀਂ ਤੇ ਚੰਗੇਰੀ ਦੁਨੀਆ ਖਿੜੇਗੀ।

ਬੰਬਾਰ ਜਹਾਜ਼ਾਂ ਮਗਰੋਂ ਕੈਂਪ ਉੱਤੇ ਅਜਿਹਾ ਜਹਾਜ਼ ਆਇਆ, ਜਿਹੋ ਜਿਹਾ ਕੈਦੀਆਂ ਨੇ ਕਦੇ ਨਹੀਂ ਸੀ ਵੇਖਿਆ। ਬਹੁਤ ਨੀਵੇਂ-ਨੀਵੇਂ ਉਹ ਚੱਕਰ ਕੱਢਦਾ ਰਿਹਾ। ਬੁਰਜਾਂ ਉੱਤੇ ਸੰਤਰੀਆਂ ਨੇ ਇੱਕ ਦੂਜੇ ਨੂੰ ਘਬਰਾ ਕੇ ਅਵਾਜ਼ਾਂ ਦਿੱਤੀਆਂ। ਅਮਰੀਕੀ ਜਹਾਜ਼ ਗੋਲ਼ੀਬਾਰੀ ਦਾ ਸਕਾਊਟ ਜਹਾਜ਼ ਸੀ, ਜਿਹੜਾ ਵੇਖ ਕੇ ਇਹ ਤੈਅ ਕਰ ਰਿਹਾ ਸੀ ਕਿ ਕਿੱਥੇ-ਕਿੱਥੇ ਬੰਬਾਰੀ ਕੀਤੀ ਜਾਵੇਗੀ। ਨਾਜ਼ੀ ਮੋਟਰ ਸਵਾਰਾਂ ਨੇ ਕੰਡਿਆਲ਼ੀ ਤਾਰ ਦੇ ਦੁਆਲ਼ੇ ਘੁੰਮ ਕੇ

ਸੰਤਰੀਆਂ ਨੂੰ ਕਾਮਲੋਥ ਦਾ ਆਖ਼ਰੀ ਹੁਕਮ ਪਹੁੰਚਾਇਆ।

ਜ਼ਵਾਈਲਿੰਗ ਨੂੰ ਜਿਸ ਚੀਜ਼ ਦੀ ਲੋੜ ਸੀ ਉਹ ਮਿਲ਼ ਗਈ, ਪਰ ਉਸ ਨੂੰ ਕੇਵਲ ਜਾਅਲੀ ਕਾ.ਗਜ਼ ਹੀ ਨਹੀਂ ਸਨ ਚਾਹੀਦੇ ਸਗੋਂ ਉਸ ਨੇ ਕੈਦੀਆਂ ਦੇ ਪਹਿਰਾਵਿਆਂ ਵਿੱਚੋਂ ਇੱਕ-ਇੱਕ ਪੁਰਾਣਾ ਧਾਰੀਦਾਰ ਜੋੜਾ ਕੱਢਿਆ ਤੇ ਵਰਦੀ ਲਾਹ ਕੇ ਉਹ ਪਾਉਣ ਲੱਗਾ।

ਅਚਾਨਕ ਉਹ ਤ੍ਰੱਭਕ ਪਿਆ। ਉਸ ਦੇ ਪਿੱਛੇ ਕੋਈ ਖਲ੍ਹੋਤਾ ਸੀ : ਵੇਵਰਾਖ! ਜ਼ਵਾਈਲਿੰਗ ਦੇ ਲੂੰ ਕੰਡੇ ਖੜ੍ਹੇ ਹੋ ਗਏ "ਤੂੰ ਇੱਥੇ ਕੀ ਕਰ ਰਿਹਾ ਏਂ ?"

ਵੇਵਰਾਖ ਨੇ ਹਾਪਤ ਸ਼ਾਰ ਫ਼ੋਹਰਰ ਨੂੰ ਕੈਦੀਆਂ ਦੇ ਪਹਿਰਾਵੇ ਵਿੱਚ ਵੇਖ ਕੇ ਆਖਿਆ, "ਚੰਗਾ, ਤਾਂ ਇਹ ਚਾਲ ਹੈ ਕੁੱਤਿਆ, ਤੇਰੀ।"

ਜ਼ਵਾਈਲਿੰਗ ਚੀਕਿਆ : "ਨਿੱਕਲ਼ ਜਾ ਇੱਥੋਂ।"

ਵੇਵਰਾਖ ਅੱਗੇ ਵਧਿਆ, ਜ਼ਵਾਈਲਿੰਗ ਨੇ ਜੇਬ੍ਹ ਵਿੱਚੋਂ ਪਿਸਤੌਲ ਕੱਢ ਲਿਆ।

ਮੁਲਰ ਤੇ ਬਰੰਡਲ ਨੇ ਗੋਲ਼ੀਆਂ ਦੀ ਅਵਾਜ਼ ਸੁਣੀ। ਇਹ ਕੀ ਸੀ ? "ਤੁਰੰਤ ਅੰਦਰ ਚਲੋ।"

ਪੌੜੀਆਂ ਉਲਾਂਘਦੇ ਹੋਏ ਉਹ ਉੱਪਰ ਆਏ, ਕਮਰਾ ਅੰਦਰੋਂ ਬੰਦ ਸੀ। ਧੱਕੇ ਮਾਰ ਕੇ ਉਨ੍ਹਾਂ ਬੂਹਾ ਤੋੜਿਆ, "ਹੈਂਡਸ ਅੱਪ।"

ਪਿਸਤੌਲ ਲਈ ਜ਼ਵਾਈਲਿੰਗ ਨੇ ਹੱਥ ਉੱਪਰੋਂ ਚੁੱਕ ਲਏ। ਕੈਂਪ ਪੈਟਰੋਲ ਦੇ ਜਵਾਨਾਂ ਨੇ ਉਸ ਨੂੰ ਪਕੜ ਲਿਆ। ਵੇਵਰਾਖ ਮੁਰਦਾ ਪਿਆ ਸੀ।

ਸ਼ੋਹਾਲ ਆਪਣੇ ਦਫ਼ਤਰ ਵਿੱਚ ਕਾਮਲੋਥ ਨੂੰ ਚੀਕ ਕੇ ਕਹਿ ਰਿਹਾ ਸੀ : "ਪਾ.ਗਲ ਹੋ ਗਿਆ ਏਂ" ਉਸ ਦਾ ਚਿਹਰਾ ਪੀਲ਼ਾ ਪੈ ਰਿਹਾ ਸੀ।

ਕਾਮਲੋਥ ਨੇ ਉਹ ਹੁਕਮ ਦਿੱਤਾ ਸੀ ਕਿ ਚੱਲਣ ਤੋਂ ਪੰਦਰਾਂ ਮਿੰਟ ਪਹਿਲਾਂ ਬਲਾਕਾਂ ਉੱਤੇ ਗੋਲ਼ੀਆਂ ਦੀ ਵਾਛੜ ਕਰ ਦਿਓ।

"ਹੁਕਮ ਤੁਰੰਤ ਵਾਪਸ ਲਵੋ, ਤੂੰ ਸਾਨੂੰ ਸਾਰਿਆਂ ਨੂੰ ਫ਼ਾਹੇ ਲੁਆ ਦਏਂਗਾ।"

ਵਾਈਸਾਂਗ ਨੇ ਕਾਮਲੋਥ ਵੱਲ ਵੇਖ ਕੇ ਆਖਿਆ :

"ਮਰਦੂਦ ਸੂਰ!"

ਕਾਮਲੋਥ ਨੇ ਉਸ ਦੇ ਢਿੱਡ ਵਿੱਚ ਇੰਨੀ ਜ਼ੋਰ ਦਾ ਮੁੱਕਾ ਮਾਰਿਆ ਕਿ ਉਹ ਲੜਖੜਾ ਗਿਆ। ਫਿਰ ਕਾਮਲੋਥ ਨੇ ਟੋਪੀ ਚੁੱਕ ਕੇ ਸਿਰ 'ਤੇ ਰੱਖੀ ਤੇ ਬੋਲਿਆ : "ਜੋ ਚਾਹੋ ਕਰੋ, ਮੈਂ ਤਾਂ ਚੱਲਿਆ।"

ਕਾਮਲੋਥ ਦੇ ਜਾਣ ਮਗਰੋਂ ਸ਼ੋਹਾਲ ਨੇ ਵਾਈਸਾਂਗ ਵੱਲ ਵੇਖਿਆ : "ਹੁਣ ? ਹੁਣ ਕੀ ਹੋਵੇਗਾ ?"

ਫਿਰ ਮੇਜ਼ ਕੋਲ਼ ਜਾ ਕੇ ਸ਼ੋਹਾਲ ਨੇ ਜੇਬ੍ਹਾਂ ਵਿੱਚ ਕੁੱਝ ਕਾ.ਗਜ਼ ਤੁੰਨ੍ਹੇ, ਕੋਟ ਮੋਢੇ ਉੱਤੇ ਸੁੱਟਿਆ, ਟੋਪੀ ਹੱਥ ਵਿੱਚ ਲਈ ਤੇ ਬੋਲਿਆ : "ਚੱਲੋ, ਭੱਜੀਏ ਇੱਥੋਂ ?"

ਆਪਣੀ ਬਾਰੀ ਵਿੱਚੋਂ ਰੀਨਬੂਥ ਨੇ ਕਮਾਂਡੈਂਟ ਨੂੰ ਆਪਣੀ ਕਾਰ 'ਤੇ ਭੱਜਦੇ

ਵੇਖਿਆ। ਉਸ ਨੇ ਮੈਂਡਰਲ ਨੂੰ ਉੱਚੀ ਸਾਰੀ ਆਖਿਆ : "ਸ਼ੋਹਾਲ ਭੱਜ ਰਿਹਾ ਹੈ ?"

ਮੈਂਡਰਲ ਫ਼ਾਂਸੀ ਘਰ ਵੱਲ ਦੌੜਿਆ। ਫ਼ੋਰਸਤ ਨੇ ਲਾਂਘੇ ਵਿੱਚ ਉਸ ਦੇ ਪੈਰਾਂ ਦੀ ਚਾਪ ਸੁਣੀ ਤਾਂ ਕੰਬ ਗਿਆ। ਉਸ ਦੀ ਕੋਠੜੀ ਦਾ ਬੂਹਾ ਖੁੱਲ੍ਹਿਆ "ਨਿੱਕਲ਼ੋ।"

ਫ਼ੋਰਸਤ ਨੇ ਮੈਂਡਰਲ ਦੇ ਚਿਹਰੇ ਉੱਤੇ ਘਬਰਾਹਟ ਵੇਖੀ। ਚੁੱਪਚਾਪ ਉਹ ਕੋਠੜੀ ਵਿੱਚੋਂ ਨਿੱਕਲ਼ ਆਇਆ। ਰਾਤ ਦੀਆਂ ਲਾਸ਼ਾਂ ਲਾਂਘੇ ਵਿੱਚ ਪਈਆਂ ਸਨ। ਮੈਂਡਰਲ ਘਸੀਟਦਾ ਹੋਇਆ ਫ਼ੋਰਸਤ ਨੂੰ ਆਪਣੇ ਕਮਰੇ ਵਿੱਚ ਲਿਆਇਆ "ਮੇਰਾ ਸਮਾਨ ਪੈਕ ਕਰੋ।"

ਡਰਦੇ-ਡਰਦੇ ਫ਼ੋਰਸਤ ਨੇ ਅਲਮਾਰੀਆਂ ਵਿੱਚੋਂ ਸਮਾਨ ਕੱਢਣਾ ਸ਼ੁਰੂ ਕੀਤਾ।

ਮੁਲਰ ਤੇ ਬਰੰਡਲ ਨੇ ਜ਼ਵਾਈਲਿੰਗ ਨੂੰ ਨੁੱਕਰ ਵਿੱਚ ਖੜ੍ਹਾ ਕਰ ਦਿੱਤਾ। ਫਿਰ ਉਨ੍ਹਾਂ ਮੇਜ਼ ਹਟਾਉਣ ਲਈ ਕਾਲੀਨ ਖਿਸਕਾਈ। ਬਰੰਡਲ ਪਿਸਤੌਲ ਤਾਣ ਕੇ ਜ਼ਵਾਈਲਿੰਗ ਦੇ ਸਾਹਮਣੇ ਖੜ੍ਹਾ ਹੋ ਗਿਆ ਤੇ ਮੁਲਰ ਨੇ ਫ਼ਰਸ਼ ਦਾ ਤਖ਼ਤਾ ਤੇਸੀ ਨਾਲ਼ ਉਖੇੜਿਆ। ਜ਼ਵਾਈਲਿੰਗ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ।

ਬਰੰਡਲ ਹੱਸਿਆ, "ਤੈਨੂੰ ਇਸ ਦੀ ਉੱਕਾ ਆਸ ਨਹੀਂ ਸੀ, ਕਿਉਂ ?" ਉਸ ਦੇ ਲਹਿਜੇ ਵਿੱਚ ਘ੍ਰਿਣਾ ਸੀ ਤੇ ਮਾਣ ਵੀ।

ਜ਼ਵਾਈਲਿੰਗ ਥਥਲਾ ਕੇ ਬੋਲਿਆ : "ਮੈਨੂੰ... ਮੈਨੂੰ ਇਸ ਦਾ ਪਤਾ ਨਹੀਂ ਸੀ।"

"ਨਹੀਂ, ਅਸਾਂ ਤੁਹਾਡੇ ਕੋਲ਼ ਇਸ ਦਾ ਜ਼ਿਕਰ ਨਹੀਂ ਸੀ ਕੀਤਾ।" ਬਰੰਡਲ ਨੇ ਉਸ ਦਾ ਮੌਜੂ ਉਡਾਇਆ ਅਤੇ ਮੁਲਰ ਨੇ ਦੋਹਾਂ ਹੱਥਾਂ ਵਿੱਚ ਬਹੁਤ ਸਾਰੇ ਪਿਸਤੌਲ ਲੈ ਕੇ ਜ਼ਵਾਈਲਿੰਗ ਦੇ ਨੱਕ ਨਾਲ਼ ਭਿੜਾ ਕੇ ਆਖਿਆ : "ਪਰ ਨਾਜ਼ੀ ਦੀ ਪਛਾੜੀ ਲੁਕਾਉਣ ਲਈ ਬੜੀ ਚੰਗੀ ਥਾਂ ਹੁੰਦੀ ਹੈ..." ਉਸ ਪਿਸਤੌਲ ਜੇਬ੍ਹ ਵਿੱਚ ਭਰ ਲਏ। "ਅਸਾਂ ਪਿਸਤੌਲ ਛੇਤੀ ਕੱਢ ਲਏ ਹਨ, ਸਾਨੂੰ ਅਜੇ ਤੱਕ ਹੁਕਮ ਨਹੀਂ ਮਿਲ਼ਿਆ, ਹੁਣ ਕੀ ਕਰੀਏ ?"

ਬਰੰਡਲ ਨੇ ਮੋਢੇ ਹਿਲਾ ਕੇ ਆਖਿਆ, "ਹੁਕਮ ਮਿਲ਼ਣ ਦੀ ਉਡੀਕ ਕਰੋ।"

"ਅਤੇ ਇਸ ਦਾ ਕੀ ਕਰੀਏ ?"

"ਇਸ ਤੋਂ ਵੀ ਉਡੀਕ ਕਰਵਾਉ, ਇਹ ਸਾਡਾ ਪਹਿਲਾ ਕੈਦੀ ਹੈ।"

ਜ਼ਵਾਈਲਿੰਗ ਦੇ ਗੋਡੇ ਜਵਾਬ ਦੇ ਗਏ। ਬਰੰਡਲ ਨੇ ਉਸ ਨੂੰ ਕੰਧ ਨਾਲ਼ ਲਾਇਆ "ਸਿੱਧਾ ਹੋ ਕੇ ਖਲ੍ਹੋ, ਮੱਕਾਰ ਕਿਤੋਂ ਦਾ।"

ਸਾਹਮਣੇ ਵਾਲ਼ੇ ਬਲਾਕਾਂ ਦੀਆਂ ਬਾਰੀਆਂ ਵਿੱਚੋਂ ਕੈਦੀ ਵੇਖ ਰਹੇ ਸਨ ਕਿ ਸ਼ਾਰ ਫ਼ੋਹਰਰ ਫ਼ਾਟਕ ਵਿੱਚੋਂ ਵੱਡੇ-ਵੱਡੇ ਬਕਸੇ ਕੱਢ ਰਹੇ ਹਨ ਤੇ ਟਰੱਕ ਉੱਤੇ ਲੱਦ ਰਹੇ ਹਨ। ਉਨ੍ਹਾਂ ਰੀਨਬੂਥ ਨੂੰ ਇੱਧਰ-ਉੱਧਰ ਆਉਂਦੇ-ਜਾਂਦੇ ਵੇਖਿਆ। ਮੈਂਡਰਲ ਫ਼ਾਂਸੀ ਘਰ ਵਿੱਚੋਂ ਨਿੱਕਲ਼ਿਆ ਤੇ ਕੁੱਝ ਬੰਡਲ ਉਸ ਟਰੱਕ ਉੱਤੇ ਰੱਖੇ।

"ਬੰਨ੍ਹ ਰਹੇ ਨੇ ਬੋਰੀਆ ਬਿਸਤਰੇ !" ਕੈਦੀਆਂ ਨੇ ਇੱਕ ਦੂਜੇ ਨੂੰ ਆਖਿਆ।

ਫ਼ੋਰਸਤ ਦੇ ਦਿਲ ਵਿੱਚ ਖਿੱਚੋਤਾਣ ਹੋ ਰਹੀ ਸੀ। ਇਸ ਸਮੇਂ ਉਹ ਮੈਂਡਰਲ ਦਾ ਆਖ਼ਰੀ ਹੁਕਮ ਪੂਰਾ ਕਰ ਰਿਹਾ ਸੀ। ਫ਼ੋਰਸਤ ਨੇ ਆਪਣੀ ਅਕਲ 'ਤੇ ਜ਼ੋਰ ਦਿੱਤਾ ਕਿ ਉਹ

ਕੀ ਕਰੇ ? ਕਿਸੇ ਕੋਠੜੀ ਵਿੱਚ ਜਾ ਵੜੇ ? ਕਿਤੇ ਲੁਕ ਜਾਵੇ ? ਦੌੜ ਜਾਏ ? ਮੈਂਡਰਲ ਰਤਾ ਕੁ ਦੇਰ ਲਈ ਬਾਹਰ ਗਿਆ ਤਾਂ ਫ਼ੋਰਸਤ ਨੇ... ਬਾਹਰ ਵੱਲ ਨਜ਼ਰ ਉਠਾਈ। ਦਰਵਾਜ਼ੇ ਵਿੱਚ ਜੜੇ ਹੋਏ ਜੰਦਰੇ ਵਿੱਚ...ਕੁੰਜੀ ਹਿੱਲ ਰਹੀ ਸੀ। ਡਰ ਦੀ ਇੱਕ ਲਹਿਰ ਫ਼ੋਰਸਤ ਦੇ ਸਰੀਰ ਵਿੱਚ ਦੌੜ ਗਈ। ਕੀ ਬਚਣ ਦਾ ਰਾਹ ਇਹੋ ਹੈ ?

ਦੋ ਸ਼ਾਰ ਫ਼ੋਹਰਰਾਂ ਨਾਲ਼ ਮੈਂਡਰਲ ਲੱਕੜ ਦਾ ਬਕਸ ਉਠਵਾ ਕੇ ਕਾਰ 'ਤੇ ਲੱਦਣ ਲਈ ਚਲਿਆ ਗਿਆ। ਕੁੱਝ ਛਿਣਾਂ ਵਿੱਚ ਫ਼ੋਰਸਤ ਨੇ ਫ਼ੈਸਲਾ ਕੀਤਾ ਝਪਟ ਕੇ ਬੂਹੇ 'ਤੇ ਪੁੱਜਿਆ। ਕੁੰਜੀ ਜੰਦਰੇ ਵਿੱਚੋਂ ਕੱਢ ਕੇ ਅੰਦਰ ਕਮਰੇ ਵਿੱਚ ਸੁੱਟ ਦਿੱਤੀ ਤੇ ਫ਼ਟਾਕ ਕਰਦਾ ਬੂਹਾ ਬੰਦ ਕਰ ਦਿੱਤਾ। ਉਸ ਦਾ ਸਾਰਾ ਸਰੀਰ ਕੰਬ ਰਿਹਾ ਸੀ। ਉਹ ਬੂਹੇ ਨਾਲ਼ ਲੱਗ ਕੇ ਖੜ੍ਹਾ ਹੋ ਗਿਆ। ਖ਼ੂਨ ਦੀ ਚਾਲ ਤੇਜ਼ ਹੋ ਗਈ ਸੀ। ਉਸੇ ਸਮੇਂ ਕੁੱਝ ਹੋਇਆ। ਇੱਕ ਗੂੰਜਦੀ ਹੋਈ ਚੀਕ ਜਿਹੀ ਉੱਚੀ ਹੋਈ, ਜਿਹੜੀ ਹੋਰ ਉੱਚੀ ਹੋ ਗਈ। ਇਹ ਨਾਜ਼ੀਆਂ ਦਾ ਸਿਗਨਲ ਸੀ, ਜਿਹੜਾ ਦੁਸ਼ਮਣ ਦੀਆਂ ਫ਼ੌਜਾਂ ਬਾਹਰ ਆਉਣ ਉੱਤੇ ਵੱਜਦਾ ਸੀ। ਉਸ ਦੀ ਭਿਆਨਕ ਅਵਾਜ਼ ਹਰ ਬੰਦੇ ਦੇ ਦਿਲ ਤੇ ਦਿਮਾਗ਼ 'ਤੇ ਛਾ ਗਈ।

ਬੋਖਾਉ ਤੇ ਉਸ ਦੇ ਸਾਥੀ ਆਪਣੇ ਬਲਾਕਾਂ ਵਿੱਚੋਂ ਨਿੱਕਲ਼ ਪਏ। ਨਾਜ਼ੀ ਕੰਪਨੀਆਂ ਆਪਣੀਆਂ ਬੈਰਕਾਂ ਵਿੱਚੋਂ ਨਿੱਕਲ਼ੀਆਂ ਤੇ ਭੱਜ ਖਲੋਤੀਆਂ। ਸ਼ਾਰ ਫ਼ੋਹਰਰ ਦੇ ਹੋਸ਼ ਉੱਡ ਗਏ। ਜਿਹੜਾ ਜਿੱਧਰ ਹੋ ਸਕਿਆ ਨੱਸਿਆ। ਸੜਕ ਉੱਤੇ ਬਹੁਤ ਹੀ ਭਗਦੜ ਮੱਚੀ ਹੋਈ ਸੀ। ਰੀਨਬੂਥ ਚੀਕਿਆ, ਮੈਂਡਰਲ ਦੌੜ ਕੇ ਫ਼ਾਂਸੀ ਘਰ ਆਇਆ। ਆਪਣੇ ਕਮਰੇ ਦਾ ਬੂਹਾ ਬੰਦ ਵੇਖ ਕੇ ਉਸ ਨੂੰ ਝੰਜੋੜਿਆ, ਠੁੱਡੇ ਮਾਰਨ ਤੇ ਚੀਕਣ ਲੱਗਿਆ। ਰੀਨਬੂਥ ਤੇਜ਼ੀ ਨਾਲ਼ ਅੰਦਰ ਆਇਆ, "ਚੱਲ ਛੇਤੀ ਕਰ।" ਫਿਰ ਉਹ ਦੌੜ ਕੇ ਬਾਹਰ ਆਇਆ। ਮੋਟਰ ਸਾਈਕਲ ਸਟਾਰਟ ਕੀਤੀ ਤੇ ਚੀਕਿਆ, "ਮੈਂਡਰਲ" ਤੇ ਉੱਛਲ ਕੇ ਸੀਟ ਉੱਤੇ ਬਹਿ ਗਿਆ। ਮੋਟਰ ਸਾਈਕਲ ਦਾ ਰੌਲ਼ਾ ਜਿਵੇਂ ਹੀ ਤੇਜ਼ ਹੋਇਆ ਮੈਂਡਰਲ ਦੌੜਦਾ ਆਇਆ, ਉੱਛਲ ਕੇ ਸਾਈਡ ਕਾਰ ਵਿੱਚ ਬਹਿ ਗਿਆ ਤੇ ਮੋਟਰ ਸਾਈਕਲ ਭੱਜ ਖਲ੍ਹੋਤੀ।"

ਬੰਦ ਕਮਰੇ ਦੀ ਨੁੱਕਰ ਵਿੱਚ ਫ਼ੋਰਸਤ ਆਪਣੇ ਗੋਡਿਆਂ ਭਾਰ ਡਿੱਗ ਪਿਆ। ਉਸ ਦੀ ਤਾਕਤ ਦਾ ਆਖ਼ਰੀ ਕਤਰਾ ਹੰਝੂਆਂ ਦੀ ਲੜੀ ਬਣ ਕੇ ਵਹਿ ਨਿੱਕਲ਼ਿਆ। ਹੰਝੂਆਂ ਨੇ ਉਸ ਦੇ ਜੀਵਨ ਦਾ ਸਭ ਤੋਂ ਵਧੀਆ ਛਿਣ ਭੇਂਟ ਕੀਤਾ, ਜਦ ਕਿ ਉਹ ਇਸ ਗੱਲ ਨੂੰ ਨਹੀਂ ਸੀ ਜਾਣਦਾ।

ਸਾਹ ਰੋਕੀ, ਕੰਨ ਲਾਈ ਹੋਫ਼ਲ ਤੇ ਕਰੋਪਿਨਸਕੀ ਆਪਣੀ ਕੋਠੜੀ ਦੇ ਬੂਹੇ ਦੇ ਏਧਰੋਂ-ਉੱਧਰੋਂ ਝਪਟ ਪੈਣ ਲਈ ਤਿਆਰ ਖਲ੍ਹੋਤੇ ਸਨ, ਉਨ੍ਹਾਂ ਰੌਲ਼ਾ, ਭੱਜ-ਦੌੜ ਤੇ ਭਿਆਨਕ ਸਿਗਨਲ ਸੁਣਿਆ। ਉਨ੍ਹਾਂ ਰੀਨਬੂਥ ਦਾ ਚੀਕਣਾ, ਮੈਂਡਰਲ ਦੀ ਹਾਲ ਦੁਹਾਈ ਤੇ ਬੂਹੇ ਦਾ ਝੰਜੋੜਨਾ ਸੁਣਿਆ ਤੇ ਫਿਰ ਅਚਾਨਕ ਇੰਝ ਜਾਪਿਆ ਜਿਵੇਂ ਬਾਹਰ ਹੋ ਰਹੇ ਸ਼ੋਰ ਨੂੰ ਕਿਸੇ ਨੇ ਨਿਗਲ਼ ਲਿਆ ਹੋਵੇ। ਕਰੋਪਿਨਸਕੀ ਦੇ ਪੰਜੇ ਦੋ ਖੁੱਲ੍ਹੇ ਜ਼ੰਬੂਰਿਆਂ ਵਾਂਗ ਤਣੇ ਹੋਏ ਸਨ। ਦੋਹਾਂ ਵਿੱਚੋਂ ਕੋਈ ਵੀ ਸਾਹ ਤੱਕ ਨਹੀਂ ਸੀ ਲੈ ਰਿਹਾ ਅਤੇ ਕੋਈ ਉਸ ਆਸ ਵੱਲ ਧਿਆਨ ਦੇਣ ਲਈ ਤਿਆਰ ਨਹੀਂ ਸੀ, ਜਿਹੜੀ ਬਾਹਰ ਦਾ ਖ਼ਾਮੋਸ਼ੀ ਤੋਂ ਉਨ੍ਹਾਂ ਦੇ ਦਿਲਾਂ ਵਿੱਚ ਪੈਦਾ ਹੋ

ਚੁੱਕੀ ਸੀ।

ਭਿਆਨਕ ਸਿਗਨਲ ਵੱਜ ਰਿਹਾ ਸੀ ਤੇ ਚੌਹਾਂ ਪਾਸਿਆਂ ਤੋਂ ਗੋਲ਼ੀਆਂ ਤੇ ਬੰਬ ਚੱਲਣ ਦੀਆਂ ਅਵਾਜ਼ਾਂ ਆ ਰਹੀਆਂ ਸਨ ਕਿ ਟੋਲੀਆਂ ਦੇ ਆਗੂ ਬਲਾਕ ਨੰਬਰ ਸਤਾਰਾਂ ਵਿੱਚ ਇਕੱਠੇ ਹੋਏ। ਕੈਦੀਆਂ ਸੜਕਾਂ ਉੱਤੇ ਭੀੜ ਲਾਈ ਹੋਈ ਸੀ। ਹਰ ਬੰਦੇ ਦੇ ਦਿਲ ਵਿੱਚ ਫ਼ੈਸਲੇ ਦਾ ਸ਼ੋਅਲਾ ਮੱਘ ਰਿਹਾ ਸੀ।

ਬੋਖਨਵਾਲਡ ਨੇ ਕਮਾਂਡ ਕੀਤਾ, "ਅਸਲਾ ਵੰਡ ਦਿਓ, ਟੋਲੀਆਂ, ਆਪਣੀ ਪੋਜ਼ੀਸ਼ਨ ਸੰਭਾਲ਼ਣ, ਤੁਰੰਤ ਹਮਲਾ ਸ਼ੁਰੂ ਕਰ ਦਿਓ।"

ਪਰੀਬੂਲਾ ਨੇ ਮੁੱਠਾਂ ਸਿਰ ਤੋਂ ਉੱਪਰ ਚੁੱਕ ਲਈਆਂ। ਉਸ ਦਾ ਸਾਰਾ ਸਰੀਰ ਅਜ਼ਾਦੀ ਦਾ ਨਾਅਰਾ ਲਾਉਣ ਲਈ ਫ਼ੜਕ ਰਿਹਾ ਸੀ, ਪਰ ਜ਼ਬਾਨ ਤੋਂ ਕੁੱਝ ਨਾ ਆਖਿਆ। ਦੂਜੇ ਲੀਡਰਾਂ ਨਾਲ਼ ਉਹ ਵੀ ਚਲਿਆ ਗਿਆ।

ਇੱਕੋ ਵਾਰ ਸਾਰੇ ਬਲਾਕਾਂ ਵਿੱਚ ਕਮਾਂਡ ਗੂੰਜਣ ਲੱਗੀ, "ਸਾਰੀਆਂ ਟੋਲੀਆਂ ਕਤਾਰ ਬਣਾਉਣ।"

ਡੋਰ-ਭ਼ੋਰ ਕੈਦੀਆਂ ਨੂੰ ਸਮਝ ਨਾ ਆਇਆ ਕਿ ਹੋ ਕੀ ਰਿਹਾ ਹੈ ਤੇ ਬਲਾਕਾਂ ਦੇ ਸਾਹਮਣੇ ਬਾਕਾਇਦਾ ਦਸਤੇ ਖੜ੍ਹੇ ਹੋ ਗਏ। ਟੋਲੀਆਂ ਹਸਪਤਾਲ਼ ਦੇ ਸਾਹਮਣੇ, ਕਦੀ ਬਲਾਕਾਂ ਦੇ ਸਾਹਮਣੇ, ਬਿਜਲੀ ਤੇ ਪਾਣੀ ਦੀਆਂ ਲਾਈਨਾਂ ਉੱਤੇ ਨਿਯੁਕਤ ਹੋ ਗਈਆਂ। ਕੈਂਪ ਪੈਟਰੋਲ ਦੇ ਜਵਾਨ ਪਹਿਲਾਂ ਤੋਂ ਇਹਨਾਂ ਥਾਵਾਂ 'ਤੇ ਮੌਜੂਦ ਸਨ। ਫ਼ਰਸ਼ ਪੁੱਟੇ ਗਏ, ਕੰਧਾਂ ਢਾਹੀਆਂ ਗਈਆਂ, ਧਰਤੀ ਵਿੱਚ ਟੋਏ ਕੀਤੇ ਗਏ ਤੇ ਹਰ ਥਾਂ ਤੋਂ ਹਥਿਆਰ ਨਿੱਕਲ਼ਣੇ ਸ਼ੁਰੂ ਹੋ ਗਏ। ਹਥਿਆਰ!

ਪਰੀਬੂਲਾ ਤੇ ਉਸ ਦੇ ਸਾਥੀਆਂ ਨੇ ਫੁੱਲਾਂ ਦੇ ਬੂਟਿਆਂ ਵਾਲ਼ੇ ਬਕਸਿਆਂ ਨੂੰ ਉਲਟ ਦਿੱਤਾ ਤੇ ਕਾਰਬਾਈਨਾਂ ਉੱਤੋਂ ਮੋਮ ਜਾਮੇ ਲਾਹ ਕੇ ਸੁੱਟ ਦਿੱਤੇ।

ਕਰੈਮਰ ਦੇ ਦਫ਼ਤਰ ਦੇ ਸਾਹਮਣੇ ਇੱਕ ਆਦਮੀ ਨੇ ਮਸ਼ੀਨਗੰਨ ਚਾੜ੍ਹ ਦਿਤੀ। ਫ਼ਾਟਕ ਇੱਥੋਂ ਬਿਲਕੁੱਲ ਸਾਹਮਣੇ ਸੀ। ਮਿੰਟਾਂ ਵਿੱਚ ਸਾਰੀਆਂ ਟੋਲੀਆਂ ਨੇ ਪੋਜ਼ੀਸ਼ਨ ਲੈ ਲਈ ਤੇ ਗੋਲ਼ੀਆਂ ਚੱਲਣ ਲੱਗੀਆਂ। ਸਹਿਮੇ ਹੋਏ ਸੰਤਰੀਆਂ ਦੇ ਸਿਰਾਂ ਉੱਤੇ ਦਗਦਗ ਕਰਦੀਆਂ ਗੋਲ਼ੀਆਂ ਲੰਘਣ ਲੱਗੀਆਂ। ਇੱਕ ਤੂਫ਼ਾਨ ਜਿਹਾ ਉੱਠ ਖਲੋਤਾ।

ਪਰੀਬੂਲਾ ਦੀ ਸਰਦਾਰੀ ਹੇਠ ਪੋਲਿਸ਼ ਟੋਲੀਆਂ ਨੇ ਇੱਕ ਵਾਰ ਚਾਰ-ਪੰਜ ਥਾਵਾਂ ਤੋਂ ਤਾਰ ਕੱਟ ਦਿੱਤੀ। ਮਸ਼ੀਨਗੰਨ ਦਾ ਨਿਸ਼ਾਨਾ ਉਨ੍ਹਾਂ ਵੱਲ ਹੀ ਸੀ, ਪਰ ਜਰਮਨ ਤੇ ਯੋਗੋਸਲਾਵ ਟੋਲੀਆਂ ਸੰਤਰੀਆਂ 'ਤੇ ਟੁੱਟ ਪਈਆਂ। ਬੁਰਜਾਂ ਉੱਤੇ ਫ਼ਟਣ ਵਾਲ਼ੀਆਂ ਬੋਤਲਾਂ ਪੈਣ ਲੱਗੀਆਂ। ਧਮਾਕਿਆਂ ਨਾਲ਼ ਅੱਗ ਲੱਗੀ ਤਾਂ ਸੰਤਰੀ ਘਬਰਾ ਕੇ ਹੇਠਾਂ ਵੱਲ ਦੌੜੇ। ਪਰੀਬੂਲਾ ਆਪਣੀ ਟੋਲੀ ਸਮੇਤ ਬੁਰਜ ਉੱਚੇ ਚੜ੍ਹ ਗਿਆ ਅਤੇ ਜਿਨ੍ਹਾਂ ਬੁਰਜਾਂ ਉੱਤੇ ਨਾਜ਼ੀ ਸਨ ਉਨ੍ਹਾਂ ਉੱਤੇ ਮਸ਼ੀਨਗੰਨ ਨਾਲ਼ ਗੋਲ਼ੀਆਂ ਵਰ੍ਹਾਉਣ ਲੱਗਿਆ। ਉੱਤਰੀ ਢਲਾਣ ਦੇ ਨਾਲ਼ ਹੀ ਨਾਲ਼ ਫ਼ਾਟਕ 'ਤੇ ਹਮਲਾ ਹੋਇਆ।

ਰਾਈਮਾਨ ਨੇ ਮਸ਼ੀਨ ਗੰਨ ਦਾ ਨਿਸ਼ਾਨਾ ਲੈ ਕੇ ਵਿਸ਼ੇਸ਼ ਬੁਰਜ ਉੱਤੇ ਗੋਲ਼ੀਆਂ

ਵਰ੍ਹਾਈਆਂ। ਇੱਕ ਸੰਤਰੀ ਮਾਰਿਆ ਤੇ ਬਾਕੀ ਦੌੜ ਪਏ।

ਬਲਾਕਾਂ ਦੀ ਪਹਿਲੀ ਕਤਾਰ ਵਿੱਚ ਜਿਹੜੇ ਲੋਕ ਲੁਕੇ ਸਨ, ਉਹ ਨਿੱਕਲ਼ ਪਏ। ਹਥਿਆਰਬੰਦ ਜੁਆਨਾਂ ਨੇ ਜਰਮਨ, ਫਰਾਂਸੀਸੀ, ਚੈੱਕ, ਡਚ ਭਾਸ਼ਾ ਵਿੱਚ ਜੰਗੀ ਨਾਅਰੇ ਲਾਏ।

ਰਾਈਮਾਨ ਦੀ ਮਸ਼ੀਨਗੰਨ ਫ਼ਾਟਕ ਦੇ ਦੋਹਾਂ ਪਾਸਿਆਂ ਤੋਂ ਬੁਰਜਾਂ ਉੱਤੇ ਅੱਗ ਵਰ੍ਹਾ ਰਹੀ ਸੀ। ਇਸ ਓਟ ਤੋਂ ਲਾਭ ਉਠਾ ਕੇ ਕੈਂਪ ਪੈਟਰੋਲ ਦੇ ਜਵਾਨਾਂ ਨੇ ਫ਼ਾਟਕ ਖੋਲ੍ਹ ਦਿੱਤਾ।

ਬੋਖਾਉ ਨੇ ਰਾਈਮਾਨ ਨੂੰ ਹੁਕਮ ਦਿੱਤਾ : "ਮਸ਼ੀਨਗੰਨ ਬੰਦ।" ਤੇ ਉਸ ਸਮੇਂ ਵਿਸ਼ੇਸ਼ ਦਸਤੇ ਦੇ ਜਵਾਨ ਫ਼ਾਟਕ ਦੇ ਬੁਰਜਾਂ 'ਤੇ ਚੜ੍ਹ ਦੌੜੇ, ਉਨ੍ਹਾਂ 'ਤੇ ਦਸਤੀ ਬੰਬ ਸੁੱਟੇ, ਪਰ ਬਾਗ਼ੀ ਪੰਖੇਰਾਂ ਵਾਂਗ ਬੁਰਜਾਂ ਉੱਤੇ ਚੜ੍ਹਦੇ ਚਲੇ ਗਏ।

ਨੇੜੇ ਹੀ ਕਿਤੇ ਨੀਵੇਂ-ਨੀਵੇਂ ਉੱਡਦੇ ਹੋਏ ਅਮਰੀਕੀ ਜਹਾਜ਼ ਭੱਜਦੇ ਹੋਏ ਜਰਮਨ ਟੈਂਕਾਂ ਉੱਤੇ ਬੰਬ ਵਰ੍ਹਾ ਰਹੇ ਸਨ। ਆਗੂਆਂ ਦੇ ਨਾ ਹੋਣ ਤੇ ਅਚਾਨਕ ਹੋਏ ਹਮਲੇ ਦੀ ਘਬਰਾਹਟ ਕਾਰਨ ਸੰਤਰੀ ਮੁਕਾਬਲਾ ਨਾ ਕਰ ਸਕੇ। ਉੱਪਰ ਅਮਰੀਕੀ ਜਹਾਜ਼ ਸਨ ਤੇ ਮੁਹਾਜ਼ ਵੀ, ਏਧਰ ਬਾਕੀ ਕੈਦੀ, ਉੱਤੇ ਜਿਨ੍ਹਾਂ ਦੀ ਤਾਕਤ ਹਰ ਛਿਣ ਵਧਦੀ ਜਾ ਰਹੀ ਸੀ। ਹਰ ਬੁਰਜ 'ਤੇ ਕਬਜ਼ਾ ਹੁੰਦਾ ਤੇ ਨਵੀਆਂ ਮਸ਼ੀਨਗੰਨਾਂ ਹੱਥ ਆ ਜਾਂਦੀਆਂ। ਕੁੱਝ ਸੰਤਰੀ ਦੌੜੇ, ਕੁੱਝ ਪਕੜੇ ਗਏ। ਸਾਰੇ ਬੁਰਜਾਂ ਉੱਤੇ ਕੈਦੀਆਂ ਦਾ ਕਬਜ਼ਾ ਹੋ ਗਿਆ ਸੀ।

ਅਚਾਨਕ ਕਰੈਮਰ ਅਲੋਪ ਹੋ ਗਿਆ। ਕੋਹਿਨ ਉਨ੍ਹਾਂ ਫ਼ੱਟੜਾਂ ਦੀ ਵੇਖ ਭਾਲ ਵਿੱਚ ਲੱਗ ਗਿਆ ਸੀ, ਜੋ ਲਿਆਂਦੇ ਜਾ ਰਹੇ ਸਨ। ਹੁਣ ਜਦ ਉਸ ਨੂੰ ਕਰੈਮਰ ਦਾ ਖ਼ਿਆਲ ਆਇਆ ਤਾਂ ਉਸ ਆਪਣੇ ਸਾਥੀਆਂ ਨੂੰ ਡਾਂਟਿਆ, "ਤੁਸੀਂ ਮੂਰਖੋ ਦੇਖ ਰਹੇ ਸੋ, ਫ਼ੇਫੜਿਆਂ ਵਿੱਚ ਦੋ ਗੋਲ਼ੀਆਂ ਲੱਗੀਆਂ ਹਨ। ਚਾਹੁੰਦੇ ਹੋ ਕਿ ਉਹ ਮਰ ਜਾਏ ? ਹੁਣੇ ਲੱਭ ਕੇ ਲਿਆਉ।"

ਕਰੈਮਰ ਬਿਨਾਂ ਸਹਾਰੇ ਕਿਵੇਂ ਚਲਿਆ ਗਿਆ ?

ਕੇਵਲ ਕਮੀਜ਼ ਤੇ ਨਿੱਕਰ ਪਾਈ ਤੇ ਮੋਢਿਆਂ 'ਤੇ ਕੋਟ ਸੁੱਟੀ ਉਹ ਸਾਰਿਆਂ ਦੀ ਨਜ਼ਰ ਬਚਾ ਕੇ ਖਿਸਕ ਗਿਆ। ਉਹ ਵਧੇਰੇ ਦੂਰ ਨਾ ਜਾ ਸਕਿਆ। ਹੱਸਦਾ ਹੋਇਆ ਬਲਾਕ ਨੰਬਰ ਅਠੱਤੀ ਵਿੱਚ ਚਲਿਆ ਗਿਆ। ਡੰਡਿਆਂ ਦੇ ਇੱਕ ਬੈਂਚ ਉੱਤੇ ਬਹਿ ਗਿਆ। ਜਿਹੜੇ ਕੈਦੀ ਟੋਲੀਆਂ ਵਿੱਚ ਨਹੀਂ ਸਨ ਤੇ ਬਲਾਕਾਂ ਵਿੱਚ ਰਹਿ ਗਏ ਸਨ, ਉਨ੍ਹਾਂ ਉਸ ਨੂੰ ਘੇਰ ਲਿਆ।

"ਤੂੰ ਕਿੱਧਰ ਆ ਗਿਆ ?"

ਕਰੈਮਰ ਨੇ ਉੱਭਰ ਕੇ ਸਾਹ ਲਿਆ। ਬੁਖ਼ਾਰ ਨਾਲ਼ ਉਸ ਦੀਆਂ ਅੱਖਾਂ ਲਾਲ ਹੋ ਰਹੀਆਂ ਸਨ।

"ਹਨ੍ਹੇਰ ਸਾਈਂ ਦਾ ਵਾਲਟਰ ! ਤੂੰ ਸਿੱਧਾ ਹਸਪਤਾਲ਼ ਚੱਲ।"

ਕਰੈਮਰ ਨੇ ਰੁਣਕੀ ਨੂੰ ਇੱਕ ਪਾਸੇ ਹਟਾ ਦਿੱਤਾ "ਹੱਥ ਪਰ੍ਹਾਂ ਰੱਖ !"

ਪਰ ਰੁਣਕੀ ਇੰਝ ਮੰਨਣ ਵਾਲ਼ਾ ਨਹੀਂ ਸੀ "ਤੂੰ ਸਖ਼ਤ ਖ਼ਤਰੇ ਵਿੱਚ ਹੈਂ।"

ਦੂਜਿਆਂ ਨੇ ਉਸ ਨੂੰ ਸਹਾਰਾ ਦੇਣਾ ਚਾਹਿਆ। ਕਰੈਮਰ ਨੇ ਡਾਂਟਿਆ, "ਪਰ੍ਹਾਂ ਰਹੋ। ਮੈਂ ਇੱਥੇ ਹੀ ਰਹਾਂਗਾ।"

ਉਸ ਕੈਦੀਆਂ ਉੱਤੇ ਇੱਕ ਨਜ਼ਰ ਸੁੱਟੀ। ਫਿਰ ਗੋਲ਼ੀਆਂ ਦੀ ਅਵਾਜ਼ ਤੇ ਬੰਬਾਂ ਦੇ ਧਮਾਕਿਆਂ ਨੂੰ ਗੌਰ ਨਾਲ਼ ਸੁਣਨ ਲੱਗਾ, "ਕਿਤਨਾ ਹਨ੍ਹੇਰ ਹੈ, ਅੰਤ ਵਿੱਚ ਆ ਕੇ ਨਕਾਰਾ ਹੋ ਗਿਆ ਮੈਂ।"

"ਵਾਲਟਰ ਜੇ ਖ਼ਿਆਲ ਰੱਖੇਂਗਾ ਤਾਂ ਛੇਤੀ ਠੀਕ ਹੋ ਜਾਵੇਂਗਾ।" ਰੁਣਕੀ ਨੇ ਹੌਲ਼ੀ ਜਿਹੇ ਉਸ ਦੇ ਮੋਢਿਆਂ 'ਤੇ ਹੱਥ ਰੱਖ ਲਿਆ।

"ਬੱਚਾ ਕਿੱਥੇ ਹੈ ? ਮੈਂ ਤੈਨੂੰ ਸੌਂਪਿਆ ਸੀ, ਤੂੰ ਕਿੱਥੇ ਲੁਕਾ ਦਿੱਤਾ ਹੈ ?"

"ਅੱਜ ਤੂੰ ਕੀ : ਉਹ ਤਾਂ ਇੱਥੇ ਹੀ ਹੈ ਵਾਲਟਰ ਇੱਥੇ !"

ਕੁੱਝ ਕੈਦੀ ਸੌਣ ਵਾਲ਼ੇ ਕਮਰੇ ਵੱਲ ਦੌੜੇ ਤੇ ਬੱਚੇ ਨੂੰ ਲਿਆ ਕੇ ਵਾਲਟਰ ਦੇ ਮੋਢਿਆਂ 'ਤੇ ਬਿਠਾ ਦਿੱਤਾ। ਕਰੈਮਰ ਦਾ ਚਿਹਰਾ ਖਿੜ ਉੱਠਿਆ। ਉਹ ਜ਼ੋਰ ਦਾ ਪਿਆਰ ਭਰਿਆ ਹਾਸਾ ਹੱਸਿਆ, "ਨਿਕਚੂ ਜਿਹੇ ਜੁਗਨੂੰ..."

ਫਿਰ ਉਸ ਕੈਦੀਆਂ ਨਰਮੀ ਨਾਲ਼ ਆਖਿਆ, "ਮੈਨੂੰ ਇੱਥੇ ਹੀ ਰਹਿਣ ਦਿਉ, ਮੈਂ ਤੁਹਾਡੇ ਕੋਲ਼ ਹੀ ਰਹਾਂਗਾ, ਮੈਂ ਬਿਲਕੁਲ ਠੀਕ ਹਾਂ।"

ਕੈਦੀ ਉਸ ਲਈ ਗੱਦਾ ਲਿਆਏ, ਮੇਜ਼ ਤੇ ਬੈਂਚ ਵਿਚਾਲ਼ੇ ਉਸ ਨੂੰ ਸਰ੍ਹਾਣਿਆਂ ਦੇ ਆਸਰੇ ਬਿਠਾ ਦਿੱਤਾ। ਕਰੈਮਰ ਖ਼ੁਸ਼ ਹੋ ਕੇ ਰੁਣਕੀ ਨੂੰ ਬੋਲਿਆ, "ਬੋਲ ਮੇਰੇ ਦੋਸਤ ਆਦੋ..." ਰੁਣਕੀ ਨੇ ਮੁਸਕਰਾ ਕੇ ਉਸ ਦੀ ਪਿੱਠ ਹੌਲ਼ੀ ਜਿਹੀ ਥਾਪੜੀ।

ਜਿਵੇਂ ਕਿ ਸਦਾ ਹੁੰਦਾ ਹੈ, ਜਦ ਕਿਸੇ ਨੇ ਕਿਸੇ ਨੂੰ ਬਹੁਤ ਕੁੱਝ ਕਹਿਣਾ ਹੁੰਦਾ ਹੈ ਤਾਂ ਉਸ ਨੂੰ ਸ਼ਬਦ ਨਹੀਂ ਲੱਭਦੇ, ਪਰ ਜੋ ਕੁੱਝ ਹੋ ਰਿਹਾ ਸੀ ਉਸ ਦਾ ਪ੍ਰਗਟਾਅ ਕਰੈਮਰ ਦੀ ਜਿਗਰੀ ਖ਼ੁਸ਼ੀ ਤੇ ਰੁਣਕੀ ਦੇ ਪਿਆਰ ਵਿੱਚ ਹੋ ਰਿਹਾ ਸੀ ਤੇ ਰੌਲ਼ਾ ਤੇ ਗੋਲ਼ੀਆਂ ਉਸ ਨੂੰ ਅਰਥ ਭਰਪੂਰ ਬਣਾ ਰਹੀਆਂ ਸਨ।

ਕਰੈਮਰ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ।

ਹੋਫ਼ਲ ਤੇ ਕਰੋਪਿਨਸਕੀ ਆਪਣੀ ਕੋਠੜੀ ਦਾ ਬੂਹਾ ਭੰਨ੍ਹ ਰਹੇ ਸਨ। ਫ਼ੋਰਸਤ ਦੌੜ ਕੇ ਆਪਣੇ ਕੈ ਵਿੱਚੋਂ ਨਿੱਕਲ਼ਿਆ ਤੇ ਉਸ ਨੇ ਬੂਹੇ ਨੂੰ ਝੰਜੋੜ ਕੇ ਵੇਖਿਆ, ਜੰਦਰਾ ਲੱਗਾ ਹੋਇਆ ਸੀ। ਅਚਾਨਕ ਬੋਖਾਉ ਰਾਈਮਾਨ, ਕੋਦੀਚੀਕ ਤੇ ਵਾਨਡਾਲੇਨ ਆ ਗਏ। ਲਾਂਘੇ ਵਿੱਚ ਪਈਆਂ ਲਾਸ਼ਾਂ ਵੇਖ ਕੇ ਉਹ ਤ੍ਰਭਕੇ। ਬੋਖਾਉ ਉਸ ਹਨ੍ਹੇਰੇ ਵਿੱਚ ਚੀਕਿਆ : "ਹੋਫ਼ਲ, ਕਰੋਪਿਨਸਕੀ ਕਿੱਥੇ ਹੋ ਤੁਸੀਂ ?"

"ਏਧਰ, ਇੱਥੇ !"

ਫ਼ੋਰਸਤ ਲੋਕਾਂ ਵੱਲ ਦੌੜਿਆ, "ਬੂਹੇ ਨੂੰ ਜੰਦਰਾ ਲੱਗਾ ਹੋਇਆ ਏ। ਮੇਰੇ ਕੋਲ਼ ਕੁੰਜੀ ਕੋਈ ਨਹੀਂ।"

ਬੋਖਾਉ ਦੌੜ ਕੇ ਕੋਠੜੀ ਦੇ ਸਾਹਮਣੇ ਜਾ ਪੁੱਜਿਆ, "ਮੈਂ ਬੋਖਾਉ ਹਾਂ, ਸੁਣ ਰਹੇ

ਹੋ ?"

ਹਾਂ, ਹਾਂ, ਹੇ ਮੇਰੇ ਪ੍ਰਮਾਤਮਾ! ਹਰਬਰਟ। ਹਾਂ, ਹਾਂ, ਅਸੀਂ ਤੇਰੀ ਅਵਾਜ਼ ਸੁਣ ਰਹੇ ਆਂ।" ਬੂਹੇ ਸਾਹਮਣਿਓਂ ਹਟ ਜਾਓ! ਮੈਂ ਗੋਲ਼ੀ ਮਾਰ ਕੇ ਜੰਦਰਾ ਤੋੜਦਾ ਹਾਂ।" ਬੋਖਾਉ ਨੇ ਪਿਸਤੌਲ ਕੱਢਿਆ।

"ਸਾਵਧਾਨ, ਮੈਂ ਗੋਲ਼ੀ ਚਲਾ ਰਿਹਾ ਹਾਂ।"

ਗੋਲ਼ੀਆਂ ਚੱਲੀਆਂ। ਬੋਖਾਉ ਨੇ ਪੂਰਾ ਮੈਗਨੀਸ਼ਨ ਖ਼ਾਲੀ ਕਰ ਦਿੱਤਾ। ਸਾਰਿਆਂ ਮਿਲ਼ ਕੇ ਬੂਹੇ ਨੂੰ ਹਿਲਾਇਆ। ਜਟੰਗ ਬੇਕਾਰ ਹੋ ਕੇ ਲਟਕ ਰਿਹਾ ਸੀ। ਅੰਦਰੋਂ ਹੋਫ਼ਲ ਤੇ ਕਰੋਪਿਨਸਕੀ ਨੇ ਬੂਹੇ ਨੂੰ ਜ਼ੋਰ ਲਾਇਆ। ਬੂਹਾ ਖੁੱਲ੍ਹ ਗਿਆ ਤੇ ਉਹ ਦੋਵੇਂ ਖਲ੍ਹੋਤੇ ਲੋਕਾਂ ਦੀਆਂ ਬਾਹਾਂ ਵਿੱਚ ਜਾ ਪਏ। ਹੋਫ਼ਲ ਹਫ਼ਦਾ ਹੋਇਆ ਬੋਖਾਉ ਦੀਆਂ ਬਾਹਾਂ ਵਿੱਚ ਸੀ।

ਸੈਂਕੜੇ ਕੈਦੀ ਛੱਤਾਂ ਉੱਤੇ ਚੜ੍ਹ ਗਏ ਸਨ ਤੇ ਸੜਕਾਂ ਤਾਂ ਉਨ੍ਹਾਂ ਨਾਲ਼ ਭਰੀਆਂ ਪਈਆਂ ਸਨ। ਕੈਦੀਆਂ ਨੇ ਬਾਗ਼ੀ ਜਵਾਨਾਂ ਨੂੰ ਬੁਰਜਾਂ ਉੱਤੇ ਹਮਲਾ ਕਰਦਿਆਂ ਵੇਖਿਆ ਤੇ ਫਿਰ ਉੱਤੇ ਸੰਤਰੀਆਂ ਦੀ ਥਾਂ 'ਤੇ ਉਨ੍ਹਾਂ ਨੂੰ ਖਲ੍ਹੋਤਾ ਵੇਖਿਆ।

ਇੱਕ ਆਦਮੀ ਨੇ ਬੋਖਾਉ ਨੂੰ ਖ਼ਬਰ ਦਿੱਤੀ ਕਿ ਸਾਰੇ ਬੁਰਜਾਂ ਉੱਤੇ ਕਬਜ਼ਾ ਹੋ ਗਿਆ ਹੈ। ਖ਼ੁਸ਼ੀ ਵਿੱਚ ਦੌੜ ਕੇ ਬੋਖਾਉ ਨੇ ਹੋਫ਼ਲ ਤੇ ਕਰੋਪਿਨਸਕੀ ਨੂੰ ਗਲ਼ੇ ਲਾ ਲਿਆ, "ਸੁਤੰਤਰ, ਸੁਤੰਤਰ ?"

ਕੌਮਾਂਤਰੀ ਕਮੇਟੀ ਦੇ ਦੂਜੇ ਸਾਥੀਆਂ ਨੂੰ ਨਾਲ਼ ਲੈ ਕੇ ਉਹ ਫ਼ਾਟਕ ਤੋਂ ਪਾਰ ਰੀਨਬੂਥ ਦੇ ਦਫ਼ਤਰ ਵਿੱਚ ਗਿਆ।

ਵਿਸ਼ੇਸ਼ ਬੁਰਜ ਉੱਤੋਂ ਇੱਕ ਨੌਜਵਾਨ ਨੇ ਸਵਾਸਤਰਾ ਲਾਹ ਕੇ ਵਗਾਹ ਮਾਰਿਆ ਤੇ ਉਸ ਦੀ ਥਾਂ ਵਿੱਚ ਚਿੱਟਾ ਝੰਡਾ ਗੱਡ ਦਿੱਤਾ।

ਬੋਖਾਉ ਨੇ ਛੇਤੀ ਇਹ ਜਾਣ ਲਿਆ ਕਿ ਮਾਈਕਰੋਫ਼ੋਨ ਕਿਵੇਂ ਵਰਤਿਆ ਜਾਂਦਾ ਹੈ। ਉਸ ਸਵਿੱਚ ਦਬਾਇਆ ਤੇ ਉਸ ਦੀ ਅਵਾਜ਼ ਸਾਰੇ ਕੈਂਪ ਵਿੱਚ ਗੂੰਜ ਪਈ, "ਸਾਥੀਓ ਅਸੀਂ ਜਿੱਤ ਗਏ। ਫ਼ਾਸਿਸਟ ਭੱਜ ਗਏ, ਅਸੀਂ ਆਜ਼ਾਦ ਹਾਂ, ਸੁਣਿਆਂ ਸਾਰਿਆਂ ਨੇ ? ਅਸੀਂ ਸੁਤੰਤਰ ਹਾਂ।"

ਬੋਖਾਉ ਦੀ ਅਵਾਜ਼ ਭਰ ਗਈ ਤੇ ਮੱਥੇ 'ਤੇ ਹੱਥ ਰੱਖ ਕੇ ਸਿਸਕੀਆਂ ਲੈਣ ਲੱਗਿਆ। ਉਹ ਖ਼ੁਸ਼ੀ ਦੇ ਅੱਥਰੂ ਸਨ।

ਪਰ ਬਲਾਕਾਂ ਵਿੱਚ ਲੋਕ ਨੱਚ ਰਹੇ ਸਨ, ਰੋ ਰਹੇ ਸਨ।

ਕਰੈਮਰ ਕੋਲ਼ ਜਿਹੜੇ ਲੋਕ ਅੰਦਰ ਸਨ, ਉਹ ਵੀ ਖ਼ੁਸ਼ੀ ਦੀ ਰੌਂ ਵਿੱਚ ਬਾਹਰ ਆ ਗਏ। ਉਨ੍ਹਾਂ ਨੂੰ ਕਰੈਮਰ ਦਾ ਖ਼ਿਆਲ ਹੀ ਨਾ ਰਿਹਾ। ਕਰੈਮਰ ਹੱਸਿਆ ਤੇ ਝਾੜ-ਝੰਬ ਵੀ ਕਰਨਾ ਲੱਗਾ, "ਸਾਨੂੰ ਭੁੱਲ ਹੀ ਗਏ, ਮਰਦੂਦ। ਲਾਹਨਤ ਹੈ ਤੁਹਾਡੇ 'ਤੇ, ਸਾਨੂੰ ਨਾਲ਼ ਲੈ ਜਾਣ ਦਾ ਕਿਸੇ ਨੂੰ ਖ਼ਿਆਲ ਤੱਕ ਨਹੀਂ ਆਇਆ।"

ਉਹ ਇਤਨੇ ਜ਼ੋਰ ਨਾਲ਼ ਚੀਕਿਆ ਕਿ ਬੱਚਾ ਡਰ ਕੇ ਰੋਣ ਲੱਗ ਪਿਆ। "ਚੀਕ, ਹੋਰ ਜ਼ੋਰ ਨਾਲ਼ ਚੀਕ। ਆ ਬਾਹਰ ਜਾ ਕੇ ਸਾਰਿਆਂ ਦੇ ਨਾਲ਼ ਚੀਕੀਏ, ਸੁਣਿਆ ਤੂੰ ?"

ਆਪਣੀ ਕਮਜ਼ੋਰੀ ਨੂੰ ਭੁੱਲ ਕੇ ਉਸ ਰੋਂਦੇ ਹੋਏ ਬੱਚੇ ਨੂੰ ਆਪਣੇ ਨਰੋਏ ਹੱਥ ਵਿੱਚ ਲੈ ਲਿਆ ਤੇ ਲੜਖੜਾਉਂਦਾ ਹੋਇਆ ਬਾਹਰ ਆ ਗਿਆ।

ਬਾਹਰ ਖ਼ੁਸ਼ੀਆਂ ਮਨਾਉਂਦੇ ਹੋਏ ਕੈਦੀਆਂ ਨੇ ਉਨ੍ਹਾਂ ਨੂੰ ਘੇਰ ਲਿਆ। ਕੈਦੀ ਉਸ ਨੂੰ ਸਹਾਰਾ ਦੇਣਾ ਤੇ ਬੱਚੇ ਨੂੰ ਉਸ ਤੋਂ ਲੈਣਾ ਚਾਹੁੰਦੇ ਸਨ। "ਹੱਥ ਪਰ੍ਹਾਂ ਰੱਖੋ।" ਕਰੈਮਰ ਖ਼ੁਸ਼ੀ ਨਾਲ਼ ਚੀਕਿਆ ਤੇ ਹੱਸਦਾ ਹੋਇਆ ਪਰੇਡ ਗਰਾਊਂਡ ਵਾਲ਼ੀ ਸੜਕ ਉੱਤੇ ਟੁਰ ਪਿਆ।

ਉਸ ਬਹੁਤ ਸਾਰੇ ਕੈਦੀਆਂ ਨੂੰ ਪਹਾੜੀ ਉੱਤੇ ਖਲੋਤੇ ਵੇਖਿਆ। ਉਨ੍ਹਾਂ ਵਿੱਚ ਬੋਖਾਉ ਵੀ ਸੀ, ਜਿਹੜਾ ਇਸ ਲੋਕਾਂ ਦੇ ਤੂਫ਼ਾਨ ਵਿੱਚ ਬਿਲਕੁੱਲ ਬੇਬਸ ਹੋ ਰਿਹਾ ਸੀ, ਜਿਸ ਦਾ ਬੰਨ ਉਸ ਨੇ ਆਪ ਤੋੜਿਆ ਸੀ-ਅਤੇ ਕਰੈਮਰ ਨੇ ਵੇਖਿਆ, ਉਸ ਦਾ ਦਿਲ ਲਗਭਗ ਰੁਕ ਗਿਆ : "ਆਂਦਰੇ।" ਉਹ ਚੀਕਿਆ, "ਆਂਦਰੇ, ਆਂਦਰੇ। ਮਾਰਿਆਨ।" ਰੌਲ਼ੇ ਵਿੱਚ ਉਸ ਦੀ ਅਵਾਜ਼ ਡੁੱਬ ਗਈ, ਪਰ ਉਨ੍ਹਾਂ ਉਸ ਨੂੰ ਵੇਖ ਲਿਆ ਸੀ।

"ਵਾਲਟਰ!" ਹੋਫ਼ਲ ਉੱਚੀ ਸਾਰੀ ਬੋਲਿਆ ਤੇ ਉਸ ਵੱਲ ਲਮਕਿਆ। ਰੱਸੀ ਦਾ ਫੰਧਾ ਅਜੇ ਤੱਕ ਉਸ ਦੇ ਗਲ ਵਿੱਚ ਪਿਆ ਸੀ।

ਦੂਜੇ ਲੋਕ ਕਰੈਮਰ ਦੇ ਕੋਲ਼ ਪੁੱਜ ਗਏ ਸਨ, ਰਾਈਮਾਨ ਤੇ ਵਾਨਡਾਲੇਨ ਨੇ ਉਸ ਨੂੰ ਦੋਹਾਂ ਪਾਸਿਆਂ ਤੋਂ ਆਸਰਾ ਦਿੱਤਾ। ਹੋਫ਼ਲ ਨੇ ਝਪਟ ਕੇ ਬੱਚਾ ਉਸ ਤੋਂ ਲੈ ਲਿਆ। ਬੱਚੇ ਨੂੰ ਜਦੋਂ ਇੱਕ ਵਧੀ ਹੋਈ ਦਾਹੜੀ ਵਾਲ਼ੇ ਹੋਫ਼ਲ ਨੇ ਜ਼ੋਰ ਨਾਲ਼ ਘੁੱਟਿਆ ਤਾਂ ਉਹ ਹੋਰ ਰੋਣ ਲੱਗਿਆ। ਹੋਫ਼ਲ ਲੜ-ਖੜਾਉਣ ਲੱਗਿਆ, ਜਿਵੇਂ ਉਸ ਦੇ ਗੋਡੇ ਜਵਾਬ ਦੇ ਗਏ ਹੋਣ। ਕਰੋਪਿਨਸਕੀ ਨੇ ਬੱਚੇ ਨੂੰ ਲੈ ਲਿਆ। ਹੱਸਦੇ-ਚੀਕਦੇ ਜਰਮਨ ਤੋਂ ਪੋਲਿਸ਼ ਬੋਲੀ ਵਿੱਚ ਉਸ ਨੇ ਸਾਰਿਆਂ ਨੂੰ ਆਪਣਾ ਖ਼ਜ਼ਾਨਾ ਵਿਖਾਇਆ-ਇੱਕੋ ਵਾਰ ਬੱਚੇ ਨੂੰ ਚੁੱਕੀ ਕਰੋਪਿਨਸਕੀ ਫ਼ਾਟਕ ਵੱਲ ਦੌੜਿਆ, ਵੱਧਦੇ ਹੋਏ ਹੜ੍ਹ ਵੱਲ-"ਮਾਰਿਆਨ" ਹੋਫ਼ਲ ਨੇ ਉਸ ਨੂੰ ਅਵਾਜ਼ ਦਿੱਤੀ, "ਕਿੱਥੇ ਜਾ ਰਿਹਾ ਏਂ ਤੂੰ?"

ਪਰ ਘੁੰਮਣ-ਘੇਰੀ ਨੇ ਉਸ ਨੂੰ ਆਪਣੇ ਵਲੇਵੇਂ ਵਿੱਚ ਲੈ ਲਿਆ ਸੀ। ਕਰੋਪਿਨਸਕੀ ਨੇ ਬੱਚੇ ਨੂੰ ਆਪਣੇ ਸਿਰ ਤੋਂ ਉੱਚਾ ਚੁੱਕਿਆ ਹੋਇਆ ਸੀ, ਤਾਂ ਜੋ ਭੀੜ ਵਿੱਚ ਉਸ ਨੂੰ ਧੱਕੇ ਨਾ ਲੱਗਣ। ਬੱਚਾ ਸਿਰਾਂ ਦੇ ਇਸ ਸਾਗਰ ਵਿੱਚ ਅਖਰੋਟ ਦੀ ਛਿੱਲੜ ਵਾਂਗ ਉੱਛਲ਼ਦਾ ਜਾ ਰਿਹਾ ਸੀ।

ਘੁੰਮਣ-ਘੇਰੀ ਵਿੱਚ ਬੁੜਕਦਾ ਫ਼ਾਟਕ ਦੇ ਭੀੜੇ ਰਾਹ ਵਿੱਚੋਂ ਨਿੱਕਲ਼ ਗਿਆ। ਵਹਾਅ ਆਪਣੀਆਂ ਸੁਤੰਤਰ ਲਹਿਰਾਂ 'ਤੇ ਉਸ ਨੂੰ ਅਰਾਮ ਨਾਲ਼ ਰੋੜ੍ਹ ਕੇ ਲੈ ਗਿਆ, ਜਿਹਨੂੰ ਕੋਈ ਵੀ ਕੈਦ ਨਹੀਂ ਕਰ ਸਕਦਾ।

'ਦਸਤਕ ਪ੍ਰਕਾਸ਼ਨ' ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਪੂੰਜੀਪਤੀ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ 'ਤੇ ਅੱਗੇ ਵੱਧ ਰਿਹਾ ਹੈ।



ਦਸਤਕ ਪ੍ਰਕਾਸ਼ਨ, ਲੁਧਿਆਣਾ

ਕੀਮਤ - 100 ਰੁਪਏ